ਮਸੀਹੀ ਅਰਾਧਨਾ ਨਾਲ ਜਾਣ-ਪਛਾਣ

shepherds
GLOBAL CLASSROOM

ਕਾਪੀਰਾਈਟ © 2023 Shepherds Global Classroom
Translated into Punjabi from First Edition English.
https://www.shepherdsglobal.org/downloads ਤੇ ਮੁਫ਼ਤ ਡਾਊਨਲੋਡ ਲਈ ਉਪਲਬਧ ਹੈ

ਇਹ ਕੋਰਸ Creative Commons Attribution-NonCommercial-NoDerivatives 4.0 International License (CC BY-NC-ND 4.0) ਦੇ ਤਹਿਤ ਉਪਲਬਧ ਕਰਵਾਇਆ ਗਿਆ ਹੈ, ਸਿਵਾਏ ਜਿੱਥੇ ਕਿਤੇ ਹੋਰ ਨੋਟ ਕੀਤਾ ਗਿਆ ਹੋਵੇ। https://creativecommons.org/licenses/by-nc-nd/4.0/

ਇਸ ਕੋਰਸ ਦੀ ਨਕਲ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਛਾਪ ਕੇ ਅਤੇ ਡਿਜੀਟਲ ਫਾਰਮੈਟ ਵਿੱਚ ਮੁਫ਼ਤ ਵਿੱਚ ਵੰਡਿਆ ਜਾ ਸਕਦਾ ਹੈ ਪਰ ਕਿਸੇ ਵੀ ਤਰੀਕੇ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲਾਭ ਲਈ ਵੇਚਿਆ ਨਹੀਂ ਜਾ ਸਕਦਾ ਹੈ (ਹਾਲਾਂਕਿ ਛਪਾਈ ਦੀ ਲਾਗਤ ਵਸੂਲੀ ਜਾ ਸਕਦੀ ਹੈ)। ਵਿਦਿਅਕ ਅਦਾਰੇ ਇਸ ਕੋਰਸ ਦੀ ਵਰਤੋਂ/ਨਕਲ ਕਰਨ ਲਈ ਸੁਤੰਤਰ ਹਨ ਭਾਵੇਂ ਉਹ ਇਸ ਨੂੰ ਪੜ੍ਹਾਉਣ ਦੀ ਫੀਸ ਲੈਂਦੇ ਹਨ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ www.shepherdsglobal.org/copyright ਤੇ ਜਾਓ।

ਤੀਜੀ-ਧਿਰ ਸਮੱਗਰੀਆਂ ਉਨ੍ਹਾਂ ਦੇ ਸੰਬੰਧਤ ਮਾਲਕਾਂ ਦੇ ਕਾਪੀਰਾਈਟ ਹਨ ਅਤੇ ਵੱਖ-ਵੱਖ ਲਾਇਸੈਂਸਾਂ ਦੇ ਅਧੀਨ ਸਾਂਝੀਆਂ ਕੀਤੀਆਂ ਗਈਆਂ ਹਨ।

ਜਦੋਂ ਤੱਕ ਹੋਰ ਸੰਕੇਤ ਨਹੀਂ ਦਿੱਤਾ ਜਾਂਦਾ, ਸਾਰੇ ਬਚਨ ਬਾਈਬਲ ਸੋਸਾਇਟੀ ਆਫ਼ ਇੰਡੀਆ, ਪੰਜਾਬੀ OV (ਪੁਰਾਣਾ ਅਨੁਵਾਦ) ਕਰਾਸਵੇ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਜ਼ ਦੇ ਪ੍ਰਕਾਸ਼ਨ ਸੇਵਕਾਈ ਦੁਆਰਾ ਹਨ। ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ ਹਨ।

ਮੁੱਖ ਲੇਖਕ: ਡਾ. ਰੈਂਡਲ ਡੀ. ਮੈਕਲਵੇਨ

ਵਿਸ਼ੇ-ਸੂਚੀ

ਕੋਰਸ ਬਾਰੇ ਸੰਖੇਪ ਜਾਣਕਾਰੀ	5
1. ਅਰਾਧਨਾ ਦੀ ਪਰਿਭਾਸ਼ਾ	7
2. ਪਰਮੇਸ਼ੁਰ ਅਤੇ ਅਰਾਧਕ	27
3. ਪੁਰਾਣੇ ਨੇਮ ਵਿੱਚ ਅਰਾਧਨਾ	43
4. ਨਵੇਂ ਨੇਮ ਵਿੱਚ ਅਰਾਧਨਾ	61
5. ਕਲੀਸੀਆ ਦੇ ਇਤਿਹਾਸ ਵਿੱਚ ਅਰਾਧਨਾ	81
6. ਅਰਾਧਨਾ ਵਿੱਚ ਸੰਗੀਤ	97
7. ਅਰਾਧਨਾ ਵਿੱਚ ਬਚਨ ਅਤੇ ਪ੍ਰਾਰਥਨਾ	121
8. ਯੋਜਨਾ ਅਤੇ ਅਰਾਧਨਾ ਵਿੱਚ ਅਗਵਾਈ	147
9. ਹੋਰ ਕਈ ਸਵਾਲ	171
10. ਅਰਾਧਨਾ ਦੀ ਜੀਵਨ-ਸ਼ੈਲੀ	195
ਵਾਧੂ ਭਾਗ A: ਯੋਜਨਾਬੱਧ ਅਰਾਧਨਾ ਬੰਦਗੀਆਂ ਲਈ ਰੂਪਰੇਖਾ	206
ਵਾਧੂ ਭਾਗ B: ਗੀਤ ਮੁਲਾਂਕਣ ਫਾਰਮ	210
ਸੁਝਾਏ ਗਏ ਸਰੋਤ	211
ਖੁਦ ਕਰਨ ਵਾਲੇ ਕੰਮਾਂ ਦਾ ਰਿਕਾਰਡ	213
ਬਚਨਾਂ ਦਾ ਹਵਾਲਾ	214
ਸੂਚੀ-ਪੱਤਰ	217

ਕੋਰਸ ਬਾਰੇ ਸੰਖੇਪ ਜਾਣਕਾਰੀ

ਇਹ ਕੋਰਸ ਅਰਾਧਨਾ ਦੇ ਮੂਲ ਸਿਧਾਂਤਾਂ ਨੂੰ ਪੇਸ਼ ਕਰਦਾ ਹੈ।

ਜੇ ਇੱਕ ਸਮੂਹ ਵਜੋਂ ਅਧਿਐਨ ਕਰ ਰਹੇ ਹੋ, ਤਾਂ ਸਮੱਗਰੀ ਨੂੰ ਵਾਰੀ-ਵਾਰੀ ਪੜ੍ਹੋ। ਤੁਹਾਨੂੰ ਕਿਸੇ ਵੀ ਕਲਾਸ ਚਰਚਾ ਲਈ ਸਮੇਂ-ਸਮੇਂ ਤੇ ਰੁਕਣਾ ਚਾਹੀਦਾ ਹੈ। ਕਲਾਸ ਲੀਡਰ ਹੋਣ ਦੇ ਨਾਤੇ, ਤੁਸੀਂ ਅਧਿਐਨ ਕੀਤੀ ਜਾ ਰਹੀ ਸਮੱਗਰੀ ਤੋਂ ਚਰਚਾ ਨੂੰ ਭਟਕਣ ਤੋਂ ਬਚਾਉਣ ਲਈ ਜ਼ਿੰਮੇਵਾਰ ਹੋ। ਹਰੇਕ ਚਰਚਾ ਦੀ ਮਿਆਦ ਲਈ ਸਮਾਂ ਸੀਮਾ ਰੱਖਣਾ ਮਦਦਗਾਰ ਹੁੰਦਾ ਹੈ।

ਚਰਚਾ ਦੇ ਸਵਾਲਾਂ ਅਤੇ **ਕਲਾਸ ਵਿੱਚ ਹੋਣ ਵਾਲੀਆਂ ਗਤੀਵਿਧੀਆਂ** ਨੂੰ ਤੀਰ ਵਾਲੇ ਬੁਲੇਟ ਪੁਆਇੰਟਾਂ ਦੁਆਰਾ ਦਰਸਾਇਆ ਗਿਆ ਹੈ। ਜਦੋਂ ਵੀ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਇੱਕ ਤੇ ਆਉਂਦੇ ਹੋ, ਤਾਂ ਇਸ ਤੋਂ ਬਾਅਦ ਆਉਣ ਵਾਲਾ ਸਵਾਲ (ਸਵਾਲਾਂ ਨੂੰ) ਪੁੱਛੋ ਅਤੇ ਵਿਦਿਆਰਥੀਆਂ ਨੂੰ ਜਵਾਬ ਬਾਰੇ ਚਰਚਾ ਕਰਨ ਦਿਓ। ਇਹ ਨਿਸ਼ਚਤ ਕਰਨ ਦੀ ਕੋਸ਼ਿਸ਼ ਕਰੋ ਕਿ ਕਲਾਸ ਦੇ ਸਾਰੇ ਵਿਦਿਆਰਥੀ ਚਰਚਾ ਵਿੱਚ ਸ਼ਾਮਲ ਹੋਣ। ਜੇ ਜਰੂਰੀ ਹੋਵੇ, ਤਾਂ ਤੁਸੀਂ ਵਿਦਿਆਰਥੀਆਂ ਨੂੰ ਨਾਮ ਨਾਲ ਬੁਲਾ ਸਕਦੇ ਹੋ।

ਕੋਰਸ ਵਿੱਚ ਬਹੁਤ ਸਾਰੇ **ਬਚਨਾਂ** ਦੀ ਵਰਤੋਂ ਕੀਤੀ ਗਈ ਹੈ। ਜਿਹੜੇ ਹਵਾਲਿਆਂ ਨੂੰ ਕਲਾਸ ਵਿੱਚ ਉੱਚੀ ਅਵਾਜ਼ ਵਿੱਚ ਪੜ੍ਹਿਆ ਜਾਣਾ ਚਾਹੀਦਾ ਹੈ, ਉਨ੍ਹਾਂ ਨੂੰ ਵੀ ਤੀਰ ਵਾਲੇ ਬੁਲੇਟ ਪੁਆਇੰਟਾਂ ਦੁਆਰਾ ਦਰਸਾਇਆ ਗਿਆ ਹੈ। ਕਿਰਪਾ ਕਰਕੇ ਵਿਦਿਆਰਥੀਆਂ ਨੂੰ ਆਇਤਾਂ ਨੂੰ ਖੋਜਣ ਅਤੇ ਵਾਰੀ-ਵਾਰੀ ਉਨ੍ਹਾਂ ਨੂੰ ਸਮੂਹ ਵਿੱਚ ਪੜ੍ਹਨ ਲਈ ਕਹੋ।

ਹਰ ਪਾਠ **ਖੁਦ ਕਰਨ ਵਾਲੇ ਕੰਮਾਂ** ਨਾਲ ਖਤਮ ਹੁੰਦਾ ਹੈ। ਖੁਦ ਕਰਨ ਵਾਲੇ ਕੰਮਾਂ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਬਾਰੇ ਅਗਲੇ ਪਾਠ ਦੇ ਸਮੇਂ ਤੋਂ ਪਹਿਲਾਂ ਸੌਂਪਿਆ ਜਾਣਾ ਚਾਹੀਦਾ ਹੈ।

ਹਰੇਕ ਪਾਠ ਲਈ ਇੱਕ **ਇਮਤਿਹਾਨ** ਹੈ, ਜਿਸ ਵਿੱਚ ਬਚਨ ਨੂੰ ਯਾਦ ਕਰਨਾ ਸ਼ਾਮਲ ਹੈ। ਹਰੇਕ ਕਲਾਸ ਦੇ ਅੰਤ ਵਿੱਚ, ਲੀਡਰ ਵਿਦਿਆਰਥੀਆਂ ਨਾਲ ਇਨ੍ਹਾਂ ਸਵਾਲਾਂ ਦੀ ਸਮੀਖਿਆ ਕਰ ਸਕਦਾ ਹੈ। ਅੱਗੇ ਆਉਣ ਵਾਲਾ ਕਲਾਸ ਸੈਸ਼ਨ ਇਨ੍ਹਾਂ ਸਵਾਲਾਂ ਦੇ ਇੱਕ ਇਮਤਿਹਾਨ ਨਾਲ ਸ਼ੁਰੂ ਹੋਣਾ ਚਾਹੀਦਾ ਹੈ। ਇਮਤਿਹਾਨ ਕੋਰਸ ਪੁਸਤਕ, ਲਿਖਤੀ ਨੋਟਸ, ਬਾਈਬਲ ਨੂੰ ਵੇਖੇ ਬਿਨਾਂ ਜਾਂ ਸਹਿਪਾਠੀਆਂ ਨੂੰ ਦੱਸੇ ਬਿਨਾਂ ਲਏ ਜਾਣੇ ਚਾਹੀਦੇ ਹਨ। ਸ਼ੈਫਰਡਸ ਗਲੋਬਲ ਕਲਾਸਰੂਮ ਤੋਂ ਕਲਾਸ ਲੀਡਰ ਦੁਆਰਾ ਡਾਊਨਲੋਡ ਕਰਨ ਲਈ ਇੱਕ ਇਮਤਿਹਾਨ ਉੱਤਰ ਕੁੰਜੀ ਉਪਲਬਧ ਹੈ।

ਪਾਠ 1 ਵਿੱਚ, ਵਿਦਿਆਰਥੀਆਂ ਨੂੰ **30-ਦਿਨ ਦਾ ਪ੍ਰੋਜੈਕਟ** ਦਿੱਤਾ ਜਾਂਦਾ ਹੈ। ਜਦੋਂ ਇਹ ਪ੍ਰੋਜੈਕਟ ਪੂਰਾ ਹੋ ਜਾਂਦਾ ਹੈ, ਤਾਂ ਹਰੇਕ ਵਿਦਿਆਰਥੀ ਨੂੰ ਪ੍ਰੋਜੈਕਟ ਤੋਂ ਸਿੱਖੀਆਂ ਗਈਆਂ ਗੱਲਾਂ ਦੀ ਸੰਖੇਪ ਵਿੱਚ ਇੱਕ ਪੰਨੇ ਦੀ ਰਿਪੋਰਟ ਪੇਸ਼ ਕਰਨੀ ਚਾਹੀਦੀ ਹੈ। ਵਿਦਿਆਰਥੀ ਆਪਣਾ ਪ੍ਰੋਜੈਕਟ ਰੋਜਨਾਮਚਾ ਜਮ੍ਹਾ ਨਹੀਂ ਕਰਨਗੇ।

ਜੇਕਰ ਕੋਈ ਵਿਦਿਆਰਥੀ **ਸ਼ੈਫਰਡਸ ਗਲੋਬਲ ਕਲਾਸਰੂਮ ਤੋਂ ਸਰਟੀਫਿਕੇਟ ਪ੍ਰਾਪਤ ਕਰਨਾ** ਚਾਹੁੰਦਾ ਹੈ, ਤਾਂ ਉਸ ਨੂੰ ਕਲਾਸ ਸੈਸ਼ਨਾਂ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ ਅਤੇ ਖੁਦ ਕਰਨ ਵਾਲੇ ਕੰਮਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਕੋਰਸ ਦੇ ਅੰਤ ਵਿੱਚ ਪੂਰਾ ਕੀਤੇ ਗਏ ਖੁਦ ਕਰਨ ਵਾਲੇ ਕੰਮਾਂ ਨੂੰ ਦਰਜ ਕਰਨ ਲਈ ਇੱਕ ਫਾਰਮ ਦਿੱਤਾ ਗਿਆ ਹੈ।

ਪਾਠ 1

ਅਰਾਧਨਾ ਦੀ ਪਰਿਭਾਸ਼ਾ

ਪਾਠ ਦੇ ਉਦੇਸ਼

1. ਬਾਈਬਲ ਦੇ ਅਨੁਸਾਰ ਅਰਾਧਨਾ ਦੀ ਇੱਕ ਪਰਿਭਾਸ਼ਾ ਹੋਣਾ।
2. ਇਹ ਸਮਝ ਪ੍ਰਾਪਤ ਕਰਨਾ ਕਿ ਸੱਚੀ ਅਰਾਧਨਾ ਸਾਡੇ ਜੀਵਨ ਦੇ ਸਾਰੇ ਪੱਖਾਂ ਨੂੰ ਪ੍ਰਭਾਵਿਤ ਕਰਦੀ ਹੈ।
3. ਪਰਮੇਸ਼ੁਰ ਨੂੰ ਸਵੀਕਾਰ ਹੋਣ ਵਾਲੀ ਅਰਾਧਨਾ ਨੂੰ ਸਮਝਣਾ।
4. ਮਸੀਹੀ ਜੀਵਨ ਵਿੱਚ ਅਰਾਧਨਾ ਦੀ ਮਹੱਤਤਾ ਦੀ ਸ਼ਲਾਘਾ ਕਰਨਾ।

ਇਸ ਪਾਠ ਦੇ ਲਈ ਤਿਆਰੀ

ਯੂਹੰਨਾ 4:23-24 ਯਾਦ ਕਰੋ।

ਜਾਣ-ਪਛਾਣ

ਅਮਰੀਕਾ ਵਿੱਚ ਐਤਵਾਰ ਦੀ ਸਵੇਰ ਹੈ। ਸੂਟ-ਬੂਟ ਪਹਿਨੇ ਮਸੀਹੀ ਲੋਕ ਇੱਕ ਸੁੰਦਰ ਗਿਰਜਾਘਰ ਵਿੱਚ ਅਰਾਧਨਾ ਲਈ ਇਕੱਠੇ ਹੁੰਦੇ ਹਨ। ਇੱਕ ਹਾਰਮੋਨੀਅਮ ਅਤੇ ਗੀਤ-ਭਜਨ ਗਾਉਣ ਵਾਲੀ ਮੰਡਲੀ ਦੇ ਨਾਲ, ਉਹ ਸ਼ਾਨਦਾਰ ਗੀਤ-ਭਜਨ ਗਾਉਂਦੇ ਹਨ। ਜਦੋਂ ਭੇਟ ਇਕੱਠੀ ਕੀਤੀ ਜਾਂਦੀ ਹੈ ਤਾਂ ਆਰਕੈਸਟਰਾ ਵਜਾਇਆ ਜਾਂਦਾ ਹੈ। ਅਰਾਧਨਾ ਕਰਨ ਵਾਲੇ ਪਾਸਟਰ ਦੀ ਅਗਵਾਈ ਵਿੱਚ ਚੁੱਪਚਾਪ ਪ੍ਰਾਰਥਨਾ ਕਰਦੇ ਹਨ। ਆਪਣੇ ਪਰਚਾਰ ਦੇ ਦੌਰਾਨ, ਪਾਸਟਰ ਆਪਣੀ ਵੱਡੀ ਲਾਇਬ੍ਰੇਰੀ ਤੋਂ ਕਈ ਲੇਖਕਾਂ ਦਾ ਹਵਾਲਾ ਦਿੰਦਾ ਹੈ। ਪਰਚਾਰ ਤੋਂ ਬਾਅਦ, ਕਲੀਸੀਆ ਨੂੰ ਚਾਂਦੀ ਦੀ ਥਾਲੀ ਵਿੱਚ ਵੇਫਰ (ਪਾਪੜ ਵਰਗੀ ਪਤਲੀ ਜਿਹੀ ਰੋਟੀ) ਅਤੇ ਇਕੱਲੇ-ਇਕੱਲੇ ਕੱਪਾਂ ਵਿੱਚ ਦਾਖਰਸ ਦੇ ਕੇ ਪ੍ਰਭੂ-ਭੋਜ ਦਿੱਤਾ ਜਾਂਦਾ ਹੈ। ਇਹ ਅਰਾਧਨਾ ਹੈ।

ਚੀਨ ਵਿੱਚ ਐਤਵਾਰ ਦੀ ਸਵੇਰ ਹੈ। ਸਧਾਰਣ ਜਿਹੇ ਕੱਪੜੇ ਪਹਿਨੇ 30 ਵਿਸ਼ਵਾਸੀ ਇੱਕ ਮਕਾਨ ਵਿੱਚ ਇਕੱਠੇ ਹੁੰਦੇ ਹਨ। ਉਹ ਬਿਨਾਂ ਕਿਸੇ ਸਾਜ਼ ਦੇ ਉਸਤਤ ਦੇ ਗੀਤ ਅਤੇ ਭਜਨ ਗਾਉਂਦੇ ਹਨ। ਉਨ੍ਹਾਂ ਵਿਸ਼ਵਾਸੀਆਂ ਦਾ ਆਗੂ ਉਨ੍ਹਾਂ ਨੂੰ ਇੱਕ ਸਚਿਆਈ ਦੱਸਦਾ ਹੈ ਜੋ ਉਸ ਨੇ ਹਾਲ ਹੀ ਵਿੱਚ ਬਚਨ ਦੇ ਆਪਣੇ ਅਧਿਐਨ ਤੋਂ ਸਿੱਖੀ ਹੈ। ਇੱਕ ਲੰਮੇ ਪ੍ਰਾਰਥਨਾ ਸਮੇਂ ਦੇ ਦੌਰਾਨ, ਇਸ ਘਰੇਲੂ ਕਲੀਸੀਆ ਦੇ ਮੈਂਬਰ ਵਾਰੀ-ਵਾਰੀ ਇੱਕ ਦੂਜੇ ਦੀਆਂ ਜ਼ਰੂਰਤਾਂ ਦੇ ਲਈ ਪ੍ਰਾਰਥਨਾ ਕਰਦੇ ਹਨ। ਪ੍ਰਾਰਥਨਾ ਤੋਂ ਬਾਅਦ, ਉਹ ਰੋਟੀ ਅਤੇ ਪਲਾਸਟਿਕ ਦੇ ਕੱਪਾਂ ਵਿੱਚ ਦਾਖਰਸ ਦੇ ਨਾਲ ਪ੍ਰਭੂ ਭੋਜ ਲੈਂਦੇ ਹਨ। ਜਦੋਂ ਲੋਕ ਉੱਥੋਂ ਜਾਣ ਲੱਗਦੇ ਹਨ, ਉਹ ਚੁੱਪਚਾਪ ਦਰਵਾਜ਼ੇ ਦੇ ਕੋਲ ਇੱਕ ਟੋਕਰੀ ਵਿੱਚ

ਆਪਣੀ ਭੇਟ ਰੱਖ ਦਿੰਦੇ ਹਨ। ਇਕੱਠੀ ਕੀਤੀ ਗਈ ਇਹ ਭੇਟ ਉਨ੍ਹਾਂ ਮੈਂਬਰਾਂ ਨੂੰ ਦੇ ਦਿੱਤੀ ਜਾਵੇਗੀ ਜਿਨ੍ਹਾਂ ਦੀਆਂ ਕੋਈ ਵਿਸ਼ੇਸ਼ ਜ਼ਰੂਰਤਾਂ ਹਨ। ਇਹ ਅਰਾਧਨਾ ਹੈ।

ਨਾਈਜੀਰੀਆ ਵਿੱਚ ਐਤਵਾਰ ਦੀ ਸਵੇਰ ਹੈ। ਰੰਗ-ਬਿਰੰਗੇ ਕੱਪੜੇ ਪਹਿਨੇ ਮਸੀਹੀ ਲੋਕ ਜੋਸ਼ ਨਾਲ ਭਰੀ ਅਰਾਧਨਾ ਬੰਦਗੀ ਲਈ ਇਕੱਠੇ ਹੁੰਦੇ ਹਨ। ਗਿਟਾਰ, ਕੀ-ਬੋਰਡ ਅਤੇ ਡਰੱਮ ਦੇ ਨਾਲ ਉਸਤਤ ਕਰਨ ਵਾਲੀ ਇੱਕ ਟੀਮ ਸਕ੍ਰੀਨ ਤੇ ਵਿਖਾਏ ਜਾਣ ਵਾਲੇ ਗੀਤ ਗਾ ਕੇ ਕਲੀਸੀਆ ਦੀ ਅਗਵਾਈ ਕਰਦੀ ਹੈ। ਜਦੋਂ ਬੈਂਡ ਸਾਜ਼ ਵਜਾਉਂਦਾ ਹੈ ਤਾਂ ਇਸ ਦੌਰਾਨ ਮੈਂਬਰ ਜਗਵੇਦੀ ਦੇ ਸਾਹਮਣੇ ਰੱਖੇ ਇੱਕ ਭੇਟ ਬਕਸੇ ਵਿੱਚ ਆਪਣੀ ਭੇਟ ਪਾਉਂਦੇ ਹਨ। ਪਰਚਾਰ ਵਿਹਾਰਕ ਹੈ ਜਿਸ ਵਿੱਚ ਸਮਕਾਲੀ ਨਾਈਜੀਰੀਅਨ ਸਮਾਜ ਦੀਆਂ ਜ਼ਰੂਰਤਾਂ ਦੀ ਗੱਲ ਕੀਤੀ ਜਾਂਦੀ ਹੈ। ਬੰਦਗੀ ਹੱਥ ਮਿਲਾਉਣ, ਇੱਕ ਦੂਜੇ ਨੂੰ ਗਲੇ ਲਗਾਉਣ ਅਤੇ ਜਸ਼ਨ ਦੇ ਸਮੇਂ ਨਾਲ ਖ਼ਤਮ ਹੋ ਜਾਂਦੀ ਹੈ। ਇਹ ਅਰਾਧਨਾ ਹੈ।

ਅਰਾਧਨਾ ਕਈ ਵੱਖ-ਵੱਖ ਤਰੀਕਿਆਂ ਨਾਲ ਕੀਤੀ ਜਾਂਦੀ ਹੈ। ਹਰ ਦੇਸ਼ ਅਤੇ ਹਰ ਸਭਿਆਚਾਰ ਵਿੱਚ, ਅਰਾਧਨਾ ਦੇ ਰੂਪ ਵੱਖੋ-ਵੱਖਰੇ ਹੋਣਗੇ। ਅਰਾਧਨਾ ਇੱਕ ਖ਼ਾਸ ਤਰ੍ਹਾਂ ਦੀ ਸੇਵਾ ਤੋਂ ਕਿਤੇ ਵੱਧ ਕੇ ਹੈ। ਅਸਲ ਵਿੱਚ, ਅਰਾਧਨਾ ਆਪਣੇ ਆਪ ਵਿੱਚ ਸੇਵਾ ਤੋਂ ਵੱਧ ਹੈ; ਅਰਾਧਨਾ ਵਿੱਚ ਮਸੀਹੀ ਜੀਵਨ ਦੇ ਸਾਰੇ ਖੇਤਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਸ ਪਾਠ ਵਿੱਚ, ਅਸੀਂ ਬਾਈਬਲ ਦੇ ਅਨੁਸਾਰ ਅਰਾਧਨਾ ਦੀ ਪਰਿਭਾਸ਼ਾ ਨੂੰ ਵੇਖਾਂਗੇ।

» ਯੂਹੰਨਾ 4:1-29 ਪੜ੍ਹੋ। ਚਰਚਾ ਕਰੋ ਕਿ ਆਤਮਾ ਅਤੇ ਸਚਿਆਈ ਨਾਲ ਅਰਾਧਨਾ ਕਰਨ ਦਾ ਕੀ ਅਰਥ ਹੈ।

ਬਾਈਬਲ ਦੇ ਅਨੁਸਾਰ ਅਰਾਧਨਾ ਦੇ ਪਹਿਲੂ

ਅਰਾਧਨਾ ਦਾ ਅਰਥ ਹੈ ਪਰਮੇਸ਼ੁਰ ਦੀ ਸਮਰੱਥਾ ਨੂੰ ਪਛਾਣਨਾ ਅਤੇ ਉਸ ਦਾ ਆਦਰ ਕਰਨਾ। ਇਸ ਦਾ ਅਰਥ ਹੈ ਪਰਮੇਸ਼ੁਰ ਨੂੰ ਉਹ ਆਦਰ ਦੇਣਾ ਜਿਸ ਦੇ ਉਹ ਯੋਗ ਹੈ।

» ਹੇਠਾਂ ਅਰਾਧਨਾ ਦੀਆਂ ਤਿੰਨ ਪਰਿਭਾਸ਼ਾਵਾਂ ਹਨ। ਉਸ ਪਰਿਭਾਸ਼ਾ ਨੂੰ ਮੂੰਹ ਜ਼ਬਾਨੀ ਯਾਦ ਕਰੋ ਜੋ ਤੁਹਾਡੇ ਲਈ ਸਭ ਤੋਂ ਵੱਧ ਅਰਥਪੂਰਣ ਹੈ।

- "ਅਰਾਧਨਾ ਅਨਾਦਿ ਪਰਮੇਸ਼ੁਰ ਪ੍ਰਤੀ ਮਨੁੱਖ ਦੀ ਪਿਆਰ ਭਰੀ ਪ੍ਰਤੀਕਿਰਿਆ ਹੈ।" - ਐਵਲਿਨ ਅੰਡਰਹਿਲ
- "ਪਰਮੇਸ਼ੁਰ ਦੇ ਪ੍ਰਤੀ ਸਵੈ-ਇੱਛਾ ਨਾਲ ਪ੍ਰਤੀਕਿਰਿਆ ਕਰਨ ਵਿੱਚ ਸਾਡੇ ਦਿਲ ਨੂੰ ਉਤਸ਼ਾਹਿਤ ਕਰਨਾ ਹੀ ਅਰਾਧਨਾ ਹੈ।" - ਫਰੈਂਕਲਿਨ ਸੇਗਲਰ
- "ਅਰਾਧਨਾ ਸਾਡੀ ਸਮੁੱਚੀ ਸ਼ਖਸੀਅਤ ਦਾ ਪਰਮੇਸ਼ੁਰ ਦੀ ਸਮੁੱਚੀ ਸ਼ਖਸੀਅਤ ਨੂੰ ਪ੍ਰਤੀਕਰਮ ਹੈ।" - ਵਾਰੇਨ ਵਿਅਰਸਬੀ

ਅਰਾਧਨਾ ਆਦਰਪੂਰਨ ਅਧੀਨਗੀ ਹੈ

ਬਾਈਬਲ ਵਿੱਚ ਅਨੁਵਾਦ ਕੀਤੇ ਗਏ ਸ਼ਬਦ "ਅਰਾਧਨਾ" ਲਈ ਵਰਤੇ ਗਏ ਮੂਲ ਇਬਰਾਨੀ ਅਤੇ ਯੂਨਾਨੀ ਸ਼ਬਦਾਂ ਵਿੱਚ ਪਰਮੇਸ਼ੁਰ ਅੱਗੇ ਮੱਥਾ ਟੇਕਣ ਦਾ ਵਿਚਾਰ ਹੈ।[1] ਇਹ ਅਰਾਧਨਾ ਵਿੱਚ ਸ਼ਾਮਲ ਨਿਮਰ ਅਧੀਨਗੀ ਦਾ ਸੁਝਾਅ ਦਿੰਦਾ ਹੈ। ਮੱਥਾ ਟੇਕਣ ਦੀ ਸਰੀਰਕ ਕਿਰਿਆ ਦਿਲ ਦੀ ਸ਼ਰਧਾ ਨੂੰ ਦਰਸਾਉਂਦੀ ਹੈ। ਘੱਟੋ-ਘੱਟ ਦੂਜੀ ਸਦੀ ਤੋਂ, ਮਸੀਹੀ ਪ੍ਰਾਰਥਨਾ ਕਰਦੇ ਸਮੇਂ ਆਦਰ ਨਾਲ ਗੋਡੇ ਨਿਵਾਉਣ ਲੱਗੇ ਸਨ।

ਪਰਕਾਸ਼ ਦੀ ਪੋਥੀ 4:10-11 ਵਿੱਚ, ਰਸੂਲ ਯੂਹੰਨਾ ਨੇ ਸਵਰਗ ਵਿੱਚ ਹੋਣ ਵਾਲੀ ਅਰਾਧਨਾ ਨੂੰ ਵੇਖਿਆ:

---

1 ਇਬਰਾਨੀ ਸ਼ਬਦ *ਸ਼ਚਾਹ* ਹੈ, ਜਿਸ ਦਾ ਅਨੁਵਾਦ "ਅਰਾਧਨਾ," "ਮੱਥਾ ਟੇਕਣਾ," "ਡਿੱਗਣਾ" ਜਾਂ "ਆਦਰ" ਕੀਤਾ ਗਿਆ ਹੈ। ਯੂਨਾਨੀ ਸ਼ਬਦ *ਪ੍ਰੋਸਕੁਨੀਓ* ਹੈ, ਜਿਸ ਦਾ ਅਨੁਵਾਦ ਨਵੇਂ ਨੇਮ ਵਿੱਚ "ਅਰਾਧਨਾ" ਜਾਂ "ਮੱਥਾ ਟੇਕਣਾ" ਕੀਤਾ ਗਿਆ ਹੈ।

> "ਤਾਂ ਚੱਵੀ ਬਜ਼ੁਰਗ ਉਹ ਦੇ ਅੱਗੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਡਿੱਗ ਪੈਣਗੇ ਅਤੇ ਉਹ ਨੂੰ ਜਿਹੜਾ ਜੁੱਗੋ ਜੁੱਗ ਜੀਉਂਦਾ ਹੈ ਮੱਥਾ ਟੇਕਣਗੇ ਅਤੇ ਇਹ ਆਖਦਿਆਂ ਆਪਣੇ ਮੁਕਟ ਸਿੰਘਾਸਣ ਦੇ ਅੱਗੇ ਸੁੱਟਣਗੇ, – "ਹੇ ਸਾਡੇ ਪ੍ਰਭੂ ਅਤੇ ਸਾਡੇ ਪਰਮੇਸ਼ੁਰ, ਤੂੰ ਮਹਿਮਾ, ਮਾਣ ਅਤੇ ਸਮਰੱਥਾ ਲੈਣ ਦੇ ਜੋਗ ਹੈਂ, ਤੈਂ ਜੋ ਸਾਰੀਆਂ ਵਸਤਾਂ ਰਚੀਆਂ, ਅਤੇ ਓਹ ਤੇਰੀ ਹੀ ਇੱਛਿਆ ਨਾਲ ਹੋਈਆਂ ਅਤੇ ਰਚੀਆਂ ਗਈਆਂ!"

ਜਦੋਂ ਇੱਕ ਜਿੱਤੇ ਹੋਏ ਰਾਜੇ ਨੂੰ ਕੈਸਰ ਦੇ ਸਾਹਮਣੇ ਲਿਆਂਦਾ ਜਾਂਦਾ ਸੀ, ਤਾਂ ਉਸ ਨੂੰ ਆਪਣਾ ਤਾਜ ਕੈਸਰ ਦੇ ਪੈਰਾਂ ਵਿੱਚ ਸੁੱਟਣਾ ਅਤੇ ਝੁਕ ਕੇ ਅਧੀਨਗੀ ਸਵੀਕਾਰ ਕਰਨੀ ਪੈਂਦੀ ਸੀ। ਯੂਹੰਨਾ ਵਿਖਾਉਂਦਾ ਹੈ ਕਿ ਪਰਮੇਸ਼ੁਰ, ਜੋ ਕੈਸਰ ਨਾਲੋਂ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਅਤੇ ਸਮਰੱਥ ਹੈ, ਅਰਾਧਕਾਂ ਦੀ ਨਿਮਰ ਅਧੀਨਗੀ ਦਾ ਹੱਕਦਾਰ ਹੈ।

ਪੁਰਾਣੇ ਨੇਮ ਵਿੱਚ, ਪਰਮੇਸ਼ੁਰ ਨੇ ਆਕੀਆਂ ਦੀਆਂ ਕੁਰਬਾਨੀਆਂ ਨੂੰ ਰੱਦ ਕਰ ਦਿੱਤਾ। “ਏਹ ਲੋਕ ਮੇਰੇ ਨੇੜੇ ਆਉਂਦੇ, ਅਤੇ ਆਪਣਿਆਂ ਮੂੰਹਾਂ ਅਰ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਓਹਨਾਂ ਦਾ ਦਿਲ ਮੈਥੋਂ ਦੂਰ ਹੈ, ਅਤੇ ਮੇਰਾ ਭੈ ਓਹਨਾਂ ਲਈ ਆਦਮੀਆਂ ਦਾ ਹੁਕਮ ਹੀ ਹੈ...” (ਯਸਾਯਾਹ 29:13)। ਬਾਹਰੋਂ, ਉਹ ਅਰਾਧਕ ਜਾਪਦੇ ਸਨ; ਉਹ ਸਹੀ ਸ਼ਬਦ ਬੋਲਦੇ ਅਤੇ ਢੁਕਵੀਆਂ ਰਸਮਾਂ ਦੀ ਪਾਲਣਾ ਕਰਦੇ ਸਨ। ਅੰਦਰੋਂ, ਉਨ੍ਹਾਂ ਦੇ ਦਿਲ ਪਰਮੇਸ਼ੁਰ ਤੋਂ ਦੂਰ ਸਨ। ਸੱਚੀ ਅਰਾਧਨਾ ਆਦਰਪੂਰਨ ਅਧੀਨਗੀ ਨਾਲ ਹੁੰਦੀ ਹੈ।

ਇਹੀ ਸਚਿਆਈ ਨਵੇਂ ਨੇਮ ਵਿੱਚ ਵੇਖੀ ਜਾਂਦੀ ਹੈ। ਸਾਮਰੀ ਤੀਵੀਂ ਨੇ ਅਰਾਧਨਾ ਦੇ ਭੌਤਿਕ ਸਥਾਨ, ਯਰੂਸ਼ਲਮ ਬਨਾਮ ਗਰਿੱਜ਼ੀਮ ਪਰਬਤ ਬਾਰੇ ਬਹਿਸ ਕੀਤੀ। ਯਿਸੂ ਨੇ ਅਰਾਧਨਾ ਦੇ ਆਤਮਿਕ ਸਥਾਨ, ਦਿਲ ਦੀ ਵੱਲ ਇਸ਼ਾਰਾ ਕੀਤਾ। “ਪਰਮੇਸ਼ੁਰ ਆਤਮਾ ਹੈ ਅਤੇ ਜੋ ਉਹ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਭਈ ਓਹ ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨ” (ਯੂਹੰਨਾ 4:24)। ਸੱਚੀ ਅਰਾਧਨਾ ਲਈ ਪਰਮੇਸ਼ੁਰ ਦੇ ਅਧੀਨ ਹੋਣਾ ਜ਼ਰੂਰੀ ਹੈ।

ਸੱਚੀ ਅਰਾਧਨਾ ਉਸ ਦਾ ਆਦਰ ਕਰਦੀ ਹੈ ਜਿਸ ਦੀ ਅਰਾਧਨਾ ਕੀਤੀ ਜਾਂਦੀ ਹੈ। ਕੁਝ ਕਲੀਸੀਆਵਾਂ ਵਿੱਚ, ਅਰਾਧਨਾ ਉਸ ਆਦਰ ਨੂੰ ਪਛਾਣਨ ਵਿੱਚ ਅਸਫ਼ਲ ਰਹਿੰਦੀ ਹੈ ਜੋ ਪਰਮੇਸ਼ੁਰ ਨੂੰ ਦਿੱਤਾ ਜਾਣਾ ਚਾਹੀਦਾ ਹੈ। ਜਿਵੇਂ ਕਿ ਅਸੀਂ ਬਾਅਦ ਵਿੱਚ ਇੱਕ ਪਰਿਭਾਸ਼ਾ ਵਿੱਚ ਵੇਖਾਂਗੇ, ਅਰਾਧਨਾ ਵਿੱਚ ਜਸ਼ਨ ਸ਼ਾਮਲ ਹੈ, ਪਰ ਅਰਾਧਨਾ ਪਰਮੇਸ਼ੁਰ ਦਾ ਆਦਰ ਵੀ ਕਰਦੀ ਹੈ। ਇਸ ਦਾ ਇਹ ਅਰਥ ਨਹੀਂ ਹੈ ਕਿ ਅਰਾਧਨਾ ਦੀ ਸਿਰਫ਼ ਕੋਈ ਇੱਕ ਸ਼ੈਲੀ ਹੀ ਢੁਕਵੀਂ ਹੈ। ਪਰ, ਇਹ ਪਹਿਲੀ ਪਰਿਭਾਸ਼ਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਜਦੋਂ ਅਸੀਂ ਆਪਣੇ ਅਰਾਧਨਾ ਦੇ ਤੌਰ-ਤਰੀਕਿਆਂ ਬਾਰੇ ਫ਼ੈਸਲਾ ਲੈਂਦੇ ਹਾਂ, ਤਾਂ ਸਾਨੂੰ ਇਹ ਪੁੱਛਣਾ ਚਾਹੀਦਾ ਹੈ, "ਕੀ ਮੈਂ ਉਸ ਪਰਮੇਸ਼ੁਰ ਦਾ ਆਦਰ ਕਰ ਰਿਹਾ ਹਾਂ ਜਿਸ ਦੀ ਮੈਂ ਅਰਾਧਨਾ ਕਰਦਾ ਹਾਂ?"

ਅਰਾਧਨਾ ਬੰਦਗੀ ਹੈ

> ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ (ਰੋਮੀਆਂ 12:1)।

ਇਹ ਆਇਤ ਸਾਡੀ ਆਦਰਪੂਰਨ ਅਧੀਨਗੀ ਨੂੰ ਰੋਜ਼ਾਨਾ ਜੀਵਨ ਨਾਲ ਜੋੜਦੀ ਹੈ। ਜਦੋਂ ਅਸੀਂ ਆਪਣੇ ਆਪ ਨੂੰ ਜੀਉਂਦਾ ਬਲੀਦਾਨ ਕਰਕੇ ਚੜ੍ਹਾਉਂਦੇ ਹਾਂ ਤਾਂ ਹੀ ਸਾਡੀ ਸੇਵਾ, ਜਾਂ ਅਰਾਧਨਾ, ਪਰਮੇਸ਼ੁਰ ਨੂੰ ਕਬੂਲ ਹੁੰਦੀ ਹੈ। ਇੱਕ ਕਲੀਸੀਆ ਦਾ ਨਿਯਮਤ ਤੌਰ ਤੇ ਮਿਲਣਾ ਜਾਂ ਇਕੱਠੇ ਹੋਣਾ ਜ਼ਰੂਰੀ ਹੈ; ਮੁੱਢਲੀ ਕਲੀਸੀਆ



ਸਮੂਹਿਕ ਅਰਾਧਨਾ ਨੂੰ ਮਹੱਤਵ ਦਿੰਦੀ ਸੀ।[2] ਪਰ, ਜਨਤਕ ਸਭਾ ਖਤਮ ਹੋਣ ਤੇ ਅਰਾਧਨਾ ਖਤਮ ਨਹੀਂ ਹੁੰਦੀ। ਸੱਚੀ ਅਰਾਧਨਾ ਜੀਵਨ ਦੇ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰਦੀ ਹੈ।

ਅਰਾਧਨਾ ਉਸਤਤ ਹੈ

ਜ਼ਬੂਰਾਂ ਦੀ ਪੋਥੀ ਵਿੱਚ ਉਸਤਤ ਸ਼ਬਦ ਦੀ ਵਰਤੋਂ 130 ਤੋਂ ਵੱਧ ਵਾਰ ਕੀਤੀ ਗਈ ਹੈ। ਇੱਥੇ ਤਿੰਨ ਇਬਰਾਨੀ ਸ਼ਬਦ ਹਨ ਜਿਨ੍ਹਾਂ ਦਾ ਅਨੁਵਾਦ "ਉਸਤਤ" ਕੀਤਾ ਗਿਆ ਹੈ। ਪਹਿਲੇ ਸ਼ਬਦ, *ਹਲਾਲ,* ਵਿੱਚ ਜਸ਼ਨ ਮਨਾਉਣ ਜਾਂ ਮਾਣ ਕਰਨ ਦਾ ਵਿਚਾਰ ਹੈ। ਦੂਜੇ ਸ਼ਬਦ, *ਯਾਦਾਹ,* ਦਾ ਅਰਥ ਹੈ ਉਸਤਤ ਕਰਨਾ, ਧੰਨਵਾਦ ਕਰਨਾ ਜਾਂ ਇਕਰਾਰ ਕਰਨਾ। ਤੀਜੇ ਸ਼ਬਦ, *ਜ਼ਮਰ* ਦਾ ਅਰਥ ਹੈ "ਗਾਉਣਾ" ਜਾਂ "ਉਸਤਤ ਗਾਉਣਾ।"

ਇਹ ਸ਼ਬਦ, ਖ਼ਾਸਕਰ *ਹਲਾਲ,* ਅਰਾਧਨਾ ਦੇ ਅਨੰਦ ਦਾ ਸੁਝਾਅ ਦਿੰਦੇ ਹਨ। *ਹਲਾਲ* ਉਹ ਸ਼ਬਦ ਹੈ ਜੋ ਇੱਕ ਯਹੂਦੀ ਵਿਅਕਤੀ ਕਿਸੇ ਅੱਗੇ ਸ਼ੇਖੀ ਮਾਰਨ ਲਈ ਵਰਤਦਾ ਹੈ। ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਬਾਰੇ ਮਾਣ ਕਰਦੇ ਹਾਂ; ਅਰਾਧਨਾ ਵਿੱਚ, ਅਸੀਂ ਉਸ ਦੀ ਭਲਿਆਈ ਦਾ ਜਸ਼ਨ ਮਨਾਉਂਦੇ ਹਾਂ; ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਦੀ ਮਹਾਨਤਾ ਵਿੱਚ ਅਨੰਦ ਹੁੰਦੇ ਹਾਂ।

ਸੱਚੀ ਅਰਾਧਨਾ ਪਰਮੇਸ਼ੁਰ ਦਾ ਆਦਰ ਕਰਦੀ ਹੈ; ਪਰ, ਸੱਚੀ ਅਰਾਧਨਾ ਪਰਮੇਸ਼ੁਰ ਵਿੱਚ ਖੁਸ਼ੀ ਵੀ ਮਨਾਉਂਦੀ ਹੈ! ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਦੀ ਭਲਿਆਈ ਵਿੱਚ ਅਨੰਦ ਹੁੰਦੇ ਹਾਂ। ਪਾਠ 6 ਵਿੱਚ, ਅਸੀਂ ਅਰਾਧਨਾ ਵਿੱਚ ਸੰਗੀਤ ਦੀ ਭੂਮਿਕਾ ਦਾ ਅਧਿਐਨ ਕਰਾਂਗੇ। ਸੰਗੀਤ ਅਰਾਧਨਾ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਹ ਕਲੀਸੀਆ ਨੂੰ ਖੁਸ਼ੀ ਵਿੱਚ ਸ਼ਾਮਲ ਹੋਣ ਅਤੇ ਪਰਮੇਸ਼ੁਰ ਦੀ ਉਸਤਤ ਕਰਨ ਦਾ ਇੱਕ ਤਰੀਕਾ ਪ੍ਰਦਾਨ ਕਰਦਾ ਹੈ।

ਅਰਾਧਨਾ ਸੰਗਤੀ ਹੈ

ਅਰਾਧਨਾ ਪਰਮੇਸ਼ੁਰ ਅਤੇ ਮਨੁੱਖ ਵਿਚਕਾਰ ਸੰਗਤੀ ਹੈ। ਅਰਾਧਨਾ ਵਿੱਚ ਅਰਾਧਕਾਂ ਦੀ ਆਪਸੀ ਸੰਗਤੀ ਵੀ ਸ਼ਾਮਲ ਹੁੰਦੀ ਹੈ। ਯੂਨਾਨੀ ਸ਼ਬਦ (*ਕੋਇਨੋਨੀਆ*) ਜਿਸ ਦਾ ਅਰਥ ਸੰਗਤੀ ਜਾਂ ਸਾਂਝਾ ਕਰਨਾ ਹੈ ਅਕਸਰ ਅਰਾਧਨਾ ਦੇ ਸੰਦਰਭ ਵਿੱਚ ਵਰਤਿਆ ਜਾਂਦਾ ਹੈ। ਮਸੀਹੀ ਲੋਕਾਂ ਨੇ ਆਪਣੇ ਆਪ ਨੂੰ ਰਸੂਲਾਂ ਦੀ ਸਿੱਖਿਆ ਅਤੇ ਸੰਗਤੀ (*ਕੋਇਨੋਨੀਆ*), ਰੋਟੀ ਤੋੜਨ ਅਤੇ ਪ੍ਰਾਰਥਨਾਵਾਂ ਲਈ ਸਮਰਪਿਤ ਕੀਤਾ (ਰਸੂਲਾਂ ਦੇ ਕਰਤੱਬ 2:42)। ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਸਾਡੇ ਪ੍ਰਭੂ ਦੇ ਨਾਲ ਸੰਗਤੀ *(ਕੋਇਨੋਨੀਆ)* ਵਿੱਚ ਬੁਲਾਇਆ ਗਿਆ ਹੈ (1 ਕੁਰਿੰਥੀਆਂ 1:9)।

ਅਰਾਧਨਾ ਨੂੰ ਸੰਗਤੀ ਦੇ ਰੂਪ ਵਿੱਚ ਸਮਝਣ ਦਾ ਆਦਰਸ਼ ਤ੍ਰਿਏਕਤਾ ਹੈ। ਜਿਸ ਤਰ੍ਹਾਂ ਪਰਮੇਸ਼ੁਰਤਾਈ ਦੇ ਮੈਂਬਰ ਸੰਗਤੀ ਵਿੱਚ ਇੱਕ ਦੂਜੇ ਨਾਲ ਸੰਬੰਧ ਰੱਖਦੇ ਹਨ, ਉਸੇ ਤਰ੍ਹਾਂ ਅਸੀਂ ਇੱਕ ਦੂਜੇ ਨਾਲ ਅਤੇ ਅਰਾਧਨਾ ਵਿੱਚ ਪਰਮੇਸ਼ੁਰ ਨਾਲ ਸੰਬੰਧ ਰੱਖਦੇ ਹਾਂ। ਬਰਕਤ ਦੇ ਕਲਮੇ ਵਿੱਚ ਜੋ ਧਰਤੀ ਉੱਤੇ ਅਰਾਧਨਾ ਨੂੰ ਸਦੀਪਕ ਤ੍ਰਿਏਕਤਾ ਨਾਲ ਸੰਬੰਧਤ ਕਰਦਾ ਹੈ, ਪੌਲੁਸ ਨੇ ਲਿਖਿਆ, "ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਪਰਮੇਸ਼ੁਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ" (2 ਕੁਰਿੰਥੀਆਂ 13:14)। ਜਿਵੇਂ ਅਸੀਂ ਮਸੀਹ ਦੇ ਨਾਲ ਇੱਕ ਹਾਂ, ਅਸੀਂ ਪਿਤਾ ਦੇ ਨਾਲ ਪੁੱਤਰ ਦੀ ਸੰਗਤ ਵਿੱਚ ਆਤਮਾ ਦੁਆਰਾ ਸਾਂਝੀ ਹੁੰਦੇ ਹਾਂ।[3] ਅਰਾਧਨਾ ਵਿੱਚ, ਅਸੀਂ ਤ੍ਰਿਏਕਤਾ ਦੀ ਭਰਪੂਰ ਸੰਗਤੀ ਦਾ ਅਨੁਭਵ ਕਰਦੇ ਹਾਂ। ਸਾਡੀ ਧਰਤੀ ਦੀ ਅਰਾਧਨਾ ਤ੍ਰਿਏਕਤਾ ਦੀ ਸੰਪੂਰਣ ਸਾਂਝ ਤੇ ਆਧਾਰਿਤ ਹੈ।

ਤ੍ਰਿਏਕਵਾਦੀ ਅਰਾਧਨਾ ਕਿਰਪਾ ਦਾ ਅਨੁਭਵ ਹੈ, ਕੰਮਾਂ ਦਾ ਨਹੀਂ। ਅਰਾਧਨਾ ਸਾਡੇ ਪਰਧਾਨ ਜਾਜਕ, ਯਿਸੂ ਮਸੀਹ ਦੁਆਰਾ ਸੰਭਵ ਹੋਈ ਹੈ। ਉਹ ਸਾਡੀ ਅਯੋਗ ਅਰਾਧਨਾ ਨੂੰ ਲੈਂਦਾ ਹੈ, ਇਸ ਨੂੰ ਪਵਿੱਤਰ ਕਰਦਾ ਹੈ ਅਤੇ ਇਸ ਨੂੰ ਬਿਨਾਂ ਕਿਸੇ ਕਲੰਕ ਅਤੇ ਬੱਜ ਦੇ ਪਿਤਾ

---

2 ਇਬਰਾਨੀਆਂ 10:25 ਵਰਗੇ ਬਚਨਾਂ ਵਿੱਚ ਸਮੂਹਿਕ ਅਰਾਧਨਾ ਦਾ ਹੁਕਮ ਦਿੱਤਾ ਗਿਆ ਹੈ। ਮੰਨਿਆ ਜਾਂਦਾ ਹੈ ਕਿ ਰਸੂਲਾਂ ਦੇ ਕਰਤੱਬ 2:46-47 ਵਰਗੇ ਬਚਨਾਂ ਵਿੱਚ ਸਮੂਹਿਕ ਅਰਾਧਨਾ ਹੀ ਹੈ।

3 James B. Torrance, Worship, Community, and the Triune God of Grace (Downers Grove: InterVarsity Press, 1996), 20-21

ਅੱਗੇ ਪੇਸ਼ ਕਰਦਾ ਹੈ। ਸਾਡੀ ਅਰਾਧਨਾ ਯਿਸੂ ਦੀ ਖ਼ਾਤਰ ਪਿਤਾ ਦੁਆਰਾ ਸਵੀਕਾਰ ਕੀਤੀ ਜਾਂਦੀ ਹੈ ਅਤੇ ਅਸੀਂ ਯਿਸੂ ਦੇ ਨਾਲ ਆਤਮਾ ਵਿੱਚ ਉਸ ਦੇ ਜੀਵਨ ਵਿੱਚ ਇੱਕ ਹੋ ਜਾਂਦੇ ਹਾਂ।

ਅਸੀਂ ਇਸ ਲਈ ਅਰਾਧਨਾ ਨਹੀਂ ਕਰਦੇ ਕਿ ਇਸ ਨਾਲ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਹੋਵੇਗੀ, ਪਰ ਇਸ ਲਈ ਕਿ ਕਿਰਪਾ ਦੁਆਰਾ ਸਾਨੂੰ ਪਰਮੇਸ਼ੁਰ ਨਾਲ ਸੰਗਤੀ ਵਿੱਚ ਹਿੱਸਾ ਲੈਣ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ।

ਅੱਜ ਸਾਡੀ ਸੀਮਤ *ਕੋਇਨੋਨੀਆ* (ਅਰਾਧਨਾ ਵਿੱਚ ਪਰਮੇਸ਼ੁਰ ਦੀ ਸੰਗਤੀ ਅਤੇ ਦੂਜੇ ਵਿਸ਼ਵਾਸੀਆਂ ਨਾਲ ਸੰਗਤੀ) ਸਵਰਗੀ ਅਰਾਧਨਾ ਦਾ ਇੱਕ ਪੂਰਵ-ਅਨੁਭਵ ਹੈ। ਅਰਾਧਕਾਂ ਵਜੋਂ, ਅਸੀਂ ਸਾਥੀ ਵਿਸ਼ਵਾਸੀਆਂ ਨਾਲ ਇਸ ਲਈ ਸੰਗਤੀ ਚਾਹੁੰਦੇ ਹਾਂ ਕਿਉਂਕਿ ਧਰਤੀ ਉੱਤੇ ਅਰਾਧਨਾ ਸਦੀਪਕ ਅਰਾਧਨਾ ਦੇ ਲਈ ਅਭਿਆਸ ਹੈ।

ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ

ਨਵੇਂ ਨੇਮ ਵਿੱਚ ਅਰਾਧਨਾ ਲਈ ਵਰਤੇ ਗਏ ਇੱਕ ਹੋਰ ਸ਼ਬਦ ਦਾ ਅਨੁਵਾਦ ਕਈ ਵਾਰੀ "ਭਗਤੀ" ਕੀਤਾ ਜਾਂਦਾ ਹੈ:[4]

> ਜੇ ਕੋਈ ਆਪਣੇ ਆਪ ਨੂੰ ਭਗਤੀ ਕਰਨ ਵਾਲਾ ਸਮਝੇ ਅਤੇ ਆਪਣੀ ਜੀਭ ਨੂੰ ਲਗਾਮ ਨਾ ਚਾੜ੍ਹੇ ਸਗੋਂ ਆਪਣੇ ਹੀ ਦਿਲ ਨੂੰ ਧੋਖਾ ਦੇਵੇ ਤਾਂ ਓਸ ਮਨੁੱਖ ਦੀ ਭਗਤੀ ਅਵਿਰਥੀ ਹੈ। ਸਾਡੇ ਪਰਮੇਸ਼ੁਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ **ਭਗਤੀ** ਇਹ ਹੈ ਭਈ ਅਨਾਥਾਂ ਅਤੇ ਵਿਧਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ (ਯਾਕੂਬ 1:26-27)।

ਇਹ ਸ਼ਬਦ ਦੱਸਦਾ ਹੈ ਕਿ ਅਰਾਧਨਾ ਐਤਵਾਰ ਨੂੰ ਹੋਣ ਵਾਲੀ ਅਰਾਧਨਾ ਤੋਂ ਵੱਧ ਕੇ ਹੈ। ਬਾਈਬਲ ਦੇ ਅਨੁਸਾਰ ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੈ। ਅਰਾਧਨਾ-ਬੰਦਗੀ ਅਰਾਧਨਾ ਦਾ ਸਿੱਧਾ ਅਤੇ ਸਟੀਕ ਪ੍ਰਗਟਾਵਾ ਹੈ, ਪਰ ਅਰਾਧਨਾ-ਬੰਦਗੀ ਆਪਣੇ ਆਪ ਵਿੱਚ ਕਾਫ਼ੀ ਨਹੀਂ ਹੈ। ਸਾਨੂੰ ਅਰਾਧਨਾ ਦੀ ਜੀਵਨਸ਼ੈਲੀ ਬਣਾਈ ਰੱਖਣੀ ਚਾਹੀਦੀ ਹੈ। ਸਾਡੀ ਹਫ਼ਤਾਵਾਰੀ ਅਰਾਧਨਾ ਸਾਡੇ ਰੋਜ਼ਾਨਾ ਦੇ ਜੀਵਨ ਵਿੱਚ ਦਿਖਾਈ ਦੇਣੀ ਚਾਹੀਦੀ ਹੈ।



ਸੱਚੀ ਅਰਾਧਨਾ ਹਰ ਰੋਜ਼ ਪਰਮੇਸ਼ੁਰ ਦੇ ਪ੍ਰਤੀ ਅਧੀਨਗੀ ਵਿੱਚ ਦਿਖਾਈ ਦਿੰਦੀ ਹੈ। ਯਾਕੂਬ ਦੱਸਦਾ ਹੈ ਕਿ ਜੇ ਮੈਂ ਐਤਵਾਰ ਨੂੰ ਉਸਤਤ ਦੇ ਗੀਤ ਗਾਉਂਦਾ ਹਾਂ, ਪਰ ਸੋਮਵਾਰ ਨੂੰ ਆਪਣੀ ਜੀਭ ਨੂੰ ਕਾਬੂ ਵਿੱਚ ਰੱਖਣ ਵਿੱਚ ਸਫ਼ਲ ਨਹੀਂ ਹੁੰਦਾ, ਤਾਂ ਮੇਰੀ ਅਰਾਧਨਾ ਅਧੂਰੀ ਹੈ। ਸ਼ੁੱਧ ਅਤੇ ਨਿਰਮਲ ਅਰਾਧਨਾ ਵਿੱਚ ਵਿਹਾਰਕ ਸੇਵਾ (ਅਨਾਥਾਂ ਅਤੇ ਵਿਧਵਾਂ ਦੀ ਸੁੱਧ ਲੈਣੀ) ਅਤੇ ਰੋਜ਼ਾਨਾ ਦੀ ਆਗਿਆਕਾਰੀ (ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ) ਦੋਵੇਂ ਸ਼ਾਮਲ ਹਨ।

ਯਸਾਯਾਹ 6 ਵਿੱਚ, ਨਬੀ ਨੇ ਇੱਕ ਦਰਸ਼ਣ ਵੇਖਿਆ ਜਿਸ ਵਿੱਚ ਉਸ ਨੇ ਪਰਮੇਸ਼ੁਰ ਨੂੰ ਸਿੰਘਾਸਣ ਉੱਤੇ ਬਿਰਾਜਮਾਨ ਵੇਖਿਆ। ਇਸ ਅਨੁਭਵ ਦੁਆਰਾ ਇੱਕ ਨਬੀ ਵਜੋਂ ਯਸਾਯਾਹ ਦੀ ਸੇਵਾ ਦੀ ਕਾਇਆ ਬਦਲ ਗਈ ਸੀ। ਯਸਾਯਾਹ ਨੇ ਯਹੋਵਾਹ ਨੂੰ ਇਹ ਕਹਿੰਦੇ ਸੁਣਿਆ, "ਮੈਂ ਕਿਹ ਨੂੰ ਘੱਲਾਂ ਤੇ ਕੌਣ ਸਾਡੇ ਲਈ ਜਾਵੇਗਾ?" ਤਾਂ ਯਸਾਯਾਹ ਨੇ ਆਖਿਆ, "ਮੈਂ ਹਾਜ਼ਰ ਹਾਂ, ਮੈਨੂੰ ਘੱਲੋ" (ਯਸਾਯਾਹ 6:8)। ਸੱਚੀ ਅਰਾਧਨਾ ਸਾਡੇ ਜੀਵਨ ਨੂੰ ਬਦਲ ਦਿੰਦੀ ਹੈ ਅਤੇ ਸਾਨੂੰ ਪਰਮੇਸ਼ੁਰ ਦੇ ਚਾਹਵੰਦ ਅਤੇ ਪ੍ਰਭਾਵਸ਼ਾਲੀ ਸੇਵਕ ਬਣਾਉਂਦੀ ਹੈ।

» ਮਲਾਕੀ 1:6-9, 1 ਸਮੂਏਲ 13:8-14, ਲੇਵੀਆਂ 10:1-3 ਅਤੇ ਰਸੂਲਾਂ ਦੇ ਕਰਤੱਬ 5:1-11 ਪੜ੍ਹੋ। ਇਹ ਬਚਨ ਅਰਾਧਨਾ ਬਾਰੇ ਕੀ ਸਿਖਾਉਂਦੇ ਹਨ?

---

4 ਯੂਨਾਨੀ ਸ਼ਬਦ ਆਮ ਤੌਰ ਤੇ ਅਰਾਧਨਾ ਦੇ ਬਾਹਰੀ ਪਹਿਲੂਆਂ ਦਾ ਹਵਾਲਾ ਦਿੰਦਾ ਹੈ। ਰਸੂਲਾਂ ਦੇ ਕਰਤੱਬ 26:5; ਕੁਲੁੱਸੀਆਂ 2:18 ਅਤੇ ਯਾਕੂਬ 1:26-27..

ਅਰਾਧਨਾ ਕਿਉਂ ਮਹੱਤਵਪੂਰਣ ਹੈ?

ਏ. ਡਬਲਿਯੂ. ਟੋਜ਼ਰ ਨੇ ਅਰਾਧਨਾ ਨੂੰ ਅੱਜ ਦੇ ਸਮੇਂ ਦੀ ਕਲੀਸੀਆ ਦਾ "ਗੁਆਚਿਆ ਹੋਇਆ ਗਹਿਣਾ" ਕਿਹਾ। ਉਨ੍ਹਾਂ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਪਰਚਾਰ ਕਿਵੇਂ ਕਰਨਾ ਹੈ, ਖੁਸ਼ਖ਼ਬਰੀ ਪਰਚਾਰ ਕਿਵੇਂ ਕਰਨਾ ਹੈ ਅਤੇ ਸੰਗਤੀ ਕਿਵੇਂ ਕਰਨੀ ਹੈ। ਪਰ, ਆਪਣੀ ਪੂਰੀ ਸ਼ਕਤੀ ਦੇ ਨਾਲ, ਅਸੀਂ ਅਕਸਰ ਅਰਾਧਨਾ ਵਿੱਚ ਅਸਫ਼ਲ ਹੋ ਜਾਂਦੇ ਹਾਂ। ਅਸੀਂ ਪਰਚਾਰਕ ਨੂੰ ਪਰਚਾਰ ਕਰਦੇ ਵੇਖਦੇ ਹਾਂ; ਅਸੀਂ ਗੀਤ ਗਾਉਣ ਵਾਲੀ ਮੰਡਲੀ, ਉਸਤਤ ਕਰਨ ਵਾਲੀ ਟੀਮ, ਜਾਂ ਇਕੱਲੇ ਗੀਤ ਗਾਉਣ ਵਾਲੇ ਨੂੰ ਸੁਣਦੇ ਹਾਂ; ਅਸੀਂ ਭੇਟ ਦੇ ਰੂਪ ਵਿੱਚ ਪੈਸਾ ਦਿੰਦੇ ਹਾਂ। ਪਰ ਅਸੀਂ ਅਕਸਰ ਸੱਚੀ ਅਰਾਧਨਾ ਕਰਨ ਵਿੱਚ ਅਸਫ਼ਲ ਹੋ ਜਾਂਦੇ ਹਾਂ; ਅਸੀਂ ਗਤੀਵਿਧੀ ਨੂੰ ਸੱਚੀ ਅਰਾਧਨਾ ਦੀ ਥਾਂ ਲੈਣ ਦਿੰਦੇ ਹਾਂ।

ਅਰਾਧਨਾ ਸਾਡੇ ਲਈ ਮਹੱਤਵਪੂਰਣ ਹੋਣੀ ਚਾਹੀਦੀ ਹੈ ਕਿਉਂਕਿ ਇਹ ਪਰਮੇਸ਼ੁਰ ਲਈ ਮਹੱਤਵਪੂਰਣ ਹੈ।

» ਪਰਮੇਸ਼ੁਰ ਅਰਾਧਨਾ ਨੂੰ ਜੋ ਮਹੱਤਵ ਦਿੰਦਾ ਹੈ ਇਹ ਵੇਖਣ ਲਈ ਕੂਚ 20:1-5 ਪੜ੍ਹੋ।

ਪਹਿਲੇ ਦੋ ਹੁਕਮਾਂ ਦਾ ਸੰਬੰਧ ਅਰਾਧਨਾ ਨਾਲ ਹੈ। ਪਹਿਲਾ ਹੁਕਮ ਸਾਨੂੰ ਦੱਸਦਾ ਹੈ ਕਿ **ਅਸੀਂ ਕਿਸ ਦੀ ਅਰਾਧਨਾ ਕਰਦੇ ਹਾਂ।** "ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ" (ਕੂਚ 20:3)। ਦੂਜਾ ਹੁਕਮ ਸਾਨੂੰ ਦੱਸਦਾ ਹੈ ਕਿ **ਅਸੀਂ ਕਿਵੇਂ ਅਰਾਧਨਾ ਕਰਦੇ ਹਾਂ।** "ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ..." (ਕੂਚ 20:4)। ਫਿਰ, ਕੂਚ 20 ਦੀਆਂ ਆਖ਼ਰੀ ਆਇਤਾਂ ਵਿੱਚ, ਪਰਮੇਸ਼ੁਰ ਅਰਾਧਨਾ ਦੇ ਵਿਸ਼ੇ ਵੱਲ ਵਾਪਸ ਆਉਂਦਾ ਹੈ। ਇਹ ਆਇਤਾਂ ਇਸਰਾਏਲ ਨੂੰ ਸਿੱਖਿਆ ਦਿੰਦੀਆਂ ਹਨ ਕਿ ਉਨ੍ਹਾਂ ਨੇ ਆਪਣੀਆਂ ਜਗਵੇਦੀਆਂ ਕਿਵੇਂ ਬਣਾਉਣੀਆਂ ਹਨ ਅਤੇ ਇੱਕ ਆਦਰਪੂਰਵਕ ਤਰੀਕੇ ਨਾਲ ਜਗਵੇਦੀ ਦੇ ਕੋਲ ਕਿਵੇਂ ਆਉਣਾ ਹੈ।

» ਕੂਚ 20:23-26 ਪੜ੍ਹੋ। ਅਰਾਧਨਾ ਪਰਮੇਸ਼ੁਰ ਲਈ ਮਹੱਤਵਪੂਰਣ ਹੈ!

ਅਰਾਧਨਾ ਬਚਨ ਵਿੱਚ ਇੱਕ ਮੁੱਖ ਭੂਮਿਕਾ ਨਿਭਾਉਂਦੀ ਹੈ। ਕੂਚ ਅਤੇ ਲੇਵੀਆਂ ਦੀ ਪੁਸਤਕ ਇਸਰਾਏਲੀਆਂ ਦੇ ਅਰਾਧਨਾ ਕਰਨ ਲਈ ਖ਼ਾਸ ਹਿਦਾਇਤਾਂ ਦਿੰਦੀਆਂ ਹਨ। ਜ਼ਬੂਰਾਂ ਦੀ ਪੋਥੀ ਅਰਾਧਨਾ ਲਈ ਗੀਤਾਂ ਦੀ ਪੁਸਤਕ ਪ੍ਰਦਾਨ ਕਰਦੀ ਹੈ। ਇੰਜੀਲ ਦੇ ਵਿਰਤਾਂਤਾਂ ਵਿੱਚ, ਅਸੀਂ ਲੋਕਾਂ ਨੂੰ ਯਿਸੂ ਦੀ ਅਰਾਧਨਾ ਕਰਨ ਲਈ ਹੇਠਾਂ ਡਿੱਗਦੇ ਵੇਖਦੇ ਹਾਂ।

» ਮੱਤੀ 2:11, ਮੱਤੀ 8:2, ਮੱਤੀ 9:18, ਮੱਤੀ 14:33, ਮੱਤੀ 15:25, ਮੱਤੀ 28:17 ਪੜ੍ਹੋ।

ਰਸੂਲਾਂ ਦੇ ਕਰਤੱਬ ਵਿੱਚ, ਕਲੀਸੀਆ ਅਰਾਧਨਾ ਦੇ ਲਈ ਇਕੱਠੀ ਹੁੰਦੀ ਹੈ।[5] ਆਪਣੀਆਂ ਪੱਤਰੀਆਂ ਵਿੱਚ, ਪੌਲੁਸ ਕਲੀਸੀਆ ਵਿੱਚ ਅਰਾਧਨਾ ਦੇ ਅਭਿਆਸਾਂ ਬਾਰੇ ਗੱਲ ਕਰਦਾ ਹੈ (1 ਕੁਰਿੰਥੀਆਂ 11 ਅਤੇ 1 ਤਿਮੋਥਿਉਸ 2)। ਪਰਕਾਸ਼ ਦੀ ਪੋਥੀ ਸਾਨੂੰ ਸਵਰਗ ਵਿੱਚ ਅਰਾਧਨਾ ਦੀ ਇੱਕ ਝਲਕ ਵਿਖਾਉਂਦੀ ਹੈ ਜੋ ਪਹਿਲਾਂ ਹੀ ਪਰਮੇਸ਼ੁਰ ਦੇ ਸਿੰਘਾਸਣ ਤੇ ਹੋ ਰਹੀ ਹੈ। ਧਰਤੀ ਉੱਤੇ ਅਰਾਧਨਾ ਸਵਰਗ ਵਿੱਚ ਅਰਾਧਨਾ ਲਈ ਅਭਿਆਸ ਹੈ (ਪਰਕਾਸ਼ ਦੀ ਪੋਥੀ 4-5)। ਅਰਾਧਨਾ ਪਰਮੇਸ਼ੁਰ ਲਈ ਮਹੱਤਵਪੂਰਣ ਹੈ।

ਅਰਾਧਨਾ ਇਸ ਲਈ ਮਹੱਤਵਪੂਰਣ ਹੈ ਕਿਉਂਕਿ ਅਰਾਧਨਾ ਵਿੱਚ ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ

» ਯਸਾਯਾਹ 6:1-8 ਪੜ੍ਹੋ। ਹੈਕਲ ਵਿੱਚ ਯਸਾਯਾਹ ਦੇ ਅਨੁਭਵ ਤੇ ਚਰਚਾ ਕਰੋ।

ਯਸਾਯਾਹ 6 ਅਧਿਆਇ ਬਾਈਬਲ ਅਨੁਸਾਰ ਅਰਾਧਨਾ ਦੀ ਇੱਕ ਮਹੱਤਵਪੂਰਣ ਤਸਵੀਰ ਪ੍ਰਦਾਨ ਕਰਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅਰਾਧਨਾ ਵਿੱਚ ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ। ਹੈਕਲ ਵਿੱਚ, ਯਸਾਯਾਹ ਨੇ ਪ੍ਰਭੂ ਨੂੰ ਉੱਚੇ ਤੇ ਚੁੱਕਿਆ ਹੋਇਆ ਵੇਖਿਆ।

---

5 ਸ਼ੁਰੂਆਤੀ ਮਸੀਹੀ ਲੋਕ ਹੈਕਲ ਅਤੇ ਸਭਾ-ਘਰ ਵਿੱਚ ਅਰਾਧਨਾ ਕਰਨ ਵਿੱਚ ਲੱਗੇ ਰਹੇ (ਰਸੂਲਾਂ ਦੇ ਕਰਤੱਬ 2:46-47, ਰਸੂਲਾਂ ਦੇ ਕਰਤੱਬ 3:1-11, ਰਸੂਲਾਂ ਦੇ ਕਰਤੱਬ 5:12, 21, 42)। ਇਸ ਤੋਂ ਇਲਾਵਾ, ਮਸੀਹੀ ਲੋਕ ਪ੍ਰਾਰਥਨਾ, ਸਿੱਖਿਆ ਅਤੇ ਸੰਗਤੀ ਲਈ ਘਰਾਂ ਵਿੱਚ ਇਕੱਠੇ ਹੁੰਦੇ ਸਨ। ਇਹ ਸਾਰੇ ਅਰਾਧਨਾ ਦੇ ਪਹਿਲੂ ਹਨ (ਰਸੂਲਾਂ ਦੇ ਕਰਤੱਬ 2:46-47, ਰਸੂਲਾਂ ਦੇ ਕਰਤੱਬ 4:31, ਰਸੂਲਾਂ ਦੇ ਕਰਤੱਬ 5:42)।

ਇਹ ਸੱਚਾਈ ਪੂਰੇ ਬਚਨ ਵਿੱਚ ਦੁਹਰਾਈ ਗਈ ਹੈ। ਜਦੋਂ ਯੂਹੰਨਾ ਨੇ ਪ੍ਰਭੂ ਦੇ ਦਿਨ ਅਰਾਧਨਾ ਕੀਤੀ, ਤਾਂ ਉਸ ਨੇ ਆਪਣੇ ਸਵਰਗੀ ਦਰਸ਼ਣ ਵੇਖੇ (ਪਰਕਾਸ਼ ਦੀ ਪੋਥੀ 1:10)। ਜਦੋਂ ਪੌਲੁਸ ਅਤੇ ਸੀਲਾਸ ਨੇ ਪ੍ਰਾਰਥਨਾ ਕਰਕੇ ਅਤੇ ਗੀਤ ਗਾ ਕੇ ਅਰਾਧਨਾ ਕੀਤੀ, ਪਰਮੇਸ਼ੁਰ ਨੇ ਆਪਣੀ ਸ਼ਕਤੀ ਪਰਗਟ ਕੀਤੀ (ਰਸੂਲਾਂ ਦੇ ਕਰਤੱਬ 16:25-26)। ਦਾਊਦ ਨੇ ਦੁੱਖ ਝੱਲਿਆ ਜਿਸ ਕਰਕੇ ਉਸ ਨੇ ਪੁਕਾਰ ਕੇ ਆਖਿਆ, "ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ ਹੈ?" (ਜ਼ਬੂਰ 22:1) ਆਪਣੇ ਦੁੱਖਾਂ ਵਿੱਚ, ਦਾਊਦ ਨੇ ਅਰਾਧਨਾ ਅਤੇ ਉਸਤਤ ਦੁਆਰਾ ਪਰਮੇਸ਼ੁਰ ਨੂੰ ਵੇਖਿਆ; "ਤੂੰ ਤਾਂ ਪਵਿੱਤਰ ਹੈਂ, ਤੂੰ ਜੋ ਇਸਰਾਏਲ ਦੀਆਂ ਉਸਤਤਾਂ ਵਿੱਚ ਵੱਸਦਾ ਹੈਂ" (ਜ਼ਬੂਰ 22:3)। ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ।

ਅਰਾਧਨਾ ਇਸ ਲਈ ਮਹੱਤਵਪੂਰਣ ਹੈ ਕਿਉਂਕਿ ਅਰਾਧਨਾ ਵਿੱਚ ਅਸੀਂ ਖੁਦ ਨੂੰ ਵੇਖਦੇ ਹਾਂ ਅਤੇ ਬਦਲ ਜਾਂਦੇ ਹਾਂ

ਹੈਕਲ ਵਿੱਚ, ਯਸਾਯਾਹ ਨੇ ਨਾ ਸਿਰਫ਼ ਪ੍ਰਭੂ ਨੂੰ ਉੱਚੇ ਤੇ ਚੁੱਕਿਆ ਹੋਇਆ ਵੇਖਿਆ, ਸਗੋਂ ਖੁਦ ਨੂੰ ਵੀ ਵੇਖਿਆ। ਜਦੋਂ ਯਸਾਯਾਹ ਨੇ ਪਰਮੇਸ਼ੁਰ ਨੂੰ ਆਪਣੇ ਸਿੰਘਾਸਣ ਉੱਤੇ ਬਿਰਾਜਮਾਨ ਵੇਖਿਆ, ਤਾਂ ਉਸ ਨੇ ਪੁਕਾਰ ਕੇ ਆਖਿਆ, "ਹਾਇ ਮੇਰੇ ਉੱਤੇ! ਮੈਂ ਤਾਂ ਬੱਸ ਹੋ ਗਿਆ! ਮੈਂ ਜੋ ਭਰਿਸ਼ਟ ਬੁੱਲ੍ਹਾਂ ਵਾਲਾ ਹਾਂ..." (ਯਸਾਯਾਹ 6:5)। ਸੱਚੀ ਅਰਾਧਨਾ ਸਾਨੂੰ ਖੁਦ ਨੂੰ ਉਸੇ ਤਰ੍ਹਾਂ ਵੇਖਣ ਦਿੰਦੀ ਹੈ ਜਿਵੇਂ ਪਰਮੇਸ਼ੁਰ ਸਾਨੂੰ ਵੇਖਦਾ ਹੈ।

ਇਹੀ ਕਾਰਣ ਹੈ ਕਿ ਅਰਾਧਨਾ ਪੁਸਤਕਾਂ ਵਿੱਚ ਰਵਾਇਤੀ ਤੌਰ ਤੇ ਇਕਰਾਰ ਦੀ ਪ੍ਰਾਰਥਨਾ ਸ਼ਾਮਲ ਕੀਤੀ ਗਈ ਹੁੰਦੀ ਹੈ। ਇਕਰਾਰ ਦੀ ਪ੍ਰਾਰਥਨਾ ਇਹ ਨਹੀਂ ਕਹਿੰਦੀ, "ਅਸੀਂ ਪਰਮੇਸ਼ੁਰ ਦੀ ਬਿਵਸਥਾ ਦੇ ਵਿਰੁੱਧ ਬਗਾਵਤ ਕੀਤੀ ਹੈ ਅਤੇ ਜਾਣਬੁੱਝ ਕੇ ਪਾਪ ਕੀਤਾ ਹੈ।" ਇਕਰਾਰ ਦੀ ਪ੍ਰਾਰਥਨਾ ਇਹ ਪਛਾਣਦੀ ਹੈ, "ਪਵਿੱਤਰ ਪਰਮੇਸ਼ੁਰ ਦੀ ਪੂਰਨ ਪਵਿੱਤਰਤਾਈ ਦੀ ਤੁਲਨਾ ਵਿੱਚ ਸਭ ਤੋਂ ਸ਼ੁੱਧ ਮਨੁੱਖੀ ਦਿਲ ਵੀ ਅਸ਼ੁੱਧ ਹੈ। ਸਾਨੂੰ ਲਗਾਤਾਰ ਪਰਮੇਸ਼ੁਰ ਦੀ ਕਿਰਪਾ ਦੀ ਲੋੜ ਹੈ।"

ਅਰਾਧਨਾ ਵਿੱਚ, ਅਸੀਂ ਖੁਦ ਨੂੰ ਪਵਿੱਤਰ ਪਰਮੇਸ਼ੁਰ ਦੀਆਂ ਨਜ਼ਰਾਂ ਨਾਲ ਵੇਖਦੇ ਹਾਂ। ਅਰਾਧਨਾ ਤੋਂ ਇਲਾਵਾ, ਇਹ ਨਜ਼ਾਰਾ ਇੱਕ ਭਿਆਣਕ ਅਨੁਭਵ ਹੋਵੇਗਾ। ਪਰ, ਕਿਉਂਕਿ ਅਸੀਂ ਪਹਿਲਾਂ ਤੋਂ ਹੀ ਪਰਮੇਸ਼ੁਰ ਨੂੰ ਵੇਖਿਆ ਹੈ, ਅਸੀਂ ਸ਼ੁੱਧ ਹਾਂ, ਦੋਸ਼ੀ ਨਹੀਂ। ਕਿਉਂਕਿ ਅਸੀਂ ਪਰਮੇਸ਼ੁਰ ਅਤੇ ਉਸ ਦੀ ਕਿਰਪਾ ਨੂੰ ਵੇਖਿਆ ਹੈ, ਅਸੀਂ ਖੁਦ ਨੂੰ ਇਮਾਨਦਾਰੀ ਨਾਲ ਵੇਖਦੇ ਹਾਂ, ਉਸ ਦੀ ਸਾਡੀ ਲੋੜ ਨੂੰ ਸਵੀਕਾਰ ਕਰਦੇ ਹਾਂ ਅਤੇ ਸਾਡੇ ਜੀਵਨਾਂ ਵਿੱਚ ਉਸ ਦੀ ਕਿਰਪਾ ਦਾ ਦਾਅਵਾ ਕਰਦੇ ਹਾਂ।

ਅਰਾਧਨਾ ਪਰਗਟ ਕਰਦੀ ਹੈ ਕਿ ਅਸੀਂ ਕੌਣ ਹਾਂ, ਪਰ ਇਹ ਸਾਨੂੰ ਉਸੇ ਤਰ੍ਹਾਂ ਦਾ ਨਹੀਂ ਰਹਿਣ ਦਿੰਦੀ ਜਿਸ ਤਰ੍ਹਾਂ ਦਾ ਇਹ ਸਾਨੂੰ ਲੱਭਦੀ ਹੈ। ਪਰਮੇਸ਼ੁਰ ਦੀ ਸ਼ੁੱਧਤਾ ਦੀ ਰੌਸ਼ਨੀ ਵਿੱਚ, ਯਸਾਯਾਹ ਨੇ ਖੁਦ ਨੂੰ ਭਰਿਸ਼ਟ ਵੇਖਿਆ। ਪਰ, ਨਿਰਾਸ਼ਾ ਪੈਦਾ ਕਰਨ ਦੀ ਬਜਾਇ, ਅਰਾਧਨਾ ਨੇ ਉਸ ਨੂੰ ਬਦਲ ਦਿੱਤਾ।

> ਤਦ ਇੱਕ ਸਰਾਫ਼ੀਮ ਮੇਰੇ ਕੋਲ ਉੱਡ ਕੇ ਆਇਆ ਅਤੇ ਉਹ ਦੇ ਹੱਥ ਵਿੱਚ ਇੱਕ ਭਖਦਾ ਹੋਇਆ ਕੋਲਾ ਸੀ ਜਿਹੜਾ ਉਸ ਨੇ ਜਗਵੇਦੀ ਦੇ ਉੱਤੋਂ ਚਿਮਟੇ ਨਾਲ ਚੁੱਕਿਆ ਸੀ। ਅਤੇ ਉਸ ਨੇ ਮੇਰੇ ਮੂੰਹ ਨੂੰ ਛੋਹਿਆ ਅਤੇ ਆਖਿਆ: "ਵੇਖ ਇਸ ਨੇ ਤੇਰੇ ਬੁੱਲ੍ਹਾਂ ਨੂੰ ਛੋਹਿਆ ਅਤੇ ਤੇਰੀ ਬਦੀ ਦੂਰ ਹੋਈ ਤੇ ਤੇਰਾ ਪਾਪ ਢੱਕਿਆ ਗਿਆ" (ਯਸਾਯਾਹ 6:6-7)।

ਯਸਾਯਾਹ ਪਵਿੱਤਰ ਪਰਮੇਸ਼ੁਰ ਦੇ ਨਾਲ ਆਪਣੀ ਮੁਲਾਕਾਤ ਦੁਆਰਾ ਬਦਲ ਗਿਆ।

ਸੱਚੀ ਅਰਾਧਨਾ ਅਰਾਧਕ ਨੂੰ ਬਦਲ ਦਿੰਦੀ ਹੈ—ਹੈਕਲ ਵਿੱਚ ਯਸਾਯਾਹ, ਖ਼ੂਹ ਦੇ ਕੰਢੇ ਸਾਮਰੀ ਤੀਵੀਂ ਅਤੇ ਰੂਪ ਜਲਾਲੀ ਹੋਣ ਵਾਲੇ ਪਹਾੜ ਤੇ ਚੇਲੇ। ਪਰਮੇਸ਼ੁਰ ਨਾਲ ਮੁਲਾਕਾਤ ਅਰਾਧਕ ਨੂੰ ਬਦਲ ਦਿੰਦੀ ਹੈ।

ਅਰਾਧਨਾ ਇਸ ਲਈ ਮਹੱਤਵਪੂਰਣ ਹੈ ਕਿਉਂਕਿ ਅਰਾਧਨਾ ਵਿੱਚ ਅਸੀਂ ਆਪਣਾ ਸੰਸਾਰ ਵੇਖਦੇ ਹਾਂ

ਅਰਾਧਨਾ ਵਿੱਚ, ਯਸਾਯਾਹ ਨੇ ਪਰਮੇਸ਼ੁਰ ਨੂੰ ਵੇਖਿਆ; ਉਸ ਨੇ ਖੁਦ ਨੂੰ ਵੇਖਿਆ; ਉਸ ਨੇ ਆਪਣੇ ਸੰਸਾਰ ਦੀਆਂ ਲੋੜਾਂ ਨੂੰ ਵੇਖਿਆ। "ਮੈਂ ਭਰਿਸ਼ਟ ਬੁੱਲ੍ਹਾਂ ਵਾਲੇ ਲੋਕਾਂ ਵਿੱਚ ਵੱਸਦਾ ਹਾਂ" (ਯਸਾਯਾਹ 6:5)। ਜਵਾਬ ਵਿੱਚ, ਉਸ ਨੇ ਆਖਿਆ, "ਮੈਂ ਹਾਜ਼ਰ ਹਾਂ, ਮੈਨੂੰ ਘੱਲੋ" (ਯਸਾਯਾਹ 6:8)। ਅਰਾਧਨਾ ਵਿੱਚ ਹੀ ਅਸੀਂ ਲੋੜਵੰਦ ਸੰਸਾਰ ਦੀ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਕਰਨ ਲਈ ਤਿਆਰ ਹੁੰਦੇ ਹਾਂ।

"ਅਰਾਧਨਾ ਲਈ ਆਓ–ਸੇਵਾ ਲਈ ਜਾਓ"

ਚਰਚ ਦੇ ਬੂਹੇ ਦੇ ਉੱਪਰ ਲੱਗਾ ਇੱਕ ਚਿੰਨ੍ਹ

ਪਹਿਲਾਂ ਅਸੀਂ ਵੇਖਿਆ ਸੀ ਕਿ ਸੱਚੀ ਅਰਾਧਨਾ ਪੂਰੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਕੁਝ ਕਲੀਸੀਆਵਾਂ ਨੇ ਅਰਾਧਨਾ ਅਤੇ ਖੁਸ਼ਖ਼ਬਰੀ ਪਰਚਾਰ ਨੂੰ ਅਲੱਗ ਕਰ ਦਿੱਤਾ ਹੈ। ਉਹ ਕਹਿੰਦੇ ਹਨ, "ਸਾਡੀ ਕਲੀਸੀਆ ਦਾ ਪੂਰਾ ਧਿਆਨ ਖੁਸ਼ਖ਼ਬਰੀ ਪਰਚਾਰ ਤੇ ਹੈ। ਦੂਜੀਆਂ ਕਲੀਸੀਆਵਾਂ ਅਰਾਧਨਾ ਤੇ ਧਿਆਨ ਦੇ ਸਕਦੀਆਂ ਹਨ। ਜਾਂ ਉਹ ਕਹਿੰਦੇ ਹਨ, "ਸਾਡਾ ਨਿਸ਼ਾਨਾ ਅਰਾਧਨਾ ਹੈ। ਅਸੀਂ ਖੁਸ਼ਖ਼ਬਰੀ ਪਰਚਾਰ ਅਤੇ ਮਿਸ਼ਨ ਨੂੰ ਕਿਸੇ ਹੋਰ ਤੇ ਛੱਡ ਦੇਵਾਂਗੇ।" ਇਹ ਅਰਾਧਨਾ ਦੀ ਗਲਤਫਹਿਮੀ ਨੂੰ ਦਰਸਾਉਂਦਾ ਹੈ। ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਨੂੰ ਸਾਨੂੰ ਸਾਡੇ ਸੰਸਾਰ ਦੀਆਂ ਲੋੜਾਂ ਵਿਖਾਉਣ ਦਿੰਦੇ ਹਾਂ। ਸੱਚੀ ਅਰਾਧਨਾ ਦਾ ਨਤੀਜਾ ਖੁਸ਼ਖ਼ਬਰੀ ਪਰਚਾਰ ਹੋਵੇਗਾ।

ਸੱਚੀ ਅਰਾਧਨਾ ਨੇ ਯਸਾਯਾਹ ਦੀ ਲੋੜ ਨੂੰ ਪਰਗਟ ਕੀਤਾ—ਅਤੇ ਉਹ ਅਰਾਧਨਾ ਦੁਆਰਾ ਬਦਲ ਗਿਆ ਸੀ। ਸੱਚੀ ਅਰਾਧਨਾ ਨੇ ਯਸਾਯਾਹ ਦੇ ਉਸ ਸਮੇਂ ਦੇ ਸੰਸਾਰ ਦੀ ਲੋੜ ਨੂੰ ਪਰਗਟ ਕੀਤਾ—ਅਤੇ ਉਸ ਨੇ ਉਸ ਸੰਸਾਰ ਨੂੰ ਬਦਲਣ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ। ਅਰਾਧਨਾ ਵਿੱਚ, ਅਸੀਂ ਆਪਣੇ ਸੰਸਾਰ ਦੀ ਸੇਵਾ ਕਰਨ ਦਾ ਜੋਸ਼ ਪ੍ਰਾਪਤ ਕਰਾਂਗੇ। ਸੱਚੀ ਅਰਾਧਨਾ ਲਈ ਜ਼ਰੂਰੀ ਜਵਾਬ ਹੈ, "ਮੈਂ ਹਾਜ਼ਰ ਹਾਂ! ਮੈਨੂੰ ਘੱਲੋ।"

ਓਸਵਾਲਡ ਚੈਂਬਰਜ਼ ਨੇ ਸੰਭਾਵੀ ਮਿਸ਼ਨਰੀਆਂ ਨੂੰ ਚੇਤਾਵਨੀ ਦਿੱਤੀ, "ਜੇ ਤੁਸੀਂ ਰੋਜ਼ਾਨਾ ਦੇ ਮੌਕਿਆਂ ਤੇ ਅਰਾਧਨਾ ਨਹੀਂ ਕਰ ਰਹੇ ਹੋ, ਤਾਂ ਜਦੋਂ ਤੁਸੀਂ ਪਰਮੇਸ਼ੁਰ ਦੇ ਕੰਮ ਵਿੱਚ ਸ਼ਾਮਲ ਹੁੰਦੇ ਹੋ, ਤੁਸੀਂ ਨਾ ਸਿਰਫ਼ ਖੁਦ ਨਿਕੰਮੇ ਹੋਵੋਗੇ, ਸਗੋਂ ਤੁਹਾਡੇ ਆਲੇ-ਦੁਆਲੇ ਦੇ ਲੋਕਾਂ ਲਈ ਵੀ ਰੁਕਾਵਟ ਬਣੋਗੇ।"[6]

ਚੈਂਬਰਜ਼ ਨੇ ਅਰਾਧਨਾ ਦੇ ਮਹੱਤਵ ਨੂੰ ਪ੍ਰਭਾਵਸ਼ਾਲੀ ਸੇਵਾ ਦੀ ਤਿਆਰੀ ਮੰਨਿਆ। ਅਰਾਧਨਾ ਵਿੱਚ, ਪਰਮੇਸ਼ੁਰ ਸਾਡੇ ਆਲੇ-ਦੁਆਲੇ ਦੇ ਸੰਸਾਰ ਦੀਆਂ ਲੋੜਾਂ ਨੂੰ ਪਰਗਟ ਕਰਦਾ ਹੈ ਅਤੇ ਸਾਨੂੰ ਉਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕਰਦਾ ਹੈ।

ਅਰਾਧਨਾ ਮਹੱਤਵਪੂਰਣ ਹੈ ਕਿਉਂਕਿ ਅਰਾਧਨਾ ਕਰਨ ਵਿੱਚ ਸਫ਼ਲ ਨਾ ਹੋਣਾ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ

» ਰੋਮੀਆਂ 1:18-25 ਪੜ੍ਹੋ। ਝੂਠੀ ਅਰਾਧਨਾ ਅਤੇ ਪਾਪ ਦਾ ਆਪਸ ਵਿੱਚ ਕੀ ਸੰਬੰਧ ਹੈ?

ਰੋਮੀਆਂ ਦੀ ਪੱਤਰੀ ਦੀ ਸ਼ੁਰੂਆਤ ਵਿੱਚ, ਪੌਲੁਸ ਦੱਸਦਾ ਹੈ ਕਿ ਮਨੁੱਖ ਪਰਮੇਸ਼ੁਰ ਦੇ ਸਾਹਮਣੇ ਕਿਉਂ ਦੋਸ਼ੀ ਹੈ। ਉਹ ਦੱਸਦਾ ਹੈ ਕਿ ਮਨੁੱਖ ਦੀ ਪਤਿਤ ਦਸ਼ਾ ਸੱਚੇ ਪਰਮੇਸ਼ੁਰ ਦੀ ਅਰਾਧਨਾ ਕਰਨ ਤੋਂ ਇਨਕਾਰ ਕਰਨ ਦਾ ਨਤੀਜਾ ਹੈ। ਉਸ ਪ੍ਰਕਿਰਿਆ ਵੱਲ ਧਿਆਨ ਦਿਓ ਜਿਸ ਦਾ ਵਰਣਨ ਪੌਲੁਸ ਰੋਮੀਆਂ 1:21-25 ਵਿੱਚ ਕਰਦਾ ਹੈ:

---

6 Oswald Chambers, My Utmost for His Highest, (September 10 entry). Retrieved from https://utmost.org/missionary-weapons-1/ on July 21, 2020.

1. ਉਨ੍ਹਾਂ ਨੇ ਪਰਮੇਸ਼ੁਰ ਦੀ ਅਰਾਧਨਾ ਨਹੀਂ ਕੀਤੀ। "ਭਾਵੇਂ ਉਨ੍ਹਾਂ ਨੇ ਪਰਮੇਸ਼ੁਰ ਨੂੰ ਜਾਣ ਲਿਆ ਪਰ ਤਾਂ ਵੀ ਪਰਮੇਸ਼ੁਰ ਦੇ ਜੋਗ ਵਡਿਆਈ ਨਾ ਕੀਤੀ, ਨਾ ਉਹ ਦਾ ਧੰਨਵਾਦ ਕੀਤਾ" (ਰੋਮੀਆਂ 1:21)। "ਉਨ੍ਹਾਂ ਨੇ ਪਰਮੇਸ਼ੁਰ ਦੀ ਸਚਿਆਈ ਨੂੰ ਝੂਠ ਨਾਲ ਵਟਾ ਦਿੱਤਾ ਅਤੇ ਕਰਤਾਰ ਜਿਹੜਾ ਜੁੱਗੋ ਜੁੱਗ ਧੰਨ ਹੈ, ਆਮੀਨ, ਨੂੰ ਛੱਡ ਕੇ ਸਰਿਸ਼ਟੀ ਦੀ ਪੂਜਾ ਅਤੇ ਉਪਾਸਨਾ ਕੀਤੀ" (ਰੋਮੀਆਂ 1:25)।

2. ਨਤੀਜੇ ਵਜੋਂ "...ਉਹ ਆਪਣੀਆਂ ਸੋਚਾਂ ਵਿੱਚ ਨਿਕੰਮੇ ਬਣ ਗਏ ਅਤੇ ਓਹਨਾਂ ਦੇ ਬੁੱਧਹੀਣ ਮਨ ਅਨ੍ਹੇਰੇ ਹੋ ਗਏ। ਓਹ ਆਪ ਨੂੰ ਬੁੱਧੀਵਾਨ ਮੰਨ ਕੇ ਮੂਰਖ ਬਣ ਗਏ। ਅਤੇ ਅਬਨਾਸ਼ੀ ਪਰਮੇਸ਼ੁਰ ਦੇ ਪਰਤਾਪ ਨੂੰ ਨਾਸਵਾਨ ਮਨੁੱਖ ਅਤੇ ਪੰਛੀਆਂ ਅਤੇ ਚੌਪਾਇਆ ਅਤੇ ਘਿੱਸਰਨ ਵਾਲੇ ਜੀਉ ਜੰਤ ਦੇ ਰੂਪ ਦੀ ਮੂਰਤ ਨਾਲ ਵਟਾ ਦਿੱਤਾ" (ਰੋਮੀਆਂ 1:21-23)।

3. ਇਸ ਕਾਰਨ "ਪਰਮੇਸ਼ੁਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਨਾਂ ਦੇ ਬੁਰੇ ਵਿਸ਼ਿਆਂ ਵਿੱਚ ਗੰਦ ਮੰਦ ਦੇ ਵੱਸ ਕਰ ਦਿੱਤਾ..." (ਰੋਮੀਆਂ 1:24)

ਪੌਲੁਸ ਦੱਸਦਾ ਹੈ ਕਿ ਮਨੁੱਖਜਾਤੀ ਦਾ ਮੂਰਖਤਾ, ਭ੍ਰਿਸ਼ਟਾਚਾਰ ਅਤੇ ਵਾਸਨਾ ਵਿੱਚ ਡਿੱਗਣਾ ਲੋਕਾਂ ਦੁਆਰਾ ਪਰਮੇਸ਼ੁਰ ਦੀ ਅਰਾਧਨਾ ਕਰਨ ਤੋਂ ਇਨਕਾਰ ਕਰਨ ਦਾ ਨਤੀਜਾ ਸੀ। ਉਨ੍ਹਾਂ ਨੇ ਪਰਮੇਸ਼ੁਰ ਦੀ ਅਰਾਧਨਾ ਨਾ ਕੀਤੀ; ਉਨ੍ਹਾਂ ਨੇ ਸਿਰਜਣਹਾਰ ਦੀ ਬਜਾਇ ਜੀਵ ਦੀ ਪੂਜਾ ਅਤੇ ਸੇਵਾ ਕੀਤੀ।

ਹਰ ਕੋਈ ਅਰਾਧਨਾ ਕਰਦਾ ਹੈ। ਮਸੀਹੀ ਲੋਕ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਨ। ਮੁਸਲਮਾਨ ਅੱਲ੍ਹਾ ਦੀ ਅਰਾਧਨਾ ਕਰਦਾ ਹੈ। ਨਾਸਤਿਕ ਆਪਣੀ ਬੁੱਧ ਦੀ ਅਰਾਧਨਾ ਕਰਦਾ ਹੈ। ਹਰ ਕੋਈ ਅਰਾਧਨਾ ਕਰਦਾ ਹੈ। ਜੇ ਅਸੀਂ ਸਿਰਜਣਹਾਰ ਦੀ ਅਰਾਧਨਾ ਕਰਨ ਤੋਂ ਇਨਕਾਰ ਕਰਦੇ ਹਾਂ, ਤਾਂ ਅਸੀਂ ਜੀਵ ਦੀ ਅਰਾਧਨਾ ਕਰਾਂਗੇ।

ਅਰਾਧਨਾ ਜ਼ਰੂਰੀ ਹੈ। ਸੱਚੇ ਪਰਮੇਸ਼ੁਰ ਦੀ ਸੱਚੀ ਅਰਾਧਨਾ ਸਾਨੂੰ ਉਸ ਦੇ ਸਰੂਪ ਵਿੱਚ ਬਦਲ ਦਿੰਦੀ ਹੈ। ਇੱਕ ਝੂਠੇ ਦੇਵਤੇ ਦੀ ਪੂਜਾ ਸਾਨੂੰ ਉਸ ਦੇਵਤੇ ਦੇ ਸਰੂਪ ਵਿੱਚ ਬਦਲ ਦਿੰਦੀ ਹੈ। ਅਸੀਂ ਜਿਸ ਦੀ ਅਰਾਧਨਾ ਕਰਦੇ ਹਾਂ ਉਸੇ ਵਰਗੇ ਬਣ ਜਾਂਦੇ ਹਾਂ।

ਅਰਾਧਨਾ ਵਿੱਚ ਤਿੰਨ ਨਿਸ਼ਾਨੇ

ਮਾਰਵਾ ਡਾਨ ਨੇ ਸੱਚੀ ਅਰਾਧਨਾ ਦੇ ਤਿੰਨ ਨਿਸ਼ਾਨੇ ਦੱਸੇ।[7] ਅਰਾਧਨਾ ਵਿੱਚ, ਅਸੀਂ:

1. ਅਰਾਧਨਾ ਵਿੱਚ, ਸਾਡੀ ਪਰਮੇਸ਼ੁਰ ਨਾਲ ਮੁਲਾਕਾਤ ਹੁੰਦੀ ਹੈ।

ਕੋਈ ਵੀ ਅਰਾਧਨਾ ਬੰਦਗੀ ਜੋ ਸਾਨੂੰ ਪਰਮੇਸ਼ੁਰ ਕੋਲ ਨਹੀਂ ਲਿਆਉਂਦੀ, ਸੱਚੀ ਅਰਾਧਨਾ ਨਹੀਂ ਹੈ। ਇਸ ਦਾ ਇਹ ਅਰਥ ਨਹੀਂ ਹੈ ਕਿ ਹਰ ਅਰਾਧਨਾ ਬੰਦਗੀ ਭਾਵਨਾਤਮਕ ਜਾਂ ਨਾਟਕੀ ਹੋਵੇਗੀ। ਇਸ ਦਾ ਇਹ ਅਰਥ ਵੀ ਨਹੀਂ ਹੈ ਕਿ ਹਰ ਬੰਦਗੀ ਦਾ ਮੁੱਖ ਵਿਸ਼ਾ ਅਰਾਧਨਾ ਹੋਵੇਗੀ। ਪਰ ਹਰ ਬੰਦਗੀ ਵਿੱਚ, ਸਾਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਹੋਣਾ ਚਾਹੀਦਾ ਹੈ। ਇਹ ਉਪਦੇਸ਼ ਤੋਂ ਪ੍ਰਾਪਤ ਕੀਤੀ ਸਚਿਆਈ ਦੁਆਰਾ ਹੋ ਸਕਦਾ ਹੈ; ਇਹ ਪਰਮੇਸ਼ੁਰ ਦੇ ਬਚਨ ਨੂੰ ਪੜ੍ਹਨ ਦੁਆਰਾ ਹੋ ਸਕਦਾ ਹੈ; ਇਹ ਇੱਕ ਗੀਤ ਦੁਆਰਾ ਹੋ ਸਕਦਾ ਹੈ ਜੋ ਪਰਮੇਸ਼ੁਰ ਦੀ ਉਸਤਤ ਕਰਦਾ ਹੈ; ਇਹ ਪ੍ਰਾਰਥਨਾ ਦੇ ਸਮੇਂ ਦੌਰਾਨ ਹੋ ਸਕਦਾ ਹੈ ਜਿਸ ਦੌਰਾਨ ਅਸੀਂ ਪਰਮੇਸ਼ੁਰ ਦੇ ਨਾਲ ਸਾਡੀ ਚਾਲ ਵਿੱਚ ਨਵੀਂ ਤਾਕਤ ਪ੍ਰਾਪਤ ਕਰਦੇ ਹਾਂ। ਕਿਸੇ ਨਾ ਕਿਸੇ ਤਰੀਕੇ ਨਾਲ, ਚਾਹੀਦਾ ਹੈ ਕਿ ਹਰੇਕ ਬੰਦਗੀ ਪਰਮੇਸ਼ੁਰ ਦੇ ਨਾਲ ਸਾਡੀ ਮੁਲਾਕਾਤ ਕਰਾਵੇ।

---

7 Marva Dawn, Reaching Out Without Dumbing Down (Grand Rapids: Eerdmans, 1995)

2. ਅਰਾਧਨਾ ਵਿੱਚ, ਅਸੀਂ ਮਸੀਹੀ ਚਰਿੱਤਰ ਦਾ ਨਿਰਮਾਣ ਕਰਦੇ ਹਾਂ।

ਅਰਾਧਨਾ ਵਿੱਚ, ਅਸੀਂ ਖੁਦ ਨੂੰ ਵੇਖਦੇ ਹਾਂ ਅਤੇ ਬਦਲ ਜਾਂਦੇ ਹਾਂ। ਅਰਾਧਨਾ ਵਿੱਚ, ਅਸੀਂ ਉਹ ਸੱਚਾਈਆਂ ਸਿੱਖਦੇ ਹਾਂ ਜੋ ਸਾਡੇ ਮਸੀਹੀ ਚਰਿੱਤਰ ਨੂੰ ਆਕਾਰ ਦਿੰਦੀਆਂ ਹਨ। ਜਦੋਂ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ, ਸਾਡਾ ਚਰਿੱਤਰ ਦੁਬਾਰਾ ਵੱਧ ਤੋਂ ਵੱਧ ਉਸ ਦੇ ਸਰੂਪ ਵਿੱਚ ਬਣਦਾ ਜਾਂਦਾ ਹੈ। ਅਸੀਂ ਜਿਸ ਦੀ ਅਰਾਧਨਾ ਕਰਦੇ ਹਾਂ ਉਸੇ ਵਰਗੇ ਬਣ ਜਾਂਦੇ ਹਾਂ।

3. ਅਰਾਧਨਾ ਵਿੱਚ, ਅਸੀਂ ਮਸੀਹੀ ਸਮਾਜ ਨੂੰ ਉਸਾਰਦੇ ਹਾਂ।

ਅਰਾਧਨਾ ਵਿੱਚ, ਅਸੀਂ ਆਪਣੇ ਆਲੇ-ਦੁਆਲੇ ਦੇ ਸੰਸਾਰ ਨੂੰ ਵੇਖਦੇ ਹਾਂ ਅਤੇ ਉਸ ਸੰਸਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਖੁਦ ਨੂੰ ਸਮਰਪਿਤ ਕਰਦੇ ਹਾਂ। ਜਦੋਂ ਅਸੀਂ ਇਸ ਤਰ੍ਹਾਂ ਕਰਦੇ ਹਾਂ, ਕਲੀਸੀਆ ਦੀ ਉਸਾਰੀ ਹੁੰਦੀ ਹੈ ਅਤੇ ਵਿਸ਼ਵਾਸੀ ਹਰ ਤਰ੍ਹਾਂ ਨਾਲ ਉਸ ਵਿੱਚ ਜੋ ਸਿਰ ਹੈ, ਅਰਥਾਤ ਮਸੀਹ ਵਿੱਚ ਵਧਦੇ ਜਾਂਦੇ ਹਨ (ਅਫ਼ਸੀਆਂ 4:15)। ਸੱਚੀ ਅਰਾਧਨਾ ਸੱਚੇ ਮਸੀਹੀ ਸਮਾਜ ਨੂੰ ਉਸਾਰਨ ਦਾ ਇੱਕ ਸਾਧਨ ਹੈ।

ਪਰਮੇਸ਼ੁਰ ਨੂੰ ਕਿਸ ਤਰ੍ਹਾਂ ਦੀ ਅਰਾਧਨਾ ਸਵੀਕਾਰ ਹੈ?

» ਤੁਹਾਨੂੰ ਕੀ ਲੱਗਦਾ ਹੈ ਕਿ ਪਰਮੇਸ਼ੁਰ ਕਿਸ ਤਰ੍ਹਾਂ ਦੀ ਅਰਾਧਨਾ ਨੂੰ ਸਵੀਕਾਰ ਕਰਦਾ ਹੈ?

ਯਿਸੂ ਨੇ ਸਾਮਰੀ ਤੀਵੀਂ ਨੂੰ ਕਿਹਾ ਕਿ ਸੱਚੇ ਭਗਤ (ਅਰਾਧਕ) ਉਸ ਦੀ ਭਗਤੀ (ਅਰਾਧਨਾ) ਆਤਮਾ ਅਤੇ ਸਚਿਆਈ ਨਾਲ ਕਰਦੇ ਹਨ (ਯੂਹੰਨਾ 4:23-24)। ਸੱਚੀ ਅਰਾਧਨਾ ਹੀ ਹੈ ਜੋ ਪਰਮੇਸ਼ੁਰ ਸਵੀਕਾਰ ਕਰਦਾ ਹੈ; ਇਸ ਦਾ ਅਰਥ ਇਹ ਹੈ ਕਿ ਇੱਕ ਝੂਠੀ ਅਰਾਧਨਾ ਵੀ ਹੈ ਜੋ ਸਵੀਕਾਰ ਨਹੀਂ ਹੁੰਦੀ ਹੈ।[8]

ਅਰਾਧਨਾ ਵਿੱਚ ਅਗਵਾਈ ਕਰਨ ਵਾਲੇ ਅਕਸਰ ਪੁੱਛਦੇ ਹਨ, "ਕੀ ਸਾਡੀ ਅਰਾਧਨਾ ਨੇ ਕਲੀਸੀਆ ਨੂੰ ਪ੍ਰੇਰਿਤ ਕੀਤਾ? ਕੀ ਇਸ ਨੇ ਉਸ ਸ਼ੈਲੀ ਵਿੱਚ ਗੱਲ ਕੀਤੀ ਜੋ ਲੋਕਾਂ ਨੂੰ ਚੰਗੀ ਲੱਗਦੀ ਹੈ?" ਬਚਨ ਦੱਸਦਾ ਹੈ ਕਿ ਵਧੇਰੇ ਮਹੱਤਵਪੂਰਣ ਸਵਾਲ ਇਹ ਹਨ, "ਕੀ ਸਾਡੀ ਅਰਾਧਨਾ ਨੇ ਪਰਮੇਸ਼ੁਰ ਦਾ ਆਦਰ ਕੀਤਾ? ਕੀ ਅਸੀਂ ਪਰਮੇਸ਼ੁਰ ਦੀ ਉਸ ਤਰ੍ਹਾਂ ਅਰਾਧਨਾ ਕੀਤੀ ਜਿਵੇਂ ਉਹ ਚਾਹੁੰਦਾ ਹੈ? ਕੀ ਸਾਡੀ ਅਰਾਧਨਾ ਉਸ ਨੂੰ ਸਵੀਕਾਰ ਹੈ?"

ਅਰਾਧਨਾ ਜਿਹੜੀ ਪਰਮੇਸ਼ੁਰ ਰੱਦ ਕਰਦਾ ਹੈ

ਪਰਮੇਸ਼ੁਰ ਅਣਜਾਣ ਅਰਾਧਨਾ ਨੂੰ ਸਵੀਕਾਰ ਨਹੀਂ ਕਰਦਾ।

ਸਾਮਰੀ ਤੀਵੀਂ ਨਹੀਂ ਜਾਣਦੀ ਸੀ ਕਿ ਉਹ ਕਿਸ ਦੀ ਭਗਤੀ (ਅਰਾਧਨਾ) ਕਰਦੀ ਸੀ (ਯੂਹੰਨਾ 4:22)। ਅਥੇਨੈ ਵਿੱਚ, ਪੌਲੁਸ ਨੇ ਉਨ੍ਹਾਂ ਲੋਕਾਂ ਨੂੰ ਵੇਖਿਆ ਜੋ ਇੱਕ ਅਣਜਾਤੇ ਦੇਵ ਦੀ ਪੂਜਾ ਕਰਦੇ ਸਨ (ਰਸੂਲਾਂ ਦੇ ਕਰਤੱਬ 17:23)।

ਪਾਠ 2 ਵਿੱਚ ਅਸੀਂ ਉਸ ਪਰਮੇਸ਼ੁਰ ਦੇ ਸੁਭਾਅ ਦਾ ਅਧਿਐਨ ਕਰਾਂਗੇ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ। ਜਦੋਂ ਅਸੀਂ ਪਰਮੇਸ਼ੁਰ ਨੂੰ ਸੱਚਮੁੱਚ ਨਹੀਂ ਜਾਣਦੇ,[9] ਤਾਂ ਸਾਡੀ ਅਰਾਧਨਾ ਅਣਜਾਣ ਹੈ; ਇਹ ਇੱਕ ਅਣਜਾਣ ਪਰਮੇਸ਼ੁਰ ਦੀ ਅਰਾਧਨਾ ਹੈ। ਅਸੀਂ ਰਸਮੀ ਤੌਰ ਤੇ ਅਰਾਧਨਾ ਕਰਦੇ ਹਾਂ, ਪਰ ਸਾਡੀ ਅਰਾਧਨਾ ਇੱਕ ਅਣਜਾਣ ਪਰਮੇਸ਼ੁਰ ਦੀ ਅਰਾਧਨਾ ਹੈ। ਅਰਾਧਨਾ ਕਰਨ ਵਾਲੇ ਨੂੰ ਪਰਮੇਸ਼ੁਰ ਦੇ

---

8 ਇਸ ਭਾਗ ਦੇ ਕੁਝ David Jeremiah. Worship. (CA: Turning Point Outreach, 1995), 20-24.

9 ਲਿਟਰਜੀ (ਅਰਾਧਨਾ ਕਰਨ ਦਾ ਲਿਖਤੀ ਢੰਗ) ਇੱਕ ਯੋਜਨਾ ਹੈ ਜੋ ਜਨਤਕ ਅਰਾਧਨਾ ਦੌਰਾਨ ਵਰਤੀ ਜਾਂਦੀ ਹੈ। ਲਿਖਤੀ ਹਿਦਾਇਤਾਂ ਦੇ ਨਾਲ ਇੱਕ ਲਿਟਰਜੀ ਨੂੰ ਬਹੁਤ ਸੰਗਠਿਤ ਬਣਾਇਆ ਜਾ ਸਕਦਾ ਹੈ। ਇਹ ਅਰਾਧਕਾਂ ਲਈ ਬਿਨਾਂ ਲਿਖਤੀ ਨਿਰਦੇਸ਼ਾਂ ਦੇ ਬਹੁਤ ਗੈਰ-ਰਸਮੀ ਹੋ ਸਕਦੀ ਹੈ। ਇਸ ਕੋਰਸ ਵਿੱਚ, ਸ਼ਬਦ "ਲਿਟਰਜੀ" ਅਰਾਧਨਾ ਲਈ ਕਿਸੇ ਵੀ ਯੋਜਨਾ ਦਾ ਹਵਾਲਾ ਦੇਵੇਗਾ। ਕੁਝ ਲੋਕ ਸਮੁੱਚੀ ਲਿਟਰਜੀ (ਅਰਾਧਨਾ ਕਰਨ ਦਾ ਲਿਖਤੀ ਢੰਗ) ਦੀ ਆਲੋਚਨਾ ਕਰਦੇ ਹੋਏ ਸੁਝਾਅ ਦਿੰਦੇ ਹਨ ਕਿ ਯੋਜਨਾਬੱਧ ਅਰਾਧਨਾ ਸੱਚੀ ਅਰਾਧਨਾ ਨਹੀਂ ਹੈ। ਅਸੀਂ "ਲਿਟਰਜੀ" ਸ਼ਬਦ ਨੂੰ ਬਹੁਤ ਹੀ ਆਮ ਅਰਥਾਂ ਵਿੱਚ ਵਰਤਾਂਗੇ। ਯੋਜਨਾਬੱਧ ਅਰਾਧਨਾ ਖੋਖਲੀ ਹੋ ਸਕਦੀ ਹੈ, ਅਥਵਾ ਇਸ ਨੂੰ ਪਰਮੇਸ਼ੁਰ ਦੀ ਹਜ਼ੂਰੀ ਨਾਲ ਭਰਿਆ ਜਾ ਸਕਦਾ ਹੈ।

ਸੁਭਾਅ ਨੂੰ ਪਰਗਟ ਕਰਨਾ ਚਾਹੀਦਾ ਹੈ। ਸਾਨੂੰ ਅਜਿਹੇ ਗੀਤ ਗਾਉਣੇ ਚਾਹੀਦੇ ਹਨ ਜੋ ਪਰਮੇਸ਼ੁਰ ਦੇ ਗੁਣਾਂ ਦੀ ਗੱਲ ਕਰਦੇ ਹੋਣ; ਸਾਨੂੰ ਉਹ ਬਚਨ ਪੜ੍ਹਨਾ ਚਾਹੀਦਾ ਹੈ ਜੋ ਪਰਮੇਸ਼ੁਰ ਬਾਰੇ ਸੱਚ ਬਿਆਨ ਕਰਦਾ ਹੈ; ਸਾਨੂੰ ਅਜਿਹੇ ਉਪਦੇਸ਼ਾਂ ਦਾ ਪਰਚਾਰ ਕਰਨਾ ਚਾਹੀਦਾ ਹੈ ਜੋ ਪਰਮੇਸ਼ੁਰ ਦੇ ਸੁਭਾਅ ਨੂੰ ਪਰਗਟ ਕਰਦੇ ਹਨ। ਸਾਨੂੰ ਕਿਸੇ ਅਣਜਾਣ ਪਰਮੇਸ਼ੁਰ ਦੀ ਅਰਾਧਨਾ ਸਵੀਕਾਰ ਨਹੀਂ ਕਰਨੀ ਚਾਹੀਦੀ।

ਪਰਮੇਸ਼ੁਰ ਮੂਰਤੀਪੂਜਕ ਅਰਾਧਨਾ ਨੂੰ ਸਵੀਕਾਰ ਨਹੀਂ ਕਰਦਾ।

ਇੱਕ ਮੂਰਤੀ ਉਹ ਚੀਜ਼ ਹੁੰਦੀ ਹੈ ਜੋ ਜੀਵਨ ਦੇ ਕਿਸੇ ਵੀ ਪਹਿਲੂ ਵਿੱਚ ਉੱਚ ਅਧਿਕਾਰ ਬਣ ਕੇ ਪਰਮੇਸ਼ਰ ਦੀ ਉਚਿਤ ਜਗ੍ਹਾ ਲੈ ਲੈਂਦੀ ਹੈ। ਸੰਸਾਰ ਦੇ ਕੁਝ ਖੇਤਰਾਂ ਵਿੱਚ, ਮੂਰਤੀਆਂ ਓਪਰੇ ਦੇਵਤਿਆਂ ਦੇ ਬੁੱਤ ਹਨ। ਸੰਸਾਰ ਦੇ ਹੋਰ ਖੇਤਰਾਂ ਵਿੱਚ, ਮੂਰਤੀਆਂ ਨੌਕਰੀਆਂ, ਬੈਂਕ ਖਾਤੇ, ਘਰ ਅਤੇ ਮਨੋਰੰਜਨ ਹਨ। ਕੋਈ ਵੀ ਚੀਜ਼ ਜੋ ਸਾਡੇ ਜੀਵਨ ਵਿੱਚ ਪਰਮੇਸ਼ੁਰ ਦੀ ਉਚਿਤ ਜਗ੍ਹਾ ਲੈ ਲੈਂਦੀ ਹੈ ਇੱਕ ਮੂਰਤੀ ਹੀ ਹੈ। ਜੇ ਅਸੀਂ ਐਤਵਾਰ ਨੂੰ ਚਰਚ ਜਾਂਦੇ ਹਾਂ ਪਰ ਹੋਰ ਚੀਜ਼ਾਂ ਨੂੰ ਸਾਡੇ ਰੋਜ਼ਾਨਾ ਜੀਵਨ ਵਿੱਚ ਨਿਰਨੇਜਨਕ ਅਧਿਕਾਰ ਪ੍ਰਾਪਤ ਕਰਨ ਦਿੰਦੇ ਹਾਂ, ਤਾਂ ਅਸੀਂ ਇੱਕ ਮੂਰਤੀ ਦੀ ਹੀ ਸੇਵਾ ਕਰ ਰਹੇ ਹਾਂ।

ਪਰਮੇਸ਼ੁਰ ਘਟੀਆ ਅਰਾਧਨਾ ਸਵੀਕਾਰ ਨਹੀਂ ਕਰਦਾ।

» ਘਟੀਆ ਅਰਾਧਨਾ ਦੀਆਂ ਕੁਝ ਉਦਾਹਰਣਾਂ ਦਿਓ।

ਮਲਾਕੀ ਨਬੀ ਨੇ ਚੇਤਾਵਨੀ ਦਿੱਤੀ ਸੀ ਕਿ ਇਸਰਾਏਲ ਦੀ ਅਰਾਧਨਾ ਪਰਮੇਸ਼ੁਰ ਦੇ ਲਈ ਨਿਰਾਦਰੀ ਵਾਲੀ ਹੋ ਗਈ ਸੀ। ਉਨ੍ਹਾਂ ਨੇ ਵਿਰੋਧ ਕੀਤਾ, "ਅਸੀਂ ਕਿਸ ਗੱਲ ਵਿੱਚ ਪਰਮੇਸ਼ੁਰ ਦੀ ਨਿਰਾਦਰੀ ਕੀਤੀ ਹੈ?" ਮਲਾਕੀ ਨੇ ਜਵਾਬ ਦਿੱਤਾ,

> "ਜਦ ਤੁਸੀਂ ਅੰਨ੍ਹੇ ਦਾ ਚੜ੍ਹਾਵਾ ਚੜ੍ਹਾਉਂਦੇ ਹੋ ਤਾਂ "ਕੁਝ ਬੁਰਿਆਈ ਨਹੀਂ", ਜਦ ਲੰਙੇ ਯਾ ਬਿਮਾਰ ਦਾ ਚੜ੍ਹਾਵਾ ਚੜ੍ਹਾਉਂਦੇ ਹੋ ਤਾਂ "ਕੁਝ ਬੁਰਿਆਈ ਨਹੀਂ!" ਜ਼ਰਾ ਤੂੰ ਆਪਣੇ ਹਾਕਮ ਨੂੰ ਏਹੋ ਹੀ ਚੜ੍ਹਾ, - ਕੀ ਉਹ ਤੈਥੋਂ ਖੁਸ਼ ਹੋਵੇਗਾ ਯਾ ਕੀ ਤੇਰੇ ਚਿਹਰੇ ਨੂੰ ਉਹ ਆਦਰ ਦੇਵੇਗਾ?" ਸੈਨਾਂ ਦੇ ਯਹੋਵਾਹ ਦਾ ਫਰਮਾਨ ਹੈ (ਮਲਾਕੀ 1:8)।

ਉਹ ਆਪਣੇ ਰਾਜ ਦੇ ਹਾਕਮ ਲਈ ਕਦੇ ਵੀ ਤੋਹਫ਼ੇ ਵਜੋਂ ਲੰਗੜਾ ਜਾਨਵਰ ਨਹੀਂ ਲਿਆਉਂਦੇ ਸਨ, ਪਰ ਕਾਇਨਾਤ ਦੇ ਸਰਬਸ਼ਕਤੀਮਾਨ ਪਰਮੇਸ਼ੁਰ ਲਈ ਚੜ੍ਹਾਵੇ ਵਜੋਂ ਲੰਗੜੇ ਜਾਨਵਰ ਲਿਆਉਂਦੇ ਸਨ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਅਰਾਧਨਾ ਦੇ ਬਾਹਰੀ ਪੱਖ ਇਸ ਲਈ ਮਹੱਤਵਪੂਰਣ ਨਹੀਂ ਹਨ ਕਿਉਂਕਿ ਪਰਮੇਸ਼ੁਰ ਦਿਲ ਨੂੰ ਵੇਖਦਾ ਹੈ। ਇਹ ਸੱਚ ਹੈ ਕਿ ਪਰਮੇਸ਼ੁਰ ਦਿਲ ਨੂੰ ਵੇਖਦਾ ਹੈ। ਪਰ, ਪੂਰੇ ਬਚਨ ਵਿੱਚ ਇਹ ਸਪੱਸ਼ਟ ਹੈ ਕਿ ਅਰਾਧਨਾ ਦੇ ਬਾਹਰੀ ਪੱਖ ਪਰਮੇਸ਼ੁਰ ਲਈ ਮਹੱਤਵਪੂਰਣ ਹਨ। ਕੂਚ ਅਤੇ ਲੇਵੀਆਂ ਦੀਆਂ ਪੁਸਤਕਾਂ ਅਰਾਧਨਾ ਲਈ ਪਰਮੇਸ਼ੁਰ ਦੀਆਂ ਮੰਗਾਂ ਬਾਰੇ ਵਿਸਤ੍ਰਿਤ ਹਿਦਾਇਤਾਂ ਦਿੰਦੀਆਂ ਹਨ। ਮਿਲਾਪ ਵਾਲੇ ਤੰਬੂ ਦੇ ਲਈ ਹਿਦਾਇਤਾਂ ਸਟੀਕ ਸਨ। ਪਰਮੇਸ਼ੁਰ ਨੇ ਜਾਜਕਾਂ ਦੁਆਰਾ ਪਹਿਨੇ ਜਾਣ ਵਾਲੇ ਬਸਤਰਾਂ ਲਈ ਵਿਸਤ੍ਰਿਤ ਹਿਦਾਇਤਾਂ ਦਿੱਤੀਆਂ। ਕੂਚ 39-40 ਵਿੱਚ, "ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ" ਵਾਕ ਨੂੰ ਇਸਰਾਏਲ ਦੀ ਆਗਿਆਕਾਰੀ ਵਿਖਾਉਣ ਲਈ 13 ਵਾਰ ਦੁਹਰਾਇਆ ਗਿਆ ਹੈ। ਅਰਾਧਨਾ ਦੀਆਂ ਵਿਸ਼ੇਸ਼ਤਾਵਾਂ ਪਰਮੇਸ਼ੁਰ ਲਈ ਮਾਇਨੇ ਰੱਖਦੀਆਂ ਸਨ। ਉਹ ਇਸਰਾਏਲੀਆਂ ਤੋਂ ਉੱਤਮ ਚਾਹੁੰਦਾ ਸੀ।

ਅਸੀਂ ਘਟੀਆ ਅਰਾਧਨਾ ਕਰਦੇ ਹਾਂ ਜਦੋਂ ਅਸੀਂ ਪਰਮੇਸ਼ੁਰ ਨੂੰ ਆਪਣੇ ਉੱਤਮ ਤੋਂ ਘੱਟ ਦਿੰਦੇ ਹਾਂ। ਭਾਵੇਂ ਅਸੀਂ ਹੁਣ ਪਰਮੇਸ਼ੁਰ ਲਈ ਜਾਨਵਰਾਂ ਦੀਆਂ ਬਲੀਆਂ ਨਹੀਂ ਲਿਆਉਂਦੇ, ਫਿਰ ਵੀ ਇਹ ਸਿਧਾਂਤ ਮਹੱਤਵਪੂਰਣ ਹਨ। ਮਲਾਕੀ ਵਿੱਚ ਪੁੱਛੇ ਗਏ ਸਵਾਲ ਉਨ੍ਹਾਂ ਸਵਾਲਾਂ ਦਾ ਸੁਝਾਅ ਦਿੰਦੇ ਹਨ ਜੋ ਸਾਨੂੰ ਅੱਜ ਦੀ ਆਪਣੀ ਅਰਾਧਨਾ ਬਾਰੇ ਪੁੱਛਣੇ ਚਾਹੀਦੇ ਹਨ।

- **ਪਾਸਬਾਨ:** "ਜੇ ਸਰੋਤਿਆਂ ਵਿੱਚ ਹਾਕਮ ਵੀ ਹੁੰਦਾ ਤਾਂ ਕੀ ਮੈਂ ਆਪਣਾ ਉਪਦੇਸ਼ ਵਧੇਰੇ ਧਿਆਨ ਨਾਲ ਤਿਆਰ ਕਰਦਾ? ਕੀ ਮੈਂ ਪਰਮੇਸ਼ੁਰ ਲਈ ਇੱਕ ਲੰਗੜਾ ਬਲੀਦਾਨ ਲਿਆ ਰਿਹਾ ਹਾਂ?"

- **ਸੰਗੀਤਕਾਰ:** "ਜੇ ਸਰੋਤਿਆਂ ਵਿੱਚ ਕੋਈ ਮਸ਼ਹੂਰ ਸੰਗੀਤਕਾਰ ਸ਼ਾਮਲ ਹੁੰਦਾ ਤਾਂ ਕੀ ਮੈਂ ਵਧੇਰੇ ਧਿਆਨ ਨਾਲ ਅਭਿਆਸ ਕਰਦਾ? ਕੀ ਮੈਂ ਪਰਮੇਸ਼ੁਰ ਲਈ ਇੱਕ ਲੰਗੜਾ ਬਲੀਦਾਨ ਲਿਆ ਰਿਹਾ ਹਾਂ?"
- **ਸੇਵਕ:** "ਜੇ ਰਾਸ਼ਟਰਪਤੀ ਬੁਲਾਰਾ ਹੁੰਦਾ ਤਾਂ ਕੀ ਮੈਂ ਇਸ ਉਪਦੇਸ਼ ਨੂੰ ਹੋਰ ਧਿਆਨ ਨਾਲ ਸੁਣਦਾ? ਕੀ ਮੈਂ ਪਰਮੇਸ਼ੁਰ ਲਈ ਇੱਕ ਲੰਗੜਾ ਬਲੀਦਾਨ ਲਿਆ ਰਿਹਾ ਹਾਂ?"

ਪਰਮੇਸ਼ੁਰ ਘਮੰਡੀ ਅਰਾਧਨਾ ਨੂੰ ਸਵੀਕਾਰ ਨਹੀਂ ਕਰਦਾ।

ਪਰਮੇਸ਼ੁਰ ਅਜਿਹੇ ਬਲੀਦਾਨ ਨੂੰ ਸਵੀਕਾਰ ਨਹੀਂ ਕਰਦਾ ਜੋ ਸਾਡਾ ਸਭ ਤੋਂ ਉੱਤਮ ਬਲੀਦਾਨ ਨਹੀਂ ਹੈ। ਪਰ, ਦੂਜੇ ਪਾਸੇ ਇੱਕ ਖ਼ਤਰਾ ਹੈ ਜਿਸ ਤੋਂ ਸਾਨੂੰ ਬਚਣਾ ਚਾਹੀਦਾ ਹੈ। ਪਰਮੇਸ਼ੁਰ ਘਮੰਡੀ ਅਤੇ ਹੰਕਾਰੀ ਦਿਲ ਦੇ ਬਲੀਦਾਨਾਂ ਨੂੰ ਸਵੀਕਾਰ ਨਹੀਂ ਕਰਦਾ। ਭਾਵੇਂ ਅਸੀਂ ਪਰਮੇਸ਼ੁਰ ਲਈ ਆਪਣਾ ਸਭ ਤੋਂ ਉੱਤਮ ਬਲੀਦਾਨ ਲਿਆਉਂਦੇ ਹਾਂ, ਸਾਨੂੰ ਇਹ ਪਛਾਣਨਾ ਚਾਹੀਦਾ ਹੈ ਕਿ ਜੋ ਵੀ ਅਸੀਂ ਲਿਆਉਂਦੇ ਹਾਂ ਉਹ ਸੱਚਮੁੱਚ ਪਰਮੇਸ਼ੁਰ ਦੇ ਯੋਗ ਨਹੀਂ ਹੈ। ਸਾਡੀ ਸਭ ਤੋਂ ਉੱਤਮ ਭੇਟ ਵੀ ਸਿਰਫ਼ ਉਸ ਚੀਜ਼ ਦਾ ਇੱਕ ਛੋਟਾ ਜਿਹਾ ਚਿੰਨ੍ਹ ਹੈ ਜਿਸ ਦੇ ਪਰਮੇਸ਼ੁਰ ਯੋਗ ਹੈ। ਅਸੀਂ ਅਧੀਨਗੀ ਨਾਲ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆਉਂਦੇ ਹਾਂ, ਕਦੇ ਵੀ ਘਮੰਡ ਅਤੇ ਆਤਮ-ਸਨਮਾਨ ਦੇ ਰਵੱਈਏ ਨਾਲ ਨਹੀਂ।

ਅਰਾਧਨਾ ਜਿਹੜੀ ਪਰਮੇਸ਼ੁਰ ਸਵੀਕਾਰ ਕਰਦਾ ਹੈ

ਜੇ ਇਹ ਉਸ ਅਰਾਧਨਾ ਦੀਆਂ ਵਿਸ਼ੇਸ਼ਤਾਵਾਂ ਹਨ ਜੋ ਪਰਮੇਸ਼ੁਰ ਨੂੰ ਸਵੀਕਾਰ ਨਹੀਂ ਹੈ, ਤਾਂ ਪਰਮੇਸ਼ੁਰ ਕਿਸ ਤਰ੍ਹਾਂ ਦੀ ਅਰਾਧਨਾ ਨੂੰ ਸਵੀਕਾਰ ਕਰਦਾ ਹੈ?

ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਪਰਮੇਸ਼ੁਰ ਤੇ ਕੇਂਦਰਿਤ ਹੁੰਦੀ ਹੈ।

ਯਸਾਯਾਹ 6 ਦੀ ਤਰ੍ਹਾਂ, ਪਰਕਾਸ਼ ਦੀ ਪੋਥੀ 4 ਅਧਿਆਇ ਸਵਰਗ ਵਿੱਚ ਇੱਕ ਖਿੜਕੀ ਨੂੰ ਖੋਲ੍ਹਦਾ ਹੈ। ਪਰਕਾਸ਼ ਦੀ ਪੋਥੀ 4 ਵਿੱਚ, ਅਰਾਧਨਾ ਕਰਨ ਵਾਲਿਆਂ ਦਾ ਧਿਆਨ ਉਸ ਉੱਤੇ ਹੈ ਜੋ ਸਿੰਘਾਸਣ ਉੱਤੇ ਬਿਰਾਜਮਾਨ ਹੈ। ਸੱਚੀ ਅਰਾਧਨਾ ਪਰਮੇਸ਼ੁਰ ਉੱਤੇ ਕੇਂਦਰਿਤ ਹੁੰਦੀ ਹੈ। ਸੱਚੀ ਅਰਾਧਨਾ ਉਸ ਪਰਮੇਸ਼ੁਰ ਵੱਲ ਇਸ਼ਾਰਾ ਕਰਦੀ ਹੈ ਜੋ ਅਰਾਧਨਾ ਦੇ ਯੋਗ ਹੈ।

ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਪਰਮੇਸ਼ੁਰ ਨੂੰ ਉਹ ਵਡਿਆਈ ਦਿੰਦੀ ਹੈ ਜਿਸ ਦੇ ਪਰਮੇਸ਼ੁਰ ਯੋਗ ਹੈ।

ਜ਼ਬੂਰ 96:7-8 ਅਰਾਧਨਾ ਦੇ ਉਦੇਸ਼ ਨੂੰ ਦਰਸਾਉਂਦਾ ਹੈ:

> ਲੋਕਾਂ ਦੀਓ ਕੁੱਲੋ, ਯਹੋਵਾਹ ਨੂੰ ਮੰਨੋ, ਹਾਂ, ਪਰਤਾਪ ਅਤੇ ਸਮਰੱਥਾ ਯਹੋਵਾਹ ਦੀ ਮੰਨੋ, ਪਰਤਾਪ ਯਹੋਵਾਹ ਦੇ ਨਾਮ ਦਾ ਮੰਨੋ, ਨਜ਼ਰਾਨਾ ਲੈ ਕੇ ਉਹ ਦੇ ਦਰਬਾਰ ਵਿੱਚ ਆਓ!

ਅਰਾਧਨਾ ਪਰਮੇਸ਼ੁਰ ਨੂੰ ਉਹ ਵਡਿਆਈ ਦਿੰਦੀ ਹੈ ਜਿਸ ਦੇ ਉਹ ਯੋਗ ਹੈ। ਭਾਵੇਂ ਅਸੀਂ ਜੋ ਵੀ ਗੀਤ ਗਾਈਏ, ਜੋ ਵੀ ਭਾਵਨਾਵਾਂ ਉਕਸਾਈਏ, ਜਾਂ ਵੇਖਣ ਵਾਲਿਆਂ ਵੱਲੋਂ ਸਾਨੂੰ ਜੋ ਵੀ ਹੁੰਗਾਰਾ ਸਾਨੂੰ ਮਿਲੇ, ਜਿਹੜੀ ਅਰਾਧਨਾ ਨਾਲ ਪਰਮੇਸ਼ੁਰ ਦੀ ਵਡਿਆਈ ਨਹੀਂ ਹੁੰਦੀ ਉਹ ਆਪਣੇ ਉਦੇਸ਼ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹਿੰਦੀ ਹੈ।

ਅਰਾਧਨਾ ਦਾ ਉਦੇਸ਼ ਆਪਣੇ ਲਈ ਬਰਕਤ ਹਾਸਲ ਕਰਨਾ ਨਹੀਂ ਹੈ; ਅਰਾਧਨਾ ਦਾ ਉਦੇਸ਼ ਪਰਮੇਸ਼ੁਰ ਨੂੰ ਆਦਰ ਅਤੇ ਵਡਿਆਈ ਦੇਣਾ ਹੈ। ਜਦੋਂ ਅਸੀਂ ਅਰਾਧਨਾ ਕਰਦੇ ਹਾਂ, ਸਾਨੂੰ ਅਕਸਰ ਬਰਕਤ ਮਿਲੇਗੀ — ਪਰ ਸਾਡੀ ਬਰਕਤ ਅਰਾਧਨਾ ਦੀ ਪ੍ਰੇਰਣਾ ਨਹੀਂ ਹੈ। ਅਰਾਧਨਾ ਦੀ ਪ੍ਰੇਰਣਾ ਪਰਮੇਸ਼ੁਰ ਦਾ ਆਦਰ ਕਰਨਾ ਹੈ।

ਅਰਾਧਨਾ ਦੇ ਉਦੇਸ਼ ਨੂੰ ਪਛਾਣਨ ਨਾਲ ਉਹ ਸਵਾਲ ਬਦਲ ਜਾਂਦਾ ਹੈ ਜੋ ਅਸੀਂ ਅਕਸਰ ਅਰਾਧਨਾ ਬਾਰੇ ਪੁੱਛਦੇ ਹਾਂ। ਇਹ ਪੁੱਛਣ ਦੀ ਬਜਾਇ, "ਕੀ ਮੈਂ ਅੱਜ ਦੀ ਅਰਾਧਨਾ ਦਾ ਅਨੰਦ ਮਾਣਿਆ?" ਅਸੀਂ ਪੁੱਛਾਂਗੇ, "ਕੀ ਅੱਜ ਦੀ ਅਰਾਧਨਾ ਨੇ ਪਰਮੇਸ਼ੁਰ ਦਾ ਆਦਰ ਕੀਤਾ?" ਜਦੋਂ ਅਸੀਂ ਅਰਾਧਨਾ ਦੇ ਉਦੇਸ਼ ਨੂੰ ਚੰਗੀ ਤਰ੍ਹਾਂ ਸਮਝ ਲਵਾਂਗੇ, ਤਾਂ ਅਸੀਂ ਆਪਣਾ ਧਿਆਨ ਖੁਦ ਤੋਂ ਹਟਾ ਕੇ ਪਰਮੇਸ਼ੁਰ ਵੱਲ ਲਾ ਲਵਾਂਗੇ।

ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਆਤਮਾ ਅਤੇ ਸਚਿਆਈ ਨਾਲ ਕੀਤੀ ਜਾਣ ਵਾਲੀ ਅਰਾਧਨਾ ਹੈ।

ਯੂਹੰਨਾ 4 ਵਿੱਚ ਸਾਮਰੀ ਤੀਵੀਂ ਨਾਲ ਯਿਸੂ ਦੀ ਗੱਲਬਾਤ ਵਿੱਚ, ਯਿਸੂ ਨੇ ਉਸ ਤੀਵੀਂ ਨੂੰ ਕਿਹਾ ਕਿ ਜਿਹੜੇ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਤਮਾ ਅਤੇ ਸਚਿਆਈ ਨਾਲ ਅਰਾਧਨਾ ਕਰਨ (ਯੂਹੰਨਾ 4:24)। ਇਹ ਅਰਾਧਨਾ ਲਈ ਸਹੀ ਤਰੀਕਾ ਹੈ।

ਆਮ ਤੌਰ ਤੇ ਜਦੋਂ ਅਸੀਂ ਅਰਾਧਨਾ ਦੇ ਤਰੀਕਿਆਂ ਬਾਰੇ ਚਰਚਾ ਕਰਦੇ ਹਾਂ, ਅਸੀਂ ਸੰਗੀਤ ਦੀਆਂ ਸ਼ੈਲੀਆਂ, ਲਿਟਰਜੀ (ਅਰਾਧਨਾ ਕਰਨ ਦਾ ਲਿਖਤੀ ਢੰਗ) ਦੀ ਤਰਤੀਬ ਅਤੇ ਤਰੀਕੇ ਦੇ ਦੂਸਰੇ ਮਸਲਿਆਂ ਬਾਰੇ ਚਰਚਾ ਕਰਦੇ ਹਾਂ। ਬਹੁਤ ਸਾਰੇ ਲੋਕ ਨਵੇਂ ਨੇਮ ਦੀ ਕਲੀਸੀਆ ਵਿੱਚ ਅਰਾਧਨਾ ਦੇ ਅਭਿਆਸਾਂ ਬਾਰੇ ਵਿਸਤ੍ਰਿਤ ਜਾਣਕਾਰੀ ਦੀ ਗੈਰ-ਮੌਜੂਦਗੀ ਕਾਰਣ ਨਿਰਾਸ਼ ਹੋਏ ਹਨ। ਉਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਸੋਚੋ ਜੋ ਅਸੀਂ ਨਵੇਂ ਨੇਮ ਦੀ ਅਰਾਧਨਾ ਬਾਰੇ ਨਹੀਂ ਜਾਣਦੇ:

- **ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੇ ਭਜਨ ਗਾਏ ਸੀ।** ਪਰ ਅਸੀਂ ਨਹੀਂ ਜਾਣਦੇ ਕਿ ਉਨ੍ਹਾਂ ਨੇ ਕਿਹੜੀਆਂ ਧੁਨਾਂ ਵਰਤੀਆਂ ਸੀ; ਅਸੀਂ ਨਹੀਂ ਜਾਣਦੇ ਕਿ ਉਨ੍ਹਾਂ ਨੇ ਕਿਹੜੇ ਸਾਜ਼ ਵਰਤੇ ਸੀ; ਅਸੀਂ ਨਹੀਂ ਜਾਣਦੇ ਕਿ ਉਨ੍ਹਾਂ ਨੇ ਕਿਹੜੇ ਨਵੇਂ ਗੀਤ ਗਾਏ ਸੀ।
- **ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੇ ਪ੍ਰਾਰਥਨਾ ਕੀਤੀ ਸੀ।** ਪਰ ਅਸੀਂ ਇਹ ਨਹੀਂ ਜਾਣਦੇ ਕਿ ਉਨ੍ਹਾਂ ਸਭਨਾਂ ਨੇ ਉੱਚੀ ਅਵਾਜ਼ ਵਿੱਚ ਪ੍ਰਾਰਥਨਾ ਕੀਤੀ ਸੀ, ਉਨ੍ਹਾਂ ਨੇ ਛੋਟੇ ਸਮੂਹਾਂ ਵਿੱਚ ਪ੍ਰਾਰਥਨਾ ਕੀਤੀ ਸੀ, ਜਾਂ ਕਿਸੇ ਵਿਅਕਤੀ ਨੇ ਪ੍ਰਾਰਥਨਾ ਵਿੱਚ ਅਗਵਾਈ ਕੀਤੀ ਸੀ। ਅਸੀਂ ਨਹੀਂ ਜਾਣਦੇ ਕਿ ਉਨ੍ਹਾਂ ਨੇ ਸਿਰਫ਼ ਲਿਖਤੀ ਪ੍ਰਾਰਥਨਾਵਾਂ (ਜ਼ਬੂਰਾਂ) ਦੀ ਵਰਤੋਂ ਕੀਤੀ ਜਾਂ ਸੁਭਾਵਕ ਪ੍ਰਾਰਥਨਾਵਾਂ ਕੀਤੀਆਂ।
- **ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੇ ਪਰਚਾਰ ਕੀਤਾ ਸੀ।** ਪਰ ਅਸੀਂ ਇਹ ਨਹੀਂ ਜਾਣਦੇ ਕਿ ਉਨ੍ਹਾਂ ਨੇ ਕਿੰਨਾ ਸਮਾਂ ਪਰਚਾਰ ਕੀਤਾ ਸੀ, ਉਨ੍ਹਾਂ ਨੇ ਕਿਹੜੀ ਪਰਚਾਰ ਸ਼ੈਲੀ ਵਰਤੀ, ਜਾਂ ਉਨ੍ਹਾਂ ਦੀ ਹਰ ਬੰਦਗੀ ਵਿੱਚ ਪਰਚਾਰ ਹੁੰਦਾ ਵੀ ਸੀ ਜਾਂ ਨਹੀਂ।

ਨਵੇਂ ਨੇਮ ਅਤੇ ਕੁਝ ਦਹਾਕਿਆਂ ਬਾਅਦ ਲਿਖੀ ਗਈ ਇੱਕ ਲਿਖਤ ਤੋਂ ਇਲਾਵਾ, ਸਾਡੇ ਕੋਲ ਅਰਾਧਨਾ ਲਈ ਮੁੱਢਲੀ ਕਲੀਸੀਆ ਦੇ ਤਰੀਕੇ ਬਾਰੇ ਬਹੁਤ ਘੱਟ ਜਾਣਕਾਰੀ ਹੈ।[10]

ਵਿਦਵਾਨਾਂ ਲਈ, ਜਾਣਕਾਰੀ ਦੀ ਇਹ ਘਾਟ ਨਿਰਾਸ਼ ਕਰਨ ਵਾਲੀ ਹੈ। ਪਰ, ਸ਼ਾਇਦ ਇਹ ਦਰਸਾਉਂਦਾ ਹੈ ਕਿ ਜਿਨ੍ਹਾਂ ਮੁੱਦਿਆਂ ਨੂੰ ਅਸੀਂ ਸਭ ਤੋਂ ਮਹੱਤਵਪੂਰਣ ਸਮਝਦੇ ਹਾਂ ਉਹ ਉਹ ਮੁੱਦੇ ਨਹੀਂ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਸਭ ਤੋਂ ਮਹੱਤਵਪੂਰਣ ਸਮਝਦਾ ਹੈ! ਜਦੋਂ ਯਿਸੂ ਨੇ ਅਰਾਧਨਾ ਦੇ ਇੱਕ ਨਮੂਨੇ ਤੇ ਚਰਚਾ ਕੀਤੀ, ਤਾਂ ਉਸ ਨੇ ਦੋ ਮੁੱਦਿਆਂ ਤੇ ਧਿਆਨ ਦਿੱਤਾ: ਆਤਮਾ ਅਤੇ ਸਚਿਆਈ। ਇਹ ਮੁੱਦੇ ਸੱਚੀ ਅਰਾਧਨਾ ਲਈ ਸਭ ਤੋਂ ਮਹੱਤਵਪੂਰਣ ਹਨ।

ਆਤਮਾ ਨਾਲ ਅਰਾਧਨਾ ਸ਼ਾਇਦ ਮਨੁੱਖੀ ਆਤਮਾ ਨੂੰ ਦਰਸਾਉਂਦੀ ਹੈ। ਅਰਾਧਨਾ ਇੱਕ ਬੇਤੁਕੀ ਰਸਮ ਨਹੀਂ ਹੋਣੀ ਚਾਹੀਦੀ; ਇਸ ਵਿੱਚ ਆਤਮਾ ਸ਼ਾਮਲ ਹੈ। ਇਹ ਉਹ ਅਰਾਧਨਾ ਹੈ ਜਿਹੜੀ ਸੱਚੀ ਹੈ; ਇਹ ਦਿਲ ਤੋਂ ਹੁੰਦੀ ਹੈ।

---

10 *ਡਿਡਾਚੇ* (ਸਿੱਖਿਆ) ਪਹਿਲੀ ਸਦੀ ਦੇ ਅਖੀਰ ਜਾਂ ਦੂਜੀ ਸਦੀ ਦੇ ਸ਼ੁਰੂ ਦੀ ਇੱਕ ਛੋਟੀ ਲਿਖਤ ਹੈ। ਡਿਡਾਚੇ ਵਿੱਚ ਮਸੀਹੀ ਨੈਤਿਕ ਕਦਰਾਂ ਕੀਮਤਾਂ, ਕਲੀਸੀਆ ਦੀਆਂ ਰਸਮਾਂ ਅਤੇ ਕਲੀਸੀਆ ਦੇ ਸੰਗਠਨ ਬਾਰੇ ਸਿੱਖਿਆ ਸ਼ਾਮਲ ਹੈ।

ਆਤਮਾ ਨਾਲ ਅਰਾਧਨਾ?

1994 ਵਿੱਚ, ਟੋਰਾਂਟੋ ਵਿੱਚ ਵਿਨੇਯਾਰਡ ਚਰਚ ਨੇ ਇੱਕ ਬੇਦਾਰੀ ਬਾਰੇ ਦੱਸਿਆ ਜਿਸ ਵਿੱਚ ਲੋਕ ਹੱਸੇ, ਸ਼ੇਰਾਂ ਵਾਂਗ ਗਰਜੇ ਅਤੇ "ਚਰਮਰਾਏ" (ਭਾਵਨਾਵਾਂ ਨੂੰ ਸ਼ੁੱਧ ਕਰਨ ਲਈ ਉਲਟੀ ਕਰਨ ਵਾਂਗ ਲੰਮੇ ਸਾਹ ਭਰਨਾ)। "ਪਵਿੱਤਰ ਹਾਸੇ" ਦੇ ਦੌਰਾਨ, ਲੋਕ ਕਈ ਵਾਰ ਹੱਸਦੇ-ਹੱਸਦੇ ਬੇਹੋਸ਼ ਹੋਏ। ਪਰਮੇਸ਼ੁਰ ਦੇ ਬਚਨ ਨੂੰ ਤਾਲਿਬਾਂ ਦੇ ਦਿਲਾਂ ਵਿੱਚ ਡੂੰਘਾਈ ਨਾਲ ਕੰਮ ਕਰਨ ਦੇਣ ਤੇ ਜ਼ੋਰ ਦੇਣ ਦੀ ਬਜਾਇ, "ਟੋਰਾਂਟੋ ਬਲੈਸਿੰਗ" ਨੇ ਸਿਰਫ਼ ਇੱਕ ਭਾਵਨਾਤਮਕ ਪ੍ਰਤੀਕਿਰਿਆ ਨੂੰ ਉਕਸਾਇਆ। ਕੀ ਇਹ ਆਤਮਾ ਨਾਲ ਅਰਾਧਨਾ ਹੈ? ਕੀ ਇਹ ਸੱਚੀ ਅਰਾਧਨਾ ਹੈ?

ਸਚਿਆਈ ਨਾਲ ਅਰਾਧਨਾ ਬਾਈਬਲ ਦੀ ਸਿੱਖਿਆ ਨਾਲ ਮੇਲ ਖਾਂਦੀ ਹੈ। ਇਹ ਇੱਕ ਚੰਗੀ ਭਾਵਨਾ ਜਾਂ ਭਾਵਨਾਤਮਕ ਪ੍ਰਤੀਕਿਰਿਆ ਤੋਂ ਕਿਤੇ ਵੱਧ ਕੇ ਹੈ। ਪਾਸਟਰ ਅਤੇ ਅਰਾਧਨਾ ਦੇ ਆਗੂ ਹੋਣ ਦੇ ਨਾਤੇ, ਅਸੀਂ ਆਪਣੀ ਅਰਾਧਨਾ ਦੇ ਹਰੇਕ ਪਹਿਲੂ ਦਾ ਮੁਲਾਂਕਣ ਕਰਦੇ ਹੋਏ ਪੁੱਛਦੇ ਹਾਂ, "ਕੀ ਇਹ ਸੱਚ ਹੈ?" ਜਿਨ੍ਹਾਂ ਸ਼ਬਦਾਂ ਦਾ ਅਸੀਂ ਪਰਚਾਰ ਕਰਦੇ ਹਾਂ, ਜਿਨ੍ਹਾਂ ਸ਼ਬਦਾਂ ਨਾਲ ਅਸੀਂ ਗਾਉਂਦੇ ਹਾਂ ਅਤੇ ਜਿਨ੍ਹਾਂ ਸ਼ਬਦਾਂ ਨਾਲ ਅਸੀਂ ਪ੍ਰਾਰਥਨਾ ਕਰਦੇ ਹਾਂ ਉਹ ਬਚਨ ਪ੍ਰਤੀ ਵਫ਼ਾਦਾਰ ਹੋਣੇ ਚਾਹੀਦੇ ਹਨ। ਪਰਮੇਸ਼ੁਰ ਫੋਕੇ ਸ਼ਬਦਾਂ ਨਾਲ ਪ੍ਰਭਾਵਿਤ ਨਹੀਂ ਹੁੰਦਾ; ਉਹ ਚਾਹੁੰਦਾ ਹੈ ਕਿ ਅਸੀਂ ਆਤਮਾ ਅਤੇ ਸਚਿਆਈ ਨਾਲ ਅਰਾਧਨਾ ਕਰੀਏ (ਯੂਹੰਨਾ 4:24)।

ਸਚਿਆਈ ਨਾਲ ਅਰਾਧਨਾ?

ਪਾਸਟਰ ਬਿਲ ਅਰਾਧਨਾ ਵਿੱਚ ਸੰਗੀਤ ਦੀ ਮਹੱਤਤਾ ਨੂੰ ਸਮਝਦਾ ਹੈ। ਉਹ ਪੁਰਾਣੇ ਭਜਨਾਂ ਦੀ ਪ੍ਰਸ਼ੰਸਾ ਕਰਦਾ ਹੈ, ਪਰ ਨਵੇਂ ਗੀਤਾਂ ਦਾ ਵੀ ਸਵਾਗਤ ਕਰਦਾ ਹੈ। ਇੱਕ ਗੀਤ ਜੋ ਬਹੁਤ ਸਾਰੀਆਂ ਕਲੀਸੀਆਵਾਂ ਵਿੱਚ ਪ੍ਰਸਿੱਧ ਹੋ ਗਿਆ ਹੈ ਇਹ ਸਿਖਾਉਂਦਾ ਹੈ ਕਿ ਵਿਸ਼ਵਾਸੀ ਲਗਾਤਾਰ ਜਾਣਬੁੱਝ ਕੇ ਪਾਪ ਵਿੱਚ ਡਿੱਗਦੇ ਹਨ ਅਤੇ ਫਿਰ ਬਹਾਲੀ ਚਾਹੁੰਦੇ ਹਨ। ਗੀਤ ਇੱਕ ਜੇਤੂ ਮਸੀਹੀ ਜੀਵਨ ਦਾ ਕੋਈ ਵਾਅਦਾ ਨਹੀਂ ਕਰਦਾ। ਗੀਤ ਨੂੰ ਸੁਣ ਕੇ, ਬਿਲ ਨੇ ਕਿਹਾ, "ਇਹ ਗੀਤ ਬਚਨ ਦੇ ਅਨੁਸਾਰ ਨਹੀਂ ਹੈ, ਪਰ ਇਹ ਸਿਰਫ਼ ਇੱਕ ਗੀਤ ਹੈ। ਲੋਕ ਸੰਗੀਤ ਨੂੰ ਪਸੰਦ ਕਰਦੇ ਹਨ; ਸ਼ਬਦ ਮਹੱਤਵਪੂਰਣ ਨਹੀਂ ਹਨ।" ਕੀ ਇਹ ਸਚਿਆਈ ਨਾਲ ਅਰਾਧਨਾ ਹੈ?

ਅਰਾਧਨਾ ਦੇ ਖ਼ਤਰੇ: ਸੱਚੀ ਅਰਾਧਨਾ ਦੇ ਬਦਲ

ਯਿਸੂ ਨੇ ਸੱਚੀ ਅਰਾਧਨਾ ਬਾਰੇ ਗੱਲ ਕੀਤੀ ਸੀ। ਜੇ ਸੱਚੀ ਅਰਾਧਨਾ ਹੈ, ਤਾਂ ਝੂਠੀ ਅਰਾਧਨਾ ਵੀ ਹੋਵੇਗੀ। ਮਾਰਟਿਨ ਲੂਥਰ ਅਕਸਰ ਇੱਕ ਜਰਮਨ ਕਹਾਵਤ ਦਾ ਹਵਾਲਾ ਦਿੰਦਾ ਸੀ, "ਜਿੱਥੇ ਵੀ ਪਰਮੇਸ਼ੁਰ ਇੱਕ ਕਲੀਸੀਆ ਬਣਾਉਂਦਾ ਹੈ, ਸ਼ਤਾਨ ਉਸ ਦੇ ਨੇੜੇ ਇੱਕ ਗਿਰਜਾਘਰ ਬਣਾਉਂਦਾ ਹੈ।" ਸ਼ਤਾਨ ਸਾਨੂੰ ਸੱਚੀ ਅਰਾਧਨਾ ਦੀ ਥਾਂ ਝੂਠੇ ਵਿਚਾਰਾਂ ਨੂੰ ਥਾਂ ਦੇਣ ਲਈ ਉਤਸ਼ਾਹਿਤ ਕਰਨਾ ਪਸੰਦ ਕਰਦਾ ਹੈ। ਅਸੀਂ ਅਕਸਰ ਅਰਾਧਨਾ ਨੂੰ ਜਿਸ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ ਉਸ ਦੀਆਂ ਮੰਗਾਂ ਅਨੁਸਾਰ ਢਲਣ ਦੀ ਬਜਾਇ ਸੱਭਿਆਚਾਰ ਦੀਆਂ ਮੰਗਾਂ ਅਨੁਸਾਰ ਢਲਣ ਦਿੱਤਾ ਹੈ। ਸੱਚੀ ਅਰਾਧਨਾ ਦੇ ਕੁਝ ਬਦਲ ਕੀ ਹਨ?

ਮੈਕਅਰਾਧਨਾ

ਮੈਕਅਰਾਧਨਾ ਉਹ ਅਰਾਧਨਾ ਹੈ ਜੋ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੀ ਬਜਾਇ ਨਿੱਜੀ ਸੁਵਿਧਾ ਤੇ ਧਿਆਨ ਕੇਂਦਰਤ ਕਰਦੀ ਹੈ। ਦੁਨੀਆ ਵਿੱਚ 35,000 ਮੈਕਡੋਨਲਡਜ਼ ਹਨ। ਮੈਕਡੋਨਲਡਜ਼ ਵਿੱਚ ਹਰ ਰੋਜ਼ ਛੇ ਕਰੋੜ ਅੱਸੀ ਲੱਖ ਗਾਹਕ ਭੋਜਨ ਖਾਂਦੇ ਹਨ। ਇਹ ਇਸ ਲਈ ਨਹੀਂ ਹੈ ਕਿਉਂਕਿ ਮੈਕਡੋਨਲਡਜ਼ ਸਭ ਤੋਂ ਵਧੀਆ ਭੋਜਨ ਮੁਹੱਈਆ ਕਰਦਾ ਹੈ। ਇਹ ਇਸ ਲਈ ਨਹੀਂ ਹੈ ਕਿਉਂਕਿ ਉਹ ਅਸਧਾਰਨ ਤੌਰ ਤੇ ਸਿਹਤਮੰਦ ਭੋਜਨ ਮੁਹੱਈਆ ਕਰਦੇ ਹਨ। ਇਹ ਇਸ ਲਈ ਹੈ ਕਿਉਂਕਿ ਮੈਕਡੋਨਲਡਜ਼ ਸੁਵਿਧਾ ਵਾਲਾ, ਅਰਾਮ ਵਾਲਾ ਅਤੇ ਇੱਕ ਮਨੋਰੰਜਕ ਵਾਤਾਵਰਣ ਮੁਹੱਈਆ ਕਰਦਾ ਹੈ। ਮੈਕਅਰਾਧਨਾ ਵਿੱਚ, ਸਾਡੀ ਮੁੱਖ ਚਿੰਤਾ ਸੁਵਿਧਾ, ਅਰਾਮ ਅਤੇ ਮਨੋਰੰਜਨ ਹੁੰਦੀ ਹੈ।

ਮੈਕਡੌਨਲਡਜ਼ ਅਤੇ ਮੈਕਅਰਾਧਨਾ ਸਫ਼ਲਤਾ ਨੂੰ ਅੰਕੜਿਆਂ ਤੋਂ ਮਾਪਦੇ ਹਨ। ਮੈਕਡੌਨਲਡਜ਼ ਇਸ ਗੱਲ ਤੇ ਮਾਣ ਕਰਦਾ ਹੈ ਕਿ ਉਨ੍ਹਾਂ ਨੇ ਹੁਣ ਤੱਕ, "300 ਅਰਬ ਤੋਂ ਵੱਧ ਲੋਕਾਂ ਦੀ ਸੇਵਾ ਕੀਤੀ ਹੈ।" ਮੈਕਅਰਾਧਨਾ ਇਸ ਗੱਲ ਦਾ ਮਾਣ ਕਰਦੀ ਹੈ ਕਿ, "ਅਸੀਂ ਪਿਛਲੇ ਸਾਲ ਨਾਲੋਂ 17% ਵਧੇ ਹਾਂ।" ਭਗਤੀ ਦੀ ਬਜਾਇ ਅੰਕੜੇ ਸਫ਼ਲਤਾ ਦਾ ਮਾਪ ਬਣ ਜਾਂਦੇ ਹਨ।

ਮੈਕਅਰਾਧਕਾਂ ਦੀਆਂ ਕੁਝ ਮੰਗਾਂ ਹਨ। ਮੈਕਅਰਾਧਨਾ ਵਧੀਆ ਸੰਗੀਤ, ਮਨੋਰੰਜਕ ਬੁਲਾਰਿਆਂ ਅਤੇ ਇੱਕ ਆਕਰਸ਼ਕ ਪੈਕੇਜ ਦਿੰਦੀ ਹੈ — ਸਭ ਕੁਝ ਘੱਟ ਕੀਮਤ ਤੇ। ਮੈਕਅਰਾਧਨਾ ਭੀੜ ਨੂੰ ਖਿੱਚਦੀ ਹੈ, ਪਰ ਆਤਮਿਕ ਭੋਜਨ ਅਕਸਰ ਫੋਕਾ ਹੁੰਦਾ ਹੈ ਅਤੇ ਆਤਮਿਕ ਤੰਦਰੁਸਤੀ ਨੂੰ ਉਤਸ਼ਾਹਿਤ ਨਹੀਂ ਕਰਦਾ। ਲੋਕਾਂ ਨੂੰ ਖੁਸ਼ਖ਼ਬਰੀ ਵੱਲ ਆਕਰਸ਼ਤ ਕਰਨ ਦੀ ਕੋਸ਼ਿਸ਼ ਕਰਨਾ ਚੰਗਾ ਹੈ, ਪਰ ਮੈਕਅਰਾਧਨਾ ਸੱਚੀ ਅਰਾਧਨਾ ਨਹੀਂ ਹੈ।

ਅਜਾਇਬ-ਘਰ ਵਾਲੀ ਅਰਾਧਨਾ

ਅਜਾਇਬ-ਘਰ ਵਿੱਚ ਮਾਹੌਲ ਮੈਕਡੋਨਲਡਜ਼ ਦੇ ਬਿਲਕੁਲ ਉਲਟ ਹੈ। ਅਜਾਇਬ-ਘਰ ਵਿੱਚ ਦਸਤੂਰ ਨੂੰ ਸੰਭਾਲਣ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਪ੍ਰਦਰਸ਼ਿਤ ਚੀਜ਼ਾਂ ਨੂੰ ਲੋਕ ਬੜੇ ਆਦਰ ਨਾਲ ਵੇਖਦੇ ਹਨ। ਜ਼ਿਆਦਾਤਰ ਅਜਾਇਬ-ਘਰ ਨਿੱਜੀ ਭਾਗੀਦਾਰੀ ਅਤੇ ਵਚਨਬੱਧਤਾ ਤੇ ਜ਼ੋਰ ਨਹੀਂ ਦਿੰਦੇ ਹਨ। ਤੁਹਾਨੂੰ ਲੂਵਰ ਆਰਟ ਮਿਊਜ਼ੀਅਮ ਦੀ ਕੰਧ ਤੇ ਆਪਣੀ ਖੁਦ ਦੀ ਪੇਂਟਿੰਗ ਲਗਾਉਣ ਲਈ ਸੱਦਾ ਨਹੀਂ ਦਿੱਤਾ ਜਾਂਦਾ ਹੈ!

ਅਜਾਇਬ-ਘਰ ਵਾਲੀ ਅਰਾਧਨਾ ਵਿੱਚ, ਸਾਡੀ ਮੁੱਖ ਚਿੰਤਾ ਦਸਤੂਰ ਅਤੇ ਤਰੀਕਾ ਹੈ। ਅਸੀਂ ਉਹ ਗੀਤ ਗਾਉਂਦੇ ਹਾਂ ਜਿਹੜੇ ਕਲੀਸੀਆ ਨੇ ਹਮੇਸ਼ਾ ਗਾਏ ਹਨ। ਸਾਨੂੰ ਦਸਤੂਰ ਪ੍ਰਤੀ ਸਾਡੀ ਵਫ਼ਾਦਾਰੀ ਤੇ ਮਾਣ ਹੈ। ਪਰ ਵਿਅਕਤੀਗਤ ਵਚਨਬੱਧਤਾ ਲਈ ਪਰਮੇਸ਼ੁਰ ਦੀ ਜੋ ਮੰਗ ਹੈ ਉਸ ਦਾ ਸਾਹਮਣਾ ਕੀਤੇ ਬਿਨਾਂ ਲੋਕਾਂ ਲਈ ਹਫ਼ਤੇ-ਦਰ-ਹਫ਼ਤੇ ਅਜਿਹੀ ਅਰਾਧਨਾ ਵਿੱਚ ਸ਼ਾਮਲ ਹੋਣਾ ਸੰਭਵ ਹੈ। ਹਰ ਐਤਵਾਰ ਨੂੰ ਕਲੀਸੀਆ ਵਿੱਚ ਜਾਣਾ ਅਤੇ ਜੀਵਨ ਵਿੱਚ ਬਿਨਾਂ ਕਿਸੇ ਤਬਦੀਲੀ ਦੇ ਪ੍ਰਦਰਸ਼ਿਤ ਚੀਜ਼ਾਂ (ਉਪਦੇਸ਼, ਗੀਤਾਂ, ਪ੍ਰਾਰਥਨਾਵਾਂ) ਨੂੰ ਵੇਖਣਾ ਸੰਭਵ ਹੈ। ਆਪਣੇ ਵਿਰਸੇ ਨੂੰ ਮਹੱਤਵ ਦੇਣਾ ਚੰਗੀ ਗੱਲ ਹੈ, ਪਰ ਅਜਾਇਬ-ਘਰ ਵਾਲੀ ਅਰਾਧਨਾ ਸੱਚੀ ਅਰਾਧਨਾ ਨਹੀਂ ਹੈ।

ਜਮਾਤ ਵਾਲੀ ਅਰਾਧਨਾ

ਜਮਾਤ ਵਿੱਚ, ਅਧਿਆਪਕ ਇੰਚਾਰਜ ਹੁੰਦਾ ਹੈ। ਅਧਿਆਪਕ ਫ਼ੈਸਲਾ ਕਰਦਾ ਹੈ ਕਿ ਜਮਾਤ ਕੀ ਸਿੱਖਦੀ ਹੈ। ਅਧਿਆਪਕ ਲੈਕਚਰ ਦਿੰਦਾ ਹੈ; ਵਿਦਿਆਰਥੀ ਸੁਣਦੇ ਹਨ ਅਤੇ ਲਿਖ ਲੈਂਦੇ ਹਨ। ਭਾਗੀਦਾਰੀ ਅਧਿਆਪਕ ਦੁਆਰਾ ਨਿਯੰਤ੍ਰਿਤ ਕੀਤੀ ਜਾਂਦੀ ਹੈ।

ਜਮਾਤ ਵਾਲੀ ਅਰਾਧਨਾ ਵਿੱਚ, ਪਾਸਟਰ ਮੁੱਖ ਵਿਅਕਤੀ ਹੈ। ਸੰਦੇਸ਼ ਦੇਣਾ ਸੇਵਾ ਦਾ ਮੁੱਖ ਟੀਚਾ ਹੈ; ਬਾਕੀ ਸਭ ਕੁਝ ਮੁਢਲਾ ਹੈ। ਕਲੀਸੀਆ ਸੁਣਨ ਅਤੇ ਮੁੱਖ ਗੱਲਾਂ ਨੂੰ ਲਿਖਣ ਲਈ ਹੈ। ਅਰਾਧਨਾ ਨੂੰ ਇੱਕ ਬੌਧਿਕ ਗਤੀਵਿਧੀ ਤੱਕ ਸੀਮਤ ਕਰ ਦਿੱਤਾ ਗਿਆ ਹੈ। ਸਾਡੀ ਅਰਾਧਨਾ ਵਿੱਚ ਸਚਿਆਈ ਦਾ ਸੰਚਾਰ ਕਰਨ ਦੀ ਕੋਸ਼ਿਸ਼ ਕਰਨਾ ਚੰਗਾ ਹੈ; ਸਾਨੂੰ ਆਪਣੇ ਅਰਾਧਕਾਂ ਨੂੰ ਸਚਿਆਈ ਸਮਝਾਉਣਾ ਜ਼ਰੂਰੀ ਹੈ, ਪਰ ਜਮਾਤ ਵਾਲੀ ਅਰਾਧਨਾ ਸੱਚੀ ਅਰਾਧਨਾ ਨਹੀਂ ਹੈ।

ਸੱਚੀ ਅਰਾਧਨਾ

ਸੱਚੀ ਅਰਾਧਨਾ ਪਰਮੇਸ਼ੁਰ ਉੱਤੇ ਕੇਂਦਰਿਤ ਹੈ। ਸੱਚੀ ਅਰਾਧਨਾ ਪੁੱਛਦੀ ਹੈ, "ਪਰਮੇਸ਼ੁਰ ਕੀ ਚਾਹੁੰਦਾ ਹੈ?" ਸੱਚੀ ਅਰਾਧਨਾ ਮੈਨੂੰ ਪਰਮੇਸ਼ੁਰ ਦੀਆਂ ਨਜ਼ਰਾਂ ਨਾਲ ਖੁਦ ਨੂੰ ਵੇਖਣ ਵਿੱਚ ਮਦਦ ਕਰਦੀ ਹੈ — ਅਤੇ ਇਹ ਉਸ ਵਿਅਕਤੀ ਲਈ ਅਣਸੁਖਾਵਾਂ ਹੈ ਜੋ ਪਰਮੇਸ਼ੁਰ ਦੁਆਰਾ ਬਦਲੇ ਜਾਣ ਲਈ ਤਿਆਰ ਨਹੀਂ ਹੈ। ਸੱਚੀ ਅਰਾਧਨਾ ਪਰਮੇਸ਼ੁਰ ਬਾਰੇ ਹੈ। ਸੱਚੀ ਅਰਾਧਨਾ ਵਿੱਚ ਇੱਕ ਸਲੀਬ, ਇੱਕ ਬਲੀਦਾਨ, ਇੱਕ ਸਮਰਪਣ ਸ਼ਾਮਲ ਹੈ। ਸੱਚੀ ਅਰਾਧਨਾ ਅਰਾਧਕ ਨੂੰ ਬਦਲ ਦਿੰਦੀ ਹੈ।

ਸਿੱਟਾ: ਮਾਰਥਾ ਦੀ ਗਵਾਹੀ

ਅਰਾਧਨਾ ਕਿੰਨੀ ਮਹੱਤਵਪੂਰਣ ਹੈ? ਮਾਰਥਾ ਦੀ ਗਵਾਹੀ ਸੁਣੋ।

“ਮੈਂ ਇੱਕ ਵਿਹਾਰਕ ਇਨਸਾਨ ਹਾਂ। ਕਿਸੇ ਨਾ ਕਿਸੇ ਨੂੰ ਤਾਂ ਝਾੜੂ ਮਾਰਨਾ, ਖਾਣਾ ਪਕਾਉਣਾ ਅਤੇ ਘਰੇਲੂ ਕੰਮਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ। ਇਹ ਮੇਰਾ ਮਜ਼ਬੂਤ ਪੱਖ ਹੈ; ਮੇਰੇ ਕੋਲ ਸੇਵਾ ਟਹਿਲ ਕਰਨ ਦੀ ਦਾਤ ਹੈ।"

“ਮੈਨੂੰ ਉਹ ਦਿਨ ਯਾਦ ਹੈ ਜਦੋਂ ਯਿਸੂ ਬੈਤਅਨਿਯਾ ਵਿੱਚ ਸਾਡੇ ਛੋਟੇ ਜਿਹੇ ਘਰ ਆਇਆ ਸੀ। ਸਾਡੇ ਘਰ ਵਿੱਚ ਇੰਨੇ ਖ਼ਾਸ ਗੁਰੂ ਦੇ ਆਉਣ ਨਾਲ ਮੈਂ ਘਬਰਾ ਗਈ ਸੀ। ਮੈਂ ਚਾਹੁੰਦੀ ਸੀ ਕਿ ਸਭ ਕੁਝ ਉੱਤਮ ਹੋਵੇ। ਲੂਕਾ ਨੇ ਬਾਅਦ ਵਿੱਚ ਲਿਖਿਆ, ‘ਮਾਰਥਾ ਵੱਡੀ ਟਹਿਲ ਤੋਂ ਘਬਰਾ ਗਈ।’ (ਲੂਕਾ 10:40) ਮੈਂ ਸਭ ਕੁਝ ਉੱਤਮ ਕਰਨ ਦੀ ਕੋਸ਼ਿਸ਼ ਵਿੱਚ ਰੁੱਝੀ ਹੋਈ ਸੀ।

“ਜਦੋਂ ਮੈਂ ਘਰ ਦੀ ਦੇਖ-ਭਾਲ ਕਰਨ ਵਿੱਚ ਰੁੱਝੀ ਹੋਈ ਸੀ, ਤਾਂ ਮਰੀਅਮ ਦੂਜੇ ਕਮਰੇ ਵਿੱਚ ਬੈਠੀ ਯਿਸੂ ਨੂੰ ਸੁਣ ਰਹੀ ਸੀ। ਮੈਂ ਖੁਸ਼ ਨਹੀਂ ਸੀ; ਮੈਨੂੰ ਮਦਦ ਦੀ ਲੋੜ ਸੀ! ਇਸ ਤੋਂ ਇਲਾਵਾ, ਉਹ ਇੱਕ ਔਰਤ ਹੈ; ਉਸ ਨੂੰ ਰੱਬੀ ਤੋਂ ਸਿੱਖਣ ਦੀ ਲੋੜ ਨਹੀਂ ਹੈ।

"ਮੈਂ ਵੱਡੀ ਟਹਿਲ ਤੋਂ ਘਬਰਾ ਗਈ ਅਤੇ ਉਹ ਦੇ ਕੋਲ ਆਣ ਕੇ ਬੋਲੀ, 'ਪ੍ਰਭੂ ਜੀ ਤੈਨੂੰ ਕੁਝ ਚਿੰਤਾ ਨਹੀਂ ਜੋ ਮੇਰੀ ਭੈਣ ਨੇ ਮੈਨੂੰ ਟਹਿਲ ਕਰਨ ਲਈ ਕੱਲੀ ਹੀ ਛੱਡਿਆ ਹੈ?' (ਲੂਕਾ 10:40) ਮੈਂ ਯਿਸੂ ਦਾ ਜਵਾਬ ਕਦੇ ਨਹੀਂ ਭੁੱਲਾਂਗੀ। ਯਿਸੂ ਨੇ ਮੇਰੇ ਵੱਲ ਵੇਖਿਆ ਅਤੇ ਆਪਣਾ ਸਿਰ ਹਿਲਾਇਆ। 'ਮਾਰਥਾ ਮਾਰਥਾ, ਤੂੰ ਬਹੁਤੀਆਂ ਵਸਤਾਂ ਦੀ ਚਿੰਤਾ ਕਰਦੀ ਅਤੇ ਘਬਰਾਉਂਦੀ ਹੈਂ। ਪਰ ਇੱਕ ਗੱਲ ਦੀ ਲੋੜ ਹੈ। ਮਰਿਯਮ ਨੇ ਤਾਂ ਉਹ ਚੰਗਾ ਹਿੱਸਾ ਪਸਿੰਦ ਕੀਤਾ ਹੈ...’ (ਲੂਕਾ 10:41-42)

“ਪ੍ਰਭੂ ਮੈਨੂੰ ਕੀ ਕਹਿ ਰਿਹਾ ਸੀ? ਉਸ ਦਾ ਅਰਥ ਇਹ ਨਹੀਂ ਸੀ ਕਿ ਸੇਵਾ ਮਹੱਤਵਪੂਰਣ ਨਹੀਂ ਹੈ। ਸਾਨੂੰ ਮਿਲਣ ਲਈ ਆਉਣ ਤੋਂ ਠੀਕ ਪਹਿਲਾਂ, ਯਿਸੂ ਨੇ ਨੇਕ ਸਾਮਰੀ ਦਾ ਦ੍ਰਿਸ਼ਟਾਂਤ ਦੱਸਿਆ ਸੀ - ਸੇਵਾ ਬਾਰੇ ਇੱਕ ਕਹਾਣੀ (ਲੂਕਾ 10:25-37)। ਯਿਸੂ ਇਹ ਨਹੀਂ ਕਹਿ ਰਿਹਾ ਸੀ ਕਿ ਸੇਵਾ ਮਹੱਤਵਪੂਰਣ ਨਹੀਂ ਹੈ; ਉਹ ਮੈਨੂੰ ਕਹਿ ਰਿਹਾ ਸੀ ਕਿ **ਮੇਰੀ ਸੇਵਾ ਟਹਿਲ ਮੇਰੀ ਅਰਾਧਨਾ ਵਿੱਚੋਂ ਵਹਿਣੀ ਚਾਹੀਦੀ ਹੈ।** ਜ਼ਰੂਰੀ ਚੀਜ਼ ਅਰਾਧਨਾ ਹੈ। ਜੇ ਮੈਂ ਅਰਾਧਨਾ ਕਰਦੀ ਹਾਂ, ਸੇਵਾ ਟਹਿਲ ਸੁਭਾਵਕ ਤੌਰ ਤੇ ਵਹੇਗੀ; ਮੈਂ 'ਚਿੰਤਾ ਨਹੀਂ ਕਰਾਂਗੀ ਅਤੇ ਘਬਰਾਵਾਂਗੀ ਨਹੀਂ।' (ਲੂਕਾ 10:41)

“ਉਸ ਦਿਨ, ਮੈਂ ਜੀਵਨ ਦੇ ਲਈ ਇੱਕ ਸਬਕ ਸਿੱਖਿਆ। ਫੇਰ ਕਦੇ ਮੈਂ ਸੇਵਾ ਟਹਿਲ ਨੂੰ ਮੇਰੀ ਅਰਾਧਨਾ ਨਾਲੋਂ ਵੱਧ ਤਰਜੀਹ ਨਹੀਂ ਦਿੱਤੀ। ਉਸ ਦਿਨ ਤੋਂ, ਮੈਂ ਮਰੀਅਮ ਨਾਲ ਯਿਸੂ ਦੇ ਚਰਨਾਂ ਵਿੱਚ ਬੈਠਣ ਲਈ ਸਮਾਂ ਕੱਢਿਆ; ਮੈਂ ਅਰਾਧਨਾ ਕਰਨ ਲਈ ਸਮਾਂ ਕੱਢਿਆ।”

ਜਾਂਚ

ਆਪਣੇ ਆਪ ਨੂੰ ਪੁੱਛੋ, "ਮੈਂ ਇੱਕ ਬਿਹਤਰ ਅਰਾਧਕ ਕਿਵੇਂ ਬਣ ਸਕਦਾ ਹਾਂ?" ਕੁਝ ਖੇਤਰਾਂ ਦਾ ਪਤਾ ਲਗਾਓ ਜਿਨ੍ਹਾਂ ਵਿੱਚ ਤੁਸੀਂ ਆਪਣੀ ਅਰਾਧਨਾ ਨੂੰ ਬਾਈਬਲ ਦੇ ਅਨੁਸਾਰ ਅਰਾਧਨਾ ਦੀ ਪਰਿਭਾਸ਼ਾ ਨਾਲ ਹੋਰ ਨੇੜਿਓਂ ਮੇਲ ਖਾਂਦੇ ਬਣਾ ਸਕਦੇ ਹੋ।

ਪਾਠ 1 ਦੀ ਸਮੀਖਿਆ

1. ਅਰਾਧਨਾ ਕੀ ਹੈ?

- ਅਰਾਧਨਾ ਆਦਰਪੂਰਨ ਅਧੀਨਗੀ ਹੈ (ਪਰਕਾਸ਼ ਦੀ ਪੋਥੀ 4:10-11)।
- ਅਰਾਧਨਾ ਬੰਦਗੀ ਹੈ (ਰੋਮੀਆਂ 12:1)।
- ਅਰਾਧਨਾ ਉਸਤਤ ਹੈ (ਜ਼ਬੂਰ)।
- ਅਰਾਧਨਾ ਸੰਗਤੀ ਹੈ (ਰਸੂਲਾਂ ਦੇ ਕਰਤੱਬ 2:42)।
- ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ (ਯਾਕੂਬ 1:26-27)।

2. ਅਰਾਧਨਾ ਕਿਉਂ ਮਹੱਤਵਪੂਰਣ ਹੈ?

- ਅਰਾਧਨਾ ਵਿੱਚ ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ (ਯਸਾਯਾਹ 6:1-8)।
- ਅਰਾਧਨਾ ਵਿੱਚ ਅਸੀਂ ਖੁਦ ਨੂੰ ਵੇਖਦੇ ਹਾਂ ਅਤੇ ਬਦਲ ਜਾਂਦੇ ਹਾਂ (ਯਸਾਯਾਹ 6:1-8)।
- ਅਰਾਧਨਾ ਵਿੱਚ ਅਸੀਂ ਆਪਣਾ ਸੰਸਾਰ ਵੇਖਦੇ ਹਾਂ (ਯਸਾਯਾਹ 6:1-8)।
- ਅਰਾਧਨਾ ਕਰਨ ਵਿੱਚ ਸਫ਼ਲ ਨਾ ਹੋਣਾ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ (ਰੋਮੀਆਂ 1:18-25)।

3. ਅਰਾਧਨਾ ਲਈ ਨਿਸ਼ਾਨੇ:

- ਅਰਾਧਨਾ ਵਿੱਚ, ਸਾਡੀ ਪਰਮੇਸ਼ੁਰ ਨਾਲ ਮੁਲਾਕਾਤ ਹੁੰਦੀ ਹੈ।
- ਅਰਾਧਨਾ ਵਿੱਚ, ਅਸੀਂ ਮਸੀਹੀ ਚਰਿੱਤਰ ਦਾ ਨਿਰਮਾਣ ਕਰਦੇ ਹਾਂ।
- ਅਰਾਧਨਾ ਵਿੱਚ, ਅਸੀਂ ਮਸੀਹੀ ਸਮਾਜ ਨੂੰ ਉਸਾਰਦੇ ਹਾਂ।

4. ਪਰਮੇਸ਼ੁਰ ਨੂੰ ਕਿਸ ਤਰ੍ਹਾਂ ਦੀ ਅਰਾਧਨਾ ਸਵੀਕਾਰ ਹੈ?

- ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਪਰਮੇਸ਼ੁਰ ਤੇ ਕੇਂਦਰਿਤ ਹੁੰਦੀ ਹੈ (ਪਰਕਾਸ਼ ਦੀ ਪੋਥੀ 4)।
- ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਪਰਮੇਸ਼ੁਰ ਨੂੰ ਉਹ ਵਡਿਆਈ ਦਿੰਦੀ ਹੈ ਜਿਸ ਦੇ ਪਰਮੇਸ਼ੁਰ ਯੋਗ ਹੈ (ਜ਼ਬੂਰ 96:7-8)।
- ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਆਤਮਾ ਅਤੇ ਸਚਿਆਈ ਨਾਲ ਕੀਤੀ ਜਾਣ ਵਾਲੀ ਅਰਾਧਨਾ ਹੈ (ਯੂਹੰਨਾ 4:23-24)।

ਪਾਠ 1 ਦੇ ਖ਼ੁਦ ਕਰਨ ਵਾਲੇ ਕੰਮ

1. ਬਾਈਬਲ ਅਰਾਧਨਾ ਦਾ ਵਰਣਨ ਕਿਵੇਂ ਕਰਦੀ ਹੈ? ਹੇਠਾਂ ਦਿੱਤੇ ਬਚਨਾਂ ਦੇ ਆਧਾਰ ਤੇ ਇੱਕ ਸਫ਼ੇ ਦਾ ਜਵਾਬ ਲਿਖੋ:

- ਜ਼ਬੂਰ 111:1-2
- ਜ਼ਬੂਰ 147:1
- ਜ਼ਬੂਰ 150
- ਯਸਾਯਾਹ 6:1-8
- ਪਰਕਾਸ਼ ਦੀ ਪੋਥੀ 4

ਜੇ ਤੁਸੀਂ ਇੱਕ ਸਮੂਹ ਵਿੱਚ ਅਧਿਐਨ ਕਰ ਰਹੇ ਹੋ, ਤਾਂ ਆਪਣੀ ਅਗਲੀ ਕਲਾਸ ਦੀ ਮੀਟਿੰਗ ਵਿੱਚ ਆਪਣੇ ਜਵਾਬ ਬਾਰੇ ਚਰਚਾ ਕਰੋ।

2. ਅਗਲੇ ਪਾਠ ਦੇ ਸ਼ੁਰੂ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਵਿੱਚ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਕੋਰਸ ਪ੍ਰੋਜੈਕਟ
ਅਰਾਧਨਾ ਦੀ 30-ਦਿਨ ਦੀ ਯਾਤਰਾ[11]

ਤੁਸੀਂ ਇਸ ਕੋਰਸ ਦੌਰਾਨ ਇਸ ਪ੍ਰੋਜੈਕਟ ਤੇ ਕੰਮ ਕਰੋਗੇ। ਕੋਰਸ ਦੇ ਅੰਤ ਵਿੱਚ, ਤੁਸੀਂ ਦੱਸੋਗੇ ਕਿ ਤੁਸੀਂ ਇਸ ਪ੍ਰੋਜੈਕਟ ਨੂੰ ਪੂਰਾ ਕਰ ਲਿਆ ਹੈ। ਤੁਸੀਂ ਆਪਣਾ ਰੋਜਨਾਮਚਾ ਕਲਾਸ ਲੀਡਰ ਨੂੰ ਨਹੀਂ ਸੌਂਪੋਗੇ।

30 ਦਿਨਾਂ ਤੱਕ ਹਰ ਰੋਜ਼, ਤੁਸੀਂ ਪਰਮੇਸ਼ੁਰ ਦੇ ਗੁਣਾਂ ਵਿੱਚੋਂ ਇੱਕ ਗੁਣ ਤੇ ਧਿਆਨ ਜਾਂ ਮਨਨ ਕਰਨ ਵਿੱਚ ਕੁਝ ਮਿੰਟ ਬਿਤਾਓਗੇ। ਪ੍ਰੋਜੈਕਟ ਨੂੰ ਸਵੇਰੇ ਕਰਨਾ ਸਭ ਤੋਂ ਵਧੀਆ ਹੈ ਤਾਂ ਜੋ ਤੁਸੀਂ ਦਿਨ ਭਰ ਉਸ ਗੁਣ ਉੱਤੇ ਮਨਨ ਕਰ ਸਕੋ। ਮਨਨ ਕਰਨ ਦਾ ਅਰਥ ਹੈ ਕਿਸੇ ਚੀਜ਼ ਬਾਰੇ ਡੂੰਘਾਈ ਨਾਲ ਸੋਚਣਾ।

ਰੋਜਨਾਮਚੇ ਵਜੋਂ ਵਰਤਣ ਲਈ ਇੱਕ ਖਾਲੀ ਨੋਟਬੁੱਕ ਲਓ। ਹਰ ਦਿਨ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਕਰਦੇ ਹੋਏ ਪਰਮੇਸ਼ੁਰ ਨੂੰ ਖੁਦ ਨੂੰ ਤੁਹਾਡੇ ਤੇ ਪਰਗਟ ਕਰਨ ਲਈ ਕਹੋ। ਫਿਰ, ਜ਼ਬੂਰਾਂ ਦੀ ਪੋਥੀ ਨੂੰ ਖੋਲ੍ਹੋ ਅਤੇ ਪੜ੍ਹਨਾ ਸ਼ੁਰੂ ਕਰੋ। ਇਸ ਪ੍ਰੋਜੈਕਟ ਦਾ ਟੀਚਾ ਮਨਨ ਕਰਨਾ ਹੈ, ਬਹੁਤ ਜ਼ਿਆਦਾ ਪੜ੍ਹਨਾ ਨਹੀਂ। ਤੁਸੀਂ ਸਿਰਫ਼ ਇੱਕ ਆਇਤ ਜਾਂ ਇੱਕ ਪੂਰਾ ਜ਼ਬੂਰ ਪੜ੍ਹ ਸਕਦੇ ਹੋ।

ਜਦੋਂ ਤੁਸੀਂ ਪੜ੍ਹਦੇ ਹੋ, ਪਰਮੇਸ਼ੁਰ ਦੇ ਇੱਕ ਗੁਣ ਜਾਂ ਪਰਮੇਸ਼ੁਰ ਲਈ ਇੱਕ ਰੂਪਕ ਦੀ ਭਾਲ ਕਰੋ। ਇੱਕ ਗੁਣ ਪਰਮੇਸ਼ੁਰ ਦੇ ਚਰਿੱਤਰ — ਉਸ ਦੀ ਦਯਾ, ਉਸ ਦੀ ਪਵਿੱਤਰਤਾ, ਉਸ ਦੀ ਦੇਖਭਾਲ — ਦਾ ਕੋਈ ਪਹਿਲੂ ਹੈ। ਪਰਮੇਸ਼ੁਰ ਲਈ ਇੱਕ ਰੂਪਕ ਪਰਮੇਸ਼ੁਰ ਦੀ ਤੁਲਨਾ ਕਿਸੇ ਹੋਰ ਚੀਜ਼ ਨਾਲ ਕਰਦਾ ਹੈ — ਉਹ ਇੱਕ ਅਯਾਲੀ ਹੈ, ਇੱਕ ਚੱਟਾਨ ਹੈ, ਸਾਡੀ ਪਨਾਹ ਹੈ।

ਜਦੋਂ ਤੁਹਾਨੂੰ ਕੋਈ ਗੁਣ ਜਾਂ ਰੂਪਕ ਮਿਲਦਾ ਹੈ ਜੋ ਤੁਹਾਡੇ ਨਾਲ ਗੱਲ ਕਰਦਾ ਹੈ, ਤਾਂ ਉਸ ਗੁਣ ਨੂੰ ਆਪਣੇ ਰੋਜਨਾਮਚੇ ਦੇ ਕਿਸੇ ਸਫ਼ੇ ਦੇ ਸਿਖਰ ਤੇ ਲਿਖੋ। ਉਸ ਦੇ ਥੱਲੇ, ਉਹ ਆਇਤ ਲਿਖੋ ਜੋ ਉਸ ਗੁਣ ਨੂੰ ਦਰਸਾਉਂਦੀ ਹੈ।

ਗੁਣ ਬਾਰੇ ਅਤੇ ਇਹ ਪਰਮੇਸ਼ੁਰ ਬਾਰੇ ਕੀ ਕਹਿੰਦਾ ਹੈ ਸੋਚੋ। ਪ੍ਰਾਰਥਨਾ ਕਰਨ ਤੋਂ ਬਾਅਦ, ਪਰਮੇਸ਼ੁਰ ਅਤੇ ਇਸ ਗੁਣ ਬਾਰੇ ਆਪਣੇ ਵਿਚਾਰ ਲਿਖੋ। ਇਹ ਕੋਈ ਅਕਾਦਮਿਕ ਪੇਪਰ ਨਹੀਂ ਹੈ; ਇਹ ਅਰਾਧਨਾ ਦਾ ਇੱਕ ਨਿੱਜੀ ਰੋਜਨਾਮਚਾ ਹੈ। ਦਿਨ ਭਰ ਪਰਮੇਸ਼ੁਰ ਅਤੇ ਉਸ ਦੇ ਚਰਿੱਤਰ ਬਾਰੇ ਸੋਚੋ। ਉਸ ਦੇ ਲਈ ਉਸ ਦੀ ਉਸਤਤ ਕਰੋ ਜੋ ਉਹ ਹੈ। ਜਦੋਂ ਤੁਸੀਂ 30 ਦਿਨਾਂ ਤੱਕ ਅਜਿਹਾ ਕਰਦੇ ਹੋ, ਤਾਂ ਤੁਹਾਨੂੰ ਪਰਮੇਸ਼ੁਰ ਬਾਰੇ ਡੂੰਘਾ ਗਿਆਨ ਪ੍ਰਾਪਤ ਹੋਵੇਗਾ।

---

11 ਇਹ ਪ੍ਰੋਜੈਕਟ Louie Giglio, The Air I Breathe: Worship as a Way of Life (Sisters, OR: Multnomah Publishers, 2003). ਵਿੱਚੋਂ ਲਿਆ ਗਿਆ ਹੈ।

ਪਾਠ 1 ਦਾ ਇਮਤਿਹਾਨ

1. ਇਸ ਪਾਠ ਦੇ ਸ਼ੁਰੂ ਵਿੱਚ ਤੁਹਾਨੂੰ ਅਰਾਧਨਾ ਦੀਆਂ ਤਿੰਨ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਸਨ। ਉਹ ਪਰਿਭਾਸ਼ਾ ਲਿਖੋ ਜੋ ਤੁਸੀਂ ਯਾਦ ਕੀਤੀ ਹੈ।

2. ਬਾਈਬਲ ਦੇ ਅਨੁਸਾਰ ਅਰਾਧਨਾ ਦੇ ਚਾਰ ਪਹਿਲੂ ਦੱਸੋ।

3. ਜਦੋਂ ਸਾਮਰੀ ਤੀਵੀਂ ਨੇ ਅਰਾਧਨਾ ਦੇ ਭੌਤਿਕ ਸਥਾਨ ਬਾਰੇ ਬਹਿਸ ਕੀਤੀ, ਤਾਂ ਯਿਸੂ ਨੇ ਅਰਾਧਨਾ ਦੇ _____ ਸਥਾਨ ਵੱਲ ਇਸ਼ਾਰਾ ਕੀਤਾ।

4. ਜ਼ਬੂਰਾਂ ਵਿੱਚ, ਸ਼ਬਦ _____ ਅਕਸਰ ਅਰਾਧਨਾ ਦੇ ਅਨੰਦ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

5. ਯਾਕੂਬ ਦੇ ਅਨੁਸਾਰ, ਸ਼ੁੱਧ ਅਤੇ ਨਿਰਮਲ ਅਰਾਧਨਾ ਵਿੱਚ ਕਿਹੜੇ ਦੋ ਪਹਿਲੂ ਸ਼ਾਮਲ ਹਨ?

6. ਅਰਾਧਨਾ ਦੇ ਚਾਰ ਮਹੱਤਵਪੂਰਣ ਕਾਰਣ ਦੱਸੋ।

7. ਇਸ ਪਾਠ ਦੇ ਅਨੁਸਾਰ, ਉਸ ਅਰਾਧਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਕਿਹੜੀਆਂ ਹਨ ਜਿਹੜੀ ਅਰਾਧਨਾ ਪਰਮੇਸ਼ੁਰ ਸਵੀਕਾਰ ਕਰਦਾ ਹੈ?

8. ਯੂਹੰਨਾ 4:23-24 ਮੂੰਹ ਜ਼ਬਾਨੀ ਲਿਖੋ।

ਪਾਠ 2

ਪਰਮੇਸ਼ੁਰ ਅਤੇ ਅਰਾਧਕ

ਪਾਠ ਦੇ ਉਦੇਸ਼

1. ਬਾਈਬਲ ਜੋ ਤਸਵੀਰ ਪੇਸ਼ ਕਰਦੀ ਹੈ ਉਸ ਨੂੰ ਅਤੇ ਸਾਡੀ ਅਰਾਧਨਾ ਵਿੱਚ ਪਰਮੇਸ਼ੁਰ ਦੀ ਭੂਮਿਕਾ ਨੂੰ ਪਛਾਣਨਾ।
2. ਅਰਾਧਕਾਂ ਲਈ ਪਰਮੇਸ਼ੁਰ ਦੀਆਂ ਮੰਗਾਂ ਨੂੰ ਸਮਝਣਾ।
3. ਅਰਾਧਕਾਂ ਲਈ ਪਰਮੇਸ਼ੁਰ ਦੀਆਂ ਜੋ ਮੰਗਾਂ ਹਨ ਉਨ੍ਹਾਂ ਮੰਗਾਂ ਅਨੁਸਾਰ ਢਲਣ ਦੀ ਕੋਸ਼ਿਸ਼ ਕਰਨਾ।
4. ਮਨੁੱਖ ਨੂੰ ਅਰਾਧਨਾ ਲਈ ਆਪਣੀ ਹਜ਼ੂਰੀ ਵਿੱਚ ਦਾਖਲ ਹੋਣ ਦੇਣ ਦੇ ਲਈ ਪਰਮੇਸ਼ੁਰ ਦੀ ਕਿਰਪਾ ਨੂੰ ਸਲਾਹੁਣਾ।

ਇਸ ਪਾਠ ਦੇ ਲਈ ਤਿਆਰੀ

ਪਰਕਾਸ਼ ਦੀ ਪੋਥੀ 5:9-14 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

ਇੱਕ ਛੋਟਾ ਜਿਹਾ ਸਮੂਹ ਇੱਕ ਮੇਜ਼ ਦੇ ਦੁਆਲੇ ਬੈਠ ਕੇ ਹਫ਼ਤੇ ਦੇ ਬਾਈਬਲ ਅਧਿਐਨ ਵਿਸ਼ੇ ਤੇ ਚਰਚਾ ਕਰ ਰਿਹਾ ਸੀ। ਚਰਚਾ ਲਈ ਸਵਾਲ ਇਹ ਸੀ, "ਪਰਮੇਸ਼ੁਰ ਕਿਹੋ ਜਿਹਾ ਹੈ ਅਤੇ ਅਸੀਂ ਉਸ ਦੀ ਅਰਾਧਨਾ ਕਿਵੇਂ ਕਰਦੇ ਹਾਂ?"

ਸਾਰਾਹ ਸਭ ਤੋਂ ਪਹਿਲਾਂ ਬੋਲੀ। "ਜਦੋਂ ਮੈਂ ਪਰਮੇਸ਼ੁਰ ਬਾਰੇ ਸੋਚਦੀ ਹਾਂ, ਤਾਂ ਮੇਰੇ ਮਨ ਵਿੱਚ ਲੰਬੀ ਚਿੱਟੀ ਦਾੜ੍ਹੀ ਵਾਲੇ ਦਾਦਾ ਜੀ ਦਾ ਖਿਆਲ ਆਉਂਦਾ ਹੈ। ਉਹ ਸਾਨੂੰ ਪੋਤੇ-ਪੋਤੀਆਂ ਵਾਂਗ ਵੇਖਦਾ ਹੈ। ਜਦੋਂ ਅਸੀਂ ਪਾਪ ਕਰਦੇ ਹਾਂ, ਤਾਂ ਉਹ ਉਦਾਸ ਹੋ ਜਾਂਦਾ ਹੈ, ਪਰ ਉਹ ਸਾਨੂੰ ਪਿਆਰ ਕਰਦਾ ਹੈ ਅਤੇ ਸਮਝਦਾ ਹੈ ਕਿ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਮੈਨੂੰ ਨਹੀਂ ਲੱਗਦਾ ਕਿ ਪਰਮੇਸ਼ੁਰ ਨੂੰ ਇਸ ਗੱਲ ਦੀ ਪਰਵਾਹ ਹੈ ਕਿ ਅਸੀਂ ਉਸ ਦੀ ਅਰਾਧਨਾ ਕਿਵੇਂ ਕਰਦੇ ਹਾਂ ਜਦੋਂ ਤੱਕ ਅਸੀਂ ਇਹ ਵਿਖਾਉਂਦੇ ਹਾਂ ਕਿ ਅਸੀਂ ਉਸ ਨੂੰ ਪਿਆਰ ਕਰਦੇ ਹਾਂ।

ਹੰਨਾਹ ਨੇ ਜਵਾਬ ਦਿੱਤਾ। "ਮੇਰੇ ਖਿਆਲ ਵਿੱਚ ਪਰਮੇਸ਼ੁਰ ਆਸਾਨੀ ਨਾਲ ਸੰਤੁਸ਼ਟ ਨਾ ਹੋਣ ਵਾਲੇ ਪਿਤਾ ਵਰਗਾ ਹੈ। ਉਹ ਆਪਣੇ ਬੱਚਿਆਂ ਦੇ ਬਹੁਤ ਨੇੜੇ ਨਹੀਂ ਜਾਂਦਾ, ਪਰ ਉਹ ਇਹ ਜ਼ਰੂਰ ਵੇਖਦਾ ਹੈ ਕਿ ਅਸੀਂ ਆਗਿਆ ਮੰਨਦੇ ਹਾਂ ਜਾਂ ਨਹੀਂ। ਅਰਾਧਨਾ ਵਿੱਚ, ਸਾਨੂੰ ਇਹ ਵਿਖਾਉਣ ਦੀ ਲੋੜ ਹੈ ਕਿ ਅਸੀਂ ਅਧੀਨ ਅਤੇ ਆਗਿਆਕਾਰੀ ਹਾਂ। ਮੈਨੂੰ ਅਜਿਹੇ ਗੀਤ ਪਸੰਦ ਨਹੀਂ ਹਨ ਜੋ ਪਰਮੇਸ਼ੁਰ ਨੂੰ ਸਾਡਾ

ਮਿੱਤਰ ਮੰਨਦੇ ਹਨ; ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਸਾਡਾ ਸਵਰਗੀ ਪ੍ਰਭੂ ਹੈ ਅਤੇ ਅਸੀਂ ਉਸ ਦੇ ਸੇਵਕ ਹਾਂ! ਮੈਂ ਇਹ ਜਾਣਨ ਲਈ ਚਰਚ ਜਾਂਦੀ ਹਾਂ ਕਿ ਪਰਮੇਸ਼ੁਰ ਮੇਰੇ ਤੋਂ ਕੀ ਕਰਨ ਦੀ ਉਮੀਦ ਰੱਖਦਾ ਹੈ।"

ਅਬੀਗੇਲ ਇਨ੍ਹਾਂ ਵਿੱਚੋਂ ਕਿਸੇ ਵੀ ਜਵਾਬ ਤੋਂ ਸੰਤੁਸ਼ਟ ਨਹੀਂ ਸੀ। "ਮੈਂ ਪਰਮੇਸ਼ੁਰ ਨੂੰ ਇੱਕ ਮਿੱਤਰ ਵਾਂਗ ਸਮਝਦੀ ਹਾਂ। ਬਾਈਬਲ ਕਹਿੰਦੀ ਹੈ ਕਿ ਪਰਮੇਸ਼ੁਰ ਆਪਣੇ ਬੱਚਿਆਂ ਨੂੰ ਚੰਗੀਆਂ ਦਾਤਾਂ ਦੇਣਾ ਪਸੰਦ ਕਰਦਾ ਹੈ। ਮੈਂ ਇਹ ਜਾਣਨ ਲਈ ਚਰਚ ਜਾਂਦੀ ਹਾਂ ਕਿ ਪਰਮੇਸ਼ੁਰ ਮੇਰੇ ਲਈ ਕੀ ਕਰਨਾ ਚਾਹੁੰਦਾ ਹੈ। ਮੈਂ ਪ੍ਰਾਰਥਨਾ ਕਰਕੇ ਉਸ ਨੂੰ ਦੱਸਦੀ ਹਾਂ ਕਿ ਮੈਨੂੰ ਕੀ ਚਾਹੀਦਾ ਹੈ। ਮੈਂ ਇਹ ਜਾਣਨ ਲਈ ਸੰਦੇਸ਼ ਅਤੇ ਸੰਗੀਤ ਸੁਣਦੀ ਹਾਂ ਕਿ ਪਰਮੇਸ਼ੁਰ ਮੇਰੇ ਜੀਵਨ ਵਿੱਚ ਕਿਵੇਂ ਬਰਕਤ ਦੇਵੇਗਾ। ਪਰਮੇਸ਼ੁਰ ਚੰਗੀਆਂ ਦਾਤਾਂ ਦੇਣਾ ਚਾਹੁੰਦਾ ਹੈ; ਮੈਂ ਉਹ ਦਾਤਾਂ ਲੈਣ ਲਈ ਚਰਚ ਜਾਂਦੀ ਹਾਂ।"

ਇਨ੍ਹਾਂ ਵਿੱਚੋਂ ਹਰ ਇੱਕ ਔਰਤ ਦੀ ਪਰਮੇਸ਼ੁਰ ਬਾਰੇ ਵੱਖੋ-ਵੱਖਰੀ ਧਾਰਣਾ ਹੈ। ਇਸ ਕਰਕੇ, ਹਰੇਕ ਔਰਤ ਨੂੰ ਅਰਾਧਨਾ ਬੰਦਗੀ ਲਈ ਵੱਖੋ-ਵੱਖਰੀ ਉਮੀਦ ਹੁੰਦੀ ਹੈ।

ਸਾਰਾਹ ਇੱਕ ਦਾਦੇ ਵਰਗੇ ਪਰਮੇਸ਼ੁਰ ਦੀ ਉਮੀਦ ਕਰਦੀ ਹੈ ਜੋ ਸਾਡੀ ਅਰਾਧਨਾ ਦੇ ਵੇਰਵਿਆਂ ਦੀ ਬਹੁਤੀ ਪਰਵਾਹ ਨਹੀਂ ਕਰਦਾ। ਉਸ ਦੀ ਆਦਰਸ਼ ਬੰਦਗੀ ਵਿੱਚ, ਹਰੇਕ ਮਰਦ ਅਤੇ ਔਰਤ ਉਸ ਤਰੀਕੇ ਨਾਲ ਅਰਾਧਨਾ ਕਰੇਗਾ ਜੋ ਉਸ ਨੂੰ ਸਭ ਤੋਂ ਸੁਖਾਵਾਂ ਬਣਾਉਂਦਾ ਹੈ। ਸਾਰਾਹ ਮਿਲਾਪ ਵਾਲੇ ਤੰਬੂ ਵਿੱਚ ਅਰਾਧਨਾ ਬਾਰੇ ਹੈਰਾਨ ਹੋਈ ਹੋਵੇਗੀ। ਉੱਥੇ ਉਸ ਨੇ ਸਿੱਖਿਆ ਹੋਵੇਗਾ ਕਿ ਪਰਮੇਸ਼ੁਰ ਅਰਾਧਨਾ ਦੇ ਹਰ ਵੇਰਵੇ ਦੀ ਪਰਵਾਹ ਕਰਦਾ ਹੈ।

ਹੰਨਾਹ ਪਰਮੇਸ਼ੁਰ ਨੂੰ ਦੂਰ ਅਤੇ ਕਠੋਰ ਪਰਮੇਸ਼ੁਰ ਵਜੋਂ ਵੇਖਦੀ ਹੈ। ਉਹ ਜ਼ਬੂਰਾਂ ਦੀ ਗੂੜ੍ਹੀ ਭਾਸ਼ਾ ਅਤੇ ਪਰਮੇਸ਼ੁਰ ਨੂੰ ਅੱਯੂਬ ਦੀਆਂ ਸ਼ਿਕਾਇਤਾਂ ਵਿਚਲੀ ਇਮਾਨਦਾਰੀ ਤੋਂ ਅਣਸੁਖਾਵੀਂ ਹੋਵੇਗੀ। ਉਸ ਦੀ ਆਦਰਸ਼ ਅਰਾਧਨਾ ਬੰਦਗੀ ਅਰਾਧਕ ਅਤੇ ਪਰਮੇਸ਼ੁਰ ਵਿਚਕਾਰ ਦੂਰੀ ਬਣਾਈ ਰੱਖੇਗੀ। ਪ੍ਰਾਰਥਨਾ ਰਸਮੀ ਅਤੇ ਤਰਤੀਬ ਵਾਲੀ ਹੋਵੇਗੀ। ਸੰਗੀਤ ਸ਼ਾਨਦਾਰ, ਪਰ ਅਨਿੱਜ ਹੋਵੇਗਾ। ਹੰਨਾਹ ਪਹਿਲੀ ਸਦੀ ਦੀਆਂ ਘਰੇਲੂ ਕਲੀਸੀਆਵਾਂ ਵਿੱਚ ਪਾਈ ਜਾਣ ਵਾਲੀ ਨੇੜਤਾ ਦੀ ਸੰਗਤ ਦਾ ਅਨੰਦ ਨਹੀਂ ਮਾਣੇਗੀ।

ਅਬੀਗੇਲ ਦੇ ਮਨ ਵਿੱਚ, ਪਰਮੇਸ਼ੁਰ ਇੱਕ ਸੇਵਕ ਹੈ ਜੋ ਮਨੁੱਖਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੌਜੂਦ ਰਹਿੰਦਾ ਹੈ। ਜਦੋਂ ਅਬੀਗੇਲ ਬੰਦਗੀ ਤੋਂ ਜਾਣ ਲੱਗਦੀ ਹੈ, ਤਾਂ ਉਸ ਦਾ ਸਵਾਲ ਹੁੰਦਾ ਹੈ, "ਮੈਨੂੰ ਇਸ ਤੋਂ ਕੀ ਮਿਲਿਆ?" ਸੰਗੀਤ ਉਸ ਦੀਆਂ ਨਿੱਜੀ ਪਸੰਦਾਂ ਨੂੰ ਚੰਗਾ ਲੱਗਣਾ ਚਾਹੀਦਾ ਹੈ। ਪ੍ਰਾਰਥਨਾਵਾਂ ਨੂੰ ਵਿਅਕਤੀਗਤ ਲੋੜਾਂ ਤੇ ਧਿਆਨ ਦੇਣਾ ਚਾਹੀਦਾ ਹੈ। ਸੰਦੇਸ਼ ਵਿਹਾਰਕ ਹੋਣਾ ਚਾਹੀਦਾ ਹੈ ਅਤੇ ਚਾਹੀਦਾ ਹੈ ਕਿ ਇਹ ਉਸ ਦੁਆਰਾ ਮਹਿਸੂਸ ਕੀਤੀਆਂ ਜਾਣ ਵਾਲੀਆਂ ਲੋੜਾਂ ਬਾਰੇ ਗੱਲ ਕਰੇ। ਅਬੀਗੇਲ ਹੈਕਲ ਦੀ ਅਰਾਧਨਾ ਤੋਂ ਨਿਰਾਸ਼ ਹੋ ਗਈ ਹੋਵੇਗੀ। ਹੈਕਲ ਦੀ ਅਰਾਧਨਾ ਪਰਮੇਸ਼ੁਰ ਲਈ ਬਲੀਦਾਨ ਲਿਆਉਣ ਬਾਰੇ ਸੀ, ਨਾ ਕਿ ਪਰਮੇਸ਼ੁਰ ਦੇ ਮਨੁੱਖ ਲਈ ਦਾਤਾਂ ਲਿਆਉਣ ਬਾਰੇ।

ਇਨ੍ਹਾਂ ਵਿੱਚੋਂ ਹਰ ਇੱਕ ਔਰਤ ਅਜਿਹੀ ਅਰਾਧਨਾ ਬੰਦਗੀ ਦੀ ਭਾਲ ਕਰਦੀ ਹੈ ਜੋ ਪਰਮੇਸ਼ੁਰ ਬਾਰੇ ਉਸ ਦੀ ਧਾਰਣਾ ਨੂੰ ਦਰਸਾਉਂਦੀ ਹੈ। ਪਰਮੇਸ਼ੁਰ ਬਾਰੇ ਸਾਡੀ ਸਮਝ ਦਾ ਸਾਡੀ ਅਰਾਧਨਾ ਉੱਤੇ ਵੱਡਾ ਪ੍ਰਭਾਵ ਪੈਂਦਾ ਹੈ।

» ਪਰਮੇਸ਼ੁਰ ਬਾਰੇ ਤੁਹਾਡੀ ਆਪਣੀ ਧਾਰਣਾ ਤੇ ਚਰਚਾ ਕਰੋ। ਪਰਮੇਸ਼ੁਰ ਬਾਰੇ ਤੁਹਾਡੀ ਧਾਰਣਾ ਤੁਹਾਡੀ ਅਰਾਧਨਾ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

ਇਸ ਪਾਠ ਵਿੱਚ ਅਸੀਂ ਦੋ ਸਵਾਲਾਂ ਨੂੰ ਵੇਖਾਂਗੇ:

1. ਅਸੀਂ ਕਿਸ ਦੀ ਅਰਾਧਨਾ ਕਰਦੇ ਹਾਂ?

ਕਿਉਂਕਿ ਅਰਾਧਨਾ ਪਰਮੇਸ਼ੁਰ ਨੂੰ ਉਹ ਆਦਰ ਦੇਣਾ ਹੈ ਜਿਸ ਦੇ ਉਹ ਯੋਗ ਹੈ, ਅਸੀਂ ਜਿੰਨਾ ਜ਼ਿਆਦਾ ਪਰਮੇਸ਼ੁਰ ਬਾਰੇ ਜਾਣਦੇ ਹਾਂ, ਓਨਾ ਹੀ ਵਧੀਆ ਅਸੀਂ ਸੱਚੀ ਅਰਾਧਨਾ ਲਈ ਤਿਆਰ ਹੋਵਾਂਗੇ। ਪਰਮੇਸ਼ੁਰ ਬਾਰੇ ਗਲਤ ਤਸਵੀਰ ਸਾਨੂੰ ਗਲਤ ਅਰਾਧਨਾ ਵੱਲ ਲੈ ਜਾਂਦੀ ਹੈ।

ਬਾਈਬਲ ਮੂਰਤੀ-ਪੂਜਾ ਦੀ ਜੋ ਤਸਵੀਰ ਦਿੰਦੀ ਹੈ ਉਹ ਇਸ ਸਿਧਾਂਤ ਨੂੰ ਦਰਸਾਉਂਦੀ ਹੈ। ਬਆਲ ਇੱਕ ਉਪਜਾਊ ਦੇਵਤਾ ਸੀ, ਬੇਕਾਬੂ ਬਹੁਤਾਤ ਦਾ ਦੇਵਤਾ। ਬਆਲ ਦੇ ਪੁਜਾਰੀ ਕਿਵੇਂ ਪੂਜਾ ਕਰਦੇ ਸਨ? ਬੇਕਾਬੂ ਭਾਵਨਾ ਅਤੇ ਬਹੁਤਾਤ ਨਾਲ। "ਤਦ ਉਨ੍ਹਾਂ ਨੇ ਉੱਚੀ ਦੇ ਕੇ ਪੁਕਾਰਿਆ ਅਤੇ ਆਪਣੇ ਆਪ ਨੂੰ ਆਪਣੀ ਰੀਤ ਦੇ ਅਨੁਸਾਰ ਤਲਵਾਰਾਂ ਅਤੇ ਛੁਰੀਆਂ ਨਾਲ ਅਜੇਹਾ ਵੱਢਿਆ ਕਿ ਓਹ ਲਹੂ ਲੁਹਾਨ ਹੋ ਗਏ" (1 ਰਾਜਿਆਂ 18:28)।

2. ਪਰਮੇਸ਼ੁਰ ਆਪਣੇ ਅਰਾਧਕਾਂ ਤੋਂ ਕੀ ਚਾਹੁੰਦਾ ਹੈ?

ਕਿਉਂਕਿ ਪਰਮੇਸ਼ੁਰ ਪਵਿੱਤਰ ਹੈ, ਸਾਨੂੰ ਉਸ ਦੀ ਹਜ਼ੂਰੀ ਵਿੱਚ ਕਿਵੇਂ ਪ੍ਰਵੇਸ਼ ਕਰਨਾ ਚਾਹੀਦਾ ਹੈ? ਪਰਮੇਸ਼ੁਰ ਉਨ੍ਹਾਂ ਲੋਕਾਂ ਤੋਂ ਕੀ ਚਾਹੁੰਦਾ ਹੈ ਜੋ ਉਸ ਦੀ ਅਰਾਧਨਾ ਕਰਦੇ ਹਨ?

ਬਆਲ ਅਤੇ ਮੋਲਕ ਵਰਗੇ ਝੂਠੇ ਦੇਵਤੇ ਪਵਿੱਤਰ ਨਹੀਂ ਸਨ; ਉਨ੍ਹਾਂ ਦੇ ਪੁਜਾਰੀਆਂ ਨੂੰ ਪਵਿੱਤਰ ਹੋਣ ਦੀ ਲੋੜ ਨਹੀਂ ਸੀ। ਬਆਲ ਦੇ ਪੁਜਾਰੀ ਬਆਲ ਵਾਂਗ, ਨੈਤਿਕ ਤੌਰ ਤੇ ਅਪਵਿੱਤਰ ਹੋ ਗਏ ਸਨ। ਅਸੀਂ ਉਸੇ ਵਰਗੇ ਬਣ ਜਾਂਦੇ ਹਾਂ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ।

ਸੱਚਾ ਪਰਮੇਸ਼ੁਰ ਪਵਿੱਤਰ ਹੈ। ਇਸ ਕਰਕੇ, ਉਸ ਨੂੰ ਪਵਿੱਤਰ ਲੋਕਾਂ ਦੀ ਲੋੜ ਹੈ। ਯਹੋਵਾਹ ਦੇ ਅਰਾਧਕ ਯਹੋਵਾਹ ਵਰਗੇ ਬਣ ਗਏ; ਉਨ੍ਹਾਂ ਨੇ ਪਵਿੱਤਰ ਪਰਮੇਸ਼ੁਰ ਦੀ ਅਰਾਧਨਾ ਕਰਦਿਆਂ ਪਵਿੱਤਰ ਲੋਕ ਬਣਨਾ ਸੀ।

ਅਸੀਂ ਕਿਸ ਦੀ ਅਰਾਧਨਾ ਕਰਦੇ ਹਾਂ?

ਕਲਪਨਾ ਕਰੋ ਕਿ ਤੁਸੀਂ ਸੂਰਜ ਡੁੱਬਣ ਦੇ ਇੱਕ ਸੁੰਦਰ ਦ੍ਰਿਸ਼ ਦੀ ਪ੍ਰਸ਼ੰਸਾ ਕਰ ਰਹੇ ਹੋ।[12] ਅਚਾਣਕ ਤੁਸੀਂ ਸੂਰਜ ਡੁੱਬਦਾ ਵੇਖਣਾ ਬੰਦ ਕਰਕੇ ਆਪਣੀ ਤਸਵੀਰ ਲੈਣ ਲੱਗਦੇ ਹੋ: "ਮੈਂ ਸੂਰਜ ਡੁੱਬਦਾ ਵੇਖ ਰਿਹਾ ਹਾਂ।" ਇਸ ਨੂੰ "ਸੈਲਫੀ" ਕਿਹਾ ਜਾਂਦਾ ਹੈ, ਆਪਣੀ ਖੁਦ ਦੀ ਫੋਟੋ। ਤੁਹਾਡਾ ਧਿਆਨ ਸੂਰਜ ਡੁੱਬਣ ਤੋਂ ਖੁਦ ਵੱਲ ਲੱਗ ਗਿਆ। ਇੱਕ ਵਿਅਕਤੀ ਜੋ ਸੈਲਫੀ ਲੈਂਦਾ ਹੈ, ਉਹ ਉਸ ਦ੍ਰਿਸ਼ ਦੀ ਬਜਾਇ ਜੋ ਉਹ ਵੇਖ ਰਿਹਾ ਹੁੰਦਾ ਹੈ ਆਪਣੀ ਮੌਜੂਦਗੀ ਵਿੱਚ ਜ਼ਿਆਦਾ ਦਿਲਚਸਪੀ ਰੱਖਦਾ ਹੈ।

ਪਰਮੇਸ਼ੁਰ ਸਾਡੀ ਉੱਤਮ ਅਰਾਧਨਾ ਦੇ ਯੋਗ ਹੈ। ਪਰ ਜਦੋਂ ਅਸੀਂ ਉਸ ਪਰਮੇਸ਼ੁਰ ਦੀ ਬਜਾਇ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ ਆਪਣੀ ਅਰਾਧਨਾ ਦੀ ਖ਼ੂਬੀ ਤੇ ਧਿਆਨ ਕੇਂਦਰਿਤ ਕਰਦੇ ਹਾਂ, ਤਾਂ ਇਸ ਦਾ ਮਤਲਬ ਹੈ ਕਿ ਅਸੀਂ ਇੱਕ ਧਾਰਮਿਕ ਸੈਲਫੀ ਬਣਾ ਲਈ ਹੈ ("ਮੈਂ ਪਰਮੇਸ਼ੁਰ ਦੀ ਅਰਾਧਨਾ ਕਰ ਰਿਹਾ ਹਾਂ")। ਸਾਨੂੰ ਕਦੇ ਵੀ ਆਪਣੀ ਅਰਾਧਨਾ ਬੰਦਗੀ ਦੀ ਉੱਤਮਤਾ ਲਈ ਸਾਡੀ ਚਿੰਤਾ ਨੂੰ ਉਸ ਪਰਮੇਸ਼ੁਰ ਦੀ ਥਾਂ ਨਹੀਂ ਲੈਣ ਦੇਣੀ ਚਾਹੀਦੀ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ!

ਸੀ. ਐਸ. ਲੂਇਸ ਨੇ ਪਰਮੇਸ਼ੁਰ ਦੀ ਤੁਲਨਾ ਵਿੱਚ ਅਰਾਧਨਾ ਬੰਦਗੀ ਤੇ ਜ਼ਿਆਦਾ ਧਿਆਨ ਦੇਣ ਦੀ ਮੂਰਤੀ-

"ਪਰਮੇਸ਼ੁਰ, ਤੂੰ...
ਅੱਤ ਮਹਾਨ, ਉਪਮਾ ਜੋਗ ਹੈਂ;
ਅੱਤ ਦਿਆਲੂ ਅਤੇ ਅੱਤ ਧਰਮੀ ਹੈਂ;
ਅੱਤ ਗੁੱਝਾ ਅਤੇ ਅੱਤ ਵਿਆਪੀ ਹੈਂ;
ਅੱਤ ਸੁੰਦਰ ਅਤੇ ਅੱਤ ਬਲਵਾਨ ਹੈਂ;
ਹਮੇਸ਼ਾ ਕੰਮ ਕਰਦਾ ਹੈਂ, ਹਮੇਸ਼ਾ
ਅਰਾਮ ਵਿੱਚ ਹੁੰਦਾ ਹੈਂ;
ਇਕੱਠਾ ਕਰਦਾ ਹੈਂ, ਪਰ ਤੈਨੂੰ ਲੋੜ
ਕਿਸੇ ਚੀਜ਼ ਦੀ ਨਹੀਂ ਹੈ;
ਸੰਭਾਲਣ ਵਾਲਾ ਅਤੇ ਰਾਖੀ ਕਰਨ ਵਾਲਾ ਹੈਂ;
ਰਚਣ ਵਾਲਾ ਅਤੇ ਅਤੇ ਪਾਲਣ-
ਪੋਸ਼ਣ ਕਰਨ ਵਾਲਾ ਹੈਂ;
ਭਾਲਣ ਵਾਲਾ, ਪਰ ਸਭ
ਚੀਜ਼ਾਂ ਦਾ ਮਾਲਕ ਹੈਂ।"

ਅਗਸਟਿਨ ਦੀ ਪੁਸਤਕ ਵਿੱਚੋਂ ਲਿਆ ਹੈ

12 ਇਸ ਦਾ ਜ਼ਿਆਦਾਤਰ ਹਿੱਸਾ Warren Wiersbe, Real Worship, (Grand Rapids: Baker Books, 2000), Chapter 5. ਵਿੱਚੋਂ ਲਿਆ ਗਿਆ ਹੈ।

ਪੂਜਾ ਬਾਰੇ ਲਿਖਿਆ ਹੈ। ਹਾਲ ਹੀ ਵਿੱਚ, ਡੀ. ਏ. ਕਾਰਸਨ ਨੇ ਚੇਤਾਵਨੀ ਦਿੱਤੀ ਸੀ ਕਿ ਅਸੀਂ "ਪਰਮੇਸ਼ੁਰ ਦੀ ਅਰਾਧਨਾ ਕਰਨ ਦੀ ਬਜਾਇ *ਅਰਾਧਨਾ* ਦੀ ਅਰਾਧਨਾ" ਕਰਨ ਲਈ ਪਰਤਾਏ ਜਾ ਸਕਦੇ ਹਾਂ।"[13]

ਅਰਾਧਨਾ ਉਦੋਂ ਤੱਕ ਸੱਚੀ ਅਰਾਧਨਾ ਨਹੀਂ ਹੈ ਜਦੋਂ ਤੱਕ ਮੈਂ ਆਪਣੇ ਆਪ ਨੂੰ ਪਰਮੇਸ਼ੁਰ ਦੀ ਅਰਾਧਨਾ ਵਿੱਚ ਗੁਆ ਨਹੀਂ ਲੈਂਦਾ। ਸੱਚੀ ਅਰਾਧਨਾ ਵਿੱਚ ਮੈਂ ਅਰਾਧਨਾ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਦੀ ਖ਼ੂਬੀ ਨਾਲੋਂ ਪਰਮੇਸ਼ੁਰ ਵੱਲ ਜ਼ਿਆਦਾ ਧਿਆਨ ਦਿੰਦਾ ਹਾਂ। ਸੱਚੀ ਅਰਾਧਨਾ ਪਰਮੇਸ਼ੁਰ ਤੇ ਕੇਂਦਰਿਤ ਹੈ, ਮੇਰੇ ਅਰਾਧਨਾ ਅਨੁਭਵ ਦੀ ਖ਼ੂਬੀ ਤੇ ਨਹੀਂ।

ਜਿਵੇਂ ਕਿ ਅਸੀਂ ਪਾਠ 1 ਵਿੱਚ ਵੇਖਿਆ ਸੀ, ਪਹਿਲਾ ਹੁਕਮ ਸਾਨੂੰ ਦੱਸਦਾ ਹੈ ਕਿ ਅਸੀਂ ਕਿਸ ਦੀ ਅਰਾਧਨਾ ਕਰਦੇ ਹਾਂ। "ਮੈਂ ਯਹੋਵਾਹ ਤੇਰਾ ਪਰਮੇਸ਼ੁਰ ਹਾਂ... ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ" (ਕੂਚ 20:2-3)। ਕਿਉਂਕਿ ਅਰਾਧਨਾ ਦਾ ਅਰਥ ਹੈ ਪਰਮੇਸ਼ੁਰ ਨੂੰ ਉਹ ਆਦਰ ਦੇਣਾ ਜਿਸ ਦੇ ਉਹ ਯੋਗ ਹੈ, ਇਸ ਲਈ ਅਰਾਧਨਾ ਦਾ ਅਧਿਐਨ ਇਹ ਪੁੱਛਣ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਕੌਣ ਹੈ? ਪਰਕਾਸ਼ ਦੀ ਪੋਥੀ ਦੇ ਚਾਰ ਭਜਨ ਇਸ ਸਵਾਲ ਦਾ ਅਧੂਰਾ ਜਵਾਬ ਦਿੰਦੇ ਹਨ।

ਅਸੀਂ ਸਿਰਜਣਹਾਰ ਦੀ ਅਰਾਧਨਾ ਕਰਦੇ ਹਾਂ (ਪਰਕਾਸ਼ ਦੀ ਪੋਥੀ 4)

» ਪਰਕਾਸ਼ ਦੀ ਪੋਥੀ 4 ਨੂੰ ਉੱਚੀ ਅਵਾਜ਼ ਵਿੱਚ ਪੜ੍ਹੋ। ਸਵਰਗੀ ਦ੍ਰਿਸ਼ ਦੀ ਕਲਪਨਾ ਕਰਨ ਲਈ ਸਮਾਂ ਕੱਢੋ। ਇਹ ਅਧਿਆਇ ਸਾਨੂੰ ਉਸ ਪਰਮੇਸ਼ੁਰ ਬਾਰੇ ਕੀ ਦੱਸਦਾ ਹੈ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ?

ਪਰਕਾਸ਼ ਦੀ ਪੋਥੀ 4 ਅਧਿਆਇ ਦੀ ਖਿੜਕੀ ਸਵਰਗ ਵਿੱਚ ਖੁੱਲ੍ਹੀ ਹੋਣ ਕਰਕੇ ਇਹ ਸਾਨੂੰ ਉਸ ਸਿਰਜਣਹਾਰ ਦੀ ਇੱਕ ਝਲਕ ਦਿੰਦੀ ਹੈ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ।

ਸਿਰਜਣਹਾਰ ਸੰਪੂਰਨ ਪ੍ਰਭੁਤਾ ਰੱਖਦਾ ਹੈ।

ਪਰਮੇਸ਼ੁਰ ਸਵਰਗ ਵਿੱਚ ਸਿੰਘਾਸਣ ਉੱਤੇ ਬਿਰਾਜਮਾਨ ਹੈ। ਇਸ ਅਧਿਆਇ ਵਿੱਚ *ਸਿੰਘਾਸਣ* ਸ਼ਬਦ ਦੀ ਵਰਤੋਂ 14 ਵਾਰ ਕੀਤੀ ਗਈ ਹੈ। ਉਹ ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ ਹੈ; ਉਹ ਅੱਤ ਮਹਾਨ ਹੈ। ਜ਼ਰੂਰੀ ਹੈ ਕਿ ਅਰਾਧਨਾ ਹਮੇਸ਼ਾ ਪਰਮੇਸ਼ੁਰ ਦੀ ਸੰਪੂਰਨ ਪ੍ਰਭੁਤਾ ਨੂੰ ਪਛਾਣੇ। ਅਰਾਧਨਾ ਵਿੱਚ, ਅਸੀਂ ਸਰਬ ਸ਼ਕਤੀਮਾਨ ਪਰਮੇਸ਼ੁਰ ਦੇ ਪ੍ਰਤੀ ਆਪਣੀ ਅਧੀਨਗੀ ਪਰਗਟ ਕਰਦੇ ਹਾਂ। ਉਹ ਪ੍ਰੇਮੀ ਪਿਤਾ ਹੈ, ਪਰ ਉਹ ਅੱਤ ਮਹਾਨ ਹੈ।

ਸਿਰਜਣਹਾਰ ਪਵਿੱਤਰ ਹੈ।

ਸਾਰੇ ਬਚਨ ਵਿੱਚ ਪਰਮੇਸ਼ੁਰ ਨੂੰ ਇੱਕ ਪਵਿੱਤਰ ਪਰਮੇਸ਼ੁਰ ਵਜੋਂ ਵੇਖਿਆ ਜਾਂਦਾ ਹੈ।

- ਪਰਮੇਸ਼ੁਰ ਇਸਰਾਏਲੀਆਂ ਨੂੰ ਕਹਿੰਦਾ ਹੈ, "ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਪਵਿੱਤ੍ਰ ਹਾਂ" (ਲੇਵੀਆਂ 19:2)
- ਪਰਮੇਸ਼ੁਰ ਦੀ ਉਸਤਤ ਕੀਤੀ ਗਈ ਹੈ, "ਤੂੰ ਤਾਂ ਪਵਿੱਤਰ ਹੈਂ, ਤੂੰ ਜੋ ਇਸਰਾਏਲ ਦੀਆਂ ਉਸਤਤਾਂ ਵਿੱਚ ਵੱਸਦਾ ਹੈਂ" (ਜ਼ਬੂਰ 22:3)
- ਯਸਾਯਾਹ ਨਬੀ ਨੇ ਦੂਤਾਂ ਨੂੰ ਸਿੰਘਾਸਣ ਦੇ ਦੁਆਲੇ ਅਰਾਧਨਾ ਕਰਦੇ ਹੋਏ ਵੇਖਿਆ, "ਪਵਿੱਤ੍ਰ, ਪਵਿੱਤ੍ਰ, ਪਵਿੱਤ੍ਰ, ਸੈਨਾਂ ਦਾ ਯਹੋਵਾਹ, ਸਾਰੀ ਧਰਤੀ ਉਹ ਦੇ ਪਰਤਾਪ ਨਾਲ ਭਰੀ ਹੋਈ ਹੈ" (ਯਸਾਯਾਹ 6:3)
- ਰਸੂਲ ਯੂਹੰਨਾ ਸਵਰਗ ਵਿੱਚ ਵੇਖਦਾ ਹੈ, ਜਿੱਥੇ ਬਜ਼ੁਰਗ ਪੁਕਾਰ ਕੇ ਕਹਿੰਦੇ ਹਨ, "ਪਵਿੱਤਰ, ਪਵਿੱਤਰ, ਪਵਿੱਤਰ ਹੈ ਪ੍ਰਭੂ ਪਰਮੇਸ਼ੁਰ, ਸਰਬ ਸ਼ਕਤੀਮਾਨ, ਜਿਹੜਾ ਹੈਸੀ ਅਤੇ ਹੈ ਅਤੇ ਆਉਣ ਵਾਲਾ ਹੈ!" (ਪਰਕਾਸ਼ ਦੀ ਪੋਥੀ 4:8)।

---

13 D.A. Carson, Worship by the Book, (Grand Rapids: Zondervan, 2002), 31. ਤੋਂ ਲਿਆ ਗਿਆ ਹੈ।

ਅਸੀਂ ਪਵਿੱਤਰ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ।

ਸਿਰਜਣਹਾਰ ਸਦੀਪਕ ਹੈ।

ਉਹ ਹੈਸੀ ਅਤੇ ਹੈ ਅਤੇ ਆਉਣ ਵਾਲਾ ਹੈ (ਪਰਕਾਸ਼ ਦੀ ਪੋਥੀ 4:8)।

ਦਾਊਦ ਨੇ ਸ੍ਰਿਸ਼ਟੀ ਦੇ ਅਚੰਭੇ ਵੱਲ ਪਰਮੇਸ਼ੁਰ ਦੀ ਮਹਿਮਾ ਦੀ ਇੱਕ ਖਿੜਕੀ ਦੇ ਰੂਪ ਇਸ਼ਾਰਾ ਕੀਤਾ। "ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਨਣ ਕਰਦੇ ਹਨ, ਅਤੇ ਅੰਬਰ ਉਸ ਦੀ ਦਸਤਕਾਰੀ ਵਿਖਾਲਦਾ ਹੈ" (ਜ਼ਬੂਰ 19:1)। ਉਤਪਤ ਦਾ ਪਹਿਲਾ ਅਧਿਆਇ ਸਿਰਜਣਹਾਰ ਪਰਮੇਸ਼ੁਰ ਨਾਲ ਸ਼ੁਰੂ ਹੁੰਦਾ ਹੈ; ਬਾਈਬਲ ਦੀ ਆਖ਼ਰੀ ਪੁਸਤਕ ਸਾਨੂੰ ਦੁਬਾਰਾ ਚੇਤੇ ਕਰਾਉਂਦੀ ਹੈ ਕਿ ਪਰਮੇਸ਼ੁਰ ਸਿਰਜਣਹਾਰ ਹੈ ਅਤੇ ਉਹ ਆਪਣੇ ਬਣਾਏ ਹੋਏ ਜੀਵ ਜੰਤੂਆਂ ਉੱਤੇ ਸਦਾ ਲਈ ਰਾਜ ਕਰੇਗਾ।

ਇਸ ਗੱਲ ਉੱਤੇ ਦਿੱਤਾ ਗਿਆ ਇਹ ਜ਼ੋਰ ਅਰਾਧਨਾ ਲਈ ਉਚਿਤ ਮਹੱਤਵ ਨੂੰ ਵਿਖਾਉਂਦਾ ਹੈ। ਅਸੀਂ ਜੋ ਸਿਰਜੇ ਹੋਏ ਹਾਂ ਸਿਰਜਣਹਾਰ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ। ਅਰਾਧਨਾ ਠੀਕ ਉਸ ਦੇ ਬਾਰੇ ਹੈ, ਸਾਡੇ ਬਾਰੇ ਨਹੀਂ। ਜਦੋਂ ਅਸੀਂ ਆਪਣੇ ਆਪ ਨੂੰ ਸਿਰਜਣਹਾਰ ਦੀ ਅਰਾਧਨਾ ਵਿੱਚ ਗੁਆ ਦਿੰਦੇ ਹਾਂ, ਅਕਾਸ਼ ਫਿਰ ਉਸ ਦੀ ਮਹਿਮਾ ਦਾ ਵਰਨਣ ਕਰਦੇ ਹਨ।

ਅਸੀਂ ਮੁਕਤੀਦਾਤਾ ਦੀ ਅਰਾਧਨਾ ਕਰਦੇ ਹਾਂ (ਪਰਕਾਸ਼ ਦੀ ਪੋਥੀ 5)

» ਪਰਕਾਸ਼ ਦੀ ਪੋਥੀ 5 ਨੂੰ ਉੱਚੀ ਅਵਾਜ਼ ਵਿੱਚ ਪੜ੍ਹੋ। ਇਹ ਸ਼ਾਨਦਾਰ ਦ੍ਰਿਸ਼ ਸਾਨੂੰ ਉਸ ਪਰਮੇਸ਼ੁਰ ਬਾਰੇ ਕੀ ਦੱਸਦਾ ਹੈ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ?

ਮਸੀਹੀ ਹੋਣ ਦੇ ਨਾਤੇ, ਜਦੋਂ ਅਸੀਂ ਯਾਦ ਕਰਦੇ ਹਾਂ ਕਿ ਕਾਇਨਾਤ ਦੇ ਰਾਜੇ ਨੇ ਸਾਡੀ ਮੁਕਤੀ ਦਾ ਪ੍ਰਬੰਧ ਕੀਤਾ ਹੈ, ਤਾਂ ਸਾਡੇ ਅੰਦਰ ਅਚੰਭੇ ਦਾ ਭਾਵ ਹਮੇਸ਼ਾ ਰਹਿਣਾ ਚਾਹੀਦਾ ਹੈ। ਪਰਕਾਸ਼ ਦੀ ਪੋਥੀ 5 ਵਿੱਚ, ਅਸੀਂ ਵੇਖਦੇ ਹਾਂ ਕਿ ਪਰਮੇਸ਼ੁਰ ਦੇ ਲੇਲੇ, ਜਗਤ ਦੇ ਮੁਕਤੀਦਾਤਾ, ਦੀ ਅਰਾਧਨਾ ਕੀਤੀ ਗਈ ਹੈ। ਪਰਕਾਸ਼ ਦੀ ਪੋਥੀ ਵਿੱਚ ਯਿਸੂ ਨੂੰ 28 ਵਾਰ "ਲੇਲਾ" ਕਿਹਾ ਗਿਆ ਹੈ। ਇਹ ਪਰਕਾਸ਼ ਦੀ ਪੋਥੀ ਵਿੱਚ ਮੁੱਖ ਚਿੱਤਰਾਂ ਵਿੱਚੋਂ ਇੱਕ ਹੈ।

ਅਸੀਂ ਮੁਕਤੀਦਾਤਾ ਦੀ ਅਰਾਧਨਾ ਜੋ ਉਹ ਹੈ ਉਸ ਦੇ ਲਈ ਕਰਦੇ ਹਾਂ।

ਉਹ ਬਬਰ ਸ਼ੇਰ ਜਿਹੜਾ ਯਹੂਦਾਹ ਦੇ ਗੋਤ ਵਿੱਚੋਂ ਹੈ ਅਤੇ ਦਾਊਦ ਦੀ ਜੜ੍ਹ ਹੈ। ਉਹ ਲੇਲਾ ਹੈ ਜਿਹੜਾ ਕੋਹਿਆ ਗਿਆ ਸੀ। ਉਹ ਲੇਲਾ ਹੈ ਜਿਹ ਦੇ ਸੱਤ ਸਿੰਙ ਅਤੇ ਸੱਤ ਅੱਖੀਆਂ ਸਨ (ਪਰਕਾਸ਼ ਦੀ ਪੋਥੀ 5:6), ਸੰਪੂਰਨਤਾ ਦਾ ਪ੍ਰਤੀਕ। ਅਰਾਧਨਾ ਵਿੱਚ, ਅਸੀਂ ਯਿਸੂ ਦੀ ਸ਼ਖਸੀਅਤ ਦੇ ਲਈ ਉਸ ਦਾ ਆਦਰ ਕਰਦੇ ਹਾਂ। ਅਰਾਧਨਾ "ਮਸੀਹ ਦੀਆਂ ਸ਼ਾਨਦਾਰ ਸੰਪੂਰਨਤਾਵਾਂ ਦਾ ਤਿਉਹਾਰ" ਹੈ (ਜੌਨ ਪਾਈਪਰ)।

ਅਸੀਂ ਮੁਕਤੀਦਾਤਾ ਦੀ ਅਰਾਧਨਾ ਉਸ ਥਾਂ ਦੇ ਲਈ ਕਰਦੇ ਹਾਂ ਜਿੱਥੇ ਉਹ ਹੈ।

ਪਰਕਾਸ਼ ਦੀ ਪੋਥੀ 5:6 ਵਿੱਚ, ਯਿਸੂ ਸਵਰਗ ਵਿੱਚ ਚੱਲ ਰਹੀ ਅਰਾਧਨਾ ਦਾ ਕੇਂਦਰ ਹੈ। ਉਹ ਸਿੰਘਾਸਣ ਅਤੇ ਚੌਹਾਂ ਜੰਤੂਆਂ ਦੇ ਵਿਚਾਲੇ ਅਤੇ ਬਜ਼ੁਰਗਾਂ ਦੇ ਵਿਚਾਲੇ ਹੈ। ਇਬਰਾਨੀਆਂ ਦਾ ਲੇਖਕ ਇਹ ਸ਼ਾਨਦਾਰ ਵਾਅਦਾ ਦਿੰਦਾ ਹੈ ਕਿ ਸਾਡੀ ਸਿਫ਼ਾਰਸ਼ ਕਰਨ ਵਾਲਾ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬੈਠਾ ਹੈ (ਇਬਰਾਨੀਆਂ 12:2)।

ਅਸੀਂ ਮੁਕਤੀਦਾਤਾ ਨੇ ਜੋ ਕੀਤਾ ਹੈ ਉਸ ਦੇ ਲਈ ਉਸ ਦੀ ਅਰਾਧਨਾ ਕਰਦੇ ਹਾਂ।

ਪਰਮੇਸ਼ੁਰ ਦੀ ਕੀਮਤ ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਵਿੱਚ, ਕੁਝ ਸਿਖਾਉਣ ਵਾਲਿਆਂ ਨੇ ਗਲਤ ਸੁਝਾਅ ਦਿੱਤਾ ਹੈ ਕਿ ਸਾਨੂੰ ਪਰਮੇਸ਼ੁਰ ਦੀ ਅਰਾਧਨਾ ਸਿਰਫ਼ ਉਸ ਲਈ ਕਰਨੀ ਚਾਹੀਦੀ ਹੈ ਜੋ ਉਹ ਹੈ, ਨਾ ਕਿ ਉਸ ਦੇ ਲਈ ਜੋ ਉਹ ਸਾਡੇ ਲਈ ਕਰਦਾ ਹੈ।

ਯੂਹੰਨਾ ਦੀ ਪਰਕਾਸ਼ ਦੀ ਪੋਥੀ ਵਿਖਾਉਂਦੀ ਹੈ ਕਿ ਸਵਰਗੀ ਅਰਾਧਨਾ ਉਸ ਦੇ ਲਈ ਲੇਲੇ ਦੀ ਉਸਤਤ ਕਰਦੀ ਹੈ ਜੋ ਉਸ ਨੇ ਕੀਤਾ ਹੈ। "ਲੇਲਾ ਜਿਹੜਾ ਕੋਹਿਆ ਗਿਆ ਸੀ ਜੋਗ ਹੈ..." (ਪਰਕਾਸ਼ ਦੀ ਪੋਥੀ 5:12)।

ਇਹ ਨਮੂਨਾ ਜ਼ਬੂਰਾਂ ਦੀ ਪੋਥੀ ਵਿੱਚ ਵੇਖਿਆ ਗਿਆ ਹੈ। ਜ਼ਬੂਰ 134 ਸਾਨੂੰ ਯਹੋਵਾਹ ਨੂੰ ਮੁਬਾਰਕ ਆਖਣ ਦਾ ਹੁਕਮ ਦਿੰਦਾ ਹੈ। ਇਹ ਕੋਈ ਕਾਰਣ ਨਹੀਂ ਦਿੰਦਾ; ਅਸੀਂ ਉਸ ਦੀ ਉਸਤਤ ਕਰਦੇ ਹਾਂ ਕਿਉਂਕਿ ਉਹ ਪਰਮੇਸ਼ੁਰ ਹੈ। ਇਸ ਤੋਂ ਬਾਅਦ ਜ਼ਬੂਰ 135-136 ਹਨ ਜੋ ਪਰਮੇਸ਼ੁਰ ਦੀ ਉਸ ਲਈ ਉਸਤਤ ਕਰਦੇ ਹਨ ਜੋ ਉਸ ਨੇ ਇਸਰਾਏਲ ਦੇ ਇਤਿਹਾਸ ਵਿੱਚ ਕੀਤਾ ਹੈ। ਪਰਮੇਸ਼ੁਰ ਦਾ ਚਰਿੱਤਰ, ਸਗੋਂ ਉਸ ਦੇ ਸ਼ਕਤੀਸ਼ਾਲੀ ਕੰਮ ਵੀ, ਉਸਤਤ ਦੇ ਯੋਗ ਹਨ। ਸਾਨੂੰ ਪਰਮੇਸ਼ੁਰ ਦੀ ਉਸਤਤ ਉਸ ਲਈ ਕਰਨੀ ਚਾਹੀਦੀ ਹੈ ਜੋ ਉਹ ਹੈ **ਅਤੇ** ਜੋ ਉਸ ਨੇ ਕੀਤਾ ਹੈ।

ਅਸੀਂ ਰਾਜੇ ਦੀ ਅਰਾਧਨਾ ਕਰਦੇ ਹਾਂ (ਪਰਕਾਸ਼ ਦੀ ਪੋਥੀ 11:15-18)

ਪਰਕਾਸ਼ ਦੀ ਪੋਥੀ 11 ਸਵਰਗੀ ਅਰਾਧਨਾ ਦਾ ਇੱਕ ਹੋਰ ਦ੍ਰਿਸ਼ ਪੇਸ਼ ਕਰਦੀ ਹੈ। ਇਸ ਦ੍ਰਿਸ਼ ਵਿੱਚ, ਬਜ਼ੁਰਗ ਉਸ ਰਾਜੇ ਦੀ ਅਰਾਧਨਾ ਕਰਦੇ ਹਨ ਜਿਸ ਨੇ ਆਪਣਾ ਉਹ ਸਿੰਘਾਸਣ ਜਿਸ ਦਾ ਉਹ ਹੱਕਦਾਰ ਹੈ, ਲੈ ਲਿਆ ਹੈ। ਭਾਵੇਂ ਧਰਤੀ ਦੇ ਰਾਜ ਉਸ ਦੇ ਵਿਰੁੱਧ ਬਗਾਵਤ ਕਰਦੇ ਹਨ, ਉਨ੍ਹਾਂ ਨੂੰ ਆਖ਼ਰਕਾਰ ਉਸ ਦੇ ਇਖ਼ਤਿਆਰ ਅੱਗੇ ਸਮਰਪਣ ਕਰਨਾ ਪੈਣਾ ਹੈ। "ਜਗਤ ਦਾ ਰਾਜ ਸਾਡੇ ਪ੍ਰਭੂ ਦਾ ਅਤੇ ਉਹ ਦੇ ਮਸੀਹ ਦਾ ਹੋ ਗਿਆ ਹੈ, ਅਤੇ ਉਹ ਜੁੱਗੋ ਜੁੱਗ ਰਾਜ ਕਰੇਗਾ" (ਪਰਕਾਸ਼ ਦੀ ਪੋਥੀ 11:15)।

ਇਸ ਭਜਨ ਵਿੱਚ, ਰਾਜੇ ਦੀ ਜਗਤ ਉੱਤੇ ਉਸ ਦੇ ਧਰਮੀ ਨਿਆਉਂ ਲਈ ਉਸਤਤ ਕੀਤੀ ਗਈ ਹੈ। ਇਹ ਭਜਨ ਸਾਨੂੰ ਚੇਤੇ ਕਰਾਉਂਦਾ ਹੈ ਕਿ ਪਰਮੇਸ਼ੁਰ ਵੱਡੀ ਸਮਰੱਥਾ ਨਾਲ ਰਾਜ ਕਰਦਾ ਹੈ। ਭਾਵੇਂ ਕੌਮਾਂ ਕ੍ਰੋਧਵਾਨ ਹੋਈਆਂ, ਪਰਮੇਸ਼ੁਰ ਨੇ ਉਨ੍ਹਾਂ ਦਾ ਜਥਾਰਥ ਨਿਆਉਂ ਕੀਤਾ।

ਅਰਾਧਨਾ ਸਚਿਆਈ ਨਾਲ ਅਰਾਧਨਾ ਕਰਨਾ ਹੈ। ਸੱਚੀ ਅਰਾਧਨਾ ਪਰਮੇਸ਼ੁਰ ਦੇ ਅਦਭੁਤ ਨਿਆਵਾਂ ਦੇ ਮਹੱਤਵ ਨੂੰ ਘੱਟ ਨਹੀਂ ਕਰਦੀ। ਦੁਬਾਰਾ ਫਿਰ, ਪਰਕਾਸ਼ ਦੀ ਪੋਥੀ ਦੀ ਅਰਾਧਨਾ ਜ਼ਬੂਰਾਂ ਦੀ ਅਰਾਧਨਾ ਦੇ ਨਾਲ ਮੇਲ ਖਾਂਦੀ ਹੈ। ਜ਼ਬੂਰ 96 ਯਹੋਵਾਹ ਲਈ ਇੱਕ ਨਵਾਂ ਗੀਤ ਹੈ। ਇਸ ਗੀਤ ਵਿੱਚ ਕੌਮਾਂ ਦੇ ਵਿੱਚ ਪਰਮੇਸ਼ੁਰ ਦੀ ਉਸਤਤ ਕੀਤੀ ਗਈ ਹੈ। ਸਾਰੇ ਦੇਵਤਿਆਂ ਨਾਲੋਂ ਉਹ ਭੈ ਦਾਇਕ ਹੈ। ਉਸ ਦੀ ਉਸਤਤ ਕੀਤੀ ਜਾਂਦੀ ਹੈ ਕਿਉਂਕਿ ਉਹ ਲੋਕਾਂ ਦਾ ਜਥਾਰਥ ਨਿਆਉਂ ਕਰੇਗਾ। ਸੱਚੀ ਅਰਾਧਨਾ ਜਾਣਦੀ ਹੈ ਕਿ ਸਾਨੂੰ ਪਰਮੇਸ਼ੁਰ ਤੋਂ ਡਰਨਾ ਚਾਹੀਦਾ ਹੈ; ਅਸੀਂ ਉਸ ਦੀ ਰਾਜੇ ਵਜੋਂ ਅਰਾਧਨਾ ਕਰਦੇ ਹਾਂ।

ਅਸੀਂ ਜਿੱਤਣ ਵਾਲੇ ਲਾੜੇ ਦੀ ਅਰਾਧਨਾ ਕਰਦੇ ਹਾਂ (ਪਰਕਾਸ਼ ਦੀ ਪੋਥੀ 19:1-9)

ਬਾਈਬਲ ਸਰਵੇਖਣ ਕਲਾਸ ਵਿੱਚ, ਇੱਕ ਸਿਖਾਉਣ ਵਾਲੇ ਨੇ ਪੁੱਛਿਆ, "ਤੁਹਾਡੇ ਵਿੱਚੋਂ ਕਿੰਨੇ ਲੋਕ ਪਰਕਾਸ਼ ਦੀ ਪੋਥੀ ਦਾ ਅਨੰਦ ਮਾਣਦੇ ਹਨ?" ਬਹੁਤ ਘੱਟ ਵਿਦਿਆਰਥੀਆਂ ਨੇ ਹੱਥ ਖੜ੍ਹੇ ਕੀਤੇ। ਜਦੋਂ ਟੀਚਰ ਨੇ ਪੁੱਛਿਆ, "ਤੁਸੀਂ ਪਰਕਾਸ਼ ਦੀ ਪੋਥੀ ਨੂੰ ਨਾਪਸੰਦ ਕਿਉਂ ਕਰਦੇ ਹੋ?" ਇੱਕ ਵਿਦਿਆਰਥੀ ਨੇ ਜਵਾਬ ਦਿੱਤਾ, "ਇਹ ਡਰਾਉਣੀ ਹੈ!"

ਇਨ੍ਹਾਂ ਵਿਦਿਆਰਥੀਆਂ ਨੂੰ ਪਰਕਾਸ਼ ਦੀ ਪੋਥੀ ਡਰਾਉਣੀ ਲੱਗਣ ਦਾ ਕਾਰਣ ਇਹ ਹੈ ਕਿ ਉਹ ਪੁਸਤਕ ਦੇ ਸਭ ਤੋਂ ਵਧੀਆ ਹਿੱਸਿਆਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਉਹ ਉਨ੍ਹਾਂ ਨਿਆਵਾਂ ਉੱਤੇ ਧਿਆਨ ਕੇਂਦਰਿਤ ਕਰਦੇ ਹਨ ਜੋ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਨ ਵਾਲਿਆਂ ਉੱਤੇ ਪੈਂਦੇ ਹਨ। ਇਹ ਪਰਕਾਸ਼ ਦੀ ਪੋਥੀ ਦਾ ਇੱਕ ਮਹੱਤਵਪੂਰਣ ਸੰਦੇਸ਼ ਹੈ। ਪਰ ਮਸੀਹੀ ਲੋਕਾਂ ਲਈ, ਪਰਕਾਸ਼ ਦੀ ਪੋਥੀ ਦਾ ਮੁੱਖ ਸੰਦੇਸ਼ ਸਾਡੇ ਪਰਮੇਸ਼ੁਰ ਦੀ ਅੰਤਮ ਜਿੱਤ ਹੈ!

ਪਰਕਾਸ਼ ਦੀ ਪੋਥੀ 19 ਅਧਿਆਇ ਇਸ ਸੰਦੇਸ਼ ਨੂੰ ਸਪਸ਼ਟ ਕਰਦਾ ਹੈ। ਅਧਿਆਇ ਵਿੱਚ ਅੱਗ ਦੀ ਝੀਲ ਦਾ ਵਰਣਨ ਸ਼ਾਮਲ ਹੈ ਜੋ ਗੰਧਕ ਨਾਲ ਬਲਦੀ ਹੈ (ਪਰਕਾਸ਼ ਦੀ ਪੋਥੀ 19:20) ਅਤੇ ਪੰਛੀਆਂ ਦਾ ਜੋ ਰਾਜਿਆਂ ਦਾ ਮਾਸ, ਫੌਜ ਦੇ ਸਰਦਾਰਾਂ ਦਾ ਮਾਸ ਅਤੇ ਮਹਾ ਬਲੀਆਂ ਦਾ ਮਾਸ ਖਾਂਦੇ ਹਨ... (ਪਰਕਾਸ਼ ਦੀ ਪੋਥੀ 19:18) ਇਹ ਹੈ ਰਾਜੇ ਦੇ ਵਿਰੁੱਧ ਬਗਾਵਤ ਕਰਨ ਵਾਲਿਆਂ ਦੀ ਮੰਜਿਲ। ਉਨ੍ਹਾਂ ਲਈ ਜੋ ਆਦਰਪੂਰਨ ਅਧੀਨਗੀ ਨਾਲ ਰਾਜੇ ਦੀ ਅਰਾਧਨਾ ਕਰਦੇ ਹਨ, ਪਰਕਾਸ਼ ਦੀ ਪੋਥੀ 19 ਅਨੰਦ ਦਾ ਇੱਕ ਗੀਤ ਹੈ। ਵੱਡੀ ਕੰਜਰੀ

ਜਿਨ ਆਪਣੀ ਹਰਾਮਕਾਰੀ ਨਾਲ ਧਰਤੀ ਨੂੰ ਵਿਗਾੜਿਆ ਸੀ (ਪਰਕਾਸ਼ ਦੀ ਪੋਥੀ 19:2) ਨਾਸ ਹੋ ਗਈ ਹੈ। ਲਾੜਾ ਆਪਣੇ ਦੁਸ਼ਮਣਾਂ ਨੂੰ ਜਿੱਤ ਲੈਂਦਾ ਹੈ ਅਤੇ ਆਪਣੀ ਪਵਿੱਤਰ ਲਾੜੀ ਦਾ ਲੇਲੇ ਦੇ ਵਿਆਹ ਦੀ ਦਾਉਤ ਵਿੱਚ ਸੁਆਗਤ ਕਰਦਾ ਹੈ (ਪਰਕਾਸ਼ ਦੀ ਪੋਥੀ 19:9)

ਇਸ ਵੱਡੀ ਜਿੱਤ ਦੇ ਜਵਾਬ ਵਿੱਚ, ਯੂਹੰਨਾ ਨੇ "ਵੱਡੀ ਭੀੜ ਦੀ ਅਵਾਜ਼ ਜਿਹੀ ਅਤੇ ਬਾਹਲਿਆਂ ਪਾਣੀਆਂ ਦੀ ਅਵਾਜ਼ ਜਿਹੀ ਅਤੇ ਬੱਦਲ ਦੀਆਂ ਡਾਢੀਆਂ ਗਰਜਾਂ ਦੀ ਅਵਾਜ਼ ਜਿਹੀ ਇਹ ਆਖਦੇ ਸੁਣੀ, - 'ਹਲਲੂਯਾਹ! ਪ੍ਰਭੂ ਸਾਡਾ ਪਰਮੇਸ਼ੁਰ ਸਰਬ ਸ਼ਕਤੀਮਾਨ ਰਾਜ ਕਰਦਾ ਹੈ! ਆਓ, ਅਸੀਂ ਅਨੰਦ ਕਰੀਏ ਅਤੇ ਨਿਹਾਲ ਹੋਈਏ, ਅਤੇ ਉਹ ਦੀ ਵਡਿਆਈ ਕਰੀਏ, ਲੇਲੇ ਦਾ ਵਿਆਹ ਜੋ ਆ ਗਿਆ ਹੈ, ਅਤੇ ਉਹ ਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ'" (ਪਰਕਾਸ਼ ਦੀ ਪੋਥੀ 19:6-7)

ਅਰਾਧਨਾ ਵਿੱਚ, ਅਸੀਂ ਜੇਤੂ ਲਾੜੇ ਦੀ ਉਸਤਤ ਕਰਦੇ ਹਾਂ। ਸਾਡੀ ਅਰਾਧਨਾ ਉਸ ਭਵਿੱਖ ਦੀ ਉਡੀਕ ਕਰਦੀ ਹੈ ਜੋ ਯਿਸੂ ਆਪਣੀ ਲਾੜੀ ਲਈ ਤਿਆਰ ਕਰ ਰਿਹਾ ਹੈ। ਅਰਾਧਨਾ ਮਹੱਤਵਪੂਰਣ ਹੋਣ ਦਾ ਇੱਕ ਕਾਰਣ ਇਹ ਹੈ ਕਿ ਅਰਾਧਨਾ ਸਾਨੂੰ ਵਿਰੋਧੀ ਸੰਸਾਰ ਵਿੱਚ ਇੱਕ ਜੇਤੂ ਮਸੀਹੀ ਜੀਵਨ ਜਿਉਣ ਲਈ ਸ਼ਕਤੀ ਪ੍ਰਦਾਨ ਕਰਦੀ ਹੈ। ਅਰਾਧਨਾ ਵਿੱਚ, ਅਸੀਂ ਯਾਦ ਕਰਦੇ ਹਾਂ ਕਿ "ਅਸੀਂ ਸੁਰਗ ਦੀ ਪਰਜਾ ਹਾਂ ਜਿੱਥੇ ਅਸੀਂ ਇੱਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ ਜਿਹੜਾ ਆਪਣੀ ਸ਼ਕਤੀ ਦੇ ਅਨੁਸਾਰ ਜਿਹ ਦੇ ਨਾਲ ਉਹ ਸਭਨਾਂ ਵਸਤਾਂ ਨੂੰ ਆਪਣੇ ਵੱਸ ਵਿੱਚ ਕਰ ਸੱਕਦਾ ਹੈ ਸਾਡੀ ਦੀਨਤਾ ਦੇ ਸਰੀਰ ਨੂੰ ਵਟਾ ਕੇ ਆਪਣੇ ਤੇਜ ਦੇ ਸਰੀਰ ਦੀ ਨਿਆਈਂ ਬਣਾਵੇਗਾ" (ਫ਼ਿਲਿੱਪੀਆਂ 3:20-21)।

ਪਰਕਾਸ਼ ਦੀ ਪੋਥੀ ਦੇ ਇਹ ਚਾਰ ਭਜਨ ਉਸ ਪਰਮੇਸ਼ੁਰ ਦੀ ਝਲਕ ਦਿੰਦੇ ਹਨ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ। ਅਰਾਧਨਾ ਵਿੱਚ, ਅਸੀਂ ਆਪਣੇ ਆਪ ਉੱਤੇ ਨਹੀਂ, ਪਰ ਪਰਮੇਸ਼ੁਰ ਉੱਤੇ ਧਿਆਨ ਕੇਂਦਰਿਤ ਕਰਦੇ ਹਾਂ। ਅਰਾਧਨਾ ਵਿੱਚ, ਅਸੀਂ ਸਿਰਜਣਹਾਰ ਅੱਗੇ ਝੁਕਦੇ ਹਾਂ; ਅਰਾਧਨਾ ਵਿੱਚ, ਅਸੀਂ ਮੁਕਤੀਦਾਤਾ ਦੀ ਉਸਤਤ ਕਰਦੇ ਹਾਂ; ਅਰਾਧਨਾ ਵਿੱਚ ਅਸੀਂ ਮਸੀਹ ਰਾਜੇ ਦਾ ਜਸ਼ਨ ਮਨਾਉਂਦੇ ਹਾਂ; ਅਰਾਧਨਾ ਵਿੱਚ, ਅਸੀਂ ਜਿੱਤ ਪ੍ਰਾਪਤ ਕਰਨ ਵਾਲੇ ਲਾੜੇ ਦੀ ਹਜ਼ੂਰੀ ਵਿੱਚ ਸਦੀਪਕਾਲ ਦੀ ਉਡੀਕ ਕਰਦੇ ਹਾਂ।

ਇਹ ਉਹ ਪਰਮੇਸ਼ੁਰ ਹੈ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ। ਇਹ ਇਸ ਸਵਾਲ ਵੱਲ ਲੈ ਜਾਂਦਾ ਹੈ, "ਕੌਣ ਅਰਾਧਨਾ ਕਰ ਸਕਦਾ ਹੈ? ਪਰਮੇਸ਼ੁਰ ਉਨ੍ਹਾਂ ਤੋਂ ਕੀ ਮੰਗ ਕਰਦਾ ਹੈ ਜੋ ਉਸ ਦੀ ਹਜ਼ੂਰੀ ਵਿੱਚ ਆਉਂਦੇ ਹਨ?"

ਪਰਮੇਸ਼ੁਰ ਅਰਾਧਕ ਤੋਂ ਕੀ ਮੰਗ ਕਰਦਾ ਹੈ?

ਸਾਮਰੀ ਤੀਵੀਂ ਨਾਲ ਆਪਣੀ ਗੱਲਬਾਤ ਵਿੱਚ,[14] ਯਿਸੂ ਨੇ ਇੱਕ ਕਮਾਲ ਦੀ ਗੱਲ ਕਹੀ। ਉਸ ਨੂੰ ਇਹ ਦੱਸਣ ਤੋਂ ਬਾਅਦ ਕਿ ਸੱਚੇ ਅਰਾਧਕ ਆਤਮਾ ਅਤੇ ਸਚਿਆਈ ਨਾਲ ਪਿਤਾ ਦੀ ਅਰਾਧਨਾ ਕਰਨਗੇ, ਯਿਸੂ ਨੇ ਕਿਹਾ ਕਿ ਪਿਤਾ ਅਰਾਧਨਾ ਕਰਨ ਲਈ ਅਜਿਹੇ ਲੋਕਾਂ ਦੀ ਭਾਲ ਕਰ ਰਿਹਾ ਹੈ (ਯੂਹੰਨਾ 4:23)। ਪਰਮੇਸ਼ੁਰ ਇੱਕ ਖ਼ਾਸ ਕਿਸਮ ਦੇ ਅਰਾਧਕ ਦੀ ਭਾਲ ਕਰ ਰਿਹਾ ਹੈ, ਜਿਹੜਾ ਆਤਮਾ ਅਤੇ ਸਚਿਆਈ ਨਾਲ ਅਰਾਧਨਾ ਕਰਦਾ ਹੈ। ਪਰਮੇਸ਼ੁਰ ਅਰਾਧਕਾਂ ਨੂੰ ਭਾਲਦਾ ਹੈ।

ਉਹ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜੋ ਪਰਮੇਸ਼ੁਰ ਉਸ ਦੀ ਅਰਾਧਨਾ ਕਰਨ ਵਾਲਿਆਂ ਵਿੱਚ ਭਾਲਦਾ ਹੈ? ਕੋਈ ਵੀ ਅਰਾਧਨਾ ਬੰਦਗੀ ਵਿੱਚ ਜਾ ਸਕਦਾ ਹੈ; ਕੋਈ ਵੀ ਉਸਤਤ ਦੇ ਗੀਤ ਗਾ ਸਕਦਾ ਹੈ; ਕੋਈ ਵੀ ਪ੍ਰਾਰਥਨਾ ਕਰ ਸਕਦਾ ਹੈ। ਪਰ, ਪਰਮੇਸ਼ੁਰ ਨੇ ਇੱਕ ਸੱਚੇ ਅਰਾਧਕ ਦੀਆਂ ਵਿਸ਼ੇਸ਼ਤਾਵਾਂ ਲਈ ਖ਼ਾਸ ਦਿਸ਼ਾ-ਨਿਰਦੇਸ਼ ਦਿੱਤੇ ਹਨ। ਇਸ ਨੂੰ ਵੇਖਣ ਦੀ ਇੱਕ ਜਗ੍ਹਾ ਜ਼ਬੂਰ 15 ਹੈ।

» ਜ਼ਬੂਰ 15 ਪੜ੍ਹੋ। ਇਹ ਸਾਨੂੰ ਅਰਾਧਕ ਦੇ ਜੀਵਨ ਬਾਰੇ ਕੀ ਦੱਸਦਾ ਹੈ?

ਜ਼ਬੂਰ 15 ਇੱਕ ਅਰਾਧਨਾ ਵਾਲਾ ਜ਼ਬੂਰ ਹੈ। ਇਹ ਹੈਕਲ ਦੇ ਬੂਹੇ ਤੇ ਇੱਕ ਜਾਜਕ ਅਤੇ ਇੱਕ ਅਰਾਧਕ ਵਿਚਕਾਰ ਗੱਲਬਾਤ ਦਾ ਵਰਣਨ ਕਰਦਾ ਹੈ। ਅਰਾਧਕ ਪਰਮੇਸ਼ੁਰ ਦੀ ਪਵਿੱਤਰ ਹੈਕਲ ਵਿੱਚ ਵੜਨਾ ਚਾਹੁੰਦਾ ਹੈ। ਅਰਾਧਕ ਦੇ ਇਸ ਸਵਾਲ ਦੇ ਜਵਾਬ ਵਿੱਚ

---

14 ਇਸ ਦਾ ਜ਼ਿਆਦਾਤਰ ਹਿੱਸਾ "The Worshipper's Approach to God" by Ronald E. Manahan, ਵਿੱਚੋਂ ਲਿਆ ਗਿਆ ਹੈ, Authentic Worship, edited by Herbert Bateman. (Grand Rapids: Kregel Books, 2002).

ਕਿ "ਕੌਣ ਵੜੇਗਾ?" ਜਾਜਕ ਹੈਕਲ ਦੇ ਅੰਦਰ ਵੜਨ ਦੀ ਸ਼ਰਤ ਦੱਸਦਾ ਹੈ। ਇਹੀ ਨਮੂਨਾ ਜ਼ਬੂਰ 24:3-6 ਅਤੇ ਮੀਕਾਹ 6:6-8 ਵਿੱਚ ਵਰਤਿਆ ਗਿਆ ਹੈ। ਜ਼ਬੂਰ 15 ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ:

1. ਸਵਾਲ: ਕੌਣ ਅਰਾਧਨਾ ਕਰ ਸਕਦਾ ਹੈ?
2. ਉੱਤਰ: ਅਰਾਧਕ ਦਾ ਵਰਣਨ
3. ਸਮਾਪਤੀ ਨਿਰੀਖਣ: ਅਰਾਧਕ ਦੇ ਲਈ ਵਾਅਦਾ

ਪ੍ਰਸ਼ਨ: ਕੌਣ ਅਰਾਧਨਾ ਕਰ ਸਕਦਾ ਹੈ? (ਜ਼ਬੂਰ 15:1)

ਹੈਕਲ ਦੇ ਬੂਹੇ ਤੇ, ਇੱਕ ਅਰਾਧਕ ਪੁੱਛਦਾ ਹੈ, "ਹੇ ਯਹੋਵਾਹ, ਤੇਰੇ ਡੇਹਰੇ ਵਿੱਚ ਕੌਣ ਟਿਕੇਗਾ? ਤੇਰੇ ਪਵਿੱਤਰ ਪਹਾੜ ਉੱਤੇ ਕੌਣ ਵੱਸੇਗਾ?" ਇਹ ਸਵਾਲ ਅਰਾਧਕ ਦੇ ਤਿੰਨ ਗੁਣਾਂ ਬਾਰੇ ਕੁਝ ਦੱਸਦੇ ਹਨ।

ਸੱਚਾ ਅਰਾਧਕ ਪਰਮੇਸ਼ੁਰ ਦਾ ਡਰ ਰੱਖਦਾ ਹੈ।

ਇਹ ਜ਼ਬੂਰ ਦੱਸਦਾ ਹੈ ਕਿ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਪ੍ਰਵੇਸ਼ ਕਰਨਾ ਕੋਈ ਮਾਮੂਲੀ ਗੱਲ ਨਹੀਂ ਹੈ। ਇੱਕ ਸੱਚਾ ਅਰਾਧਕ ਸਮਝਦਾ ਹੈ ਕਿ ਪਰਮੇਸ਼ੁਰ ਪਵਿੱਤਰ ਹੈ ਅਤੇ ਅਸੀਂ ਉਸ ਤੋਂ ਜੁਦਾ ਹੋ ਗਏ ਹਾਂ।

ਪੂਰੇ ਬਚਨ ਵਿੱਚ, ਪਰਮੇਸ਼ੁਰ ਦੀ ਹਜ਼ੂਰੀ ਨਾਲ ਜੁੜੇ ਡਰ ਦੀ ਭਾਵਨਾ ਹੈ। ਸੀਨਈ ਪਰਬਤ ਉੱਤੇ, ਲੋਕਾਂ ਨੂੰ ਉਸ ਪਹਾੜ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ ਗਈ ਸੀ ਜਿੱਥੇ ਪਰਮੇਸ਼ੁਰ ਨੇ ਮੂਸਾ ਨਾਲ ਗੱਲ ਕੀਤੀ ਸੀ (ਕੂਚ 19:7-25)। ਜਿਸ ਪਹਾੜ ਉੱਤੇ ਯਿਸੂ ਦਾ ਰੂਪ ਜਲਾਲੀ ਹੋਇਆ ਸੀ, ਉੱਥੇ ਚੇਲੇ ਬਹੁਤ ਡਰੇ ਹੋਏ ਸਨ (ਮੱਤੀ 17:6)।

ਵਿਸ਼ਵਾਸੀ ਦੇ ਲਈ, ਪਰਮੇਸ਼ੁਰ ਦਾ ਡਰ ਦਹਿਸ਼ਤ ਨਹੀਂ ਹੈ ਜੋ ਇੱਕ ਵਿਅਕਤੀ ਨੂੰ ਪਰਮੇਸ਼ੁਰ ਦੀ ਹਜ਼ੂਰੀ ਤੋਂ ਭਜਾਉਂਦਾ ਹੈ। ਬਲਕਿ, ਇਹ ਆਦਰ ਹੈ ਜੋ ਅਰਾਧਕ ਨੂੰ ਅਧੀਨਗੀ ਨਾਲ ਪਰਮੇਸ਼ੁਰ ਦੇ ਕੋਲ ਲੈ ਕੇ ਆਉਂਦਾ ਹੈ। ਇੱਕ ਅਰਾਧਕ ਨੂੰ ਬਿਨਾਂ ਤਿਆਰੀ ਦੇ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਨਹੀਂ ਜਾਣਾ ਚਾਹੀਦਾ।

ਸੱਚਾ ਅਰਾਧਕ ਅਧੀਨਗੀ ਨਾਲ ਅਰਾਧਨਾ ਕਰਦਾ ਹੈ।

ਅਰਾਧਕ ਨੇ ਪੁੱਛਿਆ, "ਤੇਰੇ ਡੇਹਰੇ ਵਿੱਚ ਕੌਣ ਟਿਕੇਗਾ?" [ਅੰਗਰੇਜ਼ੀ ਅਨੁਵਾਦ ਪਰਦੇਸੀ ਵਾਂਗ ਡੇਹਰੇ ਵਿੱਚ ਆਉਣ ਦਾ ਭਾਵ ਦਿੰਦੇ ਹਨ।] ਪਰਦੇਸੀ ਉਹ ਹੁੰਦੇ ਹਨ ਜੋ ਆਪਣਾ ਦੇਸ਼ ਛੱਡ ਕੇ ਦੂਜੇ ਦੇਸ਼ ਵਿੱਚ ਰਹਿੰਦੇ ਹਨ। ਉਹ ਮਹਿਮਾਨ ਹੁੰਦੇ ਹਨ, ਜਿਨ੍ਹਾਂ ਕੋਲ ਨਾਗਰਿਕਾਂ ਵਾਲੇ ਅਧਿਕਾਰ ਨਹੀਂ ਹੁੰਦੇ..

ਜ਼ਬੂਰ 15 ਅਰਾਧਕ ਕੋਲੋਂ ਇਹ ਪਛਾਣਨ ਦੀ ਮੰਗ ਕਰਦਾ ਹੈ ਕਿ ਅਸੀਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਮਹਿਮਾਨ ਹਾਂ। ਕਿਉਂਕਿ ਪਰਮੇਸ਼ੁਰ ਪਵਿੱਤਰ ਹੈ ਅਤੇ ਉਸ ਦਾ ਘਰ ਪਵਿੱਤਰ ਹੈ, ਇਸ ਲਈ ਅਸੀਂ ਉੱਥੇ ਜਾਣ ਦੇ ਲਾਇਕ ਨਹੀਂ ਹਾਂ। ਜੀਵਨ ਵਿੱਚ ਸਾਡਾ ਅਹੁਦਾ ਜੋ ਵੀ ਹੋਵੇ, ਸਾਨੂੰ ਅਧੀਨਗੀ ਦੇ ਰਵੱਈਏ ਨਾਲ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੋਣਾ ਚਾਹੀਦਾ ਹੈ। ਅਸੀਂ ਉਸ ਦੇ ਮਹਿਮਾਨ ਹਾਂ।

ਸੱਚਾ ਅਰਾਧਕ ਪਰਮੇਸ਼ੁਰ ਦੀ ਕਿਰਪਾ ਦਾ ਜਸ਼ਨ ਮਨਾਉਂਦਾ ਹੈ।

ਕਿਉਂਕਿ ਅਸੀਂ ਪਰਮੇਸ਼ੁਰ ਦੀ ਪਵਿੱਤਰਤਾਈ ਨੂੰ ਪਛਾਣਦੇ ਹਾਂ, ਅਸੀਂ ਪਰਮੇਸ਼ੁਰ ਦੀ ਕਿਰਪਾ ਦਾ ਜਸ਼ਨ ਮਨਾਉਂਦੇ ਹਾਂ ਜਦੋਂ ਉਹ ਸਾਡਾ ਆਪਣੇ ਘਰ ਵਿੱਚ ਸੁਆਗਤ ਕਰਦਾ ਹੈ। ਅਰਾਧਕ ਜਿਸ ਨੇ ਪੁੱਛਿਆ, "ਤੇਰੇ ਪਵਿੱਤਰ ਪਹਾੜ ਉੱਤੇ ਕੌਣ ਵੱਸੇਗਾ?" ਉਸ ਨੇ ਇਹ ਸਵਾਲ ਭਰੋਸੇ ਨਾਲ ਪੁੱਛਿਆ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੇ ਘਰ ਵਿੱਚ ਬੁਲਾਇਆ ਜਾਵੇਗਾ। ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਰਿਸ਼ਤਾ ਸਥਾਪਤ ਕੀਤਾ ਸੀ; ਯਹੂਦੀ ਅਰਾਧਨਾ ਇਸ ਦਿਆਲੂ ਰਿਸ਼ਤੇ ਦਾ ਜਸ਼ਨ ਮਨਾਉਂਦੀ ਸੀ।

ਜ਼ਬੂਰ 103 ਅਰਾਧਨਾ ਕਰਨ ਦਾ ਸੱਦਾ ਹੈ, "ਹੇ ਮੇਰੀ ਜਾਨ, ਯਹੋਵਾਹ ਨੂੰ ਮੁਬਾਰਕ ਆਖ।" ਜ਼ਬੂਰ 103 ਵਿੱਚ ਸੁੰਦਰ ਢੰਗ ਨਾਲ ਉਸ ਕਿਰਪਾ ਦਾ ਚੇਤਾ ਕਰਾਇਆ ਗਿਆ ਹੈ ਜੋ ਸਾਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੋਣ ਦੇ ਯੋਗ ਬਣਾਉਂਦੀ ਹੈ।[15]

"ਜਿਵੇਂ ਪਿਤਾ ਆਪਣੇ ਬੱਚਿਆਂ ਦਾ ਤਰਸ ਖਾਂਦਾ ਹੈ, ਤਿਵੇਂ ਯਹੋਵਾਹ ਆਪਣੇ ਡਰਨ ਵਾਲਿਆਂ ਦਾ ਤਰਸ ਖਾਂਦਾ ਹੈ। ਉਹ ਤਾਂ ਸਾਡੀ ਸਰਿਸ਼ਟੀ ਨੂੰ ਜਾਣਦਾ ਹੈ, ਉਹ ਨੂੰ ਚੇਤਾ ਹੈ ਭਈ ਅਸੀਂ ਮਿੱਟੀ ਹੀ ਹਾਂ!" (ਜ਼ਬੂਰ 103:13-14)। ਜਿਸ ਪਰਮੇਸ਼ੁਰ ਨੇ ਸਾਨੂੰ ਮਿੱਟੀ ਵਿੱਚੋਂ ਸਾਜਿਆ ਹੈ ਉਸ ਨੇ ਕਿਰਪਾ ਕਰਕੇ ਸਾਨੂੰ ਅਰਾਧਨਾ ਕਰਨ ਲਈ ਬੁਲਾਇਆ ਹੈ! ਜਦੋਂ ਅਸੀਂ ਅਰਾਧਨਾ ਵਿੱਚ ਦਾਖਲ ਹੁੰਦੇ ਹਾਂ, ਅਸੀਂ ਪਰਮੇਸ਼ੁਰ ਦੀ ਕਿਰਪਾ ਨੂੰ ਯਾਦ ਕਰਦੇ ਹਾਂ। ਇਹ ਕਿਰਪਾ ਹੀ ਹੈ ਜੋ ਮਿੱਟੀ ਨੂੰ ਕਾਇਨਾਤ ਦੇ ਸਿਰਜਣਹਾਰ ਦੀ ਹਜ਼ੂਰੀ ਵਿੱਚ ਦਾਖਲ ਹੋਣ ਦਿੰਦੀ ਹੈ।

ਸੱਚੀ ਅਰਾਧਨਾ ਵਿੱਚ ਪਰਮੇਸ਼ੁਰ ਦਾ ਡਰ, ਅਧੀਨਗੀ ਅਤੇ ਕਿਰਪਾ ਸ਼ਾਮਲ ਹੁੰਦੀ ਹੈ। ਹੈਕਲ ਦੀ ਅਰਾਧਨਾ ਵਿੱਚ ਇਨ੍ਹਾਂ ਵਿੱਚੋਂ ਹਰ ਇੱਕ ਪਹਿਲੂ ਵਿਖਾਈ ਦਿੰਦਾ ਸੀ। ਯਹੂਦੀ ਅਰਾਧਕ ਹੈਕਲ ਦਾ ਸਤਿਕਾਰ ਕਰਦੇ ਸਨ ਕਿਉਂਕਿ ਇਹ ਪਵਿੱਤਰ ਪਰਮੇਸ਼ੁਰ ਦਾ ਭਵਨ ਸੀ। ਉਹ ਪਰਮੇਸ਼ੁਰ ਅੱਗੇ ਸਹੀ ਅਧੀਨਗੀ ਵਿਖਾਉਣ ਲਈ ਸਾਵਧਾਨੀ ਨਾਲ ਅਰਾਧਨਾ ਦੀ ਤਿਆਰੀ ਕਰਦੇ ਸਨ। ਉਹ ਵੀ ਅਰਾਧਨਾ ਵਿੱਚ ਜਸ਼ਨ ਮਨਾਉਂਦੇ ਸਨ।[16] ਯਹੂਦੀ ਅਰਾਧਨਾ ਗਾਉਣ, ਸਾਜ਼ਾਂ, ਭਰਪੂਰ ਸੁਗੰਧਾਂ ਅਤੇ ਇੱਕ ਅਜਿਹੇ ਮਾਹੌਲ ਨਾਲ ਭਰੀ ਹੁੰਦੀ ਸੀ ਜੋ ਉਸ ਦੇ ਲੋਕਾਂ ਲਈ ਪਰਮੇਸ਼ੁਰ ਦੀ ਕਿਰਪਾ ਦਾ ਜਸ਼ਨ ਹੁੰਦਾ ਸੀ।

ਅੱਜ, ਸਾਨੂੰ ਪਰਮੇਸ਼ੁਰ ਦੇ ਡਰ ਦੀ ਭਾਵਨਾ ਨਾਲ ਪਰਮੇਸ਼ੁਰ ਦੇ ਭਵਨ ਵਿੱਚ ਪ੍ਰਵੇਸ਼ ਕਰਨਾ ਚਾਹੀਦਾ ਹੈ। ਸਾਨੂੰ ਪਰਮੇਸ਼ੁਰ ਅੱਗੇ ਆਪਣੀ ਅਯੋਗਤਾ ਨੂੰ ਪਛਾਣਨਾ ਚਾਹੀਦਾ ਹੈ। ਪਰ ਸਾਡੀ ਅਰਾਧਨਾ ਨੂੰ ਪਰਮੇਸ਼ੁਰ ਦੀ ਕਿਰਪਾ ਦਾ ਜਸ਼ਨ ਵੀ ਮਨਾਉਣਾ ਚਾਹੀਦਾ ਹੈ ਜੋ ਸਾਡਾ ਉਸ ਦੀ ਹਜ਼ੂਰੀ ਵਿੱਚ ਸੁਆਗਤ ਕਰਦੀ ਹੈ। ਇੱਕ ਪੁਰਾਣੀ ਸੰਗਤੀ ਵਾਲੀ ਲਿਟਰਜੀ (ਅਰਾਧਨਾ ਕਰਨ ਦਾ ਲਿਖਤੀ ਢੰਗ) ਕਹਿੰਦੀ ਹੈ, "ਅਸੀਂ ਇਸ ਲਈ ਨਹੀਂ ਆਏ ਕਿਉਂਕਿ ਅਸੀਂ ਯੋਗ ਹਾਂ, ਪਰ ਇਸ ਲਈ ਆਏ ਹਾਂ ਕਿਉਂਕਿ ਸਾਨੂੰ ਸੱਦਾ ਦਿੱਤਾ ਗਿਆ ਹੈ।" ਇਹੀ ਉਹ ਅਰਾਧਨਾ ਹੈ ਜੋ ਪਰਮੇਸ਼ੁਰ ਦੀ ਕਿਰਪਾ ਦਾ ਜਸ਼ਨ ਮਨਾਉਂਦੀ ਹੈ।

ਉੱਤਰ: ਅਰਾਧਕ ਦਾ ਵਰਣਨ (ਜ਼ਬੂਰ 15:2-5)

ਇਸ ਸਵਾਲ ਦੇ ਜਵਾਬ ਵਿੱਚ ਕਿ "ਪਰਮੇਸ਼ੁਰ ਦੇ ਭਵਨ ਵਿੱਚ ਕੌਣ ਪ੍ਰਵੇਸ਼ ਕਰ ਸਕਦਾ ਹੈ?" ਜਾਜਕ ਨੇ ਅਰਾਧਨਾ ਕਰਨ ਵਾਲੇ ਦਾ ਵੇਰਵਾ ਦਿੱਤਾ। ਅਰਾਧਕ ਪਰਮੇਸ਼ੁਰ ਦੇ ਸਨਮੁਖ ਸਿੱਧੀ ਚਾਲ ਚੱਲਦਾ ਹੈ। ਉਹ ਦੂਜਿਆਂ ਪ੍ਰਤੀ ਆਪਣੇ ਵਿਹਾਰ ਵਿੱਚ ਸਾਵਧਾਨ ਰਹਿੰਦਾ ਹੈ। ਉਹ ਉਨ੍ਹਾਂ ਨੂੰ ਰੱਦ ਕਰਦਾ ਹੈ ਜੋ ਪਰਮੇਸ਼ੁਰ ਨੂੰ ਰੱਦ ਕਰਦੇ ਹਨ, ਪਰ ਉਹ ਉਨ੍ਹਾਂ ਦਾ ਆਦਰ ਕਰਦਾ ਹੈ ਜੋ ਪਰਮੇਸ਼ੁਰ ਦਾ ਡਰ ਰੱਖਦੇ ਹਨ। ਉਹ ਆਪਣੇ ਚਰਿੱਤਰ ਨੂੰ ਪਰਮੇਸ਼ੁਰ ਦੇ ਚਰਿੱਤਰ ਵਰਗਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਜੋ ਵਿਅਕਤੀ ਸੱਚੇ ਦਿਲੋਂ ਪਰਮੇਸ਼ੁਰ ਦੀ ਅਰਾਧਨਾ ਕਰਦਾ ਹੈ, ਉਹ ਜ਼ਿਆਦਾ ਤੋਂ ਜ਼ਿਆਦਾ ਪਰਮੇਸ਼ੁਰ ਵਰਗਾ ਬਣਦਾ ਜਾਂਦਾ ਹੈ।

ਇਹ ਜਵਾਬ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਰਾਧਨਾ ਸਾਰੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਪਰਮੇਸ਼ੁਰ ਦੀ ਹਜ਼ੂਰੀ ਵਿੱਚ ਪ੍ਰਵੇਸ਼ ਕਰਨ ਲਈ ਪੂਰਨ ਆਗਿਆਕਾਰੀ ਦੀ ਲੋੜ ਹੁੰਦੀ ਹੈ। ਦਾਊਦ ਅਜਿਹੇ ਵਿਅਕਤੀ ਦੀ ਕਲਪਨਾ ਨਹੀਂ ਕਰ ਸਕਦਾ ਸੀ ਜੋ ਕਹਿੰਦਾ ਹੋਵੇ, "ਮੈਂ ਪਰਮੇਸ਼ੁਰ ਦੀ ਸੰਤਾਨ ਹਾਂ, ਪਰ ਮੈਂ ਪਰਮੇਸ਼ੁਰ ਦੀ ਬਿਵਸਥਾ ਦੇ ਅਧੀਨ ਨਹੀਂ ਰਹਿੰਦਾ।" ਬਚਨ ਕਿਸੇ ਵਿਅਕਤੀ ਨੂੰ ਇਹ ਨਹੀਂ ਕਹਿਣ ਦਿੰਦਾ, "ਯਿਸੂ ਮੇਰਾ ਮੁਕਤੀਦਾਤਾ ਹੈ, ਪਰ ਉਹ ਮੇਰੇ ਜੀਵਨ ਦਾ ਪ੍ਰਭੂ ਨਹੀਂ ਹੈ।" ਪਰਮੇਸ਼ੁਰ ਦੀ ਹਜ਼ੂਰੀ ਵਿੱਚ ਪ੍ਰਵੇਸ਼ ਕਰਨ ਲਈ ਪਰਮੇਸ਼ੁਰ ਦੇ ਇਖ਼ਤਿਆਰ ਦੇ ਅਧੀਨ ਹੋਣ ਦੀ ਲੋੜ ਹੈ।

---

15 ਇਹ ਨਿਰੀਖਣ Richard Averbeck, “Worshipping God in Spirit.” ਵਿੱਚੋਂ ਆਇਆ ਹੈ।

16 ਯਿਸੂ ਦੇ ਸਮੇਂ ਤੱਕ, ਇਹ ਸਤਿਕਾਰ ਖਤਮ ਹੋ ਗਿਆ ਸੀ ਅਤੇ ਹੈਕਲ ਵਿੱਚ ਵੜਨ ਵਾਲੇ ਬੂਹੇ ਦੇ ਕੋਲ ਇੱਕ ਬਜ਼ਾਰ ਬਣ ਗਿਆ ਸੀ। ਯਿਸੂ ਨੇ ਸਰਾਫਾਂ ਨੂੰ ਬਾਹਰ ਕੱਢ ਦਿੱਤਾ ਜਿਨ੍ਹਾਂ ਨੇ ਹੈਕਲ ਦੀ ਨਿਰਾਦਰੀ ਕੀਤੀ ਅਤੇ ਇਸ ਨੂੰ "ਡਾਕੂਆਂ ਦੀ ਖੋਹ" ਬਣਾ ਦਿੱਤਾ ਸੀ (ਮੱਤੀ 21:12-13)।

ਸੱਚਾ ਅਰਾਧਕ ਰੱਬੀ ਜੀਵਨ ਬਤੀਤ ਕਰਦਾ ਹੈ।

ਜ਼ਬੂਰ 15:2 ਅਰਾਧਕ ਦਾ ਇੱਕ ਆਮ ਵਰਣਨ ਦਿੰਦਾ ਹੈ। ਜਿਹੜੇ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਨੇ ਸਿੱਧੀ ਚਾਲ ਚੱਲਣੀ ਹੈ; ਇਹ ਸਾਰੇ ਖੇਤਰਾਂ ਵਿੱਚ ਖਰਿਆਈ ਵਾਲੇ ਜੀਵਨ ਦਾ ਸੁਝਾਅ ਦਿੰਦਾ ਹੈ। ਉਨ੍ਹਾਂ ਨੇ ਲਗਾਤਾਰ ਉਹੀ ਕਰਨਾ ਹੈ ਜੋ ਸਹੀ ਹੈ। ਉਨ੍ਹਾਂ ਨੇ ਮਨੋਂ (ਜਾਂ ਮਨ ਤੋਂ) ਸੱਚ ਬੋਲਣਾ ਹੈ। ਇਹ ਵਾਕ ਅਰਾਧਕ ਦੇ ਚੱਲ ਰਹੇ ਜੀਵਨ ਦਾ ਵਰਣਨ ਕਰਦੇ ਹਨ। ਸਾਰਾ ਜੀਵਨ ਅਰਾਧਨਾ ਤੋਂ ਪ੍ਰਭਾਵਿਤ ਹੁੰਦਾ ਹੈ।

ਸੱਚਾ ਅਰਾਧਕ ਸਮਾਜ ਨਾਲ ਸਹੀ ਸੰਬੰਧ ਵਿੱਚ ਰਹਿੰਦਾ ਹੈ।

ਜਿਵੇਂ ਦਾਊਦ ਉਸ ਵਿਅਕਤੀ ਦੀ ਕਲਪਨਾ ਨਹੀਂ ਕਰ ਸਕਦਾ ਸੀ ਜੋ ਕਹਿੰਦਾ ਹੈ, "ਮੈਂ ਪਰਮੇਸ਼ੁਰ ਦੀ ਸੰਤਾਨ ਹਾਂ, ਪਰ ਮੈਂ ਪਰਮੇਸ਼ੁਰ ਦੇ ਬਿਵਸਥਾ ਨੂੰ ਨਹੀਂ ਮੰਨਦਾ," ਉਸੇ ਤਰ੍ਹਾਂ ਉਹ ਉਸ ਵਿਅਕਤੀ ਦੀ ਵੀ ਕਲਪਨਾ ਨਹੀਂ ਕਰ ਸਕਦਾ ਸੀ ਜੋ ਕਹਿੰਦਾ ਹੈ, "ਮੈਂ ਪਰਮੇਸ਼ੁਰ ਦੇ ਸਨਮੁਖ ਧਰਮੀ ਹਾਂ, ਪਰ ਮੈਂ ਆਪਣੇ ਗੁਆਂਢੀਆਂ ਨਾਲ ਧਾਰਮਿਕਤਾ ਵਾਲਾ ਵਿਹਾਰ ਨਹੀਂ ਕਰਦਾ।"

ਉਹ ਵਿਅਕਤੀ ਜਿਹੜਾ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੁੰਦਾ ਹੈ ਉਹ ਵਿਅਕਤੀ ਹੋਣਾ ਚਾਹੀਦਾ ਹੈ ਜੋ ਸਮਾਜ ਨਾਲ ਸਹੀ ਸੰਬੰਧ ਵਿੱਚ ਰਹਿੰਦਾ ਹੈ। ਉਹ:

- ਆਪਣੀ ਜੀਭ ਨਾਲ ਨਿੰਦਿਆ ਨਹੀਂ ਕਰਦਾ।
- ਆਪਣੇ ਗੁਆਂਢੀ ਨਾਲ ਬੁਰਾ ਨਹੀਂ ਕਰਦਾ।
- ਆਪਣੇ ਮਿੱਤਰ ਦੀ ਨਿੰਦਾ ਨਹੀਂ ਕਰਦਾ; ਉਹ ਚੁਗਲੀ ਨਹੀਂ ਕਰਦਾ।
- ਪਰਮੇਸ਼ੁਰ ਨੂੰ ਰੱਦ ਕਰਨ ਵਾਲਿਆਂ ਦਾ ਵਿਰੋਧ ਕਰਦਾ ਹੈ।
- ਪਰਮੇਸ਼ੁਰ ਦਾ ਭੈ ਮੰਨਣ ਵਾਲਿਆਂ ਦਾ ਆਦਰ ਕਰਦਾ ਹੈ।
- ਆਪਣੀ ਗੱਲ ਤੇ ਖਰਾ ਉਤਰਦਾ ਹੈ।
- ਨਜਾਇਜ਼ ਕਰਜ਼ੇ ਦੇ ਕੇ ਗਰੀਬਾਂ ਦਾ ਸ਼ੋਸ਼ਣ ਨਹੀਂ ਕਰਦਾ।
- ਨਾ ਨਿਰਦੋਸ਼ ਦੇ ਵਿਰੁੱਧ ਵੱਢੀ ਲੈਂਦਾ ਹੈ।

ਜਿਹੜਾ ਵਿਅਕਤੀ ਪਰਮੇਸ਼ੁਰ ਦੇ ਡੇਰੇ ਵਿੱਚ ਰਹਿੰਦਾ ਹੈ, ਉਹ ਇੱਕ ਧਰਮੀ ਵਿਅਕਤੀ ਹੈ, ਅੰਦਰੋਂ ਵੀ ਅਤੇ ਬਾਹਰੋਂ ਵੀ। ਸੱਚਾ ਅਰਾਧਕ ਖਰਿਆਈ ਵਾਲਾ ਵਿਅਕਤੀ ਹੈ। ਸੱਚਾ ਅਰਾਧਕ ਅਰਾਧਨਾ ਦੀਆਂ ਰਸਮਾਂ ਨੂੰ ਆਗਿਆਕਾਰੀ ਦੇ ਰੋਜ਼ਾਨਾ ਜੀਵਨ ਦੀ ਥਾਂ ਨਹੀਂ ਲੈਣ ਦਿੰਦਾ।

ਸਮਾਪਤੀ ਨਿਰੀਖਣ: ਅਰਾਧਕ ਲਈ ਇੱਕ ਵਾਅਦਾ (ਜ਼ਬੂਰ 15:5)

ਬੂਰ 15 ਅਰਾਧਕ ਲਈ ਇੱਕ ਵਾਅਦੇ ਨਾਲ ਖ਼ਤਮ ਹੁੰਦਾ ਹੈ; "ਜਿਹੜਾ ਏਹ ਕਰਦਾ ਹੈ ਉਹ ਕਦੀ ਵੀ ਨਹੀਂ ਡੋਲੇਗਾ" (ਜ਼ਬੂਰ 15:5)। ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਕਰਨ ਵਾਲੇ ਵਿਅਕਤੀ ਨੂੰ ਪਰਮੇਸ਼ੁਰ ਦੀ ਸੁਰੱਖਿਆ ਦਾ ਵਾਅਦਾ ਦਿੱਤਾ ਗਿਆ ਹੈ। ਜ਼ਬੂਰ 15 ਜ਼ਬੂਰ 1 ਦੇ ਇਸ ਦੇ ਭਗਤੀ ਦੇ ਵਰਣਨ ਅਤੇ ਇੱਕ ਧਰਮੀ ਵਿਅਕਤੀ ਉੱਤੇ ਪਰਮੇਸ਼ੁਰ ਦੀ ਬਰਕਤ ਦੇ ਵਾਅਦੇ ਦੇ ਨਾਲ ਤੁਲਨਾ ਕਰਦਾ ਹੈ।

ਜ਼ਬੂਰ 15 ਦੱਸਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਤੋਂ ਕੀ ਚਾਹੁੰਦਾ ਹੈ ਜਿਹੜੇ ਉਸ ਦੀ ਅਰਾਧਨਾ ਕਰਦੇ ਹਨ। ਜ਼ਬੂਰ 15 ਨੂੰ ਇੱਕ ਹੁਕਮ ("ਪਰਮੇਸ਼ੁਰ ਇਹ ਮੰਗ ਕਰਦਾ ਹੈ") ਅਤੇ ਇੱਕ ਵਾਅਦੇ ("ਪਰਮੇਸ਼ੁਰ ਉਸ ਤੋਂ ਮੰਗਣ ਵਾਲਿਆਂ ਦੇ ਲਈ ਇਹ ਕਰੇਗਾ") ਦੋਵਾਂ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ। ਯਸਾਯਾਹ 6 ਦੀ ਰੌਸ਼ਨੀ ਵਿੱਚ, ਅਸੀਂ ਸਮਝਦੇ ਹਾਂ ਕਿ ਇਹ ਪਰਮੇਸ਼ੁਰ ਹੀ ਹੈ ਜਿਹੜਾ ਅਰਾਧਕ ਨੂੰ ਆਗਿਆਕਾਰੀ ਲਈ ਸ਼ਕਤੀ ਦਿੰਦਾ ਹੈ; ਇਹ ਪਰਮੇਸ਼ੁਰ ਹੀ ਹੈ ਜਿਹੜਾ ਅਸ਼ੁੱਧ ਬੁੱਲ੍ਹਾਂ ਨੂੰ ਸ਼ੁੱਧ ਕਰਦਾ ਹੈ; ਇਹ ਪਰਮੇਸ਼ੁਰ ਹੀ ਹੈ ਜਿਹੜਾ ਜ਼ਬੂਰ 15 ਦੀਆਂ ਮੰਗਾਂ ਨੂੰ ਪੂਰਾ ਕਰਨਾ ਸੰਭਵ ਬਣਾਉਂਦਾ ਹੈ। ਸੱਚੀ ਅਰਾਧਨਾ ਪਰਮੇਸ਼ੁਰ ਦੀ ਕਿਰਪਾ ਉੱਤੇ ਨਿਰਭਰ ਰਹਿੰਦੀ ਹੈ। ਅਜਿਹੀ ਸੱਚੀ ਅਰਾਧਨਾ ਤੱਕ ਸਾਡੇ ਕਮਜ਼ੋਰ ਜਤਨਾਂ ਨਾਲ ਨਹੀਂ, ਸਗੋਂ ਪਰਮੇਸ਼ੁਰ ਦੀ ਅਰਾਧਨਾ ਕਰਨ ਦੀ ਇੱਛਾ ਰੱਖਣ ਵਾਲੇ ਲੋਕਾਂ

ਦੇ ਜੀਵਨ ਵਿੱਚ ਉਸ ਦੀ ਕਿਰਪਾ ਨਾਲ ਪਹੁੰਚਿਆ ਜਾਂਦਾ ਹੈ। ਅਰਾਧਨਾ ਵਿੱਚ ਪਰਮੇਸ਼ੁਰ ਦੀ ਕਿਰਪਾ ਨੂੰ ਕਦੇ ਨਾ ਭੁੱਲੋ; ਪਿਤਾ ਸੱਚੇ ਅਰਾਧਕਾਂ ਨੂੰ ਚਾਹੁੰਦਾ ਹੈ *ਅਤੇ* ਪਿਤਾ ਅਰਾਧਨਾ ਨੂੰ ਸੰਭਵ ਬਣਾਉਂਦਾ ਹੈ।

ਜਾਂਚ

ਖੁਦ ਨੂੰ ਪੁੱਛੋ, "ਕੀ ਮੇਰੇ ਕੋਲ ਇੱਕ ਸੱਚੇ ਅਰਾਧਕ ਦਾ ਦਿਲ ਅਤੇ ਹੱਥ ਹਨ?" ਜ਼ਬੂਰ 15 ਨੂੰ ਇੱਕ ਇਮਤਿਹਾਨ ਦੇ ਤੌਰ ਤੇ ਪੜ੍ਹੋ। ਹਰੇਕ ਵਾਕ ਤੋਂ ਬਾਅਦ, ਪੁੱਛੋ "ਕੀ ਇਹ ਮੇਰਾ ਵਰਣਨ ਹੈ? ਕੀ ਮੈਂ ਅਰਾਧਨਾ ਲਈ ਤਿਆਰ ਹਾਂ?"

ਜ਼ਬੂਰ 15 ਨੂੰ ਇੱਕ ਨਿੱਜੀ ਪ੍ਰਾਰਥਨਾ ਵਜੋਂ ਦੁਬਾਰਾ ਪੜ੍ਹੋ। "ਹੇ ਪ੍ਰਭੂ, ਮੈਨੂੰ ਸਿੱਧੀ ਚਾਲ ਚੱਲਣ ਅਤੇ ਨੇਕੀ ਕਰਨ ਦੀ ਸ਼ਕਤੀ ਦਿਹ.... ਮੈਨੂੰ ਚੁਗਲੀ ਅਤੇ ਨਿੰਦਿਆ ਤੋਂ ਦੂਰ ਰਹਿਣ ਕਿਰਪਾ ਦਿਹ..." ਪਰਮੇਸ਼ੁਰ ਦੇ ਵਾਅਦੇ ਨੂੰ ਸੁਣ ਕੇ ਖਤਮ ਕਰੋ, "ਜਿਹੜਾ ਏਹ ਕਰਦਾ ਹੈ ਉਹ ਕਦੀ ਵੀ ਨਹੀਂ ਡੋਲੇਗਾ।"

ਅਰਾਧਨਾ ਨਾਲ ਜੁੜੇ ਖ਼ਤਰੇ: ਕਪਟ

ਯਿਸੂ ਨੇ ਉਨ੍ਹਾਂ ਲੋਕਾਂ ਨਾਲ ਗੱਲ ਕੀਤੀ ਜੋ ਖੁਦ ਨੂੰ ਅਰਾਧਨਾ ਦੇ ਮਾਹਰ ਸਮਝਦੇ ਸਨ। ਗ੍ਰੰਥੀ ਅਤੇ ਫ਼ਰੀਸੀ ਬਾਈਬਲ ਦੇ ਹੁਕਮਾਂ ਅਤੇ ਯਹੂਦੀ ਪਰੰਪਰਾਵਾਂ, ਦੋਵਾਂ ਨਾਲ ਜੁੜੇ ਅਰਾਧਨਾ ਦੇ ਹਰ ਵੇਰਵੇ ਦੀ ਪਾਲਣਾ ਕਰਨ ਬਾਰੇ ਸਾਵਧਾਨ ਸਨ। ਉਹ ਤੁਰੰਤ ਅਜਿਹੇ ਹਰ ਵਿਅਕਤੀ ਦੀ ਨਿੰਦਾ ਕਰਦੇ ਸਨ ਜੋ ਉਨ੍ਹਾਂ ਦੀਆਂ ਰਸਮਾਂ ਦੇ ਹਰ ਵੇਰਵੇ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਸੀ। ਪਰ, ਯਿਸੂ ਨੇ ਉਨ੍ਹਾਂ ਦੀ ਅਰਾਧਨਾ ਦੀ ਨਿਖੇਧੀ ਕੀਤੀ ਕਿਉਂਕਿ ਉਹ ਕਪਟੀ ਸਨ।

ਫ਼ਰੀਸੀਆਂ ਨੇ ਸ਼ਿਕਾਇਤ ਕੀਤੀ ਕਿ ਯਿਸੂ ਦੇ ਚੇਲਿਆਂ ਨੇ ਆਪਣੇ ਹੱਥ ਧੋਣ ਦੀਆਂ ਧਾਰਮਿਕ ਰਸਮਾਂ ਦੀ ਪਾਲਣਾ ਨਹੀਂ ਕੀਤੀ। ਯਿਸੂ ਨੇ ਜਵਾਬ ਦਿੱਤਾ, "ਹੇ ਕਪਟੀਓ! ਯਸਾਯਾਹ ਨੇ ਤੁਹਾਡੇ ਵਿਖੇ ਠੀਕ ਅਗੰਮ ਵਾਕ ਕੀਤਾ ਹੈ ਕਿ ਏਹ ਲੋਕ ਆਪਣੇ ਬੁੱਲਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ। ਓਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਓਹ ਮਨੁੱਖਾਂ ਦੇ ਹੁਕਮਾਂ ਦੀ ਸਿਖਿਆ ਦਿੰਦੇ ਹਨ।'' (ਮੱਤੀ 15:7-9) ਫ਼ਰੀਸੀਆਂ ਨੂੰ, ਯਸਾਯਾਹ ਦੇ ਦਿਨਾਂ ਦੇ ਝੂਠੇ ਅਰਾਧਕਾਂ ਵਾਂਗ, ਦੋ ਅਸਫ਼ਲਤਾਵਾਂ ਦੇ ਕਾਰਣ ਯਿਸੂ ਦੁਆਰਾ ਕਪਟੀ ਕਿਹਾ ਗਿਆ ਸੀ:

1. ਉਨ੍ਹਾਂ ਦੀ ਅਰਾਧਨਾ ਬਾਹਰੀ ਸੀ, ਦਿਲ ਤੋਂ ਨਹੀਂ ਸੀ (ਮੱਤੀ 15:8)।
2. ਉਨ੍ਹਾਂ ਦੀ ਅਰਾਧਨਾ ਮਨੁੱਖੀ ਪਰੰਪਰਾ ਤੇ ਅਧਾਰਤ ਸੀ, ਨਾ ਕਿ ਪਰਮੇਸ਼ੁਰ ਦੇ ਹੁਕਮਾਂ ਤੇ (ਮੱਤੀ 15:9)।

ਸਾਨੂੰ ਕਪਟ ਵਾਲੀ ਅਰਾਧਨਾ ਦੇ ਖ਼ਤਰੇ ਤੋਂ ਬਚਣ ਬਾਰੇ ਸਾਵਧਾਨ ਰਹਿਣਾ ਜ਼ਰੂਰੀ ਹੈ। ਸਾਡੀ ਅਰਾਧਨਾ ਦਿਲ ਤੋਂ ਹੋਣੀ ਚਾਹੀਦੀ ਹੈ ਅਤੇ ਸਾਡੀ ਅਰਾਧਨਾ ਦੀ ਅਗਵਾਈ ਪਰਮੇਸ਼ੁਰ ਦੁਆਰਾ ਹੋਣੀ ਚਾਹੀਦੀ ਹੈ, ਨਾ ਕਿ ਪਰੰਪਰਾਵਾਂ ਦੁਆਰਾ ਜਿਨ੍ਹਾਂ ਨੂੰ ਪਰਮੇਸ਼ੁਰ ਦੇ ਬਚਨ ਦੇ ਬਰਾਬਰ ਦਾ ਦਰਜਾ ਦੇ ਦਿੱਤਾ ਗਿਆ ਹੈ।

ਸਿੱਟਾ: ਅਰਾਧਕਾਂ ਦੀਆਂ ਗਵਾਹੀਆਂ

ਜੇ ਅਸੀਂ ਮਸੀਹੀ ਜੀਵਨ ਵਿੱਚ ਕਿਰਪਾ ਦੀ ਭੂਮਿਕਾ ਨੂੰ ਯਾਦ ਕੀਤੇ ਬਿਨਾਂ ਜ਼ਬੂਰ 15 ਨੂੰ ਪੜ੍ਹਦੇ ਹਾਂ, ਤਾਂ ਸਾਡੇ ਮਨ ਵਿੱਚ ਇਹ ਗਲਤ ਵਿਚਾਰ ਆ ਸਕਦਾ ਹੈ ਕਿ ਸਾਨੂੰ ਅਰਾਧਨਾ ਕਰਨ ਦਾ ਹੱਕ ਕਮਾਉਣਾ ਜ਼ਰੂਰੀ ਹੈ। ਪਰ, ਜ਼ਬੂਰ 15 ਦੱਸਦਾ ਹੈ ਕਿ ਸਾਨੂੰ ਆਪਣੇ ਭਵਨ ਵਿੱਚ ਕਬੂਲ ਕਰਨ ਲਈ ਪਰਮੇਸ਼ੁਰ ਕੀ ਕਰਦਾ ਹੈ, ਨਾ ਕਿ ਅਸੀਂ ਕੀ ਕਰਦੇ ਹਾਂ।

ਅਰਾਧਨਾ ਕਰਨ ਲਈ ਕਿਸ ਨੂੰ ਸੱਦਾ ਦਿੱਤਾ ਗਿਆ ਹੈ? ਅਰਾਧਕਾਂ ਦੀਆਂ ਕੁਝ ਹੈਰਾਨ ਕਰਨ ਵਾਲੀਆਂ ਗਵਾਹੀਆਂ ਸੁਣੋ। ਇਹ ਗਵਾਹੀਆਂ ਵਿਖਾਉਂਦੀਆਂ ਹਨ ਕਿ ਅਰਾਧਨਾ ਦਾ ਸੰਬੰਧ ਯੋਗ ਹੋਣ ਨਾਲ ਨਹੀਂ ਹੈ; ਅਰਾਧਨਾ ਦਾ ਸੰਬੰਧ ਅਧੀਨਗੀ ਨਾਲ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆਉਣ ਅਤੇ ਉਸ ਦੀ ਕਿਰਪਾ ਦੁਆਰਾ ਬਦਲਣ ਨਾਲ ਹੈ।

ਫ਼ਰੀਸੀ ਕਹਿੰਦਾ ਹੈ:

"ਮੈਨੂੰ ਯਕੀਨ ਹੈ ਕਿ ਤੁਸੀਂ ਸਮਝ ਸਕਦੇ ਹੋ ਕਿ ਮੈਨੂੰ ਯਿਸੂ ਦੀ ਸਿੱਖਿਆ ਤੋਂ ਕਿਉਂ ਠੇਕਰ ਲੱਗੀ ਹੈ। ਮੈਂ ਇੱਕ ਚੰਗਾ ਮਨੁੱਖ ਹਾਂ। ਮੈਂ ਹੁਕਮਾਂ ਨੂੰ ਨਹੀਂ ਤੋੜਦਾ। ਮੈਂ ਰੋਜ਼ਾ ਰੱਖਦਾ ਹਾਂ ਅਤੇ ਦਸਵੰਧ ਦਿੰਦਾ ਹਾਂ। ਜੇ ਕੋਈ ਪਰਮੇਸ਼ੁਰ ਦੀ ਕਿਰਪਾ ਦਾ ਹੱਕਦਾਰ ਹੈ, ਤਾਂ ਉਹ ਮੈਂ ਹੋਣਾ ਚਾਹੀਦਾ ਹਾਂ! ਮੈਂ ਇਹ ਵਿਖਾਉਣ ਲਈ ਪਰਮੇਸ਼ੁਰ ਦੇ ਭਵਨ ਵਿੱਚ ਆਉਂਦਾ ਹਾਂ ਕਿ ਮੈਂ ਇੱਕ ਚੰਗਾ ਵਿਅਕਤੀ ਹਾਂ। ਪਰਮੇਸ਼ੁਰ ਮੇਰੀ ਅਰਾਧਨਾ ਨੂੰ ਕਿਵੇਂ ਰੱਦ ਕਰ ਸਕਦਾ ਹੈ?"

ਮਸੂਲੀਆ ਕਹਿੰਦਾ ਹੈ:

"ਸੱਚ ਕਹਾਂ, ਤਾਂ ਮੈਂ ਫ਼ਰੀਸੀ ਜਿੰਨਾ ਹੀ ਹੈਰਾਨ ਹਾਂ! ਮੈਨੂੰ ਇਹ ਵੀ ਯਕੀਨ ਨਹੀਂ ਸੀ ਕਿ ਮੈਂ ਹੈਕਲ ਵਿੱਚ ਦਾਖਲ ਹੋ ਸਕਦਾ ਸੀ। ਮੈਂ ਚੰਗੇ ਲੋਕਾਂ ਤੋਂ ਜਿੰਨਾ ਹੋ ਸਕੇ ਦੂਰ ਹੀ ਰਹਿੰਦਾ ਸੀ। ਮੈਨੂੰ ਉਮੀਦ ਸੀ ਕਿ ਕੋਈ ਵੀ ਮੇਰੇ ਵੱਲ ਧਿਆਨ ਨਹੀਂ ਦੇਵੇਗਾ। ਮੈਂ ਪਰਮੇਸ਼ੁਰ ਦੀ ਦਯਾ ਮੰਗੀ ਭਾਵੇਂ ਮੈਂ ਦਯਾ ਦੇ ਲਾਇਕ ਨਹੀਂ ਹਾਂ। ਮੈਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਮੈਂ ਧਰਮੀ ਠਹਿਰ ਕੇ ਆਪਣੇ ਘਰ ਗਿਆ। ਅਰਾਧਨਾ ਵਿੱਚ ਮੇਰਾ ਜੀਵਨ ਬਦਲ ਗਿਆ ਸੀ।"

ਧਨੀ ਕਹਿੰਦਾ ਹੈ:

"ਮੈਂ ਹੈਕਲ ਦੇ ਲਈ ਬਹੁਤ ਸਾਰਾ ਧਨ ਦਿੰਦਾ ਹਾਂ। ਮੈਨੂੰ ਲੱਗਦਾ ਹੈ ਕਿ ਯਿਸੂ ਨੂੰ ਮੇਰੀ ਭੇਟ ਤੋਂ ਪ੍ਰਭਾਵਿਤ ਹੋਣਾ ਚਾਹੀਦਾ ਹੈ। ਇਹੀ ਮੇਰੀ ਅਰਾਧਨਾ ਹੈ। ਜਦੋਂ ਮੈਂ ਆਪਣੀ ਭੇਟ ਦਾਨ-ਪਾਤਰ ਵਿੱਚ ਪਾਉਂਦਾ ਹਾਂ, ਤਾਂ ਹਰ ਕਿਸੇ ਨੂੰ ਪਤਾ ਲੱਗ ਜਾਂਦਾ ਹੈ ਕਿ 'ਸ੍ਰੀ ਧਨਵਾਨ ਜੀ' ਆਏ ਹਨ। ਮੈਨੂੰ ਉਮੀਦ ਹੈ ਕਿ ਪਰਮੇਸ਼ੁਰ ਵੇਖਦਾ ਹੋਵੇਗਾ ਕਿ ਮੈਂ ਕਿੰਨਾ ਦਿੰਦਾ ਹਾਂ!"

ਗਰੀਬ ਵਿਧਵਾ ਕਹਿੰਦੀ ਹੈ:

"ਮੈਨੂੰ ਦਾਨ-ਪਾਤਰ ਵਿੱਚ ਭੇਟ ਪਾਉਂਦੇ ਹੋਏ ਵੀ ਸ਼ਰਮ ਆ ਰਹੀ ਸੀ। ਮੇਰੇ ਕੋਲ ਸਿਰਫ਼ ਦੋ ਛੋਟੇ ਸਿੱਕੇ ਸਨ। ਬਾਕੀ ਹਰ ਕੋਈ ਜ਼ਿਆਦਾ ਤੋਂ ਜ਼ਿਆਦਾ ਦਾਨ ਦੇ ਰਿਹਾ ਸੀ; ਮੇਰੇ ਕੋਲ ਤਾਂ ਕੁਝ ਵੀ ਨਹੀਂ ਸੀ। ਪਰ ਅਰਾਧਨਾ ਦਾ ਸੰਬੰਧ ਪਰਮੇਸ਼ੁਰ ਨੂੰ ਆਪਣਾ ਸਭ ਤੋਂ ਉੱਤਮ ਦੇਣ ਨਾਲ ਹੈ। ਇਹ ਬਹੁਤ ਜ਼ਿਆਦਾ ਨਹੀਂ ਸੀ; ਪਰ ਮੇਰੇ ਕੋਲ ਜੋ ਵੀ ਸੀ ਮੈਂ ਸਭ ਦੇ ਦਿੱਤਾ। ਮੈਨੂੰ ਉਮੀਦ ਸੀ ਕਿ ਕੋਈ ਵੀ ਮੇਰੀ ਛੋਟੀ ਭੇਟ ਵੱਲ ਧਿਆਨ ਨਹੀਂ ਦੇਵੇਗਾ, ਪਰ ਕੋਈ ਸੀ ਜਿਸ ਨੇ ਧਿਆਨ ਦਿੱਤਾ। ਮੈਂ ਜੋ ਦਿੱਤਾ ਯਿਸੂ ਨੇ ਵੇਖ ਲਿਆ! ਅਤੇ ਉਸ ਨੇ ਕਿਹਾ ਕਿ ਮੈਂ ਹਰ ਕਿਸੇ ਨਾਲੋਂ ਵੱਧ ਦਿੱਤਾ ਹੈ। ਮੈਨੂੰ ਨਹੀਂ ਪਤਾ ਕਿ ਯਿਸੂ ਦੀ ਇਸ ਗੱਲ ਦਾ ਕੀ ਅਰਥ ਸੀ, ਪਰ ਮੈਨੂੰ ਖੁਸ਼ੀ ਹੈ ਕਿ ਮੈਂ ਆਪਣਾ ਸਭ ਤੋਂ ਉੱਤਮ ਦਿੱਤਾ!"

ਸਮੂਹ ਵਿੱਚ ਚਰਚਾ

» ਇਸ ਪਾਠ ਦੀ ਵਿਹਾਰਕ ਪ੍ਰਾਸੰਗਿਕਤਾ ਲਈ, ਹੇਠ ਲਿਖੀਆਂ ਗੱਲਾਂ ਤੇ ਚਰਚਾ ਕਰੋ:

ਜੌਨ ਕਈ ਸਾਲਾਂ ਤੋਂ ਮਸੀਹੀ ਹੈ। ਉਹ ਜਾਣਦਾ ਹੈ ਕਿ ਚਰਚ ਜਾਣਾ, ਬਾਈਬਲ ਪੜ੍ਹਨਾ ਅਤੇ ਪ੍ਰਾਰਥਨਾ ਕਰਨੀ ਜ਼ਰੂਰੀ ਹੈ, ਪਰ ਇਨ੍ਹਾਂ ਕੰਮਾਂ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਨੂੰ ਮਹਿਸੂਸ ਕਰਨਾ ਉਸ ਲਈ ਔਖਾ ਹੈ। ਉਹ ਇੱਕ ਢਾਂਚੇ ਤੋਂ ਵੱਧ ਕੁਝ ਨਹੀਂ ਜਾਪਦੇ। ਤੁਸੀਂ ਅਰਾਧਨਾ ਵਿੱਚ ਪਰਮੇਸ਼ੁਰ ਨੂੰ ਵੇਖਣ ਵਿੱਚ ਜੌਨ ਦੀ ਕਿਵੇਂ ਮਦਦ ਕਰ ਸਕਦੇ ਹੋ?

ਪਾਠ 2 ਦੀ ਸਮੀਖਿਆ

1. ਅਰਾਧਨਾ ਕਰਨ ਲਈ ਪਰਮੇਸ਼ੁਰ ਬਾਰੇ ਸਾਡੀ ਸਮਝ ਮਹੱਤਵਪੂਰਣ ਹੈ ਕਿਉਂਕਿ ਪਰਮੇਸ਼ੁਰ ਬਾਰੇ ਗ਼ਲਤ ਤਸਵੀਰ ਗ਼ਲਤ ਅਰਾਧਨਾ ਵੱਲ ਲੈ ਜਾਵੇਗੀ।

2. ਅਰਾਧਨਾ ਪਰਮੇਸ਼ੁਰ ਤੇ ਕੇਂਦਰਿਤ ਹੋਣੀ ਚਾਹੀਦੀ ਹੈ, ਨਾ ਕਿ ਸਾਡੇ ਅਰਾਧਨਾ ਅਨੁਭਵ ਦੀ ਖ਼ੂਬੀ ਤੇ।

3. ਪਰਕਾਸ਼ ਦੀ ਪੋਥੀ ਸਵਰਗੀ ਅਰਾਧਨਾ ਦੀ ਤਸਵੀਰ ਪੇਸ਼ ਕਰਦੀ ਹੈ:

   - ਸਵਰਗੀ ਅਰਾਧਨਾ ਸਿਰਜਣਹਾਰ ਦੀ ਅਰਾਧਨਾ ਹੈ ਜਿਹੜਾ ਅੱਤ ਮਹਾਨ, ਪਵਿੱਤਰ ਅਤੇ ਸਦੀਪਕ ਹੈ।
   - ਸਵਰਗੀ ਅਰਾਧਨਾ ਮੁਕਤੀਦਾਤਾ ਦੀ ਅਰਾਧਨਾ ਹੈ।
   - ਸਵਰਗੀ ਅਰਾਧਨਾ ਰਾਜੇ ਦੀ ਅਰਾਧਨਾ ਹੈ।
   - ਸਵਰਗੀ ਅਰਾਧਨਾ ਜਿੱਤਣ ਵਾਲੇ ਲਾੜੇ ਦੀ ਅਰਾਧਨਾ ਹੈ।

4. ਜ਼ਬੂਰ 15 ਅਰਾਧਨਾ ਦਾ ਜ਼ਬੂਰ ਹੈ ਜੋ ਅਰਾਧਕਾਂ ਲਈ ਪਰਮੇਸ਼ੁਰ ਦੀਆਂ ਮੰਗਾਂ ਦਾ ਸਾਰ ਦਿੰਦਾ ਹੈ। ਸੱਚੇ ਅਰਾਧਕ:

   - ਪਰਮੇਸ਼ੁਰ ਦਾ ਡਰ ਰੱਖਦੇ ਹਨ।
   - ਅਧੀਨਗੀ ਨਾਲ ਅਰਾਧਨਾ ਕਰਦੇ ਹਨ।
   - ਪਰਮੇਸ਼ੁਰ ਦੀ ਕਿਰਪਾ ਦਾ ਜਸ਼ਨ ਮਨਾਉਂਦੇ ਹਨ।
   - ਭਗਤੀ ਵਾਲਾ ਜੀਵਨ ਜੀਉਂਦੇ ਹਨ।
   - ਸਮਾਜ ਦੇ ਨਾਲ ਸਹੀ ਸੰਬੰਧ ਵਿੱਚ ਰਹਿੰਦੇ ਹਨ।
   - ਸੁਰੱਖਿਆ ਅਤੇ ਬਰਕਤ ਦੇ ਪਰਮੇਸ਼ੁਰ ਦੇ ਵਾਅਦੇ ਨੂੰ ਪ੍ਰਾਪਤ ਕਰਦੇ ਹਨ।

ਪਾਠ 2 ਦੇ ਖੁਦ ਕਰਨ ਵਾਲੇ ਕੰਮ

1. ਜ਼ਬੂਰ 120-134 ਯਰੂਸ਼ਲਮ ਨੂੰ ਯਾਤਰਾ ਕਰਦੇ ਹੋਏ ਯਾਤਰੀਆਂ ਲਈ ਗੀਤਾਂ ਦਾ ਸੰਗ੍ਰਹਿ ਹੈ। ਇਹ ਜ਼ਬੂਰ ਵੱਖੋ-ਵੱਖਰੇ ਹਾਲਾਤਾਂ ਵਿੱਚ ਅਰਾਧਨਾ ਬਾਰੇ ਸਿਖਾਉਂਦੇ ਹਨ। ਹੇਠਾਂ ਦਿੱਤੀ ਸਾਰਣੀ ਵਿਚਲੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਇਨ੍ਹਾਂ ਜ਼ਬੂਰਾਂ ਨੂੰ ਪੜ੍ਹੋ।

ਜ਼ਬੂਰ	ਜਵਾਬ ਦੇਣ ਲਈ ਸਵਾਲ
120	ਮਸ਼ਕ ਅਤੇ ਕੇਦਾਰ ਕਿੱਥੇ ਹਨ? ਮਸ਼ਕ ਜਾਂ ਕੇਦਾਰ ਵਿੱਚ ਰਹਿਣ ਵਾਲੇ ਯਾਤਰੀਆਂ ਲਈ ਯਰੂਸ਼ਲਮ ਵਿੱਚ ਅਰਾਧਨਾ ਕਿਉਂ ਜ਼ਰੂਰੀ ਹੈ?
122	ਇਹ ਜ਼ਬੂਰ ਅਰਾਧਨਾ ਪ੍ਰਤੀ ਸਾਡੇ ਰਵੱਈਏ ਬਾਰੇ ਕੀ ਸਿਖਾਉਂਦਾ ਹੈ?
123	ਆਇਤ 2 ਪਰਮੇਸ਼ੁਰ ਨਾਲ ਅਰਾਧਕ ਦੇ ਰਿਸ਼ਤੇ ਬਾਰੇ ਕੀ ਸਿਖਾਉਂਦੀ ਹੈ?
124	ਤੁਸੀਂ ਇਸ ਜ਼ਬੂਰ ਤੋਂ ਔਖੇ ਹਲਾਤਾਂ ਵਿੱਚ ਉਸਤਤ ਬਾਰੇ ਕੀ ਸਿੱਖਦੇ ਹੋ?
126	ਅਰਾਧਨਾ ਦਾ ਕੌਮਾਂ ਵਿੱਚ ਮਿਸ਼ਨ ਨਾਲ ਕੀ ਸੰਬੰਧ ਹੈ? ਆਇਤ 2 ਵੱਲ ਧਿਆਨ ਦਿਓ।
130	ਇਹ ਜ਼ਬੂਰ ਅਰਾਧਨਾ ਵਿੱਚ ਇਕਰਾਰ ਦੀ ਭੂਮਿਕਾ ਬਾਰੇ ਕੀ ਸਿਖਾਉਂਦਾ ਹੈ?
131	ਜ਼ਬੂਰ ਲਿਖਣ ਵਾਲਾ ਖੁਦ ਨੂੰ ਅਰਾਧਨਾ ਲਈ ਕਿਵੇਂ ਤਿਆਰ ਕਰਦਾ ਹੈ? ਇਸ ਨਮੂਨੇ ਦੀ ਪਾਲਣਾ ਕਰਨ ਲਈ ਤੁਸੀਂ ਕਿਹੜੇ ਵਿਹਾਰਕ ਕਦਮ ਚੁੱਕ ਸਕਦੇ ਹੋ?
133	ਜ਼ਬੂਰ 133, ਯੂਹੰਨਾ 17:20-23 ਅਤੇ ਅਫ਼ਸੀਆਂ 4:1-16 ਸਾਰੇ ਏਕਤਾ ਦੀ ਗੱਲ ਕਰਦੇ ਹਨ ਅਤੇ ਸਾਰੇ ਕਿਸੇ ਨਾ ਕਿਸੇ ਤਰੀਕੇ ਨਾਲ ਕਲੀਸੀਆਈ ਜੀਵਨ ਨਾਲ ਸੰਬੰਧਤ ਹਨ। ਏਕਤਾ ਦਾ ਅਰਾਧਨਾ ਅਤੇ ਕਲੀਸੀਆਈ ਜੀਵਨ ਨਾਲ ਕੀ ਸੰਬੰਧ ਹੈ?
134	ਜ਼ਬੂਰ 134 ਕਿਵੇਂ ਅਰਾਧਨਾ ਦੇ ਜ਼ਬੂਰਾਂ ਦੀ ਇਸ ਲੜੀ ਦਾ ਢੁੱਕਵਾਂ ਅੰਤ ਹੈ?

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 2 ਦਾ ਇਮਤਿਹਾਨ

1. ਤਿੰਨ ਗੱਲਾਂ ਦੱਸੋ ਜਿਹੜੀਆਂ ਅਸੀਂ ਪਰਕਾਸ਼ ਦੀ ਪੋਥੀ 4 ਦੇ ਭਜਨ ਵਿੱਚ ਸਿਰਜਣਹਾਰ ਪਰਮੇਸ਼ੁਰ ਬਾਰੇ ਸਿੱਖਦੇ ਹਾਂ।

2. ਪਰਕਾਸ਼ ਦੀ ਪੋਥੀ 5 ਵਿੱਚ ਮੁਕਤੀਦਾਤਾ ਦੀ ਅਰਾਧਨਾ ਕਰਨ ਦੇ ਤਿੰਨ ਕਾਰਣ ਦੱਸੋ।

3. ਮਸੀਹੀ ਲੋਕਾਂ ਲਈ ਪਰਕਾਸ਼ ਦੀ ਪੋਥੀ ਦਾ ਮੁੱਖ ਸੰਦੇਸ਼ ਕੀ ਹੈ?

4. ਜ਼ਬੂਰ 15 ਅਰਾਧਨਾ ਦਾ ਜ਼ਬੂਰ ਹੈ ਜੋ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਤਿੰਨ ਭਾਗ ਦੱਸੋ।

5. ਉਸ ਅਰਾਧਕ ਦਾ ਕੀ ਰਵੱਈਆ ਹੈ ਜੋ ਇਸ ਗੱਲ ਨੂੰ ਸਮਝਦਾ ਹੈ ਕਿ ਉਹ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਮਹਿਮਾਨ ਹੈ?

6. ਜ਼ਬੂਰ 15:2-5 ਵਿੱਚੋਂ ਇੱਕ ਸੱਚੇ ਅਰਾਧਕ ਦੀਆਂ ਦੋ ਮਹੱਤਵਪੂਰਣ ਵਿਸ਼ੇਸ਼ਤਾਵਾਂ ਕੀ ਹਨ?

7. ਯਿਸੂ ਨੇ ਫ਼ਰੀਸੀਆਂ ਨੂੰ ਕਪਟੀ ਕਿਉਂ ਕਿਹਾ?

8. ਪਰਕਾਸ਼ ਦੀ ਪੋਥੀ 5:9-14 ਮੂੰਹ ਜ਼ਬਾਨੀ ਲਿਖੋ।

ਪਾਠ 3

ਪੁਰਾਣੇ ਨੇਮ ਵਿੱਚ ਅਰਾਧਨਾ

ਪਾਠ ਦੇ ਉਦੇਸ਼

1. ਪਰਮੇਸ਼ੁਰ ਦੀ ਕਿਰਪਾ ਨੂੰ ਸਲਾਹੁਣਾ ਜੋ ਅਰਾਧਨਾ ਨੂੰ ਸੰਭਵ ਬਣਾਉਂਦੀ ਹੈ।
2. ਆਗਿਆਕਾਰੀ ਵਾਲੇ ਦਿਲ ਨਾਲ ਅਰਾਧਨਾ ਕਰਨਾ।
3. ਅਰਾਧਨਾ ਵਿੱਚ ਰਸਮ ਦੀ ਭੂਮਿਕਾ ਨੂੰ ਜਾਣਨਾ।
4. ਅਰਾਧਨਾ ਦੇ ਮੁੱਖ ਤੱਤ ਵਜੋਂ ਉਸਤਤ ਦਾ ਅਭਿਆਸ ਕਰਨਾ।
5. ਅਰਾਧਨਾ ਵਿੱਚ ਪਰਮੇਸ਼ੁਰ ਦੇ ਬਚਨ ਦੀ ਘੋਸ਼ਣਾ ਦੀ ਮਹੱਤਤਾ ਨੂੰ ਪਛਾਣਨਾ।
6. ਅਰਾਧਨਾ ਵਿੱਚ ਅਸੰਤੁਲਨ ਦੇ ਖ਼ਤਰੇ ਤੋਂ ਬਚਣਾ।

ਇਸ ਪਾਠ ਦੇ ਲਈ ਤਿਆਰੀ

ਮੀਕਾਹ 6:6-8 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

ਪਾਸਟਰਾਂ ਦਾ ਇੱਕ ਸਮੂਹ ਹਰ ਮਹੀਨੇ ਆਪੋ-ਆਪਣੀਆਂ ਕਲੀਸੀਆਵਾਂ ਦੇ ਮੁੱਦਿਆਂ ਤੇ ਚਰਚਾ ਕਰਨ ਲਈ ਇਕੱਠਾ ਹੁੰਦਾ ਹੈ। ਹਾਲ ਹੀ ਵਿੱਚ ਉਨ੍ਹਾਂ ਨੇ ਅਰਾਧਨਾ ਨੂੰ ਲੈ ਕੇ ਚਰਚਾ ਕੀਤੀ। ਅਰਾਧਨਾ ਦੇ ਵਿਸ਼ੇ ਤੇ ਇਨ੍ਹਾਂ ਪਾਸਟਰਾਂ ਵਿਚਕਾਰ ਮਹੱਤਵਪੂਰਣ ਮੱਤਭੇਦ ਹਨ। ਭਾਵੇਂ ਉਨ੍ਹਾਂ ਦੇ ਸਿਧਾਂਤਕ ਵਿਸ਼ਵਾਸ ਇੱਕੋ ਜਿਹੇ ਹਨ, ਉਹ ਅਰਾਧਨਾ ਦੀਆਂ ਸ਼ੈਲੀਆਂ ਦੇ ਮਾਮਲੇ ਵਿੱਚ ਉਨ੍ਹਾਂ ਦੇ ਵਿਚਾਰ ਵੱਖਰੇ-ਵੱਖਰੇ ਹਨ।

ਪਾਸਟਰਾਂ ਦਾ ਇੱਕ ਸਮੂਹ ਹਰ ਮਹੀਨੇ ਆਪੋ-ਆਪਣੀਆਂ ਕਲੀਸੀਆਵਾਂ ਦੇ ਮੁੱਦਿਆਂ ਤੇ ਚਰਚਾ ਕਰਨ ਲਈ ਇਕੱਠਾ ਹੁੰਦਾ ਹੈ। ਹਾਲ ਹੀ ਵਿੱਚ ਉਨ੍ਹਾਂ ਨੇ ਅਰਾਧਨਾ ਨੂੰ ਲੈ ਕੇ ਚਰਚਾ ਕੀਤੀ। ਅਰਾਧਨਾ ਦੇ ਵਿਸ਼ੇ ਤੇ ਇਨ੍ਹਾਂ ਪਾਸਟਰਾਂ ਵਿਚਕਾਰ ਮਹੱਤਵਪੂਰਣ ਮੱਤਭੇਦ ਹਨ। ਭਾਵੇਂ ਉਨ੍ਹਾਂ ਦੇ ਸਿਧਾਂਤਕ ਵਿਸ਼ਵਾਸ ਇੱਕੋ ਜਿਹੇ ਹਨ, ਉਹ ਅਰਾਧਨਾ ਦੀਆਂ ਸ਼ੈਲੀਆਂ ਦੇ ਮਾਮਲੇ ਵਿੱਚ ਉਨ੍ਹਾਂ ਦੇ ਵਿਚਾਰ ਵੱਖਰੇ-ਵੱਖਰੇ ਹਨ।

ਅੱਜ, ਜੇਸਨ ਕਹਿੰਦਾ ਹੈ, "ਸ਼ਾਇਦ ਅਸੀਂ ਇਸ ਨੂੰ ਗਲਤ ਵੇਖ ਰਹੇ ਹਾਂ। ਅਸੀਂ ਪੁੱਛਦੇ ਰਹਿੰਦੇ ਹਾਂ, 'ਸਾਨੂੰ ਕਿਸ ਤਰ੍ਹਾਂ ਦੀ ਅਰਾਧਨਾ ਚੰਗੀ ਲੱਗਦੀ ਹੈ? ਅਸੀਂ ਅਰਾਧਨਾ ਕਿਵੇਂ ਕਰਨੀ ਚਾਹੁੰਦੇ ਹਾਂ?' ਸ਼ਾਇਦ ਸਾਨੂੰ ਪੁੱਛਣਾ ਚਾਹੀਦਾ ਹੈ, 'ਪਰਮੇਸ਼ੁਰ ਕਿਸ ਤਰ੍ਹਾਂ ਚਾਹੁੰਦਾ ਹੈ ਕਿ ਅਸੀਂ ਅਰਾਧਨਾ ਕਰੀਏ? *ਉਸ ਨੂੰ* ਕਿਸ ਤਰ੍ਹਾਂ ਦੀ ਅਰਾਧਨਾ ਚੰਗੀ ਲੱਗਦੀ ਹੈ? ਜੇ ਪਰਮੇਸ਼ੁਰ ਅਰਾਧਨਾ ਦਾ ਢਾਂਚਾ ਬਣਾਉਂਦਾ, ਤਾਂ ਇਹ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ?' ਜੇ ਅਸੀਂ ਸਿੱਖੀਏ ਕਿ ਬਾਈਬਲ ਅਨੁਸਾਰ ਅਰਾਧਨਾ ਕਿਸ ਤਰ੍ਹਾਂ ਦੀ ਦਿਖਾਈ ਦਿੰਦੀ ਸੀ, ਤਾਂ ਇਹ ਸਾਨੂੰ ਅੱਜ ਅਰਾਧਨਾ ਲਈ ਇੱਕ ਨਮੂਨਾ ਦੇ ਸਕਦਾ ਹੈ।"

» ਜੇ ਪਰਮੇਸ਼ੁਰ ਅਰਾਧਨਾ ਦਾ ਢਾਂਚਾ ਬਣਾਉਂਦਾ, ਤਾਂ ਇਹ ਕਿਹੋ ਜਿਹੀ ਦਿਖਾਈ ਦੇਣੀ ਸੀ? ਬਾਈਬਲ ਅਨੁਸਾਰ ਅਰਾਧਨਾ ਬਾਰੇ ਜੋ ਤੁਸੀਂ ਪਹਿਲਾਂ ਹੀ ਜਾਣਦੇ ਹੋ ਉਸ ਨੂੰ ਸੰਖੇਪ ਵਿੱਚ ਦੱਸੋ।

ਜਾਣ-ਪਛਾਣ: ਪਰਮੇਸ਼ੁਰ ਨੂੰ ਸਹੀ ਅਰਾਧਨਾ ਦੀ ਲੋੜ ਹੈ

ਪਾਠ 2 ਵਿੱਚ, ਅਸੀਂ ਪਰਕਾਸ਼ ਦੀ ਪੋਥੀ ਵਿੱਚੋਂ ਵੇਖਿਆ ਕਿ ਸੱਚੀ ਅਰਾਧਨਾ ਪਵਿੱਤਰ ਪਰਮੇਸ਼ੁਰ ਦੀ ਅਰਾਧਨਾ ਹੈ। ਅਸੀਂ ਜ਼ਬੂਰ 15 ਵਿੱਚੋਂ ਵੇਖਿਆ ਸੀ ਕਿ ਪਰਮੇਸ਼ੁਰ ਆਪਣੇ ਅਰਾਧਕਾਂ ਤੋਂ ਪਵਿੱਤਰ ਹੋਣ ਦੀ ਮੰਗ ਕਰਦਾ ਹੈ। ਪਾਠ 3 ਵਿੱਚ, ਅਸੀਂ ਪੁੱਛਦੇ ਹਾਂ, "ਇੱਕ ਅਰਾਧਕ ਪਵਿੱਤਰ ਪਰਮੇਸ਼ੁਰ ਤੱਕ ਕਿਵੇਂ ਪਹੁੰਚਦਾ ਕਰਦਾ ਹੈ?"

ਕੁਝ ਲੋਕ ਕਹਿੰਦੇ ਹਨ ਕਿ ਪਰਮੇਸ਼ੁਰ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਅਸੀਂ ਕਿਵੇਂ ਅਰਾਧਨਾ ਕਰਦੇ ਹਾਂ; ਉਹ ਸਿਰਫ਼ ਇਸ ਗੱਲ ਦੀ ਪਰਵਾਹ ਕਰਦਾ ਹੈ ਕਿ ਦਿਲ ਸਹੀ ਹੈ। ਇਹ ਸੱਚ ਹੈ ਕਿ ਅਰਾਧਨਾ ਦਾ ਮੂਲ ਦਿਲ ਹੈ। ਪਰ, ਸਾਡੇ ਕੋਲ ਬਚਨ ਵਿੱਚੋਂ ਚੋਖੀ ਗਵਾਹੀ ਹੈ ਕਿ ਪਰਮੇਸ਼ੁਰ ਇਸ ਗੱਲ ਦੀ ਬਹੁਤ ਪਰਵਾਹ ਕਰਦਾ ਹੈ ਕਿ ਉਸ ਦੀ ਅਰਾਧਨਾ ਕਿਵੇਂ ਕੀਤੀ ਜਾਂਦੀ ਹੈ।

ਅਰਾਧਨਾ ਦਾ ਰੂਪ ਮਹੱਤਵਪੂਰਣ ਹੈ ਕਿਉਂਕਿ **ਸਾਡੀ ਅਰਾਧਨਾ ਪਰਮੇਸ਼ੁਰ ਬਾਰੇ ਸਾਡੀ ਸਮਝ ਨੂੰ ਪ੍ਰਭਾਵਿਤ ਕਰਦੀ ਹੈ।** ਪਿਛਲੇ ਪਾਠ ਵਿੱਚ, ਅਸੀਂ ਵੇਖਿਆ ਸੀ ਕਿ ਪਰਮੇਸ਼ੁਰ ਦੀ ਵਿਗੜੀ ਤਸਵੀਰ ਵਿਗੜੀ ਅਰਾਧਨਾ ਵੱਲ ਲੈ ਜਾਂਦੀ ਹੈ। ਇਹ ਵੀ ਸੱਚ ਹੈ ਕਿ ਵਿਗੜੀ ਹੋਈ ਅਰਾਧਨਾ ਸਾਡੇ ਪਰਮੇਸ਼ੁਰ ਦੀ ਤਸਵੀਰ ਨੂੰ ਵਿਗਾੜ ਦਿੰਦੀ ਹੈ। ਜਦੋਂ ਇਸਰਾਏਲੀਆਂ ਨੇ ਯਹੋਵਾਹ ਦੀ ਉਸ ਤਰੀਕੇ ਨਾਲ ਅਰਾਧਨਾ ਕੀਤੀ ਜਿਸ ਤਰ੍ਹਾਂ ਕਨਾਨੀ ਆਪਣੇ ਦੇਵਤਿਆਂ ਦੀ ਉਪਾਸਨਾ ਕਰਦੇ ਸਨ, ਤਾਂ ਉਨ੍ਹਾਂ ਨੇ ਝੱਟ ਵਿਸ਼ਵਾਸ ਕਰ ਲਿਆ ਕਿ ਪਰਮੇਸ਼ੁਰ ਦਾ ਸੁਭਾਅ ਕਨਾਨੀਆਂ ਦੇ ਦੇਵਤਿਆਂ ਵਰਗਾ ਸੀ। ਉਹ ਵਿਸ਼ਵਾਸ ਕਰਨ ਲੱਗੇ ਕਿ ਪਰਮੇਸ਼ੁਰ ਕਨਾਨੀਆਂ ਦੇ ਦੇਵਤਿਆਂ ਵਾਂਗ ਬਦਲਾ ਲੈਣ ਵਾਲਾ ਅਤੇ ਨਾ ਭਰੋਸੇਯੋਗ ਸੀ।[17]

ਅਰਾਧਨਾ ਦਾ ਰੂਪ ਇਸ ਲਈ ਵੀ ਮਹੱਤਵਪੂਰਣ ਹੈ ਕਿਉਂਕਿ **ਅਸੀਂ ਅਰਾਧਨਾ ਕਿਵੇਂ ਕਰਦੇ ਹਾਂ ਇਹ ਅਕਸਰ ਇਸ ਗੱਲ ਦਾ ਪ੍ਰਤੀਬਿੰਬ ਹੁੰਦਾ ਹੈ ਕਿ ਅਸੀਂ ਕਿਉਂ ਅਰਾਧਨਾ ਕਰਦੇ ਹਾਂ।** ਪ੍ਰੇਮ ਕਰਨ ਵਾਲਾ ਦਿਲ ਅਜਿਹੀ ਅਰਾਧਨਾ ਲਿਆਉਣ ਵਿੱਚ ਖੁਸ਼ ਹੁੰਦਾ ਹੈ ਜੋ ਪਰਮੇਸ਼ੁਰ ਦਾ ਆਦਰ ਕਰਨ ਵਾਲੀ ਹੁੰਦੀ ਹੈ; ਨਫ਼ਰਤ ਕਰਨ ਵਾਲਾ ਦਿਲ ਪਰਮੇਸ਼ੁਰ ਦੇ ਤਰੀਕੇ ਨਾਲ ਅਰਾਧਨਾ ਕਰਨ ਦੀ ਬਜਾਇ ਆਪਣੇ ਤਰੀਕੇ ਨਾਲ ਅਰਾਧਨਾ ਕਰਨਾ ਚਾਹੁੰਦਾ ਹੈ।

ਬਹੁਤ ਸਾਰੀਆਂ ਕਾਲਜ ਕਲਾਸਾਂ ਖੋਜ ਪੱਤਰਾਂ ਦੇ ਬਾਰੇ ਕੁਝ ਸ਼ਰਤਾਂ ਤੈਅ ਕਰਦੀਆਂ ਹਨ। ਉਨ੍ਹਾਂ ਨੂੰ ਇੱਕ ਕਵਰ ਪੇਜ, ਫੁਟਨੋਟ ਅਤੇ ਇੱਕ ਖਾਸ ਹਾਸ਼ੀਏ ਦੀ ਲੋੜ ਹੁੰਦੀ ਹੈ। ਇਹ ਵੇਰਵੇ ਪੱਤਰ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਨਹੀਂ ਹੁੰਦੇ; ਸਮੱਗਰੀ ਸਭ ਤੋਂ ਮਹੱਤਵਪੂਰਣ ਹੁੰਦੀ ਹੈ। ਪਰ, ਬਹੁਤ ਸਾਰੇ ਟੀਚਰਾਂ ਨੇ ਵੇਖਿਆ ਹੈ ਕਿ ਇੱਕ ਵਿਦਿਆਰਥੀ ਜੋ ਵੇਰਵਿਆਂ ਪ੍ਰਤੀ ਸਾਵਧਾਨ ਰਹਿੰਦਾ ਹੈ, ਆਮ ਤੌਰ ਤੇ ਸਮੱਗਰੀ ਪ੍ਰਤੀ ਸਾਵਧਾਨ ਹੁੰਦਾ ਹੈ; ਉਹ ਜੀ ਜਾਨ ਲਗਾ ਦੇਣਾ ਚਾਹੁੰਦੇ ਹਨ। ਦੂਜੇ ਪਾਸੇ, ਇੱਕ ਵਿਦਿਆਰਥੀ ਜੋ ਇਨ੍ਹਾਂ ਸ਼ਰਤਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਅਕਸਰ ਸਮੱਗਰੀ ਦੇ ਪ੍ਰਤੀ ਲਾਪਰਵਾਹ ਹੁੰਦਾ ਹੈ। ਪੱਤਰ ਦਾ ਰੂਪ ਅਕਸਰ ਪੱਤਰ ਦੀ ਸਮੱਗਰੀ ਨੂੰ ਦਰਸਾਉਂਦਾ ਹੈ। ਅਸੀਂ ਜਿਸ ਤਰ੍ਹਾਂ ਦੀ ਅਰਾਧਨਾ ਕਰਦੇ ਹਾਂ, ਉਹ ਅਕਸਰ ਸਾਡੇ ਦਿਲ ਦੇ ਰਵੱਈਏ ਨੂੰ ਦਰਸਾਉਂਦਾ ਹੈ। ਅਸੀਂ ਅਰਾਧਨਾ ਕਿਵੇਂ

---

17 ਮੀਕਾਹ 6:6-7 ਵਿੱਚ, ਧਾਰਮਿਕ ਆਗੂ ਬੱਚਿਆਂ ਦੀਆਂ ਬਲੀਆਂ ਦੇ ਕੇ ਯਹੋਵਾਹ ਨੂੰ ਵੱਢੀ ਦੇਣ ਦੀ ਕੋਸ਼ਿਸ਼ ਕਰਦੇ ਹਨ। ਉਹ ਸੋਚਦੇ ਹਨ ਕਿ ਯਹੋਵਾਹ ਉਸ ਬੱਚੇ ਦੀ ਬਲੀ ਦੀ ਉਮੀਦ ਕਰਦਾ ਹੈ ਜੋ ਮੋਲਕ ਮੰਗਦਾ ਸੀ।

ਕਰਦੇ ਹਾਂ, ਇਹ ਅਕਸਰ ਸਾਡੇ ਅਰਾਧਨਾ ਦੇ ਕਾਰਣ ਨਾਲ ਜੁੜਿਆ ਹੁੰਦਾ ਹੈ। ਇਸ ਕਰਕੇ ਪਰਮੇਸ਼ੁਰ ਪਰਵਾਹ ਕਰਦਾ ਹੈ ਕਿ ਅਸੀਂ ਕਿਵੇਂ ਅਰਾਧਨਾ ਕਰਦੇ ਹਾਂ।

- ਕਇਨ ਯਹੋਵਾਹ ਲਈ ਭੇਟ ਲਿਆਇਆ। ਕਇਨ ਜ਼ਮੀਨ ਦਾ ਹਾਲੀ ਸੀ। ਉਹ ਜ਼ਮੀਨ ਦਾ ਫਲ ਲਿਆਇਆ, ਪਰ ਯਹੋਵਾਹ ਨੇ ਕਇਨ ਅਤੇ ਉਸ ਦੀ ਭੇਟ ਨੂੰ ਪਸੰਦ ਨਹੀਂ ਕੀਤਾ। ਕਇਨ ਦੇ ਸਹੀ ਢੰਗ ਨਾਲ ਅਰਾਧਨਾ ਨਾ ਕਰਨ ਨੇ ਉਸ ਦੇ ਦਿਲ ਦਾ ਰਵੱਈਆ ਵਿਖਾਇਆ। ਕਇਨ ਦੀ ਭੇਟ ਖੁਦ ਦੇ ਲਈ ਸੁਵਿਧਾਜਨਕ ਸੀ, ਪਰ ਪਰਮੇਸ਼ੁਰ ਨੇ ਉਸ ਦੀ ਅਰਾਧਨਾ ਨੂੰ ਸਵੀਕਾਰ ਨਹੀਂ ਕੀਤਾ (ਉਤਪਤ 4:1-5)।

- ਹਾਰੂਨ ਨੇ ਯਹੋਵਾਹ ਦੀ ਅਰਾਧਨਾ ਵਿੱਚ ਵਰਤਣ ਲਈ ਸੋਨੇ ਦਾ ਇੱਕ ਬੱਛਾ ਬਣਾਇਆ। ਉਸ ਨੇ ਕਿਹਾ, "ਭਲਕੇ ਯਹੋਵਾਹ ਦਾ ਪਰਬ ਹੈ" (ਕੂਚ 32:1-5)। ਸ਼ਾਇਦ ਹਾਰੂਨ ਨੇ ਖੁਦ ਨੂੰ ਯਕੀਨ ਦਿਵਾਇਆ ਕਿ ਉਹ ਪਰਮੇਸ਼ੁਰ ਦੀ ਅਰਾਧਨਾ ਉਸ ਤਰੀਕੇ ਨਾਲ ਕਰ ਸਕਦਾ ਸੀ ਜਿਸ ਤੋਂ ਲੋਕ ਖ਼ੁਸ਼ ਹੁੰਦੇ, ਪਰ ਪਰਮੇਸ਼ੁਰ ਨੇ ਉਸ ਦੀ ਅਰਾਧਨਾ ਸਵੀਕਾਰ ਨਹੀਂ ਕੀਤੀ।

- ਨਾਦਾਬ ਅਤੇ ਅਬੀਹੂ ਨੇ ਸੀਨਈ ਪਹਾੜ ਉੱਤੇ ਇਸਰਾਏਲ ਦੇ ਪਰਮੇਸ਼ੁਰ ਨੂੰ ਵੇਖਿਆ (ਕੂਚ 24:1-11)। ਉਹ ਮੂਸਾ ਤੋਂ ਇਲਾਵਾ ਕਿਸੇ ਹੋਰ ਨਾਲੋਂ ਪਰਮੇਸ਼ੁਰ ਦੇ ਵਧੀਕ ਨੇੜੇ ਸਨ, ਪਰ ਤੰਬੂ ਵਿੱਚ ਜਾਜਕਾਈ ਸੇਵਾ ਦੇ ਆਪਣੇ ਪਹਿਲੇ ਦਿਨ, ਉਨ੍ਹਾਂ ਨੇ ਯਹੋਵਾਹ ਦੇ ਅੱਗੇ ਓਪਰੀ ਧੂਪ ਧੁਖਾਈ। ਜਵਾਬ ਵਿੱਚ, ਪ੍ਰਭੂ ਦੀ ਅੱਗ ਨੇ ਉਨ੍ਹਾਂ ਨੂੰ ਭਸਮ ਕਰ ਦਿੱਤਾ। ਮੂਸਾ ਨੇ ਉਨ੍ਹਾਂ ਦੇ ਦੁਖੀ ਪਿਤਾ ਨੂੰ ਪਰਮੇਸ਼ੁਰ ਦੇ ਨਿਆਉਂ ਬਾਰੇ ਸਮਝਾਇਆ; "ਇਹ ਉਹ ਗੱਲ ਹੈ ਜੋ ਯਹੋਵਾਹ ਨੇ ਐਉਂ ਬੋਲੀ ਸੀ ਭਈ 'ਮੈਂ ਉਨ੍ਹਾਂ ਦੇ ਸਾਹਮਣੇ ਜੋ ਮੇਰੇ ਨੇੜੇ ਢੁੱਕਦੇ ਹਨ ਪਵਿੱਤ੍ਰ ਹੋਵਾਂਗਾ ਅਤੇ ਸਭਨਾਂ ਲੋਕਾਂ ਦੇ ਸਾਹਮਣੇ ਮੇਰੀ ਵਡਿਆਈ ਹੋਵੇਗੀ।'" (ਲੇਵੀਆਂ 10:1-7) ਇਨ੍ਹਾਂ ਜਾਜਕਾਂ ਨੇ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਇ ਆਪਣੇ ਤਰੀਕੇ ਨਾਲ ਧੂਪ ਧੁਖਾਈ। ਪਰਮੇਸ਼ੁਰ ਨੇ ਉਨ੍ਹਾਂ ਦੀ ਅਰਾਧਨਾ ਸਵੀਕਾਰ ਨਹੀਂ ਕੀਤੀ।

"ਜੇ ਤੁਸੀਂ ਪੁਰਾਣੇ ਨੇਮ ਦੇ ਜਾਜਕ ਹੁੰਦੇ ਅਤੇ ਤੁਸੀਂ ਪਰਮੇਸ਼ੁਰ ਦੀ ਸੇਵਾ ਕਰਦੇ ਹੁੰਦੇ ਜਿਵੇਂ ਤੁਸੀਂ ਹੁਣ ਉਸ ਦੀ ਸੇਵਾ ਕਰਦੇ ਹੋ, ਤਾਂ ਪ੍ਰਭੂ ਨੂੰ ਤੁਹਾਨੂੰ ਮਾਰ ਸੁੱਟਣ ਵਿੱਚ ਕਿੰਨਾ ਸਮਾਂ ਲੱਗਦਾ?"

ਵਾਰੇਨ ਵਿਅਰਸਬੀ
(ਅਰਾਧਨਾ ਦੀ ਗੰਭੀਰਤਾ ਸੰਬੰਧੀ)

- ਉਜ਼ੀਯਾਹ ਇੱਕ ਮਹਾਨ ਪਾਤਸ਼ਾਹ ਸੀ। ਉਸ ਨੇ ਉਹੀ ਕੀਤਾ ਜੋ ਯਹੋਵਾਹ ਦੀ ਨਿਗਾਹ ਵਿੱਚ ਠੀਕ ਸੀ। 2 ਇਤਹਾਸ ਉਸ ਦੇ ਰਾਜ ਦਾ ਸਾਰ ਦਿੰਦਾ ਹੈ: "...ਉਹ ਦੀ ਸਹਾਇਤਾ ਅਜੇਹੇ ਨਿਰਾਲੇ ਢੰਗ ਨਾਲ ਹੋਈ ਜੋ ਉਹ ਤਕੜਾ ਹੋ ਗਿਆ" (2 ਇਤਹਾਸ 26:15)। ਅਫ਼ਸੋਸ ਦੀ ਗੱਲ ਹੈ ਕਿ ਇਹ ਉਜ਼ੀਯਾਹ ਦੀ ਕਹਾਣੀ ਦਾ ਅੰਤ ਨਹੀਂ ਹੈ। "ਪਰ ਜਦ ਉਹ ਤਕੜਾ ਹੋ ਗਿਆ ਤਾਂ ਉਹ ਦਾ ਦਿਲ ਇੰਨਾ ਹੰਕਾਰਿਆ ਗਿਆ ਕਿ ਉਹ ਵਿਗੜ ਗਿਆ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਤੋਂ ਬੇਮੁੱਖ ਹੋ ਗਿਆ ਅਤੇ ਯੋਹਵਾਹ ਦੀ ਹੈਕਲ ਵਿੱਚ ਜਾ ਕੇ ਧੂਪ ਦੀ ਜਗਵੇਦੀ ਉੱਤੇ ਧੂਪ ਧੁਖਾਉਣ ਲੱਗਾ" (2 ਇਤਹਾਸ 26:16)। ਉਸ ਨੇ ਆਪਣੇ ਤਰੀਕੇ ਨਾਲ ਪਰਮੇਸ਼ੁਰ ਦੀ ਅਰਾਧਨਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕੋੜ੍ਹ ਨਾਲ ਮਾਰਿਆ ਗਿਆ (2 ਇਤਹਾਸ 26:1-21)। ਪਰਮੇਸ਼ੁਰ ਨੇ ਉਸ ਦੀ ਅਰਾਧਨਾ ਨੂੰ ਸਵੀਕਾਰ ਨਹੀਂ ਕੀਤਾ।

- ਅਸੀਰੀ ਤੋਂ ਬਾਅਦ ਯਹੂਦੀ ਲੋਕ ਹੈਕਲ ਵਿੱਚ ਬੱਜ ਵਾਲੀਆਂ ਬਲੀਆਂ ਲੈ ਕੇ ਆਉਂਦੇ ਸਨ। ਸਹੀ ਬਲੀਆਂ ਚੜ੍ਹਾਉਣ ਵਿੱਚ ਉਨ੍ਹਾਂ ਦੀ ਅਸਫ਼ਲਤਾ ਨੇ ਉਨ੍ਹਾਂ ਦੇ ਦਿਲਾਂ ਦੇ ਲਾਪਰਵਾਹ ਰਵੱਈਏ ਨੂੰ ਦਰਸਾਇਆ। ਉਹ ਪਰਮੇਸ਼ੁਰ ਨੂੰ ਸੱਚਮੁੱਚ ਪਿਆਰ ਨਹੀਂ ਕਰਦੇ ਸਨ, ਇਸ ਲਈ ਪਰਮੇਸ਼ੁਰ ਨੇ ਉਨ੍ਹਾਂ ਦੀ ਅਰਾਧਨਾ ਨੂੰ ਸਵੀਕਾਰ ਨਹੀਂ ਕੀਤਾ (ਮਲਾਕੀ 1:6-14)।

ਪਰਮੇਸ਼ੁਰ ਇਸ ਗੱਲ ਦੀ ਪਰਵਾਹ ਕਰਦਾ ਹੈ ਕਿ ਉਸ ਦੀ ਅਰਾਧਨਾ *ਕਿਵੇਂ* ਕੀਤੀ ਜਾਂਦੀ ਹੈ। ਇਹ ਉਦਾਹਰਣਾਂ ਦਰਸਾਉਂਦੀਆਂ ਹਨ ਕਿ, ਆਪਣੀ ਮਰਜੀ ਉੱਤੇ ਛੱਡ ਦਿੱਤੇ ਜਾਣ ਤੇ, ਅਸੀਂ ਉਸ ਤਰੀਕੇ ਨਾਲ ਪਰਮੇਸ਼ੁਰ ਕੋਲ ਨਹੀਂ ਜਾਵਾਂਗੇ ਜਿਸ ਨਾਲ ਉਸ ਦਾ ਆਦਰ

ਹੁੰਦਾ ਹੈ। ਜੋ ਸਾਨੂੰ ਉਚਿਤ ਲੱਗਦਾ ਹੈ ਉਹ ਸ਼ਾਇਦ ਪਰਮੇਸ਼ੁਰ ਨੂੰ ਸਵੀਕਾਰ ਨਾ ਹੋਵੇ। ਸਾਡੀ ਅਰਾਧਨਾ ਵਿੱਚ ਉਸ ਦਾ ਸਾਡੀ ਅਗਵਾਈ ਕਰਨਾ ਜ਼ਰੂਰੀ ਹੈ।

ਕਿਉਂਕਿ ਅਰਾਧਨਾ ਦਾ ਅਰਥ ਪਰਮੇਸ਼ੁਰ ਦਾ ਆਦਰ ਕਰਨਾ ਹੈ, ਸਾਡੀ ਅਰਾਧਨਾ ਸਾਡੀਆਂ ਇੱਛਾਵਾਂ ਦੀ ਬਜਾਇ ਪਰਮੇਸ਼ੁਰ ਦੇ ਚਰਿੱਤਰ ਦੁਆਰਾ ਨਿਰਧਾਰਤ ਹੋਣੀ ਚਾਹੀਦੀ ਹੈ। ਅਸੀਂ ਆਪਣੇ ਆਪ ਇਹ ਨਿਰਧਾਰਤ ਨਹੀਂ ਕਰ ਸਕਦੇ ਕਿ ਪਰਮੇਸ਼ੁਰ ਨੂੰ ਕੀ ਪ੍ਰਸੰਨ ਕਰਦਾ ਹੈ; ਸਾਨੂੰ ਇਹ ਸਿੱਖਣ ਲਈ ਪਰਮੇਸ਼ੁਰ ਦੇ ਬਚਨ ਨੂੰ ਵੇਖਣਾ ਜ਼ਰੂਰੀ ਹੈ ਕਿ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਾਲੇ ਤਰੀਕੇ ਨਾਲ ਅਰਾਧਨਾ ਕਿਵੇਂ ਕਰਨੀ ਹੈ।

ਪਰਮੇਸ਼ੁਰ ਦੇ ਨਾਲ ਚੱਲਣਾ: ਕਿਰਪਾ ਦੇ ਰਿਸ਼ਤੇ ਵਜੋਂ ਅਰਾਧਨਾ ਕਰਨਾ

ਅਰਾਧਨਾ ਦੀ ਬਾਈਬਲ ਅਨੁਸਾਰ ਪਹਿਲੀ ਤਸਵੀਰ ਅਦਨ ਦੇ ਬਾਗ ਵਿੱਚ ਹੈ, "ਤਾਂ ਉਨ੍ਹਾਂ ਨੇ ਯਹੋਵਾਹ ਪਰਮੇਸ਼ੁਰ ਦੀ ਅਵਾਜ਼ ਸੁਣੀ ਜਦ ਉਹ ਬਾਗ ਵਿੱਚ ਠੰਡੇ ਵੇਲੇ ਫਿਰਦਾ ਸੀ..." (ਉਤਪਤ 3:8) ਇਹ ਅਰਾਧਨਾ ਲਈ ਪਰਮੇਸ਼ੁਰ ਦੇ ਨਮੂਨੇ ਨੂੰ ਦਰਸਾਉਂਦਾ ਹੈ: ਅਟੁੱਟ ਸੰਗਤ। ਮਨੁੱਖ ਅਤੇ ਉਸ ਦੇ ਸਿਰਜਣਹਾਰ ਦੇ ਵਿਚਕਾਰ। ਪਾਪ ਵਿੱਚ ਡਿੱਗਣ ਤੋਂ ਪਹਿਲਾਂ, ਮਨੁੱਖ ਅਤੇ ਪਰਮੇਸ਼ੁਰ ਵਿਚਲੀ ਸੰਗਤ ਵਿੱਚ ਪਾਪ ਰੁਕਾਵਟ ਨਹੀਂ ਸੀ। ਅਦਨ ਵਿੱਚ ਅਰਾਧਨਾ ਸਾਦੀ ਅਤੇ ਸੁਖਾਲੀ ਸੀ।

ਬਾਗ ਵਿੱਚ, ਅਸੀਂ ਵੇਖਦੇ ਹਾਂ ਕਿ ਪਰਮੇਸ਼ੁਰ ਆਪਣੇ ਪ੍ਰਾਣੀਆਂ ਨਾਲ ਸੰਗਤੀ ਚਾਹੁੰਦਾ ਹੈ। ਪਾਪ ਵਿੱਚ ਡਿੱਗਣ ਤੋਂ ਪਹਿਲਾਂ ਤੱਕ, ਮਨੁੱਖ ਨੇ ਪਰਮੇਸ਼ੁਰ ਨਾਲ ਪੂਰੀ ਸੰਗਤੀ ਦਾ ਅਨੰਦ ਮਾਣਿਆ; ਮਨੁੱਖ ਦੇ ਸੁਭਾਅ ਨੂੰ ਪਾਪ ਦੇ ਭਰਿਸ਼ਟ ਕਰਨ ਤੋਂ ਬਾਅਦ ਹੀ ਮਨੁੱਖ ਨੇ ਆਪਣੇ ਆਪ ਨੂੰ ਪਰਮੇਸ਼ੁਰ ਤੋਂ ਲੁਕਾਇਆ।

ਪੂਰੇ ਪੁਰਾਣੇ ਨੇਮ ਵਿੱਚ, *ਪਰਮੇਸ਼ੁਰ ਦੇ ਸੰਗ ਚੱਲਿਆ* ਸ਼ਬਦ ਦੀ ਵਰਤੋਂ ਇਹ ਦਰਸਾਉਣ ਲਈ ਕੀਤੀ ਜਾਂਦੀ ਹੈ ਕਿ ਅਰਾਧਨਾ ਵਿੱਚ ਪਰਮੇਸ਼ੁਰ ਨਾਲ ਰਿਸ਼ਤਾ ਸ਼ਾਮਲ ਹੈ। ਹਨੋਕ ਪਰਮੇਸ਼ੁਰ ਦੇ ਸੰਗ ਚੱਲਿਆ; ਨੂਹ ਪਰਮੇਸ਼ੁਰ ਦੇ ਨਾਲ-ਨਾਲ ਚੱਲਿਆ; ਅਬਰਾਹਾਮ ਨੂੰ ਪਰਮੇਸ਼ੁਰ ਦੇ ਨਾਲ ਚੱਲਣ ਦਾ ਹੁਕਮ ਦਿੱਤਾ ਗਿਆ ਸੀ (ਉਤਪਤ 5:24, ਉਤਪਤ 6:9, ਉਤਪਤ 17:1)। ਇਨ੍ਹਾਂ ਵਿੱਚੋਂ ਹਰ ਇੱਕ ਉਦਾਹਰਣ ਉਸ ਵਿਅਕਤੀ ਨੂੰ ਦਰਸਾਉਂਦੀ ਹੈ ਜਿਸ ਨੇ ਪਰਮੇਸ਼ੁਰ ਨਾਲ ਸਮਾਂ ਬਿਤਾਉਣ ਦੁਆਰਾ ਰਿਸ਼ਤਾ ਸਥਾਪਤ ਕੀਤਾ। ਸਹੀ ਅਰਾਧਨਾ ਪਰਮੇਸ਼ੁਰ ਨਾਲ ਸਹੀ ਰਿਸ਼ਤੇ ਤੇ ਅਧਾਰਤ ਹੈ।

ਉਤਪਤ 3:8 ਦੱਸਦੀ ਹੈ ਕਿ ਅਰਾਧਨਾ ਰਿਸ਼ਤੇ ਉੱਤੇ ਆਧਾਰਿਤ ਸੀ। ਇਹ ਇਹ ਵੀ ਦੱਸਦੀ ਹੈ ਕਿ ਅਰਾਧਨਾ ਸਿਰਫ਼ ਪਰਮੇਸ਼ੁਰ ਦੀ ਕਿਰਪਾ ਨਾਲ ਹੀ ਸੰਭਵ ਹੈ। ਓਪਰੇ ਦੇਵਤਿਆਂ ਨੇ ਉਮੀਦ ਕੀਤੀ ਕਿ ਮਨੁੱਖ ਦੇਵਤਿਆਂ ਨੂੰ ਖੁਸ਼ ਕਰਨ ਲਈ ਸਹੀ ਢੰਗ ਨਾਲ ਉਪਾਸਨਾ ਕਰਨ ਦਾ ਤਰੀਕਾ ਲੱਭੇਗਾ। ਇਸ ਦੇ ਉਲਟ, ਯਹੋਵਾਹ ਨੇ ਕਿਰਪਾ ਕਰਦੇ ਹੋਏ ਅਰਾਧਨਾ ਦੇ ਸਹੀ ਸਾਧਨ ਪ੍ਰਦਾਨ ਕੀਤੇ। ਤਿੰਨ ਉਦਾਹਰਣਾਂ ਇਸ ਗੱਲ ਨੂੰ ਦਰਸਾਉਂਦੀਆਂ ਹਨ।

ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਲਈ ਅਰਾਧਨਾ ਨੂੰ ਸੰਭਵ ਬਣਾਇਆ

ਆਦਮ ਅਤੇ ਹੱਵਾਹ ਦੇ ਪਾਪ ਵਿੱਚ ਡਿੱਗਣ ਤੋਂ ਬਾਅਦ, ਪਰਮੇਸ਼ੁਰ ਲਈ ਜ਼ਰੂਰੀ ਨਹੀਂ ਸੀ ਕਿ ਉਹ ਉਨ੍ਹਾਂ ਤੋਂ ਅਰਾਧਨਾ ਦੀ ਇੱਛਾ ਕਰਦਾ ਜਾਂ ਉਨ੍ਹਾਂ ਦੀ ਅਰਾਧਨਾ ਨੂੰ ਸਵੀਕਾਰ ਵੀ ਕਰਦਾ। ਉਨ੍ਹਾਂ ਨੇ ਪਰਮੇਸ਼ੁਰ ਦੀ ਬਿਵਸਥਾ ਨੂੰ ਤੋੜਿਆ ਸੀ; ਉਨ੍ਹਾਂ ਨੇ ਉਸ ਦੀ ਰਚਨਾ ਨੂੰ ਭਰਿਸ਼ਟ ਕੀਤਾ ਸੀ; ਉਹ ਨਿਆਉਂ ਤੋਂ ਇਲਾਵਾ ਕਿਸੇ ਚੀਜ਼ ਦੇ ਹੱਕਦਾਰ ਨਹੀਂ ਸਨ।

ਆਦਮ ਅਤੇ ਹੱਵਾਹ ਨੇ ਪਾਪ ਕਰਨ ਤੋਂ ਬਾਅਦ, ਯਹੋਵਾਹ ਦੇ ਸਾਹਮਣਿਓਂ ਆਪਣੇ ਆਪ ਨੂੰ ਲੁਕਾਇਆ (ਉਤਪਤ 3:8)। ਆਦਮ ਅਤੇ ਹੱਵਾਹ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕਦੇ ਸਨ; ਉਹ ਮੌਤ ਤੋਂ ਇਲਾਵਾ ਹੋਰ ਕਿਸੇ ਚੀਜ਼ ਦੀ ਆਸ ਨਹੀਂ ਕਰ ਸਕਦੇ ਸਨ। ਉਨ੍ਹਾਂ ਨੂੰ ਸਿਰਫ਼ ਇੱਕ ਹੀ ਪ੍ਰਤੀਕਿਰਿਆ ਦਾ ਪਤਾ ਸੀ ਕਿ ਬਿਵਸਥਾ ਦੇਣ ਵਾਲੇ ਤੋਂ ਆਪਣੇ ਆਪ ਨੂੰ ਲੁਕਾ ਲੈਣ, ਪਰ ਕਿਰਪਾ ਨਾਲ ਯਹੋਵਾਹ ਪਰਮੇਸ਼ੁਰ ਨੇ ਆਦਮ ਨੂੰ ਬੁਲਾਇਆ। ਅਰਾਧਨਾ ਪਰਮੇਸ਼ੁਰ ਦੀ ਕਿਰਪਾ ਨਾਲ ਸੰਭਵ ਹੋਈ ਹੈ। ਜੇ ਅਸੀਂ ਆਪਣੀ ਹਾਲਤ ਤੇ

ਛੱਡ ਦਿੱਤੇ ਜਾਈਏ, ਤਾਂ ਸਾਡੇ ਕੋਲ ਪਵਿੱਤਰ ਪਰਮੇਸ਼ੁਰ ਤੱਕ ਪਹੁੰਚਣ ਦਾ ਕੋਈ ਸਾਧਨ ਨਹੀਂ ਹੈ। ਪਰਮੇਸ਼ੁਰ ਦੀ ਕਿਰਪਾ ਨਾਲ ਹੀ ਸਾਨੂੰ ਅਰਾਧਨਾ ਕਰਨ ਲਈ ਬੁਲਾਇਆ ਜਾਂਦਾ ਹੈ।

ਪਰਮੇਸ਼ੁਰ ਨੇ ਅਬਰਾਹਾਮ ਲਈ ਅਰਾਧਨਾ ਨੂੰ ਸੰਭਵ ਬਣਾਇਆ

» **ਉਤਪਤ** 18:1-8 ਪੜ੍ਹੋ।

ਪਾਠ 1 ਵਿੱਚ, ਅਸੀਂ ਵੇਖਿਆ ਸੀ ਕਿ ਅਰਾਧਨਾ ਲਈ ਵਰਤੇ ਗਏ ਇਬਰਾਨੀ ਸ਼ਬਦਾਂ ਵਿੱਚੋਂ ਇੱਕ ਇਬਰਾਨੀ ਸ਼ਬਦ (*ਸ਼ਚਾਹ*) ਦਾ ਅਰਥ ਹੈ "ਝੁਕਣਾ " ਜਾਂ "ਅਰਾਧਨਾ ਕਰਨਾ।" ਇਹ ਸ਼ਬਦ ਸਭ ਤੋਂ ਪਹਿਲਾਂ **ਉਤਪਤ** 18:2 ਵਿੱਚ ਵਰਤਿਆ ਗਿਆ ਹੈ। ਪ੍ਰਭੂ ਅਤੇ ਦੋ ਦੂਤ ਪਰਗਟ ਹੋਏ ਜਦੋਂ ਅਬਰਾਮ ਆਪਣੇ ਤੰਬੂ ਦੇ ਬੂਹੇ ਕੋਲ ਬੈਠਾ ਸੀ। ਅਬਰਾਮ ਉਨ੍ਹਾਂ ਨੂੰ ਮਿਲਣ ਲਈ ਤੰਬੂ ਦੇ ਬੂਹਿਓਂ ਨੱਸਿਆ ਅਤੇ ਧਰਤੀ ਤੀਕ ਝੁਕਿਆ। ਅਬਰਾਹਾਮ ਨੇ ਆਪਣੇ ਆਪ ਨੂੰ ਝੁਕਾਇਆ — ਉਸ ਨੇ ਅਰਾਧਨਾ ਕੀਤੀ।

ਧਿਆਨ ਦਿਓ ਕਿ ਪਰਮੇਸ਼ੁਰ ਨੇ ਇਸ ਕਹਾਣੀ ਵਿੱਚ ਪਹਿਲ ਕੀਤੀ; ਉਹ ਅਬਰਾਹਾਮ ਨੂੰ ਮਿਲਣ ਆਇਆ। ਪਰਮੇਸ਼ੁਰ ਨੇ ਅਰਾਧਨਾ ਨੂੰ ਸੰਭਵ ਬਣਾਇਆ। ਨਵੇਂ ਨੇਮ ਦੀ ਤਰ੍ਹਾਂ ਪੁਰਾਣੇ ਨੇਮ ਵਿੱਚ, ਅਰਾਧਨਾ ਸਿਰਫ਼ ਕਿਰਪਾ ਨਾਲ ਹੀ ਸੰਭਵ ਹੋਈ ਹੈ। ਪੁਰਾਣੇ ਨੇਮ ਦੀਆਂ ਬਲੀਆਂ ਇੱਕ ਕ੍ਰੋਧਵਾਨ ਪਰਮੇਸ਼ੁਰ ਨੂੰ ਖੁਸ਼ ਕਰਨ ਦਾ ਸਾਧਨ ਨਹੀਂ ਹਨ ਜੋ ਰਿਸ਼ਤਾ ਕਾਇਮ ਕਰਨ ਦੀ ਇੱਛਾ ਨਹੀਂ ਰੱਖਦਾ; ਉਹ ਪਰਮੇਸ਼ੁਰ ਅਤੇ ਪਾਪੀ ਮਨੁੱਖ ਵਿਚਕਾਰ ਮੇਲ-ਮਿਲਾਪ ਦੇ ਸਾਧਨ ਵਜੋਂ ਖੁਦ ਪਰਮੇਸ਼ੁਰ ਦੁਆਰਾ ਤਿਆਰ ਕੀਤੀਆਂ ਗਈਆਂ ਸਨ। ਪੁਰਾਣੇ ਨੇਮ ਵਿੱਚ ਵੀ, ਅਰਾਧਨਾ ਸਿਰਫ਼ ਪਰਮੇਸ਼ੁਰ ਦੀ ਕਿਰਪਾ ਨਾਲ ਹੀ ਸੰਭਵ ਹੁੰਦੀ ਹੈ। ਸਾਡੇ ਅੰਦਰ ਆਪਣੇ ਆਪ ਉਚਿਤ ਢੰਗ ਨਾਲ ਅਰਾਧਨਾ ਕਰਨ ਦੀ ਕੋਈ ਯੋਗਤਾ ਨਹੀਂ ਹੈ।

ਪਰਮੇਸ਼ੁਰ ਨੇ ਯਾਕੂਬ ਲਈ ਅਰਾਧਨਾ ਨੂੰ ਸੰਭਵ ਬਣਾਇਆ

» **ਉਤਪਤ** 28:10-22 ਪੜ੍ਹੋ। ਇਹ ਕਹਾਣੀ ਅਰਾਧਨਾ ਬਾਰੇ ਪਰਮੇਸ਼ੁਰ ਦੀ ਭੂਮਿਕਾ ਬਾਰੇ ਕੀ ਦੱਸਦੀ ਹੈ?

ਬਾਈਬਲ ਦੇ ਅਨੁਸਾਰ ਅਰਾਧਨਾ ਦੀਆਂ ਸਭ ਤੋਂ ਹੈਰਾਨ ਕਰਨ ਵਾਲੀਆਂ ਤਸਵੀਰਾਂ ਵਿੱਚੋਂ ਇੱਕ **ਉਤਪਤ** 28:10-22 ਵਿੱਚ ਪਾਈ ਜਾਂਦੀ ਹੈ। ਯਾਕੂਬ ਦੇ ਅਤੀਤ ਤੋਂ ਇੱਕ ਅਰਾਧਕ ਵਾਲੇ ਕੋਈ ਗੁਣ ਵਿਖਾਈ ਨਹੀਂ ਦਿੰਦੇ। ਉਹ **ਜ਼ਬੂਰ** 15 ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ। ਉਹ ਪਰਮੇਸ਼ੁਰ ਨੂੰ ਨਹੀਂ ਭਾਲ ਰਿਹਾ; ਅਸਲ ਵਿੱਚ, ਉਹ ਉਨ੍ਹਾਂ ਮੁਸ਼ਕਲਾਂ ਤੋਂ ਭੱਜ ਰਿਹਾ ਹੈ ਜੋ ਉਸ ਨੇ ਆਪਣੇ ਧੋਖੇ ਵਾਲੇ ਕੰਮਾਂ ਨਾਲ ਪੈਦਾ ਕੀਤੀਆਂ ਹਨ। ਅਰਾਧਨਾ ਦੇ ਵਿਸ਼ੇ ਵਾਲੀ ਕੋਈ ਵੀ ਪੁਸਤਕ ਇਹ ਨਹੀਂ ਕਹਿੰਦੀ, "ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਅਜਿਹੇ ਧੋਖੇਬਾਜ਼ਾਂ ਤੋਂ ਆਉਂਦੀ ਹੈ ਜੋ ਆਪਣੇ ਹੀ ਪਾਪ ਦੇ ਨਤੀਜਿਆਂ ਤੋਂ ਭੱਜ ਰਹੇ ਹਨ।"

ਪਰ, ਯਾਕੂਬ ਦੀ ਅਯੋਗਤਾ ਦੇ ਬਾਵਜੂਦ, ਪਰਮੇਸ਼ੁਰ ਨੇ ਆਪਣੇ ਆਪ ਨੂੰ ਯਾਕੂਬ ਉੱਤੇ ਪਰਗਟ ਕੀਤਾ। ਪਰਮੇਸ਼ੁਰ ਦੀ ਕਿਰਪਾ ਯਾਕੂਬ ਵਰਗੇ ਅਯੋਗ ਵਿਅਕਤੀ ਲਈ ਵੀ ਅਰਾਧਨਾ ਨੂੰ ਸੰਭਵ ਬਣਾਉਂਦੀ ਹੈ। ਵਾਰੇਨ ਵਿਅਰਸਬੀ ਨੇ ਲਿਖਿਆ, "ਪਰਮੇਸ਼ੁਰ ਕਿਰਪਾ ਵਿਖਾਉਂਦੇ ਹੋਏ ਅਜਿਹੇ ਸਮੇਂ ਦਖ਼ਲ ਦਿੰਦਾ ਹੈ ਜਦੋਂ ਸਾਨੂੰ ਇਸ ਦੀ ਸਭ ਤੋਂ ਘੱਟ ਉਮੀਦ ਹੁੰਦੀ ਹੈ — ਜਾਂ ਕਿ ਅਸੀਂ ਇਸ ਦੇ ਹੱਕਦਾਰ ਵੀ ਨਹੀਂ ਹੁੰਦੇ। **ਜਦੋਂ ਅਰਾਧਨਾ ਕਿਰਪਾ ਦਾ ਅਨੁਭਵ ਬਣਨਾ ਬੰਦ ਕਰ ਦਿੰਦੀ ਹੈ, ਤਾਂ ਇਹ ਵਡਿਆਈ ਦਾ ਅਨੁਭਵ ਬਣਨਾ ਵੀ ਬੰਦ ਕਰ ਦਿੰਦੀ ਹੈ।**"[18]

ਸਿਰਫ਼ ਕਿਰਪਾ ਦੁਆਰਾ ਹੀ ਪਰਮੇਸ਼ੁਰ ਸਾਨੂੰ ਆਪਣੀ ਹਜ਼ੂਰੀ ਵਿੱਚ ਸੱਦਾ ਦਿੰਦਾ ਹੈ। ਸਾਡੀ ਅਰਾਧਨਾ ਉਸ ਦੀ ਕਿਰਪਾ ਦੇ ਜਵਾਬ ਵਿੱਚ ਹੈ। ਅਸੀਂ ਅਰਾਧਨਾ ਵਿੱਚ ਜੋ ਵੀ ਕਰਦੇ ਹਾਂ ਉਹ ਪਰਮੇਸ਼ੁਰ ਦੇ ਕਾਬਲ ਨਹੀਂ ਹੈ; ਇਹ ਉਸ ਦੀ ਕਿਰਪਾ ਹੀ ਹੈ ਜੋ ਸਾਨੂੰ ਅਰਾਧਨਾ ਕਰਨ ਦੀ ਸ਼ਕਤੀ ਦਿੰਦੀ ਹੈ।

---

18 Warren W. Wiersbe, Real Worship, (Grand Rapids: Baker Books, 2000), 72

ਯਾਕੂਬ ਦੀ ਕਹਾਣੀ ਯਹੋਵਾਹ ਦੀ ਅਰਾਧਨਾ ਅਤੇ ਝੂਠੇ ਦੇਵਤਿਆਂ ਦੀ ਉਪਾਸਨਾ ਵਿਚਕਾਰ ਇੱਕ ਵੱਡੇ ਅੰਤਰ ਨੂੰ ਦਰਸਾਉਂਦੀ ਹੈ। ਝੂਠੇ ਦੇਵਤਿਆਂ ਦੇ ਉਪਾਸਕਾਂ ਨੇ ਆਪਣੇ ਦੇਵਤੇ ਦੀ ਕਿਰਪਾ ਜਿੱਤਣ ਦੀ ਕੋਸ਼ਿਸ਼ ਵਿੱਚ ਜਗਵੇਦੀਆਂ ਬਣਵਾਈਆਂ। ਕਰਮਲ ਪਰਬਤ ਉੱਤੇ, ਬਆਲ ਦੇ ਨਬੀ "ਸਵੇਰ ਤੋਂ ਦੁਪਹਿਰ ਤੀਕ ਬਆਲ ਦੇ ਨਾਮ ਉੱਤੇ ਪੁਕਾਰਦੇ ਰਹੇ, 'ਹੇ ਬਆਲ, ਸਾਡੀ ਸੁਣ।' ਪਰ ਕੁਝ ਅਵਾਜ਼ ਨਾ ਆਈ ਨਾ ਕੋਈ ਉੱਤਰ ਦੇਣ ਵਾਲਾ ਸੀ ਅਤੇ ਓਹ ਉਸ ਜਗਵੇਦੀ ਦੇ ਦੁਆਲੇ ਜੋ ਬਣੀ ਹੋਈ ਸੀ ਭੁੜਕਦੇ ਫਿਰਦੇ ਸਨ" (1 ਰਾਜਿਆਂ 18:26)।

» ਸੱਚੀ ਅਰਾਧਨਾ ਅਤੇ ਝੂਠੀ ਅਰਾਧਨਾ ਵਿਚਕਾਰ ਅੰਤਰ ਵੇਖਣ ਲਈ 1 ਰਾਜਿਆਂ 18:20-39 ਪੜ੍ਹੋ।

ਬਆਲ ਦੇ ਨਬੀਆਂ ਨੇ ਬਆਲ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣੇ ਆਪ ਨੂੰ ਪਰਗਟ ਕਰੇ। ਇਹ ਨਮੂਨਾ ਮੂਰਤੀ-ਪੂਜਾ ਵਿੱਚ ਬਾਰ-ਬਾਰ ਵੇਖਣ ਨੂੰ ਮਿਲਦਾ ਹੈ। ਜਗਵੇਦੀਆਂ ਅਤੇ ਭੇਟਾਂ ਮੂਰਤੀ ਦੀ ਕਿਰਪਾ ਕਮਾਉਣ ਦੀ ਕੋਸ਼ਿਸ਼ ਹਨ।

ਝੂਠੀ ਅਰਾਧਨਾ ਵਿੱਚ, ਇੱਕ ਵਿਅਕਤੀ ਇੱਕ ਮੂਰਤੀ ਦੀ ਕਿਰਪਾ ਪ੍ਰਾਪਤ ਕਰਨ ਲਈ ਇੱਕ ਜਗਵੇਦੀ ਬਣਾਉਂਦਾ ਹੈ (ਕੰਮ)।

ਸੱਚੀ ਅਰਾਧਨਾ ਵਿੱਚ, ਇੱਕ ਵਿਅਕਤੀ ਪਰਮੇਸ਼ੁਰ ਦੀ ਕਿਰਪਾ (ਮਿਹਰ) ਦਾ ਜਸ਼ਨ ਮਨਾਉਣ ਲਈ ਇੱਕ ਜਗਵੇਦੀ ਬਣਾਉਂਦਾ ਹੈ।

ਇਸ ਦੇ ਉਲਟ, ਅਰਾਧਨਾ ਵਿੱਚ ਪਰਮੇਸ਼ੁਰ ਕਿਰਪਾ ਨਾਲ ਆਪਣੇ ਆਪ ਨੂੰ ਲੋਕਾਂ ਉੱਤੇ ਪਰਗਟ ਕਰਦਾ ਹੈ। ਏਲੀਯਾਹ ਨੇ ਆਪਣੀ ਜਗਵੇਦੀ ਨੂੰ ਪੂਰੇ ਭਰੋਸੇ ਨਾਲ ਬਣਾਇਆ ਕਿ ਜਿਸ ਪਰਮੇਸ਼ੁਰ ਦੀ ਉਹ ਸੇਵਾ ਕਰਦਾ ਸੀ ਉਹ ਉਸ ਦੀ ਪ੍ਰਾਰਥਨਾ ਦਾ ਜਵਾਬ ਜ਼ਰੂਰ ਦੇਵੇਗਾ।

> ਹੇ ਯਹੋਵਾਹ ਅਬਰਾਹਾਮ, ਇਸਹਾਕ ਤੇ ਇਸਰਾਏਲ ਦੇ ਪਰਮੇਸ਼ੁਰ, ਅੱਜ ਮਲੂਮ ਹੋ ਜਾਵੇ ਕਿ ਤੂੰ ਇਸਰਾਏਲ ਵਿੱਚ ਪਰਮੇਸ਼ੁਰ ਹੈਂ ਅਤੇ ਮੈਂ ਤੇਰਾ ਦਾਸ ਹਾਂ ਅਤੇ ਮੈਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਤੇਰੇ ਬਚਨ ਨਾਲ ਕੀਤਾ ਹੈ (1 ਰਾਜਿਆਂ 18:36)।

ਉਤਪਤ ਵਿੱਚ, ਪੁਰਖਿਆਂ ਨੇ ਪਰਮੇਸ਼ੁਰ ਦਾ ਧਿਆਨ ਖਿੱਚਣ ਲਈ ਨਹੀਂ, ਸਗੋਂ ਉਨ੍ਹਾਂ ਥਾਵਾਂ ਦੀ ਯਾਦਗਾਰ ਵਜੋਂ ਜਗਵੇਦੀਆਂ ਬਣਾਈਆਂ ਜਿੱਥੇ ਪਰਮੇਸ਼ੁਰ ਨੇ ਆਪਣੇ ਆਪ ਨੂੰ ਪਰਗਟ ਕੀਤਾ ਸੀ। ਜਗਵੇਦੀ ਨੇ ਪਰਮੇਸ਼ੁਰ ਦੀ ਕਿਰਪਾ ਹਾਸਲ ਨਹੀਂ ਕੀਤੀ; ਇਹ ਉਸ ਦੀ ਕਿਰਪਾ ਦਾ ਜਸ਼ਨ ਮਨਾਉਂਦੀ ਸੀ। ਯਾਕੂਬ ਸਾਨੂੰ ਦੱਸਦਾ ਹੈ ਕਿ ਅਰਾਧਨਾ ਸਿਰਫ਼ ਕਿਰਪਾ ਦੁਆਰਾ ਹੀ ਸੰਭਵ ਹੈ। ਸਾਨੂੰ ਕਦੇ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਸਾਡੀ ਅਰਾਧਨਾ ਸਾਨੂੰ ਪਰਮੇਸ਼ੁਰ ਦੀ ਕਿਰਪਾ ਦੇ ਯੋਗ ਬਣਾਉਂਦੀ ਹੈ; ਅਸੀਂ ਕਿਰਪਾ ਦੇ ਕਾਰਣ ਅਰਾਧਨਾ ਕਰਦੇ ਹਾਂ।

ਕੀ ਹੁੰਦਾ ਹੈ ਜਦੋਂ ਪਰਮੇਸ਼ੁਰ ਅਰਾਧਨਾ ਨੂੰ ਸੰਭਵ ਬਣਾਉਂਦਾ ਹੈ? ਯਾਕੂਬ ਦਾ ਜੀਵਨ ਬਦਲ ਗਿਆ। ਇਸ ਬਦਲਾਅ ਦੇ ਪੂਰਾ ਹੋਣ ਤੋਂ ਪਹਿਲਾਂ 30 ਸਾਲ ਬੀਤ ਚੁੱਕੇ ਸਨ, ਪਰ ਇਹ ਬਦਲਾਅ ਬੈਤਏਲ ਤੋਂ ਸ਼ੁਰੂ ਹੋਇਆ ਸੀ। ਅਰਾਧਨਾ (ਯਾਕੂਬ ਵਰਗੇ ਅਪੂਰਣ ਵਿਅਕਤੀ ਦੀ ਅਪੂਰਣ ਅਰਾਧਨਾ ਵੀ) ਸਾਨੂੰ ਬਦਲਦੀ ਹੈ ਅਤੇ ਸਾਡੇ ਲਈ ਉਹ ਕਰਦੀ ਹੈ ਜੋ ਅਸੀਂ ਆਪਣੇ ਲਈ ਕਦੇ ਨਹੀਂ ਕਰ ਸਕਦੇ।

ਜਾਂਚ

ਆਪਣੇ ਆਪ ਨੂੰ ਪੁੱਛੋ, "ਕੀ ਮੈਂ ਅਰਾਧਨਾ ਦੁਆਰਾ ਬਦਲਿਆ ਜਾ ਰਿਹਾ ਹਾਂ, ਜਾਂ ਕੀ ਇਹ ਮੇਰੇ ਲਈ ਸਿਰਫ਼ ਇੱਕ ਨਿੱਤਨੇਮ ਹੈ? ਅਰਾਧਨਾ ਵਿੱਚ ਪਰਮੇਸ਼ੁਰ ਨਾਲ ਇੱਕ ਮੁਲਾਕਾਤ ਦੇ ਕਾਰਣ ਪਿਛਲੀ ਵਾਰ ਮੈਂ ਆਪਣੇ ਕੰਮਾਂ, ਧਾਰਣਾਵਾਂ ਜਾਂ ਰਵੱਈਆਂ ਨੂੰ ਕਦੋਂ ਬਦਲਿਆ ਸੀ?"

ਅਬਰਾਹਾਮ: ਅਰਾਧਨਾ ਲਈ ਆਗਿਆਕਾਰੀ ਦੀ ਲੋੜ ਹੁੰਦੀ ਹੈ

» ਉਤਪਤ 22:1-19 ਪੜ੍ਹੋ। ਇਸ ਕਹਾਣੀ ਵਿੱਚ ਅਰਾਧਨਾ ਦੀਆਂ ਕੀ ਸ਼ਰਤਾਂ ਹਨ?

ਅਬਰਾਹਾਮ ਦੁਆਰਾ ਆਪਣੇ ਪੁੱਤਰ ਦੀ ਬਲੀ ਅਰਾਧਨਾ ਦਾ ਇੱਕ ਉੱਤਮ ਕਾਰਜ ਸੀ। ਇਸ ਕਹਾਣੀ ਵਿੱਚ, ਅਬਰਾਹਾਮ ਦੀ ਆਗਿਆਕਾਰੀ ਉੱਤੇ ਦਿੱਤਾ ਗਿਆ ਜ਼ੋਰ ਵੇਖੋ। ਪਰਮੇਸ਼ੁਰ ਨੇ ਕਿਹਾ, "ਆਪਣੇ ਪੁੱਤਰ ਨੂੰ ਲੈ... ਅਤੇ ਜਾਹ... ਅਤੇ ਉਸ ਨੂੰ ਬਲੀ ਕਰਕੇ ਚੜ੍ਹਾ..." ਤਿੰਨ ਹੁਕਮ। ਅਬਰਾਹਾਮ ਨੇ "ਆਪਣੇ ਪੁੱਤਰ ਇਸਹਾਕ ਨੂੰ ਨਾਲ ਲਿਆ... ਅਤੇ ਉੱਠਿਆ ਅਤੇ ਗਿਆ... ਅਤੇ ਆਪਣੇ ਪੁੱਤਰ ਨੂੰ ਮਾਰਨ ਲਈ ਛੁਰੀ ਫੜੀ।" ਅਬਰਾਹਾਮ ਹਰ ਹੁਕਮ ਦੀ ਪਾਲਣਾ ਕਰਦਾ ਹੈ।

ਅਬਰਾਹਾਮ ਦਾ ਇਸਹਾਕ ਨੂੰ ਬਲੀ ਚੜ੍ਹਾਉਣਾ ਵਿਖਾਉਂਦਾ ਹੈ ਕਿ ਸੱਚੀ ਅਰਾਧਨਾ ਲਈ ਪੂਰਨ ਆਗਿਆਕਾਰੀ ਦੀ ਲੋੜ ਹੁੰਦੀ ਹੈ। ਅਰਾਧਨਾ ਕਿਸੇ ਭਾਵਨਾ ਜਾਂ ਜਜ਼ਬਾਤ ਤੋਂ ਵੱਧ ਕੇ ਹੈ; ਅਰਾਧਨਾ ਇੱਕ ਗਾਇਕ ਜਾਂ ਪਰਚਾਰਕ ਨੂੰ ਸੁਣਨ ਤੋਂ ਵੱਧ ਕੇ ਹੈ; ਅਰਾਧਨਾ ਪਰਮੇਸ਼ੁਰ ਨੂੰ ਇੱਕ ਸਰਗਰਮ ਜਵਾਬ ਹੈ।

ਉਤਪਤ 18 ਵਿੱਚ ਅਬਰਾਹਾਮ ਦੀ ਕਹਾਣੀ ਤੇ ਵਾਪਸ ਜਾਓ। ਕਹਾਣੀ ਦੀ ਸ਼ੁਰੂਆਤ ਵਿੱਚ, ਅਸੀਂ ਅਰਾਧਨਾ ਨੂੰ ਆਗਿਆਕਾਰੀ ਸੇਵਾ ਵਜੋਂ ਵੇਖਦੇ ਹਾਂ। ਅਬਰਾਹਾਮ ਨੇ ਤਿੰਨ ਅਜਨਬੀਆਂ ਨੂੰ ਆਪਣੇ ਤੰਬੂ ਵੱਲ ਆਉਂਦੇ ਵੇਖਿਆ। ਉਹ ਧਰਤੀ ਤੀਕ ਝੁਕਿਆ। ਉਸ ਨੇ ਅਰਾਧਨਾ ਕੀਤੀ।

ਫਿਰ ਅਸੀਂ ਅਬਰਾਹਾਮ ਨੂੰ ਸੇਵਾ ਟਹਿਲ ਵਿੱਚ ਰੁੱਝਿਆ ਹੋਇਆ ਵੇਖਦੇ ਹਾਂ। ਉਸ ਨੇ ਉਨ੍ਹਾਂ ਦੇ ਚਰਨ ਧੋਣ ਲਈ ਉਨ੍ਹਾਂ ਨੂੰ ਪਾਣੀ ਦਿੱਤਾ; ਉਹ ਸਾਰਾਹ ਨੂੰ ਫੁਲਕੇ ਬਣਾਉਣ ਲਈ ਕਹਿਣ ਵਾਸਤੇ ਛੇਤੀ ਤੰਬੂ ਵਿੱਚ ਗਿਆ; ਉਸ ਨੇ ਭੋਜਨ ਤਿਆਰ ਕਰਵਾਇਆ ਅਤੇ ਉਨ੍ਹਾਂ ਦੇ ਅੱਗੇ ਪਰੋਸ ਦਿੱਤਾ। ਜਦੋਂ ਉਹ ਖਾ ਰਹੇ ਸਨ ਤਾਂ ਉਹ ਉਡੀਕ ਕਰਨ ਵਾਲੇ ਨੌਕਰ ਦੀ ਤਰ੍ਹਾਂ ਉਨ੍ਹਾਂ ਦੇ ਕੋਲ ਰੁੱਖ ਹੇਠ ਖੜ੍ਹਾ ਰਿਹਾ। ਇਹ ਸਭ ਉਸ ਨੌਕਰ ਵਾਲਾ ਵਿਹਾਰ ਹੈ ਜੋ ਆਪਣੇ ਮਾਲਕ ਦੀ ਸਭ ਤੋਂ ਉੱਤਮ ਸੇਵਾ ਟਹਿਲ ਕਰਦਾ ਹੈ। ਸੱਚੇ ਅਰਾਧਕ ਦੇ ਅੰਦਰ ਦਿਲੋਂ ਸੇਵਾ ਕਰਨ ਦਾ ਰਵੱਈਆ ਹੁੰਦਾ ਹੈ।

ਅਰਾਧਨਾ ਵਿੱਚ ਆਗਿਆਕਾਰੀ ਦੀ ਲੋੜ ਪੂਰੇ ਪੁਰਾਣੇ ਨੇਮ ਵਿੱਚ ਵੇਖੀ ਜਾਂਦੀ ਹੈ। ਹਾਬਲ ਦੀ ਭੇਟ ਸਵੀਕਾਰ ਕੀਤੀ ਗਈ ਕਿਉਂਕਿ ਇਹ ਭੇਟ ਦੀਆਂ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਪੂਰਾ ਕਰਦੀ ਸੀ। ਹਾਬਲ ਆਪਣੇ ਇੱਜੜ ਦੇ ਪਲੋਠਿਆਂ ਅਰ ਉਨ੍ਹਾਂ ਦੀ ਚਰਬੀ ਤੋਂ ਕੁਝ ਲਿਆਇਆ (ਉਤਪਤ 4:4)। ਹਾਬਲ ਆਗਿਆਕਾਰੀ ਨਾਲ ਆਪਣਾ ਸਭ ਤੋਂ ਉੱਤਮ ਲਿਆਇਆ। ਇਸ ਦੇ ਉਲਟ, ਕਇਨ ਆਪਣੀ ਜ਼ਿੰਮੇਵਾਰੀ ਸਭ ਤੋਂ ਸੌਖੇ ਤਰੀਕੇ ਨਾਲ ਨਿਭਾਉਣਾ ਚਾਹੁੰਦਾ ਸੀ।

ਅਰਾਧਨਾ ਵਿੱਚ ਆਗਿਆਕਾਰੀ ਦੀ ਲੋੜ ਸ਼ਾਊਲ ਦੇ ਜੀਵਨ ਵਿੱਚ ਵੇਖੀ ਗਈ ਹੈ। ਜਦੋਂ ਸ਼ਾਊਲ ਨੇ ਅਮਾਲੇਕ ਦੇ ਸਾਰੇ ਜਾਨਵਰਾਂ ਨੂੰ ਨਾਸ ਕਰਨ ਦੇ ਪਰਮੇਸ਼ੁਰ ਦੇ ਹੁਕਮ ਦੀ ਉਲੰਘਣਾ ਕੀਤੀ, ਤਾਂ ਉਸ ਨੇ ਇਹ ਦਾਅਵਾ ਕਰਦੇ ਹੋਏ ਖੁਦ ਨੂੰ ਸਹੀ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਸਭ ਤੋਂ ਵਧੀਆ ਜਾਨਵਰਾਂ ਨੂੰ ਬਲੀ ਲਈ ਬਚਾ ਲਿਆ ਗਿਆ ਸੀ। ਸਮੂਏਲ ਨੇ ਜਵਾਬ ਦਿੱਤਾ, "ਭਲਾ, ਯਹੋਵਾਹ ਹੋਮ ਦੀਆਂ ਭੇਟਾਂ ਅਤੇ ਬਲੀਆਂ ਨਾਲ ਪਰਸੰਨ ਹੁੰਦਾ ਹੈ, ਯਾ ਇਸ ਗੱਲ ਉੱਤੇ ਜੋ ਉਹ ਦੀ ਅਵਾਜ਼ ਸੁਣੀ ਜਾਵੇ? ਵੇਖ, ਮੰਨਣਾ ਭੇਟਾਂ ਚੜ੍ਹਾਉਣ ਨਾਲੋਂ, ਅਤੇ ਸਰੋਤਾ ਬਣਨਾ ਛੱਤਰਿਆਂ ਦੀ ਚਰਬੀ ਨਾਲੋਂ ਚੰਗਾ ਹੈ" (1 ਸਮੂਏਲ 15:22)।

» 1 ਸਮੂਏਲ 15:1-23 ਪੜ੍ਹੋ।

ਪਰਮੇਸ਼ੁਰ ਆਕੀ ਦਿਲ ਤੋਂ ਕੀਤੀ ਗਈ ਅਰਾਧਨਾ ਨੂੰ ਸਵੀਕਾਰ ਨਹੀਂ ਕਰੇਗਾ।

ਸੱਚੀ ਅਰਾਧਨਾ ਪਰਮੇਸ਼ੁਰ ਨਾਲ ਇੱਕ ਗੂੜ੍ਹਾ ਰਿਸ਼ਤਾ ਬਣਾਉਣ ਦੀ ਪ੍ਰੇਰਣਾ ਦਿੰਦੀ ਹੈ। ਅਬਰਾਹਾਮ ਦੀ ਕਹਾਣੀ ਨੂੰ ਦੁਬਾਰਾ ਵੇਖੋ। ਉਤਪਤ 18 ਅਧਿਆਇ ਅਬਰਾਹਾਮ ਦੀ ਪਰਮੇਸ਼ੁਰ ਦੀ ਸੇਵਾ ਨਾਲ ਸ਼ੁਰੂ ਹੁੰਦਾ ਹੈ; ਅਧਿਆਇ ਰਿਸ਼ਤੇ ਦੇ ਨਾਲ ਖਤਮ ਹੁੰਦਾ ਹੈ। ਯਹੋਵਾਹ ਨੇ ਪੁੱਛਿਆ, "ਮੈਂ ਅਬਰਾਹਾਮ ਤੋਂ ਉਹ ਜੋ ਮੈਂ ਕਰਨ ਨੂੰ ਹਾਂ ਕਿਉਂ ਲੁਕਾਵਾਂ...?" ਪਰਮੇਸ਼ੁਰ ਦੇ ਇਰਾਦੇ ਨੂੰ ਸੁਣਨ ਤੋਂ ਬਾਅਦ, ਅਬਰਾਹਾਮ

ਨੇ ਦਲੇਰੀ ਨਾਲ ਸਦੂਮ ਦੇ ਨਾਸ ਹੋਣ ਬਾਰੇ ਪਰਮੇਸ਼ੁਰ ਨਾਲ ਗੱਲਬਾਤ ਕੀਤੀ। ਕੀ ਹੋਇਆ? ਪਰਮੇਸ਼ੁਰ ਦਾ ਸੇਵਕ ਪਰਮੇਸ਼ੁਰ ਦਾ ਮਿੱਤਰ ਵੀ ਹੈ।

ਅਰਾਧਨਾ ਵਿੱਚ ਹੀ ਅਸੀਂ ਸੱਚਮੁੱਚ ਪਰਮੇਸ਼ੁਰ ਨੂੰ ਜਾਣਦੇ ਹਾਂ। ਅਰਾਧਨਾ ਵਿੱਚ ਹੀ ਸਾਨੂੰ ਪਰਮੇਸ਼ੁਰ ਦੇ ਦਿਲ ਦਾ ਉਸ ਹੱਦ ਤੱਕ ਪਤਾ ਲੱਗਦਾ ਹੈ ਜਿੱਥੇ ਅਸੀਂ ਦਲੇਰੀ ਨਾਲ ਮੰਗ ਸਕਦੇ ਹਾਂ। ਆਗਿਆਕਾਰੀ ਅਰਾਧਨਾ ਵਿੱਚ ਹੀ ਪਰਮੇਸ਼ੁਰ ਨਾਲ ਸਾਡਾ ਰਿਸ਼ਤਾ ਡੂੰਘਾ ਹੁੰਦਾ ਹੈ। ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਵਿੱਚ ਆਗਿਆਕਾਰੀ (ਸੇਵਾ) ਅਤੇ ਰਿਸ਼ਤਾ ਦੋਵੇਂ ਸ਼ਾਮਲ ਹੁੰਦੇ ਹਨ। ਅਰਾਧਕ ਅਬਰਾਹਾਮ ਪਰਮੇਸ਼ੁਰ ਦਾ ਸੇਵਕ ਅਤੇ ਪਰਮੇਸ਼ੁਰ ਦਾ ਮਿੱਤਰ ਦੋਵੇਂ ਹੈ।

ਬਾਈਬਲ ਦੇ ਅਨੁਸਾਰ ਅੱਜ ਦੀ ਅਰਾਧਨਾ

ਕੀ ਤੁਸੀਂ ਕਦੇ ਸੋਚਿਆ ਹੈ ਕਿ ਕਿਉਂ ਕੁਝ ਲੋਕ ਬੰਦਗੀ ਵਿੱਚ ਸ਼ਾਮਲ ਹੁੰਦੇ ਹਨ ਅਤੇ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਪਹੁੰਚਾਏ ਜਾਂਦੇ ਹਨ, ਜਦ ਕਿ ਕੁਝ ਉਸੇ ਬੰਦਗੀ ਵਿੱਚ ਸ਼ਾਮਲ ਹੁੰਦੇ ਹਨ ਅਤੇ ਪਰਮੇਸ਼ੁਰ ਬਾਰੇ ਕੁਝ ਵੀ ਨਹੀਂ ਵੇਖਦੇ? ਕੁਝ ਭੇਟ ਦਿੰਦੇ ਹਨ ਅਤੇ ਪਾਉਂਦੇ ਹਨ; ਕੁਝ ਦਿੰਦੇ ਹਨ ਅਤੇ ਦੁਖੀ ਹਨ। ਫ਼ਰਕ ਆਗਿਆਕਾਰੀ ਦਿਲ ਦਾ ਹੈ।

ਸਾਡੀ ਅਰਾਧਨਾ ਭਾਵੇਂ ਕਿੰਨੀ ਵੀ ਸੁੰਦਰ ਕਿਉਂ ਨਾ ਹੋਵੇ, ਸੰਗੀਤਕਾਰ ਕਿੰਨੇ ਵੀ ਪ੍ਰਤਿਭਾਸ਼ਾਲੀ ਕਿਉਂ ਨਾ ਹੋਣ, ਉਪਦੇਸ਼ ਕਿੰਨੇ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਣ, ਜੇ ਅਰਾਧਨਾ ਆਗਿਆਕਾਰੀ ਦਿਲ ਤੋਂ ਨਹੀਂ ਆਉਂਦੀ, ਤਾਂ ਇਹ ਕਇਨ ਦੀ ਅਰਾਧਨਾ ਹੈ। ਕਇਨ ਦੀ ਅਰਾਧਨਾ ਕਹਿੰਦੀ ਹੈ, "ਮੈਂ ਆਪਣੀ ਭੇਟ ਆਪਣੇ ਤਰੀਕੇ ਨਾਲ ਲਿਆ ਸਕਦਾ ਹਾਂ। ਇਹ ਕਾਫ਼ੀ ਹੈ।" ਸੱਚੀ ਅਰਾਧਨਾ ਆਗਿਆਕਾਰੀ ਦਿਲ ਤੋਂ ਹੁੰਦੀ ਹੈ।

ਜਾਂਚ

ਆਪਣੇ ਆਪ ਨੂੰ ਪੁੱਛੋ, "ਕੀ ਮੈਂ ਇੱਕ ਆਗਿਆਕਾਰੀ ਅਰਾਧਕ ਹਾਂ? ਕੀ ਮੇਰੀ ਅਰਾਧਨਾ ਹਾਬਲ ਦੇ ਦਿਲ ਤੋਂ ਆਉਂਦੀ ਹੈ ਜਾਂ ਕਇਨ ਦੇ ਦਿਲ ਤੋਂ?

ਬਲੀਦਾਨ: ਰਸਮ ਦੇ ਤੌਰ ਤੇ ਅਰਾਧਨਾ

ਪਾਪ ਵਿੱਚ ਡਿੱਗਣ ਤੋਂ ਪਹਿਲਾਂ, ਪਰਮੇਸ਼ੁਰ ਅਤੇ ਮਨੁੱਖ ਦੇ ਦਰਮਿਆਨ ਇੱਕ ਸਧਾਰਣ ਰਿਸ਼ਤੇ ਵਿੱਚ ਅਰਾਧਨਾ ਹੁੰਦੀ ਸੀ। ਪਾਪ ਦੇ ਮਨੁੱਖ ਦੇ ਸੁਭਾਅ ਨੂੰ ਭਰਿਸ਼ਟ ਕਰਨ ਤੋਂ ਬਾਅਦ, ਮਨੁੱਖ ਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆਉਣ ਲਈ ਇੱਕ ਪ੍ਰਕਿਰਿਆ ਦੀ ਲੋੜ ਸੀ। ਕਿਰਪਾ ਵਿਖਾਉਂਦੇ ਹੋਏ, ਪਰਮੇਸ਼ੁਰ ਨੇ ਬਲੀਦਾਨ ਦੀ ਪ੍ਰਣਾਲੀ ਪ੍ਰਦਾਨ ਕੀਤੀ। ਬਲੀਦਾਨਾਂ ਦੀ ਸ਼ੁਰੂਆਤ ਬਾਗ ਵਿੱਚ ਪਰਮੇਸ਼ੁਰ ਦੁਆਰਾ ਕੀਤੀ ਗਈ ਸੀ ਜਦੋਂ ਉਸ ਨੇ ਇੱਕ ਜਾਨਵਰ ਨੂੰ ਮਾਰਿਆ ਅਤੇ ਆਦਮ ਅਤੇ ਹੱਵਾਹ ਲਈ ਤਹਿਮਦ (ਬਸਤਰ) ਬਣਾਉਣ ਵਾਸਤੇ ਉਸ ਦੀ ਚਮੜੀ ਦੀ ਵਰਤੋਂ ਕੀਤੀ। ਲੇਵੀਆਂ ਨੇ ਇਸਰਾਏਲੀਆਂ ਦੇ ਅਰਾਧਨਾ ਕਰਨ ਲਈ ਬਲੀਦਾਨ ਪ੍ਰਣਾਲੀ ਦਾ ਪ੍ਰਬੰਧ ਕੀਤਾ (ਲੇਵੀਆਂ 1-7 ਅਤੇ 16)।

ਜਦੋਂ ਅਸੀਂ ਕੂਚ ਅਤੇ ਲੇਵੀਆਂ ਪੜ੍ਹਦੇ ਹਾਂ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਰਾਧਨਾ ਦੇ ਵੇਰਵੇ ਪਰਮੇਸ਼ੁਰ ਲਈ ਮਹੱਤਵਪੂਰਣ ਹਨ। ਜਿਹੜੇ ਲੋਕ ਇਹ ਦਲੀਲ ਦਿੰਦੇ ਹਨ ਕਿ "ਜਦੋਂ ਤਕ ਅਸੀਂ ਅਰਾਧਨਾ ਕਰਦੇ ਹਾਂ ਤਦ ਤਕ ਪਰਮੇਸ਼ੁਰ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਅਸੀਂ ਕਿਵੇਂ ਅਰਾਧਨਾ ਕਰਦੇ ਹਾਂ," ਕੂਚ ਅਤੇ ਲੇਵੀਆਂ ਦੀਆਂ ਪੁਸਤਕਾਂ ਦੱਸਦੀਆਂ ਹਨ ਕਿ ਅਸੀਂ ਕਿਵੇਂ ਅਰਾਧਨਾ ਕਰਦੇ

ਹਾਂ, ਇਹ ਪਰਮੇਸ਼ੁਰ ਲਈ ਮਹੱਤਵਪੂਰਣ ਹੈ! ਪਰਮੇਸ਼ੁਰ ਨੇ ਅਰਾਧਨਾ ਲਈ ਸਪੱਸ਼ਟ ਹਿਦਾਇਤਾਂ ਦਿੱਤੀਆਂ ਹਨ। ਇਹ, ਪਾਪ ਵਿੱਚ ਡਿੱਗਣ ਤੋਂ ਬਾਅਦ ਆਦਮ ਅਤੇ ਹੱਵਾਹ ਉੱਤੇ ਪਰਮੇਸ਼ੁਰ ਦੇ ਪਰਗਟ ਹੋਣ ਵਾਂਗ, ਪਰਮੇਸ਼ੁਰ ਦੀ ਕਿਰਪਾ ਦੀ ਨਿਸ਼ਾਨੀ ਹੈ। ਯਹੋਵਾਹ ਨੇ ਸਪੱਸ਼ਟ ਹਿਦਾਇਤਾਂ ਦਿੱਤੀਆਂ, "ਤੁਹਾਨੂੰ ਮੇਰੇ ਕੋਲ ਇਸ ਤਰ੍ਹਾਂ ਆਉਣਾ ਜ਼ਰੂਰੀ ਹੈ।" ਇਹ ਕਿਰਪਾ ਦਾ ਕੰਮ ਸੀ।

ਇਸਰਾਏਲ ਲਈ, ਅਰਾਧਨਾ ਪਰਮੇਸ਼ੁਰ ਦੇ ਭਵਨ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਸੀ। ਅਰਾਧਨਾ ਦੀ ਤਿਆਰੀ ਦੀ ਪ੍ਰਕਿਰਿਆ ਪਰਮੇਸ਼ੁਰ ਅਤੇ ਉਸ ਦੇ ਭਵਨ ਦੇ ਪ੍ਰਤੀ ਉਨ੍ਹਾਂ ਦੀ ਸ਼ਰਧਾ ਨੂੰ ਵਿਖਾਉਂਦੀ ਸੀ। ਯਾਤਰਾ ਦੇ ਗੀਤ ਦੱਸਦੇ ਹਨ ਕਿ ਯਰੂਸ਼ਲਮ ਦੀ ਯਾਤਰਾ ਵੀ ਅਰਾਧਨਾ ਸੀ (ਜ਼ਬੂਰ 120-134)। ਅਰਾਧਨਾ ਦੀਆਂ ਰਸਮਾਂ ਖੋਖਲੀਆਂ ਨਹੀਂ ਸਨ; ਬਲੀਦਾਨ ਦਾ ਹਰ ਪਹਿਲੂ ਅਰਾਧਕ ਨੂੰ ਸੱਚੀ ਅਰਾਧਨਾ ਦੀ ਮਹੱਤਤਾ ਦਾ ਚੇਤਾ ਕਰਾਉਂਦਾ ਸੀ।

ਬਲੀਦਾਨ ਪਰਮੇਸ਼ੁਰ ਪ੍ਰਤੀ ਪੂਰਨ ਅਧੀਨਗੀ ਨੂੰ ਦਰਸਾਉਂਦੇ ਸਨ

ਕੁਝ ਮਸੀਹੀ ਲੋਕਾਂ ਨੇ ਪੁਰਾਣੇ ਨੇਮ ਦੇ ਬਲੀਦਾਨ ਦੀ ਵਿਵਸਥਾ ਨੂੰ ਗਲਤ ਸਮਝਿਆ ਹੈ। ਉਨ੍ਹਾਂ ਨੇ ਇੱਕ ਅਜਿਹੀ ਵਿਵਸਥਾ ਦੀ ਕਲਪਨਾ ਕੀਤੀ ਹੈ ਜਿਸ ਵਿੱਚ ਇਸਰਾਏਲੀਆਂ ਨੇ ਜਾਣਬੁੱਝ ਕੇ ਪਰਮੇਸ਼ੁਰ ਦੀ ਬਿਵਸਥਾ ਨੂੰ ਤੋੜਿਆ, ਇੱਕ ਅਰਥਹੀਣ ਬਲੀਦਾਨ ਲਿਆਂਦਾ ਅਤੇ ਦਿਲ ਨਾ ਬਦਲਣ ਕਰਕੇ ਉਹ ਝੱਟ ਉਨ੍ਹਾਂ ਪਾਪਾਂ ਵੱਲ ਵਾਪਸ ਮੁੜ ਗਏ।

ਇਹ ਸੱਚ ਹੈ ਕਿ ਕੁਝ ਹਾਲਾਤਾਂ ਵਿੱਚ ਇਸ ਤਰ੍ਹਾਂ ਹੋਇਆ ਸੀ। ਜਵਾਬ ਵਿੱਚ, ਪਰਮੇਸ਼ੁਰ ਨੇ ਕਿਹਾ, "ਮੈਂ ਤੁਹਾਡੇ ਪਰਬਾਂ ਨਾਲ ਵੈਰ ਰੱਖਦਾ ਤੇ ਘਿਣ ਕਰਦਾ ਹਾਂ, ਅਤੇ ਤੁਹਾਡੇ ਜੋੜ ਮੇਲਿਆਂ ਨੂੰ ਪਸੰਦ ਨਹੀਂ ਕਰਦਾ! ਭਾਵੇਂ ਤੁਸੀਂ ਮੈਨੂੰ ਹੋਮ ਬਲੀਆਂ ਅਤੇ ਮੈਦੇ ਦੀਆਂ ਭੇਟਾਂ ਚੜ੍ਹਾਓ, ਮੈਂ ਓਹਨਾਂ ਨੂੰ ਕਬੂਲ ਨਾ ਕਰਾਂਗਾ, ਅਤੇ ਤੁਹਾਡੇ ਪਲੇ ਹੋਏ ਪਸ਼ੂਆਂ ਦੀਆਂ ਸੁਖ ਸਾਂਦ ਦੀਆਂ ਬਲੀਆਂ ਉੱਤੇ ਮੈਂ ਚਿਤ ਨਾ ਲਾਵਾਂਗਾ" (ਆਮੋਸ 5:21-22)।

ਪਰ, ਇਹ ਮਨੁੱਖ ਦੀ ਅਸਫ਼ਲਤਾ ਸੀ, ਪਰਮੇਸ਼ੁਰ ਦੀ ਨਹੀਂ। ਬਲੀਦਾਨ ਪ੍ਰਣਾਲੀ ਅਸਫ਼ਲ ਹੋ ਗਈ ਜਦੋਂ ਮਨੁੱਖ ਉਹ ਕਰਨ ਵਿੱਚ ਅਸਫ਼ਲ ਰਿਹਾ ਜਿਸ ਦਾ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ। ਪਰਮੇਸ਼ੁਰ ਦੀ ਯੋਜਨਾ ਉਨ੍ਹਾਂ ਬਲੀਦਾਨਾਂ ਲਈ ਸੀ ਜੋ ਦਿਲ ਦੇ ਸੱਚੇ ਪਸ਼ਚਾਤਾਪ ਨੂੰ ਦਰਸਾਉਂਦੇ ਹੋਣ।

ਪਰਬਾਂ ਨਾਲ ਜੁੜੀਆਂ ਰਸਮਾਂ ਨੇ ਇਸਰਾਏਲੀਆਂ ਨੂੰ ਅਰਾਧਨਾ ਦੇ ਕੰਮਾਂ ਦੀ ਮਹੱਤਤਾ ਦਰਸਾਈ। ਹਰ ਵੇਰਵੇ ਨੇ ਇਸਰਾਏਲੀਆਂ ਦੇ ਯਹੋਵਾਹ ਲਈ ਆਦਰ ਨੂੰ ਦਰਸਾਇਆ। ਇਸਰਾਏਲੀਆਂ ਦੀ ਅਰਾਧਨਾ ਖਾਲੀ ਰਸਮ ਨਹੀਂ ਸੀ; ਇਹ ਰਸਮਾਂ ਉਨ੍ਹਾਂ ਦੇ ਸਮਰਪਣ ਅਤੇ ਆਗਿਆਕਾਰੀ ਦੀ ਅਸਲੀਅਤ ਨੂੰ ਦਰਸਾਉਂਦੀਆਂ ਸਨ। ਜਾਨਵਰ ਦੇ ਸਿਰ ਤੇ ਹੱਥ ਰੱਖਣ ਦੁਆਰਾ, ਅਰਾਧਕ ਆਪਣੇ ਆਪ ਨੂੰ ਜਾਨਵਰ ਦੀ ਮੌਤ ਨਾਲ ਜੋੜਦਾ ਸੀ। ਅਜਿਹਾ ਕਰਕੇ, ਉਹ ਇਹ ਇਕਰਾਰ ਕਰਦਾ ਸੀ, "ਇਸ ਦੀ ਥਾਂ ਮੈਨੂੰ ਹੋਣਾ ਚਾਹੀਦਾ ਹੈ। ਮੇਰਾ ਪਾਪ ਮੌਤ ਦੇ ਯੋਗ ਹੈ" (ਲੇਵੀਆਂ 1:4 ਵੇਖੋ)।

ਪਰਮੇਸ਼ੁਰ ਨੇ ਆਪਣੀ ਹਜ਼ੂਰੀ ਨਾਲ ਸੱਚੀ ਅਰਾਧਨਾ ਦਾ ਆਦਰ ਕੀਤਾ

ਹੈਕਲ ਦੀ ਉਸਾਰੀ ਦੇ ਨਾਲ ਇਸਰਾਏਲੀਆਂ ਦੀ ਅਰਾਧਨਾ ਨੂੰ ਹੋਰ ਜ਼ਿਆਦਾ ਸੰਗਠਿਤ ਕੀਤਾ ਗਿਆ। ਜਿਵੇਂ ਮਿਲਾਪ ਵਾਲੇ ਤੰਬੂ ਦੇ ਨਾਲ ਸੀ, ਹੈਕਲ ਦਾ ਹਰੇਕ ਵੇਰਵਾ ਇਸਰਾਏਲੀਆਂ ਦੀ ਪਰਮੇਸ਼ੁਰ ਪ੍ਰਤੀ ਆਦਰਪੂਰਨ ਆਗਿਆਕਾਰੀ ਨੂੰ ਦਰਸਾਉਂਦਾ ਸੀ (2 ਇਤਹਾਸ 1-7)। ਬਲੀਦਾਨਾਂ ਦੀ ਗੰਭੀਰਤਾ ਅਤੇ ਹੈਕਲ ਦੀ ਅਰਾਧਨਾ ਦੀ ਰਸਮ ਇਸਰਾਏਲੀਆਂ ਨੂੰ ਯਹੋਵਾਹ ਦੇ ਪਰਤਾਪ ਦੀ ਅਤੇ ਉਸ ਅਧੀਨਗੀ ਦੀ ਯਾਦ ਦਿਵਾਉਂਦੀ ਸੀ ਜਿਸ ਦੇ ਨਾਲ ਉਸ ਕੋਲ ਜਾਣਾ ਚਾਹੀਦਾ ਹੈ।

ਹੈਕਲ ਵਿੱਚ ਕੀਤੀ ਜਾਣ ਵਾਲੀ ਅਰਾਧਨਾ ਲਈ ਅਰਾਧਨਾ ਦੀਆਂ ਰਸਮਾਂ ਦੀ ਸਾਵਧਾਨੀ ਨਾਲ ਕੀਤੀ ਗਈ ਵਿਉਂਤਬੰਦੀ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਰੁਕਾਵਟ ਨਹੀਂ ਬਣੀ। ਹੈਕਲ ਦਾ ਯਹੋਵਾਹ ਲਈ ਸਮਰਪਿਤ ਕੀਤਾ ਜਾਣਾ ਇਤਿਹਾਸ ਵਿੱਚ ਸਭ ਤੋਂ ਵੱਧ ਸੰਗਠਿਤ ਸੇਵਾਵਾਂ ਵਿੱਚੋਂ ਇੱਕ ਰਿਹਾ ਹੋਵੇਗਾ। ਦਾਊਦ ਨੇ ਕਈ ਸਾਲ ਪਹਿਲਾਂ ਹੈਕਲ ਦੀ ਯੋਜਨਾ ਬਣਾਈ ਸੀ। ਹੈਕਲ ਦਾ ਕੰਮ ਪੂਰਾ ਹੋਣ ਤੋਂ ਬਾਅਦ, ਸੁਲੇਮਾਨ ਨੇ 2 ਇਤਹਾਸ 5 ਵਿੱਚ ਵਰਣਨ ਕੀਤੀ ਇੱਕ ਸੁੰਦਰ ਸਭਾ ਵਿੱਚ ਹੈਕਲ ਨੂੰ ਯਹੋਵਾਹ ਦੇ ਲਈ ਸਮਰਪਿਤ ਕਰਨ ਵਿੱਚ

ਅਗਵਾਈ ਕੀਤੀ। ਵਜੰਤਰੀਆਂ ਨੇ ਖੰਜਰੀਆਂ, ਸਤਾਰਾਂ ਅਤੇ ਬਰਬਤਾਂ ਵਜਾਈਆਂ। 120 ਜਾਜਕਾਂ ਨੇ ਤੁਰ੍ਹੀਆਂ ਵਜਾਈਆਂ। ਗਵੰਤਰੀਆਂ ਨੇ ਮਿਲ ਕੇ ਉਸਤਤ ਦੇ ਗੀਤ ਗਾਏ। ਜਦੋਂ ਉਨ੍ਹਾਂ ਨੇ ਗੀਤ ਗਾਇਆ, "ਭਵਨ ਅਰਥਾਤ ਯਹੋਵਾਹ ਦਾ ਭਵਨ ਬੱਦਲ ਨਾਲ ਭਰ ਗਿਆ ਅਤੇ ਜਾਜਕ ਬੱਦਲ ਕਰਕੇ ਸੇਵਾ ਲਈ ਖੜੇ ਨਾ ਰਹਿ ਸੱਕੇ ਕਿਉਂ ਜੋ ਪਰਮੇਸ਼ੁਰ ਦਾ ਭਵਨ ਯਹੋਵਾਹ ਦੇ ਪ੍ਰਤਾਪ ਨਾਲ ਭਰ ਗਿਆ ਸੀ" (2 ਇਤਹਾਸ 5:13-14)।

ਬਾਈਬਲ ਦੇ ਅਨੁਸਾਰ ਅੱਜ ਦੀ ਅਰਾਧਨਾ

ਕੁਝ ਲੋਕ ਅਰਾਧਨਾ ਵਿੱਚ ਕਿਸੇ ਵੀ ਤਰ੍ਹਾਂ ਦੇ ਢਾਂਚੇ ਅਤੇ ਵਿਧੀ ਦੇ ਖਿਲਾਫ਼ ਹਨ। ਉਹ ਮੰਨਦੇ ਹਨ ਕਿ ਕੋਈ ਵੀ ਯੋਜਨਾਬੱਧ ਅਰਾਧਨਾ ਦਿਲੋਂ ਅਰਾਧਨਾ ਕਰਨ ਵਿੱਚ ਰੁਕਾਵਟ ਪਾਉਂਦੀ ਹੈ। ਪਰ, ਬਾਈਬਲ ਅਨੁਸਾਰ ਅਰਾਧਨਾ ਦਾ ਇੱਕ ਢਾਂਚਾ ਸੀ।

ਜੇ ਅਸੀਂ ਪਰਮੇਸ਼ੁਰ ਦੇ ਲਈ ਆਪਣਾ ਸਭ ਤੋਂ ਉੱਤਮ ਲਿਆਉਣ ਦਾ ਫ਼ੈਸਲਾ ਕਰਦੇ ਹਾਂ, ਤਾਂ ਉਸ ਦੀ ਅਰਾਧਨਾ ਨੂੰ ਧਿਆਨਪੂਰਵਕ ਯੋਜਨਾਬੱਧ ਕਰਨਾ ਬਣਦਾ ਹੈ। ਅਸੀਂ ਬੰਦਗੀ ਦੀ ਯੋਜਨਾ ਦੂਜਿਆਂ ਨੂੰ ਆਪਣੀ ਬੰਦਗੀ ਦੀ ਸੁੰਦਰਤਾ ਨਾਲ ਪ੍ਰਭਾਵਿਤ ਕਰਨ ਲਈ ਨਹੀਂ, ਪਰ ਪਰਮੇਸ਼ੁਰ ਨੂੰ ਅਰਾਧਨਾ ਦੀ ਆਪਣੀ ਸਭ ਤੋਂ ਉੱਤਮ ਭੇਟ ਚੜ੍ਹਾਉਣ ਲਈ ਬਣਾਉਂਦੇ ਹਾਂ।

ਬਾਈਬਲ ਵਿੱਚ, ਸਾਵਧਾਨੀ ਪੂਰਵਕ ਢਾਂਚਾਗਤ ਅਰਾਧਨਾ (ਜਿਵੇਂ ਕਿ ਹੈਕਲ ਦਾ ਯਹੋਵਾਹ ਲਈ ਸਮਰਪਿਤ ਕੀਤਾ ਜਾਣਾ) ਅਤੇ ਘੱਟ ਢਾਂਚਾਗਤ ਅਰਾਧਨਾ (ਜਿਵੇਂ ਕਿ ਪਹਿਲੀ ਸਦੀ ਵਿੱਚ ਘਰੇਲੂ ਕਲੀਸੀਆਵਾਂ ਦਾ ਮਿਲਣਾ) ਨੂੰ ਪਰਮੇਸ਼ੁਰ ਦੀ ਹਜ਼ੂਰੀ ਦੀ ਬਰਕਤ ਹਾਸਲ ਸੀ। ਅਤੇ, ਸਾਵਧਾਨੀ ਪੂਰਵਕ ਢਾਂਚਾਗਤ ਅਰਾਧਨਾ (ਜਿਵੇਂ ਕਿ ਯਿਰਮਿਯਾਹ ਦੇ ਸਮੇਂ ਦੀ ਹੈਕਲ ਵਿੱਚ ਅਰਾਧਨਾ) ਅਤੇ ਘੱਟ ਢਾਂਚਾਗਤ ਅਰਾਧਨਾ (ਜਿਵੇਂ ਕੁਰਿੰਥਸ ਦੀ ਅਵਿਵਸਥਿਤ ਅਰਾਧਨਾ) ਦੋਵੇਂ ਪਰਮੇਸ਼ੁਰ ਦੀ ਹਜ਼ੂਰੀ ਤੋਂ ਬਿਨਾਂ ਕੀਤੀਆਂ ਜਾ ਸਕਦੀਆਂ ਸਨ। ਮੁੱਦਾ ਢਾਂਚੇ ਦੇ ਪੱਧਰ ਦਾ ਨਹੀਂ ਹੈ; ਮੁੱਦਾ ਪਰਮੇਸ਼ੁਰ ਦੀ ਆਗਿਆਕਾਰੀ ਅਤੇ ਪਰਮੇਸ਼ੁਰ ਦੀ ਹਜ਼ੂਰੀ ਦੀ ਭੁੱਖ ਦਾ ਹੈ।

ਜਾਂਚ

ਆਪਣੇ ਆਪ ਨੂੰ ਪੁੱਛੋ, "ਕੀ ਮੇਰੀ ਜਨਤਕ ਅਰਾਧਨਾ (ਭਾਵੇਂ ਕਿੰਨੀ ਵੀ ਰਸਮੀ ਜਾਂ ਕਿੰਨੀ ਵੀ ਗੈਰ-ਰਸਮੀ ਹੋਵੇ) ਆਗਿਆਕਾਰੀ ਦਿਲ ਵਿੱਚੋਂ ਨਿਕਲਦੀ ਹੈ?"

ਜ਼ਬੂਰਾਂ ਦੀ ਪੋਥੀ: ਉਸਤਤ ਵਜੋਂ ਅਰਾਧਨਾ

ਜ਼ਬੂਰਾਂ ਦੀ ਪੋਥੀ ਇਸਰਾਏਲੀਆਂ ਦੀ ਅਰਾਧਨਾ ਦੀ ਪੁਸਤਕ ਸੀ। ਇਹ ਭਜਨਾਂ ਵਾਲੀ ਪੁਸਤਕ ਸੀ; ਇਹ ਪ੍ਰਾਰਥਨਾਵਾਂ ਦਾ ਸੰਗ੍ਰਹਿ ਸੀ; ਇਹ ਸਹੀ ਅਰਾਧਨਾ ਲਈ ਮਾਰਗਦਰਸ਼ਕ ਸੀ; ਇਹ ਧਰਮੀ ਜੀਵਨ ਲਈ ਇੱਕ ਹਿਦਾਇਤ-ਪੁਸਤਕ ਸੀ। ਜ਼ਬੂਰਾਂ ਦੀ ਪੋਥੀ ਇਸਰਾਏਲੀਆਂ ਦੀ ਅਰਾਧਨਾ ਦਾ ਕੇਂਦਰ ਸੀ।

ਅਰਾਧਨਾ ਵਿੱਚ ਉਸਤਤ

ਜ਼ਬੂਰਾਂ ਦੀ ਪੋਥੀ ਦੱਸਦੀ ਹੈ ਕਿ ਸੱਚੀ ਅਰਾਧਨਾ ਵਿੱਚ ਉਸਤਤ ਉੱਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਜ਼ਬੂਰ 88 ਨੂੰ ਛੱਡ ਕੇ, ਹਰ ਜ਼ਬੂਰ ਵਿੱਚ ਉਸਤਤ

"ਪਰਮੇਸ਼ੁਰ ਵਿੱਚ ਨਿਰੰਤਰ ਅਨੰਦ ਰਹਿਣਾ ਨਿਸ਼ਚਤ ਕਰੋ।"

ਰਿਚਰਡ ਬੈਕਸਟਰ

ਦੀ ਕੋਈ ਨਾ ਕੋਈ ਗੱਲ ਸ਼ਾਮਲ ਹੈ। ਲੇਵੀਆਂ ਦੀਆਂ ਰਸਮਾਂ ਸਾਨੂੰ ਬਾਈਬਲ ਅਨੁਸਾਰ ਅਰਾਧਨਾ ਦੀ ਗੰਭੀਰਤਾ ਦਾ ਚੇਤਾ ਕਰਾਉਂਦੀਆਂ ਹਨ; ਜ਼ਬੂਰ ਸਾਨੂੰ ਬਾਈਬਲ ਅਨੁਸਾਰ ਅਰਾਧਨਾ ਦੇ ਅਨੰਦ ਦੀ ਯਾਦ ਦਿਵਾਉਂਦੇ ਹਨ। **ਜ਼ਬੂਰ** 120-134 ਯਹੂਦੀ ਯਾਤਰੀਆਂ ਦੀ ਖੁਸ਼ੀ ਨੂੰ ਦਰਸਾਉਂਦੇ ਹਨ ਜਦੋਂ ਉਹ ਅਰਾਧਨਾ ਲਈ ਯਰੂਸ਼ਲਮ ਜਾਂਦੇ ਸਨ। ਉਸਤਤ ਅਰਾਧਨਾ ਦਾ ਕੇਂਦਰ ਹੈ।

ਜ਼ਬੂਰਾਂ ਦੀ ਪੋਥੀ ਵਿੱਚ ਪਾਈ ਜਾਣ ਵਾਲੀ ਉਸਤਤ ਸੱਚੀ ਅਰਾਧਨਾ ਦੀ ਖੁਸ਼ੀ ਨੂੰ ਦਰਸਾਉਂਦੀ ਹੈ। ਉਸਤਤ ਪਰਮੇਸ਼ੁਰ ਵਿੱਚ ਸਾਡੀ ਖੁਸ਼ੀ ਨੂੰ ਦਰਸਾਉਂਦੀ ਹੈ। ਸੱਚੀ ਅਰਾਧਨਾ ਵਿੱਚ ਪਰਮੇਸ਼ੁਰ ਅਤੇ ਉਸ ਦੇ ਕੰਮਾਂ ਦਾ ਜਸ਼ਨ ਮਨਾਉਣਾ ਸ਼ਾਮਲ ਹੈ।

ਅਰਾਧਨਾ ਵਿੱਚ ਵਿਰਲਾਪ

ਵਿਰਲਾਪ ਦੇ ਜ਼ਬੂਰ ਬਾਈਬਲ ਅਨੁਸਾਰ ਅਰਾਧਨਾ ਦਾ ਇੱਕ ਹੋਰ ਪਹਿਲੂ ਵਿਖਾਉਂਦੇ ਹਨ; ਅਰਾਧਨਾ ਅਰਾਧਕ ਅਤੇ ਪਰਮੇਸ਼ੁਰ ਵਿਚਕਾਰ ਪੂਰੀ ਇਮਾਨਦਾਰੀ ਨੂੰ ਆਉਣ ਦਿੰਦੀ ਹੈ। ਵਿਰਲਾਪ ਦੇ ਜ਼ਬੂਰਾਂ ਵਿੱਚ, ਜ਼ਬੂਰ ਲਿਖਣ ਵਾਲਾ ਇਸ ਸੰਸਾਰ ਦੇ ਅਨਿਆਉਂ ਉੱਤੇ ਨਿਰਾਸ਼ਾ ਪਰਗਟ ਕਰਦਾ ਹੈ। **ਜ਼ਬੂਰ** 10:1 ਵਿੱਚ, ਜ਼ਬੂਰ ਲਿਖਣ ਵਾਲੇ ਨੇ ਪੁੱਛਿਆ, "ਹੇ ਯਹੋਵਾਹ, ਤੂੰ ਦੂਰ ਕਿਉਂ ਖੜਾ ਰਹਿੰਦਾ ਹੈਂ? ਬਿਪਤਾ ਦੇ ਵੇਲੇ ਤੂੰ ਆਪਣੇ ਆਪ ਨੂੰ ਕਿਉਂ ਲੁਕਾਉਂਦਾ ਹੈਂ?" ਪਰਮੇਸ਼ੁਰ ਦੁਸ਼ਟ ਲੋਕਾਂ ਨੂੰ ਬਗਾਵਤ ਅਤੇ ਘਮੰਡ ਕਿਉਂ ਕਰਨ ਦਿੰਦਾ ਹੈ। ਕਿਉਂਕਿ ਅਰਾਧਨਾ ਪਰਮੇਸ਼ੁਰ ਨਾਲ ਰਿਸ਼ਤੇ ਤੇ ਅਧਾਰਤ ਹੈ, ਇਸ ਲਈ ਅਰਾਧਕ ਇਮਾਨਦਾਰੀ ਅਤੇ ਖੁੱਲ੍ਹੇ ਦਿਲ ਨਾਲ ਗੱਲ ਕਰ ਸਕਦਾ ਹੈ।

ਜ਼ਬੂਰ 10 ਪਰਮੇਸ਼ੁਰ ਉੱਤੇ ਭਰੋਸੇ ਦੀ ਘੋਸ਼ਣਾ ਨਾਲ ਖਤਮ ਹੁੰਦਾ ਹੈ।

> ਯਹੋਵਾਹ ਜੁੱਗੋ ਜੁਗ ਪਾਤਸ਼ਾਹ ਹੈ। ਪਰਾਈਆਂ ਕੌਮਾਂ ਉਹ ਦੇ ਦੇਸ ਵਿੱਚੋਂ ਨਸ਼ਟ ਹੋ ਗਈਆਂ। ਹੇ ਯਹੋਵਾਹ, ਤੂੰ ਮਸਕੀਨਾਂ ਦੀ ਇੱਛਿਆ ਸੁਣੀ ਹੈ, ਤੂੰ ਉਨ੍ਹਾਂ ਦਿਆਂ ਮਨਾਂ ਨੂੰ ਦ੍ਰਿੜ੍ਹ ਕਰੇਂਗਾ, ਤੂੰ ਆਪਣਾ ਕੰਨ ਲਾਏਂਗਾ, ਤਾਂ ਜੋ ਤੂੰ ਯਤੀਮ ਅਰ ਸਤਾਏ ਹੋਏ ਦਾ ਨਿਆਉਂ ਕਰੇਂ, ਭਈ ਇਨਸਾਨ ਜਿਹੜਾ ਮਿੱਟੀ ਦਾ ਹੈ ਫੇਰ ਕਦੀ ਅਨ੍ਹੇਰ ਨਾ ਕਰੇ (**ਜ਼ਬੂਰ** 10:16-18)।

ਇਹ ਘੋਸ਼ਣਾ ਪਰਮੇਸ਼ੁਰ ਉੱਤੇ ਭਰੋਸੇ ਤੇ ਅਧਾਰਤ ਹੈ। ਭਾਵੇਂ ਕਿ ਦੁਸ਼ਟ ਲੋਕ ਅਨਿਆਉਂ ਕਰਦੇ ਰਹਿੰਦੇ ਹਨ, ਜ਼ਬੂਰ ਲਿਖਣ ਵਾਲਾ ਭਰੋਸੇ ਨਾਲ ਬੋਲਦਾ ਹੈ ਕਿ ਪਰਮੇਸ਼ੁਰ ਉਹੀ ਕਰੇਗਾ ਜੋ ਸਹੀ ਹੈ।

ਅਸੀਂ ਅੱਯੂਬ ਦੀ ਪੁਸਤਕ ਵਿੱਚ ਵੀ ਇਹੀ ਈਮਾਨਦਾਰੀ ਵੇਖਦੇ ਹਾਂ। ਅਜਿਹੀ ਈਮਾਨਦਾਰੀ ਪਰਮੇਸ਼ੁਰ ਨਾਲ ਨਜ਼ਦੀਕੀ ਅਤੇ ਗੂੜ੍ਹੇ ਰਿਸ਼ਤੇ ਤੇ ਅਧਾਰਿਤ ਹੈ। ਇਹ ਸੱਚੀ ਅਰਾਧਨਾ ਹੈ, ਉਹ ਅਰਾਧਨਾ ਜੋ ਪਰਮੇਸ਼ੁਰ ਸਵੀਕਾਰ ਕਰਦਾ ਹੈ।

ਬਾਈਬਲ ਅਨੁਸਾਰ ਅੱਜ ਦੀ ਅਰਾਧਨਾ

ਜ਼ਬੂਰਾਂ ਦੀ ਪੋਥੀ ਵਿੱਚ ਦੋ ਤਰ੍ਹਾਂ ਦੀ ਉਸਤਤ ਸ਼ਾਮਲ ਹੈ। ਕੁਝ ਜ਼ਬੂਰਾਂ ਵਿੱਚ ਉਸਤਤ ਦਾ ਕਾਰਣ ਦੱਸਿਆ ਗਿਆ ਹੈ; ਹੋਰ ਜ਼ਬੂਰ ਬਿਨਾਂ ਕੋਈ ਕਾਰਣ ਦੱਸੇ ਸਿਰਫ਼ ਉਸਤਤ ਦਾ ਹੁਕਮ ਦਿੰਦੇ ਹਨ। ਪਰਮੇਸ਼ੁਰ ਦੇ ਚਰਿੱਤਰ ਅਤੇ ਸ਼ਕਤੀਸ਼ਾਲੀ ਕੰਮਾਂ ਦੇ ਲਈ ਉਸਤਤ ਨੂੰ "ਵਰਨਣਾਤਮਕ ਉਸਤਤ" ਕਿਹਾ ਜਾਂਦਾ ਹੈ; ਉਸਤਤ ਜੋ ਸਪਸ਼ਟ ਨਹੀਂ ਹੈ ਉਸ ਨੂੰ "ਘੋਸ਼ਣਾਤਮਕ ਉਸਤਤ" ਕਿਹਾ ਜਾਂਦਾ ਹੈ। ਵਰਨਣਾਤਮਕ ਉਸਤਤ ਦੀਆਂ ਉਦਾਹਰਣਾਂ ਵਿੱਚ **ਜ਼ਬੂਰ** 19, 105, ਅਤੇ 136 ਵਰਗੇ ਜ਼ਬੂਰ ਸ਼ਾਮਲ ਹਨ। ਘੋਸ਼ਣਾਤਮਕ ਉਸਤਤ ਦੀਆਂ ਉਦਾਹਰਣਾਂ ਵਿੱਚ **ਜ਼ਬੂਰ** 148-150 ਸ਼ਾਮਲ ਹਨ।

ਅੱਜ ਦੀ ਅਰਾਧਨਾ ਵਿੱਚ, ਇਨ੍ਹਾਂ ਦੋ ਤਰ੍ਹਾਂ ਦੀਆਂ ਉਸਤਤਾਂ ਨੂੰ ਅਕਸਰ ਉਸਤਤ ਸਮੂਹ-ਗਾਨ (ਘੋਸ਼ਣਾਤਮਕ ਉਸਤਤ) ਅਤੇ ਭਜਨਾਂ (ਵਰਣਨਾਤਮਕ ਉਸਤਤ) ਦੁਆਰਾ ਦਰਸਾਇਆ ਜਾਂਦਾ ਹੈ। ਦੋਵਾਂ ਨੂੰ ਅਰਾਧਨਾ ਦਾ ਹਿੱਸਾ ਹੋਣਾ ਚਾਹੀਦਾ ਹੈ। ਸਮੂਹ-ਗਾਨ ਦੀ ਸਾਦਗੀ ਅਰਾਧਕ ਨੂੰ ਪਰਮੇਸ਼ੁਰ ਦੀ ਪ੍ਰਸ਼ੰਸਾ ਕਰਨ ਦਾ ਸੱਦਾ ਦਿੰਦੀ ਹੈ। ਇੱਕ ਭਜਨ ਦੀ ਡੂੰਘਾਈ ਪਰਮੇਸ਼ੁਰ ਦੇ ਸੁਭਾਅ ਬਾਰੇ ਡੂੰਘੀਆਂ ਸੱਚਾਈਆਂ ਸਿਖਾਉਂਦੀ ਹੈ।

ਘੋਸ਼ਣਾਤਮਕ ਉਸਤਤ

ਓ, ਹਜ਼ਾਰਾਂ ਜੀਭਾਂ ਮੇਰੇ ਮਹਾਨ
ਮੁਕਤੀਦਾਤਾ ਦੀ ਮਹਿਮਾ ਗਾਉਣ,
ਮੇਰੇ ਪਰਮੇਸ਼ੁਰ ਅਤੇ ਰਾਜੇ ਦੀਆਂ ਉਸਤਤਾਂ,
ਉਸ ਦੀ ਕਿਰਪਾ ਦੀਆਂ ਜਿੱਤਾਂ![19]

ਵਰਨਣਾਤਮਕ ਉਸਤਤ

ਸਾਡਾ ਪਰਮੇਸ਼ੁਰ ਇੱਕ ਸ਼ਕਤੀਸ਼ਾਲੀ ਗੜ੍ਹ ਹੈ, ਇੱਕ ਸ਼ਹਿਰ-ਪਨਾਹ ਜੋ ਕਦੇ ਅਸਫ਼ਲ ਨਹੀਂ ਹੁੰਦੀ;
ਫੈਲੀਆਂ ਹੋਈਆਂ ਵਿਨਾਸ਼ਕ ਬਿਮਾਰੀਆਂ ਦੇ ਹੜ੍ਹ ਦੇ ਵਿਚਕਾਰ ਉਹ ਸਾਡਾ ਸਹਾਇਕ ਹੈ:
ਕਿਉਂਕਿ ਅਜੇ ਵੀ ਸਾਡਾ ਪ੍ਰਾਚੀਨ ਦੁਸ਼ਮਣ ਸਾਨੂੰ ਮੁਸੀਬਤ ਵਿੱਚ ਪਾਉਣ ਦੀ ਕੋਸ਼ਿਸ਼ ਕਰਦਾ ਹੈ;
ਉਸ ਦੀ ਚਲਾਕੀ ਅਤੇ ਸ਼ਕਤੀ ਬਹੁਤ ਵੱਡੀ ਹੈ, ਅਤੇ, ਉਹ ਸਖ਼ਤ ਨਫ਼ਰਤ ਨਾਲ ਹਥਿਆਰਬੰਦ ਹੈ,
ਧਰਤੀ ਉੱਤੇ ਉਸ ਦਾ ਕੋਈ ਮੇਲ ਨਹੀਂ ਹੈ।[20]

ਜਾਂਚ

ਜ਼ਬੂਰ ਲਿਖਣ ਵਾਲੇ ਦੀ ਉਸਤਤ ਪਰਮੇਸ਼ੁਰ ਵਿੱਚ ਉਸ ਦੀ ਖੁਸ਼ੀ ਨੂੰ ਦਰਸਾਉਂਦੀ ਹੈ। ਆਪਣੇ ਆਪ ਨੂੰ ਪੁੱਛੋ, "ਕੀ ਮੈਂ ਸੱਚਮੁੱਚ ਪਰਮੇਸ਼ੁਰ ਵਿੱਚ ਖੁਸ਼ ਹਾਂ?"

ਨਬੀ: ਘੋਸ਼ਣਾ ਦੇ ਤੌਰ ਤੇ ਅਰਾਧਨਾ

ਬਲੀਦਾਨ ਦੇ ਨਿਯਮ, ਮਿਲਾਪ ਦਾ ਤੰਬੂ ਅਤੇ ਹੈਕਲ ਅਰਾਧਨਾ ਵਿੱਚ ਰਸਮ ਦੇ ਮਹੱਤਵ ਨੂੰ ਦਰਸਾਉਂਦੇ ਹਨ। ਪਰ, ਨਬੀ ਵਿਖਾਉਂਦੇ ਹਨ ਕਿ ਰਸਮ ਜਿਸ ਵਿੱਚ ਦਿਲ ਦੀ ਅਰਾਧਨਾ ਸ਼ਾਮਲ ਨਹੀਂ ਹੈ ਉਹ ਖੋਖਲੀ ਹੈ। ਜਦੋਂ ਇਸਰਾਏਲੀ ਆਗਿਆਕਾਰੀ ਦਿਲਾਂ ਤੋਂ ਬਿਨਾਂ ਰਸਮਾਂ ਦੀ ਪਾਲਣਾ ਕਰਨ ਲੱਗ ਪਏ, ਤਾਂ ਨਬੀਆਂ ਨੇ ਪਰਮੇਸ਼ੁਰ ਦੇ ਨਿਆਉਂ ਦਾ ਸੰਦੇਸ਼ ਲਿਆਂਦਾ। ਉਨ੍ਹਾਂ ਨੇ ਘੋਸ਼ਣਾ ਕੀਤੀ ਕਿ ਪਰਮੇਸ਼ੁਰ ਹੁਣ ਇੱਕ ਧਰਮ-ਤਿਆਗ ਕਰਨ ਵਾਲੀ ਕੌਮ ਦੇ ਬਲੀਦਾਨਾਂ ਨੂੰ ਸਵੀਕਾਰ ਨਹੀਂ ਕਰਦਾ।

ਨਬੀ ਵਿਖਾਉਂਦੇ ਹਨ ਕਿ ਪਰਮੇਸ਼ੁਰ ਦੇ ਸੰਦੇਸ਼ ਦੀ ਘੋਸ਼ਣਾ ਅਰਾਧਨਾ ਹੈ। ਸਾਡੀਆਂ ਬੰਦਗੀਆਂ ਵਿੱਚ, ਸਾਨੂੰ ਅਰਾਧਨਾ ਨੂੰ ਪਰਚਾਰ ਤੋਂ ਵੱਖ ਨਹੀਂ ਕਰਨਾ ਚਾਹੀਦਾ ਹੈ। ਬਚਨ ਦੀ ਘੋਸ਼ਣਾ ਸਚਿਆਈ ਨਾਲ ਅਰਾਧਨਾ ਹੈ। ਪਰਚਾਰ ਕਰਨਾ ਸਾਡੇ ਉੱਤੇ ਪਰਮੇਸ਼ੁਰ ਦੇ ਇਖ਼ਤਿਆਰ ਅਤੇ ਸਾਡੇ ਜੀਵਨਾਂ ਲਈ ਉਸ ਦੀ ਬੁੱਧ ਦੀ ਪੁਸ਼ਟੀ ਕਰਦਾ ਹੈ। ਇਹ ਅਰਾਧਨਾ ਹੈ; ਇਸ ਨਾਲ ਪਰਮੇਸ਼ੁਰ ਦਾ ਆਦਰ ਹੁੰਦਾ ਹੈ।

---

19 Charles Wesley, “Oh, For a Thousand Tongues.” Accessed January 12, 2023. https://library.timelesstruths.org/music/Oh_for_a_Thousand_Tongues_to_Sing/

20 Martin Luther, tr. by Frederick Hedge, “A Mighty Fortress Is Our God.” Accessed January 12, 2023. https://library.timelesstruths.org/music/A_Mighty_Fortress_Is_Our_God/

ਨਬੀਆਂ ਦਾ ਸੰਦੇਸ਼

ਅਸਲੀਅਤ ਤੋਂ ਰਹਿਤ ਰਸਮ ਅਰਾਧਨਾ ਨਹੀਂ ਹੈ।

ਆਮੋਸ ਨੇ ਘੋਸ਼ਣਾ ਕੀਤੀ ਕਿ ਪਰਮੇਸ਼ੁਰ ਨੇ ਇਸਰਾਏਲ ਦੀਆਂ ਬਲੀਆਂ ਨੂੰ ਰੱਦ ਕਰ ਦਿੱਤਾ ਸੀ। ਕਿਉਂ? ਕਿਉਂਕਿ ਅਰਾਧਕਾਂ ਦੀ ਜੀਵਨਸ਼ੈਲੀ ਪਾਪ ਭਰੀ ਸੀ (**ਆਮੋਸ** 5:21-22)। ਯਸਾਯਾਹ ਨੇ ਘੋਸ਼ਣਾ ਕੀਤੀ ਕਿ ਇਸਰਾਏਲ ਦੇ ਪਰਬ ਪਰਮੇਸ਼ੁਰ ਲਈ ਥਕਾ ਦੇਣ ਵਾਲੇ ਬੋਝ ਸਨ। ਕਿਉਂ? ਕਿਉਂਕਿ ਇਸਰਾਏਲ ਦੇ ਹੱਥ ਲਹੂ ਨਾਲ ਭਰੇ ਹੋਏ ਸਨ।

ਅਰਾਧਨਾ ਕਰਨ ਤੋਂ ਪਹਿਲਾਂ, ਅਰਾਧਕਾਂ ਨੂੰ ਹੁਕਮ ਦਿੱਤਾ ਜਾਂਦਾ ਹੈ: "ਨਹਾਓ, ਆਪਣੇ ਆਪ ਨੂੰ ਪਾਕ ਕਰੋ, ਆਪਣੇ ਬੁਰੇ ਕੰਮਾਂ ਨੂੰ ਮੇਰੀਆਂ ਅੱਖਾਂ ਦੇ ਅੱਗੋਂ ਦੂਰ ਕਰੋ, ਬੁਰਿਆਈ ਨੂੰ ਛੱਡੋ। ਨੇਕੀ ਸਿੱਖੋ, ਨਿਆਉਂ ਨੂੰ ਭਾਲੋ, ਜ਼ਾਲਮ ਨੂੰ ਸਿੱਧਾ ਕਰੋ, ਯਤੀਮ ਦਾ ਨਿਆਉਂ ਕਰੋ, ਵਿਧਵਾ ਦਾ ਮੁਕੱਦਮਾ ਲੜੋ" (**ਯਸਾਯਾਹ** 1:13-17)।

ਪਰਮੇਸ਼ੁਰ ਉਨ੍ਹਾਂ ਰਸਮਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ ਜੋ ਦਿਲ ਦੀ ਅਸਲੀਅਤ ਨੂੰ ਨਹੀਂ ਦਰਸਾਉਂਦੀਆਂ।

ਸੱਚੀ ਅਰਾਧਨਾ ਲਈ ਸਾਨੂੰ ਸਾਡਾ ਸਭ ਤੋਂ ਉੱਤਮ ਦੇਣ ਦੀ ਲੋੜ ਹੈ।

ਅਬਰਾਹਾਮ ਨੇ ਆਪਣੇ ਪੁੱਤਰ ਨੂੰ ਪਰਮੇਸ਼ੁਰ ਦੇ ਲਈ ਬਲੀ ਕੀਤਾ; ਉਸ ਨੇ ਆਪਣਾ ਸਭ ਤੋਂ ਉੱਤਮ ਦਿੱਤਾ। ਹਾਬਲ ਆਪਣੇ ਇੱਜੜ ਦੇ ਪਲੋਠੇ ਨੂੰ ਲਿਆਇਆ; ਉਸ ਨੇ ਆਪਣਾ ਸਭ ਤੋਂ ਉੱਤਮ ਦਿੱਤਾ। ਲੇਵੀਆਂ ਨੂੰ ਬਲੀ ਲਈ ਸਭ ਤੋਂ ਉੱਤਮ ਜਾਨਵਰਾਂ ਦੀ ਲੋੜ ਸੀ। ਦਾਊਦ ਨੇ ਅਜਿਹੀ ਭੇਟ ਚੜਾਉਣ ਤੋਂ ਇਨਕਾਰ ਕਰ ਦਿੱਤਾ ਜਿਸ ਦਾ ਉਸ ਨੂੰ ਕੋਈ ਮੁੱਲ ਨਾ ਚੁਕਾਉਣਾ ਪਿਆ ਹੋਵੇ (2 **ਸਮੂਏਲ** 24:24)। ਹਰ ਹਾਲਤ ਵਿੱਚ, ਅਰਾਧਨਾ ਲਈ ਸਾਨੂੰ ਸਾਡਾ ਸਭ ਤੋਂ ਉੱਤਮ ਦੇਣ ਦੀ ਲੋੜ ਹੈ।

ਇਹ ਸੰਦੇਸ਼ ਨਬੀਆਂ ਦੀਆਂ ਪੁਸਤਕਾਂ ਵਿੱਚ ਜਾਰੀ ਰਹਿੰਦਾ ਹੈ। ਮਲਾਕੀ ਨੇ ਬਲੀ ਲਈ ਘਟੀਆ ਜਾਨਵਰ ਲਿਆਉਣ ਦੇ ਵਿਰੁੱਧ ਚੇਤਾਵਨੀ ਦਿੱਤੀ (**ਮਲਾਕੀ** 1:6-8)। ਹੱਜਈ ਨੇ ਨਿਆਉਂ ਦੀ ਚੇਤਾਵਨੀ ਦਿੱਤੀ ਕਿਉਂਕਿ ਲੋਕ ਪਰਮੇਸ਼ੁਰ ਦੇ ਘਰ ਨਾਲੋਂ ਆਪਣੇ ਘਰਾਂ ਦੀ ਹਾਲਤ ਦੀ ਜ਼ਿਆਦਾ ਪਰਵਾਹ ਕਰਦੇ ਸਨ (**ਹੱਜਈ** 1:8-11)। ਸੱਚੀ ਅਰਾਧਨਾ ਲਈ ਸਾਨੂੰ ਸਾਡਾ ਸਭ ਤੋਂ ਉੱਤਮ ਦੇਣ ਦੀ ਲੋੜ ਹੈ।

ਸੱਚੀ ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ।

ਆਮੋਸ ਨੇ ਇਸਰਾਏਲ ਦੇ ਧਰਮ-ਤਿਆਗ ਦਾ ਵਿਹਾਰਕ ਜਵਾਬ ਦਿੱਤਾ। ਹੱਲ ਹੋਰ ਕੁਰਬਾਨੀਆਂ ਨਹੀਂ ਸੀ; ਹੱਲ ਇੱਕ ਧਰਮੀ ਜੀਵਨ ਸੀ। "ਪਰ ਇਨਸਾਫ਼ ਪਾਣੀਆਂ ਵਾਂਙੂ ਵਗੇ, ਅਤੇ ਧਰਮ ਬਾਰਾਂ ਮਾਸੀ ਨਦੀ ਵਾਂਙੂ" (**ਆਮੋਸ** 5:24)।[21] ਨਬੀ ਹੈਕਲ ਵਿੱਚ ਹੋਣ ਵਾਲੀ ਅਰਾਧਨਾ ਅਤੇ ਬਲੀਆਂ ਦੇ ਵਿਰੋਧੀ ਨਹੀਂ ਸਨ। ਉਹ ਉਸ ਅਰਾਧਨਾ ਦੇ ਵਿਰੋਧੀ ਸਨ ਜੋ ਧਰਮੀ ਜੀਵਨ ਦੇ ਨਾਲ ਨਹੀਂ ਹੁੰਦੀ ਹੈ।

ਪੂਰੀ ਬਾਈਬਲ ਵਿੱਚ ਅਸੀਂ ਵੇਖਦੇ ਹਾਂ ਕਿ ਸੱਚੀ ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ। ਤੋਰਾਹ ਵਿੱਚ, ਅਰਾਧਨਾ ਸੰਬੰਧੀ ਬਿਧੀਆਂ ਨੈਤਿਕ ਵਿਹਾਰ ਸੰਬੰਧੀ ਬਿਧੀਆਂ ਤੋਂ ਬਾਅਦ ਆਉਂਦੀਆਂ ਹਨ; ਉਨ੍ਹਾਂ ਵਿਚਕਾਰ ਕੋਈ ਅਲਹਿਦਗੀ ਨਹੀਂ ਹੈ। ਇਤਿਹਾਸਕ ਪੁਸਤਕਾਂ ਵਿੱਚ, ਰੋਜ਼ਾਨਾ ਜੀਵਨ ਵਿੱਚ ਇਸਰਾਏਲੀਆਂ ਦੀ ਅਣਆਗਿਆਕਾਰੀ ਦੇ ਨਤੀਜੇ ਵਜੋਂ ਇਸਰਾਏਲੀਆਂ ਦਾ ਅਰਾਧਨਾ ਦਾ ਸਥਾਨ ਅਰਥਾਤ ਹੈਕਲ ਨਾਸ ਹੋ ਗਈ। ਨਬੀਆਂ ਨੇ ਘੋਸ਼ਣਾ ਕੀਤੀ ਕਿ ਪਰਮੇਸ਼ੁਰ ਨੇ ਇਸਰਾਏਲੀਆਂ ਦੀ ਅਰਾਧਨਾ ਨੂੰ ਉਨ੍ਹਾਂ ਦੀ

---

21 ਕੁਝ ਵਿਦਵਾਨ ਕਹਿੰਦੇ ਹਨ ਕਿ ਨਬੀਆਂ ਨੇ ਹੈਕਲ ਦੀ ਵਿਵਸਥਾ ਨੂੰ ਰੱਦ ਕਰ ਦਿੱਤਾ ਸੀ। ਪਰ, ਬਹੁਤ ਸਾਰੇ ਨਬੀ ਹੈਕਲ ਨਾਲ ਨੇੜਿਓਂ ਜੁੜੇ ਹੋਏ ਸਨ। ਯਸਾਯਾਹ ਨੇ ਹੈਕਲ ਵਿੱਚ ਯਹੋਵਾਹ ਨੂੰ ਵੇਖਿਆ। ਹਿਜ਼ਕੀਏਲ ਨੇ ਪਰਮੇਸ਼ੁਰ ਦੇ ਪਰਤਾਪ ਨਾਲ ਭਰੀ ਇੱਕ ਬਹਾਲ ਕੀਤੀ ਹੋਈ ਹੈਕਲ ਦੀ ਨਬੂਵਤ ਕੀਤੀ। ਹੱਜਈ ਨੇ ਜ਼ਰੁੱਬਾਬਲ ਨੂੰ ਹੈਕਲ ਨੂੰ ਦੁਬਾਰਾ ਬਣਾਉਣ ਦੇ ਲਈ ਉਤਸ਼ਾਹਿਤ ਕੀਤਾ। ਨਬੀਆਂ ਨੇ ਬਲੀਆਂ ਨੂੰ ਰੱਦ ਨਹੀਂ ਕੀਤਾ; ਉਨ੍ਹਾਂ ਨੇ ਬਲੀਆਂ ਦੀ ਦੁਰਵਰਤੋਂ ਨੂੰ ਰੱਦ ਕੀਤਾ।

ਅਣਆਗਿਆਕਾਰੀ ਦੇ ਕਾਰਣ ਰੱਦ ਕਰ ਦਿੱਤਾ ਹੈ। ਨਵੇਂ ਨੇਮ ਵਿੱਚ, ਯਿਸੂ ਫ਼ਰੀਸੀਆਂ ਨੂੰ ਯਾਦ ਦਿਵਾਉਂਦਾ ਹੈ ਕਿ ਦਯਾ ਦੇ ਜੀਵਨ ਤੋਂ ਬਿਨਾਂ ਸਬਤ ਦੀ ਪਾਲਣਾ ਕਰਨ ਵਰਗੇ ਅਰਾਧਨਾ ਅਭਿਆਸਾਂ ਦਾ ਕੋਈ ਅਰਥ ਨਹੀਂ ਹੈ (ਮੱਤੀ 12:7)।

ਨਬੀਆਂ ਦਾ ਉਦਾਹਰਣ: ਪਰਚਾਰ ਅਤੇ ਘੋਸ਼ਣਾ ਅਰਾਧਨਾ ਹੈ

ਨਬੀ ਦੱਸਦੇ ਹਨ ਕਿ ਪਰਮੇਸ਼ੁਰ ਦੇ ਬਚਨ ਦੀ ਘੋਸ਼ਣਾ ਅਰਾਧਨਾ ਹੈ। ਯਿਰਮਿਯਾਹ ਦੇ ਮੰਦਰ ਦੇ ਸਾਹਮਣੇ ਖੜ੍ਹਾ ਹੋ ਕੇ ਇਹ ਕਹਿਣ ਵਿੱਚ ਬੇਤੁਕੇਪਣ ਦੀ ਕਲਪਨਾ ਕਰੋ, "ਭਜਨ ਗਾਉਣ ਲਈ ਹੈਕਲ ਵਿੱਚ ਜਾਓ ਅਤੇ ਆਪਣੀ ਬਲੀ ਚੜ੍ਹਾਓ। ਇਹ ਅਰਾਧਨਾ ਹੋਵੇਗੀ। ਜਦੋਂ ਤੁਸੀਂ ਸਭ ਕਰ ਲਓਗੇ, ਮੈਂ ਤੁਹਾਨੂੰ ਪਰਮੇਸ਼ੁਰ ਦਾ ਸੰਦੇਸ਼ ਸੁਣਾਵਾਂਗਾ।" ਨਹੀਂ! ਯਿਰਮਿਯਾਹ ਦੀ ਘੋਸ਼ਣਾ ਆਪਣੇ ਆਪ ਵਿੱਚ ਅਰਾਧਨਾ ਦਾ ਕਾਰਜ ਸੀ। ਯਿਰਮਿਯਾਹ ਨੇ ਪਰਚਾਰ ਕੀਤਾ ਕਿ ਪਰਮੇਸ਼ੁਰ ਨੇ ਇਸਰਾਏਲੀਆਂ ਦੀ ਅਰਾਧਨਾ ਨੂੰ ਉਨ੍ਹਾਂ ਦੇ ਪਾਪੀ ਜੀਵਨ ਦੇ ਕਾਰਣ ਰੱਦ ਕਰ ਦਿੱਤਾ ਸੀ। ਇਹ ਅਰਾਧਨਾ ਸੀ। ਇਸ ਨੇ ਪਵਿੱਤਰ ਪਰਮੇਸ਼ੁਰ ਦੀ ਸ਼ੁੱਧਤਾ ਨੂੰ ਪਛਾਣਿਆ; ਇਸ ਨੇ ਪਰਮੇਸ਼ੁਰ ਦੀ ਕੀਮਤ ਨੂੰ ਪਛਾਣ ਲਿਆ।

ਬਾਈਬਲ ਅਨੁਸਾਰ ਅੱਜ ਦੀ ਅਰਾਧਨਾ

ਕੁਝ ਕਲੀਸੀਆਵਾਂ ਅਰਾਧਨਾ ਅਤੇ ਪਰਚਾਰ ਨੂੰ ਵੱਖਰਾ ਕਰਦੀਆਂ ਹਨ। ਉਹ ਘੋਸ਼ਣਾ ਕਰਦੇ ਹਨ, "ਅਸੀਂ ਅਰਾਧਨਾ ਦੇ ਸਮੇਂ ਨਾਲ ਸ਼ੁਰੂ ਕਰਾਂਗੇ।" ਅਰਾਧਨਾ ਤੋਂ ਬਾਅਦ ਉਹ ਪਰਚਾਰ ਵੱਲ ਵਧਦੇ ਹਨ। ਇਸ ਦੇ ਦੋ ਖ਼ਤਰੇ ਹਨ।

1. ਇਸ ਦਾ ਅਰਥ ਹੈ ਕਿ ਅਰਾਧਨਾ ਸੰਗੀਤ ਤਕ ਹੀ ਸੀਮਤ ਹੈ। ਅਰਾਧਨਾ ਦਾ ਇਹ ਤਰੀਕਾ ਸਿਰਫ਼ ਭਾਵਨਾਵਾਂ ਤੇ ਕੇਂਦਰਿਤ ਹੈ। ਸੱਚੀ ਅਰਾਧਨਾ ਸੰਗੀਤ ਅਤੇ ਗੀਤ ਨਾਲੋਂ ਵੱਧ ਕੇ ਹੋਣੀ ਚਾਹੀਦੀ ਹੈ।

2. ਇਹ ਅਰਾਧਨਾ ਤੋਂ ਘੋਸ਼ਣਾ ਨੂੰ ਵੱਖ ਕਰਦਾ ਹੈ। ਹਰ ਚੀਜ਼ ਜੋ ਅਸੀਂ ਕਲੀਸੀਆ ਦੀ ਬੰਦਗੀ ਵਿੱਚ ਕਰਦੇ ਹਾਂ ਉਹ ਅਰਾਧਨਾ ਹੋਣੀ ਚਾਹੀਦੀ ਹੈ। ਸੰਗੀਤ, ਪ੍ਰਾਰਥਨਾ, ਬਚਨ, ਉਪਦੇਸ਼ ਅਤੇ ਭੇਟ ਵੀ ਅਰਾਧਨਾ ਦਾ ਹਿੱਸਾ ਹਨ।

ਜਾਂਚ

ਆਪਣੇ ਆਪ ਨੂੰ ਪੁੱਛੋ, "ਕੀ ਮੇਰਾ ਪਰਚਾਰ ਕਰਨਾ ਅਰਾਧਨਾ ਦਾ ਕਾਰਜ ਹੈ? ਜਦੋਂ ਮੈਂ ਪਰਚਾਰ ਕਰਦਾ ਹਾਂ, ਤਾਂ ਕੀ ਮੈਂ ਪਰਮੇਸ਼ੁਰ ਦੇ ਦੂਤ ਵਜੋਂ ਬੋਲਦਾ ਹਾਂ ਜੋ ਪਰਮੇਸ਼ੁਰ ਦੇ ਮਹੱਤਵ ਦਾ ਆਦਰ ਕਰ ਰਿਹਾ ਹੈ?"

ਅਰਾਧਨਾ ਨਾਲ ਜੁੜੇ ਖ਼ਤਰੇ: ਅਰਾਧਨਾ ਵਿੱਚ ਅਸੰਤੁਲਨ

1. ਬਹੁਤ ਜ਼ਿਆਦਾ ਸਧਾਰਨ ਅਰਾਧਨਾ ਦਾ ਖ਼ਤਰਾ

ਜਦੋਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਬਾਈਬਲ ਦੇ ਅਨੁਸਾਰ ਅਰਾਧਨਾ ਅਧੀਨਗੀ ਦੀ ਮੰਗ ਕਰਦੀ ਹੈ, ਤਾਂ ਅਸੀਂ ਪਰਮੇਸ਼ੁਰ ਨੂੰ ਇੱਕ ਆਮ ਮਿੱਤਰ ਸਮਝਣਾ ਸ਼ੁਰੂ ਕਰ ਸਕਦੇ ਹਾਂ ਜਿਸ ਨੂੰ ਕੋਈ ਸਤਿਕਾਰ ਨਹੀਂ ਮਿਲਦਾ। ਅਰਾਧਨਾ ਦੇ ਪ੍ਰਤੀ ਇੱਕ ਬਹੁਤ ਜ਼ਿਆਦਾ ਗੈਰ-ਰਸਮੀ ਪਹੁੰਚ ਇਸ ਰਵੱਈਏ ਨੂੰ ਉਤਸ਼ਾਹਿਤ ਕਰ ਸਕਦੀ ਹੈ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪਰਮੇਸ਼ੁਰ ਇੱਕ ਅਦਭੁਤ

ਪਰਮੇਸ਼ੁਰ ਹੈ ਜਿਹੜਾ ਪੂਰਨ ਆਗਿਆਕਾਰੀ ਦੀ ਮੰਗ ਕਰਦਾ ਹੈ। ਉਹ "ਜੁੱਗਾਂ ਦਾ ਮਹਾਰਾਜ, ਅਬਨਾਸੀ, ਅਲੱਖ, ਅਦੁਤੀ ਪਰਮੇਸ਼ੁਰ ਹੈ" (1 ਤਿਮੋਥਿਉਸ 1:17)। ਕੁਝ ਕਲੀਸੀਆਵਾਂ ਪਰਮੇਸ਼ੁਰ ਦੀ ਮਹਿਮਾ ਨੂੰ ਭੁੱਲ ਜਾਂਦੀਆਂ ਹਨ; ਅਰਾਧਨਾ ਇੱਕ ਪੁਰਾਣੇ ਮਿੱਤਰ ਨਾਲ ਕੌਫੀ ਦਾ ਕੱਪ ਪੀਣ ਨਾਲੋਂ ਕੁਝ ਜ਼ਿਆਦਾ ਹੀ ਹੋ ਜਾਂਦੀ ਹੈ।

2. ਬਹੁਤ ਜ਼ਿਆਦਾ ਰਸਮੀ ਅਰਾਧਨਾ ਦਾ ਖ਼ਤਰਾ

ਜਦੋਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਬਾਈਬਲ ਦੇ ਅਨੁਸਾਰ ਅਰਾਧਨਾ ਪਰਮੇਸ਼ੁਰ ਦੀ ਅਰਾਧਨਾ ਹੈ ਜਿਹੜਾ ਸਾਡੇ ਨਾਲ ਰਿਸ਼ਤਾ ਬਣਾਉਣਾ ਚਾਹੁੰਦਾ ਹੈ, ਤਾਂ ਅਸੀਂ ਪਰਮੇਸ਼ੁਰ ਨੂੰ ਇੱਕ ਦੂਰ ਦੇ ਈਸ਼ਵਰ ਦੇ ਰੂਪ ਵਿੱਚ ਮੰਨਣਾ ਸ਼ੁਰੂ ਕਰ ਸਕਦੇ ਹਾਂ। ਅਰਾਧਨਾ ਲਈ ਬਹੁਤ ਜ਼ਿਆਦਾ ਰਸਮੀ ਪਹੁੰਚ ਇਸ ਰਵੱਈਏ ਨੂੰ ਉਤਸ਼ਾਹਿਤ ਕਰ ਸਕਦੀ ਹੈ। ਕੁਝ ਕਲੀਸੀਆਵਾਂ ਇੱਕ ਵਿਸ਼ਵਾਸੀ ਨੂੰ ਪਰਮੇਸ਼ੁਰ ਨਾਲ ਨੇੜਤਾ ਦਾ ਅਨੁਭਵ ਕਰਨ ਦਾ ਕੋਈ ਮੌਕਾ ਨਹੀਂ ਦਿੰਦੀਆਂ ਹਨ; ਜ਼ੋਰ ਪੂਰੀ ਤਰ੍ਹਾਂ ਉਸ ਦੀ ਮਹਿਮਾ ਅਤੇ ਮਹਾਨਤਾ ਤੇ ਹੈ।

ਅਰਾਧਨਾ ਵਿੱਚ, ਸਾਨੂੰ ਉਸ ਦੀ ਰਚਨਾ ਉੱਤੇ ਪਰਮੇਸ਼ੁਰ ਦੇ ਸ਼ਾਨਦਾਰ ਇਖ਼ਤਿਆਰ ਅਤੇ ਉਸ ਦੇ ਬੱਚਿਆਂ ਨਾਲ ਉਸ ਦੀ ਨੇੜਤਾ ਦੋਵਾਂ ਦਾ ਅਨੁਭਵ ਕਰਨਾ ਚਾਹੀਦਾ ਹੈ।

ਜਾਂਚ

ਹਾਲ ਹੀ ਦੀ ਆਪਣੀ ਕੋਈ ਅਰਾਧਨਾ ਬੰਦਗੀ ਬਾਰੇ ਸੋਚੋ। ਆਪਣੇ ਆਪ ਨੂੰ ਪੁੱਛੋ, "ਬੰਦਗੀ ਦੇ ਕਿਹੜੇ ਭਾਗਾਂ ਨੇ ਅਰਾਧਕਾਂ ਨੂੰ ਪਰਮੇਸ਼ੁਰ ਦੇ ਪਰਤਾਪ ਦਾ ਆਦਰ ਕਰਨ ਲਈ ਉਤਸ਼ਾਹਿਤ ਕੀਤਾ ਸੀ? ਕੀ ਉਹ ਬੰਦਗੀ ਵਿੱਚੋਂ ਸਾਡੇ ਮਹਾਨ ਪਰਮੇਸ਼ੁਰ ਦੀ ਸਮਝ ਨਾਲ ਵਾਪਸ ਗਏ? ਫਿਰ ਆਪਣੇ ਆਪ ਤੋਂ ਪੁੱਛੋ, "ਬੰਦਗੀ ਦੇ ਕਿਹੜੇ ਭਾਗਾਂ ਨੇ ਅਰਾਧਕਾਂ ਨੂੰ ਪਰਮੇਸ਼ੁਰ ਦੀ ਗੂੜ੍ਹੀ ਮਿੱਤਰਤਾ ਦਾ ਅਨੁਭਵ ਕਰਨ ਲਈ ਉਤਸ਼ਾਹਿਤ ਕੀਤਾ? ਕੀ ਉਹ ਬੰਦਗੀ ਵਿੱਚੋਂ ਇਹ ਜਾਣ ਕੇ ਵਾਪਸ ਗਏ ਕਿ ਪਰਮੇਸ਼ੁਰ ਉਨ੍ਹਾਂ ਨੂੰ ਬਹੁਤ ਪਿਆਰ ਕਰਦਾ ਹੈ?"

ਸਿੱਟਾ: ਹੈਕਲ ਨੂੰ ਅਰਾਧਨਾ ਦੇ ਲਈ ਸਮਰਪਿਤ ਕੀਤੇ ਜਾਣ ਸਮੇਂ ਇੱਕ ਚਸ਼ਮਦੀਦ ਗਵਾਹ ਦੀ ਗਵਾਹੀ

ਹੈਕਲ ਨੂੰ ਅਰਾਧਨਾ ਦੇ ਲਈ ਸਮਰਪਿਤ ਕੀਤੇ ਜਾਣ ਸਮੇਂ ਉੱਥੇ ਹੋਣਾ ਕਿੱਦਾਂ ਦਾ ਲੱਗਾ ਹੋਵੇਗਾ? ਸ਼ਾਇਦ ਇਸ ਨੂੰ ਇਸ ਤਰ੍ਹਾਂ ਵਿਅਕਤ ਕੀਤਾ ਜਾ ਸਕਦਾ ਹੈ:

"ਹੈਕਲ ਨੂੰ ਅਰਾਧਨਾ ਦੇ ਲਈ ਸਮਰਪਿਤ ਕੀਤੇ ਜਾਣ ਸਮੇਂ ਮੈਂ ਉੱਥੇ ਸੀ। ਮੈਂ ਉਹ ਦਿਨ ਕਦੇ ਨਹੀਂ ਭੁੱਲਾਂਗਾ। ਅਸੀਂ ਸਾਲਾਂ ਤੋਂ ਉਸ ਬੰਦਗੀ ਦੀ ਉਡੀਕ ਕਰ ਰਹੇ ਸੀ।

"ਸਾਲਾਂ ਤੋਂ? ਹਾਂ, ਸਾਲਾਂ ਤੋਂ! ਦਾਊਦ ਪਾਤਸ਼ਾਹ ਨੇ ਹੈਕਲ ਦੀ ਉਸਾਰੀ ਦੇ ਨਕਸ਼ੇ ਬਣਾਏ ਸਨ ਅਤੇ ਆਪਣੀ ਮੌਤ ਤੋਂ ਪਹਿਲਾਂ ਉਹ ਨਕਸ਼ੇ ਸੁਲੇਮਾਨ ਨੂੰ ਸੌਂਪ ਦਿੱਤੇ ਸਨ। ਹੁਣ ਹੈਕਲ ਦਾ ਕੰਮ ਪੂਰਾ ਹੋ ਗਿਆ ਸੀ ਅਤੇ ਇਸ ਨੂੰ ਅਰਾਧਨਾ ਦੇ ਲਈ ਸਮਰਪਿਤ ਕਰਨ ਦੀ ਲੰਬੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ।

"ਇਹ ਇੱਕ ਸੁੰਦਰ ਮਾਹੌਲ ਅਤੇ ਇੱਕ ਜ਼ਬਰਦਸਤ ਬੰਦਗੀ ਸੀ। ਕਲਪਨਾ ਕਰੋ...

- 22,000 ਬਲਦਾਂ ਅਤੇ 120,000 ਭੇਡਾਂ ਦੀ ਬਲੀ
- ਦਾਊਦ ਦੇ ਜ਼ਬੂਰਾਂ ਨੂੰ ਗਾਉਣ ਵਾਲੇ ਸੈਂਕੜੇ ਗਵੰਤਰੀ
- ਖੰਜਰੀਆਂ, ਸਤਾਰਾਂ, ਬਰਬਤਾਂ ਅਤੇ 120 ਤੁਰ੍ਹੀਆਂ ਦੀ ਇੱਕ ਸੰਗੀਤ ਮੰਡਲੀ
- ਜਾਜਕਾਂ ਅਤੇ ਲੇਵੀਆਂ ਨੇ ਵਧੀਆ ਚਿੱਟੇ ਕਤਾਨੀ ਕੱਪੜੇ ਪਾਏ ਹੋਏ ਸਨ
- ਹੁਣ ਤਕ ਬਣਾਈਆਂ ਗਈਆਂ ਸਭ ਤੋਂ ਸੁੰਦਰ ਇਮਾਰਤਾਂ ਵਿੱਚੋਂ ਇੱਕ
- ਅਰਾਧਨਾ ਦੇ ਹਰੇਕ ਕੰਮ ਲਈ ਸੋਨੇ ਅਤੇ ਚਾਂਦੀ ਦੇ ਭਾਂਡੇ

"ਇਹ ਇੱਕ ਸੁੰਦਰ ਬੰਦਗੀ ਸੀ, ਪਰ ਪ੍ਰੋਗਰਾਮ ਦੀ ਸੁੰਦਰਤਾ ਉਹ ਨਹੀਂ ਜੋ ਮੇਰੀ ਯਾਦ ਵਿੱਚ ਸਭ ਤੋਂ ਮਹੱਤਵਪੂਰਣ ਹੈ। ਜੋ ਮੈਨੂੰ ਸਭ ਤੋਂ ਵੱਧ ਯਾਦ ਹੈ ਉਹ ਇਹ ਹੈ ਕਿ ਜਿਵੇਂ ਹੀ ਵਜੰਤਰੀਆਂ ਨੇ ਵਜਾਉਣਾ ਅਤੇ ਗਾਉਣਾ ਸ਼ੁਰੂ ਕੀਤਾ, 'ਪਰਮੇਸ਼ੁਰ ਦਾ ਭਵਨ ਯਹੋਵਾਹ ਦੇ ਪਰਤਾਪ ਨਾਲ ਭਰ ਗਿਆ ਸੀ।' ਪਰਮੇਸ਼ੁਰ ਦੀ ਹਜ਼ੂਰੀ ਹੈਕਲ ਵਿੱਚ ਉਦੋਂ ਤਕ ਭਰੀ ਰਹੀ ਜਦੋਂ ਤੱਕ ਜਾਜਕ ਆਪਣੀਆਂ ਸੇਵਾਂ ਨਾ ਨਿਭਾ ਹਟੇ। ਪਰਮੇਸ਼ੁਰ **ਦੀ** ਸੇਵਾ ਨੂੰ ਪਰਮੇਸ਼ੁਰ **ਨੇ** ਸੰਭਾਲ ਲਿਆ ਸੀ!

"ਉਸ ਯਾਦਗਾਰੀ ਬੰਦਗੀ ਨੂੰ ਕਈ ਸਾਲ ਹੋ ਗਏ ਹਨ। ਮੈਂ ਇਹ ਦਾਅਵਾ ਨਹੀਂ ਕਰਦਾ ਹਾਂ ਕਿ ਉਸ ਦਿਨ ਤੋਂ ਲੈ ਕੇ ਹੁਣ ਤਕ ਹਰ ਬੰਦਗੀ ਜਿਸ ਵਿੱਚ ਮੈਂ ਗਿਆ ਹਾਂ, ਪਰਮੇਸ਼ੁਰ ਦੀ ਹਜ਼ੂਰੀ ਦੇ ਇੱਕੋ ਜਿਹੇ ਦਿਖਾਈ ਦੇਣ ਵਾਲੇ ਚਿੰਨ੍ਹਾਂ ਦੁਆਰਾ ਚਿੰਨ੍ਹਿਤ ਕੀਤੀ ਗਈ ਹੈ; ਉਹ ਇੱਕ ਖ਼ਾਸ ਦਿਨ ਸੀ। ਪਰ, ਹਰ ਬੰਦਗੀ ਵਿੱਚ ਜਿਸ ਵਿੱਚ ਮੈਂ ਜਾਂਦਾ ਹਾਂ, ਮੈਂ ਪਰਮੇਸ਼ੁਰ ਦੀ ਹਜ਼ੂਰੀ ਦੀ ਉਡੀਕ ਕਰਦਾ ਹਾਂ।

"ਕਈ ਵਾਰ, ਉਸ ਦੀ ਹਜ਼ੂਰੀ ਨਾਟਕੀ ਹੁੰਦੀ ਹੈ; ਕਈ ਵਾਰ, ਇਹ ਸ਼ਾਂਤ ਹੁੰਦੀ ਹੈ। ਕਈ ਵਾਰ ਗਾਉਣ ਵਿੱਚ ਉਸ ਦੀ ਹਜ਼ੂਰੀ ਮਹਿਸੂਸ ਹੁੰਦੀ ਹੈ; ਕਈ ਵਾਰ, ਉਹ ਉਪਦੇਸ਼ ਦੁਆਰਾ ਗੱਲ ਕਰਦਾ ਹੈ। ਕਦੇ-ਕਦੇ, ਮੇਰੀਆਂ ਭਾਵਨਾਵਾਂ ਨੂੰ ਛੂਹਿਆ ਜਾਂਦਾ ਹੈ; ਕਈ ਵਾਰ, ਉਸ ਦੀ ਸਚਿਆਈ ਮੇਰੇ ਮਨ ਅਤੇ ਇੱਛਾ ਨਾਲ ਗੱਲ ਕਰਦੀ ਹੈ। ਕਈ ਵਾਰ, ਮੈਂ ਬੰਦਗੀ ਵਿੱਚੋਂ ਉਤਸ਼ਾਹਿਤ ਹੋ ਕੇ ਜਾਂਦਾ ਹਾਂ; ਕਈ ਵਾਰ, ਮੈਂ ਬੰਦਗੀ ਵਿੱਚੋਂ ਕਿਸੇ ਗੱਲ ਦੇ ਲਈ ਕਾਇਲ ਹੋ ਕੇ ਜਾਂਦਾ ਹੈ।

"ਪਰਮੇਸ਼ੁਰ ਭਾਵੇਂ ਕਿਸੇ ਵੀ ਤਰ੍ਹਾਂ ਹਾਜ਼ਰ ਹੋਣਾ ਚੁਣਦਾ ਹੈ, ਮੈਂ ਉਸ ਦੀ ਹਜ਼ੂਰੀ ਨੂੰ ਮਹੱਤਵ ਦਿੰਦਾ ਹਾਂ। ਮੈਂ ਸ਼ਾਇਦ ਪਰਮੇਸ਼ੁਰ ਦੀ ਪਰਤੱਖ ਹਜ਼ੂਰੀ ਦਾ ਅਜਿਹਾ ਨਾਟਕੀ ਦ੍ਰਿਸ਼ ਦੁਬਾਰਾ ਕਦੇ ਨਹੀਂ ਵੇਖਾਂਗਾ, ਪਰ ਜਦੋਂ ਵੀ ਮੈਂ ਅਰਾਧਨਾ ਕਰਦਾ ਹਾਂ ਤਾਂ ਹਰ ਵਾਰ ਉਸ ਦੀ ਹਜ਼ੂਰੀ ਵਿੱਚ ਦਾਖਲ ਹੋ ਸਕਦਾ ਹਾਂ।"

ਸਮੂਹ ਵਿੱਚ ਚਰਚਾ

» ਇਸ ਪਾਠ ਦੀ ਵਿਹਾਰਕ ਪ੍ਰਾਸੰਗਿਕਤਾ ਲਈ, ਹੇਠ ਲਿਖੀਆਂ ਗੱਲਾਂ ਤੇ ਚਰਚਾ ਕਰੋ:

ਐਸਥਰ ਇੱਕ ਈਮਾਨਦਾਰ ਮਸੀਹੀ ਔਰਤ ਹੈ ਅਤੇ ਆਪਣੇ ਪਿੰਡ ਵਿੱਚ ਅਰਾਧਨਾ ਬੰਦਗੀਆਂ ਵਿੱਚ ਸ਼ਾਮਲ ਹੋਣਾ ਪਸੰਦ ਕਰਦੀ ਹੈ। ਊਰਜਾਵਾਨ ਸੰਗੀਤ ਅਤੇ ਸੰਗਤੀ ਰੋਜ਼ਾਨਾ ਜੀਵਨ ਦੀਆਂ ਮੁਸ਼ਕਲਾਂ ਤੋਂ ਇੱਕ ਸੁਖਦ ਅਹਿਸਾਸ ਪ੍ਰਦਾਨ ਕਰਦੇ ਹਨ। ਉਹ ਉਨ੍ਹਾਂ ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਪਸੰਦ ਕਰਦੀ ਹੈ ਜੋ ਉਹ ਅਨੁਭਵ ਕਰਦੀ ਹੈ ਕਿਉਂਕਿ ਉਹ ਆਪਣੇ ਪੂਰੇ ਦਿਲ ਨਾਲ ਪਰਮੇਸ਼ੁਰ ਦੀ ਅਰਾਧਨਾ ਕਰਦੀ ਹੈ। ਪਰ, ਐਸਥਰ ਨੂੰ ਆਪਣੇ ਵਿਆਹੁਤਾ-ਜੀਵਨ ਅਤੇ ਰੋਜ਼ਾਨਾ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਉਸੇ ਊਰਜਾ ਨਾਲ ਨਿਭਾਉਣ ਵਿੱਚ ਮੁਸ਼ਕਲ ਹੁੰਦੀ ਹੈ ਜਿਸ ਊਰਜਾ ਨਾਲ ਉਹ ਐਤਵਾਰ ਸਵੇਰ ਦੀ ਅਰਾਧਨਾ ਕਰਦੀ ਹੈ। ਤੁਸੀਂ ਐਸਥਰ ਨੂੰ ਕਿਵੇਂ ਸਲਾਹ ਦਿਓਗੇ?

ਪਾਠ 3 ਦੀ ਸਮੀਖਿਆ

1. ਪਰਮੇਸ਼ੁਰ ਪਰਵਾਹ ਕਰਦਾ ਹੈ ਕਿ ਅਸੀਂ ਕਿਵੇਂ ਅਰਾਧਨਾ ਕਰਦੇ ਹਾਂ ਕਿਉਂਕਿ:

- ਸਾਡੀ ਅਰਾਧਨਾ ਦਾ ਰੂਪ ਪਰਮੇਸ਼ੁਰ ਬਾਰੇ ਸਾਡੀ ਸਮਝ ਨੂੰ ਪ੍ਰਭਾਵਿਤ ਕਰਦਾ ਹੈ।
- ਸਾਡੀ ਅਰਾਧਨਾ ਦਾ ਰੂਪ ਦਰਸਾਉਂਦਾ ਹੈ ਕਿ ਅਸੀਂ ਕਿਉਂ ਅਰਾਧਨਾ ਕਰਦੇ ਹਾਂ।

2. ਅਰਾਧਨਾ ਇੱਕ ਰਿਸ਼ਤਾ ਹੈ - ਪਰਮੇਸ਼ੁਰ ਨਾਲ ਚੱਲਣਾ।

- ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਲਈ ਅਰਾਧਨਾ ਦੇ ਸਾਧਨ ਪ੍ਰਦਾਨ ਕੀਤੇ।
- ਪਰਮੇਸ਼ੁਰ ਨੇ ਅਬਰਾਹਾਮ ਲਈ ਅਰਾਧਨਾ ਨੂੰ ਸੰਭਵ ਬਣਾਉਣ ਲਈ ਪਹਿਲ ਕੀਤੀ।
- ਪਰਮੇਸ਼ੁਰ ਦੀ ਕਿਰਪਾ ਨੇ ਯਾਕੂਬ ਲਈ ਅਰਾਧਨਾ ਨੂੰ ਸੰਭਵ ਬਣਾਇਆ।
- ਜਦੋਂ ਅਸੀਂ ਪਰਮੇਸ਼ੁਰ ਦੇ ਨਾਲ ਚੱਲਦੇ ਹਾਂ, ਤਾਂ ਸਾਡੇ ਜੀਵਨ ਬਦਲ ਜਾਂਦੇ ਹਨ।

3. ਅਰਾਧਨਾ ਆਗਿਆਕਾਰੀ ਨਾਲ ਸ਼ੁਰੂ ਹੁੰਦੀ ਹੈ।

- ਅਰਾਧਨਾ ਜਜ਼ਬਾਤ ਜਾਂ ਭਾਵਨਾ ਤੋਂ ਵੱਧ ਕੇ ਹੈ।
- ਅਰਾਧਨਾ ਪਰਮੇਸ਼ੁਰ ਦੇ ਹੁਕਮਾਂ ਪ੍ਰਤੀ ਇੱਕ ਸਰਗਰਮ ਜਵਾਬ ਹੈ।
- ਪਰਮੇਸ਼ੁਰ ਦੀ ਆਗਿਆਕਾਰੀ ਕਰਨ ਨਾਲ ਉਸ ਨਾਲ ਸਾਡਾ ਰਿਸ਼ਤਾ ਗੂੜ੍ਹਾ ਹੁੰਦਾ ਹੈ।

4. ਅਰਾਧਨਾ ਵਿੱਚ ਰਸਮ (ਪੁਰਾਣੇ ਨੇਮ ਦੀਆਂ ਬਲੀਆਂ) ਸ਼ਾਮਲ ਹੁੰਦੀ ਹੈ।

- ਬਲੀਦਾਨ ਪਰਮੇਸ਼ੁਰ ਪ੍ਰਤੀ ਪੂਰਨ ਅਧੀਨਗੀ ਨੂੰ ਦਰਸਾਉਂਦੇ ਸਨ। (ਰੋਮੀਆਂ 12:1)
- ਪਰਮੇਸ਼ੁਰ ਨੇ ਆਪਣੀ ਹਜ਼ੂਰੀ ਨਾਲ ਸੱਚੀ ਅਰਾਧਨਾ ਦਾ ਆਦਰ ਕੀਤਾ। (2 ਇਤਹਾਸ 5)
- ਜਨਤਕ ਰਸਮ ਇੱਕ ਆਗਿਆਕਾਰੀ ਦਿਲ ਤੋਂ ਆਉਣੀ ਚਾਹੀਦੀ ਹੈ।

5. ਅਰਾਧਨਾ ਵਿੱਚ ਉਸਤਤ (ਜ਼ਬੂਰ) ਸ਼ਾਮਲ ਹੁੰਦੀ ਹੈ।

- ਜ਼ਬੂਰਾਂ ਦੀ ਪੋਥੀ ਦੱਸਦੀ ਹੈ ਕਿ ਅਰਾਧਨਾ ਵਿੱਚ ਉਸਤਤ ਸ਼ਾਮਲ ਹੁੰਦੀ ਹੈ।
- ਜ਼ਬੂਰਾਂ ਦੀ ਪੋਥੀ ਦੱਸਦੀ ਹੈ ਕਿ ਅਰਾਧਨਾ ਵਿੱਚ ਵਿਰਲਾਪ ਸ਼ਾਮਲ ਹੁੰਦਾ ਹੈ।

6. ਅਰਾਧਨਾ ਵਿੱਚ ਘੋਸ਼ਣਾ (ਨਬੀਆਂ ਦੀਆਂ ਪੁਸਤਕਾਂ) ਸ਼ਾਮਲ ਹੁੰਦੀ ਹੈ।

- ਅਰਾਧਨਾ ਉਸਤਤ ਨਾਲੋਂ ਵੱਧ ਕੇ ਹੈ; ਇਹ ਸਚਿਆਈ ਦੀ ਘੋਸ਼ਣਾ ਵੀ ਹੈ। ਪਰਚਾਰ ਹੀ ਅਰਾਧਨਾ ਹੈ..
- ਨਬੀਆਂ ਨੇ ਸਿੱਖਿਆ ਦਿੱਤੀ ਕਿ ਅਸਲੀਅਤ ਤੋਂ ਬਿਨਾਂ ਰਸਮ ਅਰਾਧਨਾ ਨਹੀਂ ਹੈ।
- ਨਬੀਆਂ ਨੇ ਸਿੱਖਿਆ ਦਿੱਤੀ ਕਿ ਸੱਚੀ ਅਰਾਧਨਾ ਸਾਡੇ ਸਭ ਤੋਂ ਉੱਤਮ ਦੀ ਮੰਗ ਕਰਦੀ ਹੈ।
- ਨਬੀਆਂ ਨੇ ਸਿੱਖਿਆ ਦਿੱਤੀ ਕਿ ਸੱਚੀ ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ।

ਪਾਠ 3 ਦੇ ਖੁਦ ਕਰਨ ਵਾਲੇ ਕੰਮ

1. ਅਰਾਧਨਾ ਬਾਰੇ ਤਿੰਨ ਸਿਧਾਂਤ ਦੱਸੋ ਜੋ ਤੁਸੀਂ ਪੁਰਾਣੇ ਨੇਮ ਦੀ ਅਰਾਧਨਾ ਦੇ ਇਸ ਪਾਠ ਤੋਂ ਸਿੱਖੇ ਹਨ। ਇੱਕ ਸਫ਼ਾ ਲਿਖੋ ਜਿਸ ਵਿੱਚ ਤੁਸੀਂ ਆਪਣੀ ਕਲੀਸੀਆ ਦੀ ਅਰਾਧਨਾ ਵਿੱਚ ਹਰੇਕ ਸਿਧਾਂਤ ਨੂੰ ਲਾਗੂ ਕਰਨ ਦੇ ਅਮਲੀ ਤਰੀਕਿਆਂ ਬਾਰੇ ਚਰਚਾ ਕਰਦੇ ਹੋ।

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਦੇ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 3 ਦਾ ਇਮਤਿਹਾਨ

1. ਇਸ ਪਾਠ ਵਿੱਚੋਂ, ਉਸ ਅਰਾਧਨਾ ਦੀਆਂ ਬਾਈਬਲ ਅਨੁਸਾਰ ਦੋ ਉਦਾਹਰਣਾਂ ਦੱਸੋ ਜੋ ਪਰਮੇਸ਼ੁਰ ਵੱਲੋਂ ਅਸਵੀਕਾਰ ਕੀਤੀ ਗਈ ਸੀ।

2. ਪਰਮੇਸ਼ੁਰ ਦੇ ਨਾਲ ਚੱਲਿਆ ਸ਼ਬਦ ਦਰਸਾਉਂਦਾ ਹੈ ਕਿ ਅਰਾਧਨਾ ਵਿੱਚ ਪਰਮੇਸ਼ੁਰ ਦੇ ਨਾਲ _____ ਸ਼ਾਮਲ ਹੁੰਦਾ ਹੈ।

3. ਇਸ ਪਾਠ ਵਿੱਚੋਂ, ਤਿੰਨ ਅਯੋਗ ਲੋਕਾਂ ਦੇ ਨਾਮ ਦੱਸੋ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਕਿਰਪਾ ਨਾਲ ਉਸ ਦੀ ਅਰਾਧਨਾ ਕਰਨ ਦੇ ਯੋਗ ਬਣਾਇਆ।

4. ਅਬਰਾਹਾਮ ਦਾ ਇਸਹਾਕ ਨੂੰ ਬਲੀ ਕਰਨਾ ਦਰਸਾਉਂਦਾ ਹੈ ਕਿ ਸੱਚੀ ਅਰਾਧਨਾ ਲਈ _____ ਦੀ ਲੋੜ ਹੁੰਦੀ ਹੈ।

5. ਹਾਬਲ ਦੀ ਅਰਾਧਨਾ ਅਤੇ ਕਇਨ ਦੀ ਅਰਾਧਨਾ ਵਿੱਚ ਕੀ ਅੰਤਰ ਸੀ?

6. ਅਰਾਧਕ ਵੱਲੋਂ ਬਲੀ ਦਿੱਤੇ ਜਾਣ ਵਾਲੇ ਜਾਨਵਰ ਦੇ ਸਿਰ ਤੇ ਹੱਥ ਰੱਖਣ ਦੀ ਕੀ ਮਹੱਤਤਾ ਸੀ?

7. ਜ਼ਬੂਰਾਂ ਦੀ ਪੋਥੀ ਵਿੱਚ, ਉਸਤਤ ਦੀਆਂ ਦੋ ਕਿਸਮਾਂ ਹਨ। ਪਰਮੇਸ਼ੁਰ ਦੇ ਚਰਿੱਤਰ ਅਤੇ ਸ਼ਕਤੀਸ਼ਾਲੀ ਕੰਮਾਂ ਦੀ ਉਸਤਤ ਨੂੰ _____ ਉਸਤਤ ਕਿਹਾ ਜਾਂਦਾ ਹੈ। ਉਸਤਤ ਜੋ ਸਪਸ਼ਟ ਨਹੀਂ ਹੈ ਉਸ ਨੂੰ _____ ਉਸਤਤ ਕਿਹਾ ਜਾਂਦਾ ਹੈ।

8. ਨਬੀਆਂ ਦੀਆਂ ਪੁਸਤਕਾਂ ਦੱਸਦੀਆਂ ਹਨ ਕਿ ਪਰਮੇਸ਼ੁਰ ਦੇ ਸੰਦੇਸ਼ ਦਾ _____ ਅਰਾਧਨਾ ਹੈ।

9. ਅਰਾਧਨਾ ਬਾਰੇ ਨਬੀਆਂ ਦੇ ਸੰਦੇਸ਼ ਦੇ ਤਿੰਨ ਪਹਿਲੂ ਦੱਸੋ।

10. ਅਰਾਧਨਾ ਵਿਚਲੇ ਦੋ ਖ਼ਤਰਨਾਕ ਅਸੰਤੁਲਨ ਦੱਸੋ।

11. ਮੀਕਾਹ 6:6-8 ਮੂੰਹ ਜ਼ਬਾਨੀ ਲਿਖੋ।

ਪਾਠ 4

ਨਵੇਂ ਨੇਮ ਵਿੱਚ ਅਰਾਧਨਾ

ਪਾਠ ਦੇ ਉਦੇਸ਼

1. ਇਹ ਸਮਝਣਾ ਕਿ ਯਿਸੂ ਨੇ ਅਰਾਧਨਾ ਨੂੰ ਕਿਵੇਂ ਪੂਰਨ ਕੀਤਾ।
2. ਇੰਜੀਲ ਦੇ ਬਿਰਤਾਂਤਾਂ, ਰਸੂਲਾਂ ਦੇ ਕਰਤੱਬ ਅਤੇ ਪਰਕਾਸ਼ ਦੀ ਪੋਥੀ ਵਿੱਚੋਂ, ਅਰਾਧਨਾ ਦੀਆਂ ਝੂਠੀਆਂ ਕਿਸਮਾਂ ਨੂੰ ਪਛਾਣਨਾ।
3. ਅਰਾਧਨਾ ਅਤੇ ਖੁਸ਼ਖ਼ਬਰੀ ਪਰਚਾਰ ਦੋਵਾਂ ਲਈ ਨਿੱਜੀ ਤੌਰ ਤੇ ਸਮਰਪਿਤ ਹੋਣਾ।
4. ਪੱਤਰੀਆਂ ਵਿੱਚੋਂ, ਅਰੰਭਕ ਕਲੀਸੀਆ ਵਿਚਲੀ ਅਰਾਧਨਾ ਦੇ ਮੁੱਖ ਤੱਤਾਂ ਨੂੰ ਜਾਣਨਾ।
5. ਉਸ ਅਰਾਧਨਾ ਦਾ ਅਨੁਭਵ ਕਰਨਾ ਜੋ ਪਰਮੇਸ਼ੁਰ ਤੇ ਕੇਂਦਰਿਤ ਹੈ।

ਇਸ ਪਾਠ ਦੇ ਲਈ ਤਿਆਰੀ

ਰੋਮੀਆਂ 12:1-2 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

ਪਾਸਟਰ ਜੇਮਸ, ਈਨੋਕ, ਗਿਡੀਓਨ ਅਤੇ ਜੇਸਨ ਨੇ ਪੁਰਾਣੇ ਨੇਮ ਤੋਂ ਅਰਾਧਨਾ ਬਾਰੇ ਜੋ ਸਿੱਖਿਆ ਸੀ ਉਸ ਬਾਰੇ ਚਰਚਾ ਕਰਨ ਲਈ ਦੁਬਾਰਾ ਇਕੱਠੇ ਹੋਏ।

ਜੇਮਸ ਨੇ, ਜਿਹੜਾ ਰਵਾਇਤੀ ਅਰਾਧਨਾ ਨੂੰ ਮਹੱਤਵ ਦਿੰਦਾ ਹੈ, ਕਿਹਾ, "ਮੈਨੂੰ ਲੱਗਦਾ ਹੈ ਕਿ ਪੁਰਾਣਾ ਨੇਮ ਸਾਬਤ ਕਰਦਾ ਹੈ ਕਿ ਮੇਰੀ ਕਲੀਸੀਆ ਸਹੀ ਤਰੀਕੇ ਨਾਲ ਅਰਾਧਨਾ ਕਰ ਰਹੀ ਹੈ। ਹੈਕਲ ਵਿੱਚ ਅਰਾਧਨਾ ਰਸਮੀ ਅਤੇ ਸੰਗਠਿਤ ਸੀ। ਅਸੀਂ ਵੀ ਇਹੀ ਕਰਨ ਦੀ ਕੋਸ਼ਿਸ਼ ਕਰਦੇ ਹਾਂ।"

"ਅਰਾਧਨਾ ਮਸੀਹੀ ਕਲੀਸੀਆ ਦੀ ਸਰਵੋਤਮ ਅਤੇ ਇਕਲੌਤੀ ਲਾਜ਼ਮੀ ਗਤੀਵਿਧੀ ਹੈ। ਇਹੀ ਕਾਇਮ ਰਹੇਗੀ... ਅਤੇ ਸਵਰਗ ਤਕ ਜਾਵੇਗੀ, ਜਦ ਕਿ ਕਲੀਸੀਆ ਦੀਆਂ ਹੋਰ ਸਾਰੀਆਂ ਗਤੀਵਿਧੀਆਂ ਖ਼ਤਮ ਹੋ ਜਾਣਗੀਆਂ।"

ਡਬਲਿਯੂ. ਨਿਕੋਲਸ

ਈਨੇਕ ਹੱਸ ਪਿਆ, "ਹਾਂ, ਪਰ ਕੀ ਤੁਸੀਂ ਉਹ ਪੜ੍ਹਿਆ ਹੈ ਜੋ ਨਬੀਆਂ ਨੇ ਕਿਹਾ ਸੀ? ਹੈਕਲ ਦੀ ਰਸਮੀ ਅਰਾਧਨਾ ਦਾ ਕੋਈ ਅਰਥ ਨਹੀਂ ਸੀ! ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਾਲੀ ਅਰਾਧਨਾ ਦਿਲ ਤੋਂ ਕੀਤੀ ਜਾਣ ਵਾਲੀ ਅਰਾਧਨਾ ਹੈ। ਅਸੀਂ ਆਪਣੀ ਸਮਕਾਲੀ ਅਰਾਧਨਾ ਵਿੱਚ ਇਹੀ ਕਰਦੇ ਹਾਂ; ਅਸੀਂ ਨਵੀਂ ਪੀੜ੍ਹੀ ਦੇ ਦਿਲਾਂ ਨੂੰ ਛੂਹ ਰਹੇ ਹਾਂ।"

ਗਿਡੀਓਨ ਨੇ ਖਿੱਝ ਕੇ ਕਿਹਾ, "ਅਸੀਂ ਜਦੋਂ ਦਾ ਅਰਾਧਨਾ ਦਾ ਆਪਣਾ ਅਧਿਐਨ ਸ਼ੁਰੂ ਕੀਤਾ ਹੈ ਉੱਥੇ ਦੇ ਉੱਥੇ ਹੀ ਹਾਂ। ਪਰਮੇਸ਼ੁਰ ਆਪ ਇਹ ਕਿਉਂ ਨਹੀਂ ਕਹਿੰਦਾ, 'ਤੁਹਾਨੂੰ ਇਸ ਤਰ੍ਹਾਂ ਮੇਰੀ ਅਰਾਧਨਾ ਕਰਨੀ ਚਾਹੀਦੀ ਹੈ'"?

ਜੇਸਨ ਬੋਲਿਆ। "ਆਓ ਅਸੀਂ ਅੱਕੀਏ ਨਾ। ਅਸੀਂ ਨਵੇਂ ਨੇਮ ਦੇ ਮਸੀਹੀ ਲੋਕ ਹਾਂ; ਸ਼ਾਇਦ ਨਵਾਂ ਨੇਮ ਸਾਡੇ ਸਵਾਲਾਂ ਦਾ ਜਵਾਬ ਦੇਵੇਗਾ। ਆਓ ਨਵੇਂ ਨੇਮ ਵਿੱਚ ਅਰਾਧਨਾ ਦਾ ਅਧਿਐਨ ਕਰੀਏ ਅਤੇ ਵੇਖੀਏ ਕਿ ਇਹ ਕੀ ਕਹਿੰਦਾ ਹੈ।"

» ਨਵੇਂ ਨੇਮ ਵਿੱਚ ਅਰਾਧਨਾ ਕਿਵੇਂ ਬਦਲੀ? ਅਰੰਭਕ ਕਲੀਸੀਆ ਦੀ ਅਰਾਧਨਾ ਮਿਲਾਪ ਦੇ ਤੰਬੂ ਅਤੇ ਹੈਕਲ ਦੀ ਅਰਾਧਨਾ ਨਾਲੋਂ ਕਿਵੇਂ ਵੱਖਰੀ ਸੀ? ਨਵੇਂ ਨੇਮ ਦੀ ਅਰਾਧਨਾ ਬਾਰੇ ਜੋ ਤੁਸੀਂ ਪਹਿਲਾਂ ਤੋਂ ਹੀ ਜਾਣਦੇ ਹੋ ਉਸ ਨੂੰ ਸੰਖੇਪ ਵਿੱਚ ਦੱਸੋ।

ਇੰਜੀਲ ਦੇ ਬਿਰਤਾਂਤ: ਅਰਾਧਨਾ ਯਿਸੂ ਮਸੀਹ ਵਿੱਚ ਪੂਰੀ ਹੁੰਦੀ ਹੈ

ਅਰਾਧਨਾ ਸ਼ਬਦ ਨਵੇਂ ਨੇਮ ਵਿੱਚ ਕੁੱਲ ਜਿੰਨੀ ਵਾਰ ਆਇਆ ਹੈ ਉਸ ਵਿੱਚੋਂ ਅੱਧੀ ਵਾਰ ਤਾਂ ਇੰਜੀਲ ਦੇ ਬਿਰਤਾਂਤਾਂ ਵਿੱਚ ਹੀ ਆਇਆ ਹੈ। ਇੰਜੀਲ ਦੇ ਬਿਰਤਾਂਤ ਦੱਸਦੇ ਹਨ ਕਿ ਯਿਸੂ ਅਰਾਧਨਾ ਦੀ ਚਰਮ ਪੂਰਤੀ ਹੈ। ਉਹ ਦੋ ਤਰੀਕਿਆਂ ਨਾਲ ਅਰਾਧਨਾ ਨੂੰ ਪੂਰਨ ਕਰਦਾ ਹੈ।

1. ਆਪਣੀ ਮਨੁੱਖਤਾ ਵਿੱਚ, ਯਿਸੂ ਨੇ ਅਰਾਧਨਾ ਦਾ ਨਮੂਨਾ ਦਿੱਤਾ।
2. ਉਸ ਦੀ ਈਸ਼ਰਤਾਈ ਵਿੱਚ, ਯਿਸੂ ਦੀ ਅਰਾਧਨਾ ਕੀਤੀ ਜਾਂਦੀ ਹੈ।

ਆਪਣੀ ਮਨੁੱਖਤਾ ਵਿੱਚ, ਯਿਸੂ ਅਰਾਧਨਾ ਦਾ ਸਰਵੋਤਮ ਨਮੂਨਾ ਸੀ

ਯਿਸੂ ਨੇ ਸੱਚੀ ਅਰਾਧਨਾ ਦਾ ਨਮੂਨਾ ਦਿੱਤਾ। ਯਿਸੂ ਨੇ ਸਾਮਰੀ ਤੀਵੀਂ ਨੂੰ ਦੱਸਿਆ ਕਿ ਪਰਮੇਸ਼ੁਰ ਉਨ੍ਹਾਂ ਨੂੰ ਭਾਲ ਰਿਹਾ ਹੈ ਜਿਹੜੇ ਆਤਮਾ ਅਤੇ ਸਚਿਆਈ ਨਾਲ ਉਸ ਦੀ ਅਰਾਧਨਾ ਕਰਦੇ ਹਨ (ਯੂਹੰਨਾ 4:24)। ਆਪਣੇ ਖੁਦ ਦੇ ਅਰਾਧਨਾ ਅਭਿਆਸਾਂ (ਬਾਈਬਲ ਪੜ੍ਹਨਾ, ਪ੍ਰਾਰਥਨਾ, ਸਮਾਜ ਅਤੇ ਹੈਕਲ ਵਿੱਚ ਜਾਣਾ) ਵਿੱਚ ਯਿਸੂ ਨੇ ਵਿਖਾਇਆ ਸੀ ਕਿ ਅਸਲ ਵਿੱਚ ਆਤਮਾ ਅਤੇ ਸਚਿਆਈ ਨਾਲ ਅਰਾਧਨਾ ਕਰਨ ਦਾ ਕੀ ਅਰਥ ਹੈ।

ਯਿਸੂ ਨੂੰ ਅਰਾਧਨਾ ਦਾ ਸਥਾਨ ਬਹੁਤ ਪਸੰਦ ਸੀ।

ਲੂਕਾ ਨੇ ਅਰਾਧਨਾ ਦੇ ਸਥਾਨ ਲਈ ਯਿਸੂ ਦੀ ਪਸੰਦ ਨੂੰ ਵਿਖਾਇਆ। ਇੱਕ ਬਾਲਕ ਦੇ ਰੂਪ ਵਿੱਚ, ਯਿਸੂ ਨੇ ਹੈਕਲ ਨੂੰ ਆਪਣੇ ਪਿਤਾ ਦੇ ਘਰ ਵਜੋਂ ਪਛਾਣਿਆ (ਲੂਕਾ 2:41-49)। ਉਹ ਹੈਕਲ ਵਿੱਚ ਹੋਣ ਵਾਲੀ ਅਰਾਧਨਾ ਦੀ ਸ਼ੁੱਧਤਾ ਪ੍ਰਤੀ ਇੱਕ ਜੋਸ਼ ਰੱਖਦਾ ਸੀ; ਉਸ ਨੇ ਦੋ ਵਾਰ ਉਨ੍ਹਾਂ ਲੋਕਾਂ ਨੂੰ ਬਾਹਰ ਕੱਢਿਆ ਜਿਹੜੇ ਹੈਕਲ ਦੀ ਦੁਰਵਰਤੋਂ ਕਰ ਰਹੇ ਸਨ।[22]

ਆਪਣੀ ਜਨਤਕ ਸੇਵਕਾਈ ਦੀ ਸ਼ੁਰੂਆਤ ਵਿੱਚ, ਯਿਸੂ ਸਬਤ ਦੇ ਦਿਨ ਨਾਸਰਤ ਦੇ ਸਮਾਜ ਵਿੱਚ ਗਿਆ ਜਿਵੇਂ ਕਿ ਉਸ ਦਾ ਦਸਤੂਰ ਸੀ (ਲੂਕਾ 4:16)। ਧਰਤੀ ਉੱਤੇ ਆਪਣੀ ਸੇਵਕਾਈ ਦੌਰਾਨ, ਯਿਸੂ ਅਕਸਰ ਸਮਾਜਾਂ ਵਿੱਚ ਜਾਂਦਾ ਸੀ।

---

22 ਯੂਹੰਨਾ 2:13-16 ਪਹਿਲੀ ਵਾਰ ਸ਼ੁੱਧ ਕਰਨ ਬਾਰੇ ਦੱਸਦਾ ਹੈ। ਮੱਤੀ 21:12-27, ਮਰਕੁਸ 11:15-17 ਅਤੇ ਲੂਕਾ 19:45-46 ਉਸ ਦੀ ਧਰਤੀ ਉੱਤੇ ਸੇਵਕਾਈ ਦੇ ਆਖ਼ਰੀ ਹਫ਼ਤੇ ਦੌਰਾਨ ਦੂਜੀ ਵਾਰ ਸ਼ੁੱਧ ਕਰਨ ਬਾਰੇ ਦੱਸਦੇ ਹਨ।

ਯਿਸੂ ਨੇ ਪਰਮੇਸ਼ੁਰ ਤੋਂ ਇਲਾਵਾ ਕਿਸੇ ਦੀ ਵੀ ਜਾਂ ਕਿਸੇ ਵੀ ਚੀਜ਼ ਦੀ ਅਰਾਧਨਾ ਕਰਨ ਤੋਂ ਇਨਕਾਰ ਕਰ ਦਿੱਤਾ।

ਉਜਾੜ ਵਿੱਚ, ਯਿਸੂ ਨੇ ਝੂਠੀ ਅਰਾਧਨਾ ਦੇ ਪਰਤਾਵੇ ਨੂੰ ਠੁਕਰਾ ਦਿੱਤਾ।

» ਮੱਤੀ 4:9-10 ਪੜ੍ਹੋ।

ਸਿਰਜਣਹਾਰ ਦੀ ਬਜਾਇ ਪ੍ਰਾਣੀ ਦੀ ਅਰਾਧਨਾ ਕਰਨ ਦਾ ਲਾਲਚ ਬਚਨ ਵਿੱਚ ਇੱਕ ਨਿਰੰਤਰ ਵਿਸ਼ਾ ਹੈ। ਇਹ ਪੁਰਾਣੇ ਨੇਮ ਵਿੱਚ ਮੂਰਤੀ-ਪੂਜਾ ਦੀ ਜੜ੍ਹ ਹੈ। ਪਰਕਾਸ਼ ਦੀ ਪੋਥੀ ਅਜਗਰ ਅਤੇ ਜਾਨਵਰ ਦੀ ਪੂਜਾ ਅਤੇ ਪਰਮੇਸ਼ੁਰ ਅਤੇ ਲੇਲੇ ਦੀ ਅਰਾਧਨਾ ਦੇ ਵਿਚਕਾਰ ਅੰਤਰ ਨੂੰ ਦਰਸਾਉਂਦੀ ਹੈ। ਯਿਸੂ ਨੇ ਪ੍ਰਾਣੀ ਦੀ ਅਰਾਧਨਾ ਕਰਨ ਤੋਂ ਇਨਕਾਰ ਕਰ ਦਿੱਤਾ।[23]

ਯਿਸੂ ਨੇ ਬਾਰ-ਬਾਰ ਪ੍ਰਾਰਥਨਾ ਕੀਤੀ।

ਯਿਸੂ ਦੀ ਪੂਰੀ ਸੇਵਕਾਈ ਦੌਰਾਨ ਪ੍ਰਾਰਥਨਾ ਮਹੱਤਵਪੂਰਣ ਸੀ। ਇੰਜੀਲ ਦੇ ਬਿਰਤਾਂਤ ਦੱਸਦੇ ਹਨ ਕਿ ਯਿਸੂ ਨੇ ਪੰਦਰਾਂ ਵਾਰ ਪ੍ਰਾਰਥਨਾ ਕੀਤੀ। ਇਨ੍ਹਾਂ ਵਿੱਚੋਂ ਕੁਝ ਮੌਕਿਆਂ ਤੇ, ਉਸ ਨੇ ਪੂਰੀ ਰਾਤ ਆਪਣੇ ਪਿਤਾ ਨਾਲ ਇਕੱਲੇ ਬਿਤਾਈ। ਬਾਰ੍ਹਾਂ ਰਸੂਲਾਂ ਨੂੰ ਚੁਣਨ ਤੋਂ ਪਹਿਲਾਂ, ਉਸ ਨੇ ਪ੍ਰਾਰਥਨਾ ਵਿੱਚ ਰਾਤ ਬਿਤਾਈ (ਲੂਕਾ 6:12)। ਆਪਣੇ ਚੇਲਿਆਂ ਨਾਲ ਆਪਣੇ ਆਖ਼ਰੀ ਘੰਟਿਆਂ ਦੌਰਾਨ, ਯਿਸੂ ਨੇ ਚੇਲਿਆਂ ਲਈ ਅਤੇ ਉਨ੍ਹਾਂ ਸਾਰਿਆਂ ਲਈ ਪ੍ਰਾਰਥਨਾ ਕੀਤੀ ਜਿਨ੍ਹਾਂ ਬਾਅਦ ਵਿੱਚ ਉਸ ਉੱਤੇ ਵਿਸ਼ਵਾਸ ਕਰਨਾ ਸੀ (ਯੂਹੰਨਾ 17)। ਸਲੀਬ ਦਾ ਸਾਹਮਣਾ ਕਰਦੇ ਹੋਏ, ਉਹ ਪ੍ਰਾਰਥਨਾ ਕਰਨ ਲਈ ਗਥਸਮਨੀ ਬਾਗ ਵਿੱਚ ਗਿਆ (ਮੱਤੀ 26:36-42)। ਯਿਸੂ ਦੀ ਅਰਾਧਨਾ ਵਿੱਚ ਪ੍ਰਾਰਥਨਾ ਮਹੱਤਵਪੂਰਣ ਸੀ।

ਯਿਸੂ ਨੇ ਸੱਚੀ ਅਰਾਧਨਾ ਬਾਰੇ ਸਮਝਾਇਆ।

ਆਪਣੇ ਕੰਮਾਂ ਦੁਆਰਾ ਅਰਾਧਨਾ ਦਾ ਨਮੂਨਾ ਦੇਣ ਤੋਂ ਇਲਾਵਾ, ਯਿਸੂ ਨੇ ਨਿਰੰਤਰ ਅਰਾਧਨਾ ਬਾਰੇ ਸਿੱਖਿਆ ਦਿੱਤੀ। ਉਸ ਨੇ ਸਾਮਰੀ ਤੀਵੀਂ ਨੂੰ ਸੱਚੀ ਅਰਾਧਨਾ ਬਾਰੇ ਸਿੱਖਿਆ ਦਿੱਤੀ। ਯਿਸੂ ਨੇ ਚੇਲਿਆਂ ਨੂੰ ਇੱਕ ਨਮੂਨਾ ਪ੍ਰਾਰਥਨਾ ਸਿਖਾਈ ਅਤੇ ਦ੍ਰਿਸ਼ਟਾਂਤਾਂ ਰਾਹੀਂ ਪ੍ਰਾਰਥਨਾ ਬਾਰੇ ਸਿਖਾਇਆ (ਲੂਕਾ 11:5-8, ਲੂਕਾ 18:1-14)।

» ਲੂਕਾ 11:1-4 ਪੜ੍ਹੋ।

ਯਿਸੂ ਦੀ ਨਮੂਨਾ ਪ੍ਰਾਰਥਨਾ ਦਰਸਾਉਂਦੀ ਹੈ ਕਿ ਪ੍ਰਾਰਥਨਾ ਅਰਾਧਨਾ ਵਾਲੇ ਦਿਲ ਤੋਂ ਨਿਕਲਣੀ ਚਾਹੀਦੀ ਹੈ। ਪ੍ਰਾਰਥਨਾ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ, "ਤੇਰਾ ਨਾਮ ਪਾਕ ਮੰਨਿਆ ਜਾਵੇ।" ਪਾਕ ਮੰਨਣਾ ਪਵਿੱਤਰ ਮੰਨਣਾ ਹੈ। ਪ੍ਰਾਰਥਨਾ ਵਿੱਚ, ਅਸੀਂ ਪਰਮੇਸ਼ੁਰ ਨੂੰ ਪਵਿੱਤਰ ਮੰਨਦੇ ਹਾਂ।

ਯਿਸੂ ਨੇ ਝੂਠੀ ਅਰਾਧਨਾ ਕਰਨ ਤੋਂ ਝਿੜਕਿਆ।

ਜੇ ਸੱਚੀ ਅਰਾਧਨਾ ਆਤਮਾ ਅਰ ਸਚਿਆਈ ਨਾਲ ਅਰਾਧਨਾ ਹੈ, ਤਾਂ ਝੂਠੀ ਅਰਾਧਨਾ ਅਜਿਹੀ ਕੋਈ ਵੀ ਚੀਜ਼ ਹੈ ਜੋ ਇਸ ਤੋਂ ਨੀਵੀਂ ਹੈ। ਯਿਸੂ ਨੇ ਰੱਦ ਕੀਤਾ:

1. ਕਪਟ ਵਾਲੀ ਅਰਾਧਨਾ

ਪਹਾੜੀ ਉਪਦੇਸ਼ ਵਿੱਚ, ਯਿਸੂ ਨੇ ਚੇਤਾਵਨੀ ਦਿੱਤੀ ਸੀ ਕਿ ਸਹੀ ਕੰਮਾਂ ਨੂੰ ਗਲਤ ਕਾਰਣਾਂ ਨਾਲ ਕਰਨਾ ਸੰਭਵ ਹੈ। ਗਰੀਬਾਂ ਨੂੰ ਦਾਨ ਦੇਣਾ, ਪ੍ਰਾਰਥਨਾ ਅਤੇ ਰੋਜ਼ਾ ਰੱਖਣਾ ਸਾਰੇ ਅਰਾਧਨਾ ਦੇ ਪਹਿਲੂ ਹਨ। ਯਿਸੂ ਨੇ ਉਨ੍ਹਾਂ ਲੋਕਾਂ ਵਿਰੁੱਧ ਚੇਤਾਵਨੀ ਦਿੱਤੀ ਜੋ ਦੂਜਿਆਂ ਨੂੰ

23 ਯਿਸੂ ਰੋਮੀਆਂ 1:25 ਵਿੱਚ ਦੱਸੇ ਗਏ ਲੋਕਾਂ ਵਰਗਾ ਨਹੀਂ ਸੀ।

ਪ੍ਰਭਾਵਿਤ ਕਰਨ ਲਈ ਇਹ ਕੰਮ ਕਰਦੇ ਹਨ; ਉਹ ਕਪਟੀ ਹਨ (ਮੱਤੀ 6:1-18)। ਸੱਚੇ ਅਰਾਧਕ ਇਹ ਕੰਮ ਪਰਮੇਸ਼ੁਰ ਦੀ ਅਰਾਧਨਾ ਕਰਨ ਦੀ ਇੱਛਾ ਨਾਲ ਕਰਦੇ ਹਨ।

ਮੱਤੀ 23 ਵਿੱਚ, ਯਿਸੂ ਨੇ ਅਜਿਹੇ ਧਾਰਮਿਕ ਆਗੂਆਂ ਦੀ ਨਿੰਦਾ ਕੀਤੀ ਜਿਹੜੇ ਅਰਾਧਨਾ ਬਾਰੇ ਸਹੀ ਗੱਲਾਂ ਤਾਂ ਸਿਖਾਉਂਦੇ ਹਨ, ਪਰ ਉਨ੍ਹਾਂ ਦੇ ਦਿਲ ਪਰਮੇਸ਼ੁਰ ਤੋਂ ਦੂਰ ਹਨ। ਯਿਸੂ ਨੇ ਕਿਹਾ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਸਹੀ ਸਨ, ਪਰ ਉਨ੍ਹਾਂ ਦੇ ਦਿਲ ਗਲਤ ਸਨ; ਉਹ ਕਪਟੀ ਹਨ।

2. ਸ਼ਰਾਵਾਦੀ ਅਰਾਧਨਾ

ਇੱਕ ਖ਼ਤਰਾ ਕਪਟ ਵਾਲੀ ਅਰਾਧਨਾ ਹੈ; ਇਸ ਅਰਾਧਨਾ ਦਾ ਉਦੇਸ਼ ਪਰਮੇਸ਼ੁਰ ਨੂੰ ਖੁਸ਼ ਕਰਨ ਦੀ ਬਜਾਇ ਵੇਖਣ ਵਾਲਿਆਂ ਨੂੰ ਪ੍ਰਭਾਵਿਤ ਕਰਨਾ ਹੈ। ਇੱਕ ਹੋਰ ਖ਼ਤਰਾ ਸ਼ਰਾਵਾਦ ਹੈ; ਇਸ ਅਰਾਧਨਾ ਦਾ ਉਦੇਸ਼ ਕੁਝ ਸ਼ਰਤਾਂ ਨੂੰ ਪੂਰਾ ਕਰਨ ਦੁਆਰਾ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਨਾ ਹੈ। ਜਦੋਂ ਅਸੀਂ ਆਪਣੇ ਕੰਮਾਂ ਦੁਆਰਾ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਸੱਚੀ ਅਰਾਧਨਾ ਦੀ ਅਸਲੀਅਤ ਨੂੰ ਗੁਆ ਦਿੰਦੇ ਹਾਂ। ਅਰਾਧਨਾ ਉਹ ਕੰਮ ਬਣ ਜਾਂਦੀ ਹੈ ਜਿਸ ਦੁਆਰਾ ਅਸੀਂ ਪਰਮੇਸ਼ੁਰ ਦੀ ਭਲਿਆਈ ਦੇ ਅਨੰਦਮਈ ਪ੍ਰਤੀਉੱਤਰ ਦੀ ਬਜਾਇ ਪਰਮੇਸ਼ੁਰ ਦੀ ਪ੍ਰਵਾਨਗੀ ਨੂੰ ਕਮਾਉਂਦੇ ਹਾਂ।

ਯਿਸੂ ਨੇ ਇਸਰਾਏਲ ਦੇ ਧਾਰਮਿਕ ਆਗੂਆਂ ਨੂੰ ਨਰਾਜ਼ ਕੀਤਾ ਜਦੋਂ ਉਸ ਨੇ ਉਨ੍ਹਾਂ ਦੀਆਂ ਰਵਾਇਤਾਂ ਨੂੰ ਤੋੜਿਆ।[24] ਯਿਸੂ ਨੇ ਸ਼ਰਾ ਦੀ ਉਲੰਘਣਾ ਨਹੀਂ ਕੀਤੀ ਜਾਂ ਆਤਮਾ ਦੀ ਸ਼ਰਾ ਦੀ ਵੀ ਉਲੰਘਣਾ ਨਹੀਂ ਕੀਤੀ; ਉਸ ਨੇ ਮਨੁੱਖੀ ਰਵਾਇਤਾਂ ਦੀ ਉਲੰਘਣਾ ਕੀਤੀ ਜੋ ਫ਼ਰੀਸੀ ਸ਼ਰਾਵਾਦ ਦੇ ਸਾਲਾਂ ਦੌਰਾਨ ਵਧੀਆਂ ਸਨ। ਫ਼ਰੀਸੀਆਂ ਲਈ, ਇਹ ਰਵਾਇਤਾਂ ਓਨੀਆਂ ਹੀ ਮਹੱਤਵਪੂਰਣ ਸਨ ਜਿੰਨਾ ਕਿ ਸ਼ਰਾ ਆਪਣੇ ਆਪ ਵਿੱਚ। ਉਨ੍ਹਾਂ ਦਾ ਮੰਨਣਾ ਸੀ ਕਿ ਸ਼ਰਾ ਦੀ ਪਾਲਣਾ ਕਰਨ ਨਾਲ ਪਰਮੇਸ਼ੁਰ ਦੀ ਕਿਰਪਾ ਹੁੰਦੀ ਹੈ। ਇਹ ਸ਼ਰਾਵਾਦਨੂੰ ਪਰਿਭਾਸ਼ਿਤ ਕਰਦਾ ਹੈ: ਸ਼ਰਤਾਂ ਪੂਰੀਆਂ ਕਰਨ ਦੁਆਰਾ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਨ ਦੀ ਕੋਸ਼ਿਸ਼। ਯਿਸੂ ਨੇ ਸ਼ਰਾਵਾਦ ਨੂੰ ਓਨੇ ਹੀ ਜ਼ੋਰਦਾਰ ਢੰਗ ਨਾਲ ਰੱਦ ਕੀਤਾ ਜਿੰਨਾ ਉਸ ਨੇ ਕਪਟ ਨੂੰ ਰੱਦ ਕੀਤਾ ਸੀ।

ਯਿਸੂ ਦੀ ਈਸ਼ੁਰਤਾਈ ਵਿੱਚ, ਯਿਸੂ ਦੀ ਅਰਾਧਨਾ ਕੀਤੀ ਜਾਂਦੀ ਹੈ

ਆਪਣੀ ਮੌਤ ਅਤੇ ਜੀ ਉੱਠਣ ਤੋਂ ਬਾਅਦ, **ਯਿਸੂ ਪਿਤਾ ਦੇ ਸੱਜੇ ਹੱਥ ਜਾ ਬੈਠਾ ਹੈ ਅਤੇ ਉਸ ਅਰਾਧਨਾ ਨੂੰ ਪ੍ਰਾਪਤ ਕਰਦਾ ਹੈ ਜਿਸ ਦੇ ਉਹ ਯੋਗ ਹੈ** (ਪਰਕਾਸ਼ ਦੀ ਪੋਥੀ 5:12-14)। ਪੌਲੁਸ ਨੇ ਫ਼ਿਲਿੱਪੀਆਂ 2 ਵਿੱਚ ਇਸ ਬਦਲਾਅ ਬਾਰੇ ਲਿਖਿਆ ਹੈ। ਯਿਸੂ ਦੇ ਆਪਣੇ ਆਪ ਨੂੰ ਨੀਵਿਆਂ ਕਰਨ ਦੇ ਕਾਰਨ, ਉਹ ਹੁਣ ਉੱਚਾ ਕੀਤਾ ਗਿਆ ਹੈ ਅਤੇ ਉਸ ਦੀ ਅਰਾਧਨਾ ਕੀਤੀ ਜਾਂਦੀ ਹੈ।

> ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ (ਫ਼ਿਲਿੱਪੀਆਂ 2:9-11)।

ਮੱਤੀ 18:20 ਵਿੱਚ, ਯਿਸੂ ਨੇ ਸਾਖੀ ਦਿੱਤੀ ਕਿ ਉਹ ਅਰਾਧਨਾ ਦੇ ਯੋਗ ਹੈ। ਯਹੂਦੀ ਰਵਾਇਤ ਵਿੱਚ, ਪ੍ਰਾਰਥਨਾ ਅਤੇ ਅਰਾਧਨਾ ਲਈ ਸਮਾਜ ਦੇ ਸਾਹਮਣੇ 10 ਪੁਰਸ਼ ਮੈਂਬਰਾਂ ਦੇ ਇਕੱਠੇ ਹੋਣ ਦੀ ਲੋੜ ਹੁੰਦੀ ਸੀ। ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, "ਕਿਉਂਕਿ ਜਿੱਥੇ ਦੋ ਯਾ ਤਿੰਨ ਮੇਰੇ ਨਾਮ ਉੱਤੇ ਇੱਕਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ।" ਕਲੀਸੀਆ ਵਿੱਚ, **ਮੌਜੂਦ ਲੋਕਾਂ ਦੀ ਗਿਣਤੀ ਨਹੀਂ, ਯਿਸੂ ਦੀ ਹਜ਼ੂਰੀ ਅਰਾਧਨਾ ਨੂੰ ਨਿਰਧਾਰਤ ਕਰਦੀ ਹੈ।**

ਉਸ ਦੇ ਚਮਤਕਾਰਾਂ ਨੂੰ ਵੇਖਣ ਵਾਲੀਆਂ ਭੀੜਾਂ ਉੱਤੇ ਆਪਣੇ ਪ੍ਰਭਾਵ ਦੁਆਰਾ, ਯਿਸੂ ਵਿਖਾਉਂਦਾ ਹੈ ਕਿ ਉਹ ਅਰਾਧਨਾ ਦੇ ਯੋਗ ਹੈ। ਜਦੋਂ ਲੋਕਾਂ ਨੇ ਉਸ ਦੇ ਚਮਤਕਾਰ ਵੇਖੇ, **ਤਾਂ ਉਨ੍ਹਾਂ ਨੇ ਪਰਮੇਸ਼ੁਰ ਦੀ ਵਡਿਆਈ ਕੀਤੀ**, ਜੋ ਕਿ ਅਰਾਧਨਾ ਦਾ ਇੱਕ ਕਾਰਜ ਹੈ। ਜਿਨ੍ਹਾਂ ਲੋਕਾਂ ਨੇ ਉਸ ਦੁਆਰਾ ਦਿੱਤੀਆਂ ਗਈਆਂ ਚੰਗਿਆਈਆਂ ਨੂੰ ਵੇਖਿਆ ਉਹ ਸਾਰੇ ਹੈਰਾਨ ਰਹਿ ਗਏ (ਮਰਕੁਸ 1:23-27)।

---

24 ਹੋਰ ਥਾਵਾਂ ਦੇ ਨਾਲ, ਮੱਤੀ 12:1-14, ਲੂਕਾ 13:10-17 ਅਤੇ ਯੂਹੰਨਾ 5:8-18.

ਆਪਣੇ ਚੇਲਿਆਂ ਨਾਲ ਆਖ਼ਰੀ ਰਾਤ ਯਿਸੂ ਨੇ ਪਸਾਹ ਖਾਧਾ। ਜਦ ਕਿ ਇਹ ਭੋਜਨ ਯਹੂਦੀ ਪਸਾਹ ਦੇ ਭੋਜਨ ਦੇ ਰਵਾਇਤੀ ਨਮੂਨੇ ਦੀ ਪਾਲਣਾ ਕਰਦਾ ਸੀ, ਯਿਸੂ ਨੇ ਇਸ ਨੂੰ ਨਵਾਂ ਅਰਥ ਦਿੱਤਾ ਜਦੋਂ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਰੋਟੀ "ਮੇਰਾ ਸਰੀਰ ਹੈ ਜੋ ਤੁਹਾਡੇ ਬਦਲੇ ਦਿੱਤਾ ਜਾਂਦਾ ਹੈ" ਅਤੇ ਪਿਆਲਾ "ਮੇਰੇ ਲਹੂ ਵਿੱਚ ਨਵਾਂ ਨੇਮ ਹੈ" (ਲੂਕਾ 22:19-20)।

» ਲੂਕਾ 22:13-20 ਪੜ੍ਹੋ।

ਉਸ ਨੇ ਉਨ੍ਹਾਂ ਨੂੰ ਇਹ ਉਸ ਦੀ ਯਾਦਗੀਰੀ ਵਿੱਚ ਕਰਨ ਦਾ ਹੁਕਮ ਦਿੱਤਾ ਸੀ। **ਪ੍ਰਭੂ-ਭੋਜ ਮਸੀਹ ਉੱਤੇ ਕੇਂਦ੍ਰਿਤ ਹੈ ਜੋ ਪਸਾਹ ਦੀ ਸੰਪੂਰਨ ਪੂਰਤੀ ਹੈ।**

ਬਾਈਬਲ ਦੇ ਅਨੁਸਾਰ ਅੱਜ ਦੀ ਅਰਾਧਨਾ

ਝੂਠੀ ਅਰਾਧਨਾ ਲਈ ਯਿਸੂ ਦੀ ਝਿੜਕ ਅਤੇ ਸੱਚੀ ਅਰਾਧਨਾ ਦੀ ਉਸ ਦੀ ਆਪਣੀ ਉਦਾਹਰਣ ਤੋਂ ਪਤਾ ਲੱਗਦਾ ਹੈ ਕਿ ਸਾਡੀ ਅਰਾਧਨਾ ਸੱਚੀ ਹੋਣੀ ਚਾਹੀਦੀ ਹੈ, ਨਾ ਕਿ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ। ਸੱਚੀ ਅਰਾਧਨਾ ਦਾ ਉਦੇਸ਼ ਦੂਜਿਆਂ ਨੂੰ ਪ੍ਰਸੰਨ ਕਰਨਾ ਨਹੀਂ ਬਲਕਿ ਪਿਤਾ ਨੂੰ ਪ੍ਰਸੰਨ ਕਰਨਾ ਹੋਣਾ ਚਾਹੀਦਾ ਹੈ।

ਇਹ ਕਲੀਸੀਆ ਦੇ ਆਗੂਆਂ ਦੇ ਲਈ ਇੱਕ ਨਿਰੰਤਰ ਪਰਤਾਵਾ ਹੈ। ਕਿਉਂਕਿ ਪਰਚਾਰ ਅਤੇ ਅਰਾਧਨਾ ਦੀ ਅਗਵਾਈ ਜਨਤਕ ਤੌਰ ਤੇ ਕੀਤੀ ਜਾਂਦੀ ਹੈ, ਅਸੀਂ ਅਰਾਧਨਾ ਦੀ ਬਜਾਇ ਪ੍ਰਦਰਸ਼ਨ ਲਈ ਪਰਤਾਏ ਜਾ ਸਕਦੇ ਹਾਂ। ਜਦੋਂ ਅਸੀਂ ਪਰਮੇਸ਼ੁਰ ਦਾ ਆਦਰ ਕਰਨ ਦੀ ਬਜਾਇ ਸਰੋਤਿਆਂ ਨੂੰ ਖੁਸ਼ ਕਰਨ ਤੇ ਧਿਆਨ ਕੇਂਦਰਿਤ ਕਰਦੇ ਹਾਂ, ਤਾਂ ਅਸੀਂ ਅਰਾਧਨਾ ਕਰਨ ਦੀ ਬਜਾਇ ਪ੍ਰਦਰਸ਼ਨ ਕਰਦੇ ਹਾਂ।

ਇੱਕ ਆਗੂ ਦੇ ਲਈ ਝੂਠੀ ਅਰਾਧਨਾ ਦਾ ਪਰਤਾਵਾ ਕੀ ਹੈ?

- ਇੱਕ ਸੰਦੇਸ਼ ਵਾਲੇ ਬਚਨ ਨੂੰ ਚੁਣਨਾ ਕਿਉਂਕਿ ਅਸੀਂ ਜਾਣਦੇ ਹਾਂ ਕਿ ਇਹ ਸਰੋਤਿਆਂ ਵਿੱਚ ਪ੍ਰਸਿੱਧ ਹੋਵੇਗਾ
- ਇੱਕ ਅਜਿਹੀ ਪ੍ਰਾਰਥਨਾ ਜੋ ਪਰਮੇਸ਼ੁਰ ਨਾਲੋਂ ਵੱਧ ਸਰੋਤਿਆਂ ਨੂੰ ਸੰਬੋਧਤ ਹੈ
- ਇੱਕ ਭੇਟ ਜੋ ਇਸ ਤਰੀਕੇ ਨਾਲ ਦਿੱਤੀ ਜਾਂਦੀ ਹੈ ਜੋ ਦੇਣ ਵਾਲੇ ਵੱਲ ਧਿਆਨ ਖਿੱਚਦੀ ਹੈ
- ਸੰਗੀਤ ਜੋ ਪਰਮੇਸ਼ੁਰ ਦੀ ਬਜਾਇ ਵਜਾਉਣ ਵਾਲੇ ਦੀ ਵਡਿਆਈ ਕਰਦਾ ਹੈ

ਯਿਸੂ ਦੀ ਸਿੱਖਿਆ ਅਤੇ ਉਦਾਹਰਣ ਸਾਨੂੰ ਯਾਦ ਕਰਾਉਂਦੇ ਹਨ ਕਿ ਸੱਚੀ ਅਰਾਧਨਾ ਸਿਰਫ਼ ਪਰਮੇਸ਼ੁਰ ਦੀ ਹੀ ਹੈ। ਅਰਾਧਨਾ ਉਸ ਬਾਰੇ ਹੈ, ਸਾਡੇ ਬਾਰੇ ਨਹੀਂ।

ਜਾਂਚ

ਆਪਣੇ ਆਪ ਨੂੰ ਪੁੱਛੋ, "ਮੇਰੇ ਅਰਾਧਨਾ ਦੀ ਅਗਵਾਈ ਕਰਨ ਵਿੱਚ ਕਿਸ ਨੂੰ ਆਦਰ ਮਿਲਦਾ ਹੈ? ਕੀ ਮੈਂ ਪਰਮੇਸ਼ੁਰ ਦੀ ਵਡਿਆਈ ਲਈ, ਜਾਂ ਆਪਣੀ ਖੁਦ ਦੀ ਪਛਾਣ ਲਈ ਪਰਚਾਰ ਕਰਦਾ ਹਾਂ, ਗਾਉਂਦਾ ਹਾਂ, ਪ੍ਰਾਰਥਨਾ ਕਰਦਾ ਹਾਂ ਅਤੇ ਦਿੰਦਾ ਹਾਂ? ਕੀ ਮੈਂ ਸੱਚਮੁੱਚ ਅਰਾਧਨਾ ਕਰ ਰਿਹਾ ਹਾਂ?"

ਰਸੂਲਾਂ ਦੇ ਕਰਤੱਬ: ਅਰਾਧਨਾ ਅਤੇ ਖੁਸ਼ਖ਼ਬਰੀ ਪਰਚਾਰ

ਅਰਾਧਨਾ ਦਾ ਖੁਸ਼ਖ਼ਬਰੀ ਪਰਚਾਰ ਨਾਲ ਗਹਿਰਾ ਸੰਬੰਧ ਹੈ। ਗੈਰ-ਵਿਸ਼ਵਾਸੀ ਲੋਕ ਉਦੋਂ ਅਰਾਧਕ ਬਣ ਜਾਂਦੇ ਹਨ ਜਦੋਂ ਉਹ ਖੁਸ਼ਖ਼ਬਰੀ ਨੂੰ ਸੁਣਦੇ ਅਤੇ ਜਵਾਬ ਦਿੰਦੇ ਹਨ। ਰਸੂਲਾਂ ਦੇ ਕਰਤੱਬ ਪੁਸਤਕ ਅਰਾਧਨਾ ਅਤੇ ਖੁਸ਼ਖ਼ਬਰੀ ਪਰਚਾਰ ਦੇ ਵਿਚਕਾਰ ਸੰਬੰਧ ਨੂੰ ਦਰਸਾਉਂਦੀ ਹੈ।

ਯਸਾਯਾਹ 6:8 ਦੱਸਦੀ ਹੈ ਕਿ ਅਰਾਧਨਾ ਦੇ ਨਤੀਜੇ ਵਜੋਂ ਖੁਸ਼ਖ਼ਬਰੀ ਪਰਚਾਰ ਹੁੰਦਾ ਹੈ; ਅਰਾਧਨਾ ਪ੍ਰਤੀ ਯਸਾਯਾਹ ਦਾ ਜਵਾਬ ਸੀ "ਮੈਂ ਹਾਜ਼ਰ ਹਾਂ! ਮੈਨੂੰ ਘੱਲੋ।" ਜਦੋਂ ਅਸੀਂ ਸੱਚਮੁੱਚ ਅਰਾਧਨਾ ਕਰਦੇ ਹਾਂ, ਤਾਂ ਅਸੀਂ ਖੁਸ਼ਖ਼ਬਰੀ ਪਰਚਾਰ ਦੇ ਲਈ ਜੋਸ਼ ਪ੍ਰਾਪਤ ਕਰਦੇ ਹਾਂ। ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ ਅਤੇ ਆਪਣੇ ਸੰਸਾਰ ਦੀਆਂ ਲੋੜਾਂ ਨੂੰ ਪਰਮੇਸ਼ੁਰ ਦੀਆਂ ਨਜ਼ਰਾਂ ਨਾਲ ਵੇਖਦੇ ਹਾਂ। ਅਰਾਧਨਾ ਖੁਸ਼ਖ਼ਬਰੀ ਪਰਚਾਰਕ ਪੈਦਾ ਕਰਦੀ ਹੈ।

ਅਰਾਧਨਾ ਕਲੀਸੀਆ ਨੂੰ ਖੁਸ਼ਖ਼ਬਰੀ ਦਾ ਪਰਚਾਰ ਕਰਨ ਲਈ ਪ੍ਰੇਰਿਤ ਕਰਦੀ ਹੈ। ਜਦੋਂ ਕਲੀਸੀਆ ਗੈਰ-ਵਿਸ਼ਵਾਸੀਆਂ ਨੂੰ ਮਸੀਹ ਵੱਲ ਲੈ ਕੇ ਆਉਂਦੀ ਹੈ, ਤਾਂ ਨਵੇਂ ਵਿਸ਼ਵਾਸੀ ਅਰਾਧਕ ਬਣ ਜਾਂਦੇ ਹਨ। ਇਹ ਨਵੇਂ ਅਰਾਧਕ ਫਿਰ ਖੁਸ਼ਖ਼ਬਰੀ ਦਾ ਪਰਚਾਰ ਕਰਨ ਲਈ ਪ੍ਰੇਰਿਤ ਹੁੰਦੇ ਹਨ।

ਰਸੂਲਾਂ ਦੇ ਕਰਤੱਬ ਪੁਸਤਕ ਇਸ ਪ੍ਰਕਿਰਿਆ ਨੂੰ ਅਮਲ ਵਿੱਚ ਵਿਖਾਉਂਦੀ ਹੈ। ਪੌਲੁਸ ਦੇ ਅਫ਼ਸੁਸ ਵਿੱਚ ਪਰਚਾਰ ਕਰਨ ਤੋਂ ਬਾਅਦ, ਲੋਕ ਅਰਤਿਮਿਸ ਅਤੇ ਹੱਥਾਂ ਨਾਲ ਬਣਾਏ ਦੇਵਤਿਆਂ ਦੀ ਪੂਜਾ ਕਰਨੀ ਛੱਡ ਕੇ ਸੱਚੇ ਪਰਮੇਸ਼ੁਰ ਦੀ ਅਰਾਧਨਾ ਕਰਨ ਵੱਲ ਮੁੜੇ (**ਰਸੂਲਾਂ ਦੇ ਕਰਤੱਬ** 19:26-27)। ਜਦੋਂ ਅਸੀਂ ਮਸੀਹ ਦਾ ਪਰਚਾਰ ਕਰਦੇ ਹਾਂ, ਨਵੇਂ ਵਿਸ਼ਵਾਸੀ ਰਾਜ ਵਿੱਚ ਖਿੱਚੇ ਜਾਂਦੇ ਹਨ; ਉਹ ਅਰਾਧਕ ਬਣ ਜਾਂਦੇ ਹਨ। ਖੁਸ਼ਖ਼ਬਰੀ ਦਾ ਪਰਚਾਰ ਅਰਾਧਕ ਪੈਦਾ ਕਰਦਾ ਹੈ।

ਸੱਚੀ ਅਰਾਧਨਾ ਖੁਸ਼ਖਬਰੀ ਪਰਚਾਰ ਨੂੰ ਪ੍ਰੇਰਿਤ ਕਰਦੀ ਹੈ



ਰਸੂਲਾਂ ਦੇ ਕਰਤੱਬ ਦੀ ਸ਼ੁਰੂਆਤ ਚੇਲਿਆਂ ਦੇ ਅਰਾਧਨਾ ਕਰਨ ਨਾਲ ਹੁੰਦੀ ਹੈ; ਉਹ ਇੱਕ ਮਨ ਹੋ ਕੇ ਲਗਾਤਾਰ ਪ੍ਰਾਰਥਨਾ ਕਰਦੇ ਰਹੇ (**ਰਸੂਲਾਂ ਦੇ ਕਰਤੱਬ** 1:14)। ਰਸੂਲਾਂ ਦੇ ਕਰਤੱਬ ਰੋਮ ਵਿੱਚ ਪੌਲੁਸ ਦੇ ਖ਼ੁਸ਼ਖ਼ਬਰੀ ਦਾ ਪਰਚਾਰ ਕਰਨ ਦੇ ਨਾਲ ਖਤਮ ਹੁੰਦੀ ਹੈ; ਉਹ "ਬਿਨਾ ਰੋਕ ਟੋਕ ਅੱਤ ਦਿਲੇਰੀ ਨਾਲ ਪਰਮੇਸ਼ੁਰ ਦੇ ਰਾਜ ਦਾ ਪਰਚਾਰ ਕਰਦਾ ਅਤੇ ਪ੍ਰਭੂ ਯਿਸੂ ਮਸੀਹ ਦੇ ਵਿਖੇ ਉਪਦੇਸ਼ ਦਿੰਦਾ ਰਿਹਾ" (**ਰਸੂਲਾਂ ਦੇ ਕਰਤੱਬ** 28:31)।

ਅਰੰਭਕ ਮਸੀਹੀਆਂ ਦੀ ਅਰਾਧਨਾ ਖ਼ੁਸ਼ਖ਼ਬਰੀ ਪਰਚਾਰ ਦਾ ਕਾਰਨ ਬਣੀ। ਪੌਲੁਸ ਅਤੇ ਬਰਨਬਾਸ ਨੂੰ ਅਰਾਧਨਾ ਦੇ ਮਾਹੌਲ ਵਿੱਚ ਸੇਵਕਾਈ ਦੇ ਲਈ ਬੁਲਾਇਆ ਗਿਆ ਸੀ।

> ਜਦੋਂ ਉਹ ਪ੍ਰਭੂ ਦੀ ਅਰਾਧਨਾ ਕਰ ਰਹੇ ਸਨ ਅਤੇ ਵਰਤ (ਰੋਜ਼ਾ) ਰੱਖਿਆ ਸੀ, ਤਾਂ ਪਵਿੱਤਰ ਆਤਮਾ ਨੇ ਕਿਹਾ, "ਮੇਰੇ ਲਈ ਬਰਨਬਾਸ ਅਤੇ ਸੌਲੁਸ ਨੂੰ ਉਸ ਕੰਮ ਦੇ ਲਈ ਵੱਖਰਾ ਕਰੋ ਜਿਹ ਦੇ ਲਈ ਮੈਂ ਉਨ੍ਹਾਂ ਨੂੰ ਬੁਲਾਇਆ ਹੈ।" ਤਦ ਉਨ੍ਹਾਂ ਵਰਤ ਰੱਖ ਕੇ ਅਤੇ ਪ੍ਰਾਰਥਨਾ ਕਰ ਕੇ ਉਨ੍ਹਾਂ ਉੱਤੇ ਹੱਥ ਧਰੇ ਅਤੇ ਉਨ੍ਹਾਂ ਨੂੰ ਵਿਦਿਆ ਕੀਤਾ (**ਰਸੂਲਾਂ ਦੇ ਕਰਤੱਬ** 13:2-3)।

ਸੱਚੀ ਅਰਾਧਨਾ ਖੁਸ਼ਖ਼ਬਰੀ ਪਰਚਾਰ ਨੂੰ ਪ੍ਰੇਰਿਤ ਕਰਦੀ ਹੈ।

ਪ੍ਰਭਾਵਸ਼ਾਲੀ ਖੁਸ਼ਖ਼ਬਰੀ ਪਰਚਾਰ ਅਰਾਧਕ ਪੈਦਾ ਕਰਦਾ ਹੈ

ਰਸੂਲਾਂ ਦੇ ਕਰਤੱਬ ਦੀ ਪੂਰੀ ਪੁਸਤਕ ਦੇ ਦੌਰਾਨ, ਚੇਲੇ ਅਰਾਧਨਾ ਵਿੱਚ ਰੁੱਝੇ ਹੋਏ ਸਨ। ਪੰਤੇਕੁਸਤ ਦੇ ਦਿਨ, 3,000 ਲੋਕ ਬਚੇ ਸਨ। ਇਹ ਨਵੇਂ ਵਿਸ਼ਵਾਸੀ ਅਰਾਧਕ ਬਣ ਗਏ; ਉਨ੍ਹਾਂ ਨੇ ਆਪਣੇ ਆਪ ਨੂੰ ਰਸੂਲਾਂ ਦੀ ਸਿੱਖਿਆ ਅਤੇ ਸੰਗਤੀ, ਰੋਟੀ ਤੋੜਨ ਅਤੇ ਪ੍ਰਾਰਥਨਾਵਾਂ ਲਈ ਸਮਰਪਿਤ ਕਰ ਦਿੱਤਾ (**ਰਸੂਲਾਂ ਦੇ ਕਰਤੱਬ** 2:42)।

» ਅਰੰਭਕ ਕਲੀਸੀਆ ਵਿੱਚ ਅਰਾਧਨਾ ਦੀ ਤਸਵੀਰ ਲਈ **ਰਸੂਲਾਂ ਦੇ ਕਰਤੱਬ** 2:42-46 ਪੜ੍ਹੋ।

ਯਹੂਦੀ ਮਸੀਹੀ ਲੋਕ ਹੈਕਲ ਵਿੱਚ ਅਰਾਧਨਾ ਕਰਦੇ ਰਹੇ।[25] ਇਸ ਤੋਂ ਇਲਾਵਾ, ਯਹੂਦੀ ਮਸੀਹੀ ਲੋਕ ਅਤੇ ਗੈਰ-ਯਹੂਦੀ ਮੁਰੀਦ ਅਰਾਧਨਾ ਲਈ ਸਮਾਜ ਵਿੱਚ ਇਕੱਠੇ ਹੁੰਦੇ ਸਨ। ਜ਼ਿਆਦਾਤਰ ਸ਼ਹਿਰਾਂ ਵਿੱਚ, ਪੌਲੁਸ ਨੇ ਯਿਸੂ ਨੂੰ ਪੁਰਾਣੇ ਨੇਮ ਦੇ ਵਾਅਦਿਆਂ ਦੀ ਪੂਰਤੀ ਵਜੋਂ ਵਿਖਾਉਂਦੇ ਹੋਏ ਸਮਾਜ ਵਿੱਚ ਆਪਣੀ ਸੇਵਕਾਈ ਸ਼ੁਰੂ ਕੀਤੀ।[26] ਅਰਾਧਨਾ ਨਿੱਜੀ ਘਰਾਂ ਵਿੱਚ ਵੀ ਹੁੰਦੀ ਸੀ। ਵਿਸ਼ਵਾਸੀ ਸੰਗਤ ਅਤੇ ਅਰਾਧਨਾ ਲਈ ਘਰ-ਘਰ ਗਏ (**ਰਸੂਲਾਂ** 2:46)। ਪੌਲੁਸ ਦੀਆਂ ਪੱਤਰੀਆਂ ਵਿੱਚ ਉਨ੍ਹਾਂ ਕਲੀਸੀਆਵਾਂ ਨੂੰ ਸਲਾਮ ਸ਼ਾਮਲ ਹਨ ਜਿਹੜੀਆਂ ਘਰਾਂ ਵਿੱਚ ਮਿਲਦੀਆਂ ਜਾਂ ਇਕੱਠੀਆਂ ਹੁੰਦੀਆਂ ਸਨ।[27] ਅਰੰਭਕ ਕਲੀਸੀਆ ਦੇ ਖੁਸ਼ਖ਼ਬਰੀ ਪਰਚਾਰ ਨੇ ਉਪਾਸਕਾਂ ਦੀ ਇੱਕ ਨਵੀਂ ਦੇਹ ਦਾ ਨਿਰਮਾਣ ਕੀਤਾ।

ਅਰਿਯੁਪਗੁਸ ਵਿੱਚ ਖੁਸ਼ਖ਼ਬਰੀ ਪਰਚਾਰ

ਅਰਿਯੁਪਗੁਸ ਵਿੱਚ ਪੌਲੁਸ ਦਾ ਸੰਦੇਸ਼ ਇੱਕ ਸ਼ਾਨਦਾਰ ਬਚਨ ਹੈ ਜੋ ਖੁਸ਼ਖ਼ਬਰੀ ਪਰਚਾਰ ਅਤੇ ਅਰਾਧਨਾ ਵਿਚਕਾਰ ਸੰਬੰਧ ਨੂੰ ਵਿਖਾਉਂਦਾ ਹੈ (**ਰਸੂਲਾਂ ਦੇ ਕਰਤੱਬ** 17:16-34।)। ਅਥੇਨੈ ਵਿੱਚ, ਪੌਲੁਸ ਨੇ ਇੱਕ ਅਜਿਹੇ ਸੱਭਿਆਚਾਰ ਦਾ ਸਾਹਮਣਾ ਕੀਤਾ ਜੋ ਮੂਰਤੀ-ਪੂਜਾ ਨਾਲ ਭਰਿਆ ਹੋਇਆ ਸੀ। ਪੌਲੁਸ ਨੇ ਮੂਰਤੀਆਂ ਦੀ ਝੂਠੀ ਪੂਜਾ ਅਤੇ ਯਹੋਵਾਹ ਦੀ ਸੱਚੀ ਅਰਾਧਨਾ ਵਿੱਚ ਫ਼ਰਕ ਵਿਖਾਇਆ।

ਅਥੇਨੀ ਲੋਕ ਬਹੁਤ ਧਾਰਮਿਕ ਸਨ (ਰਸੂਲਾਂ ਦੇ ਕਰਤੱਬ 17:22)

ਅਥੇਨੈ ਦੇ ਲੋਕ ਅਰਾਧਕ ਸਨ, ਪਰ ਉਹ ਸੱਚੇ ਪਰਮੇਸ਼ੁਰ ਦੀ ਅਰਾਧਨਾ ਨਹੀਂ ਕਰਦੇ ਸਨ। ਉਨ੍ਹਾਂ ਦੀ ਅਰਾਧਨਾ ਝੂਠੀ ਸੀ। ਅਰਾਧਨਾ ਆਪਣੇ ਆਪ ਵਿੱਚ ਕਾਫ਼ੀ ਨਹੀਂ ਹੈ; ਅਰਾਧਨਾ ਨੂੰ ਸਹੀ ਪਾਤਰ ਤੇ ਕੇਂਦਰਿਤ ਹੋਣਾ ਚਾਹੀਦਾ ਹੈ।

ਅਥੇਨੈ ਦੇ ਲੋਕ ਅਣਜਾਣਪੁਣੇ ਵਿੱਚ ਪੂਜਾ ਕਰਦੇ ਸਨ। (ਰਸੂਲਾਂ ਦੇ ਕਰਤੱਬ 17:23)।

ਉਹ ਨਹੀਂ ਜਾਣਦੇ ਸਨ ਕਿ ਉਹ ਕਿਸ ਦੀ ਪੂਜਾ ਕਰਦੇ ਸਨ। ਪੌਲੁਸ ਨੇ ਉਸ ਪ੍ਰਭੂ ਦਾ ਪਰਚਾਰ ਕੀਤਾ ਜਿਸ ਦੀ ਉਹ ਖੋਜ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਪਰਮੇਸ਼ੁਰ ਨੇ ਸਾਰੀਆਂ ਕੌਮਾਂ ਲਈ ਸੰਭਵ ਬਣਾਇਆ ਹੈ ਕਿ ਉਹ ਉਸ ਵੱਲ ਆਪਣੇ ਰਾਹ ਨੂੰ ਟੋਹਣ ਅਤੇ ਉਸ ਨੂੰ ਖੋਜਣ। ਇਹ ਉਹ ਇੱਕ ਵਾਕ ਹੈ ਜੋ ਹਨੇਰੇ ਵਿੱਚ ਕਿਸੇ ਨੂੰ ਟੋਹਣ ਦਾ ਸੁਝਾਅ ਦਿੰਦਾ ਹੈ। ਪਰਮੇਸ਼ੁਰ ਲਈ ਮਨੁੱਖ ਦੀ ਭੁੱਖ ਨੇ ਖੁਸ਼ਖ਼ਬਰੀ ਲਈ ਰਾਹ ਨੂੰ ਖੋਲ੍ਹ ਦਿੱਤਾ।

ਅਥੇਨੈ ਦੇ ਲੋਕ ਇੱਕ ਅਯੋਗ ਦੇਵਤੇ ਦੀ ਪੂਜਾ ਕਰਦੇ ਸਨ।

ਯਹੋਵਾਹ ਦੀ ਅਰਾਧਨਾ ਮਨੁੱਖਾਂ ਦੇ ਹੱਥਾਂ ਨਾਲ ਨਹੀਂ ਕੀਤੀ ਜਾਂਦੀ, ਜਿਵੇਂ ਕਿ ਉਸ ਨੂੰ ਕਿਸੇ ਚੀਜ਼ ਦੀ ਲੋੜ ਹੋਵੇ। ਉਹ ਉਹ ਹੈ ਜੋ ਸਾਰੇ ਲੋਕਾਂ ਨੂੰ ਜੀਵਨ, ਸਾਹ ਅਤੇ ਸਭ ਵਸਤਾਂ ਦਿੰਦਾ ਹੈ (**ਰਸੂਲਾਂ ਦੇ ਕਰਤੱਬ** 17:25)। ਅਥੇਨੀਆਂ ਦੀ ਪੂਜਾ ਝੂਠੀ ਸੀ ਕਿਉਂਕਿ ਉਨ੍ਹਾਂ ਦਾ

---

25 ਰਸੂਲਾਂ ਦੇ ਕਰਤੱਬ 2:46, ਰਸੂਲਾਂ ਦੇ ਕਰਤੱਬ 3:1, 11-26; ਰਸੂਲਾਂ ਦੇ ਕਰਤੱਬ 4:2, ਰਸੂਲਾਂ ਦੇ ਕਰਤੱਬ 5:12, 42

26 ਰਸੂਲਾਂ ਦੇ ਕਰਤੱਬ 13:14-15, ਰਸੂਲਾਂ ਦੇ ਕਰਤੱਬ 14:1, ਰਸੂਲਾਂ ਦੇ ਕਰਤੱਬ 17:1, 10; ਰਸੂਲਾਂ ਦੇ ਕਰਤੱਬ 18:4, 19; ਰਸੂਲਾਂ ਦੇ ਕਰਤੱਬ 19:8

27 ਰੋਮੀਆਂ 16:5, 1 ਕੁਰਿੰਥੀਆਂ 16:19, ਕੁਲੁੱਸੀਆਂ 4:15, ਫਿਲੇਮੋਨ 1:2

ਦੇਵਤਾ ਅਯੋਗ ਸੀ। ਸੱਚਾ ਪਰਮੇਸ਼ੁਰ ਸਭ ਨੂੰ ਜੀਵਨ ਦਿੰਦਾ ਹੈ; ਉਸਨੂੰ ਕੁਝ ਨਹੀਂ ਚਾਹੀਦਾ। ਅਸੀਂ ਪਰਮੇਸ਼ੁਰ ਦੀ ਅਰਾਧਨਾ ਇਸ ਲਈ ਕਰਦੇ ਹਾਂ ਕਿਉਂਕਿ ਉਹ ਸਾਡੀ ਅਰਾਧਨਾ ਦੇ ਯੋਗ ਹੈ, ਇਸ ਲਈ ਨਹੀਂ ਕਿ ਉਸ ਨੂੰ ਸਾਡੀ ਅਰਾਧਨਾ ਦੀ ਲੋੜ ਹੈ।

ਪੌਲੁਸ ਨੇ ਮੂਰਤੀਆਂ ਅਤੇ ਸੱਚੇ ਪਰਮੇਸ਼ੁਰ ਵਿੱਚ ਫ਼ਰਕ ਦੱਸਿਆ।

1. **ਪਰਮੇਸ਼ੁਰ ਸਿਰਜਣਹਾਰ ਹੈ।** ਉਹ ਪਰਮੇਸ਼ੁਰ ਜਿਹ ਨੇ ਸੰਸਾਰ ਅਤੇ ਜੋ ਕੁਝ ਉਹ ਦੇ ਵਿੱਚ ਹੈ ਰਚਿਆ ਉਹ ਅਕਾਸ਼ ਅਤੇ ਧਰਤੀ ਦਾ ਮਾਲਕ ਹੈ (**ਰਸੂਲਾਂ ਦੇ ਕਰਤੱਬ** 17:24)। ਮੂਰਤੀਆਂ ਤੋਂ ਉਲਟ ਜੋ ਮਨੁੱਖਾਂ ਦੇ ਹੱਥਾਂ ਨਾਲ ਬਣਾਈਆਂ ਗਈਆਂ ਸਨ, ਪਰਮੇਸ਼ੁਰ ਨੇ ਮਨੁੱਖ ਨੂੰ ਬਣਾਇਆ ਸੀ। ਉਹ ਕੋਈ ਪਰਾਇਆ ਦੇਵਤਾ ਨਹੀਂ ਹੈ; (**ਰਸੂਲਾਂ ਦੇ ਕਰਤੱਬ** 17:18) ਉਹ ਸਾਰੇ ਜਗਤ ਦਾ ਸਿਰਜਣਹਾਰ ਹੈ।

2. **ਪਰਮੇਸ਼ੁਰ ਨੇੜੇ ਹੈ।** ਉਹ ਸਾਡੇ ਵਿੱਚੋਂ ਕਿਸੇ ਤੋਂ ਦੂਰ ਨਹੀਂ (**ਰਸੂਲਾਂ ਦੇ ਕਰਤੱਬ** 17:27)। ਹਾਲਾਂਕਿ ਪਰਮੇਸ਼ੁਰ ਸਰਬ-ਸਰੇਸ਼ਠ ਹੈ, ਤਾਂ ਵੀ ਉਹ ਸਾਡੇ ਸੰਸਾਰ ਵਿੱਚ ਦਾਖਲ ਹੋਇਆ ਹੈ ਅਤੇ ਹਰ ਅਰਾਧਕ ਦੇ ਨੇੜੇ ਹੈ।

3. **ਪਰਮੇਸ਼ੁਰ ਉਨ੍ਹਾਂ ਦਾ ਨਿਆਉਂ ਕਰੇਗਾ ਜਿਹੜੇ ਤੋਬਾ ਕਰਨ ਤੋਂ ਇਨਕਾਰ ਕਰਦੇ ਹਨ** (**ਰਸੂਲਾਂ ਦੇ ਕਰਤੱਬ** 17:30-31)। ਸਚਿਆਈ ਨਾਲ ਕੀਤੀ ਜਾਣ ਵਾਲੀ ਅਰਾਧਨਾ ਇਹ ਪਛਾਣਦੀ ਹੈ ਕਿ ਪਰਮੇਸ਼ੁਰ ਇੱਕ ਧਰਮੀ ਨਿਆਈਂ ਹੈ ਜੋ ਬਗਾਵਤ ਨੂੰ ਬਰਦਾਸ਼ਤ ਨਹੀਂ ਕਰੇਗਾ। ਸਾਡੀ ਅਰਾਧਨਾ ਵਿੱਚ, ਅਸੀਂ ਆਪਣੇ ਆਪ ਨੂੰ ਉਸ ਦੀ ਪ੍ਰਭੂਤਾ ਦੇ ਅਧੀਨ ਕਰਦੇ ਹਾਂ।

4. **ਪਰਮੇਸ਼ੁਰ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ, ਇਹ ਵਿਖਾਉਂਦੇ ਹੋਏ ਕਿ ਯਿਸੂ ਅਰਾਧਨਾ ਦੇ ਯੋਗ ਹੈ** (**ਰਸੂਲਾਂ ਦੇ ਕਰਤੱਬ** 17:31)। ਯਿਸੂ ਨੇ ਆਪਣੀ ਸਵੈ-ਇੱਛਾ ਨਾਲ ਆਪਣੇ ਆਪ ਨੂੰ ਮੌਤ ਤੱਕ ਨੀਵਿਆਂ ਕੀਤਾ; ਉਸ ਨੂੰ ਹੁਣ ਪਿਤਾ ਦੁਆਰਾ ਅੱਤ ਉੱਚਾ ਕੀਤਾ ਗਿਆ ਹੈ, "ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ" (**ਫ਼ਿਲਿੱਪੀਆਂ** 2:10-11)।

ਅਥੇਨੈ ਵਿੱਚ ਪੌਲੁਸ ਦੇ ਸੰਦੇਸ਼ ਨੇ ਯਹੋਵਾਹ ਦੀ ਸੱਚੀ ਅਰਾਧਨਾ ਦੀ ਖੁਸ਼ਖ਼ਬਰੀ ਦੇ ਨਾਲ ਮੂਰਤੀਆਂ ਦੀ ਝੂਠੀ ਅਰਾਧਨਾ ਦਾ ਸਾਹਮਣਾ ਕੀਤਾ। ਪ੍ਰਭਾਵਸ਼ਾਲੀ ਖੁਸ਼ਖ਼ਬਰੀ ਪਰਚਾਰ ਅਰਾਧਕ ਪੈਦਾ ਕਰਦਾ ਹੈ।

ਅਰਾਧਨਾ ਨਾਲ ਜੁੜੇ ਖ਼ਤਰੇ: ਖੁਸ਼ਖ਼ਬਰੀ ਪਰਚਾਰ ਦੇ ਬਿਨਾਂ ਅਰਾਧਨਾ ਕਰਨਾ

ਬਹੁਤ ਸਾਰੀਆਂ ਕਲੀਸੀਆਵਾਂ ਅਰਾਧਨਾ ਨੂੰ ਮਿਸ਼ਨ ਅਤੇ ਖੁਸ਼ਖ਼ਬਰੀ ਪਰਚਾਰ ਤੋਂ ਵੱਖ ਕਰਦੀਆਂ ਹਨ। ਕੁਝ ਕਲੀਸੀਆਵਾਂ ਕਹਿੰਦੀਆਂ ਹਨ, "ਅਸੀਂ ਖੁਸ਼ਖ਼ਬਰੀ ਪਰਚਾਰ ਲਈ ਵਚਨਬੱਧ ਹਾਂ। ਸਾਡਾ ਜਨੂੰਨ ਮਕਸਦ ਹੋ ਰਹੇ ਲੋਕਾਂ ਤੱਕ ਪਹੁੰਚਣ ਦਾ ਹੈ।" ਇਹ ਕਲੀਸੀਆਵਾਂ ਅਰਾਧਨਾ ਵੱਲ ਬਹੁਤ ਘੱਟ ਧਿਆਨ ਦਿੰਦੀਆਂ ਹਨ। ਉਹ ਆਪਣੇ ਆਪ ਨੂੰ ਖੁਸ਼ਖ਼ਬਰੀ ਪਰਚਾਰ ਕਰਨ ਵਾਲੀਆਂ ਕਲੀਸੀਆਵਾਂ ਵਜੋਂ ਵੇਖਦੀਆਂ ਹਨ। ਹੋਰ ਕਲੀਸੀਆਵਾਂ ਕਹਿੰਦੀਆਂ ਹਨ, "ਸਾਡਾ ਮੰਨਣਾ ਹੈ ਕਿ ਕਲੀਸੀਆ ਦਾ ਮੁੱਖ ਉਦੇਸ਼ ਅਰਾਧਨਾ ਹੈ। ਹੋਰ ਲੋਕ ਖੁਸ਼ਖ਼ਬਰੀ ਦਾ ਪਰਚਾਰ ਕਰ ਸਕਦੇ ਹਨ; ਸਾਡਾ ਉਦੇਸ਼ ਅਰਾਧਨਾ ਹੈ।"

ਰਸੂਲਾਂ ਦੇ ਕਰਤੱਬ ਪੁਸਤਕ ਵਿਖਾਉਂਦੀ ਕਿ ਕਲੀਸੀਆ ਨੂੰ ਅਰਾਧਨਾ **ਅਤੇ** ਖੁਸ਼ਖ਼ਬਰੀ ਪਰਚਾਰ ਦੋਵਾਂ ਲਈ ਸਮਰਪਿਤ ਹੋਣਾ ਚਾਹੀਦਾ ਹੈ। ਸੱਚੀ ਅਰਾਧਨਾ ਸਾਨੂੰ ਖੁਸ਼ਖ਼ਬਰੀ ਪਰਚਾਰ ਦੇ ਲਈ ਮਕਸਦ ਦਿੰਦੀ ਹੈ। ਪ੍ਰਭਾਵਸ਼ਾਲੀ ਖੁਸ਼ਖ਼ਬਰੀ ਪਰਚਾਰ ਨਵੇਂ ਅਰਾਧਕ ਪੈਦਾ ਕਰਦਾ ਹੈ।

ਸਾਨੂੰ ਅਰਾਧਨਾ ਨੂੰ ਖੁਸ਼ਖ਼ਬਰੀ ਪਰਚਾਰ ਤੋਂ ਅਲੱਗ ਨਹੀਂ ਕਰਨਾ ਚਾਹੀਦਾ ਹੈ। ਉਹ ਅਰਾਧਨਾ ਜਿਹੜੀ ਖੁਸ਼ਖ਼ਬਰੀ ਪਰਚਾਰ ਨੂੰ ਪ੍ਰੇਰਿਤ ਨਹੀਂ ਕਰਦੀ ਹੈ, ਉਸ ਦੇ ਸਵੈ-ਕੇਂਦ੍ਰਿਤ ਅਰਾਧਨਾ ਬਣਨ ਦੀ ਸੰਭਾਵਨਾ ਹੈ ਜੋ ਮੁੱਖ ਤੌਰ ਤੇ ਸਾਡੀ ਆਪਣੀ ਪ੍ਰੇਰਨਾ ਲਈ ਕੀਤੀ

ਜਾਂਦੀ ਹੈ। ਖੁਸ਼ਖ਼ਬਰੀ ਪਰਚਾਰ ਜੋ ਅਰਾਧਨਾ ਵੱਲ ਅਗਵਾਈ ਨਹੀਂ ਕਰਦਾ ਹੈ, ਉਨ੍ਹਾਂ ਖੋਖਲੇ ਮਸੀਹੀ ਲੋਕਾਂ ਨੂੰ ਖੜ੍ਹਾ ਕਰੇਗਾ ਜਿਹੜੇ ਸੱਚਮੁੱਚ ਪਰਮੇਸ਼ੁਰ ਨੂੰ ਵੇਖਣ ਵਿੱਚ ਅਸਫ਼ਲ ਰਹਿੰਦੇ ਹਨ।

ਬਾਈਬਲ ਦੇ ਅਨੁਸਾਰ ਅਰਾਧਨਾ ਵਿੱਚ, ਅਸੀਂ ਖੁਸ਼ਖ਼ਬਰੀ ਪਰਚਾਰ ਦੇ ਲਈ ਇੱਕ ਨਵਾਂ ਜੋਸ਼ ਪ੍ਰਾਪਤ ਕਰਦੇ ਹਾਂ। ਯਸਾਯਾਹ ਵਾਂਗ, ਪਰਮੇਸ਼ੁਰ ਬਾਰੇ ਸਾਡੇ ਨਜ਼ਰੀਏ ਦੇ ਨਾਲ ਲੋੜਵੰਦ ਦੁਨੀਆਂ ਦਾ ਨਜ਼ਰੀਆ ਵੀ ਹੋਵੇਗਾ। ਯਸਾਯਾਹ ਵਾਂਗ, ਪਰਮੇਸ਼ੁਰ ਪ੍ਰਤੀ ਸਾਡੀ ਅਰਾਧਨਾਪੂਰਨ ਵਚਨਬੱਧਤਾ ਸਾਨੂੰ ਇਹ ਕਹਿਣ ਲਈ ਪ੍ਰੇਰਿਤ ਕਰੇਗੀ, "ਮੈਂ ਹਾਜ਼ਰ ਹਾਂ! ਮੈਨੂੰ ਘੱਲੋ।"

ਜਾਂਚ

ਆਪਣੇ ਆਪ ਨੂੰ ਪੁੱਛੋ, "ਕੀ ਅਰਾਧਨਾ ਮੈਨੂੰ ਗੈਰ-ਵਿਸ਼ਵਾਸੀ ਲੋਕਾਂ ਨਾਲ ਖੁਸ਼ਖ਼ਬਰੀ ਸਾਂਝੀ ਕਰਨ ਲਈ ਪ੍ਰੇਰਿਤ ਕਰਦੀ ਹੈ? ਕੀ ਮੇਰੇ ਅੰਦਰ ਨਵੇਂ ਅਰਾਧਕਾਂ ਨੂੰ ਪਰਮੇਸ਼ੁਰ ਕੋਲ ਲਿਆਉਣ ਦਾ ਜੋਸ਼ ਹੈ?"

ਪੱਤਰੀਆਂ: ਅਰੰਭਕ ਕਲੀਸੀਆ ਵਿੱਚ ਅਰਾਧਨਾ

ਯਹੂਦੀ ਅਰਾਧਨਾ ਲਈ ਦਿੱਤੇ ਗਏ ਖ਼ਾਸ ਨਿਰਦੇਸ਼ਾਂ ਵਾਲੇ ਪੁਰਾਣੇ ਨੇਮ ਦੇ ਉਲਟ, ਨਵਾਂ ਨੇਮ ਕਲੀਸੀਆ ਵਿੱਚ ਅਰਾਧਨਾ ਲਈ ਕੁਝ ਕੁ ਹੀ ਨਿਰਦੇਸ਼ ਦਿੰਦਾ ਹੈ।[28] ਨਵੇਂ ਨੇਮ ਵਿੱਚ ਇੱਕ ਅਰਾਧਨਾ ਬੰਦਗੀ ਲਈ ਪੂਰਾ ਵੇਰਵਾ ਨਹੀਂ ਦਿੱਤਾ ਗਿਆ ਹੈ, ਪਰ ਪੱਤਰੀਆਂ ਮੁੱਢਲੀ ਮਸੀਹੀ ਅਰਾਧਨਾ ਦੇ ਕੁਝ ਤੱਤ ਵਿਖਾਉਂਦੀਆਂ ਹਨ।

ਬਚਨ ਪੜ੍ਹਨਾ

ਮੁੱਢਲੀ ਮਸੀਹੀ ਅਰਾਧਨਾ ਵਿੱਚ ਬਚਨ ਪੜ੍ਹਨਾ ਮਹੱਤਵਪੂਰਣ ਸੀ। ਕੁਲੁੱਸੀਆਂ 4:16 ਅਤੇ 1 ਥੱਸਲੁਨੀਕੀਆਂ 5:27 ਵਿੱਚ ਕਲੀਸੀਆਵਾਂ ਨੂੰ ਪੌਲੁਸ ਦੀਆਂ ਪੱਤਰੀਆਂ ਨੂੰ ਜਨਤਕ ਤੌਰ ਤੇ ਪੜ੍ਹਨ ਦੀ ਹਿਦਾਇਤ ਦਿੱਤੀ ਗਈ ਹੈ। 1 ਤਿਮੋਥਿਉਸ 4:13 ਵਿੱਚ, ਪੌਲੁਸ ਤਿਮੋਥਿਉਸ ਨੂੰ ਚੇਤੇ ਕਰਾਉਂਦਾ ਹੈ ਕਿ ਉਹ ਬਚਨ ਨੂੰ ਜਨਤਕ ਤੌਰ ਤੇ ਪੜ੍ਹਨ ਵੱਲ ਧਿਆਨ ਦੇਣ।

ਬਚਨ ਪੜ੍ਹਨ ਦੇ ਮਹੱਤਵ ਦਾ ਕੁਲੁੱਸੀਆਂ 3:16 ਵਿੱਚ ਸੁਝਾਅ ਦਿੱਤਾ ਗਿਆ ਹੈ, "ਮਸੀਹ ਦਾ ਬਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ।" ਜ਼ਬੂਰ ਲਿਖਣ ਵਾਲੇ ਨੇ ਧੰਨ ਮਨੁੱਖ ਦਾ ਵਰਣਨ ਕੀਤਾ; ਉਹ ਮਗਨ ਰਹਿੰਦਾ ਹੈ ਅਤੇ ਯਹੋਵਾਹ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ (ਜ਼ਬੂਰ 1:2)। ਸਾਡੀ ਜਨਤਕ ਅਰਾਧਨਾ ਉਸ ਮਹੱਤਵ ਨੂੰ ਦਰਸਾਉਂਦੀ ਹੈ ਜੋ ਅਸੀਂ ਬਚਨ ਨੂੰ ਦਿੰਦੇ ਹਾਂ।

ਬਚਨ ਦਾ ਪਰਚਾਰ ਕਰਨਾ

ਬਚਨ ਦੇ ਪੜ੍ਹਨ ਦੇ ਨਾਲ-ਨਾਲ, ਇੱਕ ਆਗੂ ਬਚਨ ਦਾ ਪਰਚਾਰ ਕਰਨ ਲਈ ਵੀ ਜ਼ਿੰਮੇਵਾਰ ਸੀ (2 ਤਿਮੋਥਿਉਸ 4:1-4, ਤੀਤੁਸ 2:15)। ਅਜ਼ਰਾ ਦੇ ਸਮੇਂ ਤੋਂ, ਗ੍ਰੰਥੀਆਂ ਨੇ ਲੋਕਾਂ ਲਈ ਬਚਨ ਦੀ ਵਿਆਖਿਆ ਕੀਤੀ। ਅਜ਼ਰਾ ਅਤੇ ਉਸ ਦੇ ਸਾਥੀਆਂ ਨੇ ਸਪੱਸ਼ਟ ਤੌਰ ਤੇ ਪੋਥੀ ਵਿੱਚੋਂ, ਅਰਥਾਤ ਪਰਮੇਸ਼ੁਰ ਦੀ ਬਿਵਸਥਾ ਵਿੱਚੋਂ ਪੜ੍ਹਿਆ ਅਤੇ ਉਨ੍ਹਾਂ ਨੇ ਅਰਥ ਕੀਤੇ, ਤਾਂ ਜੋ ਲੋਕ ਉਸ ਨੂੰ ਜੋ ਪੜ੍ਹਿਆ ਜਾ ਰਿਹਾ

28 ਇਸ ਸਮੱਗਰੀ ਦਾ ਜ਼ਿਆਦਾਤਰ ਹਿੱਸਾ Franklin M. Segler and Randall Bradely, Christian Worship: Its Theology and Practice. (Nashville: B&H Publishing, 2006), Chapter 2. ਵਿੱਚੋਂ ਲਿਆ ਗਿਆ ਹੈ।

ਸੀ ਸਮਝ ਸਕਣ (ਨਹਮਯਾਹ 8:8)। ਨਵੇਂ ਨੇਮ ਦੇ ਯੁੱਗ ਵਿੱਚ ਯਹੂਦੀ ਸਮਾਜਾਂ ਨੇ ਇਸ ਪ੍ਰਥਾ ਨੂੰ ਜਾਰੀ ਰੱਖਿਆ (ਰਸੂਲਾਂ ਦੇ ਕਰਤੱਬ 13:14-15)। ਬਚਨ ਦੇ ਅਰਥ ਕਰਨਾ ਮੁੱਢਲੇ ਮਸੀਹੀ ਪਰਚਾਰ ਦੀ ਨੀਂਹ ਹੈ।

ਰਸੂਲਾਂ ਦੇ ਕਰਤੱਬ ਵਿੱਚ ਉਪਦੇਸ਼ ਮੁੱਢਲੇ ਮਸੀਹੀ ਪਰਚਾਰ ਦੀ ਸਮੱਗਰੀ ਨੂੰ ਦਰਸਾਉਂਦੇ ਹਨ।[29] ਇਨ੍ਹਾਂ ਉਪਦੇਸ਼ਾਂ ਦੇ ਮਹੱਤਵਪੂਰਣ ਵਿਸ਼ਿਆਂ ਵਿੱਚ ਇਹ ਸ਼ਾਮਲ ਹਨ:

- ਯਿਸੂ ਪੁਰਾਣੇ ਨੇਮ ਦੀਆਂ ਨਬੂਵਤਾਂ ਦੀ ਪੂਰਤੀ ਸੀ।
- ਯਿਸੂ ਨੇ ਪਰਮੇਸ਼ੁਰ ਦੀ ਸ਼ਕਤੀ ਦੁਆਰਾ ਸ਼ਕਤੀਸ਼ਾਲੀ ਕੰਮ ਕੀਤੇ।
- ਯਿਸੂ ਨੂੰ ਸਲੀਬ ਦਿੱਤਾ ਗਿਆ ਅਤੇ ਫਿਰ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ।
- ਯਿਸੂ ਨੂੰ ਹੁਣ ਅੱਤ ਉੱਚਾ ਕੀਤਾ ਗਿਆ ਹੈ ਅਤੇ ਪ੍ਰਭੂ ਬਣਾਇਆ ਗਿਆ ਹੈ।
- ਸੁਣਨ ਵਾਲੇ ਸਭ ਲੋਕਾਂ ਨੂੰ ਤੋਬਾ ਕਰਨੀ ਚਾਹੀਦੀ ਹੈ ਅਤੇ ਬਪਤਿਸਮਾ ਲੈਣਾ ਚਾਹੀਦਾ ਹੈ।

ਜਨਤਕ ਪ੍ਰਾਰਥਨਾ

ਮੁੱਢਲੀ ਮਸੀਹੀ ਅਰਾਧਨਾ ਵਿੱਚ ਜਨਤਕ ਪ੍ਰਾਰਥਨਾ ਮਹੱਤਵਪੂਰਣ ਸੀ (1 ਤਿਮੋਥਿਉਸ 2:1-3)। ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਪੌਲੁਸ ਦੀਆਂ ਪੱਤਰੀਆਂ ਵਿੱਚ ਸ਼ਾਮਲ ਪ੍ਰਾਰਥਨਾਵਾਂ ਜਨਤਕ ਅਰਾਧਨਾ ਵਿੱਚ ਵਰਤੀਆਂ ਜਾਂਦੀਆਂ ਸਨ। ਕਲੀਸੀਆ ਦੁਆਰਾ "ਆਮੀਨ" ਕਹਿਣਾ ਪ੍ਰਾਰਥਨਾ ਨਾਲ ਉਨ੍ਹਾਂ ਦੀ ਸਹਿਮਤੀ ਦਾ ਸੰਕੇਤ ਦਿੰਦਾ ਸੀ।[30]

ਗਾਉਣਾ

ਹੈਕਲ ਵਿੱਚ ਗਾਉਣਾ ਮਹੱਤਵਪੂਰਣ ਸੀ ਅਤੇ ਇਹ ਅਰੰਭਕ ਕਲੀਸੀਆ ਦੀ ਅਰਾਧਨਾ ਵਿੱਚ ਇੱਕ ਭੂਮਿਕਾ ਨਿਭਾਉਂਦਾ ਰਿਹਾ। ਜ਼ਬੂਰਾਂ ਦੇ ਨਾਲ-ਨਾਲ ਜੋ ਮਸੀਹੀ ਲੋਕ ਆਪਣੀ ਯਹੂਦੀ ਅਰਾਧਨਾ ਤੋਂ ਲਿਆਏ ਸਨ, ਨਵੇਂ ਭਜਨਾਂ ਨੇ ਯਿਸੂ ਦੀ ਮਸੀਹ ਵਜੋਂ ਉਸਤਤ ਕੀਤੀ। ਇਹ ਅਫ਼ਸੀਆਂ 5:19 ਅਤੇ ਕੁਲੁੱਸੀਆਂ 3:16 ਦੁਆਰਾ ਸੁਝਾਇਆ ਗਿਆ ਹੈ। ਬਹੁਤ ਸਾਰੇ ਬਾਈਬਲ ਵਿਦਵਾਨਾਂ ਦਾ ਮੰਨਣਾ ਹੈ ਕਿ ਫ਼ਿਲਿੱਪੀਆਂ 2:5-11 ਮੁੱਢਲੀ ਮਸੀਹੀ ਕਲੀਸੀਆ ਦਾ ਇੱਕ ਭਜਨ ਸੀ। ਇਸ ਤੋਂ ਇਲਾਵਾ, ਲੂਕਾ 1:46-55 ਵਿਚ ਮਰੀਅਮ ਦਾ ਗੀਤ ਅਤੇ ਲੂਕਾ 2:29-32 ਵਿੱਚ ਸਿਮਓਨ ਦੀ ਪ੍ਰਾਰਥਨਾ ਨੂੰ ਅਰਾਧਨਾ ਬੰਦਗੀਆਂ ਵਿਚ ਗਾਇਆ ਜਾਂਦਾ ਹੋਵੇਗਾ।

ਭੇਟਾਂ

ਕੁਝ ਮੌਕਿਆਂ ਤੇ, ਭੇਟ ਜਨਤਕ ਉਪਾਸਨਾ ਦਾ ਹਿੱਸਾ ਸੀ। 1 ਕੁਰਿੰਥੀਆਂ 16:2 ਅਤੇ 2 ਕੁਰਿੰਥੀਆਂ 9:6-13 ਵਿੱਚ ਕੁਰਿੰਥੁਸ ਦੀ ਕਲੀਸੀਆ ਨੂੰ ਯਰੂਸ਼ਲਮ ਵਿੱਚ ਦੁੱਖ ਝੱਲ ਰਹੇ ਮਸੀਹੀ ਲੋਕਾਂ ਦੇ ਲਈ ਭੇਟ ਇਕੱਠੀ ਕਰਨ ਦਾ ਨਿਰਦੇਸ਼ ਦਿੱਤਾ ਗਿਆ।

ਬਪਤਿਸਮਾ ਅਤੇ ਪ੍ਰਭੂ-ਭੋਜ

ਬਪਤਿਸਮੇ ਅਤੇ ਪ੍ਰਭੂ-ਭੋਜ ਦੀਆਂ ਰਸਮਾਂ ਅਰਾਧਨਾ ਦਾ ਹਿੱਸਾ ਸਨ। ਪੌਲੁਸ ਨੇ ਕੁਰਿੰਥੀਆਂ ਨੂੰ ਪ੍ਰਭੂ-ਭੋਜ ਨੂੰ ਮਨਾਉਣ ਵਿੱਚ ਗਲਤ ਰੀਤਾਂ ਨੂੰ ਠੀਕ ਕਰਨ ਲਈ ਲਿਖਿਆ। ਮਸੀਹ ਦੇ ਬਲੀਦਾਨ ਦੀ ਯਾਦਗਾਰ ਦੀ ਬਜਾਇ, ਇਹ ਇੱਕ ਖਾਣ ਪੀਣ ਵਾਲੀ ਦਾਅਵਤ ਬਣ ਗਿਆ ਸੀ। ਪੌਲੁਸ ਨੇ ਪ੍ਰਭੂ-ਭੋਜ ਦੀ ਗੰਭੀਰਤਾ ਬਾਰੇ ਚੇਤਾਵਨੀ ਦਿੱਤੀ। ਪ੍ਰਭੂ-ਭੋਜ ਮਸੀਹੀ ਵਿਅਕਤੀ ਨੂੰ ਸਭ ਤੋਂ ਪਵਿੱਤਰ ਘਟਨਾ ਦੀ ਯਾਦ ਦਿਵਾਉਂਦਾ ਹੈ; ਇਸ ਨੂੰ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ ਹੈ।[31]

---

29 ਰਸੂਲਾਂ ਦੇ ਕਰਤੱਬ ਵਿੱਚ ਮਹੱਤਵਪੂਰਣ ਉਪਦੇਸ਼ ਰਸੂਲਾਂ ਦੇ ਕਰਤੱਬ 2, 7, 10, 17 ਵਿੱਚ ਮਿਲਦੇ ਹਨ।

30 1 ਕੁਰਿੰਥੀਆਂ 14:16 ਇਸ ਅਭਿਆਸ ਉੱਤੇ ਆਧਾਰਿਤ ਹੈ।

31 ਮੱਤੀ 28:18-20, ਰਸੂਲਾਂ ਦੇ ਕਰਤੱਬ 2:38-41, 1 ਕੁਰਿੰਥੀਆਂ 11:20-34

ਅਰਾਧਨਾ ਬੰਦਗੀ ਦੇ ਤੱਤਾਂ ਦੇ ਇਨ੍ਹਾਂ ਸੰਕੇਤਾਂ ਤੋਂ ਇਲਾਵਾ, ਅਸੀਂ ਮੁੱਢਲੀ ਮਸੀਹੀ ਅਰਾਧਨਾ ਬਾਰੇ ਬਹੁਤ ਘੱਟ ਜਾਣਦੇ ਹਾਂ। ਪੱਤਰੀਆਂ ਵਿੱਚ ਅਰਾਧਨਾ ਦੀ ਵਿਸ਼ੇਸ਼ ਤਰਤੀਬ, ਅਰਾਧਨਾ ਦੇ ਸਥਾਨ, ਜਾਂ ਅਰੰਭਕ ਕਲੀਸੀਆ ਵਿੱਚ ਜਨਤਕ ਅਰਾਧਨਾ ਦੇ ਸੰਬੰਧ ਵਿੱਚ ਹੋਰ ਵੇਰਵਿਆਂ ਨੂੰ ਨਿਰਧਾਰਤ ਨਹੀਂ ਕੀਤਾ ਗਿਆ ਹੈ। ਅਰੰਭਕ ਕਲੀਸੀਆ ਵਿੱਚ ਵੱਖ-ਵੱਖ ਤਰ੍ਹਾਂ ਦੇ ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜਾਂ ਦੇ ਕਾਰਣ, ਇਹ ਸੰਭਾਵਨਾ ਹੈ ਕਿ ਜਨਤਕ ਅਰਾਧਨਾ ਅਲੱਗ-ਅਲੱਗ ਜਗ੍ਹਾਵਾਂ ਤੇ ਅਲੱਗ-ਅਲੱਗ ਵਿਖਾਈ ਦਿੰਦੀ ਸੀ। ਯਹੂਦੀ ਮਸੀਹੀ ਲੋਕ ਸ਼ਾਇਦ ਸਮਾਜ ਵਿੱਚ ਹੋਣ ਵਾਲੀ ਪੂਜਾ ਵਾਂਗ ਹੀ ਅਰਾਧਨਾ ਕਰਦੇ ਰਹੇ। ਗੈਰ-ਯਹੂਦੀ ਮਸੀਹੀ ਲੋਕ ਯਹੂਦੀ ਰੀਤੀ-ਰਿਵਾਜਾਂ ਤੋਂ ਜਾਣੂ ਨਹੀਂ ਸਨ ਅਤੇ ਹੋ ਸਕਦਾ ਹੈ ਕਿ ਉਹ ਕਿਸੇ ਵੱਖਰੇ ਤਰੀਕੇ ਨਾਲ ਅਰਾਧਨਾ ਕਰਦੇ ਹੋਣ। ਪਰ, ਇਹ ਸਪੱਸ਼ਟ ਹੈ ਕਿ ਅਰੰਭਕ ਕਲੀਸੀਆ ਨੇ ਬਚਨ ਅਤੇ ਪਰਚਾਰ ਕਰਨ ਅਤੇ ਪਰਮੇਸ਼ੁਰ ਦੇ ਬਚਨ ਦੀ ਸਿੱਖਿਆ ਉੱਤੇ ਬਹੁਤ ਜ਼ੋਰ ਦਿੱਤਾ ਸੀ।.

ਬਾਈਬਲ ਦੇ ਅਨੁਸਾਰ ਅੱਜ ਦੀ ਅਰਾਧਨਾ

ਬਹੁਤ ਸਾਰੀਆਂ ਕਲੀਸੀਆਵਾਂ ਵਿੱਚ, ਬਚਨ ਦਾ ਲੋਕਾਂ ਵਿੱਚ ਪੜ੍ਹਿਆ ਜਾਣਾ ਬਹੁਤ ਘੱਟ ਹੋ ਗਿਆ ਹੈ। ਅਜਿਹੀਆਂ ਖੁਸ਼ਖ਼ਬਰੀ ਪਰਚਾਰ ਕਰਨ ਵਾਲੀਆਂ ਕਲੀਸੀਆਵਾਂ ਦਾ ਨਜ਼ਰ ਆਉਣਾ ਔਖਾ ਨਹੀਂ ਹੈ ਜਿਨ੍ਹਾਂ ਵਿੱਚ ਬੰਦਗੀ ਦੌਰਾਨ ਬਚਨ ਦੀਆਂ ਕੁਝ ਆਇਤਾਂ ਪੜ੍ਹੀਆਂ ਜਾਂਦੀਆਂ ਹਨ। ਸਾਡੀ ਅਰਾਧਨਾ ਵਿੱਚ ਬਚਨ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਬਚਨ, ਬਾਈਬਲ ਦੇ ਹਿੱਸੇ ਪੜ੍ਹਨ, ਜਾਂ ਉਪਦੇਸ਼ ਵਿੱਚ ਬਚਨ ਦੀ ਧਿਆਨ ਨਾਲ ਵਿਆਖਿਆ ਤੇ ਅਧਾਰਿਤ ਗੀਤਾਂ ਦੁਆਰਾ, ਸਾਨੂੰ "ਬਾਈਬਲ ਅਨੁਸਾਰ ਚੱਲਣ ਵਾਲੇ ਲੋਕਾਂ" ਵਜੋਂ ਜਾਣਿਆ ਜਾਣਾ ਚਾਹੀਦਾ ਹੈ। ਬਾਈਬਲ ਦਾ ਸਾਡੀ ਅਰਾਧਨਾ ਵਿੱਚ ਮੁੱਖ ਸਥਾਨ ਬਣਿਆ ਰਹਿਣਾ ਚਾਹੀਦਾ ਹੈ।

ਜਾਂਚ

ਆਪਣੇ ਆਪ ਨੂੰ ਪੁੱਛੋ, "ਕੀ ਮੇਰੀ ਅਰਾਧਨਾ ਵਿੱਚ ਉਹ ਤੱਤ ਸ਼ਾਮਲ ਹਨ ਜੋ ਅਰੰਭਕ ਕਲੀਸੀਆ ਦੀ ਅਰਾਧਨਾ ਦਾ ਹਿੱਸਾ ਸਨ?"

ਪਰਕਾਸ਼ ਦੀ ਪੋਥੀ: ਵਡਿਆਈ ਦੇ ਤੌਰ ਤੇ ਅਰਾਧਨਾ

ਅਰਾਧਨਾ ਪਰਕਾਸ਼ ਦੀ ਪੋਥੀ ਦੇ ਸੰਦੇਸ਼ ਦੇ ਕੇਂਦਰ ਵਿੱਚ ਹੈ।

- ਯੂਹੰਨਾ ਪ੍ਰਭੂ ਦੇ ਦਿਨ ਆਤਮਾ ਵਿੱਚ ਸੀ ਜਦੋਂ ਉਸ ਨੇ ਅਲਫ਼ਾ ਅਤੇ ਓਮੇਗਾ ਦੀ ਅਵਾਜ਼ ਸੁਣੀ (ਪਰਕਾਸ਼ ਦੀ ਪੋਥੀ 1:10)।
- ਪਰਕਾਸ਼ ਦੀ ਪੋਥੀ ਦੇ ਮੁੱਖ ਵਿਸ਼ਿਆਂ ਵਿੱਚੋਂ ਇੱਕ ਹੈ ਸਿੰਘਾਸਣ ਉੱਤੇ ਬਿਰਾਜਮਾਨ ਯਹੋਵਾਹ ਦੀ ਅਰਾਧਨਾ ਕਰਨ ਵਾਲਿਆਂ ਅਤੇ ਦਰਿੰਦੇ ਦੀ ਪੂਜਾ ਕਰਨ ਵਾਲਿਆਂ ਵਿਚਕਾਰ ਅੰਤਰ।

**"ਤਾਂ ਆਪਣੀ ਨਵੀਂ ਰਚਨਾ ਨੂੰ ਪੂਰਾ ਕਰ,
ਸਾਨੂੰ ਸ਼ੁੱਧ ਅਤੇ ਨਿਹਕਲੰਕ ਬਣਾ;
ਸਾਨੂੰ ਤੇਰੀ ਵੱਡੀ ਮੁਕਤੀ ਤੇਰੇ ਵਿੱਚ
ਪੂਰੀ ਤਰ੍ਹਾਂ ਬਹਾਲ ਹੋਈ ਵੇਖਣ ਦੇ:
ਤੇਜ ਤੋਂ ਤੇਜ ਵਿੱਚ ਬਦਲਦੇ ਹੋਏ, ਜਦੋਂ ਤੱਕ ਸਵਰਗ
ਵਿੱਚ ਅਸੀਂ ਆਪਣਾ ਸਥਾਨ ਨਹੀਂ ਲੈਂਦੇ, ਅਤੇ ਗਾਉਂਦੇ
ਹੋਏ ਆਪਣੇ ਮੁਕਟ ਤੇਰੇ ਅੱਗੇ ਨਹੀਂ ਸੁੱਟ ਦਿੰਦੇ,
ਹੈਰਾਨੀ, ਪਿਆਰ ਅਤੇ ਉਸਤਤ ਵਿੱਚ ਗੁਆਚੇ ਹੋਏ!"**

ਚਾਰਲਸ ਵੈਸਲੀ

- ਪਰਕਾਸ਼ ਦੀ ਪੋਥੀ ਵਾਅਦਾ ਕਰਦੀ ਹੈ ਕਿ ਪਰਮੇਸ਼ੁਰ ਆਪਣੇ ਵੈਰੀਆਂ ਨੂੰ ਹਰਾ ਦੇਵੇਗਾ ਅਤੇ ਸਾਰੀਆਂ ਕੌਮਾਂ ਆਉਣਗੀਆਂ ਅਤੇ ਉਸ ਦੇ ਅੱਗੇ ਮੱਥਾ ਟੇਕਣਗੀਆਂ ਅਰਥਾਤ ਉਸ ਦੀ ਅਰਾਧਨਾ ਕਰਨਗੀਆਂ (**ਪਰਕਾਸ਼ ਦੀ ਪੋਥੀ** 15:4)।

ਪਰਕਾਸ਼ ਦੀ ਪੋਥੀ ਵਿੱਚ ਅਰਾਧਨਾ ਨੂੰ ਸਮਝਣ ਲਈ, ਪੁਸਤਕ ਦੇ ਇਤਿਹਾਸਕ ਮਾਹੌਲ ਦੀ ਸਮੀਖਿਆ ਕਰਨਾ ਮਦਦਗਾਰ ਹੋਵੇਗਾ। ਪਹਿਲੀ ਸਦੀ ਦੇ ਮਸੀਹੀ ਲੋਕਾਂ ਨੂੰ ਦੋ ਬਰਾਬਰ ਦੇ ਦਾਅਵਿਆਂ ਦਾ ਸਾਹਮਣਾ ਕਰਨਾ ਪਿਆ। ਇੱਕ ਪਾਸੇ, ਉਹ ਜਾਣਦੇ ਸਨ ਕਿ ਯਿਸੂ ਮਸੀਹ ਹੀ ਪ੍ਰਭੂ ਹੈ (**ਫ਼ਿਲਿੱਪੀਆਂ** 2:11)। ਮਸੀਹ ਵਿੱਚ ਨਿਹਚਾ ਲਈ ਯਿਸੂ ਮਸੀਹ ਦੇ ਇਖ਼ਤਿਆਰ ਅਤੇ ਪ੍ਰਭੂਤਾ ਪ੍ਰਤੀ ਵਚਨਬੱਧਤਾ ਦੀ ਲੋੜ ਹੁੰਦੀ ਹੈ। ਦੂਜੇ ਪਾਸੇ, ਰੋਮ ਦਾ ਕਨੂੰਨ ਸੀ ਕਿ ਸਾਮਰਾਜ ਦੇ ਇਖ਼ਤਿਆਰ ਅਧੀਨ ਹਰ ਵਿਅਕਤੀ ਇਹ ਗਵਾਹੀ ਮੰਨੇ ਕਿ ਕੈਸਰ ਉਨ੍ਹਾਂ ਦਾ ਪ੍ਰਭੂ ਅਤੇ ਦੇਵਤਾ ਸੀ।

ਮਸੀਹੀ ਲੋਕਾਂ ਦੇ ਲਈ ਪਰਮੇਸ਼ੁਰ ਤੋਂ ਇਲਾਵਾ ਕਿਸੇ ਹੋਰ ਨੂੰ ਆਪਣੀ ਉੱਤਮ ਵਫ਼ਾਦਾਰੀ ਦੇਣਾ ਅਸੰਭਵ ਸੀ। ਰੋਮ ਅਤੇ ਪਹਿਲੀ ਸਦੀ ਦੇ ਮਸੀਹੀ ਲੋਕਾਂ ਵਿਚਕਾਰ ਟਕਰਾਅ ਦੀ ਜੜ੍ਹ ਇਹ ਸੀ, "ਸਾਡੀ ਅਰਾਧਨਾ ਦੇ ਯੋਗ ਕੌਣ ਹੈ?" ਇਸ ਮਾਹੌਲ ਵਿੱਚ, ਪਰਕਾਸ਼ ਦੀ ਪੋਥੀ ਕਹਿੰਦੀ ਹੈ, "ਯਿਸੂ ਹੀ ਪ੍ਰਭੂ ਹੈ।" ਇੱਥੋਂ ਤਕ ਕਿ ਇੱਕ ਅਜਿਹੇ ਸੰਸਾਰ ਵਿੱਚ ਵੀ ਜੋ ਉਸ ਦੇ ਇਖ਼ਤਿਆਰ ਨੂੰ ਨਹੀਂ ਪਛਾਣਦਾ, ਯਿਸੂ ਪ੍ਰਭੂ ਹੈ। ਉਹ ਅਰਾਧਨਾ ਦੇ ਯੋਗ ਹੈ। ਪਰਕਾਸ਼ ਦੀ ਪੋਥੀ ਸੱਚੀ ਅਰਾਧਨਾ ਦੀ ਤਸਵੀਰ ਪੇਸ਼ ਕਰਦੀ ਹੈ।

ਸਵਰਗੀ ਅਰਾਧਨਾ ਦੀ ਤੁਲਨਾ ਅਸਫ਼ਲ ਅਰਾਧਨਾ ਨਾਲ ਕੀਤੀ ਗਈ

ਪਰਕਾਸ਼ ਦੀ ਪੋਥੀ ਏਸ਼ੀਆ ਮਾਈਨਰ ਦੀਆਂ ਸੱਤ ਕਲੀਸੀਆਵਾਂ ਨੂੰ ਦਿੱਤੇ ਗਏ ਸੰਦੇਸ਼ਾਂ ਨਾਲ ਸ਼ੁਰੂ ਹੁੰਦੀ ਹੈ। ਏਸ਼ੀਆ ਮਾਈਨਰ ਸਮਰਾਟ ਦੀ ਪੂਜਾ ਦੇ ਸਭ ਤੋਂ ਮਜ਼ਬੂਤ ਕੇਂਦਰਾਂ ਵਿੱਚੋਂ ਇੱਕ ਸੀ। ਪਰਕਾਸ਼ ਦੀ ਪੋਥੀ ਵਿੱਚ ਸੰਬੋਧਿਤ ਕੀਤੇ ਗਏ ਹਰੇਕ ਸ਼ਹਿਰ ਵਿੱਚ ਸ਼ਾਹੀ ਮੰਦਰ ਸਨ। ਸਮਰਾਟ ਦੀ ਪੂਜਾ ਇਸ ਪ੍ਰਾਂਤ ਵਿੱਚ ਲਗਭਗ ਸਰਵ ਵਿਆਪਕ ਸੀ।

ਸੱਤ ਕਲੀਸੀਆਵਾਂ ਨੂੰ ਸੰਦੇਸ਼ ਕਈ ਕਲੀਸੀਆਵਾਂ ਦੀ ਅਰਾਧਨਾ ਵਿੱਚ ਅਸਫ਼ਲਤਾਵਾਂ ਨੂੰ ਦਰਸਾਉਂਦੇ ਹਨ। ਜਦ ਕਿ ਸੱਤੇ ਕਲੀਸੀਆਵਾਂ ਪਰਮੇਸ਼ੁਰ ਦੀ ਅਰਾਧਨਾ ਕਰਦੀਆਂ ਹਨ, ਪੰਜ ਕਲੀਸੀਆਵਾਂ ਨੂੰ ਝਿੜਕਿਆ ਗਿਆ ਹੈ। ਝਿੜਕਾਂ ਵਿਖਾਉਂਦੀਆਂ ਹਨ ਕਿ ਇਹ ਕਲੀਸੀਆਵਾਂ ਪਰਮੇਸ਼ੁਰ ਦੀ ਉਸ ਤਰੀਕੇ ਨਾਲ ਅਰਾਧਨਾ ਕਰਨ ਵਿੱਚ ਅਸਫ਼ਲ ਰਹੀਆਂ ਜੋ ਪਰਮੇਸ਼ੁਰ ਨੂੰ ਸਵੀਕਾਰ ਹੈ।

1. **ਪ੍ਰੇਮ ਦੀ ਘਾਟ ਸੱਚੀ ਅਰਾਧਨਾ ਵਿੱਚ ਰੁਕਾਵਟ ਪਾਉਂਦੀ ਹੈ।** ਅਫ਼ਸੁਸ ਦੀ ਕਲੀਸੀਆ ਨੇ ਬਹੁਤ ਸਾਰੇ ਚੰਗੇ ਕੰਮ ਕੀਤੇ, ਪਰ ਉਨ੍ਹਾਂ ਨੇ ਆਪਣਾ ਪਹਿਲਾ ਪ੍ਰੇਮ ਛੱਡ ਦਿੱਤਾ ਸੀ। ਅਰਾਧਨਾ ਵਿੱਚ ਖਾਲੀਪਣ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਅਸੀਂ ਉਸ ਪਰਮੇਸ਼ੁਰ ਲਈ ਆਪਣਾ ਪ੍ਰੇਮ ਗੁਆ ਚੁੱਕੇ ਹਾਂ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ।

2. **ਝੂਠੀ ਸਿੱਖਿਆ ਸੱਚੀ ਅਰਾਧਨਾ ਵਿੱਚ ਰੁਕਾਵਟ ਪਾਉਂਦੀ ਹੈ।** ਪਰਗਮੁਮ ਅਤੇ ਥੂਆਤੀਰੇ ਦੋਹਾਂ ਨੇ ਝੂਠੀ ਸਿੱਖਿਆ ਨੂੰ ਬਰਦਾਸ਼ਤ ਕੀਤਾ। ਇਹ ਖ਼ਤਰਾ ਉਨ੍ਹਾਂ ਕਲੀਸੀਆਵਾਂ ਵਿੱਚ ਵੇਖਿਆ ਜਾ ਸਕਦਾ ਹੈ ਜੋ ਬਾਈਬਲ ਦੀ ਸੱਚਾਈ ਨੂੰ ਚਿੰਨ੍ਹ ਅਤੇ ਅਚੰਭਿਆ ਨਾਲ ਵਟਾ ਦਿੰਦੀਆਂ ਹਨ।

3. **ਮੁਰਦਾ ਕੰਮ ਸੱਚੀ ਅਰਾਧਨਾ ਵਿੱਚ ਰੁਕਾਵਟ ਪਾਉਂਦੇ ਹਨ।** ਸਾਰਦੀਸ ਸ਼ਹਿਰ ਦੋ ਵਾਰ ਹਰ ਚੁੱਕਿਆ ਸੀ ਜਦੋਂ ਸੁੱਤੇ ਹੋਏ ਪਹਿਰੇਦਾਰਾਂ ਨੇ ਦੁਸ਼ਮਣ ਨੂੰ ਆਉਂਦੇ ਹੋਏ ਨਹੀਂ ਵੇਖਿਆ।[32] ਯੂਹੰਨਾ ਨੇ ਚੇਤਾਵਨੀ ਦਿੱਤੀ ਕਿ ਸਾਰਦੀਸ ਦੀ ਕਲੀਸੀਆ ਸੁੱਤੀ ਹੋਈ ਸੀ ਕਿਉਂਕਿ ਉਸ ਨੇ ਆਪਣੇ ਚੰਗੇ ਕੰਮਾਂ ਉੱਤੇ ਭਰੋਸਾ ਕੀਤਾ ਸੀ। ਅਰਾਧਨਾ ਵਿੱਚ ਪਰਮੇਸ਼ੁਰ ਨਾਲ ਮੁਲਾਕਾਤ ਸਾਰਦੀਸ ਨੂੰ ਉਸ ਦੀ ਸੁਸਤੀ ਤੋਂ ਜਗਾਉਣ ਵਾਲੀ ਸੀ।

4. **ਉਤਸ਼ਾਹ ਦੀ ਘਾਟ ਸੱਚੀ ਅਰਾਧਨਾ ਵਿੱਚ ਰੁਕਾਵਟ ਪਾਉਂਦੀ ਹੈ।** ਲਾਉਦਿਕੀਏ ਨੇ ਉਹ ਸੀਲਗਰਮ ਭਾਵਨਾ ਵਿਖਾਈ ਜੋ ਕਲੀਸੀਆ ਨੇ ਅਕਸਰ ਖੁਸ਼ਹਾਲੀ ਦੇ ਸਮੇਂ ਵਿੱਚ ਵੇਖੀ ਹੈ। ਲਾਉਦਿਕੀਏ ਦੇ ਲੋਕਾਂ ਦੇ ਉਤਸ਼ਾਹ ਦੀ ਘਾਟ ਨੂੰ ਉਨ੍ਹਾਂ ਦੀ ਦੌਲਤ ਅਤੇ ਆਤਮ-ਨਿਰਭਰਤਾ ਨੇ ਉਕਸਾਇਆ ਸੀ। ਸੱਚੀ ਅਰਾਧਨਾ ਸਾਨੂੰ ਪਰਮੇਸ਼ੁਰ ਉੱਤੇ ਨਿਰਭਰਤਾ ਦੀ ਯਾਦ ਦਿਵਾਉਂਦੀ ਹੈ।

---

32 ਇਹ ਉਦੋਂ ਹੋਇਆ ਜਦੋਂ ਖੋਰੁਸ ਨੇ 547 ਈਸਾ ਪੂਰਵ ਵਿੱਚ ਹਮਲਾ ਕੀਤਾ ਅਤੇ ਦੁਬਾਰਾ ਜਦੋਂ 214 ਈਸਾ ਪੂਰਵ ਵਿੱਚ ਅੰਤੀਓਕਸ III ਨੇ ਹਮਲਾ ਕੀਤਾ।

ਸਵਰਗੀ ਅਰਾਧਨਾ ਪਰਮੇਸ਼ੁਰ ਤੇ ਕੇਂਦਰਿਤ ਹੁੰਦੀ ਹੈ

ਪਰਕਾਸ਼ ਦੀ ਪੋਥੀ 4-5 ਦਰਸਾਉਂਦੀ ਹੈ ਕਿ ਸਵਰਗੀ ਅਰਾਧਨਾ ਪਰਮੇਸ਼ੁਰ ਅਤੇ ਉਸ ਦੀ ਵਡਿਆਈ ਤੇ ਕੇਂਦਰਿਤ ਹੁੰਦੀ ਹੈ। ਸਵਰਗੀ ਅਰਾਧਕ ਸਦੀਪਕ ਰਾਜੇ ਅਤੇ ਜੀ ਉੱਠੇ ਲੇਲੇ ਦੀ ਅਰਾਧਨਾ ਕਰਦੇ ਹਨ।

ਕੀ ਤੁਸੀਂ ਕਿਸੇ ਸਵਰਗਦੂਤ ਦੀ ਕਲਪਨਾ ਕਰ ਸਕਦੇ ਹੋ ਜਿਹੜਾ ਯੂਹੰਨਾ ਨੂੰ ਕਹੇ, "ਕੀ ਅਜਿਹੀ ਕੋਈ ਚੀਜ਼ ਹੈ ਜਿਸ ਨੂੰ ਅਸੀਂ ਤੈਨੂੰ ਅਰਾਧਨਾ ਵਿੱਚ ਵਧੇਰੇ ਆਰਾਮਦਾਇਕ ਬਣਾਉਣ ਲਈ ਬਦਲ ਸਕਦੇ ਹਾਂ?" ਬਿਲਕੁਲ ਨਹੀਂ! ਅਰਾਧਨਾ ਪਰਮੇਸ਼ੁਰ ਬਾਰੇ ਹੈ, ਮੇਰੇ ਬਾਰੇ ਨਹੀਂ। ਅਰਾਧਨਾ ਅਰਾਧਕ ਨੂੰ ਬਰਕਤ ਦਿੰਦੀ ਹੈ ਪਰ ਇਹ ਅਰਾਧਨਾ ਦਾ ਮੁੱਖ ਉਦੇਸ਼ ਨਹੀਂ ਹੈ। ਅਰਾਧਨਾ ਦਾ ਉਦੇਸ਼ ਪਰਮੇਸ਼ੁਰ ਦਾ ਆਦਰ ਕਰਨਾ ਹੈ। ਪਰਮੇਸ਼ੁਰ ਦੇ ਸਿੰਘਾਸਣ ਦੇ ਆਲੇ-ਦੁਆਲੇ ਅਰਾਧਕ ਪਰਮੇਸ਼ੁਰ ਦੀ ਉਸਤਤ ਦਾ ਗੀਤ ਗਾਉਂਦੇ ਹਨ:

> ਹੇ ਪ੍ਰਭੂ ਪਰਮੇਸ਼ੁਰ, ਸਰਬ ਸ਼ਕਤੀਮਾਨ, ਵੱਡੇ ਅਤੇ ਅਚਰਜ ਹਨ ਤੇਰੇ ਕੰਮ! ਹੇ ਕੌਮਾਂ ਦੇ ਪਾਤਸ਼ਾਹ, ਜਥਾਰਥ ਅਤੇ ਸਤ ਹਨ ਤੇਰੇ ਮਾਰਗ! ਹੇ ਪ੍ਰਭੂ, ਕੌਣ ਤੈਥੋਂ ਨਾ ਡਰੇਗਾ, ਅਤੇ ਤੇਰੇ ਨਾਮ ਦੀ ਮਹਿਮਾ ਨਾ ਕਰੇਗਾ? ਤੂੰ ਹੀ ਤਾਂ ਇਕੱਲਾ ਪਵਿੱਤਰ ਹੈਂ ਸੋ ਸਾਰੀਆਂ ਕੌਮਾਂ ਆਉਣਗੀਆਂ, ਅਤੇ ਤੇਰੇ ਅੱਗੇ ਮੱਥਾ ਟੇਕਣਗੀਆਂ, ਇਸ ਲਈ ਜੋ ਤੇਰੇ ਨਿਆਉਂ ਦੇ ਕੰਮ ਪਰਗਟ ਹੋ ਗਏ ਹਨ (**ਪਰਕਾਸ਼ ਦੀ ਪੋਥੀ** 15:3-4)।

ਸਵਰਗੀ ਅਰਾਧਨਾ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਹੁੰਦੀ ਹੈ। ਜਦੋਂ ਤੋਂ ਆਦਮ ਅਤੇ ਹੱਵਾਹ ਨੂੰ ਬਾਗ ਵਿੱਚੋਂ ਕੱਢਿਆ ਗਿਆ ਸੀ, ਉਦੋਂ ਤੋਂ ਹੀ ਮਨੁੱਖ ਪਰਮੇਸ਼ੁਰ ਤੋਂ ਅੱਡ ਹੋ ਗਿਆ। ਸਵਰਗ ਵਿੱਚ, ਅਰਾਧਨਾ ਫੇਰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਹੋਵੇਗੀ ਜੋ ਕਿਸੇ ਵੀ ਬੁਰਿਆਈ ਦੇ ਪ੍ਰਭਾਵ ਤੋਂ ਮੁਕਤ ਹੋਵੇਗੀ।

> ਵੇਖ, ਪਰਮੇਸ਼ੁਰ ਦਾ ਡੇਰਾ ਮਨੁੱਖਾਂ ਦੇ ਨਾਲ ਹੈ ਅਤੇ ਉਹ ਓਹਨਾਂ ਨਾਲ ਡੇਰਾ ਕਰੇਗਾ ਅਤੇ ਓਹ ਉਸ ਦੀ ਪਰਜਾ ਹੋਣਗੇ ਅਤੇ ਪਰਮੇਸ਼ੁਰ ਆਪ ਓਹਨਾਂ ਦਾ ਪਰਮੇਸ਼ੁਰ ਹੋ ਕੇ ਓਹਨਾਂ ਦੇ ਨਾਲ ਰਹੇਗਾ (**ਪਰਕਾਸ਼ ਦੀ ਪੋਥੀ** 21:3)।

ਸਵਰਗੀ ਅਰਾਧਨਾ ਸੱਚੀ ਅਸਲੀਅਤ ਨੂੰ ਦਰਸਾਉਂਦੀ ਹੈ

ਜਦੋਂ ਯੂਹੰਨਾ ਨੇ ਪਰਕਾਸ਼ ਦੀ ਪੋਥੀ ਲਿਖੀ, ਤਾਂ ਉਹ ਪਾਤਮੁਸ ਟਾਪੂ ਉੱਤੇ ਅਸੀਰੀ ਵਿੱਚ ਸੀ। ਪੂਰੇ ਰੋਮੀ ਸਾਮਰਾਜ ਵਿੱਚ ਮਸੀਹੀ ਲੋਕ ਸਤਾਓ ਸਹਿ ਰਹੇ ਸਨ। ਸੰਸਾਰ ਦੇ ਦ੍ਰਿਸ਼ਟੀਕੋਣ ਤੋਂ, ਭਵਿੱਖ ਧੁੰਦਲਾ ਸੀ। ਪਰ, ਪਰਕਾਸ਼ ਦੀ ਪੋਥੀ ਸੰਸਾਰ ਦੀਆਂ ਘਟਨਾਵਾਂ ਤੇ ਇੱਕ ਸਵਰਗੀ ਦ੍ਰਿਸ਼ਟੀਕੋਣ ਨੂੰ ਵਿਖਾਉਂਦੀ ਹੈ।[33]

ਧਰਤੀ ਉੱਤੇ, ਅਸੀਂ ਇਤਿਹਾਸ ਦਾ ਸਿਰਫ਼ ਇੱਕ ਪੱਖ ਵੇਖਦੇ ਹਾਂ। ਅਸੀਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਸਾਡੇ ਆਲੇ-ਦੁਆਲੇ ਦਾ ਸੰਸਾਰ ਹੀ ਆਖ਼ਰੀ ਅਸਲੀਅਤ ਹੈ। ਅਰਾਧਨਾ ਅਤੇ ਸਵਰਗ ਅਸਲ ਸੰਸਾਰ ਦੀਆਂ ਜੱਦੋ-ਜਹਿਦਾਂ ਤੋਂ ਬਹੁਤ ਦੂਰ ਜਾਪਦੇ ਹਨ। **ਪਰਕਾਸ਼ ਦੀ ਪੋਥੀ** 4, 5 ਅਤੇ 15 ਵਿੱਚ ਵਿਖਾਈ ਗਈ ਸਵਰਗੀ ਅਰਾਧਨਾ ਦੀ ਝਲਕ ਸਾਨੂੰ ਅਸਲ ਸੰਸਾਰ ਦੀ ਤਸਵੀਰ ਵਿਖਾਉਂਦੀ ਹੈ।

ਮਸੀਹੀ ਸੇਵਕਾਂ ਲਈ, ਪਰਕਾਸ਼ ਦੀ ਪੋਥੀ ਇੱਕ ਮਹੱਤਵਪੂਰਣ ਯਾਦ-ਪੱਤਰ ਹੈ ਕਿ ਇਸ ਸੰਸਾਰ ਦੀਆਂ ਜੱਦੋ-ਜਹਿਦਾਂ ਅਸਥਾਈ ਹਨ। ਅਰਾਧਨਾ ਦਾ ਮਤਲਬ ਹਰ ਹਫ਼ਤੇ ਅਸਲੀਅਤ ਤੋਂ ਭੱਜਣਾ ਨਹੀਂ ਹੈ; ਬਲਕਿ, ਅਰਾਧਨਾ ਅਸਲੀਅਤ ਨੂੰ ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਤੋਂ ਦਰਸਾਉਂਦੀ ਹੈ - ਅਤੇ ਇਹ ਸਾਡੇ ਸੰਸਾਰ ਬਾਰੇ ਸਾਡੇ ਦ੍ਰਿਸ਼ਟੀਕੋਣ ਨੂੰ ਬਦਲਦੀ ਹੈ। ਪਰਮੇਸ਼ੁਰ ਕਹਿੰਦਾ ਹੈ, "ਚੀਜ਼ਾਂ ਉਹੋ ਜਿਹੀਆਂ ਨਹੀਂ ਹਨ ਜਿਵੇਂ ਉਹ ਵਿਖਾਈ ਦਿੰਦੀਆਂ ਹਨ। ਚੀਜ਼ਾਂ ਕਾਬੂ ਤੋਂ ਬਾਹਰ ਨਹੀਂ ਹਨ, ਸ਼ਤਾਨ ਨਹੀਂ ਜਿੱਤਿਆ ਹੈ, ਬੁਰਿਆਈ ਦੀ ਜਿੱਤ ਨਹੀਂ ਹੋਈ ਹੈ। ਬੂਹੇ ਥਾਣੀਂ ਵੇਖੋ ਅਤੇ ਅਸਲੀਅਤ ਦੀ ਇੱਕ ਝਲਕ ਪ੍ਰਾਪਤ ਕਰੋ। ਪਰਮੇਸ਼ੁਰ ਆਪਣੇ ਸਿੰਘਾਸਣ ਉੱਤੇ ਹੈ।"[34]

---

33 ਉਦਾਹਰਣ ਲਈ: 6:1-7:8 ਧਰਤੀ ਉੱਤੇ ਹਨ; 7:9-8:6 ਸਵਰਗ ਵਿੱਚ ਹਨ। 8:7-11:14 ਧਰਤੀ ਉੱਤੇ ਹਨ; 11:15-19 ਸਵਰਗ ਵਿੱਚ ਹਨ।

34 David Jeremiah. Worship. (CA: Turning Point Outreach, 1995), 72.

ਬਾਈਬਲ ਅਨੁਸਾਰ ਅੱਜ ਦੀ ਅਰਾਧਨਾ

"ਉਹ ਜੀ ਉੱਠਿਆ ਹੈ!" "ਉਹ ਪ੍ਰਭੂ ਹੈ!" ਇਹ ਘੋਸ਼ਣਾਵਾਂ ਅਰਾਧਨਾ ਲਈ ਪ੍ਰਮੁੱਖ ਹਨ। ਇਹ ਜੀ ਉੱਠਣਾ ਸੀ ਜਿਸ ਨੇ ਯਿਸੂ ਨੂੰ ਪ੍ਰਭੂ ਐਲਾਨਿਆ (ਰੋਮੀਆਂ 1:4)।

ਅਰੰਭਕ ਕਲੀਸੀਆ ਨੇ ਹਰ ਐਤਵਾਰ ਨੂੰ ਜੀ ਉੱਠਣ ਦੇ ਦਿਨ ਵਜੋਂ ਮਨਾਉਣ ਨੂੰ ਮਾਨਤਾ ਦਿੱਤੀ; ਹਰ ਐਤਵਾਰ ਈਸਟਰ ਸੀ। ਮਸੀਹੀ ਲੋਕ ਐਤਵਾਰ ਨੂੰ ਰੋਜ਼ਾ ਨਹੀਂ ਰੱਖਦੇ ਸਨ; ਐਤਵਾਰ ਜਸ਼ਨ ਦਾ ਦਿਨ ਹੁੰਦਾ ਸੀ।

ਅੱਜ, ਸਾਡੀ ਅਰਾਧਨਾ ਵੀ ਜਸ਼ਨ ਮਨਾਉਣ ਦਾ ਸਮਾਂ ਹੋਣਾ ਚਾਹੀਦਾ ਹੈ। ਹਾਂ, ਅੱਤ ਮਹਾਨ ਦੀ ਹਜ਼ੂਰੀ ਵਿੱਚ ਪ੍ਰਵੇਸ਼ ਕਰਨ ਦੇ ਨਾਲ ਇੱਕ ਗੰਭੀਰਤਾ ਜ਼ਰੂਰ ਜੁੜੀ ਹੋਈ ਹੈ, ਪਰ ਜਦੋਂ ਅਸੀਂ ਜੀ ਉੱਠੇ ਪ੍ਰਭੂ ਦਾ ਜਸ਼ਨ ਮਨਾਉਂਦੇ ਹਾਂ ਤਾਂ ਅਨੰਦ ਵੀ ਹੁੰਦਾ ਹੈ। ਸਾਡੀ ਅਰਾਧਨਾ ਵਿੱਚ ਜਸ਼ਨ ਮਨਾਉਣ ਦੇ ਮੌਕੇ ਸ਼ਾਮਲ ਹੋਣੇ ਚਾਹੀਦੇ ਹਨ।

ਅਰਾਧਨਾ ਵਿੱਚ ਮੈਂਬਰਾਂ ਦੇ ਜੀਵਨ ਵਿੱਚ ਉਸਤਤ ਦੇ ਗੀਤ ਅਤੇ ਪਰਮੇਸ਼ੁਰ ਦੀ ਕਿਰਪਾ ਦੀਆਂ ਗਵਾਹੀਆਂ ਸ਼ਾਮਲ ਹਨ। ਨਾਈਜੀਰੀਆ ਵਿੱਚ ਇੱਕ ਕਲੀਸੀਆ ਜਸ਼ਨ ਮਨਾਉਂਦੀ ਹੈ ਜਦੋਂ ਉਹ ਭੇਟ ਦਿੰਦੇ ਹਨ। ਜਦੋਂ ਭੇਟ ਇਕੱਠੀ ਕੀਤੀ ਜਾਂਦੀ ਹੈ ਤਾਂ ਮੈਂਬਰ ਚਰਚ ਦੇ ਦੁਆਲੇ ਚੱਕਰ ਲਗਾਉਂਦੇ ਹਨ। ਇਹ ਅਰਾਧਕ ਜੀ ਉੱਠਣ ਦੇ ਅਨੰਦ ਨੂੰ ਜਾਣਦੇ ਹਨ। ਅਰਾਧਨਾ ਵਿੱਚ ਉਸ ਜਿੱਤ ਦਾ ਜਸ਼ਨ ਮਨਾਉਣ ਦੇ ਮੌਕੇ ਸ਼ਾਮਲ ਹੋਣੇ ਚਾਹੀਦੇ ਹਨ ਜੋ ਅਸੀਂ ਮੌਤ ਉੱਤੇ ਮਸੀਹ ਦੀ ਜਿੱਤ ਦੁਆਰਾ ਪ੍ਰਾਪਤ ਕੀਤੀ ਹੈ।

ਜਾਂਚ

ਆਪਣੇ ਆਪ ਨੂੰ ਪੁੱਛੋ, "ਕੀ ਮੇਰੀ ਅਰਾਧਨਾ ਇੱਕ ਜਸ਼ਨ ਹੈ ਜਾਂ ਸਿਰਫ਼ ਇੱਕ ਫਰਜ਼ ਹੈ? ਕੀ ਮੈਂ ਅਰਾਧਨਾ ਵਿੱਚ ਸ਼ਾਮਲ ਹੋ ਕੇ ਖੁਸ਼ ਹੁੰਦਾ ਹਾਂ, ਜਾਂ ਮੈਂ ਸਿਰਫ਼ ਇਸ ਲਈ ਅਰਾਧਨਾ ਵਿੱਚ ਜਾਂਦਾ ਹਾਂ ਕਿਉਂਕਿ ਇਹ ਇੱਕ ਮਸੀਹੀ ਹੋਣ ਦੇ ਨਾਤੇ ਮੇਰਾ ਫ਼ਰਜ਼ ਹੈ?"

ਇਸ ਨੂੰ ਅਮਲ ਵਿੱਚ ਲਿਆਓ

ਉਸ ਪਰਮੇਸ਼ੁਰ ਤੇ ਮਨਨ ਕਰਨ ਲਈ ਸਮਾਂ ਕੱਢੋ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ। ਜ਼ਰਾ ਸੋਚੋ ਕਿ ਬਾਈਬਲ ਸਾਨੂੰ ਉਸ ਬਾਰੇ ਕੀ ਦੱਸਦੀ ਹੈ।

ਬਚਨ ਵਿੱਚ ਪਰਮੇਸ਼ੁਰ ਕੌਣ ਹੈ[35]	
ਉਤਪਤ ਵਿੱਚ	ਉਹ ਸਰਿਸ਼ਟੀ ਦਾ ਸਿਰਜਣਹਾਰ ਹੈ
ਕੂਚ ਵਿੱਚ	ਉਹ ਪਸਾਹ ਦਾ ਲੇਲਾ ਹੈ
ਲੇਵੀਆਂ ਵਿੱਚ	ਉਹ ਸੰਪੂਰਨ ਬਲੀਦਾਨ ਹੈ
ਗਿਣਤੀ ਵਿੱਚ	ਉਹ ਬੱਦਲ ਹੈ
ਬਿਵਸਥਾ ਸਾਰ ਵਿੱਚ	ਉਹ ਇੱਕੋ-ਇੱਕ ਸੱਚਾ ਨਬੀ ਹੈ
ਯਹੋਸ਼ੁਆ ਵਿੱਚ	ਉਹ ਪ੍ਰਭੂ ਦੀ ਸੈਨਾ ਦਾ ਕਪਤਾਨ ਹੈ
ਰੂਥ ਵਿੱਚ	ਉਹ ਛੁਡਾਉਣ ਵਾਲਾ ਹੈ
1 ਅਤੇ 2 ਸਮੂਏਲ ਵਿੱਚ	ਉਹ ਨਬੀ ਹੈ
ਇਤਹਾਸ ਵਿੱਚ	ਉਹ ਸਵਰਗੀ ਹੈਕਲ ਹੈ
ਅੱਯੂਬ ਵਿੱਚ	ਉਹ ਵਿਚੋਲਾ ਹੈ
ਜ਼ਬੂਰਾਂ ਦੀ ਪੋਥੀ ਵਿੱਚ	ਉਹ ਅਯਾਲੀ ਹੈ
ਯਸਾਯਾਹ ਵਿੱਚ	ਉਹ ਸ਼ਾਂਤੀ ਦਾ ਰਾਜਕੁਮਾਰ ਹੈ
ਹਿਜ਼ਕੀਏਲ ਵਿੱਚ	ਉਹ ਮਨੁੱਖ ਦਾ ਪੁੱਤਰ ਹੈ
ਹੋਸ਼ੇਆ ਵਿੱਚ	ਉਹ ਨਿਹਚਾ ਤੋਂ ਪਿੱਛੇ ਹਟਣ ਵਾਲੇ ਦਾ ਚੰਗਾ ਕਰਨ ਵਾਲਾ ਹੈ
ਹੱਜਈ ਵਿੱਚ	ਉਹ ਸਾਰੀਆਂ ਕੌਮਾਂ ਦੀ ਇੱਛਾ ਹੈ
ਮਲਾਕੀ ਵਿੱਚ	ਉਹ ਧਾਰਮਿਕਤਾ ਦਾ ਸੂਰਜ ਹੈ
ਮੱਤੀ ਵਿੱਚ	ਉਹ ਵਾਅਦਾ ਕੀਤਾ ਹੋਇਆ ਮਸੀਹ ਹੈ
ਮਰਕੁਸ ਵਿੱਚ	ਉਹ ਸੇਵਕ ਹੈ
ਲੂਕਾ ਵਿੱਚ	ਉਹ ਮਨੁੱਖ ਦਾ ਪੁੱਤਰ ਹੈ
ਯੂਹੰਨਾ ਵਿੱਚ	ਉਹ ਸ਼ਬਦ ਹੈ
ਰੋਮੀਆਂ ਵਿੱਚ	ਉਹੀ ਹੈ ਜੋ ਧਰਮੀ ਠਹਿਰਾਉਂਦਾ ਹੈ
ਫ਼ਿਲਿੱਪੀਆਂ ਵਿੱਚ	ਉਹ ਸਾਡਾ ਅਨੰਦ ਹੈ
ਕੁਲੁੱਸੀਆਂ ਵਿੱਚ	ਉਹ ਪਰਮੇਸ਼ੁਰਤਾਈ ਦੀ ਭਰਪੂਰੀ ਹੈ
ਇਬਰਾਨੀਆਂ ਵਿੱਚ	ਉਹ ਮਹਾਂ ਪਰਧਾਨ ਜਾਜਕ ਹੈ
1 ਅਤੇ 2 ਪਤਰਸ ਵਿੱਚ	ਉਹ ਇੱਜੜ ਦਾ ਸਰਦਾਰ ਅਯਾਲੀ ਹੈ
ਪਰਕਾਸ਼ ਦੀ ਪੋਥੀ ਵਿੱਚ	ਉਹ ਕੋਹਿਆ ਗਿਆ ਲੇਲਾ, ਰਾਜਿਆਂ ਦਾ ਰਾਜਾ, ਅਤੇ ਪ੍ਰਭੂਆਂ ਦਾ ਪ੍ਰਭੂ ਹੈ!

35 This is adapted from Vernon Whaley, Called to Worship. (Nashville: Thomas Nelson, 2009), 331-333.

ਸਿੱਟਾ: ਰਸੂਲ ਯੂਹੰਨਾ ਦੀ ਗਵਾਹੀ

"ਮੇਰਾ ਨਾਮ ਯੂਹੰਨਾ ਹੈ। ਅਰਾਧਨਾ ਦੁਆਰਾ ਮੇਰਾ ਜੀਵਨ ਬਦਲ ਗਿਆ ਹੈ। ਜਦੋਂ ਮੈਂ ਪਹਿਲੀ ਵਾਰ ਨਾਸਰਤ ਦੇ ਯਿਸੂ ਨੂੰ ਮਿਲਿਆ, ਉਸ ਦੇ ਬਾਅਦ ਤੋਂ ਮੈਂ ਇੱਕ ਅਰਾਧਕ ਰਿਹਾ ਹਾਂ।

"ਮੈਂ ਉਸ ਪਹਾੜ ਉੱਤੇ ਯਿਸੂ ਦੇ ਨਾਲ ਸੀ ਜਿੱਥੇ ਉਸ ਦਾ ਰੂਪ ਜਲਾਲੀ ਹੋਇਆ ਸੀ। ਅਸੀਂ ਬੱਦਲ ਵਿੱਚੋਂ ਇੱਕ ਅਵਾਜ਼ ਸੁਣੀ, ਅਸੀਂ ਉਸ ਦਾ ਜਲਾਲ ਵੇਖਿਆ ਅਤੇ ਅਸੀਂ ਮੂਧੇ ਮੂੰਹ ਡਿੱਗ ਪਏ, ਅਤੇ ਡਰ ਗਏ (**ਮੱਤੀ** 17:6)। ਅਸੀਂ ਅਧੂਰੀ ਅਰਾਧਨਾ ਕੀਤੀ। ਯਿਸੂ ਦੇ ਦੁੱਖ ਝੱਲਣ ਦੇ ਹਫ਼ਤੇ ਦੌਰਾਨ, ਸਾਡੇ ਕੰਮਾਂ ਨੇ ਵਿਖਾਇਆ ਕਿ ਅਸੀਂ ਸਮਝ ਨਹੀਂ ਸਕੇ ਸੀ ਕਿ ਅਸੀਂ ਪਹਾੜ ਤੇ ਕੀ ਵੇਖਿਆ ਸੀ।

"ਮੈਂ ਗਲੀਲ ਦੇ ਪਹਾੜ ਉੱਤੇ ਸੀ ਜਦੋਂ ਯਿਸੂ ਜੀ ਉੱਠਣ ਤੋਂ ਬਾਅਦ ਪਰਗਟ ਹੋਇਆ ਸੀ। ਅਸੀਂ ਉਸ ਨੂੰ ਵੇਖ ਕੇ ਮੱਥਾ ਟੇਕਿਆ ਪਰ ਕਈਆਂ ਨੇ ਭਰਮ ਕੀਤਾ (**ਮੱਤੀ** 28:17)। ਅਸੀਂ ਅਧੂਰੀ ਅਰਾਧਨਾ ਕੀਤੀ। ਅਸੀਂ ਜਾਣਦੇ ਸੀ ਕਿ ਉਹ ਜੀ ਉੱਠਿਆ ਸੀ, ਪਰ ਅਸੀਂ ਇਸ ਦੇ ਪੂਰੇ ਅਰਥ ਨੂੰ ਨਹੀਂ ਸਮਝਿਆ।

"ਮੈਂ ਚੁਬਾਰੇ ਉੱਤੇ ਸੀ ਜਦੋਂ ਅਸੀਂ ਇੱਕ ਮਨ ਹੋ ਕੇ ਲਗਾਤਾਰ ਪ੍ਰਾਰਥਨਾ ਕਰਦੇ ਰਹੇ (**ਰਸੂਲਾਂ ਦੇ ਕਰਤੱਬ** 1:14)। ਜਦੋਂ ਅਸੀਂ ਅਰਾਧਨਾ ਕੀਤੀ, ਪਵਿੱਤਰ ਆਤਮਾ ਸਾਡੇ ਉੱਤੇ ਉਤਰਿਆ। ਅਰਾਧਨਾ ਖੁਸ਼ਖ਼ਬਰੀ ਪਰਚਾਰ ਲਈ ਪ੍ਰੇਰਕ ਬਣ ਗਈ; ਅਸੀਂ ਖੁਸ਼ਖ਼ਬਰੀ ਨੂੰ ਯਰੂਸ਼ਲਮ, ਯਹੂਦਿਯਾ ਅਤੇ ਸਾਮਰਿਯਾ ਅਤੇ ਧਰਤੀ ਦੇ ਬੰਨੇ ਤੀਕੁਰ ਲੈ ਗਏ।

"ਪਾਤਮੁਸ ਵਿੱਚ ਅਸੀਰੀ ਦੌਰਾਨ, ਮੈਂ ਪ੍ਰਭੂ ਦੇ ਦਿਨ ਆਤਮਾ ਵਿੱਚ ਸੀ ਜਦੋਂ ਮੈਂ ਤੁਰ੍ਹੀ ਵਰਗੀ ਉੱਚੀ ਇੱਕ ਅਵਾਜ਼ ਸੁਣੀ। ਇਹ ਅਲਫ਼ਾ ਅਤੇ ਓਮੇਗਾ ਦੀ ਅਵਾਜ਼ ਸੀ, ਜੋ ਆਦਿ ਅਤੇ ਅੰਤ ਹੈ (**ਪਰਕਾਸ਼ ਦੀ ਪੋਥੀ** 1:10-11)।

"ਮੈਂ ਉੱਥੇ ਸੀ ਜਦੋਂ ਪਰਮੇਸ਼ੁਰ ਨੇ ਸਵਰਗ ਵਿੱਚ ਇੱਕ ਬੂਹਾ ਖੋਲ੍ਹਿਆ ਅਤੇ ਮੈਨੂੰ ਪਰਮੇਸ਼ੁਰ ਦੇ ਸਿੰਘਾਸਣ ਦੇ ਆਲੇ-ਦੁਆਲੇ ਹੋ ਰਹੀ ਅਰਾਧਨਾ ਨੂੰ ਵੇਖਣ ਦੀ ਅਨੁਮਤੀ ਦਿੱਤੀ।

"ਮੈਂ ਸਦਾ ਲਈ ਨਵੀਂ ਯਰੂਸ਼ਲਮ ਵਿੱਚ ਰਹਾਂਗਾ, ਜੋ ਪਰਮੇਸ਼ੁਰ ਦੇ ਕੋਲੋਂ ਅਕਾਸ਼ੋਂ ਉਤਰੀ (**ਪਰਕਾਸ਼ ਦੀ ਪੋਥੀ** 21:2)। ਉਸ ਨਗਰੀ ਵਿੱਚ, ਸਾਡੀ ਅਰਾਧਨਾ ਅੰਤ ਵਿੱਚ ਸੰਪੂਰਨ ਹੋਵੇਗੀ ਕਿਉਂਕਿ ਅਸੀਂ ਉਸ ਦਾ ਚਿਹਰਾ ਵੇਖਾਂਗੇ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ। ਸਵਰਗ ਵਿੱਚ, 'ਪਰਮੇਸ਼ੁਰ ਦਾ ਡੇਰਾ ਮਨੁੱਖਾਂ ਦੇ ਨਾਲ ਹੈ ਅਤੇ ਉਹ ਓਹਨਾਂ ਨਾਲ ਡੇਰਾ ਕਰੇਗਾ ਅਤੇ ਓਹ ਉਸ ਦੀ ਪਰਜਾ ਹੋਣਗੇ ਅਤੇ ਪਰਮੇਸ਼ੁਰ ਆਪ ਓਹਨਾਂ ਦਾ ਪਰਮੇਸ਼ੁਰ ਹੋ ਕੇ ਓਹਨਾਂ ਦੇ ਨਾਲ ਰਹੇਗਾ'' (**ਪਰਕਾਸ਼ ਦੀ ਪੋਥੀ** 21:3)।

"ਮੈਂ ਯੂਹੰਨਾ ਹਾਂ। ਅਤੇ ਮੈਂ ਆਪਣੇ ਪਰਮੇਸ਼ੁਰ ਅਤੇ ਮੁਕਤੀਦਾਤਾ ਦੀ ਅਰਾਧਨਾ ਵਿੱਚ ਸਦੀਪਕਾਲ ਬਿਤਾਵਾਂਗਾ!"

ਇਸ ਨੂੰ ਅਮਲ ਵਿੱਚ ਲਿਆਓ

ਇਸ ਪਾਠ ਨੂੰ ਖ਼ਤਮ ਕਰਨ ਤੋਂ ਪਹਿਲਾਂ, ਅਰਾਧਨਾ ਕਰਨ ਲਈ ਸਮਾਂ ਕੱਢੋ। **ਪਰਕਾਸ਼ ਦੀ ਪੋਥੀ** 4, 5, ਅਤੇ 15 ਜਾਂ **ਜ਼ਬੂਰ** 19 ਦੇ ਗੀਤ ਪੜ੍ਹੋ। ਪਰਮੇਸ਼ੁਰ ਦੀ ਉਸਤਤ ਕਰਨ ਵਾਲਾ ਇੱਕ ਗੀਤ ਗਾਓ। ਵਡਿਆਈ ਦੀ ਪ੍ਰਾਰਥਨਾ ਕਰੋ। ਸੁਣੋ ਜਦੋਂ ਪਰਮੇਸ਼ੁਰ ਤੁਹਾਡੇ ਨਾਲ ਗੱਲ ਕਰਦਾ ਹੈ। ਪਰਮੇਸ਼ੁਰ ਦੀ ਸੱਚੀ ਅਰਾਧਨਾ ਕਰਨ ਲਈ ਸਮਾਂ ਕੱਢੋ।

ਸਮੂਹ ਵਿੱਚ ਚਰਚਾ

» ਇਸ ਪਾਠ ਦੀ ਵਿਹਾਰਕ ਪ੍ਰਾਸੰਗਿਕਤਾ ਲਈ, ਹੇਠ ਲਿਖੀਆਂ ਗੱਲਾਂ ਤੇ ਚਰਚਾ ਕਰੋ:

ਟਿਮ ਇੱਕ ਅਜਿਹੀ ਕਲੀਸੀਆ ਦੀ ਪਾਸਬਾਨੀ ਕਰਦਾ ਹੈ ਜੋ ਖੁਸ਼ਖ਼ਬਰੀ ਪਰਚਾਰ ਬਾਰੇ ਬਹੁਤ ਜੋਸ਼ ਰੱਖਦੀ ਹੈ। ਨਵੇਂ-ਨਵੇਂ ਮਸੀਹ ਵਿੱਚ ਆਏ ਲੋਕਾਂ ਨੂੰ ਹਰ ਮਹੀਨੇ ਬਪਤਿਸਮਾ ਦਿੱਤਾ ਜਾਂਦਾ ਹੈ। ਇਹ ਕਲੀਸੀਆ ਵਿੱਚ ਇੱਕ ਰੋਚਕ ਸਮਾਂ ਹੁੰਦਾ ਹੈ।

ਪਰ, ਟਿਮ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਕਲੀਸੀਆ ਸੱਚਮੁੱਚ ਅਰਾਧਨਾ ਨਹੀਂ ਕਰ ਰਹੀ ਹੈ। ਜ਼ਿਆਦਾਤਰ ਪਰਚਾਰ ਗੈਰ-ਵਿਸ਼ਵਾਸੀਆਂ ਅਤੇ ਨਵੇਂ-ਨਵੇਂ ਮਸੀਹ ਵਿੱਚ ਆਏ ਲੋਕਾਂ ਲਈ ਤਿਆਰ ਕੀਤਾ ਜਾਂਦਾ ਹੈ। ਵੱਡੇ ਭਜਨਾਂ ਦੀ ਵਰਤੋਂ ਕਰਨੀ ਔਖੀ ਹੈ ਕਿਉਂਕਿ ਨਵੇਂ ਲੋਕ ਗੀਤਾਂ ਨੂੰ ਨਹੀਂ ਜਾਣਦੇ। ਟਿਮ ਨੂੰ ਡਰ ਹੈ ਕਿ ਉਸ ਦੀ ਕਲੀਸੀਆ ਗਿਣਤੀ ਵਿੱਚ ਤਾਂ ਵਧਦੀ ਜਾਵੇਗੀ ਪਰ ਆਤਮਿਕ ਡੂੰਘਾਈ ਵਿੱਚ ਘਟਦੀ ਜਾਵੇਗੀ। ਉਹ ਅਰਾਧਨਾ ਤੇ ਜ਼ਿਆਦਾ ਧਿਆਨ ਦੇਣਾ ਚਾਹੁੰਦਾ ਹੈ। ਚਰਚਾ ਕਰੋ ਕਿ ਕਲੀਸੀਆ ਦੀ ਅਰਾਧਨਾ ਨੂੰ ਡੂੰਘਾ ਕਰਨ ਦੇ ਨਾਲ-ਨਾਲ ਪਰਚਾਰ ਤੇ ਜ਼ੋਰ ਦੇਣ ਲਈ ਟਿਮ ਕੀ ਕਰ ਸਕਦਾ ਹੈ।

ਪਾਠ 4 ਦੀ ਸਮੀਖਿਆ

1. ਇੰਜੀਲ ਦੇ ਬਿਰਤਾਂਤ ਦੱਸਦੇ ਹਨ ਕਿ ਅਰਾਧਨਾ ਯਿਸੂ ਮਸੀਹ ਵਿੱਚ ਪੂਰਨ ਹੁੰਦੀ ਹੈ:

   - ਯਿਸੂ ਨੇ ਅਰਾਧਨਾ ਲਈ ਇੱਕ ਨਮੂਨਾ ਦਿੱਤਾ।
   - ਯਿਸੂ ਨੇ ਝੂਠੀ ਅਰਾਧਨਾ ਦੇ ਪਰਤਾਵੇ ਨੂੰ ਠੁਕਰਾ ਦਿੱਤਾ।
   - ਯਿਸੂ ਨੇ ਪ੍ਰਾਰਥਨਾ ਦੀ ਮਹੱਤਤਾ ਦਾ ਨਮੂਨਾ ਦਿੱਤਾ।
   - ਯਿਸੂ ਦੀ ਸਦੀਪਕਾਲ ਤਕ ਅਰਾਧਨਾ ਕੀਤੀ ਜਾਵੇਗੀ।

2. ਰਸੂਲਾਂ ਦੇ ਕਰਤੱਬ ਦੀ ਪੁਸਤਕ ਅਰਾਧਨਾ ਅਤੇ ਖੁਸ਼ਖ਼ਬਰੀ ਪਰਚਾਰ ਦੇ ਵਿਚਕਾਰ ਸੰਬੰਧ ਨੂੰ ਦਰਸਾਉਂਦੀ ਹੈ।

   - ਸੱਚੀ ਅਰਾਧਨਾ ਖੁਸ਼ਖ਼ਬਰੀ ਪਰਚਾਰ ਨੂੰ ਪ੍ਰੇਰਿਤ ਕਰਦੀ ਹੈ।
   - ਪ੍ਰਭਾਵਸ਼ਾਲੀ ਖੁਸ਼ਖ਼ਬਰੀ ਪਰਚਾਰ ਅਰਾਧਕ ਪੈਦਾ ਕਰਦਾ ਹੈ।
   - ਅਰਾਧਨਾ ਜੋ ਖੁਸ਼ਖ਼ਬਰੀ ਪਰਚਾਰ ਵੱਲ ਨਹੀਂ ਲੈ ਕੇ ਜਾਂਦੀ ਉਹ ਆਪ-ਸੁਆਰਥੀ ਹੋ ਜਾਵੇਗੀ।

3. ਪੱਤਰੀਆਂ ਅਰੰਭਕ ਕਲੀਸੀਆ ਵਿੱਚ ਅਰਾਧਨਾ ਦੇ ਮਹੱਤਵਪੂਰਨ ਤੱਤਾਂ ਨੂੰ ਦਰਸਾਉਂਦੀਆਂ ਹਨ। ਅਰੰਭਕ ਕਲੀਸੀਆ ਦੀ ਅਰਾਧਨਾ ਵਿੱਚ ਇਹ ਚੀਜ਼ਾਂ ਸ਼ਾਮਲ ਸਨ:

   - ਬਚਨ ਪੜ੍ਹਨਾ
   - ਬਚਨ ਦਾ ਪਰਚਾਰ ਕਰਨਾ
   - ਜਨਤਕ ਪ੍ਰਾਰਥਨਾ
   - ਗਾਉਣਾ
   - ਭੇਟਾਂ
   - ਬਪਤਿਸਮਾ
   - ਪ੍ਰਭੂ-ਭੋਜ

4. ਪਰਕਾਸ਼ ਦੀ ਪੋਥੀ ਦਰਸਾਉਂਦੀ ਹੈ ਕਿ ਅਰਾਧਨਾ ਪਰਮੇਸ਼ੁਰ ਦੀ ਵਡਿਆਈ ਹੈ।

   - ਅਰਾਧਨਾ ਅਰਾਧਕ ਨੂੰ ਬਰਕਰ ਦਿੰਦੀ ਹੈ, ਪਰ ਇਹ ਅਰਾਧਨਾ ਦਾ ਮੁੱਖ ਉਦੇਸ਼ ਨਹੀਂ ਹੈ।

- ਅਰਾਧਨਾ ਦਾ ਮੁੱਖ ਉਦੇਸ਼ ਪਰਮੇਸ਼ੁਰ ਦਾ ਆਦਰ ਕਰਨਾ ਹੈ।
- ਸਵਰਗੀ ਅਰਾਧਨਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਜੋ ਸੰਸਾਰ ਅਸੀਂ ਵੇਖਦੇ ਹਾਂ ਉਹ ਆਖ਼ਰੀ ਅਸਲੀਅਤ ਨਹੀਂ ਹੈ।

ਪਾਠ 4 ਦੇ ਖੁਦ ਕਰਨ ਵਾਲੇ ਕੰਮ

1. ਇਸ ਪਾਠ ਵਿੱਚੋਂ ਅਰਾਧਨਾ ਦੇ ਤਿੰਨ ਸਿਧਾਂਤ ਦੱਸੋ। ਹਰੇਕ ਸਿਧਾਂਤ ਲਈ, ਆਪਣੀ ਕਲੀਸੀਆ ਵਿੱਚ ਸਿਧਾਂਤ ਨੂੰ ਲਾਗੂ ਕਰਨ ਦੇ ਵਿਹਾਰਕ ਤਰੀਕਿਆਂ ਬਾਰੇ ਚਰਚਾ ਕਰਦੇ ਹੋਏ ਇੱਕ ਪੈਰ੍ਹਾ ਲਿਖੋ।

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਦੇ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 4 ਦਾ ਇਮਤਿਹਾਨ

1. ਤਿੰਨ ਤਰੀਕੇ ਦੱਸੋ ਜਿਨ੍ਹਾਂ ਨਾਲ ਯਿਸੂ ਨੇ ਸੱਚੀ ਅਰਾਧਨਾ ਦਾ ਨਮੂਨਾ ਦਿੱਤਾ।
2. ਯਿਸੂ ਦੀ ਸਿੱਖਿਆ ਅਤੇ ਉਦਾਹਰਣ ਸਾਨੂੰ ਸੱਚੀ ਅਰਾਧਨਾ ਬਾਰੇ ਕੀ ਯਾਦ ਦਿਵਾਉਂਦੇ ਹਨ?
3. ਕਿਹੜੀਆਂ ਦੋ ਗੱਲਾਂ ਅਰਾਧਨਾ ਅਤੇ ਖੁਸ਼ਖ਼ਬਰੀ ਪਰਚਾਰ ਦੇ ਵਿਚਕਾਰ ਸੰਬੰਧ ਦਾ ਸੰਖੇਪ ਸਾਰ ਦਿੰਦੀਆਂ ਹਨ?
4. **ਰਸੂਲਾਂ ਦੇ ਕਰਤੱਬ** 17 ਵਿੱਚ ਅਥੇਨੀਆਂ ਦੀ ਝੂਠੀ ਅਰਾਧਨਾ ਦਾ ਵਰਣਨ ਕਿਵੇਂ ਕੀਤਾ ਗਿਆ ਹੈ?
5. **ਰਸੂਲਾਂ ਦੇ ਕਰਤੱਬ** 17 ਵਿੱਚ ਸੱਚੇ ਪਰਮੇਸ਼ੁਰ ਦਾ ਵਰਣਨ ਕਿਵੇਂ ਕੀਤਾ ਗਿਆ ਹੈ?
6. ਪੱਤਰੀਆਂ ਵਿੱਚ ਮੁੱਢਲੀ ਮਸੀਹੀ ਅਰਾਧਨਾ ਦੇ ਪੰਜ ਤੱਤ ਦੱਸੋ।
7. ਏਸ਼ੀਆ ਮਾਈਨਰ ਦੀਆਂ ਕਲੀਸੀਆਵਾਂ ਵਿੱਚ ਅਰਾਧਨਾ ਵਿੱਚ ਰੁਕਾਵਟਾਂ ਦੇ ਦੋ ਉਦਾਹਰਣ ਦੱਸੋ।
8. **ਰੋਮੀਆਂ** 12:1-2 ਮੂੰਹ ਜ਼ਬਾਨੀ ਲਿਖੋ।

ਪਾਠ 5

ਕਲੀਸੀਆ ਦੇ ਇਤਿਹਾਸ ਵਿੱਚ ਅਰਾਧਨਾ

ਪਾਠ ਦੇ ਉਦੇਸ਼

1. ਵੱਖ-ਵੱਖ ਤਰ੍ਹਾਂ ਦੀਆਂ ਅਰਾਧਨਾ ਦੀਆਂ ਰਵਾਇਤਾਂ ਵਿਚਲੇ ਅੰਤਰ ਦਾ ਸਤਿਕਾਰ ਕਰਨਾ।
2. ਅਰਾਧਨਾ ਦੇ ਨਾ ਬਦਲਣ ਵਾਲੇ ਸਿਧਾਂਤਾਂ ਅਤੇ ਬਦਲਣ ਵਾਲੇ ਅਰਾਧਨਾ ਦੇ ਤੌਰ-ਤਰੀਕਿਆਂ ਵਿੱਚ ਅੰਤਰ ਨੂੰ ਸਮਝਣਾ।
3. ਪਛਾਣਨਾ ਕਿ ਅਰਾਧਨਾ ਸਾਡੀਆਂ ਧਰਮ-ਗਿਆਨ ਸੰਬੰਧੀ ਮਾਨਤਾਵਾਂ ਨੂੰ ਵੀ ਦਰਸਾਉਂਦੀ ਹੈ ਅਤੇ ਉਨ੍ਹਾਂ ਮਾਨਤਾਵਾਂ ਉੱਤੇ ਅਸਰ ਵੀ ਪਾਉਂਦੀ ਹੈ।
4. ਵੱਖ-ਵੱਖ ਕਲੀਸੀਆਈ ਰਵਾਇਤਾਂ ਦੀ ਅਰਾਧਨਾ ਤੋਂ ਸਬਕਾਂ ਨੂੰ ਅੱਜ ਦੀ ਅਰਾਧਨਾ ਉੱਤੇ ਲਾਗੂ ਕਰਨਾ।

ਇਸ ਪਾਠ ਦੇ ਲਈ ਤਿਆਰੀ

ਜ਼ਬੂਰ 100:1-5 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

ਜੇਮਸ ਰਵਾਇਤੀ ਅਰਾਧਨਾ ਨੂੰ ਮਹੱਤਵ ਦਿੰਦਾ ਹੈ। ਉਨ੍ਹਾਂ ਦੀ ਮਹੀਨਾਵਾਰ ਮੀਟਿੰਗ ਵਿੱਚ, ਈਨੋਕ ਨੇ ਜਿਹੜਾ ਇੱਕ ਸਮਕਾਲੀ ਅਰਾਧਨਾ ਬੰਦਗੀ ਦੀ ਅਗਵਾਈ ਕਰਦਾ ਹੈ, ਪੁੱਛਿਆ, "ਤੁਸੀਂ ਆਪਣੀਆਂ ਬੰਦਗੀਆਂ ਵਿੱਚ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ?"

"ਅਸੀਂ ਬਾਈਬਲ ਦੇ ਅਨੁਸਾਰ ਚੱਲਦੇ ਹਾਂ," ਜੇਮਸ ਨੇ ਜਵਾਬ ਦਿੱਤਾ। "ਜੇਕਰ ਬਾਈਬਲ ਕਿਸੇ ਵਿਸ਼ੇਸ਼ ਅਰਾਧਨਾ ਅਭਿਆਸ ਦਾ ਹੁਕਮ ਨਹੀਂ ਦਿੰਦੀ, ਤਾਂ ਸਾਨੂੰ ਐਵੇਂ ਹੀ ਅਰੰਭਕ ਕਲੀਸੀਆ ਦੇ ਅਰਾਧਨਾ ਅਭਿਆਸਾਂ ਵਿੱਚ ਆਪਣੇ ਵੱਲੋਂ ਕੁਝ ਜੋੜਨ ਦੀ ਅਜ਼ਾਦੀ ਨਹੀਂ ਹੈ। ਅਸੀਂ ਬਾਈਬਲ ਵਿੱਚ ਜਿਸ ਅਰਾਧਨਾ ਦਾ ਜ਼ਿਕਰ ਹੈ ਉਸ ਨੂੰ ਬਦਲਣ ਵਾਲੇ ਕੌਣ ਹੁੰਦੇ ਹਾਂ? ਸਾਡੀ ਕਲੀਸੀਆ ਵਿੱਚ, ਅਸੀਂ ਸਿਰਫ਼ ਭਜਨ ਹੀ ਗਾਉਂਦੇ ਹਾਂ। ਉਹ ਗੀਤ ਅਰੰਭਕ ਕਲੀਸੀਆ ਦੇ ਗੀਤ ਸਨ; ਉਹ ਸਾਡੇ ਲਈ ਬਹੁਤ ਚੰਗੇ ਹਨ!"[36]

36 ਇਸ ਨੂੰ ਅਰਾਧਨਾ ਦਾ "ਨਿਯਮਿਤ ਸਿਧਾਂਤ" ਕਿਹਾ ਜਾਂਦਾ ਹੈ। ਜੌਨ ਕੈਲਵਿਨ ਦੁਆਰਾ ਸਿਖਾਇਆ ਗਿਆ, ਇਹ ਸਿਧਾਂਤ ਅਜਿਹੇ ਸਭ ਅਰਾਧਨਾ ਅਭਿਆਸਾਂ ਦੀ ਮਨਾਹੀ ਕਰਦਾ ਹੈ ਜੋ ਬਚਨ ਵਿੱਚ ਸਥਾਪਤ ਨਹੀਂ ਕੀਤੇ ਗਏ ਹਨ। ਮੂਲ ਰੂਪ ਵਿੱਚ, ਇਹ ਕਿਸੇ ਵੀ ਸਾਜ਼ ਸੰਗੀਤ (ਕਿਉਂਕਿ ਨਵੇਂ ਨੇਮ ਦੀ

ਈਨੋਕ ਨੇ ਜਵਾਬ ਦਿੱਤਾ, "ਮੈਨੂੰ ਇਹ ਲੱਗਦਾ ਹੈ ਜਿਵੇਂ ਤੁਸੀਂ ਸੋਚਦੇ ਹੋ ਕਿ ਇਤਿਹਾਸ ਪਰਕਾਸ਼ ਦੀ ਪੋਥੀ ਦੇ ਅੰਤ ਤੇ ਰੁਕ ਗਿਆ। ਅਸੀਂ ਆਪਣੇ ਆਪ ਨੂੰ 2,000 ਸਾਲ ਪੁਰਾਣੀ ਅਰਾਧਨਾ ਸ਼ੈਲੀ ਤਕ ਕਿਵੇਂ ਸੀਮਤ ਕਰ ਸਕਦੇ ਹਾਂ? ਜਿੰਨਾ ਚਿਰ ਬਾਈਬਲ ਕਿਸੇ ਅਭਿਆਸ ਦੀ ਮਨਾਹੀ ਨਹੀਂ ਕਰਦੀ ਅਤੇ ਜਿੰਨਾ ਚਿਰ ਅਭਿਆਸ ਨਾਲ ਕਲੀਸੀਆ ਵਿੱਚ ਫੁੱਟ ਨਹੀਂ ਪੈਂਦੀ, ਸਾਨੂੰ ਆਪਣੀ ਪੀੜ੍ਹੀ ਦੀਆਂ ਲੋੜਾਂ ਅਨੁਸਾਰ ਅਰਾਧਨਾ ਨੂੰ ਢਾਲਣਾ ਚਾਹੀਦਾ ਹੈ। ਮੇਰੀ ਕਲੀਸੀਆ ਵਿੱਚ, ਅਸੀਂ ਬਹੁਤ ਸਾਰੇ ਨਵੇਂ ਗੀਤ ਗਾਉਂਦੇ ਹਾਂ। ਜੇ ਪਰਮੇਸ਼ੁਰ ਨਵੇਂ ਗੀਤਾਂ ਤੇ ਰੋਕ ਲਗਾਉਣਾ ਚਾਹੁੰਦਾ, ਤਾਂ ਬਾਈਬਲ ਸਪੱਸ਼ਟ ਤੌਰ ਤੇ ਉਨ੍ਹਾਂ ਤੋਂ ਮਨ੍ਹਾ ਕਰਦੀ।[37]

ਜੇਸਨ ਦਾ ਜਵਾਬ ਵਿਹਾਰਕ ਸੀ। "ਅਸੀਂ ਅਧਿਐਨ ਕੀਤਾ ਹੈ ਕਿ ਬਾਈਬਲ ਅਰਾਧਨਾ ਬਾਰੇ ਕੀ ਕਹਿੰਦੀ ਹੈ। ਅਸੀਂ ਬਚਨ ਤੋਂ ਅਰਾਧਨਾ ਦੇ ਸਿਧਾਂਤਾਂ ਨੂੰ ਜਾਣਦੇ ਹਾਂ। ਸਾਨੂੰ ਇਹ ਵੇਖਣ ਦੀ ਲੋੜ ਹੈ ਕਿ ਦੂਜੇ ਮਸੀਹੀ ਲੋਕਾਂ ਨੇ ਹਰ ਪੀੜ੍ਹੀ ਵਿਚ ਇਨ੍ਹਾਂ ਸਿਧਾਂਤਾਂ ਨੂੰ ਕਿਵੇਂ ਲਾਗੂ ਕੀਤਾ ਹੈ। ਕਲੀਸੀਆ ਦੇ ਇਤਿਹਾਸ ਵਿੱਚ ਅਰਾਧਨਾ ਕਿਸ ਤਰ੍ਹਾਂ ਦੀ ਵਿਖਾਈ ਦਿੰਦੀ ਹੈ?"

ਜੇਸਨ ਅਰਾਧਨਾ ਬਾਰੇ ਚਰਚਾ ਕਰਦੇ ਸਮੇਂ ਇੱਕ ਮਹੱਤਵਪੂਰਣ ਸਿਧਾਂਤ ਨੂੰ ਸਮਝਦਾ ਹੈ। ਭਾਵੇਂ ਕਿ ਅਰਾਧਨਾ ਬਾਰੇ ਬਾਈਬਲ ਦੇ ਸਿਧਾਂਤ ਬਦਲਦੇ ਨਹੀਂ ਹਨ, ਪਰ ਬਾਈਬਲ ਵਿੱਚ ਅਰਾਧਨਾ ਦਾ ਹਰੇਕ ਅਨੁਭਵ ਵੱਖਰਾ ਹੈ। ਵੇਰਵੇ ਵੱਖੋ-ਵੱਖਰੇ ਹਨ; ਪਰ ਅਰਾਧਨਾ ਦੇ ਜ਼ਰੂਰੀ ਤੱਤ ਇੱਕੋ ਜਿਹੇ ਰਹਿੰਦੇ ਹਨ। ਅਸੀਂ ਪਿਛਲੇ ਦੋ ਪਾਠਾਂ ਵਿੱਚ ਅਰਾਧਨਾ ਦੇ ਜ਼ਰੂਰੀ ਸਿਧਾਂਤ ਵੇਖੇ ਹਨ, ਪਰ ਵੇਰਵੇ ਬਦਲਦੇ ਰਹਿੰਦੇ ਹਨ। ਵਿਚਾਰ ਕਰੋ:

- ਅਬਰਾਹਾਮ ਆਪਣੇ ਤੰਬੂ ਦੇ ਬੂਹੇ ਉੱਤੇ ਸੀ ਜਦੋਂ ਉਸ ਨੇ ਅਰਾਧਨਾ ਕੀਤੀ। ਕੋਈ ਇਸ ਨੂੰ ਪੜ੍ਹ ਕੇ ਕਹਿ ਸਕਦਾ ਹੈ, "ਸੱਚੀ ਅਰਾਧਨਾ ਉਦੋਂ ਹੁੰਦੀ ਹੈ ਜਦੋਂ ਤੁਸੀਂ ਘਰ ਹੁੰਦੇ ਹੋ।" ਪਰ...
- ਯਸਾਯਾਹ ਹੈਕਲ ਵਿੱਚ ਸੀ ਜਦੋਂ ਉਸ ਨੇ ਪ੍ਰਭੂ ਨੂੰ ਉੱਚਾ ਕੀਤਾ ਹੋਇਆ ਵੇਖਿਆ। ਕੋਈ ਇਸ ਨੂੰ ਪੜ੍ਹ ਸਕਦਾ ਹੈ ਅਤੇ ਕਹਿ ਸਕਦਾ ਹੈ, "ਸੱਚੀ ਅਰਾਧਨਾ ਉਦੋਂ ਹੁੰਦੀ ਹੈ ਜਦੋਂ ਤੁਸੀਂ ਚਰਚ ਵਿੱਚ ਹੁੰਦੇ ਹੋ।" ਪਰ...
- ਅੱਯੂਬ ਸਿਰ ਤੋਂ ਪੈਰਾਂ ਤੱਕ ਫੋੜਿਆਂ ਨਾਲ ਭਰਿਆ ਹੋਇਆ ਸੀ ਜਦੋਂ ਉਸ ਨੇ ਕਿਹਾ, "ਮੈਂ ਤੇਰੇ ਵਿਖੇ ਸੁਣੀਆਂ ਸੁਣਾਈਆਂ ਗੱਲਾਂ ਸੁਣੀਆਂ, ਪਰ ਹੁਣ ਮੇਰੀ ਅੱਖ ਤੈਨੂੰ ਵੇਖਦੀ ਹੈ" (ਅੱਯੂਬ 42:5)। ਕੋਈ ਇਸ ਨੂੰ ਪੜ੍ਹ ਕੇ ਕਹਿ ਸਕਦਾ ਹੈ, "ਆਹਾ! ਸੱਚੀ ਅਰਾਧਨਾ ਉਦੋਂ ਹੁੰਦੀ ਹੈ ਜਦੋਂ ਤੁਸੀਂ ਦੁਖੀ ਹੁੰਦੇ ਹੋ।"

ਕੀ ਤੁਸੀਂ ਮੁੱਖ ਗੱਲ ਵੇਖ ਰਹੇ ਹੋ? ਅਰਾਧਨਾ ਬਹੁਤ ਸਾਰੇ ਵੱਖੋ-ਵੱਖਰੇ ਹਾਲਾਤਾਂ ਵਿੱਚ, ਬਹੁਤ ਸਾਰੇ ਵੱਖ-ਵੱਖ ਤਰੀਕਿਆਂ ਨਾਲ ਅਤੇ ਬਹੁਤ ਸਾਰੇ ਵੱਖ-ਵੱਖ ਨਮੂਨਿਆਂ ਦੇ ਅਨੁਸਾਰ ਹੁੰਦੀ ਹੈ। ਅਸੀਂ ਅਕਸਰ ਅਰਾਧਨਾ ਦੇ ਬਦਲਣ ਵਾਲੇ ਹਾਲਾਤਾਂ ਨੂੰ ਨਾ ਬਦਲਣ ਵਾਲੇ ਸਿਧਾਂਤਾਂ ਨਾਲ ਉਲਝਾ ਦਿੰਦੇ ਹਾਂ।

ਇਸ ਪਾਠ ਵਿੱਚ, ਅਸੀਂ ਵੇਖਾਂਗੇ ਕਿ ਕਿਵੇਂ ਕਲੀਸੀਆ ਨੇ ਪੂਰੇ ਇਤਿਹਾਸ ਵਿੱਚ ਅਰਾਧਨਾ ਦੇ ਸਿਧਾਂਤਾਂ ਨੂੰ ਲਾਗੂ ਕੀਤਾ ਹੈ। ਇਸ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਪਰਮੇਸ਼ੁਰ ਦੇ ਲੋਕ ਕਿਸ ਤਰ੍ਹਾਂ ਦੀ ਅਰਾਧਨਾ ਕਰਦੇ ਹਨ। ਉਮੀਦ ਹੈ ਕਿ ਇਹ ਤੁਹਾਨੂੰ ਇਹ ਵੇਖਣ ਵਿੱਚ ਮਦਦ ਕਰੇਗਾ ਕਿ ਅਰਾਧਨਾ ਲਈ ਕੋਈ ਇੱਕ ਨਮੂਨਾ ਨਹੀਂ ਹੈ ਜਿਸ ਦੀ ਪਾਲਣਾ ਸਾਰੇ ਲੋਕਾਂ ਦੁਆਰਾ ਸਾਰੇ ਹਾਲਾਤਾਂ ਵਿੱਚ ਕੀਤੀ ਜਾਣੀ ਚਾਹੀਦੀ ਹੈ। ਬਲਕਿ ਸਾਨੂੰ ਇਹ ਨਿਰਧਾਰਿਤ ਕਰਨ ਲਈ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਭਾਲਣੀ ਚਾਹੀਦੀ ਹੈ ਕਿ ਸਾਡੀ ਸਥਿਤੀ ਵਿੱਚ ਅਰਾਧਨਾ ਦੇ ਬਾਈਬਲ ਦੇ ਸਿਧਾਂਤਾਂ ਨੂੰ ਕਿਵੇਂ ਲਾਗੂ ਕਰਨਾ ਹੈ।

ਅਰਾਧਨਾ ਵਿੱਚ ਸਾਜ਼ਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ) ਜਾਂ ਜ਼ਬੂਰਾਂ ਤੋਂ ਇਲਾਵਾ ਕਿਸੇ ਹੋਰ ਗੀਤਾਂ ਦੀ ਵਰਤੋਂ ਨੂੰ ਰੋਕਦਾ ਸੀ। ਅੱਜ ਇਸ ਸਿਧਾਂਤ ਦੀ ਪਾਲਣਾ ਕਰਨ ਵਾਲੀਆਂ ਕੁਝ ਕਲੀਸੀਆਵਾਂ ਨੇ ਸਾਜ਼ ਅਤੇ ਭਜਨ ਸ਼ਾਮਲ ਕੀਤੇ ਹਨ; ਪਰ ਉਹ ਅਰਾਧਨਾ ਕਰਨ ਦੇ ਨਵੇਂ ਤਰੀਕਿਆਂ ਨੂੰ ਨਜ਼ਰਅੰਦਾਜ਼ ਕਰਦੇ ਰਹਿੰਦੇ ਹਨ।

37 ਇਸ ਨੂੰ ਅਰਾਧਨਾ ਦਾ "ਆਚਰਨ ਸਿਧਾਂਤ" ਕਿਹਾ ਜਾਂਦਾ ਹੈ। ਇਹ ਪਹੁੰਚ ਸਿਖਾਉਂਦੀ ਹੈ ਕਿ ਬਚਨ ਵਿੱਚ ਵਰਜਿਤ ਕਿਸੇ ਵੀ ਅਰਾਧਨਾ ਅਭਿਆਸਾਂ ਦੀ ਇਜਾਜ਼ਤ ਹੈ, ਜਦੋਂ ਤੱਕ ਉਹ ਕਲੀਸੀਆ ਦੀ ਸ਼ਾਂਤੀ ਅਤੇ ਏਕਤਾ ਨੂੰ ਭੰਗ ਨਹੀਂ ਕਰਦੇ ਹਨ।

ਇਸ ਪਾਠ ਵਿੱਚ, ਅਸੀਂ ਇਹ ਵੀ ਵੇਖਾਂਗੇ ਕਿ ਅਸੀਂ ਜਿਸ ਤਰੀਕੇ ਨਾਲ ਅਰਾਧਨਾ ਕਰਦੇ ਹਾਂ ਉਹ ਸਾਡੀਆਂ ਧਾਰਮਿਕ ਮਾਨਤਾਵਾਂ ਨੂੰ ਦਰਸਾਉਂਦਾ ਹੈ। ਸਾਡੇ ਅਰਾਧਨਾ ਅਭਿਆਸ ਪਰਮੇਸ਼ੁਰ ਬਾਰੇ ਸਾਡੀਆਂ ਧਾਰਮਿਕ ਮਾਨਤਾਵਾਂ ਅਤੇ ਅਸੀਂ ਉਸ ਤਕ ਕਿਵੇਂ ਪਹੁੰਚ ਕਰਦੇ ਹਾਂ ਉਸ ਤੋਂ ਪ੍ਰਭਾਵਿਤ ਹੁੰਦੇ ਹਨ।

ਜਦੋਂ ਤੁਸੀਂ ਅਰਾਧਨਾ ਬਾਰੇ ਫ਼ੈਸਲੇ ਲੈਂਦੇ ਹੋ ਤਾਂ ਇਹ ਸਮਝ ਬਹੁਤ ਜ਼ਰੂਰੀ ਹੁੰਦੀ ਹੈ। ਕੀ ਤੁਸੀਂ ਆਪਣੀ ਅਰਾਧਨਾ ਬੰਦਗੀ ਇਸ ਤਰੀਕੇ ਨਾਲ ਚਲਾਉਂਦੇ ਹੋ ਜੋ ਤੁਹਾਡੀਆਂ ਧਾਰਮਿਕ ਮਾਨਤਾਵਾਂ ਦਾ ਸੰਚਾਰ ਕਰਦਾ ਹੈ, ਜਾਂ ਕੀ ਤੁਸੀਂ ਸਿਰਫ਼ ਕਿਸੇ ਹੋਰ ਕਲੀਸੀਆ ਦੇ ਨਮੂਨੇ ਦੀ ਨਕਲ ਕਰ ਰਹੇ ਹੋ? ਜੇ ਤੁਸੀਂ ਕਿਸੇ ਹੋਰ ਕਲੀਸੀਆ ਦੀ ਨਕਲ ਕਰ ਰਹੇ ਹੋ, ਤਾਂ ਤੁਹਾਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਤੁਸੀਂ ਪਰਮੇਸ਼ੁਰ ਬਾਰੇ ਉਸ ਕਲੀਸੀਆ ਦੀਆਂ ਮਾਨਤਾਵਾਂ ਨਾਲ ਅਤੇ ਪਰਮੇਸ਼ੁਰ ਤਕ ਸਾਡੇ ਪਹੁੰਚ ਕਰਨ ਦੇ ਤਰੀਕੇ ਨਾਲ ਸਹਿਮਤ ਹੋਵੋ। ਸਾਡੀ ਅਰਾਧਨਾ ਦਰਸਾਉਂਦੀ ਹੈ ਕਿ ਅਸੀਂ ਕੀ ਵਿਸ਼ਵਾਸ ਕਰਦੇ ਹਾਂ।

» ਇਸ ਪਾਠ ਨੂੰ ਅੱਗੇ ਜਾਰੀ ਰੱਖਣ ਤੋਂ ਪਹਿਲਾਂ, ਆਪਣੀਆਂ ਵਰਤਮਾਨ ਅਰਾਧਨਾ ਬੰਦਗੀਆਂ ਬਾਰੇ ਚਰਚਾ ਕਰੋ। ਜੇਕਰ ਕੋਈ ਵਿਅਕਤੀ ਤੁਹਾਡੀ ਡਾਕਟ੍ਰਿਨ (ਸਿੱਖਿਆ) ਬਾਰੇ ਕੁਝ ਨਾ ਜਾਣਦਾ ਹੋਵੇ, ਤਾਂ ਤੁਹਾਡੀ ਅਰਾਧਨਾ ਦੀ ਸ਼ੈਲੀ ਉਸ ਨੂੰ ਕੀ ਕਹੇਗੀ? ਉਹ ਪਰਮੇਸ਼ੁਰ ਬਾਰੇ ਤੁਹਾਡੇ ਨਜ਼ਰੀਏ, ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਬਾਰੇ ਤੁਹਾਡੇ ਨਜ਼ਰੀਏ ਅਤੇ ਤੁਹਾਡੀ ਅਰਾਧਨਾ ਬੰਦਗੀ ਦੇ ਨਤੀਜੇ ਵਜੋਂ ਖੁਸ਼ਖ਼ਬਰੀ ਬਾਰੇ ਤੁਹਾਡੇ ਨਜ਼ਰੀਏ ਬਾਰੇ ਕੀ ਸਿੱਖਣਗੇ?

ਦੂਜੀ ਸਦੀ ਵਿੱਚ ਅਰਾਧਨਾ ਦੀ ਤਸਵੀਰ

ਨਵੇਂ ਨੇਮ ਤੋਂ ਬਾਅਦ ਅਰਾਧਨਾ ਦੀ ਸਾਡੀ ਸਭ ਤੋਂ ਪਹਿਲੀ ਤਸਵੀਰ 113 ਈਸਵੀ ਦੇ ਇੱਕ ਪੱਤਰ ਵਿੱਚ ਆਉਂਦੀ ਹੈ। ਬਿਥਨੀਆ ਦੇ ਗਵਰਨਰ ਪਲਿਨੀ ਨੇ ਸਮਰਾਟ ਟ੍ਰੈਜਨ ਨੂੰ ਲਿਖੇ ਇੱਕ ਪੱਤਰ ਵਿੱਚ ਮਸੀਹੀ ਅਰਾਧਨਾ ਦਾ ਵਰਣਨ ਕੀਤਾ।[38] ਉਸ ਨੇ ਲਿਖਿਆ ਕਿ ਮਸੀਹੀ ਲੋਕ, "ਇੱਕ ਨਿਸ਼ਚਤ ਦਿਨ ਤੜਕੇ ਇਕੱਠੇ ਹੁੰਦੇ ਹਨ ਅਤੇ ਵਾਰੀ-ਵਾਰੀ ਪਰਮੇਸ਼ੁਰ ਵਜੋਂ ਮਸੀਹ ਲਈ ਇੱਕ ਭਜਨ ਗਾਉਂਦੇ ਹਨ, ਅਤੇ ਉਹ ਇੱਕ ਪ੍ਰਣ ਕਰਦੇ ਹਨ ... ਕੋਈ ਚੋਰੀ, ਕੋਈ ਧੋਖਾਧੜੀ, ਕੋਈ ਵਿਭਚਾਰ ਨਹੀਂ ... ਫਿਰ ਉਹ ਆਪਣੀ ਰੀਤ ਅਨੁਸਾਰ ਅਲੱਗ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਇਕੱਠੇ ਭੋਜਨ ਖਾਣ ਦੇ ਲਈ ਪਰਤ ਆਉਂਦੇ ਹਨ।"

ਪਲਿਨੀ ਦੇ ਅਨੁਸਾਰ, ਮਸੀਹੀ ਲੋਕ ਐਤਵਾਰ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਭਜਨ ਗਾਉਣ ਅਤੇ ਨੈਤਿਕ ਚਾਲ-ਚਲਣ ਦਾ ਪ੍ਰਣ ਕਰਨ ਲਈ ਇਕੱਠੇ ਹੁੰਦੇ ਸਨ, ਸ਼ਾਇਦ ਬਚਨ ਦੇ ਪੜ੍ਹੇ ਜਾਣ ਦੇ ਜਵਾਬ ਵਿੱਚ। ਬਾਅਦ ਵਿੱਚ, ਉਹ ਭੋਜਨ ਖਾਂਦੇ ਸਨ, ਜਿਸ ਵਿੱਚ ਸ਼ਾਇਦ ਪ੍ਰਭੂ-ਭੋਜ ਸ਼ਾਮਲ ਸੀ।

ਚਾਲ੍ਹੀ ਸਾਲਾਂ ਬਾਅਦ, ਜਸਟਿਨ ਮਾਰਟਿਅਰ ਨੇ ਅਰਾਧਨਾ ਦਾ ਵਧੇਰੇ ਵਿਸਤ੍ਰਿਤ ਵਰਣਨ ਦਿੱਤਾ।[39] ਜਸਟਿਨ ਨੇ ਮਸੀਹੀ ਅਰਾਧਨਾ ਦਾ ਬਚਾਅ ਕਰਨ ਲਈ ਰੋਮਨ ਸਮਰਾਟ ਨੂੰ ਲਿਖਿਆ ਜਿਸ ਨੂੰ ਮਸੀਹੀ ਲੋਕਾਂ ਤੇ ਅਨੈਤਿਕ ਅਤੇ ਸਾਮਰਾਜ ਪ੍ਰਤੀ ਵਫ਼ਾਦਾਰ ਨਾ ਹੋਣ ਦਾ ਸੰਦੇਹ ਸੀ। ਜਸਟਿਨ ਨੇ ਸਮਰਾਟ ਨੂੰ ਭਰੋਸਾ ਦਿਵਾਇਆ ਕਿ ਮਸੀਹੀ ਅਰਾਧਨਾ ਰੋਮ ਲਈ ਖ਼ਤਰਾ ਨਹੀਂ ਸੀ। ਜਸਟਿਨ ਦੇ ਅਨੁਸਾਰ, ਮਸੀਹੀ ਅਰਾਧਨਾ ਵਿੱਚ ਹੇਠ ਲਿਖੇ ਤੱਤ ਸ਼ਾਮਲ ਸਨ:

1. **ਬਚਨ ਪੜ੍ਹਨਾ।**
2. **ਮੰਡਲੀ ਦੇ ਆਗੂ ਦੁਆਰਾ ਇੱਕ ਉਪਦੇਸ਼।**

---

38 Pliny, Letters 10.96-97, Retrieved from https://faculty.georgetown.edu/jod/texts/pliny.html on January 26, 2023.

39 Justin Martyr, (Translated by Marcus Dods), The First Apology of Justin (Chapter 67). Retrieved from https://en.wikisource.org/wiki/Ante-Nicene_Christian_Library/The_First_Apology_of_Justin_Martyr#Chapter_67 on January 26, 2023

3. **ਪ੍ਰਾਰਥਨਾ।** ਇਕੱਲਾ-ਇਕੱਲਾ ਵਿਅਕਤੀ ਚੁੱਪਚਾਪ ਪ੍ਰਾਰਥਨਾ ਕਰਦਾ ਸੀ; ਫਿਰ ਆਗੂ ਰਸਮੀ ਪ੍ਰਾਰਥਨਾ ਵਿੱਚ ਅਗਵਾਈ ਕਰਦਾ ਸੀ, ਜਿਸ ਦਾ ਲੋਕ ਇਹ ਕਹਿ ਕੇ ਜਵਾਬ ਦਿੰਦੇ ਸਨ, "ਆਮੀਨ।" ਪ੍ਰਾਰਥਨਾ ਦੇ ਅੰਤ ਵਿੱਚ, ਅਰਾਧਕ ਪਵਿੱਤਰ ਆਤਮਾ ਦੀ ਹਜ਼ੂਰੀ ਨੂੰ ਦਰਸਾਉਂਦੇ ਹੋਏ ਪਵਿੱਤਰ ਚੁੰਮਣ ਨਾਲ ਇੱਕ ਦੂਜੇ ਦਾ ਸਵਾਗਤ ਕਰਦੇ ਸਨ।

4. **ਬੰਦਗੀ ਦੀ ਸਮਾਪਤੀ ਪ੍ਰਭੂ ਭੋਜ ਨਾਲ ਕੀਤੀ ਜਾਂਦੀ ਸੀ।** ਬੰਦਗੀ ਤੋਂ ਬਾਅਦ, ਦੋ ਡੀਕਨ ਬਾਕੀ ਬਚੀ ਰੋਟੀ ਅਤੇ ਦਾਖਰਸ ਉਨ੍ਹਾਂ ਮਸੀਹੀ ਲੋਕਾਂ ਕੋਲ ਲੈ ਕੇ ਆਉਂਦੇ ਸਨ ਜੋ ਬਿਮਾਰ ਸਨ ਜਾਂ ਜੋ ਸ਼ਹੀਦੀ ਦੀ ਉਡੀਕ ਵਿੱਚ ਜੇਲ੍ਹ ਵਿੱਚ ਸਨ।

5. **ਬੰਦਗੀ ਦੇ ਅੰਤ ਵਿੱਚ, ਜਿਨ੍ਹਾਂ ਕੋਲ ਪੈਸਾ ਜਾਂ ਭੋਜਨ ਹੁੰਦਾ ਸੀ, ਉਹ ਆਪਣੇ ਤੋਹਫ਼ੇ ਆਗੂ ਕੋਲ ਅੱਗੇ ਲੈ ਕੇ ਆਉਂਦੇ ਸਨ।** ਇਹ ਭੇਟਾਂ "ਅਨਾਥਾਂ ਅਤੇ ਵਿਧਵਾਵਾਂ ਕੋਲ, ਜੋ ਬੀਮਾਰੀਆਂ ਜਾਂ ਕਿਸੇ ਹੋਰ ਕਾਰਣ ਕਰਕੇ ਲੋੜਵੰਦ ਸਨ ਅਤੇ ਸਾਡੇ ਵਿਚਲੇ ਗ਼ੁਲਾਮਾਂ ਅਤੇ ਅਜਨਬੀਆਂ ਕੋਲ ਲਿਜਾਈਆਂ ਜਾਂਦੀਆਂ ਸਨ।"

ਦੂਜੀ ਸਦੀ ਦੀ ਅਰਾਧਨਾ ਦੀਆਂ ਤਾਕਤਾਂ ਵਿੱਚੋਂ ਇੱਕ ਤਾਕਤ ਕਲੀਸੀਆ ਦੀ ਭਾਗੀਦਾਰੀ ਸੀ। ਪਲਿਨੀ ਅਤੇ ਜਸਟਿਨ ਮਾਰਟਿਅਰ ਦੋਵਾਂ ਨੇ ਇੱਕ ਸਧਾਰਣ ਬੰਦਗੀ ਦਾ ਵਰਣਨ ਕੀਤਾ, ਜਿਸ ਵਿੱਚ ਰੋਮ ਦੇ ਬੁੱਤਪ੍ਰਸਤ ਰਹੱਸਮਈ ਧਰਮਾਂ ਵਿੱਚ ਆਮ ਵਿਸਤ੍ਰਿਤ ਰੀਤੀ-ਰਿਵਾਜਾਂ ਵਰਗਾ ਕੁਝ ਨਹੀਂ ਸੀ। ਅਰਾਧਨਾ ਗੂੜ੍ਹੀ ਸੀ, ਕਿਉਂਕਿ ਛੋਟੇ ਸਮੂਹ ਨਿੱਜੀ ਘਰਾਂ ਵਿੱਚ ਇਕੱਠੇ ਹੁੰਦੇ ਸਨ।

ਇੱਕ ਹੋਰ ਤਾਕਤ ਅਰਾਧਨਾ ਅਤੇ ਜੀਵਨ ਵਿਚਕਾਰ ਸਪੱਸ਼ਟ ਸੰਬੰਧ ਸੀ। ਪਲਿਨੀ ਦਾ ਪੱਤਰ ਨੈਤਿਕ ਵਿਹਾਰ ਪ੍ਰਤੀ ਮਸੀਹੀ ਵਿਅਕਤੀ ਦੀ ਵਚਨਬੱਧਤਾ ਦਾ ਜ਼ਿਕਰ ਕਰਦਾ ਹੈ; ਜਸਟਿਨ ਮਾਰਟਿਅਰ ਨੇ ਲੋੜਵੰਦਾਂ ਦੀ ਮਦਦ ਲਈ ਤੋਹਫ਼ਿਆਂ ਦਾ ਜ਼ਿਕਰ ਕੀਤਾ। ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ।

» ਦੂਜੀ ਸਦੀ ਵਿੱਚ ਅਰਾਧਨਾ ਦੇ ਕਿਹੜੇ ਪਹਿਲੂ ਤੁਹਾਡੀ ਅਰਾਧਨਾ ਨੂੰ ਲਾਭ ਪਹੁੰਚਾ ਸਕਦੇ ਹਨ? ਕੀ ਤੁਸੀਂ ਦੂਜੀ ਸਦੀ ਦੀ ਅਰਾਧਨਾ ਵਿੱਚ ਕੋਈ ਖ਼ਤਰਾ ਵੇਖਦੇ ਹੋ?

ਮੱਧ ਯੁੱਗ ਵਿੱਚ ਅਰਾਧਨਾ ਦੀ ਇੱਕ ਤਸਵੀਰ

ਅਰਾਧਨਾ ਦੀ ਦੂਜੀ ਤਸਵੀਰ ਲਈ, 12ਵੀਂ ਸਦੀ ਤੇ ਗੌਰ ਕਰੋ। ਵਿਚਕਾਰਲੇ ਸਾਲਾਂ ਵਿੱਚ, ਮਸੀਹੀਅਤ ਪਵਿੱਤਰ ਰੋਮੀ ਸਾਮਰਾਜ ਦਾ ਅਧਿਕਾਰਤ ਧਰਮ ਬਣ ਗਈ ਸੀ। 313 ਈਸਵੀ ਵਿੱਚ ਕਾਂਸਟੈਂਟਾਈਨ ਦੇ *ਐਡਿਕਟ ਆਫ਼ ਮਿਲਾਨ ਤੋਂ ਬਾਅਦ*, ਕਲੀਸੀਆਵਾਂ ਨੇ ਤੇਜ਼ੀ ਨਾਲ ਗਿਰਜਾਘਰਾਂ ਦੀਆਂ ਸ਼ਾਨਦਾਰ ਇਮਾਰਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ 1,000 ਸਾਲਾਂ ਦੌਰਾਨ ਬਹੁਤ ਸਾਰੇ ਵੱਡੇ-ਵੱਡੇ ਯੂਰਪੀ ਗਿਰਜਾਘਰ ਬਣਾਏ ਗਏ।

ਮੱਧ ਯੁੱਗ ਵਿੱਚ, ਅਰਾਧਨਾ ਦਾ ਕੱਧ ਬਹੁਤ ਵੱਡਾ ਹੋ ਗਿਆ ਸੀ। ਸਕਾਰਾਤਮਕ ਪੱਖ ਤੋਂ, ਗਿਰਜਾਘਰ ਦੀ ਅਰਾਧਨਾ ਨੇ ਪਰਮੇਸ਼ੁਰ ਦੀ ਮਹਿਮਾ ਵਿਖਾਈ। ਰੰਗਦਾਰ ਸ਼ੀਸ਼ੇ ਵਾਲੀਆਂ ਖਿੜਕੀਆਂ ਉਨ੍ਹਾਂ ਲੋਕਾਂ ਲਈ ਬਾਈਬਲ ਦੀਆਂ ਘਟਨਾਵਾਂ ਨੂੰ ਦਰਸਾਉਂਦੀਆਂ ਸਨ ਜੋ ਪੜ੍ਹ ਨਹੀਂ ਸਕਦੇ ਸਨ। ਗੀਤ ਗਾਉਣ ਵਾਲੀ ਮੰਡਲੀ ਸੁੰਦਰ ਗੀਤ ਗਾਉਂਦੀ ਸੀ। ਅਰਾਧਨਾ ਦਿਲਚਸਪ ਅਤੇ ਸੁੰਦਰ ਸੀ।

ਮੱਧ ਯੁੱਗ ਵਿੱਚ ਅਰਾਧਨਾ ਦੀਆਂ ਕਮਜ਼ੋਰੀਆਂ

ਸੁੰਦਰਤਾ ਆਤਮਿਕਤਾ ਨਾਲੋਂ ਵਧੇਰੇ ਮਹੱਤਵਪੂਰਣ ਸੀ।

ਅਰਾਧਨਾ ਲਈ ਸੁੰਦਰ ਚੀਜ਼ਾਂ ਦੀ ਵਰਤੋਂ ਤੇ ਜ਼ੋਰ ਦਿੱਤਾ ਜਾਂਦਾ ਸੀ: ਧੂਪ, ਸਿਖਲਾਈ ਪ੍ਰਾਪਤ ਗਾਇਕਾਂ ਦੁਆਰਾ ਗਾਇਆ ਜਾਣ ਵਾਲਾ ਵਿਸਤ੍ਰਿਤ ਸੰਗੀਤ, ਘੰਟੀਆਂ ਅਤੇ ਜਾਜਕਾਂ ਲਈ ਵਿਸ਼ੇਸ਼ ਬਸਤ੍ਰ। ਆਤਮਿਕਤ ਗੱਲਾਂ ਨਾਲੋਂ ਕਲਾਤਮਕ ਗੱਲਾਂ ਵਧੇਰੇ ਮਹੱਤਵਪੂਰਣ ਹੋ ਗਈਆਂ।

ਲੋਕ ਬੰਦਗੀਆਂ ਨੂੰ ਸਮਝ ਨਹੀਂ ਸਕੇ।

ਬੰਦਗੀ ਲਾਤੀਨੀ ਵਿੱਚ ਹੁੰਦੀ ਸੀ, ਇੱਕ ਅਜਿਹੀ ਭਾਸ਼ਾ ਜਿਸ ਨੂੰ ਬਹੁਤ ਘੱਟ ਲੋਕ ਸਮਝਦੇ ਸਨ। ਬਹੁਤ ਸਾਰੇ ਸਥਾਨਕ ਜਾਜਕਾਂ ਨੂੰ ਸੰਦੇਸ਼ ਦਾ ਪਰਚਾਰ ਕਰਨ ਲਈ ਬਹੁਤ ਘੱਟ ਸਿਖਲਾਈ ਦਿੱਤੀ ਜਾਂਦੀ ਸੀ। ਪ੍ਰਾਰਥਨਾਵਾਂ ਭੱਦੀਆਂ ਸਨ ਜੋ ਬਹੁਤ ਸਾਰੇ ਵੱਖ-ਵੱਖ ਸਰੋਤਾਂ ਤੋਂ ਹਵਾਲੇ ਲੈ ਕੇ ਬਣਾਈਆਂ ਗਈਆਂ ਸਨ ਅਤੇ ਅਕਸਰ ਸਹੀ ਢੰਗ ਨਾਲ ਇਕਸਾਰ ਨਹੀਂ ਹੁੰਦੀਆਂ ਸਨ।

ਲੋਕ ਵੇਖਣ ਵਾਲੇ ਸਨ, ਸਰਗਰਮ ਅਰਾਧਕ ਨਹੀਂ।

ਲੋਕਾਂ ਦੀ ਭਾਗੀਦਾਰੀ ਬਹੁਤ ਘੱਟ ਸੀ। ਮੰਡਲੀ ਪ੍ਰਭੂ-ਭੋਜ ਦਾ ਨਾਟਕ ਵੇਖ ਰਹੇ ਦਰਸ਼ਕਾਂ ਦਾ ਇੱਕ ਸਮੂਹ ਬਣ ਗਈ ਸੀ। ਜਾਜਕ ਅਰਾਧਨਾ ਦੀਆਂ ਘਟਨਾਵਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰਦੇ ਸਨ ਜਦ ਕਿ ਇੱਕ ਦਰਸ਼ਕ ਵੇਖਦੇ ਸਨ। ਬੰਦਗੀ ਦਾ ਕੇਂਦਰਬਿੰਦੂ ਬਚਨ ਦੀ ਬਜਾਇ ਪ੍ਰਭੂ-ਭੋਜ ਸੀ।

ਰੋਮਨ ਕੈਥੋਲਿਕ ਚਰਚ ਨੇ ਸਿਖਾਇਆ ਕਿ ਰੋਟੀ ਅਤੇ ਦਾਖਰਸ ਮਸੀਹ ਦੇ ਅਸਲ ਸਰੀਰ ਅਤੇ ਲਹੂ ਵਿੱਚ ਬਦਲ ਗਏ ਸਨ (ਇਸ ਨੂੰ *ਟ੍ਰਾਂਸਬਸਟੈਂਟੇਸ਼ਨ* ਦਾ ਸਿਧਾਂਤ ਕਿਹਾ ਜਾਂਦਾ ਹੈ।) ਜ਼ਿਆਦਾਤਰ ਆਮ ਲੋਕਾਂ ਨੂੰ ਈਸਟਰ ਤੇ ਹੀ ਪ੍ਰਭੂ-ਭੋਜ ਮਿਲਦਾ ਸੀ। ਜਾਜਕ ਦਾਖਰਸ ਪੀਂਦੇ ਸਨ ਅਤੇ ਮੰਡਲੀ ਨੂੰ ਸਿਰਫ਼ ਰੋਟੀ ਦਿੱਤੀ ਜਾਂਦੀ ਸੀ।

ਖੁਸ਼ਖ਼ਬਰੀ ਨੂੰ ਰੀਤ ਨਾਲ ਬਦਲ ਦਿੱਤਾ ਗਿਆ ਸੀ।

ਸਾਡੀ ਅਰਾਧਨਾ ਸਾਡੀਆਂ ਧਾਰਮਿਕ ਮਾਨਤਾਵਾਂ ਨੂੰ ਆਕਾਰ ਦਿੰਦੀ ਹੈ। ਅਸੀਂ ਮੱਧ ਯੁੱਗ ਵਿੱਚ ਇਸ ਸਿਧਾਂਤ ਨੂੰ ਕੰਮ ਕਰਦੇ ਹੋਏ ਵੇਖਦੇ ਹਾਂ; ਰੋਮਨ ਕੈਥੋਲਿਕ ਅਰਾਧਨਾ ਨੇ ਉਨ੍ਹਾਂ ਦੇ ਧਰਮ-ਗਿਆਨ ਨੂੰ ਆਕਾਰ ਦਿੱਤਾ। ਪਰਮੇਸ਼ੁਰ ਨੂੰ ਮਨੁੱਖੀ ਸਰੋਕਾਰਾਂ ਤੋਂ ਦੂਰ ਸਮਝਿਆ ਜਾਂਦਾ ਸੀ। ਆਮ ਇਹ ਮਹਿਸੂਸ ਨਹੀਂ ਕਰਦੇ ਸਨ ਕਿ ਉਹ ਪਰਮੇਸ਼ੁਰ ਤੱਕ ਪਹੁੰਚ ਸਕਦੇ ਸਨ; ਇਸ ਦੀ ਬਜਾਇ, ਉਹ ਸਿਰਫ਼ ਇੱਕ ਜਾਜਕ ਰਾਹੀਂ ਹੀ ਪਰਮੇਸ਼ੁਰ ਨਾਲ ਗੱਲ ਕਰ ਸਕਦੇ ਸਨ। ਜਾਜਕ ਪਰਮੇਸ਼ੁਰ ਅਤੇ ਮਨੁੱਖ ਵਿਚਕਾਰ ਵਿਚੋਲਾ ਬਣ ਗਿਆ।

ਮੱਧ ਯੁੱਗ ਵਿੱਚ ਅਰਾਧਨਾ ਦੀ ਤਾਕਤ ਇਸ ਦੀ ਮਹਿਮਾ ਅਤੇ ਪਰਮੇਸ਼ੁਰ ਅੱਗੇ ਭੈ ਦੀ ਭਾਵਨਾ ਸੀ। ਭਵਨ ਨਿਰਮਾਣ ਕਲਾ, ਸੰਗੀਤ, ਨਾਟਕ ਅਤੇ ਸੁੰਦਰ ਕਾਰੀਗਰੀ ਦੇ ਰਾਹੀਂ ਅਰਾਧਨਾ ਪਰਮੇਸ਼ੁਰ ਦੀ ਮਹਿਮਾ ਨੂੰ ਦਰਸਾਉਂਦੀ ਸੀ।

ਪਰ, ਮੱਧ ਯੁੱਗ ਵਿੱਚ ਅਰਾਧਨਾ ਦੀ ਕਮਜ਼ੋਰੀ ਇਸ ਦੇ ਮਜ਼ਬੂਤ ਪੱਖਾਂ ਉੱਤੇ ਭਾਰੂ ਹੋ ਗਈ। ਸਾਧਾਰਨ ਮਸੀਹੀ ਵਿਅਕਤੀ ਅਰਾਧਨਾ ਬੰਦਗੀ ਵਿੱਚ ਸਿਰਫ਼ ਇੱਕ ਦਰਸ਼ਕ ਸੀ। ਕਈ ਤਰੀਕਿਆਂ ਨਾਲ, ਮੱਧ ਯੁੱਗ ਦੀ ਅਰਾਧਨਾ ਨਵੇਂ ਨੇਮ ਦੀ ਅਰਾਧਨਾ ਤੋਂ ਦੁਖਦਾਈ ਵਿਦਾਇਗੀ ਸੀ।

ਅਰਾਧਨਾ ਨਾਲ ਜੁੜੇ ਖ਼ਤਰੇ: ਅਰਥਹੀਣ ਅਰਾਧਨਾ

ਸਾਨੂੰ ਆਪਣੀਆਂ ਕਲੀਸੀਆਵਾਂ ਨੂੰ ਇਹ ਸਿਖਾਉਣ ਲਈ ਸਮਾਂ ਕੱਢਣਾ ਚਾਹੀਦਾ ਹੈ ਕਿ ਅਸੀਂ ਜਿਸ ਤਰੀਕੇ ਨਾਲ ਅਰਾਧਨਾ ਕਰਦੇ ਹਾਂ ਉਸ ਤਰੀਕੇ ਨਾਲ ਅਰਾਧਨਾ ਕਿਉਂ ਕਰਦੇ ਹਾਂ, ਨਹੀਂ ਤਾਂ ਅਰਾਧਕਾਂ ਨੂੰ ਅਰਥਪੂਰਨ ਰਵਾਇਤਾਂ ਬੇਅਰਥ ਲੱਗ ਸਕਦੀਆਂ ਹਨ।

ਇੱਕ ਨਵੇਂ ਵਿਸ਼ਵਾਸੀ ਨੇ ਆਪਣੇ ਪਾਸਟਰ ਨੂੰ ਪੁੱਛਿਆ, "ਅਸੀਂ ਪ੍ਰਾਰਥਨਾ ਦੇ ਅੰਤ ਵਿੱਚ 'ਆਮੀਨ' ਕਿਉਂ ਕਹਿੰਦੇ ਹਾਂ? ਕੀ 'ਆਮੀਨ' ਇੱਕ ਜਾਦੂਈ ਸ਼ਬਦ ਹੈ ਜੋ ਪਰਮੇਸ਼ੁਰ ਕੋਲੋਂ ਉਹ ਕਰਵਾਉਂਦਾ ਹੈ ਜੋ ਅਸੀਂ ਮੰਗਦੇ ਹਾਂ?" ਪਾਸਟਰ ਨੇ ਮਹਿਸੂਸ ਕੀਤਾ ਕਿ ਉਸ ਨੂੰ ਅਰਾਧਨਾ ਦੇ ਵੇਰਵੇ ਸਮਝਾਉਣੇ ਚਾਹੀਦੇ ਹਨ। ਜੇ ਅਸੀਂ ਆਪਣੀ ਕਲੀਸੀਆ ਨੂੰ ਅਰਾਧਨਾ ਬਾਰੇ ਨਹੀਂ ਸਿਖਾਉਂਦੇ ਹਾਂ, ਤਾਂ "ਆਮੀਨ" ਵਰਗੀ ਸਰਲ ਗੱਲ ਅਰਥਹੀਣ ਹੋ ਸਕਦੀ ਹੈ।

ਅਰਾਧਨਾ ਵਿਚੋਂ ਪ੍ਰਤੀਕਵਾਦ ਅਤੇ ਰਹੱਸ ਨੂੰ ਹਟਾਉਣਾ ਜ਼ਰੂਰੀ ਨਹੀਂ ਹੈ। ਹੱਲ ਇਕ ਹੈ ਕਿ ਕਲੀਸੀਆ ਨੂੰ ਸਾਡੇ ਅਰਾਧਨਾ ਅਭਿਆਸਾਂ ਦਾ ਅਰਥ ਸਿਖਾਇਆ ਜਾਵੇ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਭਾਸ਼ਾ ਵਰਤਦੇ ਹਾਂ, ਉਹ ਕਿਉਂ ਵਰਤਦੇ ਹਾਂ; ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਲੀਸੀਆ ਲਈ ਮੰਡਲੀ ਵਿੱਚ ਗਾਉਣਾ ਮਹੱਤਵਪੂਰਣ ਕਿਉਂ ਹੈ; ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਚਨਾਂ ਦਾ ਕੀ ਅਰਥ ਹੈ।

» ਮੱਧ ਯੁੱਗ ਵਿੱਚ ਅਰਾਧਨਾ ਦੇ ਕਿਹੜੇ ਪਹਿਲੂ ਤੁਹਾਡੀ ਅਰਾਧਨਾ ਨੂੰ ਲਾਭ ਪਹੁੰਚਾ ਸਕਦੇ ਹਨ? ਕੀ ਤੁਹਾਨੂੰ ਮੱਧ ਯੁੱਗ ਦੀ ਅਰਾਧਨਾ ਵਿੱਚ ਕੋਈ ਖ਼ਤਰੇ ਨਜ਼ਰ ਆਉਂਦੇ ਹਨ?

ਸੁਧਾਰ ਵਿੱਚ ਅਰਾਧਨਾ ਦੀ ਤਸਵੀਰ

ਸੁਧਾਰਕ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਾਡੀ ਅਰਾਧਨਾ ਸਾਡੇ ਧਰਮ-ਗਿਆਨ ਨੂੰ ਆਕਾਰ ਦਿੰਦੀ ਹੈ। ਇਸ ਵਜ੍ਹਾ ਕਰਕੇ, ਉਹ ਜਾਣਦੇ ਸਨ ਕਿ ਜੇਕਰ ਅਰਾਧਨਾ ਨੇ ਸੁਧਾਰ ਦੇ ਧਰਮ-ਗਿਆਨ ਨੂੰ ਨਾ ਦਰਸਾਇਆ ਤਾਂ ਸੁਧਾਰ ਦੀਆਂ ਧਰਮ-ਗਿਆਨ ਸੰਬੰਧੀ ਸੱਚਾਈਆਂ ਲੋਪ ਹੋ ਜਾਣਗੀਆਂ।

ਸੁਧਾਰਕਾਂ ਦੀ ਧਰਮ-ਗਿਆਨ ਨਾਲ ਸੰਬੰਧਤ ਮੁੱਖ ਚਿੰਤਾ ਵਿਸ਼ਵਾਸੀ ਦਾ ਜਾਜਕਪੁਣਾ ਸੀ। ਇਸ ਦਾ ਅਰਥ ਹੈ ਕਿ ਵਿਸ਼ਵਾਸੀ ਸਿੱਧੇ ਤੌਰ ਤੇ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਨ; ਅਸੀਂ ਕਿਸੇ ਜਾਜਕ ਰਾਹੀਂ ਨਹੀਂ ਜਾਂਦੇ। ਸੁਧਾਰਕਾਂ ਦਾ ਇਹ ਵੀ ਪੱਕਾ ਵਿਸ਼ਵਾਸ ਸੀ ਕਿ ਪਰਮੇਸ਼ੁਰ ਦਾ ਬਚਨ ਹਰੇਕ ਵਿਸ਼ਵਾਸੀ ਲਈ ਉਪਲਬਧ ਹੋਣਾ ਚਾਹੀਦਾ ਹੈ।

ਸੁਧਾਰ ਵਿਚਲੀ ਅਰਾਧਨਾ ਨੇ ਹਰੇਕ ਅਰਾਧਕ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ। ਅਰਾਧਨਾ ਲੋਕਾਂ ਦੀ ਭਾਸ਼ਾ ਵਿੱਚ ਸੀ, ਲਾਤੀਨੀ ਭਾਸ਼ਾ ਵਿੱਚ ਨਹੀਂ। ਬਚਨ ਨੂੰ ਪੜ੍ਹਿਆ ਅਤੇ ਇਸ ਦਾ ਪਰਚਾਰ ਕੀਤਾ ਜਾਂਦਾ ਸੀ ਤਾਂ ਜੋ ਸਾਰੇ ਅਰਾਧਕ ਆਪਣੀ ਭਾਸ਼ਾ ਵਿੱਚ ਪਰਮੇਸ਼ੁਰ ਦੇ ਬਚਨ ਨੂੰ ਸਮਝ ਸਕਦੇ। ਮੰਡਲੀ ਦਾ ਸੰਗੀਤ ਹਰੇਕ ਅਰਾਧਕ ਨੂੰ ਅਰਾਧਨਾ ਦਾ ਹਿੱਸਾ ਬਣਨ ਦਿੰਦਾ ਸੀ। ਮਾਰਟਿਨ ਲੂਥਰ ਭਜਨਾਂ ਦਾ ਲੇਖਕ ਸੀ ਅਤੇ ਸੁਧਾਰ ਨੂੰ ਫੈਲਾਉਣ ਵਿੱਚ ਮਦਦ ਕਰਨ ਦਾ ਸਿਹਰਾ ਉਸ ਦੇ ਭਜਨਾਂ ਨੂੰ ਦਿੱਤਾ ਜਾਂਦਾ ਹੈ।

ਇਨ੍ਹਾਂ ਆਮ ਖੇਤਰਾਂ ਤੋਂ ਪਰੇ, ਸੁਧਾਰਕਾਂ ਵਿੱਚ ਅਰਾਧਨਾ ਨੂੰ ਲੈ ਕੇ ਕਾਫ਼ੀ ਮੱਤਭੇਦ ਸਨ। ਲੂਥਰਨ ਅਤੇ ਐਂਗਲੀਕਨ ਨੇ ਰੋਮਨ ਕੈਥੋਲਿਕ ਚਰਚ ਦੀਆਂ ਬਹੁਤ ਸਾਰੀਆਂ ਰਸਮਾਂ ਨੂੰ ਬਰਕਰਾਰ ਰੱਖਿਆ। ਲੂਥਰ ਦਾ ਮੰਨਣਾ ਸੀ ਕਿ, ਜਦੋਂ ਤੱਕ ਉਨ੍ਹਾਂ ਨੂੰ ਬਚਨ ਵਿੱਚ ਮਨ੍ਹਾ ਨਹੀਂ ਕੀਤਾ ਜਾਂਦਾ ਜਾਂ ਕਲੀਸੀਆ ਵਿੱਚ ਟਕਰਾਅ ਪੈਦਾ ਨਹੀਂ ਹੁੰਦਾ, ਨਵੇਂ ਅਰਾਧਨਾ ਅਭਿਆਸਾਂ ਦਾ ਇਸਤੇਮਾਲ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ।

ਕੈਲਵਿਨ ਅਤੇ ਉਸ ਦੇ ਪੈਰੋਕਾਰਾਂ ਨੇ ਕੁਝ ਰੀਤਾਂ ਨੂੰ ਅਪਨਾਇਆ ਪਰ ਅਜਿਹੀ ਕਿਸੇ ਵੀ ਅਰਾਧਨਾ ਪ੍ਰਥਾ ਨੂੰ ਰੱਦ ਕੀਤਾ ਜਿਸ ਦੀ ਵਿਸ਼ੇਸ਼ ਤੌਰ ਤੇ ਬਚਨ ਵਿੱਚ ਚਰਚਾ ਨਹੀਂ ਕੀਤੀ ਗਈ ਸੀ। ਕੈਲਵਿਨ ਨੇ ਸਮੂਹ-ਗਾਨ ਲਈ ਉਤਸ਼ਾਹਿਤ ਕੀਤਾ, ਪਰ ਸਿਰਫ਼ ਜ਼ਬੂਰਾਂ ਦੇ ਗਾਉਣ ਲਈ। ਉਸ ਦਾ ਮੰਨਣਾ ਸੀ ਕਿ "ਸਿਰਫ਼ ਪਰਮੇਸ਼ੁਰ ਦਾ ਬਚਨ ਹੀ ਪਰਮੇਸ਼ੁਰ ਦੀ ਉਸਤਤ ਵਿੱਚ ਗਾਏ ਜਾਣ ਦੇ ਯੋਗ ਹੈ।"[40] ਉਹ ਪ੍ਰਭੂ-ਭੋਜ ਵਿੱਚ ਕਲੀਸੀਆ ਦੀ ਸ਼ਮੂਲੀਅਤ ਤੇ ਵਾਪਸ ਪਰਤਿਆ ਅਤੇ ਸੁਝਾਅ ਦਿੱਤਾ ਕਿ ਪ੍ਰਭੂ-ਭੋਜ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਅਤੇ ਹੋ ਸਕੇ ਤਾਂ ਹਰ ਪ੍ਰਭੂ ਦੇ ਦਿਨ ਦਿੱਤਾ ਜਾਣਾ ਚਾਹੀਦਾ ਹੈ।

ਐਨਾਬੈਪਟਿਸਟਾਂ ਅਤੇ ਪਿਊਰਿਟਨਾਂ ਨੇ ਜ਼ਿਆਦਾਤਰ ਰਸਮਾਂ ਨੂੰ ਰੱਦ ਕਰ ਦਿੱਤਾ ਅਤੇ ਅਰਾਧਨਾ ਦੇ ਇੱਕ ਸਧਾਰਨ ਰੂਪ ਨੂੰ ਅਪਨਾਇਆ। ਇਹ ਸਮੂਹ ਕਦੇ-ਕਦਾਈਂ ਸਿਰਫ਼ ਨਿੱਜੀ ਘਰਾਂ ਵਿੱਚ ਹੀ ਅਰਾਧਨਾ ਕਰਦੇ ਸਨ ਅਤੇ ਇਹ ਮੰਨਦੇ ਸਨ ਕਿ ਸਿਰਫ਼ ਉਹੀ ਲੋਕ ਸਨ ਜਿਹੜੇ ਸੱਚਮੁੱਚ ਪਹਿਲੀ ਸਦੀ ਦੀ ਅਰਾਧਨਾ ਦਾ ਪਾਲਣ ਕਰਨ ਵਾਲੇ ਲੋਕ ਸਨ।

ਸੁਧਾਰ-ਅਰਾਧਨਾ ਦੀ ਤਾਕਤ ਇਸ ਦੀ ਕਲੀਸੀਆ ਦੀ ਸ਼ਮੂਲੀਅਤ ਵੱਲ ਵਾਪਸੀ ਸੀ। ਹਾਲਾਂਕਿ ਸੁਧਾਰ ਦੀਆਂ ਵੱਖ-ਵੱਖ ਕਲੀਸੀਆਵਾਂ ਵਿੱਚ ਮਤਭੇਦ ਸਨ, ਪਰ ਸਾਰੇ ਸੁਧਾਰਕਾਂ ਨੇ ਅਰਾਧਨਾ ਵਿੱਚ ਵਿਸ਼ਵਾਸੀ ਦੇ ਜਾਜਕਪੁਣੇ ਨੂੰ ਆਦਰਸ਼ ਬਣਾਉਣ ਦੀ ਕੋਸ਼ਿਸ਼ ਕੀਤੀ।

---

40 Donald P. Hustad, Jubilate II (Carol Stream: Hope Publishing Company, 1993), 194 ਵਿੱਚ ਹਵਾਲਾ ਦਿੱਤਾ ਗਿਆ।

» ਸੁਧਾਰ ਵਿੱਚ ਅਰਾਧਨਾ ਦੇ ਕਿਹੜੇ ਪਹਿਲੂ ਤੁਹਾਡੀ ਅਰਾਧਨਾ ਨੂੰ ਲਾਭ ਪਹੁੰਚਾ ਸਕਦੇ ਹਨ? ਕੀ ਤੁਹਾਨੂੰ ਸੁਧਾਰ ਵਾਲੀ ਅਰਾਧਨਾ ਵਿੱਚ ਕੋਈ ਖ਼ਤਰੇ ਨਜ਼ਰ ਆਉਂਦੇ ਹਨ?

ਅਜ਼ਾਦ ਕਲੀਸੀਆਵਾਂ ਵਿੱਚ ਅਰਾਧਨਾ ਦੀ ਇੱਕ ਤਸਵੀਰ

ਸੁਧਾਰ ਦੇ ਬਾਅਦ, ਕੁਝ ਕਲੀਸੀਆਵਾਂ ਨੇ ਸਰਕਾਰ ਦੇ ਨਿਯੰਤਰਣ ਨੂੰ ਰੱਦ ਕਰ ਦਿੱਤਾ। ਇਨ੍ਹਾਂ ਕਲੀਸੀਆਵਾਂ ਵਿੱਚ, ਜਿਨ੍ਹਾਂ ਨੂੰ "ਅਜ਼ਾਦ ਕਲੀਸੀਆਵਾਂ" ਕਿਹਾ ਜਾਂਦਾ ਸੀ, ਐਨਾਬੈਪਟਿਸਟ, ਪਿਊਰਿਟਨ, ਕੱਟੜ, ਵੱਖਵਾਦੀ, ਅਤੇ ਅਸਹਿਮਤੀ ਵਾਲੇ ਸ਼ਾਮਲ ਸਨ। ਇਨ੍ਹਾਂ ਵਿੱਚੋਂ ਕਈਆਂ ਨੇ ਨਿਸ਼ਚਤ ਅਰਾਧਨਾ ਵਿਧੀਆਂ ਅਤੇ ਰੀਤਾਂ ਨੂੰ ਵੀ ਰੱਦ ਕਰ ਦਿੱਤਾ।

ਅਜ਼ਾਦ ਕਲੀਸੀਆ ਦੀ ਅਰਾਧਨਾ ਦੀਆਂ ਵਿਸ਼ੇਸ਼ਤਾਵਾਂ:

1. **ਪਰਚਾਰ ਕਰਨਾ ਪ੍ਰਮੁੱਖ ਸੀ।**

2. **ਕਲੀਸੀਆ ਦੀ ਸ਼ਮੂਲੀਅਤ ਜ਼ਰੂਰੀ ਸੀ।**

ਕਲੀਸੀਆ ਦੀ ਸ਼ਮੂਲੀਅਤ ਦਾ ਤਰੀਕਾ ਹਰੇਕ ਕਲੀਸੀਆ ਵਿੱਚ ਵੱਖੋ-ਵੱਖਰਾ ਸੀ।

- ਕੁਝ ਕਲੀਸੀਆਵਾਂ ਵਿੱਚ ਕਲੀਸੀਆ ਭਜਨ ਗਾਉਂਦੀ ਸੀ। ਦੂਜੀਆਂ ਕਲੀਸੀਆਵਾਂ ਵਿੱਚ, ਜਨਤਕ ਅਰਾਧਨਾ ਵਿੱਚ ਕੋਈ ਸੰਗੀਤ ਇਸਤੇਮਾਲ ਨਹੀਂ ਕੀਤਾ ਜਾਂਦਾ ਸੀ।

- ਕੁਝ ਕਲੀਸੀਆਵਾਂ ਵਿੱਚ ਕਲੀਸੀਆ ਦੇ ਮੈਂਬਰ ਉੱਚੀ ਅਵਾਜ਼ ਵਿੱਚ ਪ੍ਰਾਰਥਨਾ ਕਰਦੇ ਸਨ। ਦੂਜੀਆਂ ਕਲੀਸੀਆਵਾਂ ਵਿੱਚ ਪਾਸਬਾਨ ਲੋਕਾਂ ਦੀ ਖ਼ਾਤਰ ਪ੍ਰਾਰਥਨਾ ਕਰਦਾ ਸੀ।

ਆਮ ਲੋਕਾਂ ਅਤੇ ਪਾਦਰੀਆਂ ਵਿਚਕਾਰ ਬਹੁਤ ਘੱਟ ਅੰਤਰ ਸੀ। ਜ਼ਿਆਦਾਤਰ ਅਜ਼ਾਦ ਕਲੀਸੀਆਵਾਂ ਵਿੱਚ ਪਾਦਰੀਆਂ ਲਈ ਕੋਈ ਖ਼ਾਸ ਪਹਿਰਾਵੇ ਨਹੀਂ ਸਨ।

3. **ਸਾਰੀ ਅਰਾਧਨਾ ਲੋਕਾਂ ਦੀ ਆਪਣੀ ਭਾਸ਼ਾ ਵਿੱਚ ਹੁੰਦੀ ਸੀ।**

1608 ਵਿੱਚ ਇੱਕ ਬੰਦਗੀ ਦੀ ਰੂਪਰੇਖਾ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੁੰਦੀਆਂ ਸਨ (ਬੰਦਗੀ ਚਾਰ ਘੰਟੇ ਚੱਲਦੀ ਸੀ):

- ਪ੍ਰਾਰਥਨਾ
- ਬਚਨ ਪੜ੍ਹਨਾ (1-2 ਅਧਿਆਇ ਵਿਆਖਿਆ ਸਹਿਤ)
- ਪ੍ਰਾਰਥਨਾ
- ਸੰਦੇਸ਼ (ਇੱਕ ਘੰਟੇ ਜਾਂ ਵੱਧ ਦਾ)
- ਆਮ ਲੋਕਾਂ ਦੁਆਰਾ ਬੋਲ ਕੇ ਦਿੱਤਾ ਜਾਣ ਵਾਲਾ ਯੋਗਦਾਨ
- ਪ੍ਰਾਰਥਨਾ
- ਭੇਟ

ਅਰਾਧਨਾ ਉੱਤੇ ਹੁਣ ਪ੍ਰਭੂ-ਭੋਜ ਅਤੇ ਜਾਜਕ ਦਾ ਦਬਦਬਾ ਨਹੀਂ ਸੀ। ਅਜ਼ਾਦ ਕਲੀਸੀਆਵਾਂ ਦੀਆਂ ਅਰਾਧਨਾ ਬੰਦਗੀਆਂ ਜ਼ਿਆਦਾਤਰ ਨਵੇਂ ਨੇਮ ਦੀ ਕਲੀਸੀਆ ਦੀ ਅਰਾਧਨਾ ਵਾਂਗ ਲੱਗਦੀਆਂ ਸਨ।

ਅਰਾਧਨਾ ਕਰਨ ਦੇ ਇਸ ਤਰੀਕੇ ਵਿੱਚ ਖ਼ਤਰੇ ਹਨ। ਹਾਲਾਂਕਿ ਅਜ਼ਾਦ ਕਲੀਸੀਆਵਾਂ ਨੇ ਵਿਸ਼ਵਾਸੀ ਦੇ ਜਾਜਕਪੁਣੇ ਬਾਰੇ ਸਿੱਖਿਆ ਦਿੱਤੀ, ਪਰ ਵਿਹਾਰਕ ਤੌਰ ਤੇ ਪਰਚਾਰਕ ਨੂੰ ਕਈ ਵਾਰ ਅਰਾਧਨਾ ਦੇ ਕੇਂਦਰ ਬਿੰਦੂ ਵਜੋਂ ਜਾਜਕ ਦੇ ਥਾਂ ਰੱਖਿਆ ਜਾਂਦਾ ਸੀ। ਕੁਝ ਕਲੀਸੀਆਵਾਂ ਵਿੱਚ, ਕਲੀਸੀਆ ਦੀ ਸ਼ਮੂਲੀਅਤ ਬਹੁਤ ਘੱਟ ਸੀ।

ਸ਼ਾਇਦ ਅਜ਼ਾਦ ਅਰਾਧਨਾ ਵਿੱਚ ਸਭ ਤੋਂ ਵੱਡਾ ਖ਼ਤਰਾ ਅਤਿ ਵਿਅਕਤੀਵਾਦ ਦਾ ਖ਼ਤਰਾ ਸੀ। ਜੇ ਵਿਸ਼ਵਾਸੀ ਦੇ ਜਾਜਕਪੁਣੇ ਦੇ ਸਿਧਾਂਤ ਦੇ ਨਾਲ ਕਲੀਸੀਆ ਦੀ ਏਕਤਾ ਦਾ ਸਿਧਾਂਤ ਨਹੀਂ ਹੈ, ਤਾਂ ਕਲੀਸੀਆ ਅਰਾਧਨਾ ਵਿੱਚ ਮਸੀਹ ਦੀ ਇਕਜੁੱਟ ਦੇਹ ਦੀ ਬਜਾਇ ਵਿਅਕਤੀਆਂ ਦਾ ਇਕੱਠ ਬਣ ਜਾਂਦਾ ਹੈ। ਇਹ ਉਦੋਂ ਵਿਖਾਈ ਦਿੰਦਾ ਹੈ ਜਦੋਂ ਅਰਾਧਨਾ ਸਿਰਫ਼ "ਯਿਸੂ ਅਤੇ ਮੇਰੇ" ਬਾਰੇ ਹੁੰਦੀ ਹੈ, ਜਿਸ ਵਿੱਚ ਕਲੀਸੀਆ ਨੂੰ ਦੇਹ ਵਜੋਂ ਨਹੀਂ ਵੇਖਿਆ ਜਾਂਦਾ ਹੈ।

» ਅਜ਼ਾਦ ਕਲੀਸੀਆਵਾਂ ਵਿੱਚ ਅਰਾਧਨਾ ਦੇ ਕਿਹੜੇ ਪਹਿਲੂ ਤੁਹਾਡੀ ਅਰਾਧਨਾ ਨੂੰ ਲਾਭ ਪਹੁੰਚਾ ਸਕਦੇ ਹਨ? ਕੀ ਤੁਸੀਂ ਅਜ਼ਾਦ ਕਲੀਸੀਆਵਾਂ ਦੀ ਅਰਾਧਨਾ ਵਿੱਚ ਕੋਈ ਖ਼ਤਰੇ ਵੇਖਦੇ ਹੋ?

ਵੈਸਲੀਅਨ ਬੇਦਾਰੀ ਵਿੱਚ ਅਰਾਧਨਾ ਦੀ ਇੱਕ ਤਸਵੀਰ

ਜੌਨ ਵੈਸਲੀ ਸਮੂਹਿਕ ਅਰਾਧਨਾ ਦੀ ਰਵਾਇਤ ਤੋਂ ਜੋ ਉਸ ਨੇ ਐਂਗਲੀਕਨ ਚਰਚ ਤੋਂ ਪ੍ਰਾਪਤ ਕੀਤੀ ਅਤੇ ਨਿੱਜੀ ਆਤਮਿਕ ਅਨੁਭਵ ਤੇ ਦਿੱਤੇ ਜਾਣ ਵਾਲੇ ਜ਼ੋਰ ਤੋਂ ਜੋ ਉਸ ਨੇ ਐਨਾਬੈਪਟਿਸਟ ਰਵਾਇਤ ਨਾਲ ਸੰਪਰਕ ਦੁਆਰਾ ਪ੍ਰਾਪਤ ਕੀਤਾ, ਦੋਵਾਂ ਤੋਂ ਪ੍ਰਭਾਵਿਤ ਸੀ। ਅਜਿਹੇ ਸਮੇਂ ਜਦੋਂ ਐਂਗਲੀਕਨ ਅਰਾਧਨਾ ਮੱਧਯੁਗੀ ਰੋਮਨ ਕੈਥੋਲਿਕ ਚਰਚ ਦੀ ਖੋਖਲੀ ਰੀਤ ਉੱਤੇ ਅਧਾਰਤ ਸੀ, ਵੈਸਲੀਜ਼ ਅਤੇ ਉਨ੍ਹਾਂ ਦੇ ਪੈਰੋਕਾਰਾਂ (ਜਿਨ੍ਹਾਂ ਨੂੰ ਮੈਥੋਡਿਸਟ ਕਿਹਾ ਜਾਂਦਾ ਹੈ) ਨੇ ਅਰਾਧਨਾ ਦੀ ਅਸਲੀਅਤ ਨੂੰ ਮੁੜ ਸੁਰਜੀਤ ਕੀਤਾ ਜਿਸ ਨੇ ਅਰਾਧਕਾਂ ਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਲਿਆਂਦਾ।

ਸ਼ੁਰੂਆਤੀ ਮੈਥੋਡਿਸਟ ਅਰਾਧਨਾ ਦੇ ਮੁੱਖ ਤੱਤ:

1. **ਪਰਚਾਰ।** ਜੌਨ ਵੈਸਲੀ ਦੇ ਸੰਦੇਸ਼ ਪ੍ਰਕਾਸ਼ਿਤ ਕੀਤੇ ਗਏ ਅਤੇ ਇਹ ਮੈਥੋਡਿਸਟ ਅਰਾਧਕਾਂ ਲਈ ਇੱਕ ਸਿਧਾਂਤਕ ਬੁਨਿਆਦ ਬਣ ਗਏ।

2. **ਬਾਰ-ਬਾਰ ਪ੍ਰਭੂ-ਭੋਜ।** ਜੌਨ ਵੈਸਲੀ ਹਫ਼ਤੇ ਵਿੱਚ ਔਸਤਨ ਪੰਜ ਵਾਰ ਪ੍ਰਭੂ-ਭੋਜ ਵਿੱਚ ਹਿੱਸਾ ਲੈਂਦਾ ਸੀ। ਉਸ ਨੇ ਆਪਣੇ ਪੈਰੋਕਾਰਾਂ ਨੂੰ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਪ੍ਰਭੂ-ਭੋਜ ਲੈਣ ਲਈ ਉਤਸ਼ਾਹਿਤ ਕੀਤਾ।

3. **ਭਜਨ ਗਾਉਣਾ।** ਚਾਰਲਸ ਵੈਸਲੀ ਦੇ ਭਜਨਾਂ ਨੇ ਬ੍ਰਿਟਿਸ਼ ਟਾਪੂਆਂ ਅਤੇ ਨਵੀਂ ਦੁਨੀਆਂ ਵਿੱਚ ਮੈਥੋਡਿਸਟ ਸਿੱਖਿਆ ਦਾ ਪ੍ਰਸਾਰ ਕੀਤਾ।

4. **ਛੋਟੇ ਸਮੂਹ।** ਕਲਾਸ ਬੈਠਕਾਂ ਮੈਥੋਡਿਸਟ ਚੇਲੇਪਣ ਲਈ ਮੁੱਖ ਸਨ।

ਮੈਥੋਡਿਜਮ ਅਤੇ ਅਠਾਰਵੀਂ ਸਦੀ ਦੀ ਅਰਾਧਨਾ

ਅਠਾਰਵੀਂ ਸਦੀ ਦੀ ਅਰਾਧਨਾ ਵਿੱਚ ਅਸਫ਼ਲਤਾਵਾਂ ਦੇ ਪ੍ਰਤੀਕਰਮ ਵਿੱਚ ਮੈਥੋਡਿਜਮ ਉਤਪੰਨ ਹੋਇਆ।

"ਜਦੋਂ ਧਾਰਮਿਕ ਰਸਮਾਂ ਕਲੀਸੀਆਈ ਜੀਵਨ ਦੇ ਹਾਸ਼ੀਏ ਤੇ ਸਨ, ਸ਼ੁਰੂਆਤੀ ਮੈਥੋਡਿਜਮ ਨੇ ਉਨ੍ਹਾਂ ਨੂੰ ਕੇਂਦਰ ਵਿੱਚ ਲਿਆਂਦਾ; ਜਦੋਂ ਧਾਰਮਿਕ ਲਗਨ ਦੀ ਨਿੰਦਾ ਕੀਤੀ ਜਾਂਦੀ ਸੀ, ਮੈਥੋਡਿਜਮ ਨੇ ਜੋਸ਼ ਨੂੰ ਜ਼ਰੂਰੀ ਬਣਾ ਦਿੱਤਾ; ਜਿੱਥੇ ਧਰਮ ਕਲੀਸੀਆਵਾਂ ਤੱਕ ਸੀਮਤ ਸੀ, ਮੈਥੋਡਿਜਮ ਇਸ ਨੂੰ ਖੇਤਾਂ ਅਤੇ ਗਲੀਆਂ ਤੱਕ ਲੈ ਗਿਆ।"

ਰਾਬਰਟ ਵੈਬਰ ਵਿੱਚ ਜੇਮਸ ਵਾਈਟ
ਮਸੀਹੀ ਅਰਾਧਨਾ ਦੀਆਂ ਵੀਹ ਸਦੀਆਂ

5. **ਸਮੂਹਿਕ ਅਰਾਧਨਾ।** ਮੈਥੋਡਿਸਟ ਅਕਸਰ ਇਕੱਠੇ ਹੁੰਦੇ ਸਨ ਅਤੇ ਕਈ ਐਂਗਲੀਕਨ ਪਾਦਰੀਆਂ ਦੇ ਮੈਥੋਡਿਸਟਾਂ ਨੂੰ ਰੱਦ ਕਰਨ ਦੇ ਬਾਅਦ ਵੀ, ਵੈਸਲੀ ਨੇ ਆਪਣੇ ਪੈਰੋਕਾਰਾਂ ਨੂੰ ਐਂਗਲੀਕਨ ਅਰਾਧਨਾ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ।

6. **ਖੁਸ਼ਖ਼ਬਰੀ ਪਰਚਾਰ।** ਹਜ਼ਾਰਾਂ ਨਵੇਂ ਲੋਕ ਮਸੀਹ ਦੇ ਲਈ ਜਿੱਤੇ ਗਏ ਜਦੋਂ ਮੈਥੋਡਿਸਟ ਬੇਦਾਰੀ ਇੰਗਲੈਂਡ ਅਤੇ ਇਸ ਤੋਂ ਬਾਹਰ ਫੈਲੀ।

ਮੈਥੋਡਿਸਟ ਅਰਾਧਨਾ ਵਿੱਚ ਉਹ ਭਜਨ ਸ਼ਾਮਲ ਸਨ ਜੋ ਪਰਮੇਸ਼ੁਰ ਦੀ ਵਡਿਆਈ ਕਰਦੇ ਸਨ, ਚੇਲਾਪਣ ਸੀ ਜੋ ਪਰਿਪੱਕ ਵਿਸ਼ਵਾਸੀ ਬਣਾਉਂਦਾ ਸੀ ਅਤੇ ਪਰਚਾਰ ਸੀ ਜੋ ਕਲੀਸੀਆ ਅਤੇ ਇੱਕ ਲੋੜਵੰਦ ਸੰਸਾਰ ਦੋਵਾਂ ਲਈ ਸਚਿਆਈ ਦਾ ਐਲਾਨ ਕਰਦਾ ਸੀ।

» ਵੈਸਲੀਅਨ ਬੇਦਾਰੀ ਵਿੱਚ ਅਰਾਧਨਾ ਦੇ ਕਿਹੜੇ ਪਹਿਲੂ ਤੁਹਾਡੀ ਅਰਾਧਨਾ ਨੂੰ ਲਾਭ ਪਹੁੰਚਾ ਸਕਦੇ ਹਨ? ਕੀ ਤੁਸੀਂ ਵੈਸਲੀਅਨ ਬੇਦਾਰੀ ਦੀ ਅਰਾਧਨਾ ਵਿੱਚ ਕੋਈ ਖ਼ਤਰੇ ਵੇਖਦੇ ਹੋ?

ਅਰੰਭਕ ਅਮਰੀਕਾ ਵਿੱਚ ਅਰਾਧਨਾ ਦੀ ਇੱਕ ਤਸਵੀਰ

ਅੰਗਰੇਜ਼ ਲੋਕ ਪਹਿਲਾਂ ਧਰਤੀ ਦੇ ਪੂਰਬੀ ਤੱਟ ਉੱਤੇ ਵੱਸੇ ਸਨ ਜਿਸ ਨੂੰ ਹੁਣ ਸੰਯੁਕਤ ਰਾਜ ਅਮਰੀਕਾ ਕਿਹਾ ਜਾਂਦਾ ਹੈ। 1700 ਦੇ ਦਹਾਕੇ ਦੇ ਅੰਤ ਅਤੇ ਇਸ ਤੋਂ ਬਾਅਦ ਦੇ ਸਮੇਂ ਦੌਰਾਨ, ਲੋਕ ਜ਼ਮੀਨ ਲੱਭਣ ਅਤੇ ਘਰ ਬਣਾਉਣ ਲਈ ਪੱਛਮ ਵੱਲ ਅਣਵੱਸੇ ਇਲਾਕਿਆਂ ਵੱਲ ਨੂੰ ਵਧਦੇ ਰਹੇ। ਚਰਚ, ਸਕੂਲ ਅਤੇ ਕਾਨੂੰਨ ਵਿਵਸਥਾ ਹੌਲੀ-ਹੌਲੀ ਵਿਕਸਤ ਹੋਣ ਕਰਕੇ ਲੋਕਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਇਤਿਹਾਸ ਵਿੱਚ ਇਸ ਖੇਤਰ ਨੂੰ ਜੋ ਹੌਲੀ-ਹੌਲੀ ਵੱਸਿਆ, ਅਮਰੀਕੀ ਸਰਹੱਦ ਕਿਹਾ ਜਾਂਦਾ ਹੈ।

ਅਮਰੀਕਾ ਦੇ ਸ਼ੁਰੂਆਤੀ ਇਤਿਹਾਸ ਵਿਚਲੀ ਅਰਾਧਨਾ ਦਾ ਅਧਿਐਨ ਕਰਨ ਦਾ ਉਦੇਸ਼ ਅਮਰੀਕੀ ਨਮੂਨੇ ਨੂੰ ਸਮੁੱਚੀ ਅਰਾਧਨਾ ਲਈ ਇੱਕ ਨਮੂਨੇ ਵਜੋਂ ਪ੍ਰਸਤਾਵਿਤ ਕਰਨਾ ਨਹੀਂ ਹੈ, ਪਰ ਇਸ ਦੀ ਤੁਲਨਾ ਉਸ ਅਰਾਧਨਾ ਨਾਲ ਕਰਨਾ ਹੈ ਜੋ ਦੂਜੇ ਸਥਾਨਾਂ ਤੇ ਨਵੀਆਂ ਕਲੀਸੀਆਵਾਂ ਵਿੱਚ ਵਿਕਸਤ ਹੁੰਦੀ ਹੈ। ਬਹੁਤ ਸਾਰੇ ਦੇਸ਼ਾਂ ਵਿੱਚ ਨਵੀਂਆਂ ਸਥਾਪਤ ਕਲੀਸੀਆਵਾਂ ਨੂੰ ਵੀ ਇਨ੍ਹਾਂ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਰੰਭਕ ਅਮਰੀਕਾ ਵਿੱਚ ਅਰਾਧਨਾ ਦੀਆਂ ਵਿਸ਼ੇਸ਼ਤਾਵਾਂ:

1. **ਮਸੀਹੀ ਸੰਪਰਦਾਵਾਂ ਤੋਂ ਅਤੇ ਅਰਾਧਨਾ ਦੇ ਰਸਮੀ ਤੌਰ-ਤਰੀਕਿਆਂ ਤੋਂ ਅਜ਼ਾਦੀ।** ਅਮਰੀਕੀ ਸਰਹੱਦੀ ਕਲੀਸੀਆਵਾਂ ਮਸੀਹੀ ਸੰਪਰਦਾਵਾਂ ਦੇ ਨਿਯੰਤਰਣ ਤੋਂ ਅਜ਼ਾਦ ਰਹਿਣਾ ਪਸੰਦ ਕਰਦੀਆਂ ਸਨ। ਉਹ ਰੀਤ ਅਤੇ ਅਰਾਧਨਾ ਦੀਆਂ ਤੈਅਸ਼ੁਦਾ ਤਰਤੀਬਾਂ ਤੇ ਬਹੁਤ ਘੱਟ ਧਿਆਨ ਦਿੰਦੀਆਂ ਸਨ (ਹਾਲਾਂਕਿ ਜੌਨ ਵੈਸਲੀ ਨੇ ਅਰਾਧਨਾ ਦੇ ਆਪਣੇ ਨਮੂਨੇ ਨੂੰ ਬਸਤੀਆਂ ਵਿੱਚ ਵਰਤੇ ਜਾਣ ਲਈ ਢਾਲਿਆ)। ਚਰਚ ਦੀਆਂ ਇਮਾਰਤਾਂ ਅਤੇ ਅਰਾਧਨਾ ਬੰਦਗੀਆਂ ਸਧਾਰਨ ਅਤੇ ਸਾਦੀਆਂ ਸਨ।

2. **ਪ੍ਰਭੂ-ਭੋਜ ਲਈ ਦੁਰਲੱਭ ਮੌਕੇ।** ਇੰਗਲੈਂਡ ਵਿੱਚ, ਵੈਸਲੀਆਂ ਨੇ ਨਿਯਮਤ ਪ੍ਰਭੂ-ਭੋਜ ਦੇ ਮਹੱਤਵ ਉੱਤੇ ਜ਼ੋਰ ਦਿੱਤਾ ਸੀ। ਅਮਰੀਕਨ ਸਰਹੱਦੀ ਇਲਾਕੇ ਵਿੱਚ, ਅਧਿਕ੍ਰਿਤ ਪਾਦਰੀਆਂ ਦੀ ਘਾਟ ਦਾ ਅਰਥ ਸੀ ਕਿ ਵਿਸ਼ਵਾਸੀਆਂ ਨੂੰ ਪ੍ਰਭੂ-ਭੋਜ ਦੇ ਅਭਿਆਸ ਦਾ ਬਹੁਤ ਘੱਟ ਮੌਕਾ ਮਿਲਿਆ।

3. **ਬਚਨ ਦਾ ਪਰਚਾਰ।** ਅਰਾਧਨਾ ਬੰਦਗੀਆਂ ਵਿੱਚ ਪਰਚਾਰ ਤੇ ਮੁੱਖ ਜ਼ੋਰ ਦਿੱਤਾ ਜਾਂਦਾ ਰਿਹਾ। ਇੱਥੋਂ ਤੱਕ ਕਿ ਅਣਸਿੱਖੇ ਪਰਚਾਰਕ ਵੀ ਵੈਸਲੀਆਂ ਅਤੇ ਦੂਸਰੇ ਸੇਵਕਾਂ ਦੇ ਸੰਦੇਸ਼ਾਂ ਨੂੰ ਪੜ੍ਹਦੇ ਸਨ। ਚਰਚ ਦਾ ਕੇਂਦਰ ਬਿੰਦੂ ਪੁਲਪਿਟ ਸੀ, ਪ੍ਰਭੂ-ਭੋਜ ਦੀ ਮੇਜ਼ ਨਹੀਂ। ਮੁੱਖ ਜ਼ੋਰ ਬਚਨ ਦੇ ਪਰਚਾਰ ਉੱਤੇ ਸੀ।

4. **ਜੋਸ਼ ਨਾਲ ਗਾਉਣਾ।** ਗਾਇਕੀ ਜੋਸ਼ੀਲੀ ਸੀ। ਅਮਰੀਕੀ ਕਲੀਸੀਆਵਾਂ ਗਵਾਹੀ ਦੇ ਸਧਾਰਣ ਗੀਤਾਂ ਦੇ ਨਾਲ-ਨਾਲ ਚਾਰਲਸ ਵੈਸਲੀ ਦੇ ਭਜਨਾਂ ਨੂੰ ਅਜਿਹੀ ਸ਼ੈਲੀ ਵਿੱਚ ਗਾਉਂਦੀਆਂ ਸਨ ਜਿਸ ਨੂੰ ਇੱਕ ਅਨਪੜ੍ਹ ਕਲੀਸੀਆ ਲਈ ਸਿੱਖਣਾ ਸੌਖਾ ਸੀ।

5. **ਪ੍ਰਾਰਥਨਾ, ਖੁਸ਼ਖ਼ਬਰੀ ਪਰਚਾਰ ਅਤੇ ਬੇਦਾਰੀ।** ਪ੍ਰਾਰਥਨਾ ਗੈਰ-ਰਸਮੀ ਸੀ ਅਤੇ ਇਸ ਦੀ ਅਗਵਾਈ ਅਕਸਰ ਆਮ ਲੋਕ ਕਰਦੇ ਸਨ। ਖੁਸ਼ਖ਼ਬਰੀ ਪਰਚਾਰ ਮਹੱਤਵਪੂਰਣ ਸੀ ਅਤੇ ਅਮਰੀਕਾ ਵਿੱਚ ਬੇਦਾਰੀ ਦੇ ਸਮਿਆਂ ਦੌਰਾਨ ਹਜ਼ਾਰਾਂ ਲੋਕਾਂ ਦੇ ਮਨ ਪਰਿਵਰਤਨ ਹੋਏ। ਸੰਦੇਸ਼ ਦੇ ਬਾਅਦ ਆਮ ਤੌਰ ਤੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦੇ ਮਨ ਪਰਿਵਰਤਿਤ ਨਹੀਂ ਹੁੰਦੇ ਸਨ, ਅੱਗੇ ਆਉਣ ਅਤੇ ਤੋਬਾ ਦੀ ਪ੍ਰਾਰਥਨਾ ਕਰਨ ਲਈ ਸੱਦਾ ਦਿੱਤਾ ਜਾਂਦਾ ਸੀ। ਜਿਵੇਂ-ਜਿਵੇਂ ਅਮਰੀਕਾ ਵਿਚ ਮਸੀਹੀ ਪਵਿੱਤਰਤਾ ਤੇ ਦਿੱਤਾ ਜਾਣ ਵਾਲਾ ਜ਼ੋਰ ਫੈਲਦਾ ਗਿਆ, ਸੱਦੇ ਵਿੱਚ ਗੈਰ-ਵਿਸ਼ਵਾਸੀਆਂ ਨੂੰ ਮਨ ਪਰਿਵਰਤਨ ਅਤੇ ਵਿਸ਼ਵਾਸੀਆਂ ਨੂੰ ਸੰਪੂਰਨ ਤੌਰ ਤੇ ਪਵਿੱਤਰ ਹੋਣ ਲਈ ਕਿਹਾ ਗਿਆ।

ਦੂਜੀਆਂ ਰਵਾਇਤਾਂ ਦੀ ਤਰ੍ਹਾਂ, ਇਸ ਅਰਾਧਨਾ ਵਿੱਚ ਵੀ ਮਜ਼ਬੂਤ ਪੱਖ ਅਤੇ ਖ਼ਤਰੇ ਸਨ। ਮਜ਼ਬੂਤ ਪੱਖਾਂ ਵਿੱਚ ਨਿੱਜੀ ਸ਼ਮੂਲੀਅਤ ਅਤੇ ਉਤਸ਼ਾਹ ਸ਼ਾਮਲ ਸੀ। ਖ਼ਤਰਿਆਂ ਵਿੱਚ ਨਿੱਜੀ ਤਜ਼ਰਬੇ ਉੱਤੇ ਜ਼ੋਰ ਦੇਣਾ ਸ਼ਾਮਲ ਸੀ, ਜਦ ਕਿ ਸਿੱਖਿਆ ਉੱਤੇ ਬਹੁਤ ਥੋੜਾ ਜ਼ੋਰ ਦਿੱਤਾ ਜਾਂਦਾ ਸੀ। ਝੂਠੀ ਸਿੱਖਿਆ ਦਾ ਸਰਹੱਦੀ ਖੇਤਰਾਂ ਵਿੱਚ ਫੈਲਣਾ ਸੌਖਾ ਸੀ ਕਿਉਂਕਿ ਉੱਥੇ ਜਵਾਬਦੇਹੀ ਬਹੁਤ ਘੱਟ ਸੀ।

» ਅਮਰੀਕੀ ਸਰਹੱਦੀ ਇਲਾਕੇ ਦੀ ਅਰਾਧਨਾ ਦੇ ਕਿਹੜੇ ਪਹਿਲੂ ਤੁਹਾਡੀ ਅਰਾਧਨਾ ਨੂੰ ਲਾਭ ਪਹੁੰਚਾ ਸਕਦੇ ਹਨ? ਕੀ ਤੁਹਾਨੂੰ ਅਮਰੀਕੀ ਸਰਹੱਦੀ ਕਲੀਸੀਆ ਦੀ ਅਰਾਧਨਾ ਵਿੱਚ ਕੋਈ ਖ਼ਤਰਾ ਨਜ਼ਰ ਆਉਂਦਾ ਹੈ?

ਅਰਾਧਨਾ ਨਾਲ ਜੁੜੇ ਖ਼ਤਰੇ: ਬਦਲਦੇ ਤੌਰ-ਤਰੀਕਿਆਂ ਨੂੰ ਨਾ ਬਦਲਣ ਵਾਲੇ ਸਿਧਾਂਤਾਂ ਨਾਲ ਉਲਝਾਉਣਾ

ਅਸੀਂ ਅਕਸਰ ਅਰਾਧਨਾ ਦੇ ਬਦਲਦੇ ਤੌਰ-ਤਰੀਕਿਆਂ ਨੂੰ ਬਾਈਬਲ ਅਧਾਰਿਤ ਅਰਾਧਨਾ ਦੇ ਨਾ ਬਦਲਣ ਵਾਲੇ ਸਿਧਾਂਤਾਂ ਨਾਲ ਉਲਝਾਉਣ ਲਈ ਪਰਤਾਏ ਜਾਂਦੇ ਹਾਂ। ਵਿਚਾਰ ਕਰੋ:

- ਕੁਝ ਕਲੀਸੀਆਵਾਂ ਵਿੱਚ, ਅਰਾਧਕ ਜਦੋਂ ਪ੍ਰਾਰਥਨਾ ਕਰਦੇ ਹਨ ਤਾਂ ਅਧੀਨਗੀ ਵਿਖਾਉਣ ਲਈ ਆਪਣੇ ਗੋਡਿਆਂ ਭਾਰ ਬੈਠਦੇ ਹਨ। ਕੁਝ ਕਲੀਸੀਆਵਾਂ ਵਿੱਚ, ਅਰਾਧਕ ਜਦੋਂ ਪ੍ਰਾਰਥਨਾ ਕਰਦੇ ਹਨ ਤਾਂ ਪਵਿੱਤਰ ਹੱਥ ਉਠਾਉਂਦੇ ਹਨ।
- ਕੁਝ ਕਲੀਸੀਆਵਾਂ ਵਿੱਚ, ਪ੍ਰਾਰਥਨਾ ਦੌਰਾਨ ਧੀਮੀ ਅਵਾਜ਼ ਵਿੱਚ ਹਾਰਮੋਨੀਅਮ ਵਜਾਇਆ ਜਾਂਦਾ ਹੈ। ਕੁਝ ਕਲੀਸੀਆਵਾਂ ਵਿੱਚ, ਜਦੋਂ ਪਾਸਬਾਨ ਪ੍ਰਾਰਥਨਾ ਵਿੱਚ ਅਗਵਾਈ ਕਰਦਾ ਹੈ ਤਾਂ ਚੁੱਪ ਛਾ ਜਾਂਦੀ ਹੈ। ਕੁਝ ਹੋਰ ਕਲੀਸੀਆਵਾਂ ਵਿੱਚ, ਹਰ ਕੋਈ ਉੱਚੀ ਅਵਾਜ਼ ਵਿੱਚ ਪ੍ਰਾਰਥਨਾ ਕਰਦਾ ਹੈ।
- ਕੁਝ ਕਲੀਸੀਆਵਾਂ ਵਿੱਚ, ਗੀਤ ਲਿਖਤੀ ਰੂਪ ਵਿੱਚ ਇੱਕ ਸਾਹਮਣੇ ਲੱਗੀ ਸਕਰੀਨ ਉੱਤੇ ਵਿਖਾਏ ਜਾਂਦੇ ਹਨ। ਕੁਝ ਹੋਰ ਕਲੀਸੀਆਵਾਂ ਵਿੱਚ, ਲੋਕ ਇੱਕ ਗੀਤਾਂ ਵਾਲੀ ਕਿਤਾਬ ਵਿੱਚੋਂ ਗਾਉਂਦੇ ਹਨ।
- ਕੁਝ ਕਲੀਸੀਆਵਾਂ ਵਿੱਚ, ਪਾਸਬਾਨ ਆਪਣੇ ਸੰਦੇਸ਼ ਦੇ ਸ਼ੁਰੂ ਵਿੱਚ ਬਚਨ ਪੜ੍ਹਦਾ ਹੈ। ਦੂਜੀਆਂ ਕਲੀਸੀਆਵਾਂ ਵਿੱਚ, ਇੱਕ ਆਮ ਵਿਅਕਤੀ ਪਾਸਬਾਨ ਦੇ ਪਰਚਾਰ ਕਰਨ ਤੋਂ ਪਹਿਲਾਂ ਬਚਨ ਪੜ੍ਹਦਾ ਹੈ। ਕੁਝ ਹੋਰ ਕਲੀਸੀਆਵਾਂ ਵਿੱਚ, ਦੋ ਜਾਂ ਤਿੰਨ ਬਚਨ ਪੜ੍ਹੇ ਜਾਂਦੇ ਹਨ।

ਇਨ੍ਹਾਂ ਵਿੱਚੋਂ ਕੋਈ ਵੀ ਗਲਤ ਨਹੀਂ ਹੈ; ਉਹ ਤੌਰ-ਤਰੀਕੇ ਦੇ ਮਾਮਲੇ ਹਨ, ਸਿਧਾਂਤ ਦੇ ਨਹੀਂ। ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਸਾਡਾ ਤਰੀਕਾ ਹੀ ਬਾਈਬਲ ਦਾ ਤਰੀਕਾ ਹੈ। ਸੱਚੀ ਅਰਾਧਨਾ ਸ਼ੈਲੀ ਦਾ ਮੁੱਦਾ ਨਹੀਂ ਹੈ; ਇਹ ਪਰਮੇਸ਼ੁਰ ਦੀ ਹਜ਼ੂਰੀ ਦਾ ਮੁੱਦਾ ਹੈ।

ਕੁਝ ਸਿਧਾਂਤ ਹਨ ਜੋ ਬਦਲਦੇ ਨਹੀਂ ਹਨ। ਅਸੀਂ ਇਨ੍ਹਾਂ ਸਿਧਾਂਤਾਂ ਨੂੰ ਬਾਈਬਲ ਵਿਚਲੀ ਅਰਾਧਨਾ ਦੇ ਪਾਠਾਂ ਵਿੱਚ ਵੇਖਿਆ ਹੈ। ਇਹ ਸਿਧਾਂਤ ਵਿਕਲਪਕ ਨਹੀਂ ਹਨ। ਮਸੀਹੀ ਹੋਣ ਦੇ ਨਾਤੇ, ਇਹ ਸਿਧਾਂਤ ਸਾਨੂੰ ਪਰਮੇਸ਼ੁਰ ਤੱਕ ਪਹੁੰਚ ਕਰਨ ਵਿੱਚ ਅਗਵਾਈ ਕਰਦੇ ਹਨ।

ਅਗਲੇ ਕੁਝ ਪਾਠਾਂ ਵਿੱਚ, ਅਸੀਂ ਅਰਾਧਨਾ ਦੇ ਤੌਰ-ਤਰੀਕਿਆਂ ਨੂੰ ਵੇਖਾਂਗੇ। ਸਿਧਾਂਤ ਨਹੀਂ ਬਦਲਦੇ; ਤੌਰ-ਤਰੀਕੇ ਵੱਖ-ਵੱਖ ਸਥਾਨਾਂ ਅਤੇ ਸਮਿਆਂ ਅਨੁਸਾਰ ਵੱਖ-ਵੱਖ ਹੁੰਦੇ ਹਨ। ਇਸ ਕਰਕੇ, ਸਾਨੂੰ ਉਨ੍ਹਾਂ ਲੋਕਾਂ ਪ੍ਰਤੀ ਸਹਿਣਸ਼ੀਲ ਹੋਣਾ ਚਾਹੀਦਾ ਹੈ ਜੋ ਸਾਡੀ ਅਰਾਧਨਾ

ਨਾਲੋਂ ਵੱਖਰੀ ਅਰਾਧਨਾ ਕਰਦੇ ਹਨ। ਇਸ ਦਾ ਇਹ ਅਰਥ ਨਹੀਂ ਹੈ ਕਿ ਤੌਰ-ਤਰੀਕਿਆਂ ਦੀ ਕੋਈ ਮਹੱਤਤਾ ਨਹੀਂ ਹੈ; ਪਰ ਇਸ ਦਾ ਅਰਥ ਇਹ ਹੈ ਕਿ ਸਿਧਾਂਤਾਂ ਸੰਬੰਧੀ ਲਚੀਲੇਪਣ ਨਾਲੋਂ ਤੌਰ-ਤਰੀਕੇ ਸੰਬੰਧੀ ਵਧੇਰੇ ਲਚੀਲਾਪਣ ਹੋਵੇਗਾ।

ਓਸਵਾਲਡ ਚੈਂਬਰਸ ਨੇ ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਲਈ ਜਗ੍ਹਾ ਬਣਾਉਣ ਬਾਰੇ ਲਿਖਿਆ। ਇਹ ਅਰਾਧਨਾ ਉੱਤੇ ਲਾਗੂ ਹੁੰਦਾ ਹੈ:

> ਪਰਮੇਸ਼ੁਰ ਦੇ ਸੇਵਕ ਹੋਣ ਦੇ ਨਾਤੇ, ਸਾਨੂੰ ਉਸ ਦੇ ਲਈ ਜਗ੍ਹਾ ਬਣਾਉਣਾ ਸਿੱਖਣਾ ਚਾਹੀਦਾ ਹੈ... ਅਸੀਂ ਯੋਜਨਾ ਬਣਾਉਂਦੇ ਹਾਂ, ਪਰ ਅਸੀਂ ਪਰਮੇਸ਼ੁਰ ਲਈ ਜਗ੍ਹਾ ਬਣਾਉਣਾ ਭੁੱਲ ਜਾਂਦੇ ਹਾਂ ਕਿ ਜਿਵੇਂ ਉਹ ਚਾਹੇ ਅੰਦਰ ਆ ਸਕੇ। ਕੀ ਅਸੀਂ ਹੈਰਾਨ ਹੋਵਾਂਗੇ ਜੇਕਰ ਪਰਮੇਸ਼ੁਰ ਸਾਡੀ ਮੀਟਿੰਗ ਵਿੱਚ ਜਾਂ ਸਾਡੇ ਪਰਚਾਰ ਵਿੱਚ ਉਸ ਤਰੀਕੇ ਨਾਲ ਆਉਂਦਾ ਹੈ ਜਿਸ ਤਰੀਕੇ ਨਾਲ ਅਸੀਂ ਉਸ ਦੇ ਆਉਣ ਦੀ ਕਦੇ ਉਮੀਦ ਨਹੀਂ ਕੀਤੀ ਸੀ? ਪਰਮੇਸ਼ੁਰ ਦੇ ਕਿਸੇ ਖ਼ਾਸ ਤਰੀਕੇ ਨਾਲ ਆਉਣ ਦੀ ਆਸ ਨਾ ਕਰੋ, ਬਲਕਿ ਉਸ ਨੂੰ ਭਾਲੋ। ਉਸ ਦੇ ਲਈ ਜਗ੍ਹਾ ਬਣਾਉਣ ਦਾ ਤਰੀਕਾ ਉਸ ਦੇ ਆਉਣ ਦੀ ਉਮੀਦ ਕਰਨਾ ਹੈ, ਪਰ ਕਿਸੇ ਖ਼ਾਸ ਤਰੀਕੇ ਨਾਲ ਨਹੀਂ...
>
> ਆਪਣੇ ਜੀਵਨ ਨੂੰ ਲਗਾਤਾਰ ਪਰਮੇਸ਼ੁਰ ਦੇ ਸੰਪਰਕ ਵਿੱਚ ਰੱਖੋ ਤਾਂ ਕਿ ਉਸ ਦੀ ਹੈਰਾਨ ਕਰਨ ਵਾਲੀ ਸ਼ਕਤੀ ਕਿਸੇ ਵੀ ਸਮੇਂ ਤੁਹਾਡੇ ਜੀਵਨ ਵਿੱਚ ਪ੍ਰਵੇਸ਼ ਕਰ ਸਕੇ। ਉਮੀਦ ਦੀ ਇੱਕ ਨਿਰੰਤਰ ਸਥਿਤੀ ਵਿੱਚ ਜੀਓ ਅਤੇ ਪਰਮੇਸ਼ੁਰ ਦੇ ਉਸ ਦੀ ਮਰਜੀ ਨਾਲ ਆਉਣ ਲਈ ਜਗ੍ਹਾ ਛੱਡੋ।[41]

ਸਿੱਟਾ: ਅੱਜ ਦੀ ਅਰਾਧਨਾ ਦੀ ਤਸਵੀਰ

21ਵੀਂ ਸਦੀ ਵਿੱਚ ਅਰਾਧਨਾ ਕਿਹੋ ਜਿਹੀ ਲੱਗਦੀ ਹੈ? ਇਹ ਇੱਕ ਅਜਿਹਾ ਸਵਾਲ ਹੈ ਜਿਸ ਦਾ ਜਵਾਬ ਸਧਾਰਣ ਰੂਪ ਵਿੱਚ ਨਹੀਂ ਦਿੱਤਾ ਜਾ ਸਕਦਾ। 21ਵੀਂ ਸਦੀ ਵਿੱਚ ਅਰਾਧਨਾ ਕਈ ਵੱਖ-ਵੱਖ ਰੂਪ ਲੈਂਦੀ ਹੈ। ਕੁਝ ਕਲੀਸੀਆਵਾਂ ਰੀਤ ਅਤੇ ਰਵਾਇਤ ਨੂੰ ਮਹੱਤਵ ਦਿੰਦੀਆਂ ਹਨ; ਕੁਝ ਕਲੀਸੀਆਵਾਂ ਅਰਾਧਨਾ ਵਿੱਚ ਵਿਅਕਤੀਗਤ ਅਜ਼ਾਦੀ ਦੇ ਪੱਖ ਵਿੱਚ ਰੀਤ ਨੂੰ ਰੱਦ ਕਰਦੀਆਂ ਹਨ।

ਅੱਜ ਦੀ ਅਰਾਧਨਾ ਦਾ ਵਰਣਨ ਦੇਣ ਦੀ ਕੋਸ਼ਿਸ਼ ਕਰਨ ਦੀ ਬਜਾਇ, ਇਸ ਦਾ ਆਪਣਾ ਖੁਦ ਦਾ ਵਰਣਨ ਬਣਾਉਣ ਕਰਨ ਲਈ ਸਮਾਂ ਕੱਢੋ। ਤੁਹਾਡੀ ਕਲੀਸੀਆ ਵਿੱਚ ਅਰਾਧਨਾ ਕਿਸ ਤਰ੍ਹਾਂ ਦੀ ਲੱਗਦੀ ਹੈ? ਜੇ ਤੁਸੀਂ ਇੱਕ ਸਮੂਹ ਵਿੱਚ ਅਧਿਐਨ ਕਰ ਰਹੇ ਹੋ, ਤਾਂ ਤੁਹਾਡੇ ਸਮੂਹ ਵਿੱਚ ਜਿਨ੍ਹਾਂ ਕਲੀਸੀਆਵਾਂ ਦੀ ਨੁਮਾਇੰਦਗੀ ਕੀਤੀ ਜਾ ਰਹੀ ਹੈ ਉਨ੍ਹਾਂ ਕਲੀਸੀਆਵਾਂ ਵਿੱਚ ਕੀਤੀ ਜਾਣ ਵਾਲੀ ਅਰਾਧਨਾ ਵਿਚਲੇ ਅੰਤਰ ਅਤੇ ਸਮਾਨਤਾਵਾਂ ਬਾਰੇ ਚਰਚਾ ਕਰੋ।

ਕੋਰਸ ਦੇ ਇਸ ਪੜਾਅ ਤੇ, ਇਸ ਵਰਣਨ ਦਾ ਉਦੇਸ਼ ਮੁਲਾਂਕਣ ਕਰਨਾ ਨਹੀਂ ਹੈ। ਸਵਾਲ ਇਹ ਨਹੀਂ ਹੈ, "ਕੀ ਅਸੀਂ ਸਹੀ ਹਾਂ ਜਾਂ ਗਲਤ?" ਸਵਾਲ ਸਿਰਫ਼ ਇਹ ਹੈ, "ਅਸੀਂ ਆਪਣੀ ਅਰਾਧਨਾ ਬੰਦਗੀ ਵਿੱਚ ਕੀ ਕਰਦੇ ਹਾਂ?"

ਇਸ ਵਰਣਨ ਦਾ ਕਾਰਣ ਅੱਗੇ ਆਉਣ ਵਾਲੇ ਪਾਠਾਂ ਦੀ ਨੀਂਹ ਰੱਖਣਾ ਹੈ। ਇੱਕ ਵਾਰ ਜਦੋਂ ਤੁਹਾਨੂੰ ਇਸ ਗੱਲ ਦਾ ਵਰਣਨ ਮਿਲ ਜਾਂਦਾ ਹੈ ਕਿ ਤੁਸੀਂ ਵਰਤਮਾਨ ਵਿੱਚ ਅਰਾਧਨਾ ਵਿੱਚ ਕੀ ਕਰਦੇ ਹੋ, ਤਾਂ ਤੁਸੀਂ ਪੁੱਛਣਾ ਸ਼ੁਰੂ ਕਰ ਸਕਦੇ ਹੋ, "ਅਸੀਂ ਉਹ ਕਿਉਂ ਕਰਦੇ ਹਾਂ ਜੋ ਅਸੀਂ ਕਰਦੇ ਹਾਂ?" ਅਤੇ "ਅਸੀਂ ਇਸ ਨੂੰ ਬਿਹਤਰ ਕਿਵੇਂ ਕਰ ਸਕਦੇ ਹਾਂ?"

ਅਰਾਧਨਾ ਬਾਰੇ ਫ਼ੈਸਲੇ ਧਰਮ-ਗਿਆਨ ਸੰਬੰਧੀ ਮਾਨਤਾਵਾਂ ਨੂੰ ਦਰਸਾਉਂਦੇ ਹਨ। ਸਾਡੀ ਅਰਾਧਨਾ ਦੇ ਤੱਤ ਦਰਸਾਉਂਦੇ ਹਨ ਕਿ ਅਸੀਂ ਪਰਮੇਸ਼ੁਰ ਬਾਰੇ ਕੀ ਵਿਸ਼ਵਾਸ ਕਰਦੇ ਹਾਂ ਅਤੇ ਅਸੀਂ ਉਸ ਨਾਲ ਕਿਵੇਂ ਸੰਬੰਧ ਰੱਖਦੇ ਹਾਂ; ਸਾਡੀ ਅਰਾਧਨਾ ਦੇ ਤੱਤ ਦਰਸਾਉਂਦੇ ਹਨ ਕਿ ਅਸੀਂ ਕਲੀਸੀਆ ਬਾਰੇ ਕੀ ਵਿਸ਼ਵਾਸ ਕਰਦੇ ਹਾਂ ਅਤੇ ਅਸੀਂ ਇੱਕ ਦੂਜੇ ਨਾਲ ਕਿਵੇਂ ਸੰਬੰਧ ਰੱਖਦੇ ਹਾਂ; ਸਾਡੀ ਅਰਾਧਨਾ ਦੇ ਤੱਤ ਦਰਸਾਉਂਦੇ ਹਨ ਕਿ ਅਸੀਂ ਗੁਆਚੇ ਹੋਇਆਂ ਬਾਰੇ ਕੀ ਵਿਸ਼ਵਾਸ ਕਰਦੇ ਹਾਂ ਅਤੇ ਅਰਾਧਨਾ ਉਨ੍ਹਾਂ ਤਕ ਕਿਵੇਂ ਪਹੁੰਚ ਸਕਦੀ ਹੈ।

---

41 Oswald Chambers, My Utmost for His Highest (January 25 entry). Retrieved from https://utmost.org/leave-room-for-god/ on July 22, 2020.

ਆਓ ਇੱਕ ਉਦਾਹਰਣ ਲਈਏ – ਕਲੀਸੀਆਈ ਗਾਇਨ।

- ਰੋਮਨ ਕੈਥੋਲਿਕ ਚਰਚ ਵਿੱਚ ਕਲੀਸੀਆਈ ਗਾਇਨ ਦੀ ਗੈਰਮੌਜੂਦਗੀ ਇਸ ਮਾਨਤਾ ਨੂੰ ਦਰਸਾਉਂਦੀ ਹੈ ਕਿ ਆਮ ਲੋਕ ਬਚਨ ਨੂੰ ਗੀਤਾਂ ਵਜੋਂ (ਗਾਏ ਜਾਣ ਵਾਲੇ ਬਚਨ ਸਮੇਤ) ਨਹੀਂ ਸੀ ਸਮਝ ਸਕਦੇ। ਜਿਸ ਤਰ੍ਹਾਂ ਇੱਕ ਆਮ ਵਿਅਕਤੀ ਨੂੰ ਆਪਣੀ ਮਰਜ਼ੀ ਦਾ ਬਚਨ ਪੜ੍ਹਨ ਦੀ ਇਜਾਜ਼ਤ ਨਹੀਂ ਸੀ, ਇੱਕ ਆਮ ਵਿਅਕਤੀ ਨੂੰ ਅਰਾਧਨਾ ਦੇ ਗੀਤ ਗਾਉਣ ਦੀ ਵੀ ਇਜਾਜ਼ਤ ਨਹੀਂ ਸੀ। ਅਰਾਧਨਾ ਇੱਕ ਜਾਜਕ ਦੁਆਰਾ ਕੀਤੀ ਜਾਂਦੀ ਸੀ।
- ਸੁਧਾਰ ਦੌਰਾਨ ਕਲੀਸੀਆਈ ਗਾਇਨ ਤੇ ਦਿੱਤਾ ਗਿਆ ਜ਼ੋਰ ਲੂਥਰ ਦੀ ਇਸ ਮਾਨਤਾ ਨੂੰ ਦਰਸਾਉਂਦਾ ਹੈ ਕਿ ਹਰ ਮਸੀਹੀ ਮਸੀਹ ਦੀ ਦੇਹ ਦੇ ਅੰਗ ਵਜੋਂ ਅਰਾਧਨਾ ਕਰ ਸਕਦਾ ਹੈ।
- ਕੈਲਵਿਨ ਦੁਆਰਾ ਜ਼ਬੂਰਾਂ ਤੋਂ ਇਲਾਵਾ ਹੋਰ ਭਜਨਾਂ ਦੀ ਆਗਿਆ ਦੇਣ ਤੋਂ ਇਨਕਾਰ ਕਰਨਾ ਉਸ ਦੀ ਇਸ ਮਾਨਤਾ ਨੂੰ ਦਰਸਾਉਂਦਾ ਹੈ ਕਿ ਸਿਰਫ਼ ਪਰਮੇਸ਼ੁਰ ਦਾ ਬਚਨ ਹੀ ਅਰਾਧਨਾ ਵਿੱਚ ਸਵੀਕਾਰਯੋਗ ਸੀ।
- ਕਲੀਸੀਆਈ ਗਾਇਨ ਤੇ ਅਤੇ ਭਜਨਾਂ ਦੁਆਰਾ ਸਿਧਾਂਤ ਦੀ ਸਿੱਖਿਆ ਦੇਣ ਤੇ ਮੈਥੋਡਿਸਟ ਵੱਲੋਂ ਦਿੱਤਾ ਗਿਆ ਜ਼ੋਰ ਵੈਸਲੀਆਂ ਦੇ ਇਸ ਦ੍ਰਿੜ੍ਹ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਹਰ ਵਿਸ਼ਵਾਸੀ ਨੂੰ ਗਾਉਣਾ ਚਾਹੀਦਾ ਹੈ ਅਤੇ ਜੋ ਅਸੀਂ ਗਾਉਂਦੇ ਹਾਂ ਉਹ ਉਸ ਨੂੰ ਪ੍ਰਭਾਵਿਤ ਕਰਦਾ ਹੈ ਜੋ ਅਸੀਂ ਵਿਸ਼ਵਾਸ ਕਰਦੇ ਹਾਂ।
- ਸਰਹੱਦੀ ਗਾਇਨ ਦੀ ਸਾਦਗੀ ਇਸ ਦ੍ਰਿੜ੍ਹ ਮੈਥੋਡਿਸਟ ਵਿਸ਼ਵਾਸ ਨੂੰ ਦਰਸਾਉਂਦੀ ਸੀ ਕਿ ਮੁਕਤੀ ਸਾਰੇ ਲੋਕਾਂ ਲਈ ਹੈ। ਉਸ ਦ੍ਰਿੜ੍ਹ ਵਿਸ਼ਵਾਸ ਕਾਰਣ ਉਨ੍ਹਾਂ ਨੇ ਜੋਸ਼ ਭਰੇ ਗਾਇਨ ਵਿੱਚ ਸਾਰਿਆਂ ਨੂੰ ਸ਼ਾਮਲ ਕੀਤਾ।

ਜਦੋਂ ਅਸੀਂ ਇਸ ਕੋਰਸ ਨੂੰ ਅੱਗੇ ਜਾਰੀ ਰੱਖਾਂਗੇ, ਤਾਂ ਅਸੀਂ ਅਰਾਧਨਾ ਦੇ ਬਹੁਤ ਸਾਰੇ ਤੱਤਾਂ ਨੂੰ ਵੇਖਾਂਗੇ। ਅਰਾਧਨਾ ਦੇ ਸੰਬੰਧ ਵਿੱਚ ਤੁਹਾਡਾ ਪਹਿਲਾ ਸਵਾਲ ਇਹ ਹੋਣ ਦੀ ਸੰਭਾਵਨਾ ਹੈ, "ਕੀ ਮੈਨੂੰ ਇਹ ਪਸੰਦ ਹੈ?" ਇਹ ਮਹੱਤਵਪੂਰਣ ਸਵਾਲ ਨਹੀਂ ਹੈ। ਵਧੇਰੇ ਮਹੱਤਵਪੂਰਣ ਸਵਾਲ ਇਹ ਹੈ, "ਮੇਰੀ ਅਰਾਧਨਾ ਉਸ ਬਾਰੇ ਕੀ ਕਹਿੰਦੀ ਹੈ ਜੋ ਮੈਂ ਵਿਸ਼ਵਾਸ ਕਰਦਾ ਹਾਂ? ਕੀ ਇਹ ਪਰਮੇਸ਼ੁਰ ਅਤੇ ਉਸ ਨਾਲ ਮਨੁੱਖ ਦੇ ਰਿਸ਼ਤੇ ਦੀ ਸਹੀ ਸਮਝ ਨੂੰ ਦਰਸਾਉਂਦੀ ਹੈ?"

ਸਾਡੀ ਅਰਾਧਨਾ ਉਸ ਨੂੰ ਆਕਾਰ ਦਿੰਦੀ ਹੈ ਜੋ ਅਸੀਂ ਵਿਸ਼ਵਾਸ ਕਰਦੇ ਹਾਂ, ਪਰ ਇਸ ਦਾ ਉਲਟਾ ਵੀ ਸੱਚ ਹੈ: ਸਾਡੀਆਂ ਮਾਨਤਾਵਾਂ ਸਾਡੇ ਅਰਾਧਨਾ ਕਰਨ ਦੇ ਤਰੀਕੇ ਨੂੰ ਆਕਾਰ ਦਿੰਦੀਆਂ ਹਨ।

ਪਾਠ 5 ਦੀ ਸਮੀਖਿਆ

1. ਅਰੰਭਕ ਕਲੀਸੀਆ ਵਿੱਚ:

   - ਅਰਾਧਨਾ ਗੈਰ ਰਸਮੀ ਅਤੇ ਗੂੜ੍ਹੀ ਸੀ।
   - ਅਰਾਧਨਾ ਵਿੱਚ ਭਾਗੀਦਾਰੀ ਤੇ ਜ਼ੋਰ ਦਿੱਤਾ ਜਾਂਦਾ ਸੀ।
   - ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਸੀ।

2. ਮੱਧ ਯੁੱਗ ਦੀ ਅਰਾਧਨਾ ਵਿੱਚ:

   - ਆਤਮਿਕਤਾ ਨਾਲੋਂ ਸੁੰਦਰਤਾ ਵਧੇਰੇ ਮਹੱਤਵਪੂਰਣ ਸੀ।
   - ਲੋਕ ਬੰਦਗੀਆਂ ਨੂੰ ਸਮਝ ਨਹੀਂ ਸਕੇ।
   - ਲੋਕ ਵੇਖਣ ਵਾਲੇ ਸਨ, ਸਰਗਰਮ ਅਰਾਧਕ ਨਹੀਂ ਸਨ।
   - ਖੁਸ਼ਖ਼ਬਰੀ ਨੂੰ ਰੀਤ ਨਾਲ ਬਦਲ ਦਿੱਤਾ ਗਿਆ ਸੀ।

3. ਸੁਧਾਰ ਦੌਰਾਨ:

- ਅਰਾਧਨਾ ਵਿਸ਼ਵਾਸੀ ਦੇ ਜਾਜਕਪੁਣੇ ਨੂੰ ਵਿਖਾਉਂਦੀ ਸੀ।
- ਅਰਾਧਨਾ ਲੋਕਾਂ ਦੀ ਭਾਸ਼ਾ ਵਿੱਚ ਸੀ।
- ਲੂਥਰ, ਕੈਲਵਿਨ, ਅਤੇ ਪਿਊਰਿਟਨ ਅਰਾਧਨਾ ਵਿੱਚ ਰੀਤ ਦੀ ਭੂਮਿਕਾ ਤੇ ਅਸਹਿਮਤ ਸਨ।

4. ਸੁਧਾਰ ਦੇ ਬਾਅਦ ਅਜ਼ਾਦ ਕਲੀਸੀਆਵਾਂ ਵਿੱਚ:

- ਪਰਚਾਰ ਮੁੱਖ ਸੀ।
- ਕਲੀਸੀਆ ਦੀ ਸ਼ਮੂਲੀਅਤ ਜ਼ਰੂਰੀ ਸੀ।
- ਵਿਸ਼ਵਾਸੀ ਦੇ ਜਾਜਕਪੁਣੇ ਦਾ ਸਿਧਾਂਤ ਮਹੱਤਵਪੂਰਣ ਸੀ।
- ਸਾਰੀ ਅਰਾਧਨਾ ਲੋਕਾਂ ਦੀ ਭਾਸ਼ਾ ਵਿੱਚ ਹੁੰਦੀ ਸੀ।
- ਅਤਿ ਵਿਅਕਤੀਵਾਦ ਇੱਕ ਖ਼ਤਰਾ ਸੀ।

5. ਸ਼ੁਰੂਆਤੀ ਮੈਥੋਡਿਸਟ ਅਰਾਧਨਾ ਦੇ ਚਿੰਨ੍ਹ ਇਹ ਸਨ:

- ਪਰਚਾਰ ਉੱਤੇ ਜ਼ੋਰ
- ਬਾਰ-ਬਾਰ ਪ੍ਰਭੂ-ਭੋਜ ਲੈਣ ਉੱਤੇ ਜ਼ੋਰ
- ਭਜਨ ਗਾਉਣ ਉੱਤੇ ਜ਼ੋਰ
- ਛੋਟੇ ਸਮੂਹਾਂ ਉੱਤੇ ਜ਼ੋਰ
- ਸਮੂਹਿਕ ਅਰਾਧਨਾ ਉੱਤੇ ਜ਼ੋਰ
- ਖੁਸ਼ਖ਼ਬਰੀ ਪਰਚਾਰ ਉੱਤੇ ਜ਼ੋਰ

6. ਸ਼ੁਰੂਆਤੀ ਅਮਰੀਕਾ ਵਿੱਚ ਅਰਾਧਨਾ:

- ਨਿੱਜੀ ਸ਼ਮੂਲੀਅਤ ਅਤੇ ਖੁਸ਼ਖ਼ਬਰੀ ਪਰਚਾਰ ਲਈ ਜੋਸ਼ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ
- ਕਈ ਵਾਰ ਸਿਧਾਂਤਕ ਅਖੰਡਤਾ ਦੀ ਕੀਮਤ ਤੇ ਨਿੱਜੀ ਅਨੁਭਵ ਉੱਤੇ ਜ਼ੋਰ ਦਿੱਤਾ

7. ਅੱਜ ਸਾਡੀ ਅਰਾਧਨਾ ਪਰਮੇਸ਼ੁਰ ਬਾਰੇ ਸਾਡੀਆਂ ਮਾਨਤਾਵਾਂ ਨੂੰ ਅਤੇ ਅਸੀਂ ਉਸ ਨਾਲ ਕਿਵੇਂ ਸੰਬੰਧ ਰੱਖਦੇ ਹਾਂ ਉਸ ਨੂੰ ਦਰਸਾਉਂਦੀ ਹੈ।

ਪਾਠ 5 ਦੇ ਖੁਦ ਕਰਨ ਵਾਲੇ ਕੰਮ

1. ਜਸਟਿਨ ਮਾਰਟਿਅਰ ਨੇ ਕੁਝ ਪੈਰਿਆਂ ਵਿੱਚ ਦੂਜੀ ਸਦੀ ਦੀ ਕਲੀਸੀਆ ਦੀ ਅਰਾਧਨਾ ਦਾ ਵਰਣਨ ਕੀਤਾ। ਉਹ ਕਿਸੇ ਅਜਿਹੇ ਵਿਅਕਤੀ ਨੂੰ ਲਿਖ ਰਿਹਾ ਸੀ ਜਿਸ ਨੇ ਕਦੇ ਵੀ ਮਸੀਹੀ ਅਰਾਧਨਾ ਬੰਦਗੀ ਨਹੀਂ ਵੇਖੀ ਸੀ। 2-3 ਪੈਰੇ ਲਿਖੋ ਜਿਨ੍ਹਾਂ ਵਿੱਚ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਆਪਣੀ ਅਰਾਧਨਾ ਬੰਦਗੀ ਦਾ ਵਰਣਨ ਕਰਦੇ ਹੋ ਜਿਹੜਾ ਕਦੇ ਵੀ ਕਿਸੇ ਮਸੀਹੀ ਕਲੀਸੀਆ ਵਿੱਚ ਨਹੀਂ ਗਿਆ ਹੈ। ਧਿਆਨ ਨਾਲ ਵਿਚਾਰ ਕਰੋ ਕਿ ਤੁਹਾਡੀ ਅਰਾਧਨਾ ਵਿੱਚ ਕਿਹੜੀ ਚੀਜ਼ ਸਭ ਤੋਂ ਮਹੱਤਵਪੂਰਣ ਹੈ। ਤੁਸੀਂ ਆਪਣੀਆਂ ਬੰਦਗੀਆਂ ਨੂੰ ਉਸ ਤਰੀਕੇ ਨਾਲ ਕਿਵੇਂ ਸਮਝਾ ਸਕਦੇ ਹੋ ਜੋ ਉਸ ਦਾ ਸੰਚਾਰ ਕਰੇਗਾ ਜੋ ਮਸੀਹੀ ਅਰਾਧਨਾ ਲਈ ਪ੍ਰਮੁੱਖ ਹੈ?

   ਜੇਕਰ ਤੁਸੀਂ ਕਿਸੇ ਸਮੂਹ ਵਿੱਚ ਅਧਿਐਨ ਕਰ ਰਹੇ ਹੋ, ਤਾਂ ਆਪਣੀ ਅਗਲੀ ਕਲਾਸ ਬੈਠਕ ਵਿੱਚ ਸਮੂਹ ਦੇ ਹਰੇਕ ਮੈਂਬਰ ਦੇ ਜਵਾਬਾਂ ਬਾਰੇ ਚਰਚਾ ਕਰੋ।

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਦੇ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 5 ਦਾ ਇਮਤਿਹਾਨ

1. ਜਸਟਿਨ ਮਾਰਟਿਅਰ ਦੁਆਰਾ ਵਰਣਨ ਕੀਤੇ ਗਏ ਦੂਜੀ ਸਦੀ ਦੀ ਅਰਾਧਨਾ ਦੇ ਤਿੰਨ ਤੱਤ ਦੱਸੋ।

2. ਮੱਧ ਯੁੱਗ ਦੌਰਾਨ ਦੀ ਅਰਾਧਨਾ ਦੀਆਂ ਤਿੰਨ ਕਮਜ਼ੋਰੀਆਂ ਦੱਸੋ।

3. ਵਿਸ਼ਵਾਸੀਆਂ ਦੇ ਜਾਜਕਪੁਣੇ ਨਾਲ ਸੰਬੰਧਤ ਸੁਧਾਰ ਦੀਆਂ ਦੋ ਮੁੱਖ ਚਿੰਤਾਵਾਂ ਕੀ ਸਨ?

4. ਸੁਧਾਰ ਵਿਚਲੇ ਉਸ ਸਮੂਹ (ਸਮੂਹਾਂ) ਦੀ ਪਛਾਣ ਕਰੋ ਜੋ ਹਰੇਕ ਵਰਣਨ ਨਾਲ ਸਭ ਤੋਂ ਵਧੀਆ ਮੇਲ ਖਾਂਦਾ ਹੈ।

   - ਅਰਾਧਨਾ ਦੇ ਕਿਸੇ ਵੀ ਤੌਰ-ਤਰੀਕਿਆਂ ਦੀ ਇਜਾਜ਼ਤ ਦਿੱਤੀ ਜਿਸ ਦੀ ਬਚਨ ਵਿੱਚ ਮਨਾਹੀ ਨਹੀਂ ਹੈ: _____
   - ਅਰਾਧਨਾ ਦੇ ਉਨ੍ਹਾਂ ਤੌਰ-ਤਰੀਕਿਆਂ ਦੀ ਇਜਾਜ਼ਤ ਨਹੀਂ ਦਿੱਤੀ ਜਿਨ੍ਹਾਂ ਬਾਰੇ ਬਚਨ ਵਿੱਚ ਚਰਚਾ ਨਹੀਂ ਕੀਤੀ ਗਈ ਹੈ: _____
   - ਜ਼ਿਆਦਾਤਰ ਰਸਮ ਨੂੰ ਰੱਦ ਕੀਤਾ। ਕਈ ਵਾਰ ਨਿੱਜੀ ਘਰਾਂ ਵਿੱਚ ਅਰਾਧਨਾ ਕੀਤੀ: _____

5. ਅਜ਼ਾਦ ਕਲੀਸੀਆ ਦੀ ਅਰਾਧਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਓ।

6. ਸ਼ੁਰੂਆਤੀ ਮੈਥੋਡਿਸਟ ਅਰਾਧਨਾ ਵਿੱਚ ਤਿੰਨ ਜ਼ੋਰ ਦਿੱਤੀਆਂ ਗਈਆਂ ਗੱਲਾਂ ਦੀ ਸੂਚੀ ਬਣਾਓ।

7. ਸ਼ੁਰੂਆਤੀ ਅਮਰੀਕਾ ਵਿੱਚ ਅਰਾਧਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਓ।

8. ਜ਼ਬੂਰ 100:1-5 ਮੂੰਹ ਜ਼ਬਾਨੀ ਲਿਖੋ।

ਪਾਠ 6

ਅਰਾਧਨਾ ਵਿੱਚ ਸੰਗੀਤ

ਪਾਠ ਦੇ ਉਦੇਸ਼

1. ਅਰਾਧਨਾ ਵਿੱਚ ਸੰਗੀਤ ਲਈ ਬਾਈਬਲ-ਅਧਾਰਿਤ, ਧਰਮ-ਗਿਆਨ ਨਾਲ ਸੰਬੰਧਤ ਅਤੇ ਵਿਹਾਰਕ ਕਾਰਣਾਂ ਨੂੰ ਪਛਾਣਨਾ।
2. ਇਹ ਸਮਝਣਾ ਕਿ ਸੰਗੀਤ ਮਨ, ਦਿਲ, ਸਰੀਰ ਅਤੇ ਇੱਛਾ ਨਾਲ ਗੱਲ ਕਰਦਾ ਹੈ।
3. ਬਾਈਬਲ ਦੇ ਉਨ੍ਹਾਂ ਸਿਧਾਂਤਾਂ ਪ੍ਰਤੀ ਸਮਰਪਿਤ ਹੋਣਾ ਜੋ ਅਰਾਧਨਾ ਵਿੱਚ ਸੰਗੀਤ ਦੀ ਚੋਣ ਕਰਨ ਵਿੱਚ ਮਾਰਗਦਰਸ਼ਨ ਕਰਦੇ ਹਨ।
4. ਅਰਾਧਨਾ ਵਿੱਚ ਸੰਗੀਤ ਨਾਲ ਸੰਬੰਧਤ ਵਿਹਾਰਕ ਸਵਾਲਾਂ ਲਈ ਬਾਈਬਲ ਦੇ ਸਿਧਾਂਤਾਂ ਨੂੰ ਲਾਗੂ ਕਰਨਾ।

ਇਸ ਪਾਠ ਦੇ ਲਈ ਤਿਆਰੀ

ਕੁਲੁੱਸੀਆਂ 3:15-17 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

ਮੈਥਿਊ ਆਪਣੀ ਕਲੀਸੀਆ ਦੇ ਪਾਸਬਾਨ ਦੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੁੰਦਾ ਹੈ। ਉਹ ਬਹੁਤ ਉਤਸ਼ਾਹ ਅਤੇ ਉਮੀਦ ਨਾਲ ਲੇਕਸਾਈਡ ਫਸਟ ਚਰਚ ਪਹੁੰਚਿਆ। ਉਸ ਨੂੰ ਅਧਿਐਨ ਕਰਨਾ ਅਤੇ ਸੰਦੇਸ਼ ਤਿਆਰ ਕਰਨਾ ਬਹੁਤ ਪਸੰਦ ਹੈ। ਉਸ ਨੂੰ ਲੋਕਾਂ ਨੂੰ ਮਿਲਣਾ ਅਤੇ ਦੁਖੀ ਲੋਕਾਂ ਨੂੰ ਦਿਲਾਸਾ ਦੇਣਾ ਚੰਗਾ ਲੱਗਦਾ ਹੈ। ਉਹ ਗੈਰ-ਵਿਸ਼ਵਾਸੀਆਂ ਨਾਲ ਖੁਸ਼ਖਬਰੀ ਸਾਂਝੀ ਕਰਨ ਦਾ ਮੌਕਾ ਮਿਲਣ ਤੇ ਬਹੁਤ ਖੁਸ਼ ਹੁੰਦਾ ਹੈ। ਉਸ ਦੀ ਕਲੀਸੀਆ ਦੇ ਮੈਂਬਰ ਉਸ ਦੇ ਸੰਦੇਸ਼ਾਂ ਨੂੰ ਬਹੁਤ ਪਸੰਦ ਕਰਦੇ ਹਨ। ਕਲੀਸੀਆ ਵਿੱਚ ਨਵੇਂ-ਨਵੇਂ ਲੋਕ ਆ ਰਹੇ ਹਨ। ਮੈਥਿਊ ਨੂੰ ਇੱਕ ਪਾਸਬਾਨ ਦੇ ਤੌਰ ਤੇ ਉਤਸ਼ਾਹਿਤ ਹੋਣਾ ਚਾਹੀਦਾ ਹੈ। ਪਰ ਕੁਝ ਨਾ ਕੁਝ ਗਲਤ ਜ਼ਰੂਰ ਹੈ। ਗੱਲ ਸੰਗੀਤ ਨੂੰ ਲੈ ਕੇ ਵਿਵਾਦ ਤੱਕ ਪਹੁੰਚ ਗਈ ਹੈ।

ਹਰ ਸੋਮਵਾਰ ਸਵੇਰੇ, ਜੋਸੀਯਾਹ ਚਰਚ ਦੇ ਦਫ਼ਤਰ ਵਿੱਚ ਫੋਨ ਕਰਦਾ ਹੈ। "ਪਾਸਟਰ ਜੀ, ਕੱਲ੍ਹ ਦਾ ਸੰਗੀਤ ਬਹੁਤ ਭੈੜਾ ਸੀ! ਮੈਨੂੰ ਆਖ਼ਰੀ ਗੀਤ ਨਹੀਂ ਸੀ ਆਉਂਦਾ। ਕੀ-ਬੋਰਡ ਬਹੁਤ ਉੱਚਾ ਵੱਜ ਰਿਹਾ ਸੀ। ਮੈਂ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਤੁਹਾਨੂੰ ਇਸ ਚਰਚ ਵਿੱਚ ਸੰਗੀਤ ਬਾਰੇ ਕੁਝ ਕਰਨਾ ਪਵੇਗਾ!"

ਫਿਰ ਹਰ ਮੰਗਲਵਾਰ, ਮੈਥਿਊ ਆਪਣੇ ਸੰਗੀਤ ਨਿਰਦੇਸ਼ਕ, ਥਾਮਸ ਨਾਲ ਮਿਲਦਾ ਹੈ। ਥਾਮਸ ਦੀ ਇੱਕ ਵੱਖਰੀ ਸ਼ਿਕਾਇਤ ਹੈ। "ਪਾਸਟਰ ਜੀ, ਅਸੀਂ ਅਜੇ ਵੀ ਇੰਨੇ ਪੁਰਾਣੇ ਭਜਨ ਕਿਉਂ ਗਾ ਰਹੇ ਹਾਂ? ਗੀਤ ਗਾਉਣ ਵਾਲੀ ਮੰਡਲੀ ਇਨ੍ਹਾਂ ਗੀਤਾਂ ਨੂੰ ਗਾ ਕੇ ਅੱਕ ਚੁੱਕੀ ਹੈ। ਐਤਵਾਰ, ਅਸੀਂ ਦੋ ਪੁਰਾਣੇ ਭਜਨ ਅਤੇ ਸਿਰਫ਼ ਇੱਕ ਨਵਾਂ ਗੀਤ ਗਾਇਆ। ਅਸੀਂ ਇਨ੍ਹਾਂ ਭਜਨਾਂ ਪੁਰਾਣੇ ਭਜਨਾਂ ਨੂੰ ਗਾਉਣਾ ਛੱਡ ਕਿਉਂ ਨਹੀਂ ਦਿੰਦੇ? ਸਾਰੀਆਂ ਵੱਡੀਆਂ-ਵੱਡੀਆਂ ਕਲੀਸੀਵਾਂ ਵਿੱਚ ਨਵੇਂ ਬਦਲਾਅ ਆ ਗਏ ਹਨ। ਕਿਰਪਾ ਕਰਕੇ ਮੈਨੂੰ ਸੰਗੀਤ ਵਿੱਚ ਬਦਲਾਅ ਲਿਆਉਣ ਦਿਓ!"

ਮੰਗਲਵਾਰ ਦੀ ਰਾਤ ਤੱਕ, ਮੈਥਿਊ ਦਾ ਮਨ ਕਰਦਾ ਹੈ ਕਿ ਉਹ ਕਲੀਸੀਆ ਦੀ ਪਾਸਬਾਨੀ ਹੀ ਛੱਡ ਦੇਵੇ। ਲੇਕਸਾਈਡ ਫਸਟ ਚਰਚ ਦੇ ਅੱਧੇ ਲੋਕਾਂ ਨੂੰ ਪੁਰਾਣੇ ਭਜਨ ਪਸੰਦ ਹਨ; ਹਰ ਵਾਰ ਜਦੋਂ ਕੋਈ ਨਵਾਂ ਗੀਤ ਗਾਇਆ ਜਾਂਦਾ ਹੈ ਤਾਂ ਉਹ ਸ਼ਿਕਾਇਤ ਕਰਦੇ ਹਨ। ਲੇਕਸਾਈਡ ਫਸਟ ਚਰਚ ਦੇ ਅੱਧੇ ਲੋਕਾਂ ਨੂੰ ਤਾਂ ਪੁਰਾਣੇ ਭਜਨ ਪਸੰਦ ਹੀ ਨਹੀਂ ਹਨ; ਉਹ ਸਿਰਫ਼ ਉਸਤਤ ਅਤੇ ਅਰਾਧਨਾ ਦੇ ਗੀਤ ਗਾਉਣੇ ਚਾਹੁੰਦੇ ਹਨ। ਮੈਥਿਊ ਨੂੰ ਕੋਈ ਹੱਲ ਨਹੀਂ ਮਿਲ ਰਿਹਾ।

» ਤੁਸੀਂ ਪਾਸਬਾਨ ਮੈਥਿਊ ਨੂੰ ਕੀ ਸਲਾਹ ਦੇ ਸਕਦੇ ਹੋ? ਉਸ ਦੇ ਚਰਚ ਦਾ ਸੰਗੀਤ ਉਸ ਦੀ ਕਲੀਸੀਆ ਦੇ ਹਰੇਕ ਸਮੂਹ ਦੀ ਕਿਵੇਂ ਸੇਵਾ ਕਰ ਸਕਦਾ ਹੈ?

ਅਰਾਧਨਾ ਵਿੱਚ ਸੰਗੀਤ ਦੇ ਮਹੱਤਵਪੂਰਣ ਹੋਣ ਦੇ ਕਾਰਣ

ਚਰਚ ਵਿੱਚ ਸੰਗੀਤ ਬਾਰੇ ਇੱਕ ਇੰਟਰਵਿਊ ਵਿੱਚ, ਇੱਕ ਪਾਸਬਾਨ ਨੇ ਇੱਕ ਵਾਰ ਕਿਹਾ, "ਸਾਨੂੰ ਅਰਾਧਨਾ ਵਿੱਚ ਸੰਗੀਤ ਦੀ ਲੋੜ ਨਹੀਂ ਹੈ। ਜੇ ਮੈਂ ਪਰਮੇਸ਼ੁਰ ਦੇ ਬਚਨ ਦਾ ਪ੍ਰਭਾਵਸ਼ਾਲੀ ਢੰਗ ਨਾਲ ਪਰਚਾਰ ਕਰਦਾ ਹਾਂ, ਤਾਂ ਗਾਉਣ ਦੀ ਕੋਈ ਲੋੜ ਨਹੀਂ ਹੈ।" ਇਸ ਪਾਸਬਾਨ ਨੇ ਅਰਾਧਨਾ ਵਿੱਚ ਸੰਗੀਤ ਦੀ ਕੋਈ ਮਹੱਤਤਾ ਨਹੀਂ ਵੇਖੀ।

» ਤੁਸੀਂ ਇਸ ਪਾਸਬਾਨ ਨੂੰ ਕੀ ਜਵਾਬ ਦਿਓਗੇ? ਸਾਡੀ ਅਰਾਧਨਾ ਵਿਚ ਸੰਗੀਤ ਕਿਉਂ ਮਹੱਤਵਪੂਰਣ ਹੈ?

ਮਸੀਹੀ ਲੋਕ ਗਾਉਣ ਵਾਲੇ ਲੋਕ ਹਨ। ਮੁਸਲਮਾਨ ਗਾਉਣ ਲਈ ਇਕੱਠੇ ਨਹੀਂ ਹੁੰਦੇ। ਬੋਧੀ ਗਾਉਣ ਲਈ ਇਕੱਠੇ ਨਹੀਂ ਹੁੰਦੇ। ਹਿੰਦੂ ਗਾਉਣ ਲਈ ਇਕੱਠੇ ਨਹੀਂ ਹੁੰਦੇ। ਮਸੀਹੀ ਲੋਕ ਗਾਉਣ ਲਈ ਇਕੱਠੇ ਹੁੰਦੇ ਹਨ। ਹਰ ਮਸੀਹੀ ਵਿਅਕਤੀ ਪਰਚਾਰ ਨਹੀਂ ਕਰਦਾ, ਪ੍ਰਾਰਥਨਾ ਵਿੱਚ ਅਗਵਾਈ ਨਹੀਂ ਕਰਦਾ, ਜਾਂ ਜਨਤਕ ਤੌਰ ਤੇ ਬਚਨ ਨਹੀਂ ਪੜ੍ਹਦਾ। ਸਾਰੇ ਮਸੀਹੀ ਲੋਕ ਗਾ ਸਕਦੇ ਹਨ ਅਤੇ ਉਨ੍ਹਾਂ ਨੂੰ ਗਾਉਣਾ ਵੀ ਚਾਹੀਦਾ ਹੈ। ਇੱਥੇ ਕੁਝ ਕਾਰਣ ਦਿੱਤੇ ਗਏ ਹਨ ਕਿ ਮਸੀਹੀ ਅਰਾਧਨਾ ਵਿੱਚ ਸੰਗੀਤ ਕਿਉਂ ਮਹੱਤਵਪੂਰਣ ਹੈ।

ਅਰਾਧਨਾ ਵਿੱਚ ਸੰਗੀਤ ਦਾ ਬਾਈਬਲ-ਅਧਾਰਿਤ ਕਾਰਣ

ਅਰਾਧਨਾ ਵਿੱਚ ਸੰਗੀਤ ਮਹੱਤਵਪੂਰਣ ਹੈ ਕਿਉਂਕਿ ਬਾਈਬਲ ਵਿੱਚ ਸੰਗੀਤ ਦੀ ਮਹੱਤਤਾ ਹੈ। ਬਚਨ ਵਿੱਚ ਗਾਉਣ ਅਤੇ ਸੰਗੀਤ ਦੇ ਲਗਭਗ 600 ਹਵਾਲੇ ਹਨ। ਬਾਈਬਲ ਦੀਆਂ 44 ਪੁਸਤਕਾਂ ਸੰਗੀਤ ਦਾ ਹਵਾਲਾ ਦਿੰਦੀਆਂ ਹਨ।

ਵੱਖ-ਵੱਖ ਤਰ੍ਹਾਂ ਦੀਆਂ ਘਟਨਾਵਾਂ ਨਾਲ ਸੰਬੰਧਤ ਬਾਈਬਲ ਦੇ ਗੀਤ:

- ਇਸਰਾਏਲੀਆਂ ਨੇ ਫ਼ਿਰਊਨ ਦੀ ਫੌਜ ਉੱਤੇ ਜਿੱਤ ਲਈ ਪਰਮੇਸ਼ੁਰ ਦੀ ਉਸਤਤ ਕੀਤੀ (**ਕੂਚ** 15)।
- ਯਾਬੀਨ ਉੱਤੇ ਦਬੋਰਾਹ ਦੀ ਜਿੱਤ ਤੋਂ ਬਾਅਦ ਇਸਰਾਏਲੀਆਂ ਨੇ ਪਰਮੇਸ਼ੁਰ ਦੀ ਉਸਤਤ ਕੀਤੀ (ਨਿਆਈਆਂ 5)।
- ਹੈਕਲ ਨੂੰ ਅਰਾਧਨਾ ਲਈ ਸਮਰਪਿਤ ਕੀਤੇ ਜਾਣ ਸਮੇਂ ਗਵੰਤਰੀਆਂ ਨੇ ਅਰਾਧਨਾ ਕੀਤੀ (2 **ਇਤਹਾਸ** 5:11-14)।
- ਹੈਕਲ ਦੇ ਕੰਮ ਨੂੰ ਮੁੜ ਸ਼ੁਰੂ ਕਰਨ ਸਮੇਂ ਗਵੰਤਰੀਆਂ ਨੇ ਅਰਾਧਨਾ ਵਿੱਚ ਅਗਵਾਈ ਕੀਤੀ (**ਅਜ਼ਰਾ** 3:10-12)।
- ਜ਼ਬੂਰਾਂ ਦੀ ਪੋਥੀ ਯਹੂਦੀ ਅਤੇ ਮਸੀਹੀ ਅਰਾਧਨਾ ਲਈ ਭਜਨਾਂ ਦਾ ਇੱਕ ਸੰਗ੍ਰਹਿ ਹੈ।
- ਯਿਸੂ ਅਤੇ ਚੇਲਿਆਂ ਨੇ ਪ੍ਰਭੂ-ਭੋਜ ਸਮੇਂ ਇੱਕ ਭਜਨ ਗਾਇਆ (**ਮੱਤੀ** 26:30)।
- ਪੌਲੁਸ ਅਤੇ ਸੀਲਾਸ ਨੇ ਕੈਦਖ਼ਾਨੇ ਵਿੱਚ ਉਸਤਤ ਦੇ ਭਜਨ ਗਾਏ (**ਰਸੂਲਾਂ ਦੇ ਕਰਤੱਬ** 16:22-25)।

- ਯੂਹੰਨਾ ਨੇ ਵੇਖਿਆ ਕਿ ਗਾਉਣਾ ਸਵਰਗ ਵਿੱਚ ਅਰਾਧਨਾ ਦਾ ਹਿੱਸਾ ਹੈ (ਪਰਕਾਸ਼ ਦੀ ਪੋਥੀ 4 ਅਤੇ 5)।

ਅਰਾਧਨਾ ਵਿੱਚ ਸੰਗੀਤ ਦੇ ਲਈ ਧਰਮ-ਗਿਆਨ ਨਾਲ ਸੰਬੰਧਤ ਕਾਰਣ

ਯਹੂਦੀ ਅਰਾਧਕ ਅਰਾਧਨਾ ਕਰਦੇ ਸਮੇਂ ਗਾਉਂਦੇ ਸਨ। ਅਰੰਭਕ ਮਸੀਹੀ ਲੋਕ ਆਪਣੇ ਦਿਲਾਂ ਵਿੱਚ ਪ੍ਰਭੂ ਲਈ ਧੰਨਵਾਦ ਨਾਲ ਗਾਉਂਦੇ ਸਨ (ਕੁਲੁੱਸੀਆਂ 3:16)। ਸੰਗੀਤ ਮਸੀਹੀ ਅਰਾਧਨਾ ਦਾ ਮਹੱਤਵਪੂਰਣ ਹਿੱਸਾ ਸੀ।

ਅਫ਼ਸੋਸ, 367 ਈਸਵੀ ਵਿੱਚ ਲਾਉਦਿਕੀਏ ਦੀ ਸਭਾ ਨੇ ਕਲੀਸੀਆਈ ਗਾਉਣ ਉੱਤੇ ਰੋਕ ਲਗਾ ਦਿੱਤੀ। ਰੋਮਨ ਕੈਥੋਲਿਕ ਚਰਚ ਨੇ ਆਮ ਲੋਕਾਂ ਨੂੰ ਬਾਈਬਲ ਪੜ੍ਹਨ ਦੀ ਇਜਾਜ਼ਤ ਨਹੀਂ ਦਿੱਤੀ; ਚਰਚ ਦਾ ਮੰਨਣਾ ਸੀ ਕਿ ਸਿਰਫ਼ ਸਿੱਖਿਆ ਪਾਏ ਹੋਏ ਪਾਦਰੀ ਹੀ ਪਰਮੇਸ਼ੁਰ ਦੇ ਬਚਨ ਦੀ ਸਹੀ ਵਿਆਖਿਆ ਕਰਨ ਵਿੱਚ ਸਮਰੱਥ ਸਨ। ਇਸੇ ਦਲੀਲ ਦੇ ਕਾਰਣ ਸਭਾ ਨੇ ਕਲੀਸੀਆ ਦੇ ਗਾਉਣ ਤੇ ਰੋਕ ਲਗਾ ਦਿੱਤੀ: "ਜੇਕਰ ਇੱਕ ਵਿਅਕਤੀਗਤ ਵਿਸ਼ਵਾਸੀ ਕੋਲ ਬਚਨਾਂ ਦੀ ਨਿੱਜੀ ਵਿਆਖਿਆ ਕਰਨ ਦੀ ਯੋਗਤਾ ਜਾਂ ਵਿਸ਼ੇਸ਼ ਅਧਿਕਾਰ ਨਹੀਂ ਹੈ, ਤਾਂ ਉਸ ਨੂੰ ਕਲੀਸੀਆ ਦੇ ਗੀਤ ਗਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਹੈ।"[42] ਮੱਧ ਯੁੱਗ ਦੇ ਦੌਰਾਨ, ਸਿਰਫ਼ ਚਰਚ ਦੀ ਗੀਤ ਗਾਉਣ ਵਾਲੀ ਮੰਡਲੀ ਜਿਨ੍ਹਾਂ ਨੂੰ ਗੀਤ ਗਾਉਣ ਦੀ ਸਿੱਖਿਆ ਪ੍ਰਾਪਤ ਹੁੰਦੀ ਸੀ ਉਹੀ ਅਰਾਧਨਾ ਵਿੱਚ ਗਾਉਂਦੇ ਸਨ; ਆਮ ਵਿਸ਼ਵਾਸੀ ਸਿਰਫ਼ ਦਰਸ਼ਕ ਹੁੰਦੇ ਸਨ।

ਸੁਧਾਰ ਦਾ ਧਰਮ-ਗਿਆਨ ਨਾਲ ਸੰਬੰਧਤ ਇੱਕ ਮਹੱਤਵਪੂਰਣ ਜ਼ੋਰ ਵਿਸ਼ਵਾਸੀ ਦੇ ਜਾਜਕਪੁਣੇ ਉੱਤੇ ਸੀ। ਹਰ ਵਿਸ਼ਵਾਸੀ ਕੋਲ ਪ੍ਰਾਰਥਨਾ ਵਿੱਚ ਸਿੱਧੇ ਪਰਮੇਸ਼ੁਰ ਕੋਲ ਆਉਣ ਦਾ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਹੈ; ਕਿਸੇ ਵੀ ਮਸੀਹੀ ਵਿਅਕਤੀ ਨੂੰ ਵਿਚੋਲੇ ਵਜੋਂ ਸੇਵਾ ਕਰਨ ਲਈ ਕਿਸੇ ਪਾਦਰੀ ਦੀ ਲੋੜ ਨਹੀਂ ਹੁੰਦੀ। ਹਰ ਵਿਸ਼ਵਾਸੀ ਕੋਲ ਪਰਮੇਸ਼ੁਰ ਨੂੰ ਉਸ ਦੇ ਬਚਨ ਦੁਆਰਾ ਗੱਲ ਕਰਦਿਆਂ ਸੁਣਨ ਦਾ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਹੈ ਅਤੇ ਹਰੇਕ ਵਿਸ਼ਵਾਸੀ ਕੋਲ ਅਰਾਧਨਾ ਵਿੱਚ ਗਾਉਣ ਦਾ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਹੈ।

ਮਾਰਟਿਨ ਲੂਥਰ ਨੇ ਬਚਨ ਦੇ ਪੜ੍ਹਨ ਅਤੇ ਗਾਉਣ ਦੇ ਵਿਚਕਾਰ ਇੱਕ ਸੰਬੰਧ ਵੇਖਿਆ। ਉਸ ਨੇ ਕਿਹਾ, "ਪਰਮੇਸ਼ੁਰ ਨੂੰ ਆਪਣੇ ਬਚਨਾਂ ਰਾਹੀਂ ਆਪਣੇ ਲੋਕਾਂ ਨਾਲ ਸਿੱਧੇ ਗੱਲ ਕਰਨ ਦਿਓ ਅਤੇ ਉਸ ਦੇ ਲੋਕਾਂ ਨੂੰ ਉਸਤਤ ਦੇ ਧੰਨਵਾਦੀ ਗੀਤਾਂ ਨਾਲ ਪ੍ਰਤੀਉੱਤਰ ਦੇਣ ਦਿਓ।"[43] ਕਲੀਸੀਆ ਵਿੱਚ ਸੰਗੀਤ **ਵਿਸ਼ਵਾਸੀ ਦੇ ਜਾਜਕਪੁਣੇ** ਦੇ ਧਰਮ-ਗਿਆਨ ਵਾਲੇ ਸਿਧਾਂਤ ਨੂੰ ਪਰਗਟ ਕਰਦਾ ਹੈ।

ਦੀ ਏਕਤਾ ਹੈ। ਗਾਉਣ ਦੇ ਬਾਈਬਲ ਦੇ ਜ਼ਿਆਦਾਤਰ ਹਵਾਲੇ ਕਲੀਸੀਆ ਦੇ ਗਾਉਣ, ਅਰਥਾਤ ਸਾਰੇ ਲੋਕਾਂ ਦੇ ਗਾਉਣ ਦੇ ਹਨ। ਪੌਲੁਸ ਨੇ ਅਰੰਭਕ ਮਸੀਹੀ ਲੋਕਾਂ ਨੂੰ ਗੀਤ ਨਾਲ ਇੱਕ ਦੂਜੇ ਨੂੰ ਉਪਦੇਸ਼ ਕਰਨ ਅਤੇ ਚਿਤਾਰਨ ਦਾ ਹੁਕਮ ਦਿੱਤਾ (ਕੁਲੁੱਸੀਆਂ 3:16)। ਜਦੋਂ ਕਲੀਸੀਆ ਮਿਲ ਕੇ ਗਾਉਂਦੀ ਹੈ, ਅਸੀਂ **ਕਲੀਸੀਆ ਦੀ ਏਕਤਾ** ਦਾ ਪ੍ਰਗਟਾਵਾ ਕਰਦੇ ਹਾਂ।

ਅਰਾਧਨਾ ਨਾਲ ਜੁੜੇ ਖ਼ਤਰੇ: ਕਲੀਸੀਆਈ ਗੀਤ ਦਾ ਅੰਤ

ਆਈਜ਼ਕ ਵਾਟਸ ਦਾ ਇੱਕ ਬਹੁਤ ਵਧੀਆ ਭਜਨ ਕਹਿੰਦਾ ਹੈ,

"ਉਹ ਲੋਕ ਗਾਉਣ ਤੋਂ ਇਨਕਾਰ ਕਰਨ ਜਿਨ੍ਹਾਂ ਸਾਡੇ ਪਰਮੇਸ਼ੁਰ ਨੂੰ ਕਦੇ ਨਹੀਂ ਜਾਣਿਆ।
ਪਰ ਸਵਰਗੀ ਰਾਜੇ ਦੀ ਸੰਤਾਨ ਆਪਣੇ ਅਨੰਦ ਬਾਰੇ ਪਰਦੇਸਾਂ ਵਿੱਚ ਦੱਸ ਸਕਦੀ ਹੈ!"[44]

---

42 David Jeremiah. Worship (CA: Turning Point Outreach, 1995), 52

43 David Jeremiah, Worship (CA: Turning Point Outreach, 1995), 52 ਤੇ ਹਵਾਲਾ ਦਿੱਤਾ ਗਿਆ ਹੈ।

44 Isaac Watts, “We’re Marching to Zion.” Accessed January 12, 2023. https://library.timelesstruths.org/music/Were_Marching_to_Zion/

ਮਾਰਟਿਨ ਲੂਥਰ ਨੇ ਕਿਹਾ, "ਜੇਕਰ ਕੋਈ ਗਾਉਂਦਾ ਨਹੀਂ ਹੈ ਅਤੇ ਉਸ ਬਾਰੇ ਗੱਲ ਨਹੀਂ ਕਰਦਾ ਜੋ ਮਸੀਹ ਨੇ ਸਾਡੇ ਲਈ ਕੀਤਾ ਹੈ, ਤਾਂ ਉਹ ਦਰਸਾਉਂਦਾ ਹੈ ਕਿ ਉਹ ਅਸਲ ਵਿੱਚ ਵਿਸ਼ਵਾਸ ਨਹੀਂ ਕਰਦਾ ਹੈ।"[45] ਕਲੀਸੀਆਈ ਗੀਤ ਦਾ ਵਿਸ਼ੇਸ਼ ਅਧਿਕਾਰ ਜੋ ਮੱਧ ਯੁੱਗ ਵਿੱਚ ਖੁੱਸ ਗਿਆ ਸੀ, ਸੁਧਾਰਕਾਂ ਦੁਆਰਾ ਮੋੜ ਦਿੱਤਾ ਗਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਗੀਤ ਵਿਚਲੀ ਅਰਾਧਨਾ ਲੋਕਾਂ ਦੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਬਹੁਤ ਸਾਰੀਆਂ ਕਲੀਸੀਆਵਾਂ ਵਿੱਚ ਇਹ ਵਿਸ਼ੇਸ਼ ਅਧਿਕਾਰ ਦੁਬਾਰਾ ਖੁੱਸ ਰਿਹਾ ਹੈ।

ਵਿਸ਼ਵਾਸੀ ਦੇ ਜਾਜਕਪੁਣੇ ਦੇ ਸੰਗੀਤਕ ਪ੍ਰਗਟਾਵੇ ਨੂੰ ਸੰਗੀਤ ਤੋਂ ਹੀ ਖ਼ਤਰਾ ਹੈ ਜੋ ਇੱਕ ਸਧਾਰਣ ਗਾਇਕ ਦੀ ਪਹੁੰਚ ਤੋਂ ਬਾਹਰ ਹੈ। ਅਜਿਹਾ ਉਦੋਂ ਹੁੰਦਾ ਹੈ ਜਦੋਂ ਸਿਖਲਾਈ ਪ੍ਰਾਪਤ ਗੀਤ ਗਾਉਣ ਵਾਲੀਆਂ ਮੰਡਲੀਆਂ ਅਜਿਹਾ ਗੀਤ ਗਾਉਂਦੀਆਂ ਹਨ ਜੋ ਜ਼ਿਆਦਾਤਰ ਲੋਕਾਂ ਲਈ ਗਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਉਸਤਤ ਕਰਨ ਵਾਲੀਆਂ ਟੀਮਾਂ ਇਹੋ ਜਿਹੇ ਨਵੇਂ ਗੀਤ ਗਾਉਂਦੀਆਂ ਹਨ ਜੋ ਬਹੁਤ ਘੱਟ ਲੋਕ ਸਿੱਖ ਸਕਦੇ ਹਨ। ਸਾਨੂੰ ਕਦੇ ਵੀ ਛੋਟੇ ਸਮੂਹਾਂ ਨੂੰ ਕਲੀਸੀਆਈ ਗੀਤ ਦੀ ਥਾਂ ਨਹੀਂ ਲੈਣ ਦੇਣੀ ਚਾਹੀਦੀ।

ਕਲੀਸੀਆ ਦੀ ਏਕਤਾ ਦੇ ਸੰਗੀਤਕ ਪ੍ਰਗਟਾਵੇ ਨੂੰ ਉਨ੍ਹਾਂ ਕਲੀਸੀਆਵਾਂ ਵਿੱਚ ਖ਼ਤਰਾ ਹੈ ਜੋ ਮੰਡਲੀ ਨੂੰ ਵੱਖ-ਵੱਖ ਅਰਾਧਨਾ ਸ਼ੈਲੀਆਂ ਜਾਂ ਪੀੜ੍ਹੀਆਂ ਦੇ ਵਿਚਾਰਕ ਵਖਰੇਵਿਆਂ ਦੇ ਅਧਾਰ ਤੇ ਵੱਖ-ਵੱਖ ਬੰਦਗੀਆਂ ਵਿੱਚ ਵੰਡਦੀਆਂ ਹਨ। ਕਲੀਸੀਆ ਨੂੰ ਇੱਕ ਦੇਹ ਵਜੋਂ ਵੇਖਣਾ ਉਦੋਂ ਮੁਸ਼ਕਲ ਹੁੰਦਾ ਹੈ ਜਦੋਂ ਦੇਹ ਦੇ ਪੁਰਾਣੇ ਅੰਗ ਕਦੇ ਵੀ ਛੋਟੇ ਅੰਗਾਂ ਨੂੰ ਨਹੀਂ ਵੇਖਦੇ।

ਪੌਲੁਸ ਦੇ ਅਫ਼ਸੁਸ ਦੀ ਕਲੀਸੀਆ ਨੂੰ ਦਿੱਤੇ ਨਿਰਦੇਸ਼ਾਂ ਦਾ ਅੱਜ ਦੀਆਂ ਕੁਝ ਕਲੀਸੀਆਵਾਂ ਲਈ ਦੁਬਾਰਾ ਅਨੁਵਾਦ ਕੀਤੇ ਜਾਣ ਦੀ ਕਲਪਨਾ ਕਰੋ:

- ਜੋ ਲੋਕ ਭਜਨ ਗਾਉਂਦੇ ਹਨ ਉਹ ਐਤਵਾਰ ਨੂੰ ਸਵੇਰੇ 8:30 ਵਜੇ ਇਕੱਠੇ ਹੋਣਗੇ।
- ਭਜਨ ਗਾਉਣ ਵਾਲੇ ਐਤਵਾਰ ਨੂੰ ਸਵੇਰੇ 11:00 ਵਜੇ ਇਕੱਠੇ ਹੋਣਗੇ।
- ਆਤਮਕ ਗੀਤ ਗਾਉਣ ਵਾਲੇ ਸ਼ਨੀਵਾਰ ਨੂੰ ਸ਼ਾਮ 7:00 ਵਜੇ ਇਕੱਠੇ ਹੋਣਗੇ।

ਨਹੀਂ! ਪੌਲੁਸ ਕਲੀਸੀਆ ਦੇ ਸਾਰੇ ਮੈਂਬਰਾਂ ਨਾਲ ਗੱਲ ਕਰ ਰਿਹਾ ਸੀ ਜਦੋਂ ਉਸ ਨੇ ਉਨ੍ਹਾਂ ਨੂੰ ਆਤਮਾ ਨਾਲ ਭਰਪੂਰ ਹੋਣ ਦੀ ਤਾਕੀਦ ਕੀਤੀ ਅਤੇ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਕ ਗੀਤ ਗਾ ਕੇ ਇੱਕ ਦੂਜੇ ਨਾਲ ਗੱਲਾਂ ਕਰਨ ਅਤੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਹਿਣ ਲਈ ਕਿਹਾ (ਅਫ਼ਸੀਆਂ 5:18-19)।

ਅਮਲ ਵਿੱਚ, ਇਸ ਦਾ ਅਰਥ ਇਹ ਹੈ ਕਿ ਮਸੀਹ ਦੀ ਦੇਹ ਦਾ ਹਰੇਕ ਅੰਗ ਦੇਹ ਦੀ ਏਕਤਾ ਦੀ ਖਾਤਰ ਆਪਣੀਆਂ ਕੁਝ ਪਸੰਦਾਂ ਨੂੰ ਤਿਆਗ ਦਿੰਦਾ ਹੈ। ਇੱਕ ਕਿਸ਼ੋਰ ਇੱਕ ਅਜਿਹੀ ਧੁਨ ਵਿੱਚ ਕੋਈ ਭਜਨ ਗਾਉਂਦਾ ਹੈ ਜੋ ਬਹੁਤੀ ਰੋਮਾਂਚਕ ਨਹੀਂ ਹੈ। ਕਿਉਂ? ਇਸ ਲਈ ਕਿਉਂਕਿ ਉਹ ਦੇਹ ਦਾ ਅੰਗ ਹੈ ਅਤੇ ਦੇਹ ਪੁਰਾਣਾ ਭਜਨ ਗਾ ਰਹੀ ਹੈ। ਇੱਕ ਬਜ਼ੁਰਗ ਭਗਤ ਔਰਤ ਉਸਤਤ ਦਾ ਇੱਕ ਨਵਾਂ ਗੀਤ ਗਾਉਣ ਵਿੱਚ ਨਾਲ ਸ਼ਾਮਲ ਹੋ ਜਾਂਦੀ ਹੈ ਜੋ ਉਸ ਨੂੰ ਗਾਉਣ ਵਿੱਚ ਚੰਗਾ ਨਹੀਂ ਲੱਗਦਾ। ਕਿਉਂ? ਇਸ ਲਈ ਕਿਉਂਕਿ ਉਹ ਦੇਹ ਦਾ ਅੰਗ ਹੈ ਅਤੇ ਦੇਹ ਇੱਕ ਨਵਾਂ ਗੀਤ ਗਾ ਰਹੀ ਹੈ।

ਇੱਕ ਛੋਟੀ ਜਿਹੀ ਪੇਂਡੂ ਕਲੀਸੀਆ ਵਿੱਚ ਇੱਕ ਸਿਖਲਾਈ ਪ੍ਰਾਪਤ ਸੰਗੀਤਕਾਰ ਅਜਿਹੇ ਗੀਤ ਗਾਉਂਦਾ ਹੈ ਜੋ ਸੰਗੀਤਕ ਤੌਰ ਤੇ ਚੁਣੌਤੀਪੂਰਨ ਨਹੀਂ ਹਨ। ਕਿਉਂ? ਇਸ ਲਈ ਕਿਉਂਕਿ ਉਹ ਦੇਹ ਦਾ ਅੰਗ ਹੈ ਅਤੇ ਦੇਹ ਵਿੱਚ ਉਹ ਅੰਗ ਸ਼ਾਮਲ ਹਨ ਜੋ ਵਧੀਆ ਸੰਗੀਤ ਨੂੰ ਨਹੀਂ ਸਲਾਹੁੰਦੇ। ਕਲੀਸੀਆ ਦੀ ਇੱਕ ਮੈਂਬਰ ਜਿਸ ਨੇ ਸੰਗੀਤ ਦੀ ਕੋਈ ਸਿਖਲਾਈ ਪ੍ਰਾਪਤ ਨਹੀਂ ਕੀਤੀ ਹੈ ਉਸ ਸ਼ੈਲੀ ਵਿੱਚ ਗਾਏ ਗਏ ਗੀਤ ਦੇ ਅੰਤ ਵਿੱਚ "ਆਮੀਨ" ਕਹਿ ਸਕਦੀ ਹੈ ਜੋ ਉਸ ਨੂੰ ਬਿਲਕੁਲ ਵੀ ਚੰਗੀ ਨਹੀਂ ਲੱਗਦੀ। ਕਿਉਂ? ਇਸ ਲਈ ਕਿਉਂਕਿ ਉਹ ਦੇਹ ਦਾ ਅੰਗ ਹੈ ਅਤੇ ਦੇਹ ਵਿੱਚ ਉਹ ਮੈਂਬਰ ਸ਼ਾਮਲ ਹਨ ਜੋ ਉਸ ਦੀ ਪਸੰਦ ਤੋਂ ਪਰੇ ਦੇ ਗੀਤ ਗਾਉਂਦੇ ਹਨ।

ਇਹ ਸਿਧਾਂਤ ਸੰਗੀਤ ਤੋਂ ਵੀ ਅੱਗੇ ਜਾਂਦਾ ਹੈ। ਇੱਕ ਪਾਸਟਰ ਆਪਣੇ ਸੰਦੇਸ਼ ਨੂੰ ਬੱਚਿਆਂ ਅਤੇ ਨਵੇਂ ਵਿਸ਼ਵਾਸੀਆਂ ਦੇ ਲਈ ਸਮਝਣ ਯੋਗ ਬਣਾਉਣ ਵਾਸਤੇ ਸਰਲ ਢੰਗ ਨਾਲ ਤਿਆਰ ਕਰਦਾ ਹੈ। ਨਵੇਂ ਵਿਸ਼ਵਾਸੀ ਸੰਦੇਸ਼ ਵਾਲੇ ਬਚਨ ਨੂੰ ਸਮਝਣ ਲਈ ਅਧਿਐਨ ਕਰਦੇ ਹਨ ਜੋ ਬਾਈਬਲ ਦੇ ਉਨ੍ਹਾਂ ਦੇ ਸੀਮਤ ਗਿਆਨ ਦਾ ਵਿਸਤਾਰ ਕਰਦਾ ਹੈ।

---

45 Ronald Allen and Gordon Borror, Worship: Rediscovering the Missing Jewel (Colorado Springs: Multnomah Publishers, 1982), 165 ਤੇ ਦਿੱਤਾ ਗਿਆ ਹਵਾਲਾ।

ਕਿਸ਼ੋਰ ਇੱਕ ਬੰਦਗੀ ਵਿੱਚ ਬੈਠਦੇ ਹਨ ਜੋ ਬਹੁਤ ਲੰਮੀ ਜਾਪਦੀ ਹੈ। ਕਿਉਂ? ਇਸ ਲਈ ਕਿਉਂਕਿ ਉਹ ਦੇਹ ਦਾ ਅੰਗ ਹਨ ਅਤੇ ਜਾਣਦੇ ਹਨ ਕਿ ਬੰਦਗੀ ਦੇ ਕੁਝ ਪਹਿਲੂ ਉਨ੍ਹਾਂ ਦੀ ਸਮਝ ਤੋਂ ਬਾਹਰ ਹੋ ਸਕਦੇ ਹਨ। ਬਜ਼ੁਰਗ ਸੰਤ ਬੰਦਗੀ ਵਿੱਚ ਉੱਚੀ-ਉੱਚੀ ਰੋਣ ਵਾਲੇ ਬੱਚੇ ਨੂੰ ਵੀ ਕਬੂਲ ਕਰਦੇ ਹਨ। ਕਿਉਂ? ਇਸ ਲਈ ਕਿਉਂਕਿ ਉਹ ਦੇਹ ਦਾ ਹਿੱਸਾ ਹਨ ਅਤੇ ਉਹ ਅਨੰਦ ਕਰਦੇ ਹਨ ਕਿ ਦੇਹ (ਕਲੀਸੀਆ) ਵਿੱਚ ਜਵਾਨ, ਰੌਲੇ-ਰੱਪੇ ਵਾਲਾ ਜੀਵਨ ਸ਼ਾਮਲ ਹੈ।

ਕੀ ਇਹ ਅਰਾਧਨਾ ਦਾ ਹਿੱਸਾ ਹੈ? ਬਿਲਕੁਲ ਹੈ! ਅਰਾਧਨਾ ਦੇ ਬਾਈਬਲ-ਅਧਾਰਿਤ ਧਰਮ-ਗਿਆਨ ਵਿੱਚ ਕਲੀਸੀਆ ਦੀ ਏਕਤਾ ਲਈ ਪ੍ਰਸ਼ੰਸਾ ਸ਼ਾਮਲ ਹੈ। ਇਸ ਦਾ ਅਰਥ ਹੈ ਦੇਹ ਦੀ ਖ਼ਾਤਰ ਨਿੱਜੀ ਪਸੰਦਾਂ ਨੂੰ ਤਿਆਗ ਦੇਣਾ। ਇਸ ਦਾ ਅਰਥ ਹੈ ਕੋਈ ਅਜਿਹਾ ਗੀਤ ਗਾਉਣਾ ਜੋ ਤੁਹਾਡਾ ਮਨਪਸੰਦ ਨਹੀਂ ਹੈ। ਆਗੂਆਂ ਲਈ, ਇਸ ਦਾ ਅਰਥ ਨਾ ਸਿਰਫ ਆਪਣੇ ਮਨਪਸੰਦ ਭਜਨ ਚੁਣਨਾ ਹੈ ਪਰ ਅਜਿਹੇ ਗੀਤਾਂ ਦੀ ਚੋਣ ਕਰਨਾ ਜੋ ਦੇਹ ਦੇ ਸਾਰੇ ਅੰਗਾਂ ਦੇ ਲਾਭ ਲਈ ਹੋਣ। ਕਲੀਸੀਆਈ ਗੀਤਾਂ ਨੂੰ ਸੀਮਤ ਸਮੂਹਾਂ ਦੇ ਨਹੀਂ, ਪੂਰੀ ਕਲੀਸੀਆ ਦੇ ਲਈ ਲਾਭਦਾਇਕ ਹੋਣਾ ਹੈ।

» ਉਸ ਸੰਗੀਤ ਬਾਰੇ ਸੋਚੋ ਜੋ ਤੁਸੀਂ ਪਿਛਲੇ ਚਾਰ ਹਫ਼ਤਿਆਂ ਦੌਰਾਨ ਅਰਾਧਨਾ ਵਿੱਚ ਵਜਾਇਆ ਹੈ। ਕੀ ਤੁਸੀਂ ਅਜਿਹੇ ਗੀਤ ਗਾਏ ਸੀ ਜੋ ਤੁਹਾਡੀ ਕਲੀਸੀਆ ਦੇ ਹਰ ਅੰਗ ਦੇ ਦਿਲ ਨਾਲ ਗੱਲ ਕਰਦੇ ਹਨ? ਇੱਕ ਆਗੂ ਵਜੋਂ, ਕੀ ਤੁਸੀਂ ਸਵੈ-ਇੱਛਾ ਨਾਲ ਅਜਿਹੇ ਗੀਤ ਚੁਣੇ ਹਨ ਜੋ ਤੁਹਾਡੇ ਮਨਪਸੰਦ ਨਹੀਂ ਹਨ, ਪਰ ਜੋ ਕਲੀਸੀਆ ਦੇ ਦਿਲ ਨਾਲ ਗੱਲ ਕਰਦੇ ਹਨ? ਕੀ ਤੁਹਾਡਾ ਸੰਗੀਤ ਕਲੀਸੀਆ ਦੇ ਹਰ ਮੈਂਬਰ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਕੇ ਵਿਸ਼ਵਾਸੀ ਦੇ ਜਾਜਕਪੁਣੇ ਅਤੇ ਕਲੀਸੀਆ ਦੀ ਏਕਤਾ ਨੂੰ ਦਰਸਾਉਂਦਾ ਹੈ?

ਅਰਾਧਨਾ ਵਿੱਚ ਸੰਗੀਤ ਦੇ ਮਹੱਤਵਪੂਰਣ ਹੋਣ ਦੇ ਕਾਰਣ (ਜਾਰੀ)

ਅਰਾਧਨਾ ਵਿੱਚ ਸੰਗੀਤ ਦੇ ਵਿਹਾਰਕ ਕਾਰਣ

ਬਾਈਬਲ ਅਤੇ ਧਰਮ-ਗਿਆਨ ਸੰਬੰਧੀ ਕਾਰਣਾਂ ਦੇ ਨਾਲ-ਨਾਲ, ਅਰਾਧਨਾ ਵਿੱਚ ਸੰਗੀਤ ਨੂੰ ਮਹੱਤਵ ਦੇਣ ਦੇ ਵਿਹਾਰਕ ਕਾਰਣ ਵੀ ਹਨ। ਸੰਗੀਤ ਦੀ ਸ਼ਕਤੀ ਸਾਡੀ ਹੋਂਦ ਦੇ ਸਾਰੇ ਪਹਿਲੂਆਂ ਨਾਲ ਗੱਲ ਕਰਨ ਦੀ ਇਸ ਦੀ ਸਮਰੱਥਾ ਤੋਂ ਆਉਂਦੀ ਹੈ।

ਸੰਗੀਤ ਮਨ ਨਾਲ ਗੱਲ ਕਰਦਾ ਹੈ।

ਸਕੂਲ ਦੇ ਅਧਿਆਪਕ ਜਾਣਦੇ ਹਨ ਕਿ ਵਿਆਕਰਣ ਦੇ ਨਿਯਮ ਨੂੰ ਇੱਕ ਸਧਾਰਨ ਧੁਨ ਵਿੱਚ ਸੈੱਟ ਕਰਨ ਨਾਲ ਬੱਚਿਆਂ ਦੇ ਲਈ ਯਾਦ ਕਰਨਾ ਸੌਖਾ ਹੋ ਜਾਂਦਾ ਹੈ। ਗਾਉਣਾ ਬਚਨ ਨੂੰ ਸਿੱਖਣਾ ਸੌਖਾ ਬਣਾਉਂਦਾ ਹੈ। ਕੁਝ ਲੋਕ ਜੋ ਕਹਿੰਦੇ ਹਨ, "ਮੈਂ ਬਾਈਬਲ ਨੂੰ ਯਾਦ ਨਹੀਂ ਕਰ ਸਕਦਾ" ਪਹਿਲਾਂ ਹੀ ਬਚਨ ਦੀਆਂ ਬਹੁਤ ਸਾਰੀਆਂ ਆਇਤਾਂ ਜਾਣਦੇ ਹਨ; ਉਹ ਉਨ੍ਹਾਂ ਨੂੰ ਉਸਤਤ ਦੇ ਗੀਤਾਂ ਵਿੱਚ ਗਾਉਂਦੇ ਹਨ। ਕੁਝ ਸਭ ਤੋਂ ਵਧੀਆ ਉਸਤਤ ਦੇ ਗੀਤ ਬਚਨ ਦੀਆਂ ਆਇਤਾਂ ਹਨ ਜੋ ਯਾਦਗਾਰੀ ਧੁਨਾਂ ਹੇ ਨਿੱਬੜੇ।

ਸੰਗੀਤ ਅਤੇ ਮਨ ਨਾਲ ਸੰਬੰਧਤ ਦੋ ਸਿਧਾਂਤ ਮਹੱਤਵਪੂਰਣ ਹਨ।

1. ਸੰਗੀਤ ਮਨ ਨਾਲ ਗੱਲ ਕਰਨ ਵਾਲਾ ਹੋਣਾ ਚਾਹੀਦਾ ਹੈ, ਇਕੱਲੀਆਂ ਭਾਵਨਾਵਾਂ ਨਾਲ ਨਹੀਂ।

ਸੰਗੀਤ ਭਾਵਨਾਤਮਕ ਹੁੰਦਾ ਹੈ; ਇਹ ਇਸ ਦੀ ਸ਼ਕਤੀ ਦਾ ਹਿੱਸਾ ਹੈ। ਸੰਗੀਤ ਦੀ ਭਾਵਨਾਤਮਕ ਸ਼ਕਤੀ ਵਿੱਚ ਕੁਝ ਵੀ ਗਲਤ ਨਹੀਂ ਹੈ, ਪਰ ਸੰਗੀਤ ਨੂੰ ਸਾਡੇ ਮਨ ਨਾਲ ਵੀ ਗੱਲ ਕਰਨੀ ਚਾਹੀਦੀ ਹੈ।

ਕੁਝ ਅਰਾਧਕ ਸੋਚਦੇ ਹਨ ਕਿ ਜਦੋਂ ਉਹ ਗਾਉਂਦੇ ਹਨ ਤਾਂ ਉਹ ਇੱਕ ਤਰ੍ਹਾਂ ਨਾਲ ਆਪਣਾ ਮਨ ਬੰਦ ਕਰ ਸਕਦੇ ਹਨ। ਗਿਟਾਰ ਦੀ ਅਵਾਜ਼ ਉੱਚੀ ਹੁੰਦੀ ਹੈ, ਤਾਲ ਵੀ ਤਿੱਖੀ ਹੁੰਦੀ ਹੈ, ਸੰਗੀਤ ਭਾਵਨਾਤਮਕ ਹੁੰਦਾ ਹੈ, ਇਸ ਲਈ ਉਹ ਕਲਪਨਾ ਕਰ ਲੈਂਦੇ ਹਨ ਕਿ ਉਹ ਅਰਾਧਨਾ ਕਰ ਰਹੇ ਹਨ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪੌਲੁਸ ਨੇ ਕਿਹਾ ਸੀ, "ਮੈਂ ਆਤਮਾ ਨਾਲ ਗਾਵਾਂਗਾ ਅਤੇ ਸਮਝ ਨਾਲ ਵੀ ਗਾਵਾਂਗਾ" (1 ਕੁਰਿੰਥੀਆਂ 14:15)।

ਜਦੋਂ ਸਾਡਾ ਸੰਗੀਤ ਮਨ ਨਾਲ ਗੱਲ ਕੀਤੇ ਬਿਨਾਂ ਭਾਵਨਾਵਾਂ ਨਾਲ ਗੱਲ ਕਰਦਾ ਹੈ, ਤਾਂ ਅਸੀਂ ਝੂਠੀ ਅਰਾਧਨਾ ਦੇ ਖ਼ਤਰੇ ਵਿੱਚ ਹੁੰਦੇ ਹੈ। ਉਸ ਸੰਗੀਤ ਵਿੱਚ ਕੁਝ ਵੀ ਗਲਤ ਨਹੀਂ ਹੈ ਜੋ ਭਾਵਨਾਵਾਂ ਨਾਲ ਗੱਲ ਕਰਦਾ ਹੈ; ਖ਼ਤਰਾ ਉਸ ਸੰਗੀਤ ਦਾ ਹੈ ਜੋ ਮਨ ਨਾਲ ਗੱਲ ਕੀਤੇ ਬਿਨਾਂ ਭਾਵਨਾਵਾਂ ਨਾਲ ਗੱਲ ਕਰਦਾ ਹੈ। ਸਮਝਦਾਰ ਪਾਸਟਰ ਇਹ ਨਿਸਚਤ ਕਰੇਗਾ ਕਿ ਅਰਾਧਨਾ ਦਾ ਸੰਗੀਤ ਮਨ ਨੂੰ ਦਰਕਿਨਾਰ ਨਾ ਕਰੇ।

2. ਅਸੀਂ ਜੋ ਸੰਦੇਸ਼ ਗਾਉਂਦੇ ਹਾਂ ਉਹ ਸੱਚਾ ਹੋਣਾ ਚਾਹੀਦਾ ਹੈ।

ਸੰਗੀਤ ਮਨ ਨਾਲ ਗੱਲ ਕਰਦਾ ਹੈ, ਇਸ ਲਈ ਗੀਤ ਸਿਧਾਂਤ ਦੀ ਸਿੱਖਿਆ ਦੇਣ ਲਈ ਇੱਕ ਸ਼ਕਤੀਸ਼ਾਲੀ ਸਾਧਨ ਹਨ। ਸਾਰਿਆਂ ਲਈ ਮੁਕਤੀ ਅਤੇ ਕਿਰਪਾ ਦੇ ਭਰੋਸੇ ਦੇ ਸੰਦੇਸ਼ ਦੇ ਸਾਰੀ ਦੁਨੀਆਂ ਵਿੱਚ ਫੈਲਣ ਦਾ ਇੱਕ ਕਾਰਣ ਚਾਰਲਸ ਵੈਸਲੀ ਦੇ ਭਜਨਾਂ ਦੀ ਸ਼ਕਤੀ ਸੀ। ਜੌਨ ਵੈਸਲੀ ਨੇ ਪਰਚਾਰ ਕੀਤਾ ਕਿ ਪਰਮੇਸ਼ੁਰ ਦੀ ਬਚਾਉਣ ਵਾਲੀ ਕਿਰਪਾ ਸਾਰੇ ਮਨੁੱਖਾਂ ਲਈ ਮੁਫ਼ਤ ਵਿੱਚ ਉਪਲਬਧ ਹੈ; ਚਾਰਲਸ ਦਾ ਗੀਤ "ਐਂਡ ਕੈਨ ਇਟ ਬੀ" ਉਸ ਕਿਸਾਨ ਦੇ ਲਈ ਇਹ ਸੰਦੇਸ਼ ਲਈ ਲੈ ਕੇ ਆਇਆ ਜਿਸ ਨੇ ਧਰਮ-ਗਿਆਨ ਦੀ ਸਮੱਗਰੀ ਨਹੀਂ ਪੜ੍ਹੀ ਸੀ:

"'ਇਹ ਤੇਰੀ ਦਯਾ, ਜੋ ਬੇਅੰਤ ਅਤੇ ਮੁਫ਼ਤ ਹੈ,
ਕਿਉਂਕਿ, ਹੇ ਮੇਰੇ ਪਰਮੇਸ਼ੁਰ, ਇਸ ਨੇ ਮੈਨੂੰ ਲੱਭ ਲਿਆ।"[46]

ਪਾਸਟਰੋ, ਜੇ ਤੁਸੀਂ ਅਜਿਹੇ ਗੀਤ ਗਾਉਣ ਦਿੰਦੇ ਹੋ ਜੋ ਬਾਈਬਲ-ਅਧਾਰਿਤ ਨਹੀਂ ਹਨ, ਤਾਂ ਤੁਸੀਂ ਆਪਣੀ ਸੇਵਕਾਈ ਦੇ ਪ੍ਰਭਾਵ ਨੂੰ ਕਮਜ਼ੋਰ ਕਰਦੇ ਹੋ। ਤੁਹਾਡੇ ਸੰਦੇਸ਼ ਦੀ ਰੂਪਰੇਖਾ ਨੂੰ ਭੁੱਲ ਜਾਣ ਤੋਂ ਬਾਅਦ ਵੀ ਲੋਕ ਗੀਤ ਨੂੰ ਲੰਬੇ ਸਮੇਂ ਤੱਕ ਯਾਦ ਰੱਖਣਗੇ। ਬੰਦਗੀਆਂ ਲਈ ਸੰਗੀਤ ਦੀ ਯੋਜਨਾ ਬਣਾਉਣ ਵਿੱਚ ਸਮਾਂ ਬਿਤਾਓ। ਨਿਸਚਤ ਕਰੋ ਕਿ ਗੀਤ ਸੰਦੇਸ਼ ਦੀ ਸੱਚਾਈ ਦਾ ਸਮਰਥਨ ਕਰਦੇ ਹੋਣ।

> **ਇੱਕ ਮੈਥੋਡਿਸਟ ਵਿਸ਼ਵਾਸੀ ਨੂੰ "ਅਰਾਧਨਾ ਦੀ ਭਾਵਨਾ ਨੂੰ ਵਧਾਉਣ, ਉਸ ਦੀ ਨਿਹਚਾ ਦੀ ਪੁਸ਼ਟੀ ਕਰਨ, ਉਸ ਦੀ ਆਸ ਨੂੰ ਸੁਰਜੀਤ ਕਰਨ ਅਤੇ ਪਰਮੇਸ਼ੁਰ ਅਤੇ ਮਨੁੱਖ ਪ੍ਰਤੀ ਉਸ ਦੇ ਪਿਆਰ ਨੂੰ ਵਧਾਉਣ ਦੇ ਸਾਧਨ ਵਜੋਂ" ਗਾਉਣਾ ਚਾਹੀਦਾ ਹੈ।**
>
> **ਜੌਨ ਵੈਸਲੀ**

ਜਾਂਚ

ਕੀ ਤੁਹਾਡੇ ਅਰਾਧਨਾ ਗੀਤ ਬਾਈਬਲ ਦੇ ਸਿਧਾਂਤ ਦੇ ਅਨੁਸਾਰ ਹਨ? ਬਹੁਤ ਸਾਰੀਆਂ ਕਲੀਸੀਆਵਾਂ ਅਜਿਹੇ ਗੀਤ ਗਾਉਂਦੀਆਂ ਹਨ ਜੋ ***ਜਾਂ ਤਾਂ*** ਗਲਤ ਸਿੱਖਿਆ ਦਿੰਦੇ ਹਨ ਜਾਂ ਉਨ੍ਹਾਂ ਵਿੱਚ ਕੋਈ ਸਿੱਖਿਆ ਨਹੀਂ ਹੁੰਦੀ (ਖਾਲੀ ਸ਼ਬਦ ਹੁੰਦੇ ਹਨ)। ਕੀ ਤੁਹਾਡੇ ਗੀਤ ਪਾਪ ਉੱਤੇ ਜਿੱਤ ਦੀ ਅਸਲੀਅਤ ਬਾਰੇ ਸਿਖਾਉਂਦੇ ਹਨ? ਕੀ ਤੁਹਾਡੇ ਗੀਤ ਇਹ ਸਿੱਖਿਆ ਦਿੰਦੇ ਹਨ ਕਿ ਮੁਕਤੀ ਸਾਰਿਆਂ ਲਈ ਉਪਲਬਧ ਹੈ? ਕੀ ਤੁਹਾਡੇ ਗੀਤ ਸ਼ੁੱਧ ਮਨ ਦੇ ਵਾਅਦੇ ਦੀ ਸਿੱਖਿਆ ਦਿੰਦੇ ਹਨ?

46 Charles Wesley, “And Can It Be?” Accessed January 12, 2023. https://library.timelesstruths.org/music/And_Can_It_Be/

ਸੰਗੀਤ ਦਿਲ ਨਾਲ ਗੱਲ ਕਰਦਾ ਹੈ।

ਜੋਨਾਥਨ ਐਡਵਰਡਜ਼ ਨੇ ਕਿਹਾ ਕਿ ਸਾਨੂੰ ਪਰਮੇਸ਼ੁਰ ਦੀ ਉਸਤਤ ਗਾਉਣ ਦਾ ਹੁਕਮ ਦਿੱਤਾ ਗਿਆ ਹੈ ਕਿਉਂਕਿ ਗਾਉਣਾ "ਸਾਡੀਆਂ ਭਾਵਨਾਵਾਂ ਨੂੰ ਪ੍ਰੇਰਿਤ ਕਰਦਾ ਹੈ।"[47] ਜਦ ਕਿ ਆਪਣੇ ਆਪ ਵਿੱਚ ਭਾਵਨਾਵਾਂ ਤੇ ਧਿਆਨ ਦੇਣਾ ਖ਼ਤਰਨਾਕ ਹੈ, ਭਾਵਨਾ ਸੰਗੀਤ ਪ੍ਰਤੀ ਇੱਕ ਆਮ ਅਤੇ ਯੋਗ ਪ੍ਰਤੀਕਿਰਿਆ ਹੈ। ਗਾਉਣਾ ਸਚਿਆਈ ਦੇ ਪ੍ਰਤੀ ਭਾਵਨਾਤਮਕ ਪ੍ਰਤੀਕਿਰਿਆ ਲਿਆਉਂਦਾ ਹੈ। ਸੰਗੀਤ ਮਨ ਅਤੇ ਦਿਲ ਦੋਵਾਂ ਨਾਲ ਗੱਲ ਕਰਦਾ ਹੈ।

ਕੁਝ ਪੱਛਮੀ ਮਸੀਹੀ ਲੋਕ ਅਜਿਹੇ ਸੰਗੀਤ ਤੋਂ ਡਰਦੇ ਹਨ ਜੋ ਭਾਵਨਾਵਾਂ ਨਾਲ ਡੂੰਘਾਈ ਨਾਲ ਗੱਲ ਕਰਦਾ ਹੈ, ਪਰ ਬਾਈਬਲ ਵਿੱਚ ਜਿਹੜੇ ਲੋਕ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੋਏ, ਉਨ੍ਹਾਂ ਨੇ ਹਮੇਸ਼ਾ ਭਾਵਨਾਤਮਕ ਪ੍ਰਤੀਕਿਰਿਆ ਮਹਿਸੂਸ ਕੀਤੀ। ਸਭ ਤੋਂ ਉੱਤਮ ਅਰਾਧਨਾ-ਸੰਗੀਤ ਮਨ ਨਾਲ ਗੱਲ ਕਰਦਾ ਹੈ ਅਤੇ ਦਿਲ ਤੋਂ ਪ੍ਰਤੀਕਿਰਿਆ ਕਰਨ ਦੀ ਮੰਗ ਕਰਦਾ ਹੈ:

ਤੇਰੀ ਮਰਜ਼ੀ ਪੂਰੀ ਹੋਵੇ, ਪ੍ਰਭੂ! ਤੇਰੀ ਮਰਜ਼ੀ ਪੂਰੀ ਹੋਵੇ!
ਤੂੰ ਘੁਮਿਆਰ ਹੈਂ, ਮੈਂ ਮਿੱਟੀ ਹਾਂ।
ਮੈਨੂੰ ਢਾਲ ਅਤੇ ਆਪਣੀ ਮਰਜ਼ੀ ਅਨੁਸਾਰ ਬਣਾ,
ਜਦ ਮੈਂ ਅਧੀਨ ਅਤੇ ਸ਼ਾਂਤ ਹੋ ਕੇ ਤੁਹਾਡੀ ਉਡੀਕ ਕਰ ਰਿਹਾ ਹਾਂ।[48]

ਸੰਗੀਤ ਸਰੀਰ ਨਾਲ ਗੱਲ ਕਰਦਾ ਹੈ।

ਇੱਕ ਸੰਗੀਤ ਸਮਾਰੋਹ ਵਿੱਚ ਕਿਸੇ ਬੱਚੇ ਨੂੰ ਵੇਖੋ; ਜੇਕਰ ਸੰਗੀਤ ਵਿੱਚ ਤਾਲ ਹੈ, ਤਾਂ ਉਹ ਨੱਚਣਗੇ। ਸੰਗੀਤ ਸਰੀਰ ਨਾਲ ਗੱਲ ਕਰਦਾ ਹੈ।

ਸੰਗੀਤ ਜੋ ਸਿਰਫ਼ ਸਰੀਰ ਨਾਲ ਗੱਲ ਕਰਦਾ ਹੈ ਉਹ ਕਾਮੁਕ ਹੈ। ਪਰ, ਜਦੋਂ ਬਾਈਬਲ ਅਰਾਧਨਾ ਦੀ ਗੱਲ ਕਰਦੀ ਹੈ, ਇਹ ਅਕਸਰ ਅਰਾਧਕਾਂ ਦੀ ਸਰੀਰਕ ਸਥਿਤੀ ਬਾਰੇ ਗੱਲ ਕਰਦੀ ਹੈ: ਉੱਪਰ ਉਠਾਏ ਹੋਏ ਹੱਥ, ਟੇਕੇ ਹੋਏ ਗੋਡੇ, ਮੱਥਾ ਟੇਕਦੇ ਹੋਏ ਸਰੀਰ ਅਤੇ ਸਰੀਰ ਦੀ ਹਿੱਲਜੁੱਲ। ਸਾਡਾ ਅੰਦਾਜ਼ ਅਤੇ ਸਰੀਰਕ ਹਾਵ-ਭਾਵ ਕਈ ਵਾਰ ਸਾਡੇ ਸ਼ਬਦਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਢੰਗ ਨਾਲ ਗੱਲਬਾਤ ਕਰਦੇ ਹਨ।

ਜ਼ਬੂਰ 149:3 ਵਿੱਚ, ਇਸਰਾਏਲੀਆਂ ਨੂੰ "ਨਿਰਤਕਾਰੀ ਕਰਦੇ ਹੋਏ ਉਹ ਦੇ ਨਾਮ ਦੀ ਉਸਤਤ ਕਰਨ, ਅਤੇ ਤਬਲਾ ਤੇ ਸਿਤਾਰ ਵਜਾਉਂਦੇ ਹੋਏ ਉਹ ਦਾ ਭਜਨ ਗਾਉਣ" ਲਈ ਕਿਹਾ ਗਿਆ ਹੈ। ਹਾਲਾਂਕਿ ਅੱਜ-ਕੱਲ੍ਹ ਦੇ ਕੁਝ ਸਭਿਆਚਾਰਾਂ ਵਿੱਚ ਲੋਕ ਸਿਰਫ਼ ਕਾਮੁਕ ਹਾਵ-ਭਾਵ ਵਿੱਚ ਹੀ ਨੱਚਦੇ ਹਨ; ਬਾਈਬਲ ਅਰਾਧਨਾ ਵਿੱਚ ਕਿਸੇ ਵੀ ਸਰੀਰਕ ਹਿੱਲਜੁੱਲ ਦਾ ਵਰਣਨ ਕਰਨ ਲਈ ਸ਼ਬਦ *ਨਿਰਤਕਾਰੀ* ਦੀ ਵਰਤੋਂ ਕਰਦੀ ਹੈ। ਜ਼ਬੂਰ ਦੇ ਲੇਖਕ ਨੇ ਇਸ ਗੱਲ ਨੂੰ ਮੰਨਿਆ ਕਿ ਉਸਤਤ ਕਰਨ ਵਿੱਚ ਭੌਤਿਕ ਸਰੀਰ ਵੀ ਸ਼ਾਮਲ ਹੁੰਦਾ ਹੈ।

ਇਹ ਕਿਸੇ ਨਾਈਟ ਕਲੱਬ ਵਾਲਾ ਕਾਮੁਕ ਨਾਚ ਨਹੀਂ ਹੈ, ਨਾ ਹੀ ਇਹ ਗਿਰਜਾਘਰ ਦੇ ਬੈਂਚਾਂ ਉੱਤੇ ਚੁੱਪਚਾਪ ਬੈਠਣਾ ਹੈ। ਬਾਈਬਲ ਅਨੁਸਾਰ ਨਾਚ ਵਿੱਚ ਅਰਾਧਨਾ ਦੇ ਗੀਤਾਂ ਦੌਰਾਨ ਕੁਝ ਹੱਦ ਤਕ ਹਿੱਲਜੁੱਲ ਸ਼ਾਮਲ ਹੁੰਦੀ ਹੈ। ਜਦੋਂ ਅਸੀਂ ਉਸਤਤ ਵਿੱਚ ਆਪਣੇ ਹੱਥ ਉੱਪਰ ਉਠਾਉਂਦੇ ਹਾਂ ਜਾਂ ਕਿਸੇ ਤਰੀਕੇ ਨਾਲ ਸੰਗੀਤ ਦੇ ਪ੍ਰਤੀ ਕੋਈ ਸਰੀਰਕ ਹਿੱਲਜੁੱਲ ਕਰਦੇ ਹਾਂ, ਤਾਂ ਇਹ ਬਾਈਬਲ ਦੇ ਸ਼ਬਦ *ਨਿਰਤਕਾਰੀ* ਨਾਲ ਪੂਰਾ ਮੇਲ ਖਾਂਦਾ ਹੈ।

ਜਦ ਕਿ ਸਰੀਰਕ ਹਾਵ-ਭਾਵ ਦਾ ਅਰਥ ਇੱਕ ਸੱਭਿਆਚਾਰ ਤੋਂ ਦੂਜੇ ਸੱਭਿਆਚਾਰ ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਵੱਖਰਾ ਹੁੰਦਾ ਹੈ, ਸਾਨੂੰ ਕਦੇ ਵੀ ਪਰਮੇਸ਼ੁਰ ਦੀ ਪਵਿੱਤਰ ਅਰਾਧਨਾ ਨੂੰ ਆਪਣੇ ਆਲੇ-ਦੁਆਲੇ ਦੇ ਸੱਭਿਆਚਾਰ ਦੀਆਂ ਅਪਵਿੱਤਰ ਪ੍ਰਥਾਵਾਂ ਅਨੁਸਾਰ ਨਹੀਂ ਢਲਣ ਦੇਣਾ ਚਾਹੀਦਾ ਹੈ।

---

47 Bob Kauflin, Worship Matters (Wheaton: Crossway Books, 2008), 98 ਤੋਂ ਸੰਖੇਪ ਵਿਆਖਿਆ।

48 Adelaide Pollard, “Have Thine Own Way, Lord.” Accessed January 12, 2023. https://library.timelesstruths.org/music/Have_Thine_Own_Way_Lord/

» ਅਰਾਧਨਾ ਲਈ ਕੂਚ 32 ਦੀ ਸਮੀਖਿਆ ਕਰੋ ਜੋ ਇੱਕ ਪਵਿੱਤਰ ਕਥਿਤ "ਯਹੋਵਾਹ ਦੇ ਪਰਬ" (32:5) ਨੂੰ ਮਿਸਰੀ ਉਪਾਸਨਾ ਦੇ ਅਪਵਿੱਤਰ ਚਿੱਤਰਾਂ ਨਾਲ (32:4) ਅਤੇ ਗੈਰ-ਯਹੂਦੀ ਸੱਭਿਆਚਾਰ ਦੀਆਂ ਸ਼ਰਮਨਾਕ ਪ੍ਰਥਾਵਾਂ (32:25) ਨਾਲ ਜੋੜਦਾ ਹੈ। ਸਾਡੀ ਅਰਾਧਨਾ ਨੂੰ ਖੁਸ਼ਖ਼ਬਰੀ ਪਰਚਾਰ ਰਾਹੀਂ ਆਲੇ-ਦੁਆਲੇ ਦੇ ਸੱਭਿਆਚਾਰ ਨੂੰ ਪ੍ਰਭਾਵਿਤ ਕਰਨਾ ਚਾਹੀਦਾ ਹੈ। ਆਲੇ-ਦੁਆਲੇ ਦੇ ਸੱਭਿਆਚਾਰ ਨੂੰ ਸਾਡੇ ਅਰਾਧਨਾ ਦੇ ਤੌਰ-ਤਰੀਕਿਆਂ ਨੂੰ ਨਿਰਧਾਰਤ ਨਹੀਂ ਕਰਨਾ ਚਾਹੀਦਾ ਹੈ।

ਬੁੱਧੀਮਾਨ ਪਾਸਟਰ ਅਤੇ ਆਗੂ ਅਜਿਹੇ ਸੰਗੀਤ ਦਾ ਪ੍ਰਬੰਧ ਕਰਨਗੇ ਜੋ ਅਰਾਧਨਾ ਨੂੰ ਅਪਵਿੱਤਰ ਕਰਨ ਤੋਂ ਤਾਂ ਬਚਦਾ ਹੀ ਹੈ, ਪਰ ਇਹ ਸਮੁੱਚੇ ਵਿਅਕਤਿਤਵ ਨਾਲ ਗੱਲ ਵੀ ਕਰਦਾ ਹੈ, ਜਿਸ ਨਾਲ ਕਲੀਸੀਆ ਨੂੰ ਗੀਤ ਵਿੱਚ ਸੱਚਮੁੱਚ ਅਰਾਧਨਾ ਕਰਨ ਦੀ ਇਜਾਜ਼ਤ ਮਿਲਦੀ ਹੈ।

ਜਾਂਚ

ਕੀ ਤੁਹਾਡਾ ਅਰਾਧਨਾ-ਸੰਗੀਤ ਸਰੀਰ ਨਾਲ ਉਸ ਤਰੀਕੇ ਨਾਲ ਗੱਲ ਕਰਦਾ ਹੈ ਜੋ ਅਰਾਧਨਾ ਲਈ ਢੁਕਵਾਂ ਹੈ? ਕੀ ਤੁਹਾਡੇ ਅਰਾਧਕ ਆਪਣੀ ਉਸਤਤ ਅਤੇ ਅਰਾਧਨਾ ਨੂੰ ਕਾਮੁਕ ਪ੍ਰਥਾਵਾਂ ਦੇ ਨਾਲ ਅਪਵਿੱਤਰ ਕੀਤੇ ਬਿਨਾਂ ਸਰੀਰਕ ਰੂਪ ਵਿੱਚ ਵਿਅਕਤ ਕਰਦੇ ਹਨ?

ਸੰਗੀਤ ਇੱਛਾ ਨਾਲ ਗੱਲ ਕਰਦਾ ਹੈ।

ਸੰਗੀਤ ਅਕਸਰ ਇੱਛਾ ਦੇ ਜਵਾਬ ਦੀ ਮੰਗ ਕਰਦਾ ਹੈ। ਪੌਲੁਸ ਨੇ ਕੁਲੁੱਸੀਆਂ ਨੂੰ ਜ਼ਬੂਰਾਂ, ਭਜਨਾਂ ਅਤੇ ਆਤਮਕ ਗੀਤਾਂ ਦੁਆਰਾ ਇੱਕ ਦੂਜੇ ਨੂੰ ਉਪਦੇਸ਼ ਦੇਣ ਦਾ ਹੁਕਮ ਦਿੱਤਾ (ਕੁਲੁੱਸੀਆਂ 3:16)। ਉਪਦੇਸ਼ ਦੇਣਾ ਗਲਤੀ ਨੂੰ ਸੁਧਾਰਨਾ ਹੈ। ਉਪਦੇਸ਼ ਜਵਾਬ ਦੀ ਮੰਗ ਕਰਦਾ ਹੈ; ਸੁਧਾਰ ਇੱਕ ਵਿਅਕਤੀ ਨੂੰ ਆਪਣੇ ਵਿਹਾਰ ਵਿੱਚ ਬਦਲਾਅ ਕਰਨ ਲਈ ਕਹਿੰਦਾ ਹੈ। ਪੌਲੁਸ ਨੂੰ ਉਮੀਦ ਸੀ ਕਿ ਸੰਗੀਤ ਬਦਲਾਅ ਦਾ ਕਾਰਣ ਬਣੇਗਾ।

ਕਲੀਸੀਆ ਦੇ ਬਾਹਰ, ਅਸੀਂ ਵੇਖਦੇ ਹਾਂ ਕਿ ਸੰਗੀਤ ਕਿਵੇਂ ਇੱਛਾ ਨਾਲ ਗੱਲ ਕਰਦਾ ਹੈ। ਜਦੋਂ ਅਫਰੀਕੀ ਅਮਰੀਕੀ ਲੋਕਾਂ ਨੇ (1960 ਦੇ ਦਹਾਕੇ ਵਿੱਚ ਨਾਗਰਿਕ ਅਧਿਕਾਰਾਂ ਲਈ ਅੰਦੋਲਨ ਕਰਦੇ ਸਮੇਂ) "ਵੁਈ ਸ਼ੈੱਲ ਓਵਰਕਮ" ਗੀਤ ਗਾਇਆ, ਤਾਂ ਇਸ ਗੀਤ ਨੇ ਦਿਲਾਂ ਅਤੇ ਇੱਛਾਵਾਂ ਦੋਵਾਂ ਨਾਲ ਗੱਲ ਕੀਤੀ ਸੀ। ਇਹ ਗੀਤ ਇੱਕ ਸੱਦਾ ਬਣ ਗਿਆ, "ਕੀ ਤੁਸੀਂ ਅਜ਼ਾਦੀ ਦੀ ਲੜਾਈ ਵਿੱਚ ਸਾਡੇ ਨਾਲ ਸ਼ਾਮਲ ਹੋਵੋਗੇ?"

ਸੰਗੀਤ ਇੱਛਾ ਦੇ ਪ੍ਰਤੀ ਜਵਾਬ ਦੀ ਮੰਗ ਕਰਦਾ ਹੈ। ਜਦੋਂ ਅਸੀਂ ਗਾਉਂਦੇ ਹਾਂ ਤਾਂ ਇਸ ਨਾਲ ਜੁੜੇ ਸਮਰਪਣ ਬਾਰੇ ਸੋਚੋ:

"ਮੇਰੇ ਜੀਵਨ ਨੂੰ ਲੈ ਅਤੇ ਪ੍ਰਭੂ ਇਸ ਨੂੰ
ਆਪਣੇ ਲਈ ਪਵਿੱਤਰ ਕਰ।
ਮੇਰੇ ਪਲ ਅਤੇ ਮੇਰੇ ਦਿਨ ਲੈ;
ਉਨ੍ਹਾਂ ਨੂੰ ਨਿਰੰਤਰ ਉਸਤਤ ਵਿੱਚ ਵਹਿਣ ਦਿਹ।

ਮੇਰੇ ਹੱਥਾਂ ਨੂੰ ਲੈ ਅਤੇ ਉਨ੍ਹਾਂ ਨੂੰ
ਤੇਰੇ ਪਿਆਰ ਦੀ ਪ੍ਰੇਰਣਾ ਨਾਲ ਕੰਮ ਕਰਨ ਦਿਹ।
ਮੇਰੇ ਪੈਰਾਂ ਨੂੰ ਲੈ ਅਤੇ ਉਨ੍ਹਾਂ ਨੂੰ
ਤੇਰੇ ਲਈ ਤੇਜ਼ ਅਤੇ ਸੁੰਦਰ ਹੋਣ ਦਿਹ।

ਮੇਰੀ ਇੱਛਾ ਨੂੰ ਲੈ ਅਤੇ ਇਸ ਨੂੰ ਆਪਣੀ ਇੱਛਾ ਬਣਾ;
ਹੁਣ ਤੋਂ ਇਹ ਮੇਰੀ ਨਹੀਂ ਰਹੇਗੀ।
ਮੇਰਾ ਦਿਲ ਨੂੰ ਲੈ - ਇਹ ਤੇਰਾ ਆਪਣਾ ਹੈ,
ਇਹ ਤੇਰਾ ਸ਼ਾਹੀ ਸਿੰਘਾਸਣ ਹੋਵੇਗਾ।"[49]

ਅਰਾਧਨਾ ਵਿੱਚ ਸੰਗੀਤ ਇਸ ਲਈ ਮਹੱਤਵਪੂਰਣ ਹੈ ਕਿਉਂਕਿ ਇਹ ਸਮੁੱਚੇ ਵਿਅਕਤਿਤਵ ਨਾਲ ਗੱਲ ਕਰਦਾ ਹੈ। ਇਸ ਕਰਕੇ, ਸੰਗੀਤ ਬਹੁਮੁੱਲਾ ਅਤੇ ਖ਼ਤਰਨਾਕ ਦੋਵੇਂ ਹੈ। ਇਹ ਬਹੁਮੁੱਲਾ ਇਸ ਲਈ ਹੈ ਕਿਉਂਕਿ ਇਹ ਸਚਿਆਈ ਨੂੰ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕਰ ਸਕਦਾ ਹੈ। ਇਹ ਖ਼ਤਰਨਾਕ ਇਸ ਲਈ ਹੈ ਕਿਉਂਕਿ ਇਹ ਝੂਠੀ ਸਿੱਖਿਆ ਨੂੰ ਆਕਰਸ਼ਕ ਬਣਾ ਸਕਦਾ ਹੈ। ਵਾਰੇਨ ਵਿਅਰਸਬੀ ਨੇ ਚੇਤਾਵਨੀ ਦਿੱਤੀ, "ਮੈਨੂੰ ਯਕੀਨ ਹੈ ਕਿ ਕਲੀਸੀਆਵਾਂ ਉਨ੍ਹਾਂ ਦੁਆਰਾ ਸੁਣੇ ਜਾਣ ਵਾਲੇ ਸੰਦੇਸ਼ਾਂ ਨਾਲੋਂ ਵਧੇਰੇ ਉਨ੍ਹਾਂ ਦੁਆਰਾ ਗਾਏ ਗਏ ਗੀਤਾਂ ਤੋਂ ਧਰਮ-ਗਿਆਨ (ਚੰਗਾ ਅਤੇ ਮਾੜਾ) ਸਿੱਖਦੀਆਂ ਹਨ.... \[ਸੰਗੀਤ] ਆਤਮਾ ਦੇ ਹੱਥਾਂ ਵਿੱਚ ਇੱਕ ਸ਼ਾਨਦਾਰ ਸਾਧਨ ਜਾਂ ਵਿਰੋਧੀ ਦੇ ਹੱਥਾਂ ਵਿੱਚ ਇੱਕ ਭਿਆਣਕ ਹਥਿਆਰ ਬਣ ਸਕਦਾ ਹੈ। **ਗੀਤ-ਸੰਗੀਤ ਭੋਲੀਆਂ-ਭਾਲੀਆਂ ਕਲੀਸੀਆਵਾਂ ਲਈ ਨਾਸਤਿਕਤਾ ਦਾ ਕਾਰਣ ਬਣ ਸਕਦਾ ਹੈ, ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਅਹਿਸਾਸ ਵੀ ਹੋਵੇ ਕਿ ਕੀ ਹੈ।"**[50]

ਸੰਗੀਤ ਸ਼ਕਤੀਸ਼ਾਲੀ ਹੈ; ਇਸ ਨੂੰ ਸਮਝਦਾਰੀ ਨਾਲ ਵਰਤੋ।

ਜਾਂਚ

ਉਨ੍ਹਾਂ ਗੀਤਾਂ ਬਾਰੇ ਸੋਚੋ ਜੋ ਤੁਸੀਂ ਪਿਛਲੇ ਚਾਰ ਹਫ਼ਤਿਆਂ ਦੌਰਾਨ ਗਾਏ ਹਨ। ਕੀ ਤੁਸੀਂ ਉਹ ਗੀਤ ਗਾਏ ਹਨ ਜੋ ਸਮੁੱਚੇ ਵਿਅਕਤਿਤਵ ਨਾਲ ਗੱਲ ਕਰਦੇ ਹਨ?

- ਇੱਕ ਗੀਤ ਦਾ ਨਾਮ ਦੱਸੋ ਜਿਸ ਨੇ ਤੁਹਾਡੀ ਕਲੀਸੀਆ ਨੂੰ ਸਿਧਾਂਤ ਸਿਖਾਇਆ।
- ਕਿਸੇ ਅਜਿਹੇ ਗੀਤ ਦਾ ਨਾਂ ਦੱਸੋ ਜਿਸ ਨੇ ਤੁਹਾਡੀ ਕਲੀਸੀਆ ਦੀਆਂ ਭਾਵਨਾਵਾਂ ਨਾਲ ਡੂੰਘਾਈ ਨਾਲ ਗੱਲ ਕੀਤੀ।
- ਕਿਸੇ ਅਜਿਹੇ ਗੀਤ ਦਾ ਨਾਮ ਦੱਸੋ ਜਿਸ ਨੇ ਤੁਹਾਡੀ ਕਲੀਸੀਆ ਨੂੰ ਪਰਮੇਸ਼ੁਰ ਪ੍ਰਤੀ ਡੂੰਘੇ ਸਮਰਪਣ ਦੀ ਚੁਣੌਤੀ ਦਿੱਤੀ।

ਅਰਾਧਨਾ ਲਈ ਸੰਗੀਤ ਦੀ ਚੋਣ ਕਰਨ ਦੇ ਸਿਧਾਂਤ

ਅਸੀਂ ਇਸ ਪਾਠ ਦੀ ਸ਼ੁਰੂਆਤ ਅਰਾਧਨਾ-ਸੰਗੀਤ ਨੂੰ ਲੈ ਕੇ ਇੱਕ ਵਿਵਾਦ ਦੀ ਕਹਾਣੀ ਨਾਲ ਕੀਤੀ ਸੀ। ਜੇ ਤੁਸੀਂ ਇੱਕ ਪਾਸਟਰ ਹੋ ਜੋ ਇਸ ਤਰ੍ਹਾਂ ਦੇ ਵਿਵਾਦ ਦਾ ਸਾਹਮਣਾ ਕਰ ਰਿਹਾ ਹੈ, ਤਾਂ ਸਮਝੋ ਕਿ ਇਹ ਕੋਈ ਨਵੀਂ ਮੁਸ਼ਕਲ ਨਹੀਂ ਹੈ! ਹਰ ਪੀੜ੍ਹੀ ਵਿੱਚ, ਕਲੀਸੀਆ ਨੂੰ ਸੰਗੀਤ ਦੀ ਉਸ ਕਿਸਮ ਨੂੰ ਨਿਰਧਾਰਤ ਕਰਨ ਲਈ ਜੱਦੋ-ਜਹਿਦ ਕਰਨੀ ਪਈ ਹੈ ਜੋ ਅਰਾਧਨਾ ਲਈ ਢੁਕਵਾਂ ਹੈ। ਬਹੁਤ ਸਾਰੀਆਂ ਕਲੀਸੀਆਵਾਂ ਲਈ, ਸੰਗੀਤ ਸੱਚੀ ਅਰਾਧਨਾ ਦੇ ਸਾਧਨ ਦੀ ਬਜਾਇ ਵਿਵਾਦ ਦਾ ਇੱਕ ਸਰੋਤ ਬਣ ਗਿਆ ਹੈ।

---

49 Frances Havergal, “Take My Life and Let It Be.” Accessed January 12, 2023. https://library.timelesstruths.org/music/Take_My_Life_and_Let_It_Be/

50 Warren Wiersbe, Real Worship (Grand Rapids: Baker Books, 2000), 136 ਜ਼ੋਰ ਦਿੱਤਾ ਗਿਆ ਹੈ

ਅਰਾਧਨਾ ਬੰਦਗੀ ਵਿੱਚ ਸੰਗੀਤ ਮੁੱਖ ਹੁੰਦਾ ਹੈ। ਬਹੁਤ ਸਾਰੀਆਂ ਕਲੀਸੀਆਵਾਂ ਵਿੱਚ, ਅੱਧੀ ਬੰਦਗੀ ਵਿੱਚ ਸੰਗੀਤ ਸ਼ਾਮਲ ਹੁੰਦਾ ਹੈ: ਸੰਗੀਤ ਦੀ ਪੇਸ਼ਕਾਰੀ, ਕਲੀਸੀਆ ਦਾ ਮਿਲ ਕੇ ਗਾਉਣਾ, ਵਿਸ਼ੇਸ਼ ਗੀਤ, ਉਪਸੰਹਾਰ ਅਤੇ ਪ੍ਰਾਰਥਨਾ ਦੌਰਾਨ ਮੱਧਮ ਸੰਗੀਤ। ਅਰਾਧਨਾ ਵਿੱਚ ਸੰਗੀਤ ਦੇ ਮਹੱਤਵਪੂਰਣ ਹੋਣ ਦੇ ਕਾਰਣ ਸੰਗੀਤ ਨੂੰ ਲੈ ਕੇ ਵਿਵਾਦ ਗੰਭੀਰ ਹੋ ਜਾਂਦਾ ਹੈ।

ਸੰਗੀਤ ਸ਼ੈਲੀਆਂ ਨੂੰ ਲੈ ਕੇ ਲੋਕਾਂ ਦੀਆਂ ਆਪੋ-ਆਪਣੀਆਂ ਦਿਲੀ ਪਸੰਦਾਂ ਹਨ। ਬਹੁਤ ਸਾਰੇ ਲੋਕ ਸੰਗੀਤ ਦੀਆਂ ਉਨ੍ਹਾਂ ਸ਼ੈਲੀਆਂ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੁੰਦੇ ਜੋ ਉਨ੍ਹਾਂ ਨੂੰ ਪਸੰਦ ਨਹੀਂ ਹੁੰਦੀਆਂ।

ਵਿਵਾਦ ਸੰਗੀਤ ਸ਼ੈਲੀਆਂ ਦੀ ਨੈਤਿਕਤਾ ਬਾਰੇ ਵਿਚਾਰਾਂ ਦੇ ਮਤਭੇਦਾਂ ਤੋਂ ਪੈਦਾ ਹੁੰਦਾ ਹੈ। ਤਿੰਨ ਆਮ ਦ੍ਰਿਸ਼ਟੀਕੋਣ ਇਹ ਹਨ:

1. ਕੁਝ ਲੋਕ ਮੰਨਦੇ ਹਨ ਕਿ ਸੰਗੀਤ ਦੀਆਂ ਕੁਝ ਸ਼ੈਲੀਆਂ ਬੁਰੀਆਂ ਹਨ। ਉਹ ਉਨ੍ਹਾਂ ਸੰਗੀਤ ਸ਼ੈਲੀਆਂ ਦੀ ਵਰਤੋਂ ਕਰਨ ਦੀ ਚੋਣ ਕਰਦੇ ਹਨ ਜਿਨ੍ਹਾਂ ਨੂੰ ਉਹ ਸ਼ੁੱਧ ਮੰਨਦੇ ਹਨ।

2. ਕੁਝ ਲੋਕ ਮੰਨਦੇ ਹਨ ਕਿ ਸੰਗੀਤ ਦੀਆਂ ਸ਼ੈਲੀਆਂ ਚੰਗੀਆਂ ਜਾਂ ਬੁਰੀਆਂ ਨਹੀਂ ਹੋ ਸਕਦੀਆਂ ਅਤੇ ਇਸ ਲਈ ਹਰ ਸ਼ੈਲੀ ਸਵੀਕਾਰਯੋਗ ਹੈ। ਇਹ ਲੋਕ ਆਮ ਤੌਰ ਤੇ ਅਰਾਧਨਾ ਲਈ ਸੱਭਿਆਚਾਰ ਦੀਆਂ ਸੰਗੀਤ ਸ਼ੈਲੀਆਂ ਦੀ ਵਰਤੋਂ ਕਰਨਾ ਚਾਹੁੰਦੇ ਹਨ।

3. ਕਈਆਂ ਦਾ ਮੰਨਣਾ ਹੈ ਕਿ ਸੰਗੀਤ ਦੀਆਂ ਸ਼ੈਲੀਆਂ ਨੈਤਿਕ ਤੌਰ ਤੇ ਨਿਰਪੱਖ ਹੁੰਦੀਆਂ ਹਨ ਪਰ ਫਿਰ ਵੀ ਭਾਵਨਾਤਮਕ ਅਤੇ ਸੱਭਿਆਚਾਰਕ ਸਾਂਝਾਂ ਹੁੰਦੀਆਂ ਹਨ ਜੋ ਅਰਾਧਨਾ ਲਈ ਉਨ੍ਹਾਂ ਦੀ ਉਪਯੋਗਤਾ ਨੂੰ ਪ੍ਰਭਾਵਤ ਕਰਦੀਆਂ ਹਨ। ਇਹ ਲੋਕ ਹਰ ਸ਼ੈਲੀ ਦਾ ਮੁਲਾਂਕਣ ਇਸ ਗੱਲ ਤੇ ਵਿਚਾਰ ਕਰਨ ਦੇ ਲਈ ਕਰਦੇ ਹਨ ਕਿ ਕੀ ਇਹ ਕਲੀਸੀਆ ਦੀ ਅਰਾਧਨਾ ਨੂੰ ਇਸ ਤਰੀਕੇ ਨਾਲ ਕਰਨ ਵਿੱਚ ਮਦਦ ਕਰੇਗੀ ਜੋ ਪਰਮੇਸ਼ੁਰ ਦਾ ਆਦਰ ਕਰਦਾ ਹੈ।

ਇਸ ਭਾਗ ਵਿੱਚ, ਅਸੀਂ ਬਾਈਬਲ ਦੇ ਉਨ੍ਹਾਂ ਸਿਧਾਂਤਾਂ ਨੂੰ ਵੇਖਾਂਗੇ ਜੋ ਸਾਡੀ ਅਰਾਧਨਾ ਵਿੱਚ ਸੰਗੀਤ ਨੂੰ ਸੰਬੋਧਿਤ ਕਰਦੇ ਹਨ।

ਅਰਾਧਨਾ-ਸੰਗੀਤ ਦੀ ਵਿਸ਼ਾ-ਵਸਤੂ ਨੂੰ ਸਪੱਸ਼ਟ ਤੌਰ ਤੇ ਸਚਿਆਈ ਦਾ ਸੰਚਾਰ ਕਰਨਾ ਚਾਹੀਦਾ ਹੈ

ਬਚਨ ਦਾ ਮੁੱਢਲਾ ਕੇਂਦਰਬਿੰਦੂ ਗੀਤ ਦੇ ਬਚਨ ਦੀ ਸਮੱਗਰੀ ਤੇ ਹੈ, ਨਾ ਕਿ ਸੰਗੀਤ ਦੀ ਸ਼ੈਲੀ ਤੇ।

ਸੰਗੀਤ ਦੀ ਸ਼ੈਲੀ ਭਾਵੇਂ ਜੋ ਵੀ ਹੋਵੇ, ਝੂਠੇ ਸੰਦੇਸ਼ ਵਾਲੇ ਗੀਤ (ਜਾਂ ਜਿਨ੍ਹਾਂ ਵਿੱਚ ਕੋਈ ਸੰਦੇਸ਼ ਨਾ ਹੋਵੇ) ਅਰਾਧਨਾ ਦੇ ਲਈ ਅਢੁਕਵੇਂ ਹਨ। ਵਾਰੇਨ ਵਿਅਰਸਬੀ ਚੇਤਾਵਨੀ ਦਿੰਦਾ ਹੈ ਕਿ ਬਹੁਤ ਸਾਰੇ ਬਚਨ "ਅਸਪੱਸ਼ਟ ਅਤੇ ਭਾਵਨਾਤਮਕ ਹਨ, ਧਰਮ-ਗਿਆਨ ਵਾਲੇ ਨਹੀਂ।"[51] ਸਾਡੇ ਸੰਗੀਤ ਦੇ ਸੰਦੇਸ਼ ਲਈ ਇੱਕ ਇਮਤਿਹਾਨ ਹੈ, "ਕੀ ਕੋਈ ਆਸਤਿਕ, ਹਿੰਦੂ, ਜਾਂ ਮੁਸਲਮਾਨ ਸ਼ਬਦਾਂ ਨੂੰ ਬਦਲੇ ਬਿਨਾਂ ਇਸ ਵਿਸ਼ਾ-ਵਸਤੂ ਨੂੰ ਗਾ ਸਕਦਾ ਹੈ?" ਜੇਕਰ ਤੁਸੀਂ ਗੀਤ ਦੇ ਸੰਦੇਸ਼ ਨੂੰ ਬਦਲੇ ਬਿਨਾਂ ਬੁਧ ਦੇ ਨਾਮ ਨੂੰ ਕਿਸੇ ਹੋਰ ਨਾਮ ਨਾਲ ਬਦਲ ਸਕਦੇ ਹੋ, ਤਾਂ ਇਹ ਅਰਾਧਨਾ ਲਈ ਅਢੁਕਵਾਂ ਹੈ। ਜੇਕਰ ਕੋਈ ਗੀਤ ਸਪੱਸ਼ਟ ਤੌਰ

ਵੀਹ ਸਾਲ ਵਾਲਾ ਨਿਯਮ

"ਜੇ ਕੋਈ ਵੀਹ ਸਾਲ ਸਾਡੇ ਗੀਤ ਗਾਉਂਦਾ ਵੱਡਾ ਹੋਇਆ ਹੈ, ਤਾਂ ਉਹ ਪਰਮੇਸ਼ੁਰ ਨੂੰ ਕਿੰਨਾ ਕੁ ਜਾਣਦਾ ਹੋਵੇਗਾ? ਕੀ ਉਹ ਜਾਣਦੇ ਹੋਣਗੇ ਕਿ ਪਰਮੇਸ਼ੁਰ ਪਵਿੱਤਰ, ਬੁੱਧੀਮਾਨ, ਸਰਬਸ਼ਕਤੀਮਾਨ ਅਤੇ ਅੱਤ ਮਹਾਨ ਹੈ? ਕੀ ਉਹ ਖੁਸ਼ਖਬਰੀ ਦੀ ਮਹਿਮਾ ਅਤੇ ਪ੍ਰਮੁੱਖਤਾ ਨੂੰ ਸਮਝਣਗੇ?"

ਬੌਬ ਕੌਫਲਿਨ

ਵਰਸ਼ਿਪ ਮੈਟਰਜ

51 Warren Wiersbe, Real Worship (Grand Rapids: Baker Books, 2000), 137

ਤੇ ਸੱਚ ਨਹੀਂ ਬੋਲਦਾ, ਤਾਂ ਸਾਨੂੰ ਅਰਾਧਨਾ ਵਿੱਚ ਇਸ ਦੇ ਮਹੱਤਵ ਤੇ ਸਵਾਲ ਉਠਾਉਣਾ ਚਾਹੀਦਾ ਹੈ। ਸਾਡੇ ਗੀਤਾਂ ਨੂੰ ਸਾਡੀ ਨਿਹਚਾ ਪਰਗਟ ਕਰਨੀ ਚਾਹੀਦੀ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ ਸਾਡੇ ਗੀਤ ਅਰਾਧਕਾਂ ਨੂੰ ਪਰਮੇਸ਼ੁਰ ਦੀ ਵੱਲ ਲੈ ਕੇ ਨਹੀਂ ਜਾਣਗੇ।

ਬਚਨ ਵਿੱਚੋਂ ਇੱਕ ਗੀਤ ਸੁਣੋ:

> ਹਲਲੂਯਾਹ!
> ਅਕਾਸੋਂ ਯਹੋਵਾਹ ਦੀ ਉਸਤਤ ਕਰੋ,
> ਉਚਿਆਈਆਂ ਵਿੱਚ ਉਹ ਦੀ ਉਸਤਤ ਕਰੋ!
> ਹੇ ਉਹ ਦੇ ਸਾਰੇ ਦੂਤੋ, ਉਹ ਦੀ ਉਸਤਤ ਕਰੋ,
> ਹੇ ਉਹ ਦੀਓ ਸਾਰੀਓ ਸੈਨਾਵੋ, ਉਹ ਦੀ ਉਸਤਤ ਕਰੋ!
> ਹੇ ਸੂਰਜ ਤੇ ਚੰਦ, ਉਹ ਦੀ ਉਸਤਤ ਕਰੋ,
> ਹੇ ਸਾਰੇ ਰੋਸ਼ਨ ਤਾਰਿਓ, ਉਹ ਦੀ ਉਸਤਤ ਕਰੋ!
> ਹੇ ਅਕਾਸ਼ਾਂ ਦੇ ਅਕਾਸ਼ੋ, ਉਹ ਦੀ ਉਸਤਤ ਕਰੋ,
> ਨਾਲੇ ਪਾਣੀ ਜਿਹੜੇ ਅਕਾਸ਼ਾਂ ਦੇ ਉੱਤੇ ਹਨ!
> ਏਹ ਯਹੋਵਾਹ ਦੇ ਨਾਮ ਦੀ ਉਸਤਤ ਕਰਨ,
> ਕਿਉਂ ਜੋ ਉਸ ਹੁਕਮ ਦਿੱਤਾ ਅਤੇ ਓਹ ਉਤਪੰਨ ਹੋਏ,
> ਅਤੇ ਉਸ ਉਨ੍ਹਾਂ ਨੂੰ ਸਦਾ ਲਈ ਇਸਥਿਰ ਕੀਤਾ... (ਜ਼ਬੂਰ 148)।

ਇਸ ਦੀ ਤੁਲਨਾ ਹਾਲ ਹੀ ਦੇ ਇੱਕ ਪ੍ਰਸਿੱਧ ਗੀਤ ਨਾਲ ਕਰੋ:

"ਜਦੋਂ ਤੁਸੀਂ ਯਿਸੂ ਦੇ ਨਾਮ ਵਿੱਚ ਨੱਚਦੇ ਹੋ ਤਾਂ ਨੱਚਣਾ ਠੀਕ ਹੈ। ਜਦੋਂ
ਤੁਸੀਂ ਪ੍ਰਭੂ ਲਈ ਨੱਚ ਰਹੇ ਹੋਵੋ ਤਾਂ ਨੱਚਣਾ ਠੀਕ ਹੈ..."[52]

ਕਿਹੜਾ ਗੀਤ ਪਰਮੇਸ਼ੁਰ ਦੇ ਬਚਨ ਦਾ ਪਰਚਾਰ ਕਰਦਾ ਹੈ? ਪੌਲੁਸ ਨੇ ਉਸ ਅਰਾਧਨਾ ਦੇ ਵਿਰੁੱਧ ਚੇਤਾਵਨੀ ਦਿੱਤੀ ਜੋ ਅਸਪਸ਼ਟ ਹੈ। ਉਸ ਨੇ ਕਿਹਾ, "ਮੈਂ ਆਤਮਾ ਨਾਲ ਗਾਵਾਂਗਾ ਅਤੇ ਸਮਝ ਨਾਲ ਵੀ ਗਾਵਾਂਗਾ" (1 ਕੁਰਿੰਥੀਆਂ 14:15)। ਜਦੋਂ ਅਸੀਂ ਬਚਨ ਦੇ ਗੀਤਾਂ ਦਾ ਅਧਿਐਨ ਕਰਦੇ ਹਾਂ, ਤਾਂ ਅਸੀਂ ਵੇਖਦੇ ਹਾਂ ਕਿ ਉਹ ਸਪੱਸ਼ਟ ਤੌਰ ਤੇ ਸਿੱਖਿਆ ਦਿੰਦੇ ਹਨ। ਸਾਡੇ ਅਰਾਧਨਾ-ਸੰਗੀਤ ਦੇ ਬਚਨ ਨੂੰ ਬਾਈਬਲ ਦੀ ਸਚਿਆਈ ਦਾ ਸੰਚਾਰ ਕਰਨਾ ਚਾਹੀਦਾ ਹੈ।

---

52 James Roberson, “Everybody Dance!” Accessed January 10, 2023. https://genius.com/James-roberson-everybody-dance-lyrics

ਗੀਤ ਮੁਲਾਂਕਣ ਫਾਰਮ[53]

	ਕਮਜ਼ੋਰ	ਔਸਤ	ਮਜ਼ਬੂਤ
ਕੀ ਬਚਨ ਸਿਧਾਂਤਕ ਤੌਰ ਤੇ ਸੱਚਾ ਹੈ?			
ਕੀ ਬਚਨ ਮਸੀਹੀ ਅਨੁਭਵ ਪ੍ਰਤੀ ਵਫ਼ਾਦਾਰ ਹੈ?			
ਕੀ ਕਲੀਸੀਆ ਵਿਸ਼ਾ-ਵਸਤੂ ਨੂੰ ਸਮਝੇਗੀ?			
ਕੀ ਸੰਗੀਤ ਦੀ ਸ਼ੈਲੀ ਸ਼ਬਦਾਂ ਦੇ ਅਨੁਕੂਲ ਹੈ?			
ਕੀ ਕਲੀਸੀਆ ਦੇ ਲਈ ਧੁਨ ਗਾਉਣਾ ਅਸਾਨ ਹੈ?			

ਜਾਂਚ

ਕੀ ਤੁਹਾਡੇ ਅਰਾਧਨਾ ਗੀਤ ਸੱਚਮੁੱਚ ਬਾਈਬਲ ਅਨੁਸਾਰ ਹਨ? ਕੀ ਕੋਈ ਨਵਾਂ ਵਿਸ਼ਵਾਸੀ ਤੁਹਾਡੀ ਕਲੀਸੀਆ ਦੇ ਗੀਤਾਂ ਵਿੱਚ ਬਾਈਬਲ ਦੇ ਪਰਮੇਸ਼ੁਰ ਨੂੰ ਪਛਾਣੇਗਾ?

ਅਰਾਧਨਾ-ਸੰਗੀਤ ਦੀਆਂ ਸ਼ੈਲੀਆਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ

ਪਰਮੇਸ਼ੁਰ ਅਨੰਤ ਅਨੇਕਤਾ ਦਾ ਪਰਮੇਸ਼ੁਰ ਹੈ। ਉਸ ਨੇ ਨਵੇਂ ਨੇਮ ਵਿੱਚ ਇੱਕ ਨਹੀਂ, ਇੰਜੀਲ ਦੇ ਚਾਰ ਬਿਰਤਾਂਤਾਂ ਦੀਆਂ ਲਿਖਤਾਂ ਨੂੰ ਪ੍ਰੇਰਿਤ ਕੀਤਾ। ਉਸ ਨੇ ਹਰੇਕ ਲੇਖਕ ਦੀਆਂ ਵਿਲੱਖਣ ਸ਼ਖਸੀਅਤਾਂ ਰਾਹੀਂ ਗੱਲ ਕੀਤੀ। ਉਸ ਨੇ ਮੱਛੀਆਂ ਦੀਆਂ ਇੱਕ ਨਹੀਂ, ਹਜ਼ਾਰਾਂ ਕਿਸਮਾਂ ਬਣਾਈਆਂ। ਉਸ ਨੇ ਮਨੁੱਖੀ ਅੱਖ ਨੂੰ 80 ਲੱਖ ਤਰ੍ਹਾਂ ਦੇ ਰੰਗਾਂ ਵਿੱਚ ਫ਼ਰਕ ਕਰਨ ਦੀ ਸਮਰੱਥਾ ਨਾਲ ਬਣਾਇਆ। ਸਰਿਸ਼ਟੀ ਆਪਣੀ ਵਿਭਿੰਨਤਾ ਅਤੇ ਸੁੰਦਰਤਾ ਵਿੱਚ ਪਰਮੇਸ਼ੁਰ ਦੀ ਮਹਿਮਾ ਨੂੰ ਪ੍ਰਦਰਸ਼ਿਤ ਕਰਦੀ ਹੈ। ਉਸ ਨੇ ਵਿਲੱਖਣ ਵਿਅਕਤੀ ਬਣਾਏ, ਨਾ ਕਿ ਸਿਰਫ਼ ਸ਼ਖਸੀਅਤ ਦੀ ਇੱਕ ਕਿਸਮ। ਪਰਮੇਸ਼ੁਰ ਅਨੰਤ ਅਨੇਕਤਾ ਵਿਖਾਉਂਦਾ ਹੈ।

ਸਾਡੇ ਸੰਗੀਤ ਨੂੰ ਉਸ ਪਰਮੇਸ਼ੁਰ ਦੀ ਰਚਨਾਤਮਕ ਅਨੇਕਤਾ ਨੂੰ ਦਰਸਾਉਣਾ ਚਾਹੀਦਾ ਹੈ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ। ਕੁਲੁੱਸੀਆਂ 3:16 ਵਿੱਚ ਪੌਲੁਸ ਤਿੰਨ ਤਰ੍ਹਾਂ ਦੇ ਗੀਤਾਂ ਦੀ ਸੂਚੀ ਦਿੰਦਾ ਹੈ ਜੋ ਅਰਾਧਨਾ ਲਈ ਵਰਤੇ ਜਾਣੇ ਚਾਹੀਦੇ ਹਨ: ਜ਼ਬੂਰ, ਭਜਨ ਅਤੇ ਆਤਮਕ ਗੀਤ (ਅਫ਼ਸੀਆਂ 5:19 ਵੀ ਵੇਖੋ।)। ਪੌਲੁਸ ਨੇ ਇਨ੍ਹਾਂ ਤਿੰਨਾਂ ਸ਼ੈਲੀਆਂ ਦੀਆਂ ਪਰਿਭਾਸ਼ਾਵਾਂ ਨਹੀਂ ਦਿੱਤੀਆਂ। ਬਹੁਤ ਸਾਰੇ ਲੇਖਕਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ:

- *ਜ਼ਬੂਰ* ਸ਼ਾਇਦ ਜ਼ਬੂਰਾਂ ਦੀ ਪੋਥੀ ਦਾ ਹਵਾਲਾ ਦਿੰਦੇ ਹਨ।
- *ਭਜਨ* ਸ਼ਾਇਦ ਮਨੁੱਖ ਦੁਆਰਾ ਬਣਾਏ ਗਏ ਗੀਤ ਹਨ। ਬਹੁਤ ਸਾਰੇ ਲੇਖਕ ਇਸ ਸ਼ਬਦ ਨੂੰ ਪਰਮੇਸ਼ੁਰ ਜਾਂ ਪਰਮੇਸ਼ੁਰ ਬਾਰੇ ਗਾਏ ਗਏ ਗੀਤਾਂ ਤੱਕ ਸੀਮਤ ਕਰਦੇ ਹਨ। ਇਸ ਵਿੱਚ ਜ਼ਬੂਰਾਂ ਦੀ ਪੋਥੀ ਤੋਂ ਇਲਾਵਾ ਬਾਈਬਲ ਦੇ ਗੀਤ ਸ਼ਾਮਲ ਹੋ ਸਕਦੇ ਹਨ।

53 Constance M. Cherry, The Worship Architect. (Grand Rapids: Baker Academic, 2010), 202-203 ਤੋਂ ਲਿਆ ਗਿਆ।

- *ਆਤਮਕ* ਗੀਤਾਂ ਨੂੰ ਪਰਿਭਾਸ਼ਿਤ ਕਰਨਾ ਸਭ ਤੋਂ ਔਖਾ ਹੈ। ਕੁਝ ਲੇਖਕ ਇਨ੍ਹਾਂ ਨੂੰ ਗੈਰ-ਰਸਮੀ ਗੀਤਾਂ ਵਜੋਂ ਪਰਿਭਾਸ਼ਿਤ ਕਰਦੇ ਹਨ; ਕੁਝ ਆਤਮਿਕ ਗੀਤਾਂ ਨੂੰ ਮਸੀਹੀ ਜੀਵਨ ਬਾਰੇ ਗੀਤ ਅਤੇ ਨਿੱਜੀ ਗਵਾਹੀ ਦੇ ਗੀਤ ਮੰਨਦੇ ਹਨ।

ਪਰਿਭਾਸ਼ਾ ਭਾਵੇਂ ਜੋ ਮਰਜ਼ੀ ਹੋਵੇ, ਇਹ ਆਇਤਾਂ ਦਰਸਾਉਂਦੀਆਂ ਹਨ ਕਿ ਕਲੀਸੀਆ ਨੇ ਆਪਣੇ ਅਰੰਭਕ ਦਿਨਾਂ ਤੋਂ ਹੀ ਕਈ ਤਰ੍ਹਾਂ ਦਾ ਸੰਗੀਤ ਗਾਇਆ।

ਵਾਰੇਨ ਵਿਅਰਸਬੀ ਪ੍ਰਮਾਣਿਕਤਾ ਦੇ ਸਿਧਾਂਤ ਦੀ ਗੱਲ ਕਰਦਾ ਹੈ। ਉਹ ਲਿਖਦਾ ਹੈ, "ਅਰਾਧਨਾ ਦੇ ਪ੍ਰਗਟਾਵੇ ਪ੍ਰਮਾਣਿਕ ਹੋਣੇ ਚਾਹੀਦੇ ਹਨ, ਜੋ ਲੋਕਾਂ ਦੀਆਂ ਸੱਭਿਆਚਾਰਕ ਭਿੰਨਤਾਵਾਂ ਨੂੰ ਪਰਗਟ ਕਰਦੇ ਹੋਣ।"[54] ਪ੍ਰਮਾਣਿਕ ਅਰਾਧਨਾ ਹਰੇਕ ਸੱਭਿਆਚਾਰ ਦੀ ਭਾਸ਼ਾ ਵਿੱਚ ਪਰਮੇਸ਼ੁਰ ਦਾ ਜੀਉਂਦਾ ਬਚਨ ਬੋਲਦੀ ਹੈ। ਹਰ ਪੀੜ੍ਹੀ ਵਿੱਚ, ਮਸੀਹੀ ਲੋਕਾਂ ਨੇ ਅਜਿਹੇ ਗੀਤ ਲਿਖੇ ਹਨ ਜੋ ਆਪਣੇ ਸੱਭਿਆਚਾਰ ਦੀ ਸੰਗੀਤ ਸ਼ੈਲੀ ਵਿੱਚ ਪਰਮੇਸ਼ੁਰ ਦੀ ਉਸਤਤ ਦਾ ਸੰਚਾਰ ਕਰਦੇ ਹਨ। ਸਾਨੂੰ ਇਹ ਨਹੀਂ ਮੰਨ ਲੈਣ ਚਾਹੀਦਾ ਕਿ ਸਾਡੇ ਸੱਭਿਆਚਾਰ ਦਾ ਸੰਗੀਤ ਹੀ ਪ੍ਰਮਾਣਿਕ ਪਵਿੱਤਰ ਸੰਗੀਤ ਹੈ। ਇਸ ਦੀ ਬਜਾਇ, ਜਦੋਂ ਤਕ ਕੋਈ ਸ਼ੈਲੀ ਬਚਨ ਦੇ ਸਪੱਸ਼ਟ ਸਿਧਾਂਤਾਂ ਦਾ ਖੰਡਨ ਨਹੀਂ ਕਰਦੀ, ਸਾਨੂੰ ਹਰੇਕ ਸੱਭਿਆਚਾਰ ਅਤੇ ਹਰੇਕ ਪੀੜ੍ਹੀ ਨੂੰ ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਪਰਮੇਸ਼ੁਰ ਦੀ ਉਸਤਤ ਕਰਨ ਦੇਣੀ ਚਾਹੀਦੀ ਹੈ।

ਜਾਂਚ

ਕੀ ਤੁਹਾਡੀ ਕਲੀਸੀਆ ਦਾ ਸੰਗੀਤ ਸਾਡੇ ਪਰਮੇਸ਼ੁਰ ਦੀ ਰਚਨਾਤਮਕ ਅਨੇਕਤਾ ਨੂੰ ਦਰਸਾਉਂਦਾ ਹੈ?

ਹਰ ਸ਼ੈਲੀ ਹਰ ਸਥਿਤੀ ਲਈ ਢੁਕਵੀਂ ਨਹੀਂ ਹੁੰਦੀ

ਹਾਲਾਂਕਿ ਬਹੁਤ ਸਾਰੇ ਲੋਕਾਂ ਨੇ ਬਾਈਬਲ ਦੀ ਸੰਗੀਤ ਸ਼ੈਲੀ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਬਾਈਬਲ ਕਿਸੇ ਖ਼ਾਸ ਸੰਗੀਤ ਸ਼ੈਲੀ ਦਾ ਹੁਕਮ ਨਹੀਂ ਦਿੰਦੀ ਹੈ। ਸੰਗੀਤ ਸ਼ੈਲੀਆਂ ਦੇ ਪਿੱਛੇ ਦੇ ਫਲਸਫ਼ੇ ਦਾ ਅਧਿਐਨ ਕਰਨ ਤੋਂ ਬਾਅਦ, ਫ੍ਰਾਂਸਿਸ ਸ਼ੈਫਰ ਨੇ ਲਿਖਿਆ, "ਮੈਂ ਦ੍ਰਿੜ੍ਹਤਾ ਨਾਲ ਕਹਾਂਗਾ ਕਿ ਰੱਬੀ ਸ਼ੈਲੀ ਵਰਗੀ ਕੋਈ ਚੀਜ਼ ਨਹੀਂ ਹੈ ..."[55]

ਸੰਗੀਤ ਦੀਆਂ ਧੁਨਾਂ ਨੈਤਿਕ ਸਮੱਗਰੀ ਦਾ ਸੰਚਾਰ ਨਹੀਂ ਕਰਦੀਆਂ। ਸੰਗੀਤ ਦੀ ਧੁਨ ਨਾ ਤਾਂ ਧਰਮੀ ਅਤੇ ਨਾ ਹੀ ਕੁਧਰਮੀ ਹੁੰਦੀ ਹੈ। ਕੀ ਇਸ ਦਾ ਅਰਥ ਇਹ ਹੈ ਕਿ ਹਰ ਸੰਗੀਤ ਸ਼ੈਲੀ ਅਰਾਧਨਾ ਲਈ ਢੁਕਵੀਂ ਹੈ? ਨਹੀਂ। ਕੁਝ ਸ਼ੈਲੀਆਂ ਪਾਪ ਭਰੇ ਸੱਭਿਆਚਾਰ ਨਾਲ ਇੰਨੀਆਂ ਜੁੜੀਆਂ ਹੁੰਦੀਆਂ ਹਨ ਕਿ ਉਹ ਅਰਾਧਨਾ ਵਿੱਚ ਰੱਬੀ ਸੰਦੇਸ਼ ਦਾ ਸੰਚਾਰ ਨਹੀਂ ਕਰਨਗੀਆਂ।

ਸੰਗੀਤਕਾਰਾਂ ਅਤੇ ਮਿਸ਼ਨਰੀਆਂ ਨੇ ਇੱਕੋ ਚੀਜ਼ ਵੇਖੀ ਹੈ: ਲੋਕ ਵੱਖ-ਵੱਖ ਤਰੀਕਿਆਂ ਨਾਲ ਸੰਗੀਤ ਦੀਆਂ ਅਵਾਜ਼ਾਂ ਦਾ ਪ੍ਰਤੀਉੱਤਰ ਦਿੰਦੇ ਹਨ। ਜੇ ਦੋ ਲੋਕ ਇੱਕੋ ਜਿਹਾ ਸੰਗੀਤ ਸੁਣ ਰਹੇ ਹਨ, ਤਾਂ ਇੱਕ ਜਣਾ ਉਨ੍ਹਾਂ ਉੱਤੇ ਉਸ ਗੀਤ ਦੇ ਪ੍ਰਭਾਵ ਨਾਲ ਰੋਣਾ ਸ਼ੁਰੂ ਕਰ ਸਕਦਾ ਹੈ। ਦੂਸਰੇ ਵਿਅਕਤੀ ਨੂੰ ਸ਼ਾਇਦ ਸੰਗੀਤ ਦੇ ਪ੍ਰਤੀਉੱਤਰ ਵਿੱਚ ਕੁਝ ਵੀ ਮਹਿਸੂਸ ਨਾ ਹੋਵੇ।[56]

---

54 Warren Wiersbe, Real Worship (Grand Rapids: Baker Books, 2000), 139

55 Francis Schaeffer, Art and the Bible (Downers Grove: InterVarsity Press, 1973), 51

56 Gerardo Marti, Worship across the Racial Divide: Religious Music and the Multiracial Congregation. (England: Oxford University Press, 2012)

ਅਰਾਧਨਾ-ਸੰਗੀਤ ਲਈ ਆਖ਼ਰੀ ਪਰੀਖਿਆ ਇਹ ਨਹੀਂ ਹੋ ਸਕਦੀ, "ਕੀ ਮੈਨੂੰ ਇਹ ਪਸੰਦ ਹੈ?" ਜਾਂ "ਕੀ ਇਹ ਮੈਨੂੰ ਪ੍ਰੇਰਿਤ ਕਰਦਾ ਹੈ?" ਆਖ਼ਰੀ ਪਰੀਖਿਆ ਪਰਮੇਸ਼ੁਰ ਦੀ ਵਡਿਆਈ ਹੈ। ਇਸ ਦਾ ਅਰਥ ਇਹ ਹੈ ਕਿ ਸਾਨੂੰ ਇਹ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਇੱਕ ਸੰਗੀਤ ਸ਼ੈਲੀ ਸਾਡੇ ਸੱਭਿਆਚਾਰਕ ਸੰਦਰਭ ਵਿੱਚ ਕੀ ਸੰਚਾਰ ਕਰਦੀ ਹੈ। ਸਾਨੂੰ ਪੁੱਛਣਾ ਚਾਹੀਦਾ ਹੈ, **"ਮੇਰੇ ਸੱਭਿਆਚਾਰਕ ਸੰਦਰਭ ਵਿੱਚ, ਕੀ ਇਹ ਸੰਗੀਤ ਸ਼ੈਲੀ ਪਰਮੇਸ਼ੁਰ ਦੀ ਵਡਿਆਈ ਕਰਦੀ ਹੈ?"**

ਸਾਰੀਆਂ ਵਸਤਾਂ ਉਚਿਤ ਹਨ ਪਰ ਸੱਭੇ ਲਾਭਦਾਇਕ ਨਹੀਂ (1 ਕੁਰਿੰਥੀਆਂ 10:23)। ਜੇ ਅਰਾਧਨਾ-ਸੰਗੀਤ ਦਾ ਇੱਕ ਟੀਚਾ ਵਿਸ਼ਵਾਸੀਆਂ ਨੂੰ ਉੱਨਤ ਕਰਨਾ ਹੈ, ਤਾਂ ਸਾਡੇ ਦੁਆਰਾ ਵਰਤੀ ਜਾਣ ਵਾਲੀ ਸ਼ੈਲੀ ਇਸ ਉਦੇਸ਼ ਵਿੱਚ ਰੁਕਾਵਟ ਨਹੀਂ ਬਣ ਸਕਦੀ। ਉਹੀ ਸੰਗੀਤ ਇੱਕ ਸੱਭਿਆਚਾਰ ਵਿੱਚ ਅਰਾਧਨਾ ਲਈ ਸਹਾਇਕ ਹੋ ਸਕਦਾ ਹੈ ਅਤੇ ਦੂਸਰੇ ਸੱਭਿਆਚਾਰ ਵਿੱਚ ਰੁਕਾਵਟ। ਇੱਕ ਸੁਚੇਤ ਅਰਾਧਨਾ ਆਗੂ ਉਸ ਸੰਗੀਤ ਦੀ ਚੋਣ ਕਰੇਗਾ ਜੋ ਉਨ੍ਹਾਂ ਲੋਕਾਂ ਲਈ ਢੁਕਵਾਂ ਹੋਵੇ ਜਿਨ੍ਹਾਂ ਦੀ ਉਹ ਅਗਵਾਈ ਕਰ ਰਿਹਾ ਹੈ।

ਅਸੀਂ ਇਹ ਕਿਵੇਂ ਨਿਰਧਾਰਤ ਕਰਦੇ ਹਾਂ ਕਿ ਸੰਗੀਤ ਦੀ ਕੋਈ ਵਿਸ਼ੇਸ਼ ਸ਼ੈਲੀ ਢੁਕਵੀਂ ਹੈ ਜਾਂ ਨਹੀਂ? ਇੱਕ ਆਗੂ ਦੇ ਤੌਰ ਤੇ, ਤੁਸੀਂ ਆਪਣੇ ਸੱਭਿਆਚਾਰਕ ਮਾਹੌਲ ਵਿੱਚ ਇਸ ਸਵਾਲ ਨੂੰ ਹੱਲ ਕਰਨ ਵਿੱਚ ਆਪਣੇ ਲੋਕਾਂ ਦੀ ਮਦਦ ਕਰਨ ਲਈ ਜ਼ਿੰਮੇਵਾਰ ਹੋ। ਜੋ ਇੱਕ ਸੱਭਿਆਚਾਰ ਵਿੱਚ ਉਚਿਤ ਹੈ ਉਹ ਦੂਸਰੇ ਵਿੱਚ ਉਚਿਤ ਨਹੀਂ ਹੋ ਸਕਦਾ। ਕਿਸੇ ਵਿਸ਼ੇਸ਼ ਸ਼ੈਲੀ ਦੇ ਧਾਰਮਿਕ ਅਰਥਾਂ ਦੇ ਕਾਰਣ ਜਾਂ ਕਿਉਂਕਿ ਇੱਕ ਸ਼ੈਲੀ ਆਲੇ-ਦੁਆਲੇ ਦੇ ਸੱਭਿਆਚਾਰ ਦੀਆਂ ਪਾਪ ਭਰੀਆਂ ਪ੍ਰਥਾਵਾਂ ਨਾਲ ਜੁੜੀ ਹੋਈ ਹੈ, ਸ਼ਾਇਦ ਕੋਈ ਸੰਗੀਤ ਸ਼ੈਲੀ ਅਰਾਧਨਾ ਲਈ ਉਚਿਤ ਹੋਵੇ। ਤੁਹਾਨੂੰ ਆਪਣੀ ਸਥਿਤੀ ਦੇ ਲਈ ਢੁਕਵੇਂ ਹੋਣ ਦੇ ਸੰਦਰਭ ਵਿੱਚ ਸੰਗੀਤ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

ਪੌਲੁਸ ਨੇ ਸਾਨੂੰ ਸਭਨਾਂ ਗੱਲਾਂ ਨੂੰ ਪਰਖਣ ਅਤੇ ਚੰਗੀਆਂ ਨੂੰ ਫੜੀ ਰੱਖਣ ਦਾ ਹੁਕਮ ਦਿੱਤਾ ਹੈ (1 ਥੱਸਲੁਨੀਕੀਆਂ 5:21)। ਸਾਨੂੰ ਇਸ ਨੂੰ ਪਰਖਣ ਅਤੇ ਸਾਬਤ ਕੀਤੇ ਬਿਨਾਂ ਕੁਝ ਵੀ ਸਵੀਕਾਰ ਨਹੀਂ ਕਰਨਾ ਚਾਹੀਦਾ। ਇਸ ਵਿੱਚ ਉਹ ਸੰਗੀਤ ਵੀ ਸ਼ਾਮਲ ਹੈ ਜੋ ਅਸੀਂ ਗਾਉਂਦੇ ਹਾਂ।

ਜਾਂਚ

ਕੀ ਤੁਸੀਂ ਅਜਿਹੇ ਗੀਤ ਗਾਉਂਦੇ ਹੋ ਜੋ ਤੁਹਾਡੇ ਸੱਭਿਆਚਾਰਕ ਮਾਹੌਲ ਵਿੱਚ ਅਣਉਚਿਤ ਹਨ? ਕੀ ਸੰਗੀਤ **ਤੁਹਾਡੇ ਸੱਭਿਆਚਾਰ ਵਿੱਚ** ਇੱਕ ਕਾਮੁਕ ਜਾਂ ਦੁਨਿਆਵੀ ਸ਼ੈਲੀ ਦਾ ਸੰਚਾਰ ਕਰਦਾ ਹੈ? ਕੀ ਸੰਗੀਤ ਦਾ ਸੰਦੇਸ਼ ਵਿਸ਼ਾ-ਵਸਤੂ ਦੇ ਸੰਦੇਸ਼ ਦਾ ਖੰਡਨ ਕਰਦਾ ਹੈ?

ਸਾਡੇ ਅਰਾਧਨਾ-ਸੰਗੀਤ ਵਿੱਚ ਸੰਤੁਲਨ ਹੋਣਾ ਚਾਹੀਦਾ ਹੈ

ਜ਼ਬੂਰਾਂ ਦੀ ਪੋਥੀ ਵਿਖਾਉਂਦੀ ਹੈ ਕਿ ਪਰਮੇਸ਼ੁਰ ਅਰਾਧਨਾ ਵਿੱਚ ਅਨੇਕਤਾ ਨੂੰ ਮਹੱਤਵ ਦਿੰਦਾ ਹੈ। ਜ਼ਬੂਰਾਂ ਦੀ ਪੋਥੀ ਵਿੱਚ ਉਸਤਤ, ਵਿਰਲਾਪ, ਮਦਦ ਲਈ ਪੁਕਾਰ ਅਤੇ ਮੁਕਤੀ ਲਈ ਧੰਨਵਾਦ ਸ਼ਾਮਲ ਹੈ। ਜ਼ਬੂਰ ਸਾਰੇ ਅਰਾਧਕਾਂ ਦੀਆਂ ਅਰਾਧਨਾ ਦੀਆਂ ਲੋੜਾਂ ਬਾਰੇ ਗੱਲ ਕਰਦੇ ਹਨ।

ਕਲੀਸੀਆ ਵਿੱਚ ਪਰਿਪੱਕਤਾ ਦਾ ਇੱਕ ਚਿੰਨ੍ਹ ਵਿਭਿੰਨਤਾ ਹੈ (1 ਕੁਰਿੰਥੀਆਂ 12:4-6)। ਮਸੀਹ ਦੀ ਦੇਹ ਵਿੱਚ ਵੱਖੋ-ਵੱਖਰੇ ਸੱਭਿਆਚਾਰ, ਵੱਖੋ-ਵੱਖਰੀਆਂ ਭਾਸ਼ਾਵਾਂ, ਵੱਖੋ-ਵੱਖਰੀਆਂ ਸ਼ਖ਼ਸੀਅਤਾਂ ਅਤੇ ਵੱਖੋ-ਵੱਖਰੀਆਂ ਦਾਤਾਂ ਸ਼ਾਮਲ ਹਨ। ਸਾਡੀ ਅਰਾਧਨਾ ਨੂੰ, ਸਾਡੇ ਸੰਗੀਤ

ਸਮੇਤ, ਮਸੀਹ ਦੀ ਦੇਹ ਦੇ ਸਾਰੇ ਅੰਗਾਂ ਨਾਲ ਗੱਲ ਕਰਨੀ ਚਾਹੀਦੀ ਹੈ। ਅਸਲ ਵਿੱਚ, ਸਾਡੀ ਅਰਾਧਨਾ ਨੂੰ ਗੈਰ-ਵਿਸ਼ਵਾਸੀ ਲੋਕਾਂ ਨੂੰ ਖੁਸ਼ਖ਼ਬਰੀ ਦੇਣ ਲਈ ਕਲੀਸੀਆ ਤੋਂ ਬਾਹਰ ਗੱਲ ਕਰਨੀ ਚਾਹੀਦੀ ਹੈ। ਬਾਈਬਲ ਦੇ ਗੀਤ ਤਿੰਨ ਸਰੋਤਿਆਂ ਨਾਲ ਗੱਲ ਕਰਦੇ ਹਨ।[57]

ਸੰਗੀਤ ਨੂੰ ਪਰਮੇਸ਼ੁਰ ਦੀ ਉਸਤਤ ਦਾ ਪਰਚਾਰ ਕਰਨਾ ਚਾਹੀਦਾ ਹੈ: "ਗੀਤ ਗਾ ਕੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਿਹਾ ਕਰੋ" (ਅਫ਼ਸੀਆਂ 5:19)।

» ਜ਼ਬੂਰ 91 ਪੜ੍ਹੋ।

ਜ਼ਬੂਰ 91 ਦਰਸਾਉਂਦਾ ਹੈ ਕਿ ਅਸੀਂ ਪ੍ਰਭੂ ਲਈ ਗਾਉਂਦੇ ਹਾਂ। ਸੰਗੀਤ ਨੂੰ ਪਰਮੇਸ਼ੁਰ ਦੀ ਉਸਤਤ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਕੂਚ 15 ਵਿੱਚ ਉਸਤਤ ਦੇ ਗੀਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਵਿੱਚ ਸਵਰਗੀ ਗੀਤਾਂ ਤਕ, ਬਾਈਬਲ ਦੇ ਗੀਤ ਪਰਮੇਸ਼ੁਰ ਦੀ ਮਹਾਨਤਾ ਦੀ ਉਸਤਤ ਕਰਦੇ ਹਨ। ਬਾਈਬਲ ਵਿੱਚ ਸੰਗੀਤ ਦਾ ਮੁੱਖ ਵਿਸ਼ਾ ਉਸਤਤ ਹੈ। ਵਿਰਲਾਪ, ਬੇਨਤੀ, ਜਾਂ ਉਸਤਤ ਦੇ ਜ਼ਬੂਰ ਅਕਸਰ ਪਰਮੇਸ਼ੁਰ ਨੂੰ ਸੰਬੋਧਿਤ ਹੁੰਦੇ ਹਨ।

ਜ਼ਬੂਰਾਂ ਦੀ ਪੋਥੀ ਦੇ ਰਾਹੀਂ ਗਾਓ ਅਤੇ ਤੁਸੀਂ ਗਾਓਗੇ:

- "ਮੈਂ ਉੱਚੀ ਅਵਾਜ਼ ਨਾਲ ਯਹੋਵਾਹ ਨੂੰ ਪੁਕਾਰਿਆ..."
- "ਜਦੋਂ ਮੈਂ ਤੈਨੂੰ ਪੁਕਾਰਾਂ, ਤੂੰ ਮੈਨੂੰ ਉੱਤਰ ਦੇਹ, ਹੇ ਮੇਰੇ ਧਰਮ ਦੇ ਪਰਮੇਸ਼ੁਰ!"
- "ਹੇ ਯਹੋਵਾਹ, ਮੈਂ ਆਪਣੇ ਸਾਰੇ ਦਿਲ ਨਾਲ ਤੇਰਾ ਧੰਨਵਾਦ ਕਰਾਂਗਾ।"
- "ਮੈਂ ਯਹੋਵਾਹ ਲਈ ਗਾਵਾਂਗਾ।"
- "ਹੇ ਯਹੋਵਾਹ, ਮੈਂ ਤੇਰੇ ਨਾਲ ਪ੍ਰੀਤ ਰੱਖਦਾ ਹਾਂ।"

ਸੰਗੀਤ ਨੂੰ ਕਲੀਸੀਆ ਅੱਗੇ ਸਚਿਆਈ ਦਾ ਪਰਚਾਰ ਕਰਨਾ ਚਾਹੀਦਾ ਹੈ: "ਇੱਕ ਦੂਜੇ ਨੂੰ ਉਪਦੇਸ਼ ਦੇਣਾ ਅਤੇ ਚਿਤਾਰਨਾ" (ਕੁਲੁੱਸੀਆਂ 3:16)।

ਬਹੁਤ ਸਾਰੇ ਅਰਾਧਨਾ ਆਗੂਆਂ ਨੇ ਕਿਹਾ ਹੈ, "ਸਾਨੂੰ ਦੂਜੇ ਸਰੋਤਿਆਂ ਲਈ ਨਹੀਂ ਗਾਉਣਾ ਚਾਹੀਦਾ; ਅਸੀਂ ਸਿਰਫ਼ ਪਰਮੇਸ਼ੁਰ ਲਈ ਹੀ ਗਾਉਂਦੇ ਹਾਂ।" ਪਰ, ਬਹੁਤ ਸਾਰੇ ਜ਼ਬੂਰ ਇਸਰਾਏਲੀਆਂ ਦੇ ਲਈ ਗਾਉਂਦੇ ਹਨ। ਜਦ ਕਿ ਇਹ ਸੱਚ ਹੈ ਕਿ ਬਾਈਬਲ ਦੇ ਬਹੁਤ ਸਾਰੇ ਗੀਤ ਪਰਮੇਸ਼ੁਰ ਨਾਲ ਗੱਲ ਕਰਦੇ ਹਨ, ਇਹ ਵੀ ਸੱਚ ਹੈ ਕਿ ਬਹੁਤ ਸਾਰੇ ਬਾਈਬਲ ਦੇ ਗੀਤ ਕਲੀਸੀਆ ਨਾਲ ਗੱਲ ਕਰਦੇ ਹਨ।

ਅਫ਼ਸੀਆਂ 5:19 ਵਿਸ਼ਵਾਸੀਆਂ ਨੂੰ ਜ਼ਬੂਰਾਂ, ਭਜਨਾਂ ਅਤੇ ਆਤਮਕ ਗੀਤਾਂ ਵਿੱਚ **ਇੱਕ ਦੂਜੇ ਨਾਲ** ਗੱਲ ਕਰਨ ਦੀ ਹਿਦਾਇਤ ਦਿੰਦੀ ਹੈ। ਕੁਲੁੱਸੀਆਂ 3:16 ਸਾਡੇ ਗਾਉਣ ਦੇ ਉਦੇਸ਼ ਬਾਰੇ ਹੋਰ ਵੀ ਖ਼ਾਸ ਹੈ: "ਮਸੀਹ ਦਾ ਬਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਕ ਗੀਤਾਂ ਦੁਆਰਾ ਇੱਕ ਦੂਏ ਨੂੰ **ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ** ਅਤੇ ਕਿਰਪਾ ਨਾਲ ਪਰਮੇਸ਼ੁਰ ਨੂੰ ਆਪਣਿਆਂ ਮਨਾਂ ਵਿੱਚ ਗਾਇਆ ਕਰੋ।"

ਅਰਾਧਨਾ-ਸੰਗੀਤ ਲਈ ਸਰੋਤੇ



57 ਇਹ Herbert Bateman, editor. Authentic Worship (Grand Rapids: Kregel Publications, 2002), 150-155 ਤੋਂ ਲਿਆ ਗਿਆ ਹੈ।

ਪੌਲੁਸ ਵਿਖਾਉਂਦਾ ਹੈ ਕਿ ਕਲੀਸੀਆ ਦੇ ਗਾਉਣ ਦੁਆਰਾ ਮਸੀਹ ਦੇ ਬਚਨ ਦਾ ਪਰਚਾਰ ਹੁੰਦਾ ਹੈ। ਜਦੋਂ ਅਸੀਂ ਗਾਉਂਦੇ ਹਾਂ, ਅਸੀਂ ਆਪਣੇ ਸਾਥੀ ਅਰਾਧਕਾਂ ਨੂੰ ਪਰਮੇਸ਼ੁਰ ਦੀ ਸਚਿਆਈ ਬੋਲਦੇ ਹਾਂ। ਗੀਤ ਦੁਆਰਾ, ਕਲੀਸੀਆ ਇੱਕ ਦੂਜੇ ਨੂੰ ਸਿੱਖਿਆ ਦਿੰਦੀ ਹੈ। ਗੀਤ ਦੁਆਰਾ, ਵਿਸ਼ਵਾਸੀ ਉਸਾਰੇ ਜਾਂਦੇ ਹਨ ਅਤੇ ਮਸੀਹ ਦੀ ਦੇਹ ਦੀ ਉੱਨਤੀ ਹੁੰਦੀ ਹੈ।

ਸੰਗੀਤ ਨੂੰ ਸੰਸਾਰ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਕਰਨਾ ਚਾਹੀਦਾ ਹੈ: "ਕੌਮਾਂ ਦੇ ਵਿੱਚ ਉਹ ਦੇ ਪਰਤਾਪ ਦਾ ਵਰਨਣ ਕਰੋ ..." (ਜ਼ਬੂਰ 96:3)।

ਜ਼ਬੂਰ ਦੇ ਲੇਖਕ ਨੇ ਸਾਨੂੰ ਕੌਮਾਂ ਲਈ ਗਵਾਹੀ ਵਜੋਂ ਗਾਉਣ ਲਈ ਕਿਹਾ:

> ਯਹੋਵਾਹ ਲਈ ਇੱਕ ਨਵਾਂ ਗੀਤ ਗਾਓ, ਹੇ ਸਾਰੀ ਸਰਿਸ਼ਟੀ, ਯਹੋਵਾਹ ਲਈ ਗਾਓ! ਯਹੋਵਾਹ ਲਈ ਗਾਓ, ਉਹ ਦੇ ਨਾਮ ਨੂੰ ਮੁਬਾਰਕ ਆਖੋ, ਉਹ ਦੀ ਮੁਕਤੀ ਦਾ ਦਿਨੇ ਦਿਨ ਪਰਚਾਰ ਕਰੋ! ਕੌਮਾਂ ਦੇ ਵਿੱਚ ਉਹ ਦੇ ਪਰਤਾਪ ਦਾ, ਅਤੇ ਸਾਰੇ ਲੋਕਾਂ ਵਿੱਚ ਉਹ ਦੇ ਅਚਰਜ ਕੰਮਾਂ ਦਾ ਵਰਨਣ ਕਰੋ! (ਜ਼ਬੂਰ 96:1-3)

» 1 ਰਾਜਿਆਂ 8:41-43 ਪੜ੍ਹੋ।

ਜਦੋਂ ਪਰਮੇਸ਼ੁਰ ਦੀ ਉਸਤਤ ਕੀਤੀ ਜਾਂਦੀ ਹੈ, ਤਾਂ ਕੌਮਾਂ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਕੀਤਾ ਜਾਂਦਾ ਹੈ। ਹੈਕਲ ਨੂੰ ਪਰਮੇਸ਼ੁਰ ਦੀ ਅਰਾਧਨਾ ਦੇ ਲਈ ਸਮਰਪਿਤ ਕੀਤੇ ਜਾਣ ਸਮੇਂ, ਸੁਲੇਮਾਨ ਨੇ ਪ੍ਰਾਰਥਨਾ ਕੀਤੀ ਕਿ ਓਪਰੇ ਲੋਕ ਵੀ ਹੈਕਲ ਵਿੱਚ ਅਰਾਧਨਾ ਕਰਨ; ਉਸ ਨੇ ਪ੍ਰਾਰਥਨਾ ਕੀਤੀ ਕਿ ਧਰਤੀ ਦੇ ਸਾਰੇ ਲੋਕਾਂ ਵਿੱਚ ਯਹੋਵਾਹ ਦਾ ਨਾਮ ਜਾਣਿਆ ਜਾਵੇ। ਜਦੋਂ ਅਸੀਂ ਅਰਾਧਨਾ ਕਰਦੇ ਹਾਂ, ਵੇਖਣ ਵਾਲੇ ਸੰਸਾਰ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਹੁੰਦਾ ਹੈ।

ਸਾਡੇ ਅਰਾਧਨਾ-ਸੰਗੀਤ ਨੂੰ ਪਰਮੇਸ਼ੁਰ ਨਾਲ ਅਤੇ ਪਰਮੇਸ਼ੁਰ ਬਾਰੇ ਗੱਲ ਕਰਨੀ ਚਾਹੀਦੀ ਹੈ; ਸਾਡੇ ਅਰਾਧਨਾ-ਸੰਗੀਤ ਨੂੰ ਕਲੀਸੀਆ ਨਾਲ ਗੱਲ ਕਰਨੀ ਚਾਹੀਦੀ ਹੈ; ਸਾਡੇ ਅਰਾਧਨਾ-ਸੰਗੀਤ ਨੂੰ ਸੰਸਾਰ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਕਰਨਾ ਚਾਹੀਦਾ ਹੈ।

ਜਦੋਂ ਅਸੀਂ ਇਨ੍ਹਾਂ ਸਰੋਤਿਆਂ ਵਿੱਚੋਂ ਇੱਕ ਨੂੰ ਭੁੱਲ ਜਾਂਦੇ ਹਾਂ, ਤਾਂ ਸਾਡੀ ਅਰਾਧਨਾ ਕਲੀਸੀਆ ਦੇ ਲਈ ਪਰਮੇਸ਼ੁਰ ਦੇ ਪੂਰੇ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਅਸਫ਼ਲ ਰਹਿੰਦੀ ਹੈ। ਜਦੋਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਪਰਮੇਸ਼ੁਰ ਅਰਾਧਨਾ ਲਈ ਪਰਮ ਸਰੋਤਾ ਹੈ, ਤਾਂ ਸਾਡੀ ਅਰਾਧਨਾ ਮੁੱਖ ਤੌਰ ਤੇ ਪਰਮੇਸ਼ੁਰ ਨਾਲ ਗੱਲ ਕਰਨ ਵਿੱਚ ਅਸਫ਼ਲ ਰਹਿੰਦੀ ਹੈ। ਜਦੋਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਕਲੀਸੀਆ ਅਰਾਧਨਾ ਲਈ ਇੱਕ ਸਰੋਤਾ ਹੈ, ਅਸੀਂ ਅਰਾਧਨਾ ਵਿੱਚ ਇੱਕ ਦੂਜੇ ਨੂੰ ਉਪਦੇਸ਼ ਦੇਣ ਅਤੇ ਨਸੀਹਤ ਦੇਣ ਵਿੱਚ ਅਸਫ਼ਲ ਹੋ ਜਾਂਦੇ ਹਾਂ। ਜਦੋਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਅਰਾਧਨਾ ਨੂੰ ਸੰਸਾਰ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਕਰਨਾ ਚਾਹੀਦਾ ਹੈ, ਅਸੀਂ ਖੁਸ਼ਖ਼ਬਰੀ ਦਾ ਪਰਚਾਰ ਕਰਨ ਅਤੇ ਮਹਾਨ ਆਗਿਆ ਨੂੰ ਪੂਰਾ ਕਰਨ ਵਿੱਚ ਅਸਫ਼ਲ ਹੋ ਜਾਂਦੇ ਹਾਂ।

ਜਾਂਚ

ਕੀ ਤੁਸੀਂ ਆਪਣੇ ਗੀਤਾਂ ਨਾਲ ਪਰਮੇਸ਼ੁਰ, ਕਲੀਸੀਆ ਅਤੇ ਗੈਰ-ਵਿਸ਼ਵਾਸੀਆਂ ਨਾਲ ਗੱਲ ਕਰਦੇ ਹੋ? ਹਰ ਗੀਤ ਇਨ੍ਹਾਂ ਵਿੱਚੋਂ ਹਰੇਕ ਨਾਲ ਗੱਲ ਨਹੀਂ ਕਰਦਾ; ਪਰ ਪੂਰੀ ਬੰਦਗੀ ਦੇ ਦੌਰਾਨ, ਸਾਨੂੰ ਇਨ੍ਹਾਂ ਸਰੋਤਿਆਂ ਵਿੱਚੋਂ ਹਰੇਕ ਨਾਲ ਗੱਲ ਕਰਨੀ ਚਾਹੀਦੀ ਹੈ।

ਇਸ ਨੂੰ ਅਮਲ ਵਿੱਚ ਲਿਆਉਣਾ

ਅਸੀਂ ਵੇਖ ਚੁੱਕੇ ਹਾਂ ਕਿ ਅਰਾਧਨਾ ਵਿੱਚ ਸੰਗੀਤ ਕਿਉਂ ਮਹੱਤਵਪੂਰਣ ਹੈ। ਅਸੀਂ ਅਰਾਧਨਾ ਵਿੱਚ ਸੰਗੀਤ ਲਈ ਬਾਈਬਲ ਦੇ ਸਿਧਾਂਤਾਂ ਦੀ ਜਾਂਚ ਕੀਤੀ ਹੈ। ਅਸੀਂ ਇਸ ਪਾਠ ਨੂੰ ਅਰਾਧਨਾ ਵਿੱਚ ਸੰਗੀਤ ਲਈ ਵਿਹਾਰਕ ਵਿਚਾਰਾਂ ਨੂੰ ਵੇਖ ਕੇ ਖਤਮ ਕਰਾਂਗੇ। ਤੁਸੀਂ ਇਨ੍ਹਾਂ ਨੂੰ ਆਪਣੀ ਕਲੀਸੀਆ ਅਤੇ ਚਰਚ ਦੇ ਮਾਹੌਲ ਦੇ ਅਨੁਸਾਰ ਢਾਲ ਸਕਦੇ ਹੋ।

ਉੱਪਰ ਦਿੱਤੇ ਸਿਧਾਂਤਾਂ ਦੇ ਜਵਾਬ ਵਿੱਚ, ਇੱਕ ਵਿਦਿਆਰਥੀ ਨੇ ਪੁੱਛਿਆ, "ਜੇ ਅਰਾਧਨਾ-ਸੰਗੀਤ ਦੀਆਂ ਸ਼ੈਲੀਆਂ ਵੱਖੋ-ਵੱਖਰੀਆਂ ਹਨ ਅਤੇ ਜੇ ਸੰਗੀਤ ਦੀਆਂ ਸ਼ੈਲੀਆਂ ਸੁਭਾਵਕ ਤੌਰ ਤੇ ਚੰਗੀਆਂ ਜਾਂ ਮਾੜੀਆਂ ਨਹੀਂ ਹਨ, ਤਾਂ ਕੀ ਸਾਡੀ ਕਲੀਸੀਆ ਲਈ ਸੰਗੀਤ ਦੀ ਚੋਣ ਕਰਨ ਵਿੱਚ ਸਾਡੀ ਮਦਦ ਕਰਨ ਵਾਸਤੇ ਕੋਈ ਦਿਸ਼ਾ-ਨਿਰਦੇਸ਼ ਵੀ ਹਨ?"

ਹਾਂ, ਇੱਥੇ ਵਿਹਾਰਕ ਦਿਸ਼ਾ-ਨਿਰਦੇਸ਼ ਹਨ ਜੋ ਸਾਡੀ ਮਦਦ ਕਰ ਸਕਦੇ ਹਨ। ਤੁਹਾਨੂੰ ਇਹ ਨਿਰਧਾਰਤ ਕਰਨਾ ਪਵੇਗਾ ਕਿ ਇਨ੍ਹਾਂ ਨੂੰ ਤੁਹਾਡੀ ਵਿਸ਼ੇਸ਼ ਸਥਿਤੀ ਵਿੱਚ ਕਿਵੇਂ ਲਾਗੂ ਕਰਨਾ ਹੈ, ਪਰ ਕੁਝ ਬੁਨਿਆਦੀ ਸਿਧਾਂਤਾਂ ਨੂੰ ਕਲੀਸੀਆ ਦੇ ਸੰਗੀਤ ਬਾਰੇ ਸਾਡੇ ਫ਼ੈਸਲਿਆਂ ਦੀ ਅਗਵਾਈ ਕਰਨੀ ਚਾਹੀਦੀ ਹੈ।

ਕਲੀਸੀਆ ਦਾ ਸਭ ਤੋਂ ਮਹੱਤਵਪੂਰਣ ਸੰਗੀਤ ਕਲੀਸੀਆ ਦਾ ਗਾਉਣਾ ਹੈ

ਕਿਉਂਕਿ ਚਰਚ ਦਾ ਸੰਗੀਤ ਕਲੀਸੀਆ ਦੀ ਏਕਤਾ ਅਤੇ ਵਿਸ਼ਵਾਸੀਆਂ ਦੇ ਜਾਜਕਪੁਣੇ ਨੂੰ ਦਰਸਾਉਂਦਾ ਹੈ, ਸਾਡਾ ਸਭ ਤੋਂ ਮਹੱਤਵਪੂਰਣ ਸੰਗੀਤ ਕਲੀਸੀਆ ਦਾ ਗਾਉਣਾ ਹੈ। ਜਦ ਕਿ ਗੀਤ ਗਾਉਣ ਵਾਲੀਆਂ ਮੰਡਲੀਆਂ, ਇਕੱਲੇ ਗਾਉਣ ਵਾਲੇ, ਉਸਤਤ ਕਰਨ ਵਾਲੀਆਂ ਟੀਮਾਂ, ਸਾਜ਼ ਵਜਾਉਣ ਵਾਲੇ ਸਮੂਹ ਅਤੇ ਹੋਰ ਵਿਸ਼ੇਸ਼ ਸੰਗੀਤ ਵਡਮੁੱਲੇ ਹਨ, ਤਾਂ ਵੀ ਚਰਚ ਦਾ ਸੰਗੀਤ ਮਸੀਹੀ ਅਰਾਧਨਾ ਵਿੱਚ ਸਭ ਤੋਂ ਮਹੱਤਵਪੂਰਣ ਸੰਗੀਤ ਹੈ। ਕਲੀਸੀਆਈ ਗੀਤ ਨੂੰ ਵਿਕਸਤ ਕਰਨ ਲਈ ਅਸੀਂ ਕੁਝ ਅਮਲੀ ਕਦਮ ਚੁੱਕ ਸਕਦੇ ਹਾਂ।

ਯਾਦ ਰੱਖੋ:

1. **ਸਾਜ਼ ਇੰਨੇ ਵਿਸਤ੍ਰਿਤ ਜਾਂ ਉੱਚੇ ਨਹੀਂ ਹੋਣੇ ਚਾਹੀਦੇ ਕਿ ਇਹ ਗਾਉਣ ਤੋਂ ਧਿਆਨ ਖਿੱਚਣ।** ਨਵੇਂ ਨੇਮ ਵਿੱਚ, ਗਾਉਣਾ ਕਲੀਸੀਆ ਦਾ ਮੁਢਲਾ ਸੰਗੀਤ ਹੈ। ਆਰਗਨ ਵਜਾਉਣ ਵਾਲੇ, ਪਿਆਨੋ ਵਜਾਉਣ ਵਾਲੇ, ਗਿਟਾਰ ਵਜਾਉਣ ਵਾਲੇ, ਢੋਲਕੀ ਵਜਾਉਣ ਵਾਲੇ—ਅਸੀਂ ਕਲੀਸੀਆ ਦਾ ਮੁਢਲਾ ਸੰਗੀਤ ਨਹੀਂ ਹਾਂ। ਕਲੀਸੀਆ ਨੂੰ ਗਾਉਣ ਦਿਓ!

2. **ਕੁਝ ਗੀਤ ਬਿਨਾਂ ਕਿਸੇ ਸਾਜ਼ ਦੇ ਸਭ ਤੋਂ ਵਧੀਆ ਗਾਏ ਜਾਂਦੇ ਹਨ।** ਪ੍ਰਾਰਥਨਾ ਗੀਤਾਂ ਨੂੰ ਕਈ ਵਾਰ ਸ਼ਾਂਤਮਈ ਢੰਗ ਨਾਲ ਗਾਉਣ ਅਤੇ ਬਿਨਾਂ ਕਿਸੇ ਸਾਜ਼ ਦੇ ਸਭ ਤੋਂ ਵਧੀਆ ਢੰਗ ਨਾਲ ਵਿਅਕਤ ਕੀਤਾ ਜਾ ਸਕਦਾ ਹੈ। ਇਹ ਕਲੀਸੀਆ ਦੇ ਧਿਆਨ ਨੂੰ ਬਿਨਾਂ ਇੱਧਰ-ਉੱਧਰ ਭਟਕਾਏ ਵਿਸ਼ਾ-ਵਸਤੂ ਦੇ ਸੰਦੇਸ਼ ਤੇ ਧਿਆਨ ਕੇਂਦਰਿਤ ਕਰਨ ਦਿੰਦਾ ਹੈ।

3. **ਸੰਗੀਤ ਇੰਨਾ ਔਖਾ ਜਾਂ ਨਵਾਂ ਨਹੀਂ ਹੋਣਾ ਚਾਹੀਦਾ ਕਿ ਕਲੀਸੀਆ ਇਸ ਵਿੱਚ ਹਿੱਸਾ ਨਾ ਲੈ ਸਕੇ।** ਨਵੇਂ ਗੀਤ ਚੰਗੇ ਹਨ, ਪਰ ਸਾਨੂੰ ਹੋਰ ਨਵੇਂ ਗੀਤ ਜੋੜਨ ਤੋਂ ਪਹਿਲਾਂ ਕਲੀਸੀਆ ਨੂੰ ਨਵਾਂ ਗੀਤ ਚੰਗੀ ਤਰ੍ਹਾਂ ਸਿੱਖਣ ਦਾ ਸਮਾਂ ਦੇਣਾ ਚਾਹੀਦਾ ਹੈ। ਨਵੇਂ ਗੀਤਾਂ ਦੀ ਨਿਰੰਤਰ ਖੁਰਾਕ ਉਦੋਂ ਤੱਕ ਬੋਝ ਵਾਂਗ ਹੁੰਦੀ ਹੈ ਜਦੋਂ ਤੱਕ ਅਸੀਂ ਸੰਦੇਸ਼ ਨੂੰ ਆਤਮਸਾਤ ਨਹੀਂ ਕਰ ਪਾਉਂਦੇ। ਇੱਕ ਚੰਗਾ ਅਤੇ ਆਮ ਤਰੀਕਾ ਇਹ ਹੈ ਕਿ ਜਾਣੇ-ਪਛਾਣੇ ਗੀਤਾਂ ਨੂੰ ਗਾਉਣ ਦੇ ਨਾਲ-ਨਾਲ ਨਵੇਂ ਗੀਤਾਂ ਨੂੰ ਸ਼ਾਮਲ ਕੀਤਾ ਜਾਵੇ।

4. **ਪਾਸਬਾਨਾਂ ਨੂੰ ਕਲੀਸੀਆ ਨਾਲ ਗਾਉਣਾ ਚਾਹੀਦਾ ਹੈ।** ਜੇ ਕਲੀਸੀਆ ਦਾ ਗਾਉਣਾ ਅਰਾਧਨਾ ਹੈ, ਤਾਂ ਤੁਹਾਨੂੰ ਅਰਾਧਨਾ ਕਰਨੀ ਚਾਹੀਦੀ ਹੈ। ਜਦੋਂ ਪਾਸਬਾਨ ਕਲੀਸੀਆ ਦੇ ਗਾਉਣ ਦੌਰਾਨ ਹੋਰ ਚੀਜ਼ਾਂ ਕਰਦਾ ਹੈ, ਤਾਂ ਉਸ ਦੇ ਕੰਮ ਕਹਿੰਦੇ ਹਨ, "ਸਿਰਫ਼ ਮੇਰਾ ਸੰਦੇਸ਼ ਦੇਣਾ ਅਰਾਧਨਾ ਬੰਦਗੀ ਵਿੱਚ ਮਹੱਤਵਪੂਰਣ ਹੈ।" ਪਾਸਬਾਨਾਂ ਨੂੰ ਬਾਕੀ ਦੀ ਕਲੀਸੀਆ ਦੇ ਲਈ ਅਰਾਧਨਾ ਦਾ ਨਮੂਨਾ ਬਣਨਾ ਚਾਹੀਦਾ ਹੈ।

ਸੰਗੀਤ ਨੂੰ ਵਿਸ਼ਾ-ਵਸਤੂ ਦੀ ਸਹਾਇਤਾ ਕਰਨੀ ਚਾਹੀਦੀ ਹੈ

ਕਿਉਂਕਿ ਅਰਾਧਨਾ-ਸੰਗੀਤ ਦਾ ਉਦੇਸ਼ ਪਰਮੇਸ਼ੁਰ ਦੀ ਉਸਤਤ ਦਾ ਪਰਚਾਰ ਕਰਨਾ, ਕਲੀਸੀਆ ਨੂੰ ਸਚਿਆਈ ਦੱਸਣਾ ਅਤੇ ਸੰਸਾਰ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਕਰਨਾ ਹੈ, ਇਸ ਲਈ ਵਿਸ਼ਾ-ਵਸਤੂ ਸਭ ਤੋਂ ਮਹੱਤਵਪੂਰਣ ਤੱਤ ਹੈ। ਸੰਗੀਤ ਦੀ ਸ਼ੈਲੀ ਭਾਵੇਂ ਜੋ ਮਰਜ਼ੀ ਹੋਵੇ, ਜੇ ਸੰਗੀਤ ਵਿਸ਼ਾ-ਵਸਤੂ ਦੇ ਸੰਚਾਰ ਵਿੱਚ ਰੁਕਾਵਟ ਪਾਉਂਦਾ ਹੈ, ਤਾਂ ਅਸੀਂ ਜ਼ਬੂਰਾਂ, ਭਜਨਾਂ ਅਤੇ ਆਤਮਕ ਗੀਤਾਂ ਵਿੱਚ ਇੱਕ ਦੂਜੇ ਨੂੰ ਸੰਬੋਧਿਤ ਨਹੀਂ ਕਰ ਰਹੇ ਹਾਂ।

ਇਸ ਦਾ ਅਰਥ ਇਹ ਨਹੀਂ ਹੈ ਕਿ ਸਾਜ਼ਾਂ ਵਾਲਾ ਸੰਗੀਤ ਮਹੱਤਵਪੂਰਣ ਨਹੀਂ ਹੈ। ਸਾਜ਼ ਸਾਡੇ ਮਨਾਂ, ਭਾਵਨਾਵਾਂ ਅਤੇ ਇੱਛਾਵਾਂ ਨੂੰ ਅਰਾਧਨਾ ਤੇ ਕੇਂਦਰਿਤ ਕਰਨ ਵਿੱਚ ਸਾਡੀ ਮਦਦ ਕਰ ਸਕਦੇ ਹਨ। ਸਾਜ਼ਾਂ ਵਾਲਾ ਸੰਗੀਤ ਅਰਾਧਨਾ ਵਿੱਚ ਮਹੱਤਵਪੂਰਣ ਹੋ ਸਕਦਾ ਹੈ, ਪਰ ਕਲੀਸੀਆਈ ਗੀਤ ਵਿੱਚ ਮੁੱਖ ਕੇਂਦਰ-ਬਿੰਦੂ ਵਿਸ਼ਾ-ਵਸਤੂ ਹੋਣੀ ਚਾਹੀਦੀ ਹੈ।

ਆਗੂ ਨੂੰ ਕਲੀਸੀਆ ਨੂੰ ਵਿਸ਼ਾ-ਵਸਤੂ ਦੇ ਅਰਥ ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ।

ਆਗੂ ਅਗਵਾਈ ਕਰਨ ਦੇ ਤਰੀਕੇ ਨਾਲ ਵਿਸ਼ਾ-ਵਸਤੂ ਨੂੰ ਹੋਰ ਅਰਥਪੂਰਨ ਬਣਾ ਸਕਦੇ ਹਨ। ਦੋ ਉਦਾਹਰਣਾਂ ਇਹ ਦਰਸਾਉਣਗੀਆਂ ਕਿ ਇੱਕ ਆਗੂ ਗੀਤ ਦੇ ਸੰਦੇਸ਼ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ।

ਆਮੋਸ ਕਲੀਸੀਆਈ ਗੀਤ ਦੇ ਸੰਦੇਸ਼ ਬਾਰੇ ਧਿਆਨ ਨਾਲ ਨਹੀਂ ਸੋਚਦਾ। ਪਿਛਲੇ ਹਫ਼ਤੇ, ਆਮੋਸ ਨੇ ਦੋ ਗੀਤਾਂ ਵਿੱਚ ਅਗਵਾਈ ਕੀਤੀ ਜੋ ਤ੍ਰਿਏਕਤਾ ਦੀ ਗੱਲ ਕਰਦੇ ਹਨ। ਪਹਿਲਾਂ ਕਲੀਸੀਆ ਨੇ ਗਾਇਆ, "ਸਰਬਸ਼ਕਤੀਮਾਨ ਰਾਜਾ, ਆ।" ਅਮੋਸ ਨੇ ਕਿਹਾ, "ਅਸੀਂ ਟੱਪੇ 1,2 ਅਤੇ 4 ਗਾਵਾਂਗੇ।"

ਇਸ ਭਜਨ ਦੇ ਟੱਪੇ 3 ਨੂੰ ਛੱਡਣ ਵਿੱਚ ਕੀ ਗਲਤ ਹੈ? ਵਿਸ਼ਾ-ਵਸਤੂ ਨੂੰ ਵੇਖੋ; ਇਹ ਭਜਨ ਤ੍ਰਿਏਕਤਾ ਦੇ ਬਾਰੇ ਹੈ। ਜੇ ਤੁਸੀਂ ਤ੍ਰਿਏਕਤਾ ਦੇ ਤਿੰਨ ਵਿਅਕਤੀਆਂ ਵਿੱਚੋਂ ਇੱਕ ਬਾਰੇ ਇੱਕ ਟੱਪਾ ਛੱਡ ਦਿੰਦੇ ਹੋ ਤਾਂ ਸੰਦੇਸ਼ ਕਮਜ਼ੋਰ ਹੋ ਜਾਂਦਾ ਹੈ।

ਟੱਪਾ 1: ਸਰਬਸ਼ਕਤੀਮਾਨ ਰਾਜਾ, ਆ।..... (ਪਿਤਾ ਬਾਰੇ)
ਟੱਪਾ 2: ਦੇਹਧਾਰੀ ਸ਼ਬਦ, ਆ.... (ਪੁੱਤਰ ਬਾਰੇ)
ਟੱਪਾ 3: ਪਵਿੱਤਰ ਸਹਾਇਕ, ਆ.... (ਆਤਮਾ ਬਾਰੇ)
ਟੱਪਾ 4: ਤੈਨੂੰ, ਜੋ ਤਿੰਨਾਂ ਵਿੱਚ ਮਹਾਨ ਹੈ .... (ਤ੍ਰਿਏਕਤਾ ਬਾਰੇ)

ਅਗਲਾ ਗੀਤ ਉਸਤਤ ਵਾਲਾ ਗੀਤ ਸੀ। ਹਰ ਟੱਪਾ ਤ੍ਰਿਏਕਤਾ ਦੇ ਵਿਸ਼ੇਸ਼ ਵਿਅਕਤੀ ਦੀ ਅਰਾਧਨਾ ਅਤੇ ਉਸਤਤ ਸੀ। ਆਮੋਸ ਨੇ ਕਿਹਾ, "ਆਓ ਦੋ ਟੱਪੇ ਗਾਈਏ।" ਦੁਬਾਰਾ ਫਿਰ, ਆਮੋਸ ਭੁੱਲ ਗਿਆ ਕਿ ਤ੍ਰਿਏਕਤਾ ਦੇ ਗੀਤ ਵਿੱਚ ਤਿੰਨੇ ਵਿਅਕਤੀ ਸ਼ਾਮਲ ਹੋਣੇ ਚਾਹੀਦੇ ਹਨ। ਵਿਸ਼ਾ-ਵਸਤੂ ਤੇ ਵਿਚਾਰ ਕੀਤੇ ਬਿਨਾਂ ਇੱਕ ਭਜਨ ਦੇ ਟੱਪਿਆਂ ਨੂੰ ਭੁੱਲ ਜਾਣਾ ਕਲੀਸੀਆ ਦੀ ਅਰਾਧਨਾ ਵਿੱਚ ਰੁਕਾਵਟ ਪਾਉਂਦਾ ਹੈ।

ਸੇਥ ਜਾਣਦਾ ਹੈ ਕਿ ਅਰਾਧਨਾ ਵਿੱਚ ਕਲੀਸੀਆ ਦਾ ਗਾਉਣਾ ਜ਼ਰੂਰੀ ਹੈ। ਐਤਵਾਰ ਨੂੰ, ਉਸ ਨੇ ਇੱਕ ਅਜਿਹਾ ਭਜਨ ਗਾਉਣ ਵਿੱਚ ਅਗਵਾਈ ਕੀਤੀ ਕੋ ਕਲੀਸੀਆ ਨੂੰ ਨਹੀਂ ਸੀ ਆਉਂਦਾ। ਉਸ ਨੇ ਇਹ ਕਹਿ ਕੇ ਸ਼ੁਰੂਆਤ ਕੀਤੀ, "ਇਹ ਗੀਤ ਸਾਡੇ ਲਈ ਨਵਾਂ ਹੈ। ਜ਼ਬੂਰ 150 ਨੂੰ ਸੁਣੋ, ਉਹ ਜ਼ਬੂਰ ਜਿਸ ਉੱਤੇ ਇਹ ਭਜਨ ਅਧਾਰਿਤ ਹੈ।" ਕੁਝ ਸ਼ਬਦਾਂ ਨਾਲ, ਸੇਥ ਨੇ ਕਲੀਸੀਆ ਨੂੰ ਨਵੇਂ ਗੀਤ ਦੇ ਅਰਥਾਂ ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕੀਤੀ।

ਬਾਅਦ ਵਿੱਚ ਬੰਦਗੀ ਦੌਰਾਨ, ਸੇਥ ਨੇ ਸਮਕਾਲੀ ਕੋਰਸ ਵਿੱਚ ਅਗਵਾਈ ਕੀਤੀ, "ਸਾਡਾ ਪਰਮੇਸ਼ੁਰ ਕਿੰਨਾ ਮਹਾਨ ਹੈ।" ਉਨ੍ਹਾਂ ਦੇ ਗਾਉਣ ਤੋਂ ਪਹਿਲਾਂ, ਸੇਥ ਨੇ 1 ਤਿਮੋਥਿਉਸ 1:17 ਪੜ੍ਹਿਆ; "ਹੁਣ ਜੁੱਗਾਂ ਦੇ ਮਹਾਰਾਜ, ਅਬਨਾਸੀ, ਅਲੱਖ, ਅਦੁਤੀ ਪਰਮੇਸ਼ੁਰ ਦਾ ਆਦਰ ਅਤੇ ਤੇਜ ਜੁੱਗੋ ਜੁੱਗ ਹੋਵੇ। ਆਮੀਨ।" ਇੱਕ ਗੀਤ ਜਿਹੜਾ ਕਲੀਸੀਆ ਨੇ ਕਈ ਵਾਰ ਗਾਇਆ ਸੀ, ਉਸ ਨੂੰ ਨਵੇਂ ਢੰਗ ਨਾਲ ਗਾਇਆ ਗਿਆ ਸੀ ਕਿਉਂਕਿ ਅਰਾਧਕਾਂ ਨੇ ਗੀਤ ਨੂੰ ਪ੍ਰੇਰਿਤ ਕਰਨ ਵਾਲੇ ਬਚਨ ਨੂੰ ਸੁਣਿਆ ਸੀ। ਇੱਕ ਭਜਨ ਨੂੰ ਇਸ ਦੀ ਬਾਈਬਲ-ਅਧਾਰਿਤ ਬੁਨਿਆਦ ਨਾਲ ਜੋੜਨਾ ਕਲੀਸੀਆ ਦੀ ਅਰਾਧਨਾ ਨੂੰ ਉਤਸ਼ਾਹਿਤ ਕਰਦਾ ਹੈ।

ਜੇ ਤੁਸੀਂ ਪ੍ਰੋਜੈਕਟਰ ਦੀ ਵਰਤੋਂ ਕਰਦੇ ਹੋ, ਤਾਂ ਪ੍ਰੋਜੈਕਟਰ ਚਲਾਉਣ ਵਾਲਾ ਵਿਅਕਤੀ ਅਰਾਧਨਾ ਦੀ ਅਗਵਾਈ ਦਾ ਹਿੱਸਾ ਹੁੰਦਾ ਹੈ।

ਸਕਰੀਨ ਉੱਤੇ ਦਿਖਣ ਵਾਲੇ ਸ਼ਬਦ ਅਰਾਧਕਾਂ ਲਈ ਬਚਨ ਉੱਤੇ ਧਿਆਨ ਕੇਂਦਰਿਤ ਕਰਨ ਜਾਂ ਬਚਨ ਤੋਂ ਧਿਆਨ ਭਟਕਾਉਣ ਦਾ ਕੰਮ ਕਰ ਸਕਦੇ ਹਨ। ਪ੍ਰੋਜੈਕਟਰ ਚਲਾਉਣ ਵਾਲੇ ਵਿਅਕਤੀ ਨੂੰ ਆਪਣੀ ਅਗਵਾਈ ਵਿੱਚ ਸਾਵਧਾਨ ਹੋਣਾ ਚਾਹੀਦਾ ਹੈ। ਗਲਤ ਸ਼ਬਦ-ਜੋੜ, ਪ੍ਰੋਜੈਕਟਰ ਦੀਆਂ ਗਲਤੀਆਂ, ਜਾਂ ਗਲਤ ਥਾਂ ਉੱਤੇ ਵੰਡੀਆਂ ਗਈਆਂ ਗੀਤ ਦੀਆਂ ਸਤਰਾਂ, ਇਹ ਸਭ ਅਰਾਧਨਾ ਤੋਂ ਧਿਆਨ ਭਟਕਾਉਂਦੇ ਹਨ।

ਤਿੰਨ ਉਦਾਹਰਣਾਂ ਵੇਖੋ। ਪਹਿਲੀ ਉਦਾਹਰਣ ਵਿੱਚ, ਕੁਝ ਸ਼ਬਦ ਗਲਤ ਸ਼ਬਦ-ਜੋੜ ਹਨ। ਇਹ ਕਲੀਸੀਆ ਦੇ ਕੁਝ ਮੈਂਬਰਾਂ ਦਾ ਧਿਆਨ ਭਟਕਾਏਗਾ; ਉਨ੍ਹਾਂ ਦਾ ਦਿਮਾਗ ਗਲਤੀਆਂ ਉੱਤੇ ਹੋਵੇਗਾ, ਅਰਾਧਨਾ ਉੱਤੇ ਨਹੀਂ। ਦੂਜੀ ਉਦਾਹਰਣ ਵਿੱਚ, ਸ਼ਬਦ ਹਨ, ਪਰ ਸਤਰਾਂ ਦੀ ਵੰਡ ਵਾਕ ਦੇ ਅਰਥਾਂ ਨੂੰ ਵੇਖਣਾ ਮੁਸ਼ਕਲ ਬਣਾ ਦਿੰਦੀ ਹੈ। ਤੀਜੀ ਉਦਾਹਰਣ ਵਿੱਚ, ਗਾਇਕ ਸਾਡੇ ਸਰਬਸ਼ਕਤੀਮਾਨ ਪਰਮੇਸ਼ੁਰ ਦੀ ਉਸਤਤ ਦੇ ਸੰਦੇਸ਼ ਨੂੰ ਸਪੱਸ਼ਟ ਰੂਪ ਵਿੱਚ ਸਮਝ ਸਕਦਾ ਹੈ।[58]

ਉਦਾਹਰਣ 1
ਯਹੋਵਾਹ, ਸਰਬਕਤੀਮਾਨ, ਸਰਿਸ਼ਟੀ ਦੇ ਪਾਤਸ਼ਾਹ ਦੀ ਉਸਤਤ ਕਰੋ! ਹੇ ਮੇਰੀ ਜਾਨ, ਉਸ ਦੀ ਉਸਤਸ ਕਰ, ਕਿਉਂਕਿ ਉਹ ਤੇਰੀ ਤੰਦਰਸਤੀ ਅਤੇ ਮੁਕਤੀ ਹੈ।

ਉਦਾਹਰਣ 2
ਯਹੋਵਾਹ, ਸਰਬਸ਼ਕਤੀਮਾਨ, ਸਰਿਸ਼ਟੀ ਦੇਪਾਤਸ਼ਾਹ ਦੀ ਉਸਤਤ ਕਰੋ! ਹੇ ਮੇਰੀ ਜਾਨ, ਉਸ ਦੀ ਉਸਤਤ ਕਰ, ਕਿਉਂਕਿ ਉਹ ਤੇਰੀ ਤੰਦਰੁਸਤੀ ਹੈ ਅਤੇ ਤੁਸੀਂ ਸਾਰੇ ਸੁਣਨ ਵਾਲੇ, ਹੁਣ ਉਸ ਦੀ ਹੈਕਲ ਦੇ ਨੇੜੇ ਆਓ; ਖੁਸ਼ ਹੋ ਕੇ ਮੇਰੇ ਨਾਲ ਉਸ ਦੀ ਅਰਾਧਨਾ ਵਿੱਚਸ਼ਾਮਲ ਹੋਵੋ!

58 Joachim Neander, tr. by Catherine Winkworth, “Praise to the Lord, the Almighty.” Accessed January 12, 2023. https://library.timelesstruths.org/music/Praise_to_the_Lord_the_Almighty/

ਉਦਾਹਰਣ 3

ਯਹੋਵਾਹ, ਸਰਬਸ਼ਕਤੀਮਾਨ, ਸਰਿਸ਼ਟੀ ਦੇ ਪਾਤਸ਼ਾਹ ਦੀ ਉਸਤਤ ਕਰੋ!
ਹੇ ਮੇਰੀ ਜਾਨ, ਉਸ ਦੀ ਉਸਤਤ ਕਰ, ਕਿਉਂਕਿ ਉਹ ਤੇਰੀ ਤੰਦਰੁਸਤੀ ਅਤੇ ਮੁਕਤੀ ਹੈ!
ਤੁਸੀਂ ਸਾਰੇ ਸੁਣਨ ਵਾਲੇ,
ਹੁਣ ਉਸ ਦੀ ਹੈਕਲ ਦੇ ਨੇੜੇ ਆਓ;
ਖੁਸ਼ ਹੋ ਕੇ ਮੇਰੇ ਨਾਲ ਉਸ ਦੀ ਅਰਾਧਨਾ ਵਿੱਚ ਸ਼ਾਮਲ ਹੋਵੋ!

ਕਿਹੜਾ ਅਨੁਵਾਦ ਤੁਹਾਨੂੰ ਉਸਤਤ ਦੇ ਸੰਦੇਸ਼ ਉੱਤੇ ਧਿਆਨ ਕੇਂਦਰਿਤ ਕਰਨ ਦਿੰਦਾ ਹੈ? ਸਕਰੀਨ ਉੱਤੇ ਦਿਖਣ ਵਾਲੇ ਸ਼ਬਦ ਕਲੀਸੀਆ ਦੇ ਗਾਉਣ ਨੂੰ ਪ੍ਰਭਾਵਿਤ ਕਰਦੇ ਹਨ।

ਅਰਾਧਨਾ-ਸੰਗੀਤ ਵਿੱਚ, ਸੰਗੀਤ ਬਚਨ ਦੇ ਉਦੇਸ਼ ਨੂੰ ਪੂਰਾ ਕਰਦਾ ਹੈ। ਕਿਉਂਕਿ ਇਹ ਸੱਚ ਹੈ, ਅਰਾਧਨਾ ਵਿੱਚ ਅਗਵਾਈ ਕਰਨ ਵਾਲਿਆਂ ਨੂੰ ਕਲੀਸੀਆ ਦੀ ਅਰਥ ਦੇ ਨਾਲ ਗਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ। ਇਸ ਵਿੱਚੋਂ ਕੋਈ ਵੀ ਚੀਜ਼ ਅਰਾਧਨਾ ਨੂੰ ਨਹੀਂ ਬਣਾਉਂਦੀ; ਅਰਾਧਨਾ ਦਿਲ ਤੋਂ ਹੁੰਦੀ ਹੈ। ਪਰ, ਧਿਆਨ ਭਟਕਣਾਉਣ ਵਾਲੀਆਂ ਚੀਜ਼ਾਂ ਨੂੰ ਦੂਰ ਕਰਨਾ ਅਰਾਧਕਾਂ ਨੂੰ ਅਰਾਧਨਾ ਦੇ ਅਸਲ ਪਾਤਰ, ਪਰਮੇਸ਼ੁਰ ਉੱਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਕਲੀਸੀਆਈ ਗੀਤ ਨੂੰ ਬਿਹਤਰ ਬਣਾਉਣ ਲਈ ਵਿਹਾਰਕ ਕਦਮ

1. **ਗੀਤ ਵਿੱਚ ਅਰਾਧਨਾ ਦੀ ਮਹੱਤਤਾ ਬਾਰੇ ਸਿਖਾਓ।** ਜਿਸ ਤਰ੍ਹਾਂ ਮਸੀਹੀ ਲੋਕਾਂ ਨੂੰ ਪ੍ਰਾਰਥਨਾ ਅਤੇ ਹੋਰ ਆਤਮਿਕ ਅਨੁਸ਼ਾਸਨਾਂ ਦੀ ਮਹੱਤਤਾ ਬਾਰੇ ਸਿਖਾਇਆ ਜਾਣਾ ਚਾਹੀਦਾ ਹੈ, ਉਸੇ ਤਰ੍ਹਾਂ ਉਨ੍ਹਾਂ ਨੂੰ ਇਹ ਵੀ ਸਿੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਕਿਵੇਂ ਚਾਹੁੰਦਾ ਹੈ ਕਿ ਉਹ ਗਾਉਣ।

2. **ਯਕੀਨੀ ਬਣਾਓ ਕਿ ਕਲੀਸੀਆ ਜਾਣਦੀ ਹੋਵੇ ਕਿ ਉਹ ਗੀਤ ਕਿਉਂ ਗਾ ਰਹੇ ਹਨ।** ਜੇ ਇਹ ਪ੍ਰਾਰਥਨਾ ਹੈ, ਤਾਂ ਉਨ੍ਹਾਂ ਨੂੰ ਯਾਦ ਕਰਾਓ। ਜੇ ਇਹ ਸਮਰਪਣ ਦਾ ਗੀਤ ਹੈ, ਤਾਂ ਇਸ ਬਾਰੇ ਦੱਸੋ। ਜੇ ਇਹ ਪਰਚਾਰ ਕੀਤੇ ਗਏ ਸੰਦੇਸ਼ ਨੂੰ ਦਰਸਾਉਂਦਾ ਹੈ, ਤਾਂ ਇਸ ਨੂੰ ਸਪੱਸ਼ਟ ਕਰੋ। ਲੋਕ ਹੋਰ ਜੋਸ਼ ਨਾਲ ਗਾਉਣਗੇ ਜੇਕਰ ਉਹ ਇਹ ਜਾਣਦੇ ਹੋਣਗੇ ਕਿ ਉਹ ਗੀਤ ਕਿਉਂ ਗਾ ਰਹੇ ਹਨ।

3. **ਪ੍ਰਦਰਸ਼ਨ ਵਾਲੇ ਗੀਤਾਂ ਦੀ ਬਜਾਇ ਕਲੀਸੀਆਈ ਗੀਤਾਂ ਦੀ ਚੋਣ ਕਰੋ।** ਕਲੀਸੀਆਈ ਗੀਤਾਂ ਵਿੱਚ ਗਾਉਣਯੋਗ ਅਤੇ ਯਾਦਗਾਰੀ ਧੁਨਾਂ ਹੁੰਦੀਆਂ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਸਾਰੇ ਲੋਕ ਗਾਉਣ, ਤਾਂ ਵਿਚਾਰ ਕਰੋ, "ਕੀ ਬੱਚੇ ਘਰ ਜਾਂਦੇ ਸਮੇਂ ਇਹ ਗੀਤ ਗਾ ਸਕਦੇ ਹਨ?"

4. **ਸੰਗੀਤ ਦੀ ਅਵਾਜ਼ ਘੱਟ ਕਰੋ।** ਗਿਟਾਰ, ਹਾਰਮੋਨੀਅਮ, ਢੋਲਕੀ, ਜਾਂ ਗੀਤ ਗਾਉਣ ਵਾਲੀ ਟੀਮ ਨੂੰ ਕਲੀਸੀਆ ਦੀ ਅਵਾਜ਼ ਨੂੰ ਦਬਾਉਣ ਨਾ ਦਿਓ। ਕਮਰੇ ਵਿੱਚ ਸਭ ਤੋਂ ਉੱਚੀ ਅਵਾਜ਼ ਕਲੀਸੀਆ ਦੀ ਅਵਾਜ਼ ਹੋਣੀ ਚਾਹੀਦੀ ਹੈ।

5. **ਨਵੇਂ ਗੀਤਾਂ ਅਤੇ ਪੁਰਾਣੇ ਗੀਤਾਂ ਵਿਚਕਾਰ ਸੰਤੁਲਨ ਬਣਾਓ।**

6. **ਅਜਿਹੇ ਗੀਤ ਗਾਓ ਜੋ ਮਸੀਹੀ ਅਨੁਭਵ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਦਰਸਾਉਂਦੇ ਹਨ।** ਜੇ ਸਾਰਾ ਸੰਗੀਤ ਅਨੰਦਦਾਇਕ ਹੈ, ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਕਲੀਸੀਆ ਦੇ ਦੁਖੀ ਮੈਂਬਰਾਂ ਦੀ ਗੱਲ ਨਹੀਂ ਕਰਦੇ। ਜ਼ਬੂਰਾਂ ਦੀ ਤਰ੍ਹਾਂ, ਸਾਡੇ ਭਜਨਾਂ ਵਿੱਚ ਖੁਸ਼ ਮਸੀਹੀ ਲੋਕਾਂ, ਉਦਾਸ ਰਹਿਣ ਵਾਲੇ ਮਸੀਹੀ ਲੋਕਾਂ, ਪਰਤਾਏ ਜਾਣ ਵਾਲੇ ਮਸੀਹੀ ਲੋਕਾਂ ਅਤੇ ਦੁੱਖ ਸਹਿ ਰਹੇ ਮਸੀਹੀ ਲੋਕਾਂ ਲਈ ਸ਼ਬਦ ਹੋਣੇ ਚਾਹੀਦੇ ਹਨ।

7. **ਪਾਸਬਾਨ ਅਤੇ ਕਲੀਸੀਆ ਦੇ ਆਗੂਆਂ ਨੂੰ ਉਤਸ਼ਾਹ ਨਾਲ ਭਰ ਕੇ ਗਾਉਣ ਦਾ ਨਮੂਨਾ ਬਣਨਾ ਚਾਹੀਦਾ ਹੈ** ਭਾਵੇਂ ਉਹ ਮਹਿਸੂਸ ਨਾ ਵੀ ਕਰਦੇ ਹੋਣ ਕਿ ਉਹ ਚੰਗਾ ਗਾਉਂਦੇ ਹਨ। ਨਾ ਗਾਉਣ ਨਾਲੋਂ ਬੇਸੁਰਾ ਗਾਉਣਾ ਬਿਹਤਰ ਹੈ। ਉਹ ਪਾਸਬਾਨ ਜੋ ਗਾਉਣ ਦੌਰਾਨ ਸੰਦੇਸ਼ ਨੋਟਸ ਨੂੰ ਵੇਖਦਾ ਹੈ, ਕਹਿ ਰਿਹਾ ਹੈ, "ਅਰਾਧਨਾ ਵਿੱਚ ਗਾਉਣਾ ਜ਼ਿਆਦਾ ਮਹੱਤਵਪੂਰਣ ਨਹੀਂ ਹੈ।"

8. **ਕਲੀਸੀਆ ਨੂੰ ਯਾਦ ਦਿਵਾਓ ਕਿ ਉਹ ਸਮੂਹਿਕ ਅਰਾਧਨਾ ਦਾ ਮੁੱਖ ਜ਼ਰੀਆ ਹਨ।** ਜੇ ਲੋਕ ਉਤਸ਼ਾਹ ਨਾਲ ਨਹੀਂ ਗਾਉਂਦੇ, ਤਾਂ ਕਲੀਸੀਆ ਦਾ ਸੰਗੀਤ ਆਪਣੇ ਉਦੇਸ਼ ਵਿੱਚ ਅਸਫ਼ਲ ਹੋ ਜਾਂਦਾ ਹੈ। ਕਲੀਸੀਆਵਾਂ ਨੂੰ ਇਹ ਸਿਖਾਇਆ ਜਾਣਾ ਚਾਹੀਦਾ ਹੈ ਕਿ ਅਰਾਧਨਾ ਦੇ ਕਾਰਜ ਵਜੋਂ ਗਾਉਣਾ ਉਨ੍ਹਾਂ ਦਾ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਹੈ।

ਸਿੱਟਾ: ਗਲੋਰੀਆ ਦੀ ਗਵਾਹੀ

ਕੀ ਪਰਮੇਸ਼ੁਰ ਅਰਾਧਨਾ-ਸੰਗੀਤ ਰਾਹੀਂ ਗੱਲ ਕਰਦਾ ਹੈ? ਤਾਈਵਾਨ ਦੇ ਇੱਕ ਪਾਸਬਾਨ ਦੀ ਗਵਾਹੀ ਸੁਣੋ।

ਜਦੋਂ ਗਲੋਰੀਆ ਸਾਡੇ ਚਰਚ ਵਿੱਚ ਆਈ, ਉਸ ਨੇ ਕਦੇ ਵੀ ਖੁਸ਼ਖ਼ਬਰੀ ਨਹੀਂ ਸੁਣੀ ਸੀ। ਉਹ ਸੰਦੇਸ਼ ਨਹੀਂ ਭਾਲ ਰਹੀ ਸੀ; ਉਸ ਨੂੰ ਮਸੀਹੀ ਬਣਨ ਵਿੱਚ ਕੋਈ ਦਿਲਚਸਪੀ ਨਹੀਂ ਸੀ। ਗਲੋਰੀਆ ਪਰਮੇਸ਼ੁਰ ਨੂੰ ਨਹੀਂ ਭਾਲ ਰਹੀ ਸੀ, ਪਰ ਪਰਮੇਸ਼ੁਰ ਗਲੋਰੀਆ ਨੂੰ ਭਾਲ ਰਿਹਾ ਸੀ!

ਗਲੋਰੀਆ ਆਪਣੀ ਅੰਗਰੇਜ਼ੀ ਸੁਧਾਰਨ ਲਈ ਸਾਡੇ ਚਰਚ ਵਿੱਚ ਆਈ ਸੀ। ਉਸ ਨੇ ਸੁਣਿਆ ਸੀ ਕਿ ਸਾਡੇ ਚਰਚ ਵਿੱਚ ਮੁਫ਼ਤ ਅੰਗਰੇਜ਼ੀ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਸਨ, ਇਸ ਲਈ ਉਹ ਅੰਗਰੇਜ਼ੀ ਸਿੱਖਣ ਲਈ ਆਈ ਸੀ। ਪਹਿਲੀ ਵਾਰ, ਗਲੋਰੀਆ ਦੇਰ ਨਾਲ ਪਹੁੰਚੀ। ਜਦੋਂ ਉਹ ਗਿਰਜਾਘਰ ਵਿੱਚ ਆਈ, ਕਲੀਸੀਆ **ਜ਼ਬੂਰ** 42:1 ਦੇ ਅਧਾਰ ਤੇ ਇੱਕ ਸਧਾਰਨ ਕੋਰਸ ਗਾ ਰਹੀ ਸੀ, "ਜਿਵੇਂ ਹਰਨੀ ਪਾਣੀ ਦੀਆਂ ਨਦੀਆਂ ਦੇ ਲਈ ਤਰਸਦੀ ਹੈ, ਤਿਵੇਂ ਹੀ ਮੇਰਾ ਜੀ, ਹੇ ਪਰਮੇਸ਼ੁਰ, ਤੇਰੇ ਲਈ ਤਰਸਦਾ ਹੈ।"

ਇੱਕ ਸਾਲ ਬਾਅਦ ਬਪਤਿਸਮਾ ਲੈਣ ਸਮੇਂ, ਗਲੋਰੀਆ ਨੇ ਇਹ ਗਵਾਹੀ ਦਿੱਤੀ:

"ਮੈਨੂੰ ਉਸ ਬੰਦਗੀ ਬਾਰੇ ਕੁਝ ਵੀ ਯਾਦ ਨਹੀਂ ਹੈ ਸਿਵਾਏ ਉਸ ਗੀਤ ਦੇ ਜੋ ਮੇਰੇ ਬੈਠਦੇ ਸਮੇਂ ਤੁਸੀਂ ਗਾ ਰਹੇ ਸੀ। ਗੀਤ ਸੁਣਦਿਆਂ ਹੀ ਮੈਂ ਰੋਣ ਲੱਗ ਪਈ। 30 ਸਾਲਾਂ ਤੋਂ ਮੈਂ ਪਰਮੇਸ਼ੁਰ ਲਈ ਇਸ ਤਰ੍ਹਾਂ ਤਰਸਦੀ ਰਹੀ ਹਾਂ ਜਿਵੇਂ ਹਿਰਨੀ ਪਾਣੀ ਲਈ ਤਰਸਦੀ ਹੈ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਮੈਂ ਕਿਸ ਲਈ ਤਰਸਦੀ ਸੀ। ਮੈਂ ਵਿੱਦਿਆ ਨੂੰ ਅਜ਼ਮਾਇਆ; ਮੈਂ ਪੈਸੇ ਨੂੰ ਅਜ਼ਮਾਇਆ; ਮੈਂ ਮਨੋਰੰਜਨ ਨੂੰ ਅਜ਼ਮਾਇਆ; ਮੈਂ ਹਰ ਚੀਜ਼ ਅਜ਼ਮਾ ਕੇ ਵੇਖੀ - ਪਰ ਮੈਂ ਅਜੇ ਵੀ ਖਾਲੀ ਸੀ। ਮੈਂ ਅੰਗਰੇਜ਼ੀ ਨੂੰ ਅਜ਼ਮਾਉਣ ਦਾ ਫ਼ੈਸਲਾ ਕੀਤਾ, ਇਸ ਲਈ ਮੈਂ ਤੁਹਾਡੇ ਚਰਚ ਵਿੱਚ ਆਈ ਸੀ।

"ਅੰਗਰੇਜ਼ੀ ਦੀ ਬਜਾਇ, ਮੈਨੂੰ ਉਹ ਜਲ ਮਿਲਿਆ ਜਿਸ ਦੀ ਮੈਨੂੰ ਲੋੜ ਸੀ। ਜਦੋਂ ਮੈਂ ਬੰਦਗੀ ਵਿੱਚ ਬੈਠੀ ਸੀ, ਮੈਂ ਇਹ ਮਹਿਸੂਸ ਕਰਕੇ ਰੋਣ ਲੱਗ ਪਈ ਕਿ ਪਰਮੇਸ਼ੁਰ ਮੇਰੇ ਦਿਲ ਦੀ ਇੱਛਾ ਪੂਰੀ ਕਰਨ ਵਾਲਾ ਹੈ। ਉਹ ਮੈਨੂੰ ਅਸਲ ਅਨੰਦ ਦੇਣ ਵਾਲਾ ਹੈ। ਉਸ ਦਿਨ, ਮੈਂ ਪਰਮੇਸ਼ੁਰ ਨੂੰ ਆਪਣਾ ਦਿਲ ਦੇਣ ਦਾ ਪੱਕਾ ਇਰਾਦਾ ਕਰ ਲਿਆ। ਅੱਜ, ਉਹ ਮੇਰੀਆਂ ਅੱਖਾਂ ਦਾ ਤਾਰਾ ਹੈ।"

ਪਾਠ 6 ਦੀ ਸਮੀਖਿਆ

1. ਸਾਡੀ ਅਰਾਧਨਾ ਵਿੱਚ ਸੰਗੀਤ ਮਹੱਤਵਪੂਰਣ ਹੈ

- ਕਿਉਂਕਿ ਬਾਈਬਲ ਵਿੱਚ ਵਰਣਨ ਕੀਤੀ ਗਈ ਅਰਾਧਨਾ ਵਿੱਚ ਸੰਗੀਤ ਮਹੱਤਵਪੂਰਣ ਸੀ।
- ਕਿਉਂਕਿ ਇਹ ਵਿਸ਼ਵਾਸੀ ਦੇ ਜਾਜਕਪੁਣੇ ਦੇ ਧਰਮ-ਗਿਆਨ ਦੇ ਸਿਧਾਂਤ ਨੂੰ ਪਰਗਟ ਕਰਦਾ ਹੈ।
- ਕਿਉਂਕਿ ਇਹ ਕਲੀਸੀਆ ਦੀ ਏਕਤਾ ਦੇ ਧਰਮ-ਗਿਆਨ ਦੇ ਸਿਧਾਂਤ ਨੂੰ ਪਰਗਟ ਕਰਦਾ ਹੈ।

2. ਸੰਗੀਤ

- ਮਨ ਨਾਲ ਗੱਲ ਕਰਦਾ ਹੈ, ਇਸ ਲਈ ਜੋ ਸੰਦੇਸ਼ ਅਸੀਂ ਗਾਉਂਦੇ ਹਾਂ ਉਹ ਸੱਚਾ ਹੋਣਾ ਚਾਹੀਦਾ ਹੈ।
- ਦਿਲ ਨਾਲ ਗੱਲ ਕਰਦਾ ਹੈ ਅਤੇ ਭਾਵਨਾਵਾਂ ਨੂੰ ਛੂੰਹਦਾ ਹੈ।
- ਸਰੀਰ ਨਾਲ ਗੱਲ ਕਰਦਾ ਹੈ ਅਤੇ ਭਰਿਸ਼ਟ ਤੌਰ-ਤਰੀਕਿਆਂ ਅਨੁਸਾਰ ਨਹੀਂ ਢਾਲਿਆ ਜਾਣਾ ਚਾਹੀਦਾ ਹੈ।
- ਇੱਛਾ ਨਾਲ ਗੱਲ ਕਰਦਾ ਹੈ ਅਤੇ ਜਵਾਬ ਦੀ ਮੰਗ ਕਰਦਾ ਹੈ।
- ਸਮੁੱਚੀ ਸ਼ਖਸੀਅਤ ਨਾਲ ਗੱਲ ਕਰਦਾ ਹੈ। ਇਹ ਇਸ ਨੂੰ ਬਹੁਮੁੱਲਾ ਬਣਾਉਂਦਾ ਹੈ ਜਦੋਂ ਇਹ ਸਚਿਆਈ ਸਿਖਾਉਂਦਾ ਹੈ ਅਤੇ ਖ਼ਤਰਨਾਕ ਹੁੰਦਾ ਹੈ ਜਦੋਂ ਇਹ ਨਾਸਤਿਕਤਾ ਸਿਖਾਉਂਦਾ ਹੈ।

3. ਅਰਾਧਨਾ-ਸੰਗੀਤ ਲਈ ਬਚਨ ਦੇ ਸਿਧਾਂਤਾਂ ਵਿੱਚ ਇਹ ਗੱਲਾਂ ਸ਼ਾਮਲ ਹਨ:

- ਅਰਾਧਨਾ-ਸੰਗੀਤ ਦੀ ਵਿਸ਼ਾ-ਵਸਤੂ ਨੂੰ ਸਪੱਸ਼ਟ ਤੌਰ ਤੇ ਸਚਿਆਈ ਦਾ ਸੰਚਾਰ ਕਰਨਾ ਚਾਹੀਦਾ ਹੈ।

- ਅਰਾਧਨਾ-ਸੰਗੀਤ ਦੀਆਂ ਸ਼ੈਲੀਆਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ। *ਪੰਲੁਸ ਜ਼ਬੂਰਾਂ, ਭਜਨਾਂ ਅਤੇ ਆਤਮਕ ਗੀਤਾਂ ਦਾ ਹਵਾਲਾ ਦਿੰਦਾ ਹੈ। ਆਪਣੇ ਅਰੰਭਕ ਦਿਨਾਂ ਤੋਂ*, ਕਲੀਸੀਆ ਨੇ ਕਈ ਤਰ੍ਹਾਂ ਦਾ ਸੰਗੀਤ ਗਾਇਆ।

- ਹਰ ਸ਼ੈਲੀ ਹਰ ਸਥਿਤੀ ਲਈ ਢੁਕਵੀਂ ਨਹੀਂ ਹੁੰਦੀ। *ਸਾਨੂੰ ਪੁੱਛਣਾ ਚਾਹੀਦਾ ਹੈ, "ਮੇਰੇ ਸੱਭਿਆਚਾਰਕ ਸੰਦਰਭ ਵਿੱਚ, ਕੀ ਇਹ ਸੰਗੀਤ ਸ਼ੈਲੀ ਪਰਮੇਸ਼ੁਰ ਦੀ ਵਡਿਆਈ ਕਰਦੀ ਹੈ?"*

4. ਸੰਗੀਤ ਨੂੰ ਤਿੰਨ ਸਰੋਤਿਆਂ ਨਾਲ ਗੱਲ ਕਰਨੀ ਚਾਹੀਦੀ ਹੈ:

- ਸੰਗੀਤ ਨੂੰ ਪਰਮੇਸ਼ੁਰ ਦੀ ਉਸਤਤ ਦਾ ਪਰਚਾਰ ਕਰਨਾ ਚਾਹੀਦਾ ਹੈ।
- ਸੰਗੀਤ ਨੂੰ ਕਲੀਸੀਆ ਅੱਗੇ ਸਚਿਆਈ ਦਾ ਪਰਚਾਰ ਕਰਨਾ ਚਾਹੀਦਾ ਹੈ।
- ਸੰਗੀਤ ਨੂੰ ਸੰਸਾਰ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਕਰਨਾ ਚਾਹੀਦਾ ਹੈ।

5. ਕਲੀਸੀਆ ਦੇ ਸੰਗੀਤ ਦੇ ਸਿਧਾਂਤਾਂ ਵਿੱਚ ਇਹ ਗੱਲਾਂ ਸ਼ਾਮਲ ਹਨ:

- ਕਲੀਸੀਆ ਦਾ ਸਭ ਤੋਂ ਮਹੱਤਵਪੂਰਣ ਸੰਗੀਤ ਕਲੀਸੀਆਈ ਗੀਤ ਹੈ।
- ਸੰਗੀਤ ਨੂੰ ਮੂਲ ਲਿਖਤ ਦੇ ਉਦੇਸ਼ ਨੂੰ ਪੂਰਾ ਕਰਨਾ ਚਾਹੀਦਾ ਹੈ।

ਪਾਠ 6 ਦੇ ਖੁਦ ਕਰਨ ਵਾਲੇ ਕੰਮ

1. ਅਰਾਧਨਾ ਲਈ ਉਪਲਬਧ ਸੰਗੀਤ ਦੀ ਅਨੇਕਤਾ ਦੀ ਪ੍ਰਸ਼ੰਸਾ ਕਰਨ ਲਈ, 4 ਜਾਂ ਵੱਧ ਗੀਤਾਂ ਦੀ ਇੱਕ ਸੂਚੀ ਬਣਾਓ ਜੋ ਹੇਠਾਂ ਦਿੱਤੇ ਹਰੇਕ ਵਿਸ਼ਿਆਂ ਨੂੰ ਸੰਬੋਧਿਤ ਕਰਦੇ ਹੋਣ। ਤੁਹਾਡੀ ਸੂਚੀ ਦੀ ਵਰਤੋਂ ਤੁਹਾਡੇ ਅਗਲੇ ਪਾਠ ਵਿੱਚ ਅਰਾਧਨਾ ਬੰਦਗੀ ਦੀ ਯੋਜਨਾ ਦੇ ਰੂਪ ਵਿੱਚ ਕੀਤੀ ਜਾਵੇਗੀ। ਅਜਿਹੇ ਗੀਤਾਂ ਦੀ ਭਾਲ ਕਰੋ ਜੋ ਮਨ, ਦਿਲ ਅਤੇ ਇੱਛਾ ਨਾਲ ਗੱਲ ਕਰਦੇ ਹੋਣ।

   - ਪਰਮੇਸ਼ੁਰ ਦੇ ਸੁਭਾਅ ਉੱਤੇ 4 ਗੀਤ
   - ਯਿਸੂ ਅਤੇ ਉਸ ਦੀ ਮੌਤ ਅਤੇ ਜੀ ਉੱਠਣ ਉੱਤੇ 4 ਗੀਤ
   - ਪਵਿੱਤਰ ਆਤਮਾ ਅਤੇ ਕਲੀਸੀਆ ਉੱਤੇ 4 ਗੀਤ
   - ਪਰਮੇਸ਼ੁਰ ਦੇ ਲੋਕਾਂ ਨੂੰ ਸਮਰਪਿਤ, ਪਵਿੱਤਰ ਜੀਵਨ ਲਈ ਬੁਲਾਉਣ ਵਾਲੇ 4 ਗੀਤ
   - ਖੁਸ਼ਖ਼ਬਰੀ ਪਰਚਾਰ ਅਤੇ ਮਿਸ਼ਨ ਲਈ 4 ਗੀਤ

   ਜੇ ਤੁਸੀਂ ਇੱਕ ਸਮੂਹ ਵਿੱਚ ਅਧਿਐਨ ਕਰ ਰਹੇ ਹੋ, ਤਾਂ ਆਪਣੀਆਂ ਸੂਚੀਆਂ ਸਾਂਝੀਆਂ ਕਰੋ ਅਤੇ ਫਿਰ ਚਰਚਾ ਕਰੋ, "ਪਿਛਲੇ ਸਾਲ ਵਿੱਚ ਅਸੀਂ ਇਨ੍ਹਾਂ ਵਿੱਚੋਂ ਕਿੰਨੇ ਗੀਤ ਗਾਏ ਹਨ? ਕੀ ਅਸੀਂ ਆਪਣੇ ਗਾਉਣ ਵਿੱਚ ਸਮੁੱਚੀ ਖੁਸ਼ਖ਼ਬਰੀ ਦਾ ਪਰਚਾਰ ਕਰ ਰਹੇ ਹਾਂ?"

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਦੇ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 6 ਦਾ ਇਮਤਿਹਾਨ

1. ਬਾਈਬਲ ਵਿੱਚੋਂ ਤਿੰਨ ਗੀਤ ਦੱਸੋ।

2. ਕਿਸ ਧਾਰਣਾ ਕਰਕੇ ਲਾਉਦਿਕੀਏ ਦੀ ਸਭਾ ਨੇ ਕਲੀਸੀਆ ਦੇ ਗਾਉਣ ਤੇ ਰੋਕ ਲਾਈ?

3. ਧਰਮ-ਗਿਆਨ ਨਾਲ ਸੰਬੰਧਤ ਦੋ ਸਿਧਾਂਤ ਦੱਸੋ ਜੋ ਸਾਡੇ ਅਰਾਧਨਾ-ਸੰਗੀਤ ਵਿੱਚ ਪ੍ਰਦਰਸ਼ਿਤ ਹੋਣੇ ਚਾਹੀਦੇ ਹਨ।

4. ਅਰਾਧਨਾ ਵਿੱਚ ਸੰਗੀਤ ਦੇ ਚਾਰ ਵਿਹਾਰਕ ਕਾਰਣ ਦੱਸੋ।

5. ਚਾਰ ਸਿਧਾਂਤ ਦੱਸੋ ਜਿਨ੍ਹਾਂ ਦੇ ਅਧਾਰ ਤੇ ਸਾਨੂੰ ਅਰਾਧਨਾ ਲਈ ਸੰਗੀਤ ਦੀ ਚੋਣ ਕਰਨੀ ਚਾਹੀਦੀ ਹੈ।

6. ਕੁਲੁੱਸੀਆਂ 3:16 ਵਿੱਚ ਪੌਲੁਸ ਦੁਆਰਾ ਕਿਹੜੇ ਤਿੰਨ ਕਿਸਮ ਦੇ ਗੀਤਾਂ ਦੀ ਸੂਚੀ ਦਿੱਤੀ ਗਈ ਹੈ?

7. ਸਾਡੇ ਅਰਾਧਨਾ-ਸੰਗੀਤ ਦਾ ਮੂਲ ਇਮਤਿਹਾਨ ਕੀ ਹੈ?

8. ਬਾਈਬਲ ਦੇ ਗੀਤਾਂ ਦੇ ਅਧਾਰ ਤੇ, ਤਿੰਨ ਤਰੀਕੇ ਦੱਸੋ ਜਿਨ੍ਹਾਂ ਨਾਲ ਸੰਗੀਤ ਨੂੰ ਵੱਖੋ-ਵੱਖਰੇ ਸਰੋਤਿਆਂ ਨਾਲ ਗੱਲ ਕਰਨੀ ਚਾਹੀਦੀ ਹੈ।

9. ਕੁਲੁੱਸੀਆਂ 3:16 ਅਰਾਧਨਾ-ਸੰਗੀਤ ਦੇ ਉਦੇਸ਼ ਬਾਰੇ ਕੀ ਸਿਖਾਉਂਦੀ ਹੈ?

10. ਕੁਲੁੱਸੀਆਂ 3:15-17 ਮੂੰਹ ਜ਼ਬਾਨੀ ਲਿਖੋ।

ਪਾਠ 7

ਅਰਾਧਨਾ ਵਿੱਚ ਬਚਨ ਅਤੇ ਪ੍ਰਾਰਥਨਾ

ਪਾਠ ਦੇ ਉਦੇਸ਼

1. ਅਰਾਧਨਾ ਵਿੱਚ ਬਚਨ ਦੀ ਮਹੱਤਤਾ ਨੂੰ ਸਲਾਹੁਣਾ।
2. ਅਰਾਧਨਾ ਵਿੱਚ ਬਚਨ ਦੀ ਵਰਤੋਂ ਕਰਨ ਲਈ ਵਿਹਾਰਕ ਕਦਮਾਂ ਨੂੰ ਜਾਣਨਾ।
3. ਪਰਚਾਰ ਨੂੰ ਅਰਾਧਨਾ ਦੇ ਹਿੱਸੇ ਵਜੋਂ ਪਛਾਣਨਾ।
4. ਅਰਾਧਨਾ ਵਿੱਚ ਪ੍ਰਾਰਥਨਾ ਦੀ ਮਹੱਤਤਾ ਨੂੰ ਮਹੱਤਵ ਦੇਣਾ।
5. ਅਰਥਪੂਰਣ ਸਮੂਹਿਕ ਪ੍ਰਾਰਥਨਾ ਵਿੱਚ ਕਲੀਸੀਆ ਦੀ ਅਗਵਾਈ ਕਰਨਾ।
6. ਸਮਝਣਾ ਕਿ ਭੇਟ ਇਕੱਠੀ ਕਰਨਾ ਅਰਾਧਨਾ ਦਾ ਕਾਰਜ ਹੈ।
7. ਪ੍ਰਭੂ-ਭੋਜ ਨੂੰ ਇੱਕ ਅਨੰਦਮਈ ਜਸ਼ਨ ਅਤੇ ਇੱਕ ਗੰਭੀਰ ਯਾਦਗਿਰੀ ਦੇ ਰੂਪ ਵਿੱਚ ਮਨਾਉਣਾ।

ਇਸ ਪਾਠ ਦੇ ਲਈ ਤਿਆਰੀ

ਮੱਤੀ 6:5-8 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

XYZ ਚਰਚ ਆਪਣੇ ਅਰਾਧਨਾ ਸਮੇਂ ਲਈ ਪ੍ਰਸਿੱਧ ਹੈ। ਉਨ੍ਹਾਂ ਦੀਆਂ ਬੰਦਗੀਆਂ ਇਸ ਨਮੂਨੇ ਦੀ ਪਾਲਣਾ ਕਰਦੀਆਂ ਹਨ:

- ਅਰੰਭ ਅਤੇ ਘੋਸ਼ਣਾਵਾਂ
- ਅਰਾਧਨਾ ਦਾ ਸਮਾਂ (ਉਸਤਤ ਦੇ ਗੀਤ) 30 ਮਿੰਟ
- ਭੇਟ/ਵਿਸ਼ੇਸ਼ ਸੰਗੀਤ/ਪ੍ਰਾਰਥਨਾ 15 ਮਿੰਟ
- ਸੰਦੇਸ਼ 30 ਮਿੰਟ
- ਅਰਾਧਨਾ ਦਾ ਸਮਾਂ (ਉਸਤਤ ਦੇ ਗੀਤ) 15 ਮਿੰਟ

ਲੋਕ XYZ ਚਰਚ ਵਿੱਚ ਸੰਗੀਤ ਨੂੰ ਪਸੰਦ ਕਰਦੇ ਹਨ। ਚਰਚ ਵਿੱਚ ਆਉਣ ਵਾਲੇ ਲੋਕ ਊਰਜਾ ਨਾਲ ਭਰੀ ਬੰਦਗੀ ਦੀ ਸ਼ਲਾਘਾ ਕਰਦੇ ਹਨ। ਪਰ, ਪਾਸਟਰ ਬਿਲ ਆਪਣੀ ਸੇਵਕਾਈ ਦੇ ਲੰਬੇ ਸਮੇਂ ਦੇ ਨਤੀਜਿਆਂ ਨੂੰ ਲੈ ਕੇ ਚਿੰਤਾ ਵਿੱਚ ਰਹਿੰਦਾ ਹੈ। ਮਸੀਹ ਵਿੱਚ ਆਏ ਨਵੇਂ-ਨਵੇਂ ਲੋਕ ਜਲਦੀ ਹੀ ਦੂਜੀਆਂ ਕਲੀਸੀਆਵਾਂ ਵਿੱਚ ਚਲੇ ਜਾਂਦੇ ਹਨ। ਇਸ ਤੋਂ ਵੀ ਭੈੜੀ ਗੱਲ, ਲੰਬੇ ਸਮੇਂ ਤੋਂ ਇਸ ਚਰਚ ਵਿੱਚ ਆ ਰਹੇ ਲੋਕਾਂ ਦੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ ਚਰਚ "ਯਿਸੂ ਮਸੀਹ ਦੇ ਮਜ਼ਬੂਤ ਚੇਲੇ ਪੈਦਾ ਨਹੀਂ ਕਰ ਰਿਹਾ ਹੈ। ਗਿਣਤੀ, ਹੈ; ਚੇਲੇ, ਨਹੀਂ।"[59]

ਬਿਲ ਦਾ ਮੰਨਣਾ ਹੈ ਕਿ ਇਸ ਮੁਸ਼ਕਲ ਦਾ ਇੱਕ ਹਿੱਸਾ ਅਰਾਧਨਾ ਦੇ ਬਾਰੇ ਕਲੀਸੀਆ ਦੀ ਸਮਝ ਹੈ। XYZ ਚਰਚ ਵਿੱਚ, ਅਰਾਧਨਾ ਦਾ ਮਤਲਬ ਹੈ ਸੰਗੀਤ। ਪਾਸਟਰ ਬਿਲ ਪੁੱਛਣ ਲੱਗਾ, "ਕੀ ਸੱਚੀ ਅਰਾਧਨਾ ਵਿੱਚ ਸੰਗੀਤ ਤੋਂ ਇਲਾਵਾ ਹੋਰ ਵੀ ਕੁਝ ਸ਼ਾਮਲ ਹੈ? ਕੀ ਅਸੀਂ ਪਰਮੇਸ਼ੁਰ ਦੇ ਬਚਨ ਅਤੇ ਪ੍ਰਾਰਥਨਾ ਨੂੰ ਅਰਾਧਨਾ ਤੋਂ ਵੱਖ ਕਰ ਰਹੇ ਹਾਂ? ਕੀ ਇਹ ਪਰਚਾਰ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ?"

» ਕਿਰਪਾ ਕਰਕੇ ਪਾਸਟਰ ਬਿਲ ਦੀਆਂ ਚਿੰਤਾਵਾਂ ਦਾ ਜਵਾਬ ਦਿਓ। ਕੀ ਅਰਾਧਨਾ ਅਤੇ ਪਰਚਾਰ ਵਿੱਚ ਕੋਈ ਅੰਤਰ ਹੈ? XYZ ਚਰਚ ਅਰਾਧਕਾਂ ਦੇ ਮਨਾਂ ਵਿੱਚ ਅਰਾਧਨਾ ਬੰਦਗੀ ਦੇ ਸਾਰੇ ਹਿੱਸਿਆਂ ਨੂੰ ਆਪਸ ਵਿੱਚ ਕਿਵੇਂ ਜੋੜ ਸਕਦਾ ਹੈ?

ਅਰਾਧਨਾ ਵਿੱਚ ਬਚਨ ਦੀ ਮਹੱਤਤਾ

ਖੁਸ਼ਖ਼ਬਰੀ ਦਾ ਪਰਚਾਰ ਕਰਨ ਵਾਲੇ ਲੋਕ ਹੋਣ ਦੇ ਨਾਤੇ ਅਸੀਂ ਸਿੱਖਿਆ ਦਿੰਦੇ ਹਾਂ ਕਿ ਸਾਡੇ ਸਿਧਾਂਤ ਅਤੇ ਅਰਾਧਨਾ ਬਚਨ ਦੁਆਰਾ ਨਿਰਦੇਸ਼ਿਤ ਹਨ। ਸਾਡਾ ਮੰਨਣਾ ਹੈ ਕਿ ਬਾਈਬਲ ਦਾ ਸਾਡੀ ਅਰਾਧਨਾ ਵਿੱਚ ਮੁੱਖ ਸਥਾਨ ਹੋਣਾ ਚਾਹੀਦਾ ਹੈ। ਪਰਮੇਸ਼ੁਰ ਬਚਨ ਦੇ ਪੜ੍ਹੇ ਜਾਣ ਦੁਆਰਾ ਆਪਣੇ ਲੋਕਾਂ ਨਾਲ ਗੱਲ ਕਰਦਾ ਹੈ। ਪੁਰਾਣੇ ਨੇਮ ਦੇ ਸਮਿਆਂ ਤੋਂ, ਬਚਨ ਅਰਾਧਨਾ ਵਿੱਚ ਮੁੱਖ ਰਿਹਾ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਭਾਵੇਂ ਅਸੀਂ ਕਹਿੰਦੇ ਹਾਂ ਕਿ ਬਾਈਬਲ ਸਾਡੀ ਅਰਾਧਨਾ ਦੀ ਜੜ੍ਹ ਵਿੱਚ ਹੈ, ਬਹੁਤ ਸਾਰੀਆਂ ਕਲੀਸੀਆਵਾਂ ਆਪਣੀ ਬੰਦਗੀ ਵਿੱਚ ਬਚਨ ਨੂੰ ਬਹੁਤ ਘੱਟ ਸ਼ਾਮਲ ਕਰਦੀਆਂ ਹਨ। ਕੁਝ ਕਲੀਸੀਆਵਾਂ ਵਿੱਚ ਬੰਦਗੀ ਵਿੱਚ ਜਾਣਾ ਅਤੇ ਬਚਨ ਦੀਆਂ ਕੁਝ ਆਇਤਾਂ ਤੋਂ ਵੱਧ ਕੁਝ ਨਾ ਸੁਣਨਾ ਸੰਭਵ ਹੈ। ਇਹ ਬਾਈਬਲ ਦੇ ਨਮੂਨੇ ਵਾਲੀ ਅਰਾਧਨਾ ਤੋਂ ਬਹੁਤ ਦੂਰ ਹੈ।

ਬਾਈਬਲ ਅਨੁਸਾਰ ਅਰਾਧਨਾ ਵਿੱਚ ਬਚਨ ਨੂੰ ਪੜ੍ਹਨਾ ਜ਼ਰੂਰੀ ਸੀ।

» ਕੂਚ 24:1-12 ਪੜ੍ਹੋ।

ਕੂਚ 24:7 ਵਿੱਚ, ਮੂਸਾ ਨੇ ਨੇਮ ਦੀ ਪੋਥੀ ਲੈ ਕੇ ਲੋਕਾਂ ਦੇ ਕੰਨਾਂ ਵਿੱਚ ਪੜ੍ਹਕੇ ਸੁਣਾਈ। ਲੋਕਾਂ ਨੇ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਵਾਅਦਾ ਕੀਤਾ: "ਅਸੀਂ ਸਭ ਕੁਝ ਜੋ ਯਹੋਵਾਹ ਬੋਲਿਆ ਹੈ ਕਰਾਂਗੇ ਅਤੇ ਮੰਨਾਂਗੇ।" ਇਸ ਤੋਂ ਬਾਅਦ, ਪਰਮੇਸ਼ੁਰ ਨੇ ਪੱਥਰ ਦੀਆਂ ਪੱਟੀਆਂ ਉੱਤੇ ਨੇਮ (ਦਸ ਹੁਕਮਾਂ) ਦਾ ਸਾਰ ਲਿਖਿਆ। ਇਸਰਾਏਲੀ ਪੋਥੀ ਦੇ ਲੋਕ ਸਨ। ਲਿਖਤੀ ਨੇਮ ਇਸਰਾਏਲੀਆਂ ਦੀ ਅਰਾਧਨਾ ਲਈ ਮੁੱਖ ਸੀ।

ਤੰਬੂ ਅਤੇ ਹੈਕਲ ਵਿੱਚ ਪਰਮੇਸ਼ੁਰ ਦਾ ਬਚਨ ਕੇਂਦਰ ਵਿੱਚ ਸੀ। ਯਹੂਦੀ ਸਾਲ ਵਿੱਚ ਸਾਲਾਨਾ ਪਰਬ ਸਭ ਤੋਂ ਮਹੱਤਵਪੂਰਣ ਘਟਨਾਵਾਂ ਸਨ। ਪਸਾਹ ਦੇ ਪਰਬ, ਪਹਿਲੇ ਫਲਾਂ ਦੇ ਪਰਬ ਅਤੇ ਡੇਰਿਆਂ ਦੇ ਪਰਬ ਤੇ ਪਰਮੇਸ਼ੁਰ ਦੇ ਬਚਨ ਦੇ ਕੁਝ ਹਿੱਸੇ ਜਨਤਕ ਤੌਰ ਤੇ ਪੜ੍ਹੇ ਜਾਂਦੇ ਸਨ। ਹਰ ਸੱਤ ਸਾਲਾਂ ਬਾਅਦ, ਕੌਮ ਬਿਵਸਥਾ ਨੂੰ ਪੜ੍ਹਦਿਆਂ ਸੁਣਨ ਲਈ ਇਕੱਠੀ ਹੁੰਦੀ ਸੀ ਅਤੇ ਨੇਮ ਨੂੰ ਨਵਾਂ ਕੀਤਾ ਜਾਂਦਾ ਸੀ।[60]

---

59 ਅਮਰੀਕਾ ਦੀਆਂ ਸਭ ਤੋਂ ਵੱਡੀਆਂ ਕਲੀਸੀਆਵਾਂ ਵਿੱਚੋਂ ਇੱਕ ਦੁਆਰਾ ਕੀਤੇ ਗਏ ਇੱਕ ਸਰਵੇਖਣ ਤੋਂ ਇਹ ਹਵਾਲਾ ਦਿੱਤਾ ਗਿਆ ਹੈ। ਉਨ੍ਹਾਂ ਨੇ ਪਾਇਆ ਕਿ ਮਸੀਹ ਵਿੱਚ ਨਵੇਂ-ਨਵੇਂ ਆਏ ਜ਼ਿਆਦਾਤਰ ਲੋਕ ਕਦੇ ਵੀ ਸੱਚੇ ਚੇਲੇਪਣ ਦੇ ਬਿੰਦੂ ਤਕ ਨਹੀਂ ਪਹੁੰਚੇ।

60 Timothy J. Ralston, “Scripture in Worship” in Authentic Worship. Edited by Herbert Bateman. (Grand Rapids: Kregel, 2002), 201

ਨਵੇਂ ਨੇਮ ਵਿੱਚ, ਪੌਲੁਸ ਨੇ ਮਸੀਹੀ ਲੋਕਾਂ ਨੂੰ ਬਚਨ ਨੂੰ ਜਨਤਕ ਤੌਰ ਤੇ ਪੜ੍ਹਨ ਦਾ ਹੁਕਮ ਦਿੱਤਾ। ਇਸ ਵਿੱਚ ਪੁਰਾਣਾ ਨੇਮ, ਪੌਲੁਸ ਦੀਆਂ ਪੱਤਰੀਆਂ ਸਮੇਤ ਹੋਰ ਲਿਖਤਾਂ ਨੂੰ ਬਚਨ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ।[61] ਉਸ ਨੇ ਇੱਕ ਨੌਜਵਾਨ ਸੇਵਕ ਨੂੰ ਬਚਨ ਨੂੰ ਸਭ ਦੇ ਸਾਹਮਣੇ ਪੜ੍ਹਨ, ਉਪਦੇਸ਼ ਕਰਨ ਅਤੇ ਸਿੱਖਿਆ ਦੇਣ ਵਿੱਚ ਲੱਗਾ ਰਹਿਣ ਲਈ ਕਿਹਾ (1 ਤਿਮੋਥਿਉਸ 4:13)। ਨਵੇਂ ਨੇਮ ਦੀ ਅਰਾਧਨਾ ਵਿੱਚ ਪਰਮੇਸ਼ੁਰ ਦਾ ਬਚਨ ਕੇਂਦਰ ਵਿੱਚ ਸੀ।

ਬਾਈਬਲ ਅਨੁਸਾਰ ਅਰਾਧਨਾ ਵਿੱਚ ਬਚਨ ਨੂੰ ਪੜ੍ਹਨਾ ਜ਼ਰੂਰੀ ਸੀ

» ਨਹਮਯਾਹ 8:1-18 ਪੜ੍ਹੋ।

ਅਸੀਰੀ ਤੋਂ ਵਾਪਸ ਆਉਣ ਤੋਂ ਬਾਅਦ, ਅਜ਼ਰਾ ਨੇ ਲੋਕਾਂ ਲਈ ਬਿਵਸਥਾ ਦੀ ਪੋਥੀ ਪੜ੍ਹੀ। ਲੋਕ ਸੁਣਨ ਲਈ ਇਕੱਠੇ ਹੋਏ ਜਦੋਂ ਅਜ਼ਰਾ ਨੇ ਮਨੁੱਖਾਂ ਅਤੇ ਤੀਵੀਆਂ ਦੀ ਮੌਜੂਦਗੀ ਵਿੱਚ ਬਿਵਸਥਾ ਦੀ ਪੋਥੀ ਪੜ੍ਹੀ ਅਤੇ ਜਿਹੜੇ ਸਮਝ ਸਕਦੇ ਸਨ ਅਤੇ ਸਾਰੀ ਪਰਜਾ ਦੇ ਕੰਨ ਬਿਵਸਥਾ ਦੀ ਪੋਥੀ ਵੱਲ ਲੱਗੇ ਰਹੇ (ਨਹਮਯਾਹ 8:3)। ਜਵਾਬ ਵਿੱਚ, ਲੋਕਾਂ ਨੇ "ਆਮੀਨ" ਕਿਹਾ ਅਤੇ ਧਰਤੀ ਤੀਕ ਸਿਰ ਨੂੰ ਝੁਕਾ ਕੇ ਮੱਥਾ ਟੇਕਿਆ। ਜਦੋਂ ਅਜ਼ਰਾ ਅਤੇ ਉਸ ਦੇ ਸਾਥੀਆਂ ਨੇ ਪੜ੍ਹਿਆ, ਉਨ੍ਹਾਂ ਨੇ ਬਚਨ ਦੀ ਵਿਆਖਿਆ ਕੀਤੀ ਅਤੇ ਸੁਣਨ ਵਾਲਿਆਂ ਨੂੰ ਪੜ੍ਹ ਕੇ ਸਮਝਾਇਆ। ਇਹ ਲੋਕਾਂ ਦੀਆਂ ਲੋੜਾਂ ਲਈ ਪਰਮੇਸ਼ੁਰ ਦੇ ਬਚਨ ਦਾ ਪਰਚਾਰ ਕਰਨ, ਸਮਝਾਉਣ ਅਤੇ ਲਾਗੂ ਕਰਨ ਦਾ ਬਾਈਬਲ ਦਾ ਇੱਕ ਉਦਾਹਰਣ ਹੈ। ਬਾਈਬਲ ਦਾ ਸੱਚਾ ਪਰਚਾਰ ਬਚਨ ਦੇ ਜਵਾਬ ਵਿੱਚ ਅਰਾਧਨਾ ਨੂੰ ਪ੍ਰੇਰਿਤ ਕਰਦਾ ਹੈ।

ਯਿਸੂ ਸਬਤ ਦੇ ਦਿਨ ਸਭਾ-ਘਰ ਵਿੱਚ ਆਇਆ ਜਿਵੇਂ ਕਿ ਉਸ ਦਾ ਦਸਤੂਰ ਸੀ ਅਤੇ ਉਸ ਨੇ ਯਸਾਯਾਹ ਦੀ ਪੋਥੀ ਵਿੱਚੋਂ ਪੜ੍ਹਿਆ। ਪੋਥੀ ਵਿੱਚੋਂ ਪੜ੍ਹਨ ਤੋਂ ਬਾਅਦ, ਯਿਸੂ ਨੇ ਇੱਕ ਉਪਦੇਸ਼ ਦਿੱਤਾ ਜਿਸ ਵਿੱਚ ਉਸ ਨੇ ਦੱਸਿਆ ਕਿ ਉਹ ਯਸਾਯਾਹ ਦੇ ਵਾਅਦੇ ਨੂੰ ਪੂਰਾ ਕਰਨ ਲਈ ਆਇਆ ਸੀ (ਲੂਕਾ 4:16-29)।

ਬਾਈਬਲ ਦੇ ਪਰਚਾਰ ਦੇ ਵਿਸ਼ੇ ਉੱਤੇ

"ਬਾਈਬਲ ਦੀ ਸੱਚੀ ਵਿਆਖਿਆ ਦੀ ਬਰਕਤ ਇੱਕ ਸੁਲਗਿਆ ਹੋਇਆ ਦਿਲ ਹੈ, ਨਾ ਕਿ ਫੁੱਲਿਆ ਹੋਇਆ ਦਿਮਾਗ।"

ਵਾਰੇਨ ਵਿਅਰਸਬੀ

ਪੰਤੇਕੁਸਤ ਦੇ ਦਿਨ ਆਪਣੇ ਸੰਦੇਸ਼ ਵਿੱਚ, ਪਤਰਸ ਨੇ ਦੱਸਿਆ ਕਿ ਪੁਰਾਣੇ ਨੇਮ ਦੇ ਵਾਅਦੇ ਯਿਸੂ ਦੀ ਸੇਵਕਾਈ ਅਤੇ ਪਵਿੱਤਰ ਆਤਮਾ ਦੇ ਆਉਣ ਵਿੱਚ ਪੂਰੇ ਹੋਏ ਸਨ। ਉਸ ਨੇ ਤੋਬਾ ਕਰਨ ਅਤੇ ਬਪਤਿਸਮਾ ਲੈਣ ਦੇ ਸੱਦੇ ਦੇ ਨਾਲ ਬਚਨ ਦੀ ਆਪਣੀ ਵਿਆਖਿਆ ਨੂੰ ਸਮਾਪਤ ਕੀਤਾ (ਰਸੂਲਾਂ ਦੇ ਕਰਤੱਬ 2:14-41)। ਬਾਈਬਲ ਦੇ ਪਰਚਾਰ ਨੇ ਸੁਣਨ ਵਾਲਿਆਂ ਤੋਂ ਜਵਾਬ ਦੀ ਮੰਗ ਕੀਤੀ। ਪਰਚਾਰ ਦਿਮਾਗ ਨਾਲ ਗੱਲ ਕਰਦਾ ਹੈ, ਪਰ ਇਸ ਨੂੰ ਦਿਲ ਨਾਲ ਵੀ ਗੱਲ ਕਰਨੀ ਚਾਹੀਦੀ ਹੈ। ਪਰਚਾਰ ਨੂੰ ਇੱਛਾ ਤੋਂ ਜਵਾਬ ਮੰਗਣਾ ਚਾਹੀਦਾ ਹੈ। ਜਦੋਂ ਯਿਸੂ ਨੇ ਇੰਮਊਸ ਦੇ ਰਸਤੇ ਉੱਤੇ ਬਚਨਾਂ ਨੂੰ ਖੋਲ੍ਹਿਆ, ਤਾਂ ਸੁਣਨ ਵਾਲਿਆਂ ਦੇ ਦਿਲ ਉਨ੍ਹਾਂ ਦੇ ਅੰਦਰ ਗਰਮ ਹੋ ਗਏ (ਲੂਕਾ 24:32)।

ਅਰੰਭਕ ਕਲੀਸੀਆ ਦੇ ਫੈਲਣ ਵਿੱਚ ਪਰਚਾਰ ਮਹੱਤਵਪੂਰਣ ਸੀ। ਰਸੂਲਾਂ ਦੇ ਕਰਤੱਬ ਵਿੱਚ, ਪਰਮੇਸ਼ੁਰ ਦੇ ਬਚਨ ਦਾ 20 ਤੋਂ ਵੱਧ ਵਾਰ ਹਵਾਲਾ ਦਿੱਤਾ ਗਿਆ ਹੈ। ਰਸੂਲਾਂ ਨੇ ਪ੍ਰਭੂ ਦੇ ਬਚਨ ਦਾ ਪਰਚਾਰ ਕੀਤਾ; ਉਨ੍ਹਾਂ ਨੇ ਪਰਮੇਸ਼ੁਰ ਦਾ ਬਚਨ ਦਲੇਰੀ ਨਾਲ ਸੁਣਾਇਆ। ਉਨ੍ਹਾਂ ਨੇ ਪਰਮੇਸ਼ੁਰ ਦੇ ਬਚਨ ਦੀ ਸਿੱਖਿਆ ਦਿੱਤੀ। ਜਵਾਬ ਵਿੱਚ, ਬਹੁਤ ਸਾਰੇ ਲੋਕਾਂ ਨੇ ਪਰਮੇਸ਼ੁਰ ਦੇ ਬਚਨ ਨੂੰ ਕਬੂਲ ਕੀਤਾ; ਪਰਮੇਸ਼ੁਰ ਦਾ ਬਚਨ ਵਧਦਾ ਅਤੇ ਫੈਲਦਾ ਗਿਆ; ਪਰਮੇਸ਼ੁਰ ਦਾ ਬਚਨ ਪ੍ਰਬਲ ਹੋਇਆ ਅਤੇ ਗੈਰ-ਕੌਮਾਂ ਨੇ ਪ੍ਰਭੂ ਦੇ ਬਚਨ ਦੀ ਮਹਿਮਾ ਕੀਤੀ। ਪਰਮੇਸ਼ੁਰ ਦਾ ਬਚਨ ਰਸੂਲਾਂ ਦੇ ਸੰਦੇਸ਼ ਦੀ ਨੀਂਹ ਸੀ।

ਜਦ ਕਿ ਪਰਚਾਰ ਹੀ ਉਹ ਇੱਕੋ-ਇੱਕ ਸਾਧਨ ਨਹੀਂ ਹੈ ਜਿਸ ਦੁਆਰਾ ਬਚਨ ਗੱਲ ਕਰਦਾ ਹੈ, ਇਹ ਪਰਮੇਸ਼ੁਰ ਦੇ ਲੋਕਾਂ ਤਕ ਪਰਮੇਸ਼ੁਰ ਦੇ ਬਚਨ ਨੂੰ ਲਿਆਉਣ ਦਾ ਮੁੱਖ ਸਾਧਨ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਲਈ, ਇੱਕ ਪਾਸਬਾਨ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪਰਮੇਸ਼ੁਰ ਦਾ ਬਚਨ ਮੁੱਖ ਹੋਣਾ ਚਾਹੀਦਾ ਹੈ। ਬਾਈਬਲ ਅਧਾਰਿਤ ਪਰਚਾਰ ਪਰਮੇਸ਼ੁਰ ਦੇ ਬਚਨ ਨਾਲ ਸ਼ੁਰੂ ਹੋਣਾ ਚਾਹੀਦਾ ਹੈ,

61 1 ਤਿਮੋਥਿਉਸ 4:13, 1 ਥੱਸਲੁਨੀਕੀਆਂ 5:27, ਕੁਲੁੱਸੀਆਂ 4:16, 2 ਪਤਰਸ 3:16

ਇਸ ਨੂੰ ਪਰਮੇਸ਼ੁਰ ਦੇ ਬਚਨ ਦੀ ਵਿਆਖਿਆ ਕਰਨੀ ਚਾਹੀਦੀ ਹੈ ਅਤੇ ਪਰਮੇਸ਼ੁਰ ਦੇ ਬਚਨ ਲਈ ਵਿਅਕਤੀਗਤ ਜਵਾਬ ਦੀ ਮੰਗ ਕਰਨੀ ਚਾਹੀਦੀ ਹੈ।

ਕਲੀਸੀਆ ਦੇ ਇਤਿਹਾਸ ਵਿੱਚ ਬਚਨ ਦਾ ਪਰਚਾਰ ਕਰਨਾ ਜ਼ਰੂਰੀ ਸੀ

ਕਲੀਸੀਆ ਦੀਆਂ ਸ਼ੁਰੂਆਤੀ ਸਦੀਆਂ ਵਿੱਚ ਅਰਾਧਨਾ ਲਈ ਪਰਚਾਰ ਕਰਨਾ ਮੁੱਖ ਸੀ। ਦੂਜੀ ਸਦੀ ਵਿੱਚ, ਜਸਟਿਨ ਮਾਰਟਿਅਰ ਨੇ ਲਿਖਿਆ ਕਿ ਮਸੀਹੀ ਲੋਕ ਐਤਵਾਰ ਨੂੰ ਪੱਤਰੀਆਂ ਅਤੇ ਨਬੀਆਂ ਦੀਆਂ ਪੁਸਤਕਾਂ ਪੜ੍ਹਨ ਅਤੇ ਉਨ੍ਹਾਂ ਦੀ ਵਿਆਖਿਆ ਸੁਣਨ ਲਈ ਇਕੱਠੇ ਹੁੰਦੇ ਸਨ। ਤੀਜੀ ਸਦੀ ਤਕ, ਬਾਈਬਲ ਦੇ ਹਰੇਕ ਵੱਡੇ ਭਾਗ ਦੇ ਹਿੱਸਿਆਂ ਨੂੰ ਅਰਾਧਨਾ ਦੌਰਾਨ ਪੜ੍ਹਿਆ ਜਾਂਦਾ ਸੀ।

ਮੱਧ ਯੁੱਗ ਦੇ ਦੌਰਾਨ, ਕੈਥੋਲਿਕ ਚਰਚ ਨੇ ਪਰਚਾਰ ਦੀ ਭੂਮਿਕਾ ਨੂੰ ਘੱਟ ਕਰ ਦਿੱਤਾ, ਪਰ ਸੁਧਾਰਕਾਂ ਨੇ ਅਰਾਧਨਾ ਵਿੱਚ ਪਰਚਾਰ ਨੂੰ ਮੁੱਖ ਸਥਾਨ ਵਿੱਚ ਮੋੜ ਲਿਆਂਦਾ। ਸੁਧਾਰੇ ਹੋਏ ਪਰਚਾਰ ਦਾ ਟੀਚਾ ਮਨੋਰੰਜਨ, ਪਰਚਾਰਕ ਦਾ ਨਿੱਜੀ ਏਜੰਡਾ ਜਾਂ ਸਮਾਜ ਦੀਆਂ ਸੱਭਿਆਚਾਰਕ ਮੰਗਾਂ ਨਹੀਂ ਸੀ। ਪਰਚਾਰ ਦਾ ਟੀਚਾ ਪਰਮੇਸ਼ੁਰ ਦੇ ਬਚਨ ਦੀ ਸਾਵਧਾਨੀ ਨਾਲ ਵਿਆਖਿਆ ਕਰਨਾ ਸੀ; ਬਚਨ ਨੂੰ ਇਸ ਤਰੀਕੇ ਨਾਲ ਸਮਝਾਉਣਾ ਜੋ ਸਰੋਤਿਆਂ ਨੂੰ ਪ੍ਰਭਾਵਿਤ ਕਰੇ ਅਤੇ ਜੀਵਨ ਬਦਲਣ ਵਾਲੇ ਜਵਾਬ ਦੀ ਮੰਗ ਕਰੇ।

ਅਰਾਧਨਾ ਵਿੱਚ ਬਚਨ ਨੂੰ ਮੁੱਖ ਬਣਾਉਣਾ

ਜੇ ਪਰਮੇਸ਼ੁਰ ਦਾ ਬਚਨ ਸਾਡੀ ਅਰਾਧਨਾ ਵਿੱਚ ਮੁੱਖ ਹੋਣਾ ਚਾਹੀਦਾ ਹੈ, ਤਾਂ ਅਸੀਂ ਇਸ ਸਿਧਾਂਤ ਨੂੰ ਅਮਲ ਵਿੱਚ ਕਿਵੇਂ ਲਿਆਉਂਦੇ ਹਾਂ? ਸਾਡੀ ਅਰਾਧਨਾ ਵਿੱਚ ਬਚਨ ਨੂੰ ਮੁੱਖ ਬਣਾਉਣ ਲਈ ਵਿਹਾਰਕ ਕਦਮਾਂ ਵਿੱਚ ਇਹ ਸ਼ਾਮਲ ਹਨ:

ਬਚਨ ਨੂੰ ਅਰਾਧਨਾ ਦੇ ਸਾਰੇ ਭਾਗਾਂ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ

ਸਾਨੂੰ ਅਰਾਧਨਾ ਵਿੱਚ ਬਚਨ ਨੂੰ ਸੁਣਨ ਦੇ ਲਈ ਸੰਦੇਸ਼ ਦੀ ਉਡੀਕ ਨਹੀਂ ਕਰਨੀ ਚਾਹੀਦੀ। ਪਰਮੇਸ਼ੁਰ ਦੇ ਬਚਨ ਨਾਲ ਅਰਾਧਨਾ ਸ਼ੁਰੂ ਕਰਨ ਤੋਂ ਵਧੀਆ ਹੋਰ ਕੋਈ ਤਰੀਕਾ ਨਹੀਂ ਹੈ।

ਅਰਾਧਨਾ ਸ਼ੁਰੂ ਕਰਨ ਦੇ ਲਈ ਦੋ ਤਰੀਕਿਆਂ ਤੇ ਵਿਚਾਰ ਕਰੋ। ਪਰਮੇਸ਼ੁਰ ਦੀ ਹਜ਼ੂਰੀ ਵਿੱਚ ਪ੍ਰਵੇਸ਼ ਦਾ ਜ਼ਿਆਦਾ ਪ੍ਰਭਾਵਸ਼ਾਲੀ ਸੱਦਾ ਕਿਹੜਾ ਹੈ?

1. "ਅੱਜ ਸਾਡੀ ਕਲੀਸੀਆ ਵਿੱਚ ਆਉਣ ਲਈ ਤੁਹਾਡਾ ਧੰਨਵਾਦ। ਮੀਂਹ ਨੇ ਤੁਹਾਡੇ ਵਿੱਚੋਂ ਕੁਝ ਲੋਕਾਂ ਲਈ ਸਫ਼ਰ ਨੂੰ ਔਖਾ ਬਣਾ ਦਿੱਤਾ ਸੀ, ਪਰ ਮੈਨੂੰ ਖੁਸ਼ੀ ਹੈ ਕਿ ਤੁਸੀਂ ਆਏ ਹੋ। ਆਓ ਆਪਣਾ ਧਿਆਨ ਪਰਮੇਸ਼ੁਰ ਅਤੇ ਅਰਾਧਨਾ ਤੇ ਕੇਂਦਰਿਤ ਕਰੀਏ। ਕੀ ਤੁਸੀਂ ਖੜ੍ਹੇ ਹੋ ਸਕਦੇ ਹੋ ਜਦੋਂ ਅਸੀਂ ਇਹ ਗੀਤ ਗਾਉਂਦੇ ਹਾਂ, 'ਪਵਿੱਤਰ, ਪਵਿੱਤਰ, ਪਵਿੱਤਰ?'"

2. "'ਮੈਂ ਖੁਸ਼ ਹੋਇਆ ਜਦੋਂ ਉਨ੍ਹਾਂ ਨੇ ਮੈਨੂੰ ਆਖਿਆ, ਆਓ ਅਸੀਂ ਯਹੋਵਾਹ ਦੇ ਘਰ ਚੱਲੀਏ!' ਪਰਮੇਸ਼ੁਰ ਦੇ ਘਰ ਵਿੱਚ ਤੁਹਾਡਾ ਸੁਆਗਤ ਹੈ! ਹੈਕਲ ਵਿੱਚ, ਯਸਾਯਾਹ ਨੇ ਯਹੋਵਾਹ ਨੂੰ ਉੱਚੇ ਤੇ ਚੁੱਕੇ ਹੋਏ ਵੇਖਿਆ। ਉਸ ਨੇ ਦੂਤਾਂ ਨੂੰ ਗਾਉਂਦੇ ਸੁਣਿਆ, 'ਪਵਿੱਤ੍ਰ, ਪਵਿੱਤ੍ਰ, ਪਵਿੱਤ੍ਰ, ਸੈਨਾ ਦਾ ਯਹੋਵਾਹ, ਸਾਰੀ ਧਰਤੀ ਉਹ ਦੇ ਪਰਤਾਪ ਨਾਲ ਭਰੀ ਹੋਈ ਹੈ।' ਉਸਤਤ ਕਰਨ ਵਿੱਚ ਸ਼ਾਮਲ ਹੋਵੋ ਜਦੋਂ ਅਸੀਂ 'ਪਵਿੱਤਰ, ਪਵਿੱਤਰ, ਪਵਿੱਤਰ' ਗਾਉਂਦੇ ਹਾਂ।"

ਪਹਿਲੇ ਆਗੂ ਨੇ ਸਾਨੂੰ ਸਫ਼ਰ ਦੀਆਂ ਮੁਸ਼ਕਲਾਂ ਦੀ ਯਾਦ ਦਿਵਾਈ; ਦੂਜੇ ਆਗੂ ਨੇ ਸਾਨੂੰ ਅਰਾਧਨਾ ਦੀ ਖੁਸ਼ੀ ਦੀ ਯਾਦ ਦਿਵਾਈ। ਪਹਿਲੇ ਆਗੂ ਨੇ ਆਮ ਸ਼ਬਦਾਂ ਨਾਲ ਸ਼ੁਰੂਆਤ ਕੀਤੀ; ਦੂਜੇ ਆਗੂ ਨੇ ਪਰਮੇਸ਼ੁਰ ਦੇ ਬਚਨ ਨਾਲ ਸ਼ੁਰੂਆਤ ਕੀਤੀ। ਪਹਿਲੇ ਆਗੂ ਨੇ ਇੱਕ ਆਮ ਭਜਨ ਦਾ ਐਲਾਨ ਕੀਤਾ; ਦੂਜੇ ਆਗੂ ਨੇ ਸਾਨੂੰ ਯਾਦ ਦਿਵਾਇਆ ਕਿ ਦੂਤ ਇਹ ਭਜਨ ਪਰਮੇਸ਼ੁਰ ਦੀ ਉਸਤਤ ਵਿੱਚ ਗਾਉਂਦੇ ਹਨ। ਕਿਹੜੀ ਕਲੀਸੀਆ ਜ਼ਿਆਦਾ ਜੋਸ਼ ਨਾਲ ਗਾਏਗੀ?

ਅਮਰੀਕਾ ਵਿੱਚ 11 ਸਤੰਬਰ, 2001 ਦੇ ਅੱਤਵਾਦੀ ਹਮਲਿਆਂ ਤੋਂ ਬਾਅਦ, ਕਲੀਸੀਆਵਾਂ ਹਰ ਵਾਰ ਦੀ ਤਰ੍ਹਾਂ ਐਤਵਾਰ ਨੂੰ ਅਰਾਧਨਾ ਲਈ ਆਪਣੇ-ਆਪਣੇ ਚਰਚਾਂ ਵਿੱਚ ਇਕੱਠੀਆਂ ਹੋਈਆਂ। ਇਨ੍ਹਾਂ ਦੋ ਕਲੀਸੀਆਵਾਂ ਦੇ ਅਰਾਧਨਾ ਬੰਦਗੀਆਂ ਨੂੰ ਸ਼ੁਰੂ ਕਰਨ ਦੇ ਤਰੀਕੇ ਦੀ ਤੁਲਨਾ ਕਰੋ:

1. "ਅੱਜ ਸਾਡੇ ਨਾਲ ਸ਼ਾਮਲ ਹੋਣ ਲਈ ਤੁਹਾਡਾ ਧੰਨਵਾਦ। ਇਹ ਸਾਡੇ ਦੇਸ਼ ਵਿੱਚ ਇੱਕ ਦੁਖਦਾਈ ਹਫ਼ਤਾ ਰਿਹਾ ਹੈ। ਸਾਡੇ ਵਿੱਚੋਂ ਬਹੁਤ ਸਾਰੇ ਲੋਕ ਦੁਖੀ ਹਨ। ਇਸ ਮੁਸ਼ਕਲ ਸਮੇਂ ਵਿੱਚ ਵੀ ਅਰਾਧਨਾ ਕਰਨ ਦੇ ਲਈ ਆਉਣ ਲਈ ਤੁਹਾਡਾ ਧੰਨਵਾਦ। ਅਸੀਂ 'ਦਿ ਓਲਡ ਰਗਡ ਕਰਾਸ' ਗਾ ਕੇ ਬੰਦਗੀ ਸ਼ੁਰੂ ਕਰਾਂਗੇ।"

2. "ਪਰਮੇਸ਼ੁਰ ਸਾਡੀ ਪਨਾਹ ਅਤੇ ਸਾਡਾ ਬਲ ਹੈ, ਦੁਖਾਂ ਵਿੱਚ ਵੱਡਾ ਸਹਾਇਕ ਹੈ। ਇਨ੍ਹਾਂ ਔਖੇ ਸਮਿਆਂ ਵਿੱਚ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਸਾਡੀ ਆਸ ਹੈ; ਉਹ ਸਾਡੀ ਪਨਾਹ ਹੈ। ਸਾਡੇ ਨਾਲ ਮਿਲ ਕੇ ਗਾਓ ਜਦੋਂ ਅਸੀਂ ਯਾਦ ਕਰਦੇ ਹਾਂ ਕਿ 'ਏ ਮਾਈਟੀ ਫੋਰਟਰੈਸ ਇਜ ਆਵਰ ਗਾਡ, ਏ ਬੁਲਵਰਕ **ਨੈਵਰ** ਫੇਲਿੰਗ।'"

ਪਹਿਲੇ ਆਗੂ ਨੇ ਕਲੀਸੀਆ ਨੂੰ ਉਨ੍ਹਾਂ ਦੇ ਦੁੱਖ ਦੀ ਯਾਦ ਦਿਵਾਈ; ਦੂਜੇ ਆਗੂ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਪਰਮੇਸ਼ੁਰ ਉਨ੍ਹਾਂ ਦੀ ਆਸ ਹੈ। ਬਚਨ ਅਤੇ ਉਸ ਬਚਨ ਉੱਤੇ ਆਧਾਰਿਤ ਇੱਕ ਭਜਨ ਨੇ ਇੱਕ ਅਜਿਹੇ ਹਫ਼ਤੇ ਦੌਰਾਨ ਇੱਕ ਮਜ਼ਬੂਤ ਨੀਂਹ ਪ੍ਰਦਾਨ ਕੀਤੀ ਜਦੋਂ ਲੋਕਾਂ ਦਾ ਵਿਸ਼ਵਾਸ ਪਰਖਿਆ ਜਾ ਰਿਹਾ ਸੀ।

ਬਚਨ ਨੂੰ ਅਰਾਧਨਾ ਬੰਦਗੀ ਦੇ ਕਈ ਹਿੱਸਿਆਂ ਵਿੱਚ ਵਰਤਿਆ ਜਾ ਸਕਦਾ ਹੈ:

- ਬੰਦਗੀ ਦੇ ਸ਼ੁਰੂਆਤੀ ਸ਼ਬਦ
- ਭੇਟ ਦੇ ਲਈ ਸੱਦਾ
- ਸੰਗੀਤ ਦੇ ਸ਼ਬਦ
- ਪ੍ਰਾਰਥਨਾ

ਸਾਡੀ ਅਰਾਧਨਾ ਪਰਮੇਸ਼ੁਰ ਦੇ ਬਚਨ ਨਾਲ ਭਰੀ ਹੋਈ ਚਾਹੀਦੀ ਹੈ। ਅਰਾਧਨਾ ਪਰਮੇਸ਼ੁਰ ਦੇ ਆਪਣੇ ਬਚਨ ਵਿੱਚ ਖੁਦ ਦੇ ਪਰਕਾਸ਼ ਦੇ ਪ੍ਰਤੀ ਪ੍ਰਤੀਕਰਮ ਹੈ। ਅਰਾਧਨਾ ਬੰਦਗੀ ਦੇ ਸਾਰੇ ਭਾਗਾਂ ਵਿੱਚ ਬਚਨ ਹੋਣਾ ਚਾਹੀਦਾ ਹੈ।

ਬਚਨ ਦੇ ਪੜ੍ਹਨ ਨੂੰ ਅਰਾਧਨਾ ਵਿੱਚ ਇੱਕ ਮੁੱਖ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ

ਕੀ ਤੁਸੀਂ ਕਦੇ ਕਿਸੇ ਪਾਸਬਾਨ ਨੂੰ ਇਹ ਕਹਿੰਦੇ ਸੁਣਿਆ ਹੈ, "ਸਾਡੇ ਕੋਲ ਅੱਜ ਸਮਾਂ ਘੱਟ ਹੈ ਅਤੇ ਮੇਰੇ ਕੋਲ ਇੱਕ ਲੰਮਾ ਸੰਦੇਸ਼ ਹੈ, ਇਸ ਲਈ ਮੈਂ ਬਚਨ ਨਹੀਂ ਪੜ੍ਹਾਵਾਂਗਾ?" ਕਿਹੜੀ ਗੱਲ ਜ਼ਿਆਦਾ ਮਹੱਤਵਪੂਰਣ ਹੈ, ਪਰਮੇਸ਼ੁਰ ਦਾ ਬਚਨ ਜਾਂ ਸਾਡੇ ਸ਼ਬਦ? ਸਾਨੂੰ ਅਰਾਧਨਾ ਵਿੱਚ ਬਚਨ ਨੂੰ ਸਮਾਂ ਦੇਣਾ ਚਾਹੀਦਾ ਹੈ।

ਕਿਉਂਕਿ ਬਚਨ ਪੜ੍ਹਨਾ ਅਰਾਧਨਾ ਹੈ, ਸਾਨੂੰ ਇਸ ਗੱਲ ਵਾਲਾ ਧਿਆਨ ਦੇਣਾ ਚਾਹੀਦਾ ਹੈ ਕਿ ਅਸੀਂ ਇਸ ਨੂੰ ਕਿਵੇਂ ਪੜ੍ਹਦੇ ਹਾਂ। ਇਸ ਨੂੰ ਸਾਫ਼ ਅਤੇ ਸਪੱਸ਼ਟ ਪੜ੍ਹਿਆ ਜਾਣਾ ਚਾਹੀਦਾ ਹੈ। ਪੜ੍ਹਨ ਵਾਲੇ ਨੂੰ (ਭਾਵੇਂ ਉਹ ਪਾਸਬਾਨ ਜਾਂ ਕੋਈ ਆਮ ਵਿਅਕਤੀ ਹੋਵੇ) ਬੰਦਗੀ ਤੋਂ ਪਹਿਲਾਂ ਅਭਿਆਸ ਕਰਨਾ ਚਾਹੀਦਾ ਹੈ। ਕਲੀਸੀਆ ਦੀਆਂ ਪਹਿਲੀਆਂ ਤਿੰਨ ਸਦੀਆਂ ਵਿੱਚ, ਬਚਨ ਨੂੰ ਪੜ੍ਹਨ ਵਾਲੇ ਦਾ ਅਹੁਦਾ ਇੱਕ ਪਵਿੱਤਰ ਅਧਿਕਾਰ ਸੀ। ਪੜ੍ਹਨ ਵਾਲੇ ਉਨ੍ਹਾਂ ਨੂੰ ਸੌਂਪੀਆਂ ਜਾਣ ਵਾਲੀਆਂ ਪੋਥੀਆਂ ਘਰ ਵਿੱਚ ਰੱਖ ਕੇ ਪੜ੍ਹਨ ਦਾ ਅਭਿਆਸ ਕਰਦੇ ਸਨ। ਜਦੋਂ ਉਹ ਅਰਾਧਨਾ ਵਿੱਚ ਪੜ੍ਹਦੇ ਸਨ, ਤਾਂ ਉਹ ਸਾਫ਼ ਅਤੇ ਸਪੱਸ਼ਟ ਰੂਪ ਵਿੱਚ ਪੜ੍ਹਨ ਲਈ ਤਿਆਰ ਹੁੰਦੇ ਸਨ।[62]

ਯਾਦ ਰੱਖੋ, ਇਹ ਪਰਮੇਸ਼ੁਰ ਦਾ ਬਚਨ ਹੈ ਜੋ ਪਰਮੇਸ਼ੁਰ ਦੇ ਘਰ ਵਿੱਚ ਪਰਮੇਸ਼ੁਰ ਦੇ ਲੋਕਾਂ ਲਈ ਅਰਾਧਨਾ ਦੇ ਕਾਰਜ ਵਜੋਂ ਪੜ੍ਹਿਆ ਜਾ ਰਿਹਾ ਹੈ। ਜੇ ਅਰਾਧਨਾ ਸੰਗੀਤ ਅਭਿਆਸ ਦੇ ਯੋਗ ਹੈ, ਤਾਂ ਪਰਮੇਸ਼ੁਰ ਦਾ ਬਚਨ ਵੀ ਅਭਿਆਸ ਦੇ ਯੋਗ ਹੈ। ਇਹ ਸਾਡੀ ਸਮਰੱਥਾ

62 Keith Drury, The Wonder of Worship, (Fishers, IN: Wesleyan Publishing House, 2002), 35

ਵਿੱਚ ਮਾਣ ਕਰਨ ਵਾਲੀ ਗੱਲ ਨਹੀਂ ਹੈ; ਇਹ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਪਰਮੇਸ਼ੁਰ ਦਾ ਬਚਨ ਸਰੋਤਿਆਂ ਤੱਕ ਪਹੁੰਚੇ। ਇਹ ਪਰਮੇਸ਼ੁਰ ਦਾ ਬਚਨ ਹੈ; ਇਹ ਮਹੱਤਵਪੂਰਣ ਹੈ!

ਸਾਨੂੰ ਪੜ੍ਹਨ ਨੂੰ ਸਾਰਥਕ ਬਣਾਉਣਾ ਚਾਹੀਦਾ ਹੈ। ਵੱਖ-ਵੱਖ ਤਰ੍ਹਾਂ ਪੜ੍ਹਨ ਨਾਲ ਸਰੋਤਿਆਂ ਦੇ ਕੰਨਾਂ ਵਿੱਚ ਬਚਨ ਤਾਜ਼ਾ ਰਹੇਗਾ।

1. ਕਈ ਵਾਰ ਬਚਨ ਨੂੰ ਆਗੂ ਦੁਆਰਾ ਪੜ੍ਹਿਆ ਜਾ ਸਕਦਾ ਹੈ ਅਤੇ ਕਲੀਸੀਆ ਪਰਮੇਸ਼ੁਰ ਨੂੰ ਗੱਲ ਕਰਦਿਆਂ ਸੁਣਦੀ ਹੈ। ਇਸ ਤਰ੍ਹਾਂ ਦਾ ਪੜ੍ਹਨਾ ਤੋਰਾਹ ਅਤੇ ਜ਼ਿਆਦਾਤਰ ਭਵਿੱਖਬਾਣੀ ਦੀਆਂ ਪੁਸਤਕਾਂ ਲਈ ਢੁਕਵਾਂ ਹੈ।

2. ਕਈ ਵਾਰ ਆਗੂ ਅਤੇ ਕਲੀਸੀਆ ਵਾਰੀ-ਵਾਰੀ ਪੜ੍ਹ ਸਕਦੇ ਹਨ। ਬਹੁਤ ਸਾਰੇ ਜ਼ਬੂਰ ਇਸ ਤਰ੍ਹਾਂ ਦੇ ਹਨ ਜੋ ਪੜ੍ਹ ਕੇ ਪਿੱਛੇ-ਪਿੱਛੇ ਬੋਲਣ ਦੇ ਲਈ ਢੁਕਵੇਂ ਹਨ।

» ਜ਼ਬੂਰ 136 ਪੜ੍ਹੋ। ਜਮਾਤ ਦੇ ਆਗੂ ਨੂੰ ਹਰ ਆਇਤ ਸ਼ੁਰੂ ਕਰਨ ਲਈ ਕਹੋ; ਜਮਾਤ ਨੂੰ ਹਰ ਆਇਤ ਦੇ ਦੂਜੇ ਹਿੱਸੇ ਨੂੰ ਪਿੱਛੇ-ਪਿੱਛੇ ਇਸ ਤਰ੍ਹਾਂ ਦੁਹਰਾਉਣਾ ਚਾਹੀਦਾ ਹੈ, "ਉਹ ਦੀ ਦਯਾ ਜੋ ਸਦਾ ਦੀ ਹੈ।"

ਪਹਾੜੀ ਉਪਦੇਸ਼ ਵਿੱਚ ਧੰਨ-ਕਥਨ ਪਿੱਛੇ-ਪਿੱਛੇ ਦੁਹਰਾਏ ਜਾਣ ਲਈ ਢੁਕਵੇਂ ਹਨ (ਮੱਤੀ 5:1-10):

ਆਗੂ: ਧੰਨ ਓਹ ਜਿਹੜੇ ਦਿਲ ਦੇ ਗ਼ਰੀਬ ਹਨ,
ਕਲੀਸੀਆ: ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ।
ਆਗੂ: ਧੰਨ ਓਹ ਜਿਹੜੇ ਸੋਗ ਕਰਦੇ ਹਨ,
ਕਲੀਸੀਆ: ਕਿਉਂ ਜੋ ਓਹ ਸ਼ਾਂਤ ਕੀਤੇ ਜਾਣਗੇ।

3. ਕੁਝ ਬਚਨਾਂ ਨੂੰ ਕਲੀਸੀਆ ਦੁਆਰਾ ਇਕਸੁਰ ਵਿੱਚ ਪੜ੍ਹਿਆ ਜਾ ਸਕਦਾ ਹੈ। ਕਲੀਸੀਆ ਦੇ ਸੰਗੀਤ ਦੀ ਤਰ੍ਹਾਂ, ਇੱਕ ਦੇਹ ਦੇ ਰੂਪ ਵਿੱਚ ਬਚਨ ਨੂੰ ਪੜ੍ਹਨਾ ਕਲੀਸੀਆ ਦੀ ਏਕਤਾ ਨੂੰ ਦਰਸਾਉਂਦਾ ਹੈ। ਸਾਰੀ ਕਲੀਸੀਆ ਪਰਮੇਸ਼ੁਰ ਦੇ ਬਚਨ ਨੂੰ ਬੋਲਣ ਵਿੱਚ ਸ਼ਾਮਲ ਹੁੰਦੀ ਹੈ। ਜ਼ਬੂਰ 124 ਵਰਗੀਆਂ ਪ੍ਰਾਰਥਨਾਵਾਂ ਇਕਸੁਰ ਵਿੱਚ ਪੜ੍ਹੇ ਜਾਣ ਲਈ ਢੁਕਵੀਆਂ ਹਨ।

ਅਜ਼ਰਾ ਦੁਆਰਾ ਬਿਵਸਥਾ ਦੇ ਪੜ੍ਹਨ ਬਾਰੇ ਨਹਮਯਾਹ ਦਾ ਬਿਰਤਾਂਤ ਉਸ ਪ੍ਰਭਾਵ ਨੂੰ ਦਰਸਾਉਂਦਾ ਹੈ ਜਦੋਂ ਬਚਨ ਸਾਡੀ ਅਰਾਧਨਾ ਵਿੱਚ ਮੁੱਖ ਹੁੰਦਾ ਹੈ।

» ਜੇ ਤੁਹਾਨੂੰ ਇਸ ਬਿਰਤਾਂਤ ਦੀ ਸਮੀਖਿਆ ਕਰਨ ਦੀ ਲੋੜ ਹੈ ਤਾਂ ਨਹਮਯਾਹ 8 ਅਧਿਆਇ ਨੂੰ ਦੁਬਾਰਾ ਪੜ੍ਹੋ।

ਪੜ੍ਹਨ ਦੇ ਵੇਰਵਿਆਂ ਤੇ ਧਿਆਨ ਦਿਓ।

- ਅਜ਼ਰਾ ਨੇ ਸਾਰੀ ਪਰਜਾ ਦੇ ਵੇਖਦਿਆਂ ਪੋਥੀ ਖੋਲ੍ਹੀ। ਬਚਨ ਨਾਲ ਪ੍ਰਤੱਖ ਸੰਬੰਧ ਸੀ।
- ਉਹ ਸਾਰੀ ਪਰਜਾ ਤੋਂ ਉੱਚੇ ਤੇ ਖੜ੍ਹਾ ਸੀ। ਪੜ੍ਹਨ ਵਾਲੇ ਨੂੰ ਸਾਫ਼ ਵੇਖਿਆ ਅਤੇ ਸੁਣਿਆ ਜਾ ਸਕਦਾ ਸੀ।
- ਜਦੋਂ ਉਹ ਪੜ੍ਹਨ ਲੱਗਾ ਤਾਂ ਸਾਰੇ ਲੋਕ ਖੜ੍ਹੇ ਹੋ ਗਏ। ਬਚਨ ਦੇ ਪ੍ਰਤੀ ਇੱਕ ਸਰੀਰਕ ਪ੍ਰਤੀਕਿਰਿਆ ਸੀ।
- ਜਦੋਂ ਉਸ ਨੇ ਪੋਥੀ ਨੂੰ ਪੜ੍ਹਿਆ, ਤਾਂ ਸਾਰੇ ਲੋਕਾਂ ਨੇ ਆਪਣੇ ਹੱਥ ਚੁੱਕ ਕੇ "ਆਮੀਨ, ਆਮੀਨ" ਵਿੱਚ ਉੱਤਰ ਦਿੱਤਾ ਅਤੇ ਉਨ੍ਹਾਂ ਨੇ ਯਹੋਵਾਹ ਅੱਗੇ ਧਰਤੀ ਤੀਕ ਸਿਰ ਨੂੰ ਝੁਕਾ ਕੇ ਅਰਾਧਨਾ ਕੀਤੀ। ਉਨ੍ਹਾਂ ਨੇ ਪਰਮੇਸ਼ੁਰ ਦੇ ਬਚਨ ਪ੍ਰਤੀ ਆਪਣੀ ਅਧੀਨਗੀ ਪਰਗਟ ਕੀਤੀ।

- ਲੇਵੀਆਂ ਨੇ ਪਰਮੇਸ਼ੁਰ ਦੀ ਬਿਵਸਥਾ ਦੀ ਪੋਥੀ ਨੂੰ ਬੜੀ ਸਫ਼ਾਈ ਨਾਲ ਪੜ੍ਹਿਆ ਅਤੇ ਸਮਝਾ ਦਿੱਤਾ, ਤਾਂ ਜੋ ਲੋਕ ਉਸ ਨੂੰ ਸਮਝ ਸਕਦੇ ਜੋ ਪੜ੍ਹਿਆ ਗਿਆ ਸੀ। ਉਨ੍ਹਾਂ ਨੇ ਪਰਮੇਸ਼ੁਰ ਦੇ ਬਚਨ ਨੂੰ ਸਮਝਣ ਵੱਲ ਧਿਆਨ ਦਿੱਤਾ। ਇਹੀ ਅੱਜ ਦੇ ਪਰਚਾਰ ਦਾ ਟੀਚਾ ਹੈ।
- ਬਿਵਸਥਾ ਦੀਆਂ ਗੱਲਾਂ ਸੁਣ ਕੇ ਲੋਕ ਰੋ ਪਏ। ਨਹਮਯਾਹ ਨੇ ਉਨ੍ਹਾਂ ਨੂੰ ਅਨੰਦ ਮਨਾਉਣ ਦਾ ਹੁਕਮ ਦਿੱਤਾ, "ਕਿਉਂਕਿ ਯਹੋਵਾਹ ਦਾ ਅਨੰਦ ਤੁਹਾਡਾ ਬਲ ਹੈ।" ਪਰਮੇਸ਼ੁਰ ਦੇ ਬਚਨ ਨੇ ਪਸ਼ਚਾਤਾਪ ਅਤੇ ਅਨੰਦ ਦੋਵਾਂ ਨੂੰ ਪ੍ਰੇਰਿਤ ਕੀਤਾ।

ਜਦ ਕਿ ਇਸ ਵਿਸ਼ੇਸ਼ ਮੌਕੇ ਦੇ ਹਰ ਵੇਰਵੇ ਨੂੰ ਸਾਡੀਆਂ ਬੰਦਗੀਆਂ ਵਿੱਚ ਦੁਹਰਾਇਆ ਨਹੀਂ ਜਾਵੇਗਾ, ਇਹ ਬਿਰਤਾਂਤ ਬਚਨ ਦੀ ਸ਼ਕਤੀ ਨੂੰ ਦਰਸਾਉਂਦਾ ਹੈ। ਸਾਨੂੰ ਆਪਣੀ ਅਰਾਧਨਾ ਵਿੱਚ ਬਚਨ ਨੂੰ ਮੁੱਖ ਰੱਖਣਾ ਚਾਹੀਦਾ ਹੈ।

ਜਾਂਚ

ਕੀ ਤੁਹਾਡੀ ਕਲੀਸੀਆ ਅਰਾਧਨਾ ਵਿੱਚ ਬਾਈਬਲ ਪੜ੍ਹਨ ਦੀ ਮਹੱਤਤਾ ਨੂੰ ਪਛਾਣਦੀ ਹੈ? ਕੁਝ ਵਿਵਹਾਰਾਂ ਅਤੇ ਪ੍ਰਤੀਕਿਰਿਆਵਾਂ ਦਾ ਵਰਣਨ ਕਰੋ ਜੋ ਬਚਨ ਦੇ ਪੜ੍ਹਨ ਦੌਰਾਨ ਕਲੀਸੀਆ ਤੁਹਾਨੂੰ ਕਲੀਸਿਆ ਉੱਤੇ ਝਾਤੀ ਮਾਰਨ ਨਾਲ ਨਜ਼ਰ ਆਉਂਦੀਆਂ ਹਨ।

ਆਮ ਤੌਰ ਤੇ ਐਤਵਾਰ ਨੂੰ, ਤੁਹਾਡੀ ਕਲੀਸੀਆ ਦੁਆਰਾ ਕਿੰਨੇ ਵੱਖੋ-ਵੱਖਰੇ ਹਵਾਲੇ ਸੁਣੇ ਜਾਂਦੇ ਹਨ? ਕੀ ਅਰਾਧਕ ਜਾਣਦੇ ਹਨ ਕਿ ਹਰੇਕ ਹਵਾਲੇ ਨੂੰ ਕਿਉਂ ਸ਼ਾਮਲ ਕੀਤਾ ਗਿਆ ਹੈ?

ਬਚਨ ਦਾ ਪਰਚਾਰ ਸਾਡੀ ਅਰਾਧਨਾ ਵਿੱਚ ਮੁੱਖ ਹੋਣਾ ਚਾਹੀਦਾ ਹੈ

ਜਿਵੇਂ ਹਰ ਪੀੜ੍ਹੀ ਵਿੱਚ ਸੰਗੀਤ ਦੀਆਂ ਸ਼ੈਲੀਆਂ ਬਦਲਦੀਆਂ ਹਨ, ਉਸੇ ਤਰ੍ਹਾਂ ਹਰ ਪੀੜ੍ਹੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪਰਚਾਰ ਦੀਆਂ ਸ਼ੈਲੀਆਂ ਬਦਲਦੀਆਂ ਹਨ। ਬਚਨ ਕਿਸੇ ਇੱਕ ਸੰਗੀਤ ਸ਼ੈਲੀ ਨੂੰ ਅਰਾਧਨਾ ਸੰਗੀਤ ਲਈ ਬਾਈਬਲ ਦੀ *ਖ਼ਾਸ* ਸ਼ੈਲੀ ਵਜੋਂ ਪਰਿਭਾਸ਼ਤ ਨਹੀਂ ਕਰਦਾ ਹੈ; ਬਚਨ ਪਰਚਾਰ ਦੀ ਕਿਸੇ ਇੱਕ ਸ਼ੈਲੀ ਨੂੰ ਪਰਚਾਰ ਲਈ ਬਾਈਬਲ ਦੀ ਖ਼ਾਸ ਸ਼ੈਲੀ ਵਜੋਂ ਪਰਿਭਾਸ਼ਿਤ ਨਹੀਂ ਕਰਦਾ ਹੈ।

ਸ਼ੈਲੀ ਪੀੜ੍ਹੀ ਤੋਂ ਪੀੜ੍ਹੀ ਅਤੇ ਇੱਕ ਸੱਭਿਆਚਾਰ ਤੋਂ ਦੂਜੇ ਸੱਭਿਆਚਾਰ ਵਿੱਚ ਬਦਲ ਸਕਦੀ ਹੈ; ਸਮੱਗਰੀ ਨਹੀਂ ਬਦਲਣੀ ਚਾਹੀਦੀ। ਬਚਨ ਸੰਗੀਤ ਸ਼ੈਲੀ ਨੂੰ ਪਰਿਭਾਸ਼ਤ ਨਹੀਂ ਕਰਦਾ, ਪਰ ਇਹ ਸਮੱਗਰੀ ਨੂੰ ਪਰਿਭਾਸ਼ਤ ਕਰਦਾ ਹੈ। ਇਸੇ ਤਰ੍ਹਾਂ, ਪਰਚਾਰ ਦੀਆਂ ਸ਼ੈਲੀਆਂ ਪੀੜ੍ਹੀ ਦਰ ਪੀੜ੍ਹੀ ਬਦਲ ਸਕਦੀਆਂ ਹਨ, ਪਰ ਸਮੱਗਰੀ ਨਹੀਂ ਬਦਲਣੀ ਚਾਹੀਦੀ।

ਬਚਨ ਵਿੱਚ ਸੰਦੇਸ਼ ਦਰਸਾਉਂਦੇ ਹਨ ਕਿ ਪਰਮੇਸ਼ੁਰ ਦੇ ਬਚਨ ਦਾ ਪਰਚਾਰ ਪਰਚਾਰਕ ਦੀ ਮੁੱਖ ਜ਼ਿੰਮੇਵਾਰੀ ਹੈ ਜੋ ਕਲੀਸੀਆ ਦੇ ਸਾਹਮਣੇ ਖੜ੍ਹਾ ਹੁੰਦਾ ਹੈ। ਸਮਕਾਲੀ ਪਰਚਾਰ ਵਿੱਚ ਪਰਮੇਸ਼ੁਰ ਦੇ ਬਚਨ ਉੱਤੇ ਧਿਆਨ ਮੁੱਖ ਹੋਣਾ ਚਾਹੀਦਾ ਹੈ। ਤਕਨਾਲੋਜੀ ਅਤੇ ਸਿੱਖਣ ਦੀਆਂ ਸ਼ੈਲੀਆਂ ਨੂੰ ਬਦਲਣਾ ਪਰਚਾਰ ਦੀ ਸ਼ੈਲੀ ਨੂੰ ਪ੍ਰਭਾਵਿਤ ਕਰ ਸਕਦਾ ਹੈ; ਸਮੱਗਰੀ ਦੀਆਂ ਜੜ੍ਹਾਂ ਬਚਨ ਵਿੱਚ ਹੋਣੀਆਂ ਜ਼ਰੂਰੀ ਹਨ।

ਅਰਾਧਨਾ ਦੇ ਰੂਪ ਵਿੱਚ ਪਰਚਾਰ: ਵਿਹਾਰਕ ਪ੍ਰਭਾਵ

ਪਰਚਾਰ ਨੂੰ ਅਰਾਧਨਾ ਦੇ ਰੂਪ ਵਿੱਚ ਵੇਖਣ ਦੇ ਵਿਹਾਰਕ ਪ੍ਰਭਾਵ ਕੀ ਹਨ? ਇਹ ਪਰਚਾਰ ਕਰਨ ਦੇ ਸਾਡੇ ਤਰੀਕੇ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

ਪਰਚਾਰ ਸਾਵਧਾਨੀ ਨਾਲ ਤਿਆਰੀ ਕਰਨ ਦੀ ਮੰਗ ਕਰਦਾ ਹੈ।

ਜੇ ਪਰਚਾਰ ਕਰਨਾ ਅਰਾਧਨਾ ਹੈ, ਤਾਂ ਅਸੀਂ ਸਾਵਧਾਨੀ ਨਾਲ ਤਿਆਰੀ ਕਰਨ ਲਈ ਜ਼ਿੰਮੇਵਾਰ ਹਾਂ। ਸਾਨੂੰ ਪਰਮੇਸ਼ੁਰ ਦੀ ਜਗਵੇਦੀ ਉੱਤੇ ਆਪਣੀਆਂ ਸਭ ਤੋਂ ਉੱਤਮ ਭੇਟਾਂ ਲਿਆਉਣੀਆਂ ਚਾਹੀਦੀਆਂ ਹਨ। ਦਾਊਦ ਅਜਿਹੀ ਕੋਈ ਭੇਟ ਨਹੀਂ ਸੀ ਚੜ੍ਹਾਉਂਦਾ ਜਿਹ ਦੇ ਉੱਤੇ ਉਹ ਦਾ ਕੁਝ ਮੁੱਲ ਨਾ ਲੱਗਾ ਹੋਵੇ; ਸਾਨੂੰ ਵੀ ਪਰਮੇਸ਼ੁਰ ਦੇ ਲਈ ਆਪਣੀ ਭੇਟ ਵਜੋਂ ਅਜਿਹੇ ਸੰਦੇਸ਼ ਕਦੇ ਨਹੀਂ ਲਿਆਉਣੇ ਚਾਹੀਦੇ ਜੋ ਤਿਆਰ ਨਾ ਕੀਤੇ ਹੋਣ। ਸਾਨੂੰ ਬੰਦਗੀ ਤੋਂ ਪਹਿਲਾਂ ਆਪਣੇ ਸੰਦੇਸ਼ ਨੂੰ ਸਾਵਧਾਨੀ ਨਾਲ ਤਿਆਰ ਕਰਨਾ ਚਾਹੀਦਾ ਹੈ (2 ਸਮੂਏਲ 24:24)।

> **"ਜੇ ਪਰਚਾਰ ਕਰਨਾ ਅਰਾਧਨਾ ਦਾ ਕਾਰਜ ਨਹੀਂ ਹੈ, ਤਾਂ ਹੋ ਸਕਦਾ ਹੈ ਕਿ ਕਲੀਸੀਆ ਪਰਮੇਸ਼ੁਰ ਦੀ ਅਰਾਧਨਾ ਕਰਨ ਦੀ ਬਜਾਇ ਪਰਚਾਰਕ ਦੀ ਅਰਾਧਨਾ ਕਰਨ ਲੱਗ ਜਾਵੇ।"**
>
> **ਵਾਰੇਨ ਵਿਅਰਸਬੀ**

ਪਰਚਾਰ ਕਲੀਸੀਆ ਵੱਲੋਂ ਜਵਾਬ ਦੀ ਮੰਗ ਕਰਦਾ ਹੈ।

ਜੇ ਪਰਚਾਰ ਕਰਨਾ ਅਰਾਧਨਾ ਹੈ, ਤਾਂ ਇਹ ਕਲੀਸੀਆ ਵੱਲੋਂ ਜਵਾਬ ਦੀ ਮੰਗ ਕਰਦਾ ਹੈ। ਅਰਾਧਨਾ ਵਿੱਚ ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ, ਅਸੀਂ ਆਪਣੇ ਆਪ ਨੂੰ ਵੇਖਦੇ ਹਾਂ ਅਤੇ ਅਸੀਂ ਆਪਣੇ ਸੰਸਾਰ ਦੀਆਂ ਲੋੜਾਂ ਨੂੰ ਵੇਖਦੇ ਹਾਂ (ਯਸਾਯਾਹ 6:1-8; ਪਾਠ 1 ਵੇਖੋ।) ਸਾਡੇ ਸੰਦੇਸ਼ਾਂ ਨੂੰ ਸਰੋਤੇ ਉੱਤੇ ਪਰਮੇਸ਼ੁਰ ਨੂੰ ਪਰਗਟ ਕਰਨਾ ਚਾਹੀਦਾ ਹੈ, ਸਾਡੇ ਸੰਦੇਸ਼ਾਂ ਨੂੰ ਸਰੋਤੇ ਨੂੰ ਉਸ ਦੀ ਲੋੜ ਦੇ ਪ੍ਰਤੀ ਕਾਇਲ ਕਰਨਾ ਚਾਹੀਦਾ ਹੈ ਅਤੇ ਸਾਡੇ ਸੰਦੇਸ਼ਾਂ ਨੂੰ ਕਲੀਸੀਆ ਨੂੰ ਗੁਆਚੇ ਹੋਏ ਸੰਸਾਰ ਤੱਕ ਪਹੁੰਚ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਅਰਾਧਨਾ ਦੇ ਰੂਪ ਵਿੱਚ ਪਰਚਾਰ ਕਰਨਾ ਪਾਪੀਆਂ ਨੂੰ ਕਾਇਲ ਕਰੇਗਾ ਅਤੇ ਵਿਸ਼ਵਾਸੀਆਂ ਨੂੰ ਖੁਸ਼ਖ਼ਬਰੀ ਪਰਚਾਰ ਦੇ ਲਈ ਪ੍ਰੇਰਿਤ ਕਰੇਗਾ।

ਪਰਚਾਰ ਪਰਚਾਰਕ ਵੱਲੋਂ ਜਵਾਬ ਦੀ ਮੰਗ ਕਰਦਾ ਹੈ।

ਜੇ ਪਰਚਾਰ ਕਰਨਾ ਅਰਾਧਨਾ ਹੈ, ਤਾਂ ਅਸੀਂ ਇਹ ਪਛਾਣ ਲਵਾਂਗੇ ਕਿ ਪਰਚਾਰ ਸਾਡੇ ਵੱਲੋਂ ਜਵਾਬ ਦੀ ਮੰਗ ਕਰਦਾ ਹੈ। ਜੇ ਅਸੀਂ ਬਲੀਦਾਨ ਦੀ ਅਰਾਧਨਾ ਦੇ ਕਾਰਜ ਵਜੋਂ ਪਰਚਾਰ ਕਰਨ ਲਈ ਤਿਆਰ ਹਾਂ, ਤਾਂ ਅਸੀਂ ਪਰਮੇਸ਼ੁਰ ਨੂੰ ਵੇਖਾਂਗੇ; ਸਾਨੂੰ ਸਾਡੇ ਆਪਣੇ ਜੀਵਨਾਂ ਵਿੱਚ ਲੋੜ ਦੇ ਖੇਤਰਾਂ ਲਈ ਕਾਇਲ ਕੀਤਾ ਜਾਵੇਗਾ ਅਤੇ ਅਸੀਂ ਆਪਣੇ ਆਲੇ-ਦੁਆਲੇ ਦੇ ਸੰਸਾਰ ਦੀਆਂ ਲੋੜਾਂ ਵੇਖਾਂਗੇ। ਜਵਾਬ ਵਿੱਚ, ਅਸੀਂ ਯਸਾਯਾਹ ਵਾਂਗ ਪੁਕਾਰ ਕੇ ਕਹਾਂਗੇ, "ਮੈਂ ਹਾਜ਼ਰ ਹਾਂ; ਮੈਨੂੰ ਘੱਲੋ।" ਸੱਚਾ ਪਰਚਾਰ ਪਰਚਾਰਕ ਨੂੰ ਬਦਲ ਦੇਵੇਗਾ। ਸਾਨੂੰ ਆਪਣੀਆਂ ਕਲੀਸੀਆਵਾਂ ਵਿੱਚ ਪਰਮੇਸ਼ੁਰ ਦਾ ਸੰਦੇਸ਼ ਉਦੋਂ ਤਕ ਨਹੀਂ ਪਹੁੰਚਾਉਣਾ ਚਾਹੀਦਾ ਜਦੋਂ ਤਕ ਪਰਮੇਸ਼ੁਰ ਸਾਡੇ ਨਾਲ ਨਿੱਜੀ ਤੌਰ ਤੇ ਗੱਲ ਨਹੀਂ ਕਰਦਾ ਅਤੇ ਅਸੀਂ ਜਵਾਬ ਨਹੀਂ ਦਿੰਦੇ।

ਯਿਸੂ ਨੇ ਆਪਣੇ ਸਮੇਂ ਦੇ ਗ੍ਰੰਥੀਆਂ (ਪਰਚਾਰਕਾਂ) ਨੂੰ ਬੁਰੇ ਸੰਦੇਸ਼ਾਂ ਦੇ ਲਈ ਨਹੀਂ ਸੀ ਝਿੜਕਿਆ; ਉਸ ਨੇ ਉਨ੍ਹਾਂ ਨੂੰ ਜੋ ਉਹ ਪਰਚਾਰ ਕਰਦੇ ਸਨ ਉਸ ਦੇ ਅਨੁਸਾਰ ਜੀਵਨ ਜੀਉਣ ਵਿੱਚ ਅਸਫ਼ਲ ਰਹਿਣ ਲਈ ਝਿੜਕਿਆ ਸੀ। ਉਹ ਬਚਨ ਅਤੇ ਬਚਨ ਦੀ ਵਿਆਖਿਆ ਕਰਨੀ ਜਾਣਦੇ ਸਨ, ਪਰ ਉਹ ਬਚਨ ਦੇ ਦੁਆਰਾ ਬਦਲੇ ਨਹੀਂ ਸਨ। ਯਿਸੂ ਨੇ ਕਿਹਾ, "ਓਹ ਕਹਿੰਦੇ ਹਨ, ਪਰ ਕਰਦੇ ਨਹੀਂ" (ਮੱਤੀ 23:3)। ਜੇ ਪਰਚਾਰ ਕਰਨਾ ਅਰਾਧਨਾ ਹੈ, ਤਾਂ ਅਸੀਂ ਪਾਸਬਾਨਾਂ

> **"ਪਰਚਾਰ ਜੇਕਰ ਅਰਾਧਨਾ ਨਹੀਂ ਹੈ, ਤਾਂ ਇਹ ਅਪਵਿੱਤਰ ਹੈ... ਇੱਕ ਸੱਚਾ ਸੰਦੇਸ਼ ਪਰਮੇਸ਼ੁਰ ਦਾ ਇੱਕ ਕਾਰਜ ਹੈ, ਨਾ ਕਿ ਬਸ ਮਨੁੱਖ ਦੁਆਰਾ ਕੀਤਾ ਜਾਣ ਵਾਲਾ ਪ੍ਰਦਰਸ਼ਨ।"**
>
> **ਜੇ. ਆਈ. ਪੈਕਰ ਤੋਂ ਲਿਆ ਗਿਆ**

ਵਜੋਂ ਉਨ੍ਹਾਂ ਸਚਿਆਈਆਂ ਦੁਆਰਾ ਬਦਲ ਜਾਵਾਂਗੇ ਜਿਨ੍ਹਾਂ ਦਾ ਅਸੀਂ ਪਰਚਾਰ ਕਰਦੇ ਹਾਂ। ਬਦਲੇ ਵਿੱਚ, ਪਰਮੇਸ਼ੁਰ ਉਨ੍ਹਾਂ ਲੋਕਾਂ ਦੇ ਦਿਲਾਂ ਅਤੇ ਜੀਵਨਾਂ ਨੂੰ ਬਦਲਣ ਲਈ ਸਾਡੇ ਰਾਹੀਂ ਗੱਲ ਕਰੇਗਾ ਜਿਨ੍ਹਾਂ ਨੂੰ ਅਸੀਂ ਪਰਚਾਰ ਕਰਦੇ ਹਾਂ।

ਪਰਚਾਰਕ ਨੂੰ ਪਵਿੱਤਰ ਆਤਮਾ ਵੱਲੋਂ ਸ਼ਕਤੀ ਪ੍ਰਾਪਤ ਹੋਣੀ ਚਾਹੀਦੀ ਹੈ।

ਜੇ ਪਰਚਾਰ ਕਰਨਾ ਅਰਾਧਨਾ ਹੈ, ਤਾਂ ਪਰਚਾਰਕ ਨੂੰ ਪਵਿੱਤਰ ਆਤਮਾ ਵੱਲੋਂ ਸ਼ਕਤੀ ਪ੍ਰਾਪਤ ਹੋਣੀ ਚਾਹੀਦੀ ਹੈ। ਜਿਵੇਂ ਕਿ ਅਰਾਧਨਾ ਦੇ ਹੋਰ ਸਾਰੇ ਪੱਖ ਸੱਚੀ ਸ਼ਕਤੀ ਲਈ ਪਵਿੱਤਰ ਆਤਮਾ ਤੇ ਨਿਰਭਰ ਹਨ, ਉਸੇ ਤਰ੍ਹਾਂ ਪਰਚਾਰਕ ਪਰਮੇਸ਼ੁਰ ਦੇ ਆਤਮਾ ਦੁਆਰਾ ਮਸਹ ਕੀਤਾ ਹੋਣਾ ਚਾਹੀਦਾ ਹੈ ਜੇਕਰ ਉਸ ਨੇ ਪ੍ਰਭਾਵਸ਼ਾਲੀ ਹੋਣਾ ਹੈ।

» 2 ਕੁਰਿੰਥੀਆਂ 3:3-18 ਪੜ੍ਹੋ।

ਅਸੀਂ ਸੰਦੇਸ਼ ਦੇ ਲਈ ਤਿਆਰੀ ਦੀ ਆਪਣੀ ਸਭ ਤੋਂ ਉੱਤਮ ਭੇਟ ਲਿਆਉਂਦੇ ਹਾਂ; ਪਰ, ਸਾਡੀ ਤਿਆਰੀ ਪੂਰੀ ਹੋਣ ਤੋਂ ਬਾਅਦ, ਪਰਚਾਰ ਕਰਨ ਦੀ ਸ਼ਕਤੀ ਪਵਿੱਤਰ ਆਤਮਾ ਦੁਆਰਾ ਆਉਂਦੀ ਹੈ। ਪਵਿੱਤਰ ਆਤਮਾ ਦੀ ਸ਼ਕਤੀ ਤੋਂ ਬਿਨਾਂ, ਅਸੀਂ ਦਿਮਾਗ ਨਾਲ ਗੱਲ ਕਰ ਸਕਦੇ ਹਾਂ, ਅਸੀਂ ਕਲੀਸੀਆ ਨੂੰ ਪ੍ਰਭਾਵਿਤ ਕਰ ਸਕਦੇ ਹਾਂ ਅਤੇ ਸਾਡੇ ਕੋਲ ਚੰਗੀਆਂ ਗੱਲਾਂ ਹੋ ਸਕਦੀਆਂ ਹਨ, ਪਰ ਅਸੀਂ ਜੀਵਨ ਨਹੀਂ ਬਦਲਾਂਗੇ।

ਜਾਂਚ

ਕੀ ਤੁਹਾਡਾ ਪਰਚਾਰ ਬਾਈਬਲ ਦੀ ਅਰਾਧਨਾ ਦਾ ਕਾਰਜ ਹੈ? ਜੇਕਰ ਕੋਈ ਵਿਅਕਤੀ ਬਾਕਾਇਦਾ ਤੁਹਾਡਾ ਪਰਚਾਰ ਸੁਣਦਾ ਹੈ, ਤਾਂ ਕੀ ਉਹ ਬਾਈਬਲ ਦੀ ਸੰਤੁਲਿਤ ਸੱਚਾਈ ਸੁਣੇਗਾ?

ਅਰਾਧਨਾ ਨਾਲ ਜੁੜੇ ਖ਼ਤਰੇ: ਬਚਨ ਦਾ ਖੁੱਸਣਾ

ਬਾਈਬਲ ਵਿਸ਼ਵਾਸ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਵਿਸ਼ਵਾਸੀਆਂ ਦੇ ਰੋਜ਼ਾਨਾ ਦੇ ਜੀਵਨ ਵਿੱਚ ਆਪਣਾ ਸਥਾਨ ਗੁਆ ਚੁੱਕੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਕਈ ਕਲੀਸੀਆਵਾਂ ਦੀ ਹਫ਼ਤਾਵਾਰੀ ਅਰਾਧਨਾ ਵਿੱਚ ਵੀ ਆਪਣਾ ਸਥਾਨ ਗੁਆ ਚੁੱਕੀ ਹੈ। ਜਿੱਥੇ ਮੁਢਲੀ ਕਲੀਸੀਆ ਜ਼ਬੂਰ ਗਾਉਂਦੀ ਸੀ, ਅੱਜ ਕੁਝ ਕਲੀਸੀਆਵਾਂ ਅਜਿਹੇ ਗੀਤ ਗਾਉਂਦੀਆਂ ਹਨ ਜਿਨ੍ਹਾਂ ਵਿੱਚ ਬਾਈਬਲ ਦੇ ਵਚਨ ਜਾਂ ਤਾਂ ਬਹੁਤ ਘੱਟ ਹੁੰਦੇ ਹਨ ਜਾਂ ਬਿਲਕੁਲ ਨਹੀਂ ਹੁੰਦੇ। ਜਿੱਥੇ ਅਰੰਭਕ ਕਲੀਸੀਆ ਬਚਨ ਦੇ ਲੰਬੇ-ਲੰਬੇ ਹਵਾਲੇ ਪੜ੍ਹਦੀ ਸੀ, ਉੱਥੇ ਅੱਜ ਕੁਝ ਕਲੀਸੀਆਵਾਂ ਸੰਦੇਸ਼ ਤੋਂ ਪਹਿਲਾਂ ਸਿਰਫ਼ ਕੁਝ ਆਇਤਾਂ ਪੜ੍ਹਦੀਆਂ ਹਨ। ਬਹੁਤ ਸਾਰੀਆਂ ਬੰਦਗੀਆਂ ਵਿੱਚ, ਬਚਨ ਦੀ ਥਾਂ ਗੀਤਾਂ ਅਤੇ ਸੰਦੇਸ਼ ਨੇ ਲੈ ਲਈ ਹੈ ਜੋ ਪਰਮੇਸ਼ੁਰ ਦੇ ਬਚਨ ਵੱਲ ਬਹੁਤ ਘੱਟ ਧਿਆਨ ਦੇਣਾ ਹੈ।

ਸਮਕਾਲੀ ਅਰਾਧਨਾ ਅੰਦੋਲਨ ਦੇ ਕੁਝ ਆਗੂ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਬਚਨ ਦਾ ਲੋਕਾਂ ਵਿੱਚ ਪੜ੍ਹਿਆ ਜਾਣਾ ਹੁਣ ਆਧੁਨਿਕ ਲੋੜਾਂ ਨਾਲ ਗੱਲ ਨਹੀਂ ਕਰਦਾ। ਇੱਕ ਮਸ਼ਹੂਰ ਪਾਸਬਾਨ ਨੇ ਹਾਲ ਹੀ ਵਿੱਚ ਆਪਣੀ ਕਲੀਸੀਆ ਦੇ ਸਟਾਫ ਨੂੰ ਉਸ ਦੇ ਪਰਚਾਰ ਦਾ ਮੁਲਾਂਕਣ ਕਰਨ ਲਈ ਕਿਹਾ। ਉਨ੍ਹਾਂ ਨੇ ਪਾਸਬਾਨ ਨੂੰ ਦੱਸਿਆ ਕਿ ਉਹ ਬਾਈਬਲ ਦੀ ਵਰਤੋਂ ਬਹੁਤ ਜ਼ਿਆਦਾ ਕਰ ਰਿਹਾ ਸੀ! "ਤੁਹਾਡੇ ਲਈ ਇਹ ਚੰਗਾ ਹੈ ਕਿ ਤੁਸੀਂ ਬਾਈਬਲ ਉੱਤੇ ਆਪਣੇ ਸੰਦੇਸ਼ ਨੂੰ ਆਧਾਰਿਤ ਕਰੋ, ਪਰ ਬਿਹਤਰ ਹੈ ਕਿ ਤੁਸੀਂ ਛੇਤੀ ਹੀ ਕਿਸੇ ਢੁਕਵੇਂ ਵਿਸ਼ੇ ਤੇ ਪਹੁੰਚ ਜਾਓ, ਨਹੀਂ ਤਾਂ ਅਸੀਂ ਸੁਣਨਾ ਬੰਦ ਕਰ ਦਿਆਂਗੇ।" ਇਸ ਕਲੀਸੀਆ ਦਾ ਸਟਾਫ ਇਹ ਨਹੀਂ ਸੋਚਦਾ ਸੀ ਕਿ ਬਾਈਬਲ ਅੱਜ ਦੇ ਲੋਕਾਂ ਲਈ ਢੁਕਵੀਂ ਸੀ!

ਅਰਾਧਨਾ ਆਗੂ ਹੋਣ ਦੇ ਨਾਤੇ, ਸਾਡੇ ਲਈ ਅਰਾਧਨਾ ਵਿੱਚ ਬਚਨ ਦੀ ਪ੍ਰਮੁੱਖਤਾ ਨੂੰ ਕਾਇਮ ਰੱਖਣਾ ਜ਼ਰੂਰੀ ਹੈ। ਅਰਾਧਨਾ ਵਿੱਚ, ਅਸੀਂ ਪ੍ਰਾਰਥਨਾ ਅਤੇ ਉਸਤਤ ਦੇ ਗੀਤਾਂ ਦੁਆਰਾ ਪਰਮੇਸ਼ੁਰ ਨਾਲ ਗੱਲ ਕਰਦੇ ਹਾਂ। ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਨੂੰ ਬਚਨ ਦੇ ਪੜ੍ਹਨ ਅਤੇ ਪਰਚਾਰ ਦੁਆਰਾ ਸਾਡੇ ਨਾਲ ਗੱਲ ਕਰਦੇ ਸੁਣਦੇ ਹਾਂ। ਸਾਡੀ ਅਰਾਧਨਾ ਸ਼ੈਲੀ ਭਾਵੇਂ ਜਿਸ ਤਰ੍ਹਾਂ ਦੀ ਮਰਜ਼ੀ ਹੋਵੇ, ਸਾਨੂੰ ਅਰਾਧਨਾ ਵਿੱਚ ਪਰਮੇਸ਼ੁਰ ਦੇ ਬਚਨ ਦੀ ਪ੍ਰਮੁੱਖਤਾ ਨੂੰ ਕਦੇ ਨਹੀਂ ਗੁਆਉਣਾ ਚਾਹੀਦਾ।

» ਨਹਮਯਾਹ 8 ਅਧਿਆਇ ਦੀ ਸਮੀਖਿਆ ਕਰੋ। ਉਸ ਹਰੇਕ ਵਾਕ ਦੀ ਸੂਚੀ ਬਣਾਓ ਜੋ ਇਹ ਦਰਸਾਉਂਦਾ ਹੈ ਕਿ ਲੋਕ ਬਿਵਸਥਾ ਨੂੰ ਪੜ੍ਹਦੇ ਹਨ। ਇਸ ਦੀ ਤੁਲਨਾ ਤੁਸੀਂ ਅੱਜ ਆਪਣੀ ਅਰਾਧਨਾ ਵਿੱਚ ਜੋ ਬਚਨ ਪੜ੍ਹਿਆ ਜਾਂਦਾ ਹੈ ਉਸ ਦੇ ਨਾਲ ਕਰੋ। ਇੱਕ ਵਿਹਾਰਕ ਕਦਮ ਦੀ ਚਰਚਾ ਕਰੋ ਜੋ ਤੁਹਾਡੀ ਅਰਾਧਨਾ ਵਿੱਚ ਬਚਨ ਦੇ ਪ੍ਰਭਾਵ ਨੂੰ ਵਧਾ ਸਕਦਾ ਹੈ।

ਅਰਾਧਨਾ ਵਿੱਚ ਪ੍ਰਾਰਥਨਾ ਦੀ ਮਹੱਤਤਾ

ਕੈਥੀ[63] ਇੱਕ ਸਮਰਪਿਤ ਵਿਸ਼ਵਾਸਣ ਹੈ। ਇੱਥੋਂ ਤਕ ਕਿ ਜਦੋਂ ਉਹ ਸਕੂਲ ਵਿੱਚ ਸੀ, ਉਹ ਰੋਜ਼ ਸਵੇਰੇ ਪਰਮੇਸ਼ੁਰ ਨਾਲ ਇਕੱਲਿਆਂ ਸਮਾਂ ਬਿਤਾਉਣ ਲਈ ਸਮਾਂ ਕੱਢਦੀ ਸੀ। ਨਾਸ਼ਤੇ ਤੋਂ ਪਹਿਲਾਂ, ਉਹ ਬਾਈਬਲ ਪੜ੍ਹਨ ਅਤੇ ਪ੍ਰਾਰਥਨਾ ਵਿੱਚ ਸਮਾਂ ਬਿਤਾਉਂਦੀ ਸੀ।

ਪਰ ਹੁਣ ਜਦੋਂ ਉਹ ਚਾਰ ਬੱਚਿਆਂ ਦੀ ਮਾਂ ਬਣ ਗਈ ਹੈ, ਤਾਂ ਪ੍ਰਾਰਥਨਾ ਅਤੇ ਬਾਈਬਲ ਪੜ੍ਹਨਾ ਔਖਾ ਹੁੰਦਾ ਜਾ ਰਿਹਾ ਹੈ। ਇੱਕ ਬੱਚਾ ਨਵਜਾਤ ਹੈ ਅਤੇ ਰਾਤ ਨੂੰ ਕੈਥੀ ਨੂੰ ਅਕਸਰ ਨੀਂਦ ਤੋਂ ਜਗਾ ਦਿੰਦਾ ਹੈ। ਕੈਥੀ ਨੂੰ ਪਤਾ ਹੈ ਕਿ ਉਹ ਬੱਚਿਆਂ ਦੇ ਜਾਗਣ ਤੋਂ ਪਹਿਲਾਂ ਸਵੇਰੇ ਬਿਸਤਰ ਤੋਂ ਉੱਠਣ ਲਈ ਅਕਸਰ ਜੱਦੋ-ਜਹਿਦ ਕਰਦੀ ਹੈ। ਜਦੋਂ ਰਾਤ ਪੈ ਜਾਂਦੀ ਹੈ, ਉਹ ਪ੍ਰਾਰਥਨਾ ਅਤੇ ਬਾਈਬਲ ਉੱਤੇ ਧਿਆਨ ਕੇਂਦਰਿਤ ਕਰਨ ਲਈ ਬਹੁਤ ਥੱਕੀ ਹੋਈ ਹੁੰਦੀ ਹੈ।

ਐਤਵਾਰ ਆਉਣ ਤੇ ਕੈਥੀ ਖੁਸ਼ ਹੋ ਜਾਂਦੀ ਹੈ। ਹਰ ਐਤਵਾਰ, ਅਰਾਧਨਾ ਦੌਰਾਨ ਉਸ ਨੂੰ ਆਤਮਿਕ ਉਤਸ਼ਾਹ ਮਿਲਦਾ ਹੈ, ਪਰ ਹਫ਼ਤੇ ਦੌਰਾਨ ਉਹ ਨਿਰਾਸ਼ ਹੋ ਜਾਂਦੀ ਹੈ। ਉਹ ਮਹਿਸੂਸ ਕਰਦੀ ਹੈ ਕਿ ਉਸ ਦਾ ਅਰਾਧਨਾ ਜੀਵਨ ਪੂਰੀ ਤਰ੍ਹਾਂ ਅਸਫ਼ਲ ਹੋ ਗਿਆ ਹੈ।

» ਕਿਰਪਾ ਕਰਕੇ ਕੈਥੀ ਨੂੰ ਉਸ ਦੇ ਅਰਾਧਨਾ ਜੀਵਨ ਲਈ ਵਿਹਾਰਕ ਸਲਾਹ ਦਿਓ।

ਅਸੀਂ ਇਸ ਪਾਠ ਦੀ ਸ਼ੁਰੂਆਤ ਅਰਾਧਨਾ ਵਿੱਚ ਬਚਨ ਦੇ ਅਧਿਐਨ ਤੋਂ ਕੀਤੀ ਸੀ। ਅਸੀਂ ਅਰਾਧਨਾ ਵਿੱਚ ਪ੍ਰਾਰਥਨਾ ਦਾ ਅਧਿਐਨ ਜਾਰੀ ਰੱਖਾਂਗੇ। ਬਚਨ ਵਿੱਚ, ਪਰਮੇਸ਼ੁਰ ਸਾਡੇ ਨਾਲ ਗੱਲ ਕਰਦਾ ਹੈ; ਪ੍ਰਾਰਥਨਾ ਵਿੱਚ, ਅਸੀਂ ਪਰਮੇਸ਼ੁਰ ਨੂੰ ਜਵਾਬ ਦਿੰਦੇ ਹਾਂ। ਸਾਡੀ ਅਰਾਧਨਾ ਬਚਨ ਅਤੇ ਪ੍ਰਾਰਥਨਾ ਨਾਲ ਭਰੀ ਹੋਣੀ ਚਾਹੀਦੀ ਹੈ।

ਬਾਈਬਲ ਅਧਾਰਿਤ ਅਰਾਧਨਾ ਵਿੱਚ ਜਨਤਕ ਅਤੇ ਨਿੱਜੀ ਪ੍ਰਾਰਥਨਾ

ਅਸੀਂ ਵੇਖ ਚੁੱਕੇ ਹਾਂ ਕਿ ਜ਼ਬੂਰਾਂ ਦੀ ਪੋਥੀ ਯਹੂਦੀ ਅਰਾਧਨਾ ਦੇ ਲਈ ਭਜਨ ਪੁਸਤਕ ਸੀ। ਇਹ ਯਹੂਦੀ ਅਰਾਧਨਾ ਲਈ "ਪ੍ਰਾਰਥਨਾ ਪੁਸਤਕ" ਵੀ ਸੀ। ਜ਼ਬੂਰਾਂ ਵਿੱਚ ਜਨਤਕ ਅਰਾਧਨਾ ਅਤੇ ਨਿੱਜੀ ਪ੍ਰਾਰਥਨਾ ਲਈ ਪ੍ਰਾਰਥਨਾਵਾਂ ਸ਼ਾਮਲ ਸਨ। ਯਹੂਦੀ ਅਰਾਧਨਾ ਲਈ ਜਨਤਕ ਅਤੇ ਨਿੱਜੀ ਦੋਵੇਂ ਪ੍ਰਾਰਥਨਾਵਾਂ ਮਹੱਤਵਪੂਰਣ ਸਨ।

ਘਰ ਵਿੱਚ, ਵਫ਼ਾਦਾਰ ਯਹੂਦੀ ਲੋਕ ਦਿਨ ਵਿੱਚ ਤਿੰਨ ਵਾਰ ਪ੍ਰਾਰਥਨਾ ਕਰਦੇ ਸਨ (ਦਾਨੀਏਲ 6:10)।[64] ਬਹੁਤ ਸਾਰੇ ਜ਼ਬੂਰ ਨਿੱਜੀ ਪ੍ਰਾਰਥਨਾਵਾਂ ਹਨ। ਇਨ੍ਹਾਂ ਨੂੰ ਪ੍ਰਾਰਥਨਾ ਵਿੱਚ **ਅਸੀਂ** ਦੀ ਬਜਾਇ **ਮੈਂ** ਦੀ ਵਰਤੋਂ ਦੁਆਰਾ ਪਛਾਣਿਆ ਜਾ ਸਕਦਾ ਹੈ। ਨਿੱਜੀ ਪ੍ਰਾਰਥਨਾ ਲਈ ਜ਼ਬੂਰਾਂ ਦੀਆਂ ਉਦਾਹਰਣਾਂ ਵਿੱਚ ਇਹ ਸ਼ਾਮਲ ਹਨ:

---

63 Kathy's story is borrowed from Keith Drury, The Wonder of Worship, (Fishers, IN: Wesleyan Publishing House, 2002), 17.

64 ਵਫ਼ਾਦਾਰ ਯਹੂਦੀਆਂ ਵਿੱਚ ਦਾਨੀਏਲ ਦੀ ਰੀਤ ਆਮ ਸੀ।

- ਜ਼ਬੂਰ 18 – ਧੰਨਵਾਦ ਦਾ ਗੀਤ
- ਜ਼ਬੂਰ 32 – ਮਾਫ਼ੀ ਲਈ ਅਨੰਦ ਦੀ ਪ੍ਰਾਰਥਨਾ[65]
- ਜ਼ਬੂਰ 38 – ਤੋਬਾ ਦੀ ਪ੍ਰਾਰਥਨਾ
- ਜ਼ਬੂਰ 41 – ਦਯਾ ਲਈ ਪ੍ਰਾਰਥਨਾ
- ਜ਼ਬੂਰ 51 – ਤੋਬਾ ਦੀ ਪ੍ਰਾਰਥਨਾ
- ਜ਼ਬੂਰ 88 – ਦੁਖ ਦੇ ਸਮੇਂ ਦਾ ਵਿਰਲਾਪ
- ਜ਼ਬੂਰ 116 – ਪਰਮੇਸ਼ੁਰ ਦੀ ਦੇਖਭਾਲ ਲਈ ਧੰਨਵਾਦ ਦਾ ਗੀਤ

ਹੈਕਲ ਵਿੱਚ, ਯਹੂਦੀ ਅਰਾਧਕ ਜਨਤਕ ਪ੍ਰਾਰਥਨਾ ਵਿੱਚ ਮਿਲ ਕੇ ਸ਼ਾਮਲ ਹੁੰਦੇ ਸਨ। ਹੈਕਲ ਦੇ ਸਮਰਪਿਤ ਕੀਤੇ ਜਾਣ ਸਮੇਂ, ਸੁਲੇਮਾਨ ਨੇ ਲੋਕਾਂ ਉੱਤੇ ਪਰਮੇਸ਼ੁਰ ਦੀ ਕਿਰਪਾ ਲਈ ਇੱਕ ਕੌਮੀ ਪ੍ਰਾਰਥਨਾ ਦੀ ਅਗਵਾਈ ਕੀਤੀ (2 ਇਤਹਾਸ 6)। ਯਸਾਯਾਹ ਨੇ ਯਹੂਦਾਹ ਨੂੰ ਪਰਮੇਸ਼ੁਰ ਦਾ ਸੰਦੇਸ਼ ਦਿੱਤਾ; "ਮੇਰਾ ਘਰ ਤਾਂ ਸਾਰਿਆਂ ਲੋਕਾਂ ਲਈ ਪ੍ਰਾਰਥਨਾ ਦਾ ਘਰ ਸਦਾਵੇਗਾ" (ਯਸਾਯਾਹ 56:7)। ਅਸੀਰੀ ਤੋਂ ਬਾਅਦ, ਸਭਾ-ਘਰ ਦੀ ਅਰਾਧਨਾ ਬਿਵਸਥਾ ਦੇ ਪੜ੍ਹਨ ਅਤੇ ਪ੍ਰਾਰਥਨਾ ਤੇ ਕੇਂਦਰਿਤ ਸੀ। ਸਭਾ-ਘਰ ਵਿੱਚ ਬੰਦਗੀਆਂ ਪ੍ਰਾਰਥਨਾਵਾਂ ਦੀ ਇੱਕ ਲੜੀ ਨਾਲ ਸ਼ੁਰੂ ਹੁੰਦੀਆਂ ਸਨ।

ਅਰੰਭਕ ਕਲੀਸੀਆ ਵਿੱਚ ਪ੍ਰਾਰਥਨਾ ਦਾ ਇਬਰਾਨੀ ਰੂਪ ਜਾਰੀ ਰਿਹਾ। ਪਹਿਲੀ ਸਦੀ ਦੇ ਮਸੀਹੀ ਲੋਕ ਘਰ ਵਿੱਚ ਦਿਨ ਵਿੱਚ ਤਿੰਨ ਵਾਰ ਪ੍ਰਾਰਥਨਾ ਕਰਦੇ ਸਨ। ਜਦੋਂ ਮਸੀਹੀ ਲੋਕ ਅਰਾਧਨਾ ਲਈ ਇਕੱਠੇ ਹੁੰਦੇ ਸਨ, ਤਾਂ ਉਹ ਇੱਕ ਦੇਹ ਵਜੋਂ ਪ੍ਰਾਰਥਨਾ ਕਰਦੇ ਸਨ। ਪ੍ਰਭੂ ਦੀ ਪ੍ਰਾਰਥਨਾ ਹਰੇਕ ਅਰਾਧਨਾ ਬੰਦਗੀ ਦਾ ਹਿੱਸਾ ਸੀ। ਹਰੇਕ ਅਰਾਧਨਾ ਬੰਦਗੀ ਦੌਰਾਨ ਹੋਰ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਸਨ।

> **"ਕਾਫ਼ੀ ਜ਼ਿਆਦਾ ਮਸੀਹੀ ਨਿੱਜੀ ਭਗਤੀ ਦੇ ਸਮੇਂ ਤੇ *ਵਿਸ਼ਵਾਸ ਤਾਂ* ਕਰਦੇ ਹਨ, ਪਰ ਅਸਲ ਵਿੱਚ ਇਸ ਦਾ ਪਾਲਣ ਨਹੀਂ ਕਰਦੇ।"**
>
> **ਕੀਥ ਡਰੂਰੀ**

ਅੱਜ ਦੀ ਅਰਾਧਨਾ ਵਿੱਚ ਪ੍ਰਾਰਥਨਾ

ਜੇ ਬਾਈਬਲ ਅਨੁਸਾਰ ਅਰਾਧਨਾ ਵਿੱਚ ਪ੍ਰਾਰਥਨਾ ਮਹੱਤਵਪੂਰਣ ਸੀ, ਤਾਂ ਸਾਡੀ ਅੱਜ ਦੀ ਅਰਾਧਨਾ ਵਿੱਚ ਵੀ ਪ੍ਰਾਰਥਨਾ ਮਹੱਤਵਪੂਰਣ ਹੋਣੀ ਚਾਹੀਦੀ ਹੈ। ਜਨਤਕ ਅਤੇ ਨਿੱਜੀ ਪ੍ਰਾਰਥਨਾ ਦੋਵੇਂ ਮਹੱਤਵਪੂਰਣ ਹਨ।

ਨਿੱਜੀ ਪ੍ਰਾਰਥਨਾ ਸਾਨੂੰ ਬੇਲ ਨਾਲ ਜੋੜਦੀ ਹੈ ਅਤੇ ਸਾਡੇ ਆਤਮਿਕ ਜੀਵਨਾਂ ਦੇ ਲਈ ਪੋਸ਼ਣ ਪ੍ਰਦਾਨ ਕਰਦੀ ਹੈ। ਨਿੱਜੀ ਪ੍ਰਾਰਥਨਾ ਦੀ ਘਾਟ ਬਹੁਤ ਸਾਰੀਆਂ ਕਲੀਸੀਆਵਾਂ ਵਿੱਚ ਆਤਮਿਕ ਸ਼ਕਤੀ ਦੀ ਘਾਟ ਨੂੰ ਬਿਆਨ ਕਰ ਸਕਦੀ ਹੈ। ਜੇ ਯਿਸੂ ਨੂੰ ਧਰਤੀ ਉੱਤੇ ਆਪਣੀ ਸੇਵਕਾਈ ਦੌਰਾਨ ਨਿੱਜੀ ਪ੍ਰਾਰਥਨਾ ਦੇ ਸਮੇਂ ਦੀ ਲੋੜ ਸੀ, ਤਾਂ ਅਸੀਂ ਆਤਮਿਕ ਪੋਸ਼ਣ ਅਤੇ ਸੇਵਕਾਈ ਵਿੱਚ ਸ਼ਕਤੀ ਲਈ ਪ੍ਰਾਰਥਨਾ ਤੇ ਕਿੰਨਾ ਜ਼ਿਆਦਾ ਨਿਰਭਰ ਹਾਂ।

ਜਨਤਕ ਪ੍ਰਾਰਥਨਾ ਅਰਾਧਨਾ ਦਾ ਇੱਕ ਮਹੱਤਵਪੂਰਣ ਤੱਤ ਹੈ। ਕੁਝ ਕਲੀਸੀਆਵਾਂ ਪ੍ਰਾਰਥਨਾ ਵੱਲ ਬਹੁਤ ਘੱਟ ਧਿਆਨ ਦਿੰਦੀਆਂ ਹਨ। ਇੱਕ ਪਾਸਬਾਨ ਨੇ ਆਪਣੀ ਕਲੀਸੀਆ ਵਿੱਚ ਜਨਤਕ ਪ੍ਰਾਰਥਨਾ ਦੀ ਘਾਟ ਦਾ ਬਚਾਅ ਇਹ ਕਹਿ ਕੇ ਕੀਤਾ, "ਜਦੋਂ ਲੋਕਾਂ ਦੀਆਂ ਅੱਖਾਂ ਬੰਦ ਹੁੰਦੀਆਂ ਹਨ ਤਾਂ ਤੁਸੀਂ ਉਨ੍ਹਾਂ ਦੀ ਦਿਲਚਸਪੀ ਨੂੰ ਬਰਕਰਾਰ ਨਹੀਂ ਰੱਖ ਸਕਦੇ।"[66] ਉਹ ਵਿਸ਼ਵਾਸ ਕਰਦਾ ਸੀ ਕਿ ਸਰੋਤਿਆਂ ਨੂੰ ਪ੍ਰਸੰਨ ਕਰਨਾ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਨਾਲੋਂ ਜ਼ਿਆਦਾ ਮਹੱਤਵਪੂਰਣ ਹੈ।

ਸਮੂਹਿਕ ਪ੍ਰਾਰਥਨਾ ਇਸ ਝੂਠੇ ਵਿਚਾਰ ਨੂੰ ਦਰੁਸਤ ਕਰਦੀ ਹੈ ਕਿ ਮਸੀਹੀਅਤ ਕੇਵਲ ਮੇਰੇ ਅਤੇ ਪਰਮੇਸ਼ੁਰ ਨਾਲ ਮੇਰੇ ਰਿਸ਼ਤੇ ਬਾਰੇ ਹੈ; ਅਸੀਂ ਇੱਕ ਸਰੀਰ ਦੇ ਅੰਗ ਹਾਂ। ਜਦੋਂ ਅਸੀਂ ਪ੍ਰਾਰਥਨਾ ਬੇਨਤੀਆਂ ਨੂੰ ਸੁਣਦੇ ਹਾਂ ਅਤੇ ਸਮੂਹਿਕ ਪ੍ਰਾਰਥਨਾ ਵਿੱਚ ਸ਼ਾਮਲ ਹੁੰਦੇ ਹਾਂ, ਅਸੀਂ ਆਪਣੇ ਸਾਥੀ ਮਸੀਹੀ ਦੀ ਬਿਮਾਰੀ, ਭਾਵਨਾਤਮਕ ਚੋਟਾਂ ਅਤੇ ਜੀਵਨ ਦੇ ਹਾਲਾਤਾਂ ਤੋਂ ਜਾਣੂ ਹੁੰਦੇ ਹਾਂ। ਸਮੂਹਿਕ ਪ੍ਰਾਰਥਨਾ

65 ਇਹ ਜ਼ਬੂਰ ਸ਼ਾਇਦ ਜ਼ਬੂਰ 51 ਵਿੱਚ ਦਾਊਦ ਦੇ ਪਸ਼ਚਾਤਾਪ ਕਰਨ ਤੋਂ ਤੁਰੰਤ ਬਾਅਦ ਲਿਖਿਆ ਗਿਆ ਸੀ।

66 Keith Drury, The Wonder of Worship, (Fishers, IN: Wesleyan Publishing House, 2002), 28 ਤੇ ਹਵਾਲਾ ਦਿੱਤਾ ਗਿਆ ਹੈ।

ਸਾਨੂੰ ਯਾਦ ਦਿਵਾਉਂਦੀ ਹੈ ਕਿ ਕਲੀਸੀਆ ਦੇ ਮੈਂਬਰ ਇੱਕ ਸਰੀਰ ਹਨ। ਸਮੂਹਿਕ ਪ੍ਰਾਰਥਨਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਪਰਮੇਸ਼ੁਰ ਕਲੀਸੀਆ ਦੀ ਇੱਕ ਸਰੀਰ ਵਜੋਂ ਪਰਵਾਹ ਕਰਦਾ ਹੈ।

ਜਿਵੇਂ ਪੂਰੀ ਅਰਾਧਨਾ ਬੰਦਗੀ ਦੌਰਾਨ ਬਚਨ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਉਸੇ ਤਰ੍ਹਾਂ ਸਾਰੀ ਅਰਾਧਨਾ ਬੰਦਗੀ ਦੌਰਾਨ ਪ੍ਰਾਰਥਨਾ ਕੀਤੀ ਜਾਣੀ ਚਾਹੀਦੀ ਹੈ। ਇੱਕ ਸ਼ੁਰੂਆਤੀ ਪ੍ਰਾਰਥਨਾ ਤੋਂ ਲੈ ਕੇ ਜੋ ਬੰਦਗੀ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਦਾ ਸੁਆਗਤ ਕਰਦੀ ਹੈ, ਲੋਕਾਂ ਦੀਆਂ ਜ਼ਰੂਰਤਾਂ ਲਈ ਪ੍ਰਾਰਥਨਾ ਕਰਨ ਦੇ ਵਿਸ਼ੇਸ਼ ਸਮੇਂ ਤੱਕ, ਅਤੇ ਫਿਰ ਬਰਕਤ ਦੀ ਸਮਾਪਤੀ ਪ੍ਰਾਰਥਨਾ ਤੱਕ ਜਦੋਂ ਮੈਂਬਰ ਸੰਸਾਰ ਵਿੱਚ ਸੇਵਾ ਕਰਨ ਲਈ ਰਵਾਨਾ ਹੁੰਦੇ ਹਨ, ਪ੍ਰਾਰਥਨਾ ਦਾ ਧਿਆਨ ਸਾਡੀ ਅਰਾਧਨਾ ਉੱਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ।

ਅਰਾਧਨਾ ਵਿੱਚ ਪ੍ਰਾਰਥਨਾ ਨੂੰ ਮੁੱਖ ਬਣਾਉਣਾ

ਉਹ ਕਿਹੜੇ ਵਿਹਾਰਕ ਤਰੀਕੇ ਹਨ ਜਿਨ੍ਹਾਂ ਨਾਲ ਅਸੀਂ ਪ੍ਰਾਰਥਨਾ ਨੂੰ ਜਨਤਕ ਅਰਾਧਨਾ ਦਾ ਵਧੇਰੇ ਸਾਰਥਕ ਹਿੱਸਾ ਬਣਾ ਸਕਦੇ ਹਾਂ? ਛੇ ਵਿਹਾਰਕ ਸੁਝਾਅ ਇਹ ਹਨ।

"ਮਸੀਹੀ ਜੀਵਨ ਵਿੱਚ ਮੁੱਖ ਤੱਤ ਸਾਡੀ ਨਿੱਜੀ ਹੋਂਦ ਦੇ ਕੇਂਦਰ ਵਜੋਂ ਪਰਮੇਸ਼ੁਰ ਦੀ ਅਰਾਧਨਾ ਅਤੇ ਅਰਾਧਨਾ ਦਾ ਰੋਜ਼ਾਨਾ ਦਾ ਅਨੁਭਵ ਹੈ।"

ਡੈਨਿਸ ਕਿਨਲਾਅ

ਆਪਣੇ ਨਿੱਜੀ ਪ੍ਰਾਰਥਨਾ ਜੀਵਨ ਨੂੰ ਵਿਕਸਿਤ ਕਰੋ।

ਕੋਈ ਵੀ ਅਰਾਧਨਾ ਵਿੱਚ ਦੂਸਰਿਆਂ ਦੀ ਅਗਵਾਈ ਕਰਨ ਲਈ ਉਦੋਂ ਤਕ ਤਿਆਰ ਨਹੀਂ ਹੈ ਜਦੋਂ ਤਕ ਉਹ ਪਹਿਲਾਂ ਅਰਾਧਨਾ ਨਹੀਂ ਕਰ ਲੈਂਦਾ। ਕੋਈ ਵੀ ਜਨਤਕ ਪ੍ਰਾਰਥਨਾ ਦੀ ਅਗਵਾਈ ਕਰਨ ਲਈ ਤਿਆਰ ਨਹੀਂ ਹੈ ਜਦੋਂ ਤਕ ਉਹ ਪਹਿਲਾਂ ਨਿੱਜੀ ਤੌਰ ਤੇ ਪ੍ਰਾਰਥਨਾ ਨਹੀਂ ਕਰਦਾ। ਅਸੀਂ ਸਿਰਫ਼ ਉਦੋਂ ਹੀ ਜਨਤਕ ਪ੍ਰਾਰਥਨਾ ਵਿੱਚ ਅਗਵਾਈ ਕਰਨ ਲਈ ਤਿਆਰ ਹੁੰਦੇ ਹਾਂ ਜਦੋਂ ਅਸੀਂ ਇੱਕ ਨਿੱਜੀ ਪ੍ਰਾਰਥਨਾ ਜੀਵਨ ਨੂੰ ਵਿਕਸਿਤ ਕਰ ਲੈਂਦੇ ਹਾਂ। ਅਰਾਧਨਾ ਆਗੂ ਹੋਣ ਦੇ ਨਾਤੇ, ਆਪਣੇ ਆਪ ਨੂੰ ਰੋਜ਼ਾਨਾ ਨਿੱਜੀ ਪ੍ਰਾਰਥਨਾ ਦੇ ਅਨੁਸ਼ਾਸਨ ਪ੍ਰਤੀ ਸਮਰਪਿਤ ਕਰੋ।

ਪ੍ਰਾਰਥਨਾ ਕਰਨੀ ਸਿੱਖੋ

ਯਿਸੂ ਦੇ ਚੇਲਿਆਂ ਨੇ ਕਿਹਾ, "ਸਾਨੂੰ ਪ੍ਰਾਰਥਨਾ ਕਰਨੀ ਸਿਖਾਲ" (ਲੂਕਾ 11:1)। ਜਵਾਬ ਵਿੱਚ, ਯਿਸੂ ਨੇ ਪ੍ਰਭੂ ਦੀ ਪ੍ਰਾਰਥਨਾ ਵਜੋਂ ਜਾਣੀ ਜਾਂਦੀ ਨਮੂਨਾ ਪ੍ਰਾਰਥਨਾ ਸਿਖਾਈ। ਪ੍ਰਾਰਥਨਾ ਸਿੱਖੀ ਜਾ ਸਕਦੀ ਹੈ।

ਕੁਝ ਹੱਦ ਤੱਕ, ਪਰਮੇਸ਼ੁਰ ਦੇ ਹਰ ਬੱਚੇ ਲਈ ਪ੍ਰਾਰਥਨਾ ਸੁਭਾਵਕ ਹੈ; ਪਰ, ਪ੍ਰਾਰਥਨਾ ਸਿੱਖੀ ਜਾ ਸਕਦੀ ਹੈ। ਇੱਕ ਛੋਟਾ ਬੱਚਾ ਗੱਲ ਕਰਨ ਦਾ ਸਬਕ ਲਏ ਬਿਨਾਂ ਗੱਲ ਕਰਨਾ ਸਿੱਖਦਾ ਹੈ। ਪਰ, ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ, ਉਹ ਭਾਸ਼ਾ, ਸ਼ਬਦਾਵਲੀ ਅਤੇ ਸਹੀ ਬੋਲੀ ਬਾਰੇ ਹੋਰ ਜ਼ਿਆਦਾ ਸਿੱਖਦਾ ਜਾਂਦਾ ਹੈ। ਇਸੇ ਤਰ੍ਹਾਂ, ਇੱਕ ਨੌਜਵਾਨ ਮਸੀਹੀ ਵਿਅਕਤੀ ਸੁਭਾਵਕ ਤੌਰ ਤੇ ਪਰਮੇਸ਼ੁਰ ਨਾਲ ਗੱਲ ਕਰਨ ਦੀ ਇੱਛਾ ਕਰਦਾ ਹੈ, ਪਰ ਜਿਉਂ-ਜਿਉਂ ਅਸੀਂ ਨਿਹਚਾ ਵਿੱਚ ਪਰਿਪੱਕ ਹੁੰਦੇ ਜਾਂਦੇ ਹਾਂ, ਪ੍ਰਾਰਥਨਾ ਬਾਰੇ ਸਾਡੀ ਸਮਝ ਅਤੇ ਪ੍ਰਸ਼ੰਸਾ ਵਧਦੀ ਜਾਂਦੀ ਹੈ।

ਪ੍ਰਾਰਥਨਾ ਦੇ ਵਿਸ਼ੇ ਉੱਤੇ ਪੁਸਤਕਾਂ ਪ੍ਰਾਰਥਨਾ ਦੀ ਤੁਹਾਡੀ ਸਮਝ ਨੂੰ ਮਜ਼ਬੂਤ ਕਰ ਸਕਦੀਆਂ ਹਨ। ਪ੍ਰਾਰਥਨਾ ਦੇ ਵਿਸ਼ੇ ਉੱਤੇ ਕੁਝ ਸ਼ਾਨਦਾਰ ਪੁਸਤਕਾਂ ਜੋ ਹਰ ਮਸੀਹੀ ਵਿਅਕਤੀ ਨੂੰ ਲਾਭ ਪਹੁੰਚਾ ਸਕਦੀਆਂ ਹਨ ਉਹ ਹਨ:

- ਈ. ਐਮ. ਬਾਊਂਡਸ ਦੁਆਰਾ ਲਿਖੀ ਪੁਸਤਕ *ਪਾਵਰ ਥਰੂ ਪਰੇਅਰ*
- ਐਂਡਰਿਯੂ ਮੁਰੇ ਦੁਆਰਾ ਲਿਖੀ ਪੁਸਤਕ *ਵਿਦ ਕ੍ਰਾਈਸਟ ਇਨ ਦ ਸਕੂਲ ਆਫ਼ ਪਰੇਅਰ*
- ਵੈਸਲੀ ਡਿਊਵੈਲ ਦੁਆਰਾ ਲਿਖੀ ਪੁਸਤਕ *ਮਾਈਟੀ ਪ੍ਰੀਵੇਲਿੰਗ ਪਰੇਅਰ*

ਬਚਨ ਦੇ ਸ਼ਬਦਾਂ ਨਾਲ ਪ੍ਰਾਰਥਨਾ ਕਰੋ

ਪ੍ਰਾਰਥਨਾ ਬਾਰੇ ਸਿੱਖਣ ਲਈ ਬਚਨ ਨਾਲੋਂ ਵਧੀਆ ਜਗ੍ਹਾ ਕੋਈ ਨਹੀਂ ਹੈ। ਪ੍ਰਾਰਥਨਾ ਦੀ ਪਹਿਲੀ ਪਾਠਸ਼ਾਲਾ ਬਾਈਬਲ ਹੈ। ਜ਼ਬੂਰ ਅਤੇ ਬਾਈਬਲ ਦੀਆਂ ਹੋਰ ਪ੍ਰਾਰਥਨਾਵਾਂ ਸਾਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਰਥਨਾ ਕਰਨੀ ਸਿਖਾਉਂਦੀਆਂ ਹਨ। ਕਲੀਸੀਆ ਦੇ ਇਤਿਹਾਸ ਦੁਆਰਾ, ਮਹਾਨ ਮਸੀਹੀ ਲੋਕਾਂ ਨੇ ਆਪਣੀਆਂ ਪ੍ਰਾਰਥਨਾਵਾਂ ਨੂੰ ਬਚਨ ਨਾਲ ਭਰ ਦਿੱਤਾ ਹੈ। ਬਾਈਬਲ ਦੀਆਂ ਕੁਝ ਮਹਾਨ ਪ੍ਰਾਰਥਨਾਵਾਂ ਵਿੱਚ ਸ਼ਾਮਲ ਹਨ:

- ***ਅਰਾਧਨਾ ਦੀਆਂ ਪ੍ਰਾਰਥਨਾਵਾਂ।*** ਕੂਚ 15:1-18, 1 ਸਮੂਏਲ 2:1-10, 1 ਇਤਹਾਸ 29:11-20, ਲੂਕਾ 1:46-55, ਲੂਕਾ 1:68-79, 1 ਤਿਮੋਥਿਉਸ 6:15-16, ਅਤੇ ਪਰਕਾਸ਼ ਦੀ ਪੋਥੀ 4:8-5:14.
- ***ਇਕਰਾਰ ਦੀਆਂ ਪ੍ਰਾਰਥਨਾਵਾਂ।*** ਅਜ਼ਰਾ 9:5-15, ਜ਼ਬੂਰ 51 ਅਤੇ ਦਾਨੀਏਲ 9:4-19.
- ***ਸਿਫ਼ਾਰਸ਼ ਦੀਆਂ ਪ੍ਰਾਰਥਨਾਵਾਂ।*** ਉਤਪਤ 18:23-33, ਕੂਚ 32:11-14, ਅਫ਼ਸੀਆਂ 1:15-23, ਅਤੇ ਫ਼ਿਲਿੱਪੀਆਂ 1:9-11.

ਪਰਮੇਸ਼ੁਰ ਨਾਲ ਸੰਗਤੀ ਕਰਨ ਤੇ ਧਿਆਨ ਕੇਂਦਰਿਤ ਕਰੋ

ਬਹੁਤ ਵਾਰ, ਸਾਡੀ ਪ੍ਰਾਰਥਨਾ ਸਿਰਫ਼ ਪਰਮੇਸ਼ੁਰ ਨੂੰ ਬੇਨਤੀਆਂ ਕਰਨ ਵਾਲੀ ਹੁੰਦੀ ਹੈ। ਕੁਝ ਲੋਕ ਪਰਮੇਸ਼ੁਰ ਨੂੰ ਬੇਨਤੀਆਂ ਦੀ ਇੱਕ ਸੂਚੀ ਦਿੰਦੇ ਹਨ, ਬੀਤੇ ਕੱਲ੍ਹ ਦੀਆਂ ਬੇਨਤੀਆਂ ਦਾ ਉੱਤਰ ਦੇਣ ਲਈ ਉਸ ਦਾ ਧੰਨਵਾਦ ਕਰਦੇ ਹਨ ਅਤੇ ਫਿਰ। "ਆਮੀਨ" ਕਹਿੰਦੇ ਹਨ। ਸੱਚੀ ਪ੍ਰਾਰਥਨਾ ਬੇਨਤੀਆਂ ਦੀ ਸੂਚੀ ਤੋਂ ਵੱਧ ਹੋਣੀ ਚਾਹੀਦੀ ਹੈ; ਪ੍ਰਾਰਥਨਾ ਪਰਮੇਸ਼ੁਰ ਨਾਲ ਸੰਗਤੀ ਹੈ।

ਪ੍ਰਭੂ ਦੀ ਪ੍ਰਾਰਥਨਾ, ਪ੍ਰਾਰਥਨਾ ਲਈ ਇੱਕ ਨਮੂਨਾ ਪ੍ਰਦਾਨ ਕਰਦੀ ਹੈ (ਮੱਤੀ 6:9-13)। ਪ੍ਰਭੂ ਦੀ ਪ੍ਰਾਰਥਨਾ ਵਿੱਚ ਸ਼ਾਮਲ ਹੈ:

- **ਅਰਾਧਨਾ:** "ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ।"
- **ਅਧੀਨਗੀ:** "ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।"
- **ਬੇਨਤੀ:** "ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ।"
- **ਇਕਰਾਰ:** "ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ।"
- **ਮਾਰਗਦਰਸ਼ਨ ਲਈ ਪ੍ਰਾਰਥਨਾ:** "ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ।"
- **ਉਸਤਤ:** "ਕਿਉਂਕਿ ਰਾਜ, ਪਰਾਕਰਮ ਅਤੇ ਮਹਿਮਾ ਸਦਾ ਤੇਰੀ ਹੈ। ਆਮੀਨ।"

ਬਹੁਤ ਸਾਰੇ ਮਸੀਹੀ ਲੋਕ ਚਾਰ-ਭਾਗ ਵਾਲੇ ਨਮੂਨੇ ਦੀ ਪਾਲਣਾ ਕਰਦੇ ਹਨ ਜਿਸ ਵਿੱਚ ਯਿਸੂ ਦੀ ਨਮੂਨੇ ਦੀ ਪ੍ਰਾਰਥਨਾ ਵਿੱਚ ਹਰ ਇੱਕ ਤੱਤ ਸ਼ਾਮਲ ਹੁੰਦਾ ਹੈ: ਅਰਾਧਨਾ, ਇਕਰਾਰ, ਧੰਨਵਾਦ ਅਤੇ ਬੇਨਤੀ।

ਅਰਾਧਨਾ

ਪ੍ਰਾਰਥਨਾ ਵਿੱਚ ਕਦੇ ਵੀ ਅਰਾਧਨਾ ਅਤੇ ਉਸਤਤ ਕਰਨ ਨੂੰ ਨਹੀਂ ਭੁੱਲਣਾ ਚਾਹੀਦਾ। ਉਸਤਤ ਦੇ ਨਾਲ ਸ਼ੁਰੂ ਕਰਕੇ, ਅਸੀਂ ਇਹ ਨਿਸ਼ਚਤ ਕਰਦੇ ਹਾਂ ਕਿ ਸਾਡੀ ਪ੍ਰਾਰਥਨਾ ਮਦਦ ਲਈ ਬੇਨਤੀਆਂ ਦੀ ਸੂਚੀ ਤੋਂ ਵੱਧ ਕੇ ਹੈ। ਜ਼ਬੂਰ ਪ੍ਰਾਰਥਨਾ ਦੇ ਲਈ ਇੱਕ ਨਮੂਨਾ ਪ੍ਰਦਾਨ ਕਰਦੇ ਹਨ ਜੋ ਉਸਤਤ ਉੱਤੇ ਆਧਾਰਿਤ ਹੈ। ਇੱਥੋਂ ਤੱਕ ਕਿ ਵਿਰਲਾਪ ਦੇ ਜ਼ਬੂਰਾਂ ਵਿੱਚ ਵੀ ਉਸਤਤ ਸ਼ਾਮਲ ਹੈ। ਜੇਕਰ ਪ੍ਰਾਰਥਨਾ ਸੱਚੀ ਅਰਾਧਨਾ ਹੈ, ਤਾਂ ਇਸ ਵਿੱਚ ਪਰਮੇਸ਼ੁਰ ਦੀ ਅਰਾਧਨਾ ਸ਼ਾਮਲ ਹੋਵੇਗੀ।

ਇਕਰਾਰ

ਯਸਾਯਾਹ 6 ਅਧਿਆਇ ਵਿਖਾਉਂਦਾ ਹੈ ਕਿ ਜਦੋਂ ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਵੇਖਾਂਗੇ। ਜਦੋਂ ਅਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੀ ਸੰਪੂਰਨ ਸ਼ੁੱਧਤਾ ਦੀ ਰੌਸ਼ਨੀ ਵਿੱਚ ਵੇਖਦੇ ਹਾਂ, ਤਾਂ ਅਸੀਂ ਇਕਰਾਰ ਦੀ ਸਾਡੀ ਲੋੜ ਨੂੰ ਜਾਣਦੇ ਹਾਂ। ਕੋਈ ਵੀ ਮਸੀਹੀ ਵਿਅਕਤੀ ਨੂੰ, ਭਾਵੇਂ ਉਹ ਕਿੰਨਾ ਵੀ ਪਰਿਪੱਕ ਹੋਵੇ, ਭਾਵੇਂ ਉਹ ਪਰਮੇਸ਼ੁਰ ਦੇ ਨਾਲ ਕਿੰਨੀ ਵੀ ਗਹਿਰਾਈ ਨਾਲ ਚੱਲਦਾ ਹੋਵੇ, ਉਸ ਸਥਾਨ ਤੇ ਪਹੁੰਚਣਾ ਚਾਹੀਦਾ ਹੈ ਜਿੱਥੇ ਉਹ ਕਹਿ ਸਕੇ, "ਮੈਨੂੰ ਇਕਰਾਰ ਕਰਨ ਦੀ ਕੋਈ ਲੋੜ ਨਹੀਂ ਹੈ। ਮੇਰੀ ਸੰਪੂਰਨਤਾ ਪੂਰਨ ਹੈ।'' ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, "ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਹੋ ... ਅਤੇ ਸਾਡੇ ਪਾਪ ਸਾਨੂੰ ਮਾਫ਼ ਕਰ, ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜਾਈ ਨੂੰ ਮਾਫ਼ ਕਰਦੇ ਹਾਂ" (ਲੂਕਾ 11:4)। ਸੱਚੀ ਅਰਾਧਨਾ ਵਿੱਚ ਇਕਰਾਰ ਵੀ ਸ਼ਾਮਲ ਹੁੰਦਾ ਹੈ।

ਧੰਨਵਾਦ

ਅਰਾਧਨਾ ਪਰਮੇਸ਼ੁਰ ਦੀ ਸ਼ਖ਼ਸੀਅਤ ਦੇ ਲਈ ਉਸ ਦੀ ਉਸਤਤ ਕਰਨਾ ਹੈ; ਧੰਨਵਾਦ ਉਸ ਲਈ ਪਰਮੇਸ਼ੁਰ ਦੀ ਉਸਤਤ ਕਰਨਾ ਹੈ ਜੋ ਉਹ ਸਾਡੇ ਸੰਸਾਰ ਵਿੱਚ ਕਰ ਰਿਹਾ ਹੈ। ਧੰਨਵਾਦ ਇਸ ਗੱਲ ਨੂੰ ਸਮਝਣਾ ਹੈ ਕਿ ਹਰੇਕ ਚੰਗਾ ਦਾਨ ਅਤੇ ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ (ਯਾਕੂਬ 1:17)। ਧੰਨਵਾਦ ਵਿੱਚ, ਅਸੀਂ ਉਸ ਲਈ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ ਜੋ ਉਸ ਨੇ ਸਾਡੇ ਜੀਵਨ ਵਿੱਚ ਕੀਤਾ ਹੈ। 10 ਕੋੜ੍ਹੀਆਂ ਦੀ ਕਹਾਣੀ ਧੰਨਵਾਦ ਦੇ ਮਹੱਤਵ ਨੂੰ ਦਰਸਾਉਂਦੀ ਹੈ (ਲੂਕਾ 17:12-19)।

ਬੇਨਤੀ

ਪ੍ਰਭੂ ਦੀ ਪ੍ਰਾਰਥਨਾ ਵਿੱਚ, ਯਿਸੂ ਨੇ ਵਿਖਾਇਆ ਕਿ ਪਰਮੇਸ਼ੁਰ ਆਪਣੇ ਬੱਚਿਆਂ ਦੀਆਂ ਬੇਨਤੀਆਂ ਨੂੰ ਮਹੱਤਵ ਦਿੰਦਾ ਹੈ। ਪਰਮੇਸ਼ੁਰ ਧਰਤੀ ਦੇ ਕਿਸੇ ਹਾਕਮ ਵਰਗਾ ਨਹੀਂ ਹੈ ਜੋ ਇੱਕ ਆਮ ਨਾਗਰਿਕ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਬਹੁਤ ਰੁੱਝਿਆ ਹੋਇਆ ਹੈ। ਇਸ ਦੀ ਬਜਾਇ, ਪਰਮੇਸ਼ੁਰ ਸੰਪੂਰਣ ਪਿਤਾ ਹੈ ਜੋ ਆਪਣੇ ਬੱਚਿਆਂ ਨੂੰ ਚੰਗੀਆਂ ਦਾਤਾਂ ਦੇਣ ਵਿੱਚ ਪ੍ਰਸੰਨ ਹੁੰਦਾ ਹੈ। ਪ੍ਰਭੂ ਦੀ ਪ੍ਰਾਰਥਨਾ ਵਿੱਚ, ਸਾਨੂੰ ਆਮ ਜ਼ਰੂਰਤਾਂ ("ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ।") ਅਤੇ ਆਤਮਿਕ ਮਾਰਗਦਰਸ਼ਨ ਲਈ ("ਸਾਨੂੰ ਪਰਤਾਵੇ ਵਿੱਚ ਨਾ ਲਿਆ") ਪ੍ਰਾਰਥਨਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਪ੍ਰਭੂ ਦੀ ਪ੍ਰਾਰਥਨਾ ਵਿੱਚ, ਜਦੋਂ ਅਸੀਂ ਬੇਨਤੀਆਂ ਕਰਦੇ ਹਾਂ ਤਾਂ ਅਸੀਂ ਆਪਣੀ ਇੱਛਾ ਪਰਮੇਸ਼ੁਰ ਨੂੰ ਸੌਂਪਣਾ ਸਿੱਖਦੇ ਹਾਂ। ਭਰੋਸਾ ਰੱਖਣ ਵਾਲੇ ਬੱਚਿਆਂ ਵਜੋਂ, ਅਸੀਂ ਸਿੱਖਦੇ ਹਾਂ ਕਿ ਉਸ ਦੀ ਇੱਛਾ ਉੱਤਮ ਹੈ; ਉਸ ਦੀ "ਨਾਂਹ" ਸਾਡੇ ਭਲੇ ਲਈ ਹੈ। ਪ੍ਰਾਰਥਨਾ ਕੋਈ ਜਾਦੂਈ ਉਪਕਰਣ ਨਹੀਂ ਹੈ ਜਿਸ ਨਾਲ ਪਰਮੇਸ਼ੁਰ ਨੂੰ ਸਾਡੀ ਇੱਛਾ ਲਈ ਮਜਬੂਰ ਕੀਤਾ ਜਾ ਸਕੇ। ਪ੍ਰਾਰਥਨਾ ਇੱਕ ਆਤਮਿਕ ਅਨੁਸ਼ਾਸਨ ਹੈ ਜੋ ਸਾਨੂੰ ਖੁਸ਼ੀ-ਖੁਸ਼ੀ ਪਰਮੇਸ਼ੁਰ ਦੀ ਇੱਛਾ ਦੇ ਅਧੀਨ ਲੈ ਕੇ ਆਉਂਦਾ ਹੈ।

ਆਪਣੀਆਂ ਤਰਜੀਹਾਂ ਨੂੰ ਪਰਮੇਸ਼ੁਰ ਦੀਆਂ ਤਰਜੀਹਾਂ ਦੇ ਨਾਲ ਇਕਸਾਰ ਕਰੋ

ਪ੍ਰਾਰਥਨਾ ਅਕਸਰ ਵਿਖਾਉਂਦੀ ਹੈ ਕਿ ਸਾਡੇ ਲਈ ਸਭ ਤੋਂ ਮਹੱਤਵਪੂਰਣ ਕੀ ਹੈ। ਕਿਹੜੀ ਚੀਜ਼ ਸਾਡੀ ਸਭ ਤੋਂ ਸੱਚੀ ਪ੍ਰਾਰਥਨਾ, ਸਰੀਰਕ ਲੋੜਾਂ ਜਾਂ ਆਤਮਿਕ ਲੋੜਾਂ ਨੂੰ ਪ੍ਰੇਰਿਤ ਕਰਦੀ ਹੈ?

ਥੱਸਲੁਨੀਕੇ ਵਿੱਚ ਮਸੀਹੀ ਲੋਕਾਂ ਲਈ ਆਪਣੀ ਪ੍ਰਾਰਥਨਾ ਵਿੱਚ, ਪੌਲੁਸ ਨੇ ਕਿਹਾ, "ਇਸੇ ਕਰਕੇ ਅਸੀਂ ਤੁਹਾਡੇ ਲਈ ਸਦਾ ਪ੍ਰਾਰਥਨਾ ਕਰਦੇ ਰਹਿੰਦੇ ਹਾਂ ਭਈ ਤੁਹਾਨੂੰ ਸਾਡਾ ਪਰਮੇਸ਼ੁਰ ਤੁਹਾਡੇ ਸੱਦੇ ਦੇ ਜੋਗ ਜਾਣੇ ਅਤੇ ਨੇਕੀ ਦੀ ਸਾਰੀ ਭਾਵਨਾ ਨੂੰ ਅਤੇ ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ ਪੂਰਿਆਂ ਕਰੇ, ਤਾਂ ਜੋ ਸਾਡੇ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਦੇ ਅਨੁਸਾਰ ਤੁਹਾਡੇ ਵਿੱਚ ਸਾਡੇ ਪ੍ਰਭੂ ਯਿਸੂ ਦਾ ਨਾਮ ਵਡਿਆਇਆ ਜਾਵੇ ਅਤੇ ਉਸ ਵਿੱਚ ਤੁਸੀਂ ਵੀ..." (2 ਥੱਸਲੁਨੀਕੀਆਂ 1:11-12)। ਪੌਲੁਸ ਦੀ ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਪਰਮੇਸ਼ੁਰ ਉਨ੍ਹਾਂ ਦੇ ਜੀਵਨ ਵਿੱਚ ਆਪਣੇ ਉਦੇਸ਼ ਨੂੰ ਪੂਰਾ ਕਰੇ। ਇਨ੍ਹਾਂ ਮਸੀਹੀ ਲੋਕਾਂ ਨੂੰ ਸਤਾਇਆ ਜਾ ਰਿਹਾ ਸੀ, ਪਰ ਪਰਮੇਸ਼ੁਰ ਅੱਗੇ ਪੌਲੁਸ ਦੀ ਪ੍ਰਾਰਥਨਾ ਉਨ੍ਹਾਂ ਨੂੰ ਦੁੱਖਾਂ ਤੋਂ ਬਚਾਉਣ ਲਈ ਨਹੀਂ ਸੀ। ਬਲਕਿ, ਉਸ ਨੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਵਿੱਚ ਪ੍ਰਭੂ ਯਿਸੂ ਦਾ ਨਾਮ ਵਡਿਆਇਆ ਜਾਂਦਾ।

ਜਿਵੇਂ ਸਾਡੀਆਂ ਬੇਨਤੀਆਂ ਸਾਡੀਆਂ ਤਰਜੀਹਾਂ ਨੂੰ ਦਰਸਾਉਂਦੀਆਂ ਹਨ, ਉਸੇ ਤਰ੍ਹਾਂ ਸਾਡਾ ਧੰਨਵਾਦ ਸਾਡੀਆਂ ਤਰਜੀਹਾਂ ਨੂੰ ਦਰਸਾਉਂਦਾ ਹੈ। ਜੇ ਸਾਡਾ ਜ਼ਿਆਦਾਤਰ ਧੰਨਵਾਦ ਭੌਤਿਕ ਬਰਕਤਾਂ ਲਈ ਹੈ, ਤਾਂ ਸ਼ਾਇਦ ਇਹ ਭੌਤਿਕ ਬਰਕਤਾਂ ਹੀ ਹਨ ਜਿਨ੍ਹਾਂ ਨੂੰ ਅਸੀਂ ਸਭ ਤੋਂ ਵੱਧ ਮਹੱਤਵ ਦਿੰਦੇ ਹਾਂ। ਜੇ ਸਾਡਾ ਜ਼ਿਆਦਾਤਰ ਧੰਨਵਾਦ ਸਾਡੇ ਆਤਮਿਕ ਜੀਵਨ ਵਿੱਚ ਪਰਮੇਸ਼ੁਰ ਦੀ ਵੱਲੋਂ ਮਦਦ ਪ੍ਰਾਪਤ ਕਰਨ ਲਈ ਹੈ, ਤਾਂ ਇਹ ਆਤਮਿਕ ਵਿਕਾਸ ਹੈ ਜਿਸ ਨੂੰ ਅਸੀਂ ਸਭ ਤੋਂ ਵੱਧ ਮਹੱਤਵ ਦਿੰਦੇ ਹਾਂ।

ਥੱਸਲੁਨੀਕੀਆਂ ਲਈ ਆਪਣੀ ਪ੍ਰਾਰਥਨਾ ਵਿੱਚ, ਪੌਲੁਸ ਨੇ ਪਰਮੇਸ਼ੁਰ ਦਾ ਧੰਨਵਾਦ ਕੀਤਾ ਕਿਉਂਕਿ ਉਨ੍ਹਾਂ ਦੀ ਨਿਹਚਾ ਬਹੁਤ ਵਧ ਰਹੀ ਸੀ ਅਤੇ ਇੱਕ ਦੂਜੇ ਲਈ ਵੀ ਉਨ੍ਹਾਂ ਦਾ ਪਿਆਰ ਵਧ ਰਿਹਾ ਸੀ (2 ਥੱਸਲੁਨੀਕੀਆਂ 1:3)। ਉਸ ਦਾ ਸਭ ਤੋਂ ਜ਼ਿਆਦਾ ਧੰਨਵਾਦ ਦੁਨਿਆਵੀ ਬਰਕਤਾਂ ਲਈ ਨਹੀਂ ਸੀ; ਉਸ ਦਾ ਸਭ ਤੋਂ ਜ਼ਿਆਦਾ ਧੰਨਵਾਦ ਉਨ੍ਹਾਂ ਦੇ ਆਤਮਿਕ ਵਿਕਾਸ ਲਈ ਸੀ। ਤੁਹਾਡੇ ਧੰਨਵਾਦ ਦੇਣ ਦਾ ਸਭ ਤੋਂ ਵੱਡਾ ਕਾਰਣ ਕੀ ਹੈ, ਕੋਈ ਆਰਥਿਕ ਬਰਕਤ ਜਾਂ ਤੁਹਾਡੇ ਜੀਵਨ ਵਿੱਚ ਆਤਮਿਕ ਵਿਕਾਸ ਦਾ ਸਬੂਤ?

ਕਲੀਸੀਆ ਨਾਲ ਨਹੀਂ, ਪਰਮੇਸ਼ੁਰ ਨਾਲ ਗੱਲ ਕਰੋ

ਬਚਨ ਦੁਆਰਾ, ਪਰਮੇਸ਼ੁਰ ਕਲੀਸੀਆ ਨਾਲ ਗੱਲ ਕਰਦਾ ਹੈ। ਪ੍ਰਾਰਥਨਾ ਵਿੱਚ, ਕਲੀਸੀਆ ਪਰਮੇਸ਼ੁਰ ਨਾਲ ਗੱਲ ਕਰਦੀ ਹੈ। ਜਨਤਕ ਪ੍ਰਾਰਥਨਾ ਦਾ ਸਮਾਂ ਆਗੂ ਲਈ ਲੋਕਾਂ ਨੂੰ (ਪ੍ਰਾਰਥਨਾ ਦੁਆਰਾ) ਉਹ ਦੱਸਣ ਦਾ ਮੌਕਾ ਨਹੀਂ ਹੈ ਜੋ ਉਹ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹੈ! ਪ੍ਰਾਰਥਨਾ ਪਰਮੇਸ਼ੁਰ ਨਾਲ ਗੱਲ ਕਰਨਾ ਹੈ।

ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਕਿਵੇਂ ਸੱਚੀ ਅਰਾਧਨਾ ਦੀ ਭਾਵਨਾ ਨਾਲ ਪ੍ਰਾਰਥਨਾ ਕਰਨੀ ਹੈ:

> ਅਤੇ ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਪਟੀਆਂ ਵਾਂਙੂ ਨਾ ਹੋ। ਕਿਉਂ ਜੋ ਓਹ ਸਮਾਜਾਂ ਅਤੇ ਚੌਂਕਾਂ ਦੇ ਖੂੰਜਿਆਂ ਵਿੱਚ ਖੜੇ ਹੋਕੇ ਪ੍ਰਾਰਥਨਾ ਕਰਨੀ ਪਸਿੰਦ ਕਰਦੇ ਹਨ ਜੋ ਮਨੁੱਖ ਉਨ੍ਹਾਂ ਨੂੰ ਵੇਖਣ। ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਓਹ ਆਪਣਾ ਫਲ ਪਾ ਚੁੱਕੇ। ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ। ਅਤੇ ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆਂ ਪਰਾਈਆਂ ਕੌਮਾਂ ਦੇ ਲੋਕਾਂ ਵਾਂਗਰ ਬਕ ਬਕ ਨਾ ਕਰੋ ਕਿਉਂ ਜੋ ਓਹ ਸਮਝਦੇ ਹਨ ਭਈ ਸਾਡੇ ਬਹੁਤ ਬੋਲਣ ਕਰਕੇ ਸਾਡੀ ਸੁਣੀ ਜਾਵੇਗੀ। ਸੋ ਤੁਸੀਂ ਉਨ੍ਹਾਂ ਵਰਗੇ ਨਾ ਹੋਵੋ ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤੁਹਾਨੂੰ ਕਿਨ੍ਹਾਂ ਕਿਨ੍ਹਾਂ ਵਸਤਾਂ ਦੀ ਲੋੜ ਹੈ (ਮੱਤੀ 6:5-8)।

ਸੱਚੀ ਪ੍ਰਾਰਥਨਾ ਪਰਮੇਸ਼ੁਰ ਜਾਂ ਕਲੀਸੀਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕਰਦੀ; ਇਹ ਸਾਡੇ ਸਵਰਗੀ ਪਿਤਾ ਨਾਲ ਸਰਲ ਅਤੇ ਸਪੱਸ਼ਟ ਤੌਰ ਤੇ ਗੱਲ ਕਰਨਾ ਹੈ।

» ਤੁਸੀਂ ਆਪਣੇ ਨਿੱਜੀ ਪ੍ਰਾਰਥਨਾ ਜੀਵਨ ਵਿੱਚ ਵਾਧਾ ਕਰਨ ਲਈ ਕੀ ਕਰੋਗੇ? ਤੁਸੀਂ ਆਪਣੀ ਕਲੀਸੀਆ ਵਿੱਚ ਪ੍ਰਾਰਥਨਾ ਨੂੰ ਜਨਤਕ ਅਰਾਧਨਾ ਦਾ ਇੱਕ ਹੋਰ ਸਾਰਥਕ ਹਿੱਸਾ ਕਿਵੇਂ ਬਣਾਓਗੇ?

ਪਰਮੇਸ਼ੁਰ ਦੇ ਬਚਨ ਦੇ ਪ੍ਰਤੀ ਉੱਤਰ ਦੇ ਰੂਪ ਵਿੱਚ ਭੇਟ

ਪ੍ਰਾਰਥਨਾ ਪਰਮੇਸ਼ੁਰ ਦੇ ਬਚਨ ਪ੍ਰਤੀ ਇੱਕ ਸੁਭਾਵਕ ਜਵਾਬ ਹੈ। ਇਸ ਕਰਕੇ, ਸਾਨੂੰ ਬਚਨ ਪੜ੍ਹਨ ਅਤੇ ਪ੍ਰਾਰਥਨਾ ਦੇ ਨਾਲ ਸੰਦੇਸ਼ ਦੀ ਪਾਲਣਾ ਕਰਨੀ ਚਾਹੀਦੀ ਹੈ। ਪ੍ਰਾਰਥਨਾ ਵਿੱਚ, ਅਸੀਂ ਪਰਮੇਸ਼ੁਰ ਦੇ ਬਚਨ ਤੋਂ ਪ੍ਰਾਪਤ ਕੀਤੀ ਸਚਿਆਈ ਪ੍ਰਤੀ ਜਵਾਬ ਦਿੰਦੇ ਹਾਂ; ਅਸੀਂ ਆਪਣੇ ਆਪ ਨੂੰ ਆਗਿਆਕਾਰੀ ਦੇ ਲਈ ਸਮਰਪਿਤ ਕਰਦੇ ਹਾਂ।

ਭੇਟ ਪਰਮੇਸ਼ੁਰ ਦੇ ਬਚਨ ਦਾ ਪ੍ਰਤੀਉੱਤਰ ਵੀ ਹੈ। ਪੁਰਾਣੇ ਨੇਮ ਵਿੱਚ, ਬਲੀਦਾਨ (ਭੇਟ) ਬਿਵਸਥਾ (ਪਰਮੇਸ਼ੁਰ ਦੇ ਬਚਨ) ਪ੍ਰਤੀ ਅਰਾਧਕ ਦੀ ਪ੍ਰਤੀਕਿਰਿਆ ਸੀ। ਨਵੇਂ ਨੇਮ ਵਿੱਚ, ਭੇਟ ਸਾਡੇ ਸਮੁੱਚੇ ਜੀਵਨ ਨੂੰ ਪਰਮੇਸ਼ੁਰ ਅੱਗੇ ਸਮਰਪਿਤ ਕਰਨ ਦਾ ਪ੍ਰਤੀਕ ਹੈ।

ਭੇਟ ਅਰਾਧਨਾ ਦਾ ਹਿੱਸਾ ਹੈ। ਜ਼ਬੂਰ ਦੇ ਲੇਖਕ ਨੇ ਅਰਾਧਕਾਂ ਨੂੰ ਭੇਟ ਲਿਆਉਣ ਅਤੇ ਉਸ ਦੇ ਦਰਬਾਰ ਵਿੱਚ ਆਉਣ ਲਈ ਕਿਹਾ (ਜ਼ਬੂਰ 96:8)। ਇਬਰਾਨੀਆਂ ਦੇ ਲੇਖਕ ਨੇ ਅਰਾਧਨਾ ਨੂੰ ਦੇਣ ਨਾਲ ਜੋੜਿਆ; "ਭਲਾ ਕਰਨੋਂ ਅਤੇ ਪਰਉਪਕਾਰ ਕਰਨੋਂ ਨਾ ਭੁੱਲਿਓ ਕਿਉਂਕਿ ਅਜੇਹਿਆਂ ਬਲੀਦਾਨਾਂ ਤੋਂ ਪਰਮੇਸ਼ੁਰ ਪਰਸੰਨ ਹੁੰਦਾ ਹੈ" (ਇਬਰਾਨੀਆਂ 13:16)। ਪੌਲੁਸ ਨੇ ਫ਼ਿਲਿੱਪੀਆਂ ਨੂੰ ਦੱਸਿਆ ਕਿ ਉਨ੍ਹਾਂ ਦਾ ਬਲੀਦਾਨ ਧੂਪ ਦੀ ਸੁਗੰਧ ਹੈ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ (ਫ਼ਿਲਿੱਪੀਆਂ 4:18)।

ਅਰਾਧਨਾਪੂਰਨ ਦਾਨ ਦੇਣ ਦਾ ਧਰਮ-ਗਿਆਨ

ਚਰਚ ਜਾਣ ਵਾਲੇ ਬਹੁਤ ਸਾਰੇ ਲੋਕ ਭੇਟ ਨੂੰ ਮੁੱਖ ਤੌਰ ਤੇ ਚਰਚ ਦੇ ਖਰਚੇ ਚੁਕਾਉਣ ਦੇ ਤਰੀਕੇ ਵਜੋਂ ਵੇਖਦੇ ਹਨ। ਇਹ ਭੇਟ ਨੂੰ ਅਰਾਧਨਾ ਦੇ ਆਤਮਿਕ ਕਾਰਜ ਦੀ ਬਜਾਇ ਇੱਕ ਵਿੱਤੀ ਲੈਣ-ਦੇਣ ਬਣਾ ਦਿੰਦਾ ਹੈ। ਮਸੀਹੀ ਮੁਖ਼ਤਿਆਰਪੁਣੇ ਨੂੰ ਅਰਾਧਨਾ ਦਾ ਹਿੱਸਾ ਸਮਝਣਾ ਚਾਹੀਦਾ ਹੈ। ਹੇਠਾਂ ਦਿੱਤੇ ਸਿਧਾਂਤਾਂ ਵਿੱਚੋਂ ਹਰੇਕ ਨੂੰ ਦੇਣ ਦੇ ਸਾਡੇ ਧਰਮ-ਗਿਆਨ ਦਾ ਹਿੱਸਾ ਹੋਣਾ ਚਾਹੀਦਾ ਹੈ।

ਅਰਾਧਨਾਪੂਰਨ ਦਾਨ ਦੇਣਾ ਕਿਰਪਾ ਦੁਆਰਾ ਪ੍ਰੇਰਿਤ ਹੁੰਦਾ ਹੈ, ਡਰ ਦੁਆਰਾ ਨਹੀਂ।

ਅਰਾਧਨਾ ਦੇ ਕਾਰਜ ਵਜੋਂ ਦਾਨ ਦੇਣਾ ਪਰਮੇਸ਼ੁਰ ਦੀ ਕਿਰਪਾ ਲਈ ਧੰਨਵਾਦ ਦੁਆਰਾ ਪ੍ਰੇਰਿਤ ਹੁੰਦਾ ਹੈ। ਪੌਲੁਸ ਨੇ ਕੁਰਿੰਥੀਆਂ ਨੂੰ ਯਰੂਸ਼ਲਮ ਵਿੱਚ ਲੋੜਵੰਦ ਮਸੀਹੀ ਲੋਕਾਂ ਦੀ ਮਦਦ ਕਰਨ ਲਈ ਕਿਹਾ। ਉਸ ਨੇ ਉਨ੍ਹਾਂ ਨੂੰ ਧਮਕੀ ਨਹੀਂ ਦਿੱਤੀ, "ਤੁਹਾਨੂੰ ਜ਼ਰੂਰ ਦੇਣਾ ਚਾਹੀਦਾ ਹੈ ਕਿਉਂਕਿ ਤੁਹਾਨੂੰ ਕਿਸੇ ਦਿਨ ਮਦਦ ਦੀ ਲੋੜ ਪੈ ਸਕਦੀ ਹੈ।" ਬਲਕਿ, ਉਸ ਨੇ ਧੰਨਵਾਦ ਨਾਲ ਆਪਣੀ ਅਪੀਲ ਸਮਾਪਤ ਕੀਤੀ, "ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ!" (2 ਕੁਰਿੰਥੀਆਂ 9:15)। ਉਨ੍ਹਾਂ ਦਾ ਦਾਨ ਪਰਮੇਸ਼ੁਰ ਦੀ ਕਿਰਪਾ ਦੀ ਦਾਤ ਲਈ ਧੰਨਵਾਦ ਦੁਆਰਾ ਪ੍ਰੇਰਿਤ ਹੋਵੇਗਾ। ਜੇਕਰ ਕੋਈ ਭੇਟ ਸੱਚੀ ਅਰਾਧਨਾ ਹੈ, ਤਾਂ ਇਹ ਇੱਕ ਇੱਛੁਕ ਦਿਲ ਤੋਂ ਆਉਂਦੀ ਹੈ।

ਅਰਾਧਨਾਪੂਰਨ ਦਾਨ ਦੇਣਾ ਪਿਆਰ ਤੋਂ ਪ੍ਰੇਰਿਤ ਹੁੰਦਾ ਹੈ, ਫਲ ਤੋਂ ਨਹੀਂ।

ਸੱਚੀ ਅਰਾਧਨਾ **ਪਰਮੇਸ਼ੁਰ ਲਈ ਪਿਆਰ** ਤੋਂ ਪ੍ਰੇਰਿਤ ਹੈ, ਨਾ ਕਿ ਫਲ ਦੀ ਇੱਛਾ ਤੋਂ। ਪੈਸੇ ਦੀਆਂ ਭੇਟਾਂ ਪਰਮੇਸ਼ੁਰ ਨੂੰ ਸਾਡੇ ਵੱਲੋਂ ਆਪਣੇ-ਆਪ ਨੂੰ ਭੇਟ ਵਜੋਂ ਦੇਣ ਦਾ ਪ੍ਰਤੀਕ ਹਨ। ਪੌਲੁਸ ਨੇ ਮਕਦੂਨਿਯਾ ਦੇ ਮਸੀਹੀ ਲੋਕਾਂ ਦੀ ਪ੍ਰਸ਼ੰਸਾ ਕੀਤੀ ਕਿਉਂਕਿ "ਪਹਿਲਾਂ ਪਰਮੇਸ਼ੁਰ ਦੀ ਇੱਛਿਆ ਨਾਲ ਉਨ੍ਹਾਂ ਆਪਣੇ ਆਪ ਨੂੰ ਪ੍ਰਭੂ ਦੇ ਅਤੇ ਨਾਲ ਸਾਡੇ ਵੀ ਅਰਪਨ ਕੀਤਾ" (2 ਕੁਰਿੰਥੀਆਂ 8:5)। ਉਨ੍ਹਾਂ ਦੀਆਂ ਭੇਟਾਂ ਪਰਮੇਸ਼ੁਰ ਲਈ ਅਤੇ ਉਨ੍ਹਾਂ ਰਸੂਲਾਂ ਲਈ ਉਨ੍ਹਾਂ ਦੇ ਪਿਆਰ ਦਾ ਪ੍ਰਤੀਕ ਸਨ ਜੋ ਉਨ੍ਹਾਂ ਦੇ ਇਲਾਕੇ ਵਿੱਚ ਖੁਸ਼ਖ਼ਬਰੀ ਲੈ ਕੇ ਆਏ ਸਨ।

ਜਿਸ ਤਰ੍ਹਾਂ ਸੰਗੀਤ ਜਾਂ ਕੋਈ ਹੋਰ ਅਰਾਧਨਾ ਗਤੀਵਿਧੀ ਗਲਤ ਕਾਰਣਾਂ ਕਰਕੇ ਕੀਤੀ ਜਾ ਸਕਦੀ ਹੈ, ਉਸੇ ਤਰ੍ਹਾਂ ਦਾਨ ਦੇਣਾ ਪਰਮੇਸ਼ੁਰ ਲਈ ਪਿਆਰ ਦੀ ਬਜਾਇ ਫਲ ਦੀ ਇੱਛਾ ਤੋਂ ਪ੍ਰੇਰਿਤ ਹੋ ਸਕਦਾ ਹੈ। ਕੁਝ ਖੁਸ਼ਖ਼ਬਰੀ ਪਰਚਾਰਕ ਵਾਅਦਾ ਕਰਦੇ ਹਨ ਕਿ ਪਰਮੇਸ਼ੁਰ ਪੈਸੇ ਦੀਆਂ ਦਾਤਾਂ ਨੂੰ ਆਰਥਿਕ ਬਰਕਤਾਂ ਦੇ ਨਾਲ ਚੁਕਾਵੇਗਾ। ਬਚਨਾਂ ਨੂੰ ਉਨ੍ਹਾਂ ਦੇ ਬਾਈਬਲ ਦੇ ਸੰਦਰਭ ਤੋਂ ਬਾਹਰ ਤੋੜ-ਮਰੋੜ ਕੇ, ਉਹ ਪਰਮੇਸ਼ੁਰ ਨੂੰ ਭੇਟਾਂ ਦੇ ਬਦਲੇ ਸੌ ਗੁਣਾ ਫਲ ਦਾ ਵਾਅਦਾ ਕਰਦੇ ਹਨ। ਅਜਿਹਾ ਦਾਨ ਦੇਣਾ ਪ੍ਰੇਮਪੂਰਣ ਅਰਾਧਨਾ ਦਾ ਕਾਰਜ ਨਹੀਂ ਹੋਵੇਗਾ, ਬਲਕਿ ਇੱਕ ਅਥਾਹ ਲਾਟਰੀ ਟਿਕਟ ਖਰੀਦਣ ਵਰਗਾ ਹੋਵੇਗਾ ਜਿਸ ਵਿੱਚ ਦੇਣ ਵਾਲੇ ਨੂੰ ਜੈਕਪਾਟ ਲੱਗਣ ਦੀ ਉਮੀਦ ਹੁੰਦੀ ਹੈ! ਬਾਈਬਲ ਕਿਤੇ ਵੀ ਇਸ ਤਰ੍ਹਾਂ ਦੇ ਦੇਣ ਦੀ ਸ਼ਲਾਘਾ ਨਹੀਂ ਕਰਦੀ।

ਬਲਕਿ, ਬਾਈਬਲ ਮਰੀਅਮ ਨੇ ਜੋ ਦਿੱਤਾ ਉਸ ਦੀ ਸ਼ਲਾਘਾ ਕਰਦੀ ਹੈ। ਜਦੋਂ ਉਸ ਨੇ ਯਿਸੂ ਦੇ ਸਿਰ ਉੱਤੇ ਅਤਰ ਡੋਹਲਿਆ, ਤਾਂ ਦਿਸਣ ਵਾਲਾ ਕੋਈ ਫਲ ਨਹੀਂ ਸੀ। ਉਸ ਨੇ ਬਦਲੇ ਵਿੱਚ ਕੁਝ ਪ੍ਰਾਪਤ ਕਰਨ ਬਾਰੇ ਸੋਚੇ ਬਿਨਾਂ ਜੋ ਕੁਝ ਉਸ ਦੇ ਕੋਲ ਸੀ ਸਭ ਡੋਹਲ ਦਿੱਤਾ। ਇੱਥੋਂ ਤੱਕ ਕਿ ਚੇਲੇ ਵੀ ਉਸ ਵੱਲੋਂ ਕੀਤੇ ਇਸ ਨੁਕਸਾਨ ਦੇ ਕਾਰਣ ਗੁੱਸੇ ਵਿੱਚ ਸਨ। ਸਿਰਫ਼ ਯਿਸੂ ਨੇ ਉਸ ਦੀ ਭੇਟ ਨੂੰ ਜੋ ਸਿਰਫ਼ ਪਿਆਰ ਦੁਆਰਾ ਪ੍ਰੇਰਿਤ ਸੀ ਵੇਖਿਆ ਅਤੇ ਉਸ ਦੀ ਪ੍ਰਸ਼ੰਸਾ ਕੀਤੀ (ਮੱਤੀ 26:6-13)।

ਅਰਾਧਨਾਪੂਰਨ ਦੇਣਾ ਨਾ ਸਿਰਫ਼ ਪਰਮੇਸ਼ੁਰ ਲਈ ਪਿਆਰ, ਸਗੋਂ **ਦੂਜਿਆਂ ਲਈ ਪਿਆਰ** ਤੋਂ ਪ੍ਰੇਰਿਤ ਹੁੰਦਾ ਹੈ। ਯੂਹੰਨਾ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ ਸੱਚਾ ਪਿਆਰ ਸ਼ਬਦਾਂ ਤੋਂ ਵੱਧ ਕੇ ਹੁੰਦਾ ਹੈ; ਇਹ ਅਮਲ ਹੈ। ਪੌਲੁਸ ਪ੍ਰਤੀ ਫ਼ਿਲਿੱਪੀਆਂ ਦਾ ਪਿਆਰ ਉਨ੍ਹਾਂ ਦੇ ਦੇਣ ਵਿੱਚ ਵੇਖਿਆ ਗਿਆ ਸੀ। ਦੂਜਿਆਂ ਲਈ ਇੱਕ ਵਿਸ਼ਵਾਸੀ ਦਾ ਪਿਆਰ ਦੇਣ ਵਿੱਚ ਵੇਖਿਆ ਜਾਂਦਾ ਹੈ।

> ਪਰ ਜਿਸ ਕਿਸੇ ਕੋਲ ਸੰਸਾਰ ਦੇ ਪਦਾਰਥ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖ ਕੇ ਓਸ ਉੱਤੇ ਤਰਸ ਨਾ ਖਾਵੇ ਤਾਂ ਉਹ ਦੇ ਵਿੱਚ ਪਰਮੇਸ਼ੁਰ ਦਾ ਪ੍ਰੇਮ ਕਿਵੇਂ ਰਹਿੰਦਾ ਹੈ? ਹੇ ਬੱਚਿਓ, ਅਸੀਂ ਗੱਲੀਂ ਅਤੇ ਜਬਾਨੀ ਨਹੀਂ ਸਗੋਂ ਕਰਨੀ ਅਤੇ ਸਚਿਆਈ ਤੋਂ ਪ੍ਰੇਮ ਕਰੀਏ (1 ਯੂਹੰਨਾ 3:17-18)।

ਅਰਾਧਨਾਪੂਰਨ ਦਾਨ ਦੇਣਾ ਖੁੱਲ੍ਹਦਿਲੀ ਨਾਲ ਦੇਣਾ ਹੈ, ਕੰਜੂਸੀ ਨਾਲ ਨਹੀਂ।

ਪੌਲੁਸ ਨੇ ਕੁਰਿੰਥਿਸ ਦੀ ਕਲੀਸੀਆ ਨੂੰ ਖੁੱਲ੍ਹੇ ਦਿਲ ਨਾਲ ਦੇਣ ਦੀ ਚੁਣੌਤੀ ਦਿੱਤੀ ਜਦੋਂ ਉਸ ਨੇ ਕਿਹਾ, "ਤੁਸੀਂ ਸਭਨਾਂ ਗੱਲਾਂ ਵਿੱਚ ਹਰ ਪਰਕਾਰ ਦੀ ਸਖਾਵਤ ਲਈ ਧਨੀ ਹੋ ਜਾਓ ਜਿਹੜੀ ਸਾਡੇ ਰਾਹੀਂ ਪਰਮੇਸ਼ੁਰ ਦੇ ਧੰਨਵਾਦ ਲਈ ਗੁਣਕਾਰੀ ਹੈ।" ਉਨ੍ਹਾਂ ਦੀ ਖੁੱਲ੍ਹਦਿਲੀ ਪਰਮੇਸ਼ੁਰ ਲਈ ਉਨ੍ਹਾਂ ਦੇ ਧੰਨਵਾਦ ਦਾ ਪ੍ਰਗਟਾਵਾ ਸੀ। "ਕਿਉਂ ਜੋ ਇਸ ਸੇਵਕਾਈ ਦਾ ਪੁੰਨ ਨਾ ਕੇਵਲ ਸੰਤਾਂ ਦੀਆਂ ਥੁੜਾਂ ਨੂੰ ਪੂਰਿਆਂ ਕਰਦਾ ਸਗੋਂ ਪਰਮੇਸ਼ੁਰ ਦਿਆਂ ਬਹੁਤਿਆਂ ਧੰਨਵਾਦਾਂ ਦੇ ਰਾਹੀਂ ਵਧਦਾ ਭੀ ਜਾਂਦਾ ਹੈ" (2 ਕੁਰਿੰਥੀਆਂ 9:11-12)। ਦਾਨ ਦੇਣ ਨੂੰ ਸੱਚੀ ਅਰਾਧਨਾ ਬਣਨ ਦੇ ਲਈ, ਇਹ ਖੁੱਲ੍ਹੇ ਦਿਲ ਨਾਲ ਦਿੱਤਾ ਗਿਆ ਹੋਣਾ ਚਾਹੀਦਾ ਹੈ।

ਅਰਾਧਨਾਪੂਰਨ ਦਾਨ ਦੇਣਾ ਅਧੀਨਗੀ ਤੋਂ ਪ੍ਰੇਰਿਤ ਹੁੰਦਾ ਹੈ, ਹੰਕਾਰ ਤੋਂ ਨਹੀਂ।

» ਮੱਤੀ 6:1-4 ਪੜ੍ਹੋ।

ਪਹਾੜੀ ਉਪਦੇਸ਼ ਵਿੱਚ, ਯਿਸੂ ਨੇ ਦਾਨ ਦੇਣ ਦੀਆਂ ਗਲਤ ਪ੍ਰੇਰਨਾਵਾਂ ਬਾਰੇ ਚੇਤਾਵਨੀ ਦਿੱਤੀ ਸੀ। ਕੁਝ ਦੂਜਿਆਂ ਤੋਂ ਪ੍ਰਸ਼ੰਸਾ ਪ੍ਰਾਪਤ ਕਰਨ ਲਈ ਦਿੰਦੇ ਹਨ; ਉਨ੍ਹਾਂ ਦਾ ਫਲ ਪ੍ਰਸ਼ੰਸਾ ਹੈ। "ਉਹ ਆਪਣਾ ਫਲ ਪਾ ਚੁੱਕੇ।" ਕੁਝ ਗੁਪਤ ਵਿੱਚ ਦਾਨ ਦਿੰਦੇ ਹਨ, ਆਪਣੀ ਅਧੀਨਗੀ ਲਈ ਖੁਦ ਦੀ ਪ੍ਰਸ਼ੰਸਾ ਕਰਦੇ ਹੋਏ; ਉਨ੍ਹਾਂ ਦਾ ਫਲ ਆਤਮ-ਸੰਤੁਸ਼ਟੀ ਹੈ। ਯਿਸੂ ਨੇ ਕਿਹਾ, "ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ ਜਾਣੇ।" ਆਪਣੀ ਖੁੱਲ੍ਹ-ਦਿਲੀ ਦੀ ਸ਼ਲਾਘਾ ਨਾ ਕਰੋ। ਬਲਕਿ, ਆਪਣੇ ਸਵਰਗੀ ਪਿਤਾ ਨੂੰ ਇਸ ਦਾਨ ਨੂੰ ਵੇਖਣ ਅਤੇ ਉਸ ਦੀ ਆਪਣੀ ਮਰਜੀ ਅਨੁਸਾਰ ਤੁਹਾਨੂੰ ਫਲ ਦੇਣ ਦਿਓ।

ਖੁਸ਼ੀ ਨਾਲ ਦਾਨ ਦੇਣ ਦੀ ਕਹਾਣੀ

ਜੌਨ ਵੈਸਲੀ ਨੇ ਆਪਣੇ ਕਮਰੇ ਵਿੱਚ ਲਾਉਣ ਲਈ ਤਸਵੀਰਾਂ ਖਰੀਦਣ ਦਾ ਕੰਮ ਪੂਰਾ ਕੀਤਾ ਹੀ ਸੀ ਕਿ ਇੱਕ ਨੌਕਰਾਣੀ ਉਸ ਦੇ ਦਰਵਾਜ਼ੇ ਤੇ ਆ ਖਲੋਤੀ। ਇਹ ਸਰਦੀ ਦਾ ਦਿਨ ਸੀ ਅਤੇ ਉਸ ਨੇ ਵੇਖਿਆ ਕਿ ਉਸ ਨੌਕਰਾਣੀ ਨੇ ਸਿਰਫ ਇੱਕ ਪਤਲਾ ਜਿਹਾ ਗਾਊਨ ਪਹਿਨਿਆ ਹੋਇਆ ਸੀ। ਵੈਸਲੀ ਨੇ ਉਸ ਨੂੰ ਕੋਟ ਲਈ ਕੁਝ ਪੈਸੇ ਦੇਣ ਲਈ ਆਪਣੀ ਜੇਬ ਵਿੱਚ ਹੱਥ ਫੇਰਿਆ ਅਤੇ ਵੇਖਿਆ ਕਿ ਉਸ ਕੋਲ ਥੋੜ੍ਹੇ ਜਿਹੇ ਪੈਸੇ ਬਚੇ ਸਨ। ਉਸ ਨੇ ਚੀਕ ਕੇ ਕਿਹਾ, "ਮੈਂ ਆਪਣੀਆਂ ਕੰਧਾਂ ਨੂੰ ਪੈਸੇ ਨਾਲ ਸ਼ਿੰਗਾਰਿਆ ਹੈ ਜੋ ਇਸ ਗਰੀਬ ਔਰਤ ਨੂੰ ਠੰਡ ਤੋਂ ਬਚਾ ਸਕਦੇ ਸਨ!"

ਵੈਸਲੀ ਨੇ ਆਪਣੇ ਖਰਚਿਆਂ ਨੂੰ ਸੀਮਤ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਉਸ ਕੋਲ ਗਰੀਬਾਂ ਨੂੰ ਦੇਣ ਲਈ ਪੈਸੇ ਹੁੰਦੇ। ਆਪਣੇ ਰੋਜਨਾਮਚੇ ਵਿੱਚ, ਉਸ ਨੇ ਲਿਖਿਆ ਹੈ ਕਿ ਇੱਕ ਸਾਲ ਵਿੱਚ ਉਸ ਦੀ ਆਮਦਨ 30 ਪੌਂਡ ਸੀ ਅਤੇ ਉਸ ਦੇ ਰਹਿਣ-ਸਹਿਣ ਦੇ ਖਰਚੇ 28 ਪੌਂਡ, ਇਸ ਲਈ ਉਸ ਦੇ ਕੋਲ ਦੇਣ ਲਈ 2 ਪੌਂਡ ਹੁੰਦੇ ਸਨ। ਅਗਲੇ ਸਾਲ, ਉਸ ਦੀ ਆਮਦਨ ਦੁਗਣੀ ਹੋ ਗਈ, ਪਰ ਉਹ ਫਿਰ ਵੀ 28 ਪੌਂਡ ਨਾਲ ਆਪਣਾ ਗੁਜਾਰਾ ਕਰਦਾ ਸੀ ਅਤੇ 32 ਪੌਂਡ ਦਾਨ ਦੇ ਰੂਪ ਵਿੱਚ ਦੇ ਦਿੰਦਾ ਸੀ। ਤੀਜੇ ਸਾਲ ਵਿੱਚ, ਉਸ ਦੀ ਆਮਦਨ 90 ਪੌਂਡ ਤਕ ਵਧ ਗਈ; ਫੇਰ ਵੀ ਉਹ 28 ਪੌਂਡ ਨਾਲ ਆਪਣਾ ਗੁਜਾਰਾ ਕਰਦਾ ਸੀ, 62 ਪੌਂਡ ਦਾਨ ਦੇ ਦਿੰਦਾ ਸੀ। ਚੌਥੇ ਸਾਲ, ਉਸ ਨੇ 120 ਪੌਂਡ ਕਮਾਏ, ਫੇਰ 28 ਪੌਂਡ ਨਾਲ ਗੁਜਾਰਾ ਕੀਤਾ ਅਤੇ 92 ਪੌਂਡ ਗਰੀਬਾਂ ਨੂੰ ਦੇ ਦਿੱਤੇ।

ਵੈਸਲੀ ਨੇ ਪਰਚਾਰ ਕੀਤਾ ਕਿ ਮਸੀਹੀ ਲੋਕਾਂ ਨੂੰ ਸਿਰਫ਼ ਦਸਵੰਧ ਹੀ ਨਹੀਂ ਦੇਣਾ ਚਾਹੀਦਾ, ਸਗੋਂ ਦਸਵੰਧ ਤੋਂ ਇਲਾਵਾ ਦਾਨ ਵੀ ਦੇਣਾ ਚਾਹੀਦਾ ਹੈ। ਉਸ ਦਾ ਮੰਨਣਾ ਸੀ ਕਿ ਆਮਦਨ ਵਧਣ ਨਾਲ ਸਾਡੇ ਦਾਨ ਦੇਣ ਵਿੱਚ ਵੀ ਵਾਧਾ ਹੋਣਾ ਚਾਹੀਦਾ ਹੈ। ਉਸ ਨੇ ਸਾਰੀ ਉਮਰ ਇਸ ਤੇ ਅਮਲ ਕੀਤਾ। ਇੱਥੋਂ ਤਕ ਕਿ ਜਦੋਂ ਉਸ ਦੀ ਆਮਦਨ ਹਜ਼ਾਰਾਂ ਪੌਂਡ ਤੱਕ ਪਹੁੰਚ ਗਈ, ਉਹ ਸਾਦਾ ਜੀਵਨ ਜੀਉਂਦਾ ਰਿਹਾ ਅਤੇ ਵਾਧੂ ਪੈਸੇ ਦਾਨ ਦੇ ਰੂਪ ਵਿੱਚ ਦੇ ਦਿੰਦਾ ਸੀ। ਇੱਕ ਸਾਲ ਉਸ ਦੀ ਆਮਦਨ 1,400 ਪੌਂਡ ਤੋਂ ਵੱਧ ਸੀ; ਉਸ ਨੇ 30 ਪੌਂਡ ਕੋਲ ਰੱਖ ਕੇ

ਬਾਕੀ ਸਭ ਦੇ ਦਿੱਤੇ।[67] ਉਸ ਨੇ ਕਿਹਾ ਕਿ ਉਸ ਨੇ ਕਦੇ ਵੀ 100 ਪੌਂਡ ਤੋਂ ਵੱਧ ਆਪਣੇ ਕੋਲ ਨਹੀਂ ਰੱਖੇ। ਉਸ ਨੇ ਆਪਣੇ ਜੀਵਨ ਕਾਲ ਵਿੱਚ ਕਮਾਏ 30,000 ਪੌਂਡ ਵਿੱਚੋਂ ਜ਼ਿਆਦਾਤਰ ਦਾਨ ਦੇ ਰੂਪ ਵਿੱਚ ਦੇ ਦਿੱਤੇ।[68]

ਇਸ ਕਹਾਣੀ ਦਾ ਮੁੱਖ ਨੁਕਤਾ ਗਰੀਬ ਹੋ ਜਾਣ ਲਈ ਸ਼ਰਾ ਦਾ ਹੁਕਮ ਨਹੀਂ ਹੈ! ਮੁੱਖ ਨੁਕਤਾ ਪਰਮੇਸ਼ੁਰ ਦੇ ਪ੍ਰਤੀ ਖੁਸ਼ੀ ਨਾਲ ਅਤੇ ਸਵੈ-ਇੱਛਾ ਨਾਲ ਆਗਿਆਕਾਰੀ ਹੈ। ਪਰਮੇਸ਼ੁਰ ਸਾਰਿਆਂ ਨੂੰ ਜੌਨ ਵੈਸਲੀ ਵਾਂਗ ਆਮਦਨ ਨਹੀਂ ਦਿੰਦਾ; ਪਰਮੇਸ਼ੁਰ ਹਰੇਕ ਨੂੰ ਜੌਨ ਵੈਸਲੀ ਵਾਂਗ ਦਾਨ ਦੇਣ ਲਈ ਨਹੀਂ ਕਹਿੰਦਾ। ਇਮਤਿਹਾਨ ਇਹ ਨਹੀਂ ਹੈ, "ਕੀ ਮੈਂ ਕਿਸੇ ਹੋਰ ਦੇ ਬਰਾਬਰ ਦੇ ਰਿਹਾ ਹਾਂ?" ਇਮਤਿਹਾਨ ਇਹ ਹੈ, "ਕੀ ਮੈਂ ਪਰਮੇਸ਼ੁਰ ਦੀ ਆਗਿਆਕਾਰੀ ਵਿੱਚ ਖੁਸ਼ੀ ਨਾਲ ਦੇ ਰਿਹਾ ਹਾਂ?" ਪਰਮੇਸ਼ੁਰ ਸਾਨੂੰ ਬਲੀਦਾਨ ਰੂਪੀ ਦਾਨ ਨਾਲ ਅਰਾਧਨਾ ਕਰਨ ਲਈ ਬੁਲਾਉਂਦਾ ਹੈ।

ਦਾਨ ਦੇਣ ਦਾ ਤਰੀਕਾ

ਕਿਉਂਕਿ ਦਾਨ ਦੇਣਾ ਅਰਾਧਨਾ ਦਾ ਕਾਰਜ ਹੈ, ਭੇਟਾਂ ਨੂੰ ਉਨ੍ਹਾਂ ਤਰੀਕਿਆਂ ਨਾਲ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਜੋ ਅਰਾਧਨਾ ਦੀ ਭਾਵਨਾ ਵਿੱਚ ਯੋਗਦਾਨ ਪਾਉਂਦੀਆਂ ਹੋਣ। ਹੇਠਾਂ ਦਿੱਤੇ ਵਿਹਾਰਕ ਵਿਚਾਰਾਂ ਤੇ ਗੌਰ ਕਰੋ।

ਭੇਟ ਦੇਣ ਵਿੱਚ ਜ਼ੋਰ ਅਰਾਧਨਾ ਤੇ ਹੋਣਾ ਚਾਹੀਦਾ ਹੈ, ਜ਼ਰੂਰਤਾਂ ਤੇ ਨਹੀਂ।

ਸ਼ਾਇਦ ਬਹੁਤ ਸਾਰੇ ਮਸੀਹੀ ਲੋਕਾਂ ਦੇ ਭੇਟ ਨੂੰ ਮੁੱਖ ਤੌਰ ਤੇ ਚਰਚ ਦੇ ਖਰਚੇ ਚੁਕਾਉਣ ਦੇ ਰੂਪ ਵਿੱਚ ਵੇਖਣ ਦਾ ਕਾਰਣ ਇਹ ਹੈ ਕਿ ਭੇਟ ਵਿੱਚ ਜ਼ੋਰ ਖਰਚੇ ਚੁਕਾਉਣ ਤੇ ਦਿੱਤਾ ਜਾਂਦਾ ਹੈ! ਇਹ ਉਦੋਂ ਹੋਰ ਵੀ ਬਦਤਰ ਹੋ ਜਾਂਦਾ ਹੈ ਜਦੋਂ ਕੋਈ ਆਰਥਿਕ ਸੰਕਟ ਸਾਨੂੰ ਇਹ ਕਹਿਣ ਲਈ ਮਜ਼ਬੂਰ ਕਰਦਾ ਹੈ ਕਿ "ਚਰਚ ਬੰਦ ਹੋ ਜਾਵੇਗਾ" ਜਾਂ "ਅਸੀਂ ਇੱਕ ਮਿਸ਼ਨਰੀ ਨਹੀਂ ਭੇਜ ਸਕਦੇ" ਜੇਕਰ ਖੁੱਲ੍ਹੇ ਦਿਲ ਨਾਲ ਭੇਟ ਨਹੀਂ ਦਿੱਤੀ ਜਾਂਦੀ। ਕਈ ਵਾਰ ਇੱਕ ਪਾਸਬਾਨ ਭੇਟ ਮੰਗਣ ਲਈ ਮਾਫ਼ੀ ਮੰਗਦਾ ਹੈ; "ਕਾਸ਼ ਸਾਨੂੰ ਤੁਹਾਡੇ ਕੋਲੋਂ ਪੈਸੇ ਮੰਗਣ ਦੀ ਲੋੜ ਨਾ ਪੈਂਦੀ।" ਬਲਕਿ, ਭੇਟ ਖੁਸ਼ੀ ਭਰੇ ਧੰਨਵਾਦ ਦਾ ਪ੍ਰਗਟਾਵਾ ਹੋਣੀ ਚਾਹੀਦੀ ਹੈ।

ਭੇਟ ਲੈਂਦੇ ਸਮੇਂ, ਜ਼ੋਰ ਅਰਾਧਨਾ ਤੇ ਹੋਣਾ ਚਾਹੀਦਾ ਹੈ। ਭੇਟ ਨੂੰ ਇੱਕ ਬਚਨ ਨਾਲ ਪੇਸ਼ ਕੀਤਾ ਜਾ ਸਕਦਾ ਹੈ ਜੋ ਅਰਾਧਕਾਂ ਨੂੰ ਭੇਟ ਦੇ ਉਦੇਸ਼ ਬਾਰੇ ਚੇਤੇ ਕਰਾਉਂਦਾ ਹੋਵੇ। 2 ਕੁਰਿੰਥੀਆਂ 8:9, 2 ਕੁਰਿੰਥੀਆਂ 9:7, ਕੂਚ 25:2, ਰਸੂਲਾਂ ਦੇ ਕਰਤੱਬ 20:35 ਅਤੇ ਇੱਥੋਂ ਤਕ ਕਿ ਯੂਹੰਨਾ 3:16 ਵਰਗੇ ਬਚਨ ਦੇਣ ਦੇ ਲਈ ਸੱਚੀ ਪ੍ਰੇਰਣਾ ਵੱਲ ਇਸ਼ਾਰਾ ਕਰਦੇ ਹਨ।

ਭੇਟ ਅਰਾਧਨਾ ਬੰਦਗੀ ਦਾ ਹੀ ਹਿੱਸਾ ਹੋਣੀ ਚਾਹੀਦੀ ਹੈ।

ਕੁਝ ਸੱਭਿਆਚਾਰਾਂ ਵਿੱਚ ਲੋਕਾਂ ਨੂੰ ਬੰਦਗੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਆਪਣੀ ਭੇਟ ਦੇਣ ਲਈ ਉਤਸ਼ਾਹਿਤ ਕਰਨਾ ਆਮ ਗੱਲ ਹੈ। ਹਾਲਾਂਕਿ ਇਹ ਵਿਖਾਵੇ ਤੋਂ ਬਚਣ ਜਾਂ ਬੰਦਗੀ ਵਿੱਚ ਸਮਾਂ ਬਚਾਉਣ ਦੀ ਇੱਛਾ ਤੋਂ ਪ੍ਰੇਰਿਤ ਹੋ ਸਕਦਾ ਹੈ, ਪਰ ਇਹ ਅਰਾਧਨਾ ਤੋਂ ਦਾਨ ਦੇਣ ਨੂੰ ਵੱਖ ਕਰਨਾ ਹੈ। ਭੇਟ ਨੂੰ ਅਰਾਧਨਾ ਬੰਦਗੀ ਦੇ ਹਿੱਸੇ ਵਜੋਂ ਲੈਣਾ ਅਰਾਧਕਾਂ ਨੂੰ ਅਰਾਧਨਾ ਦੇ ਕਾਰਜ ਵਜੋਂ ਦੇਣ ਨੂੰ ਸਮਝਣ ਵਿੱਚ ਮਦਦ ਕਰਦਾ ਹੈ।

ਕਿਉਂਕਿ ਭੇਟ ਪਰਮੇਸ਼ੁਰ ਨੂੰ ਸਾਡਾ ਪ੍ਰਤੀਉੱਤਰ ਹੈ, ਤੁਸੀਂ ਪਹਿਲਾਂ ਭੇਟ ਲੈਣ ਦੀ ਬਜਾਇ ਸੰਦੇਸ਼ ਤੋਂ ਬਾਅਦ ਲੈਣ ਬਾਰੇ ਵਿਚਾਰ ਕਰ ਸਕਦੇ ਹੋ। ਇਹ ਦੱਸਦਾ ਹੈ ਕਿ, "ਅਸੀਂ ਪਰਮੇਸ਼ੁਰ ਨੂੰ ਉਸ ਦੇ ਬਚਨ ਦੇ ਪ੍ਰਤੀਉੱਤਰ ਵਿੱਚ ਦੇ ਰਹੇ ਹਾਂ।"

---

67 ਅੱਜ ਜੇਕਰ ਤੁਲਨਾ ਕਰੀਏ, ਤਾਂ ਇਹ 200,000 ਅਮਰੀਕੀ ਡਾਲਰ ਕਮਾਉਣ ਅਤੇ ਉਸ ਵਿੱਚੋਂ 5,000 ਅਮਰੀਕੀ ਡਾਲਰ ਰੱਖ ਕੇ ਬਾਕੀ ਸਭ ਕੁਝ ਦੇਣ ਦੇ ਬਰਾਬਰ ਹੈ। ਆਪਣੇ ਜੀਵਨ ਕਾਲ ਦੌਰਾਨ, ਅੱਜ ਦੇ ਹਿਸਾਬ ਨਾਲ ਵੈਸਲੀ ਨੇ ਲਗਭਗ 3,000,000 ਅਮਰੀਕੀ ਡਾਲਰ ਦੇ ਬਰਾਬਰ ਕਮਾਏ ਅਤੇ ਦਾਨ ਦੇ ਰੂਪ ਵਿੱਚ ਦੇ ਦਿੱਤੇ।

68 Charles Edward White, “Four Lessons on Money from One of the World’s Richest Preachers” Christian History 19 (Summer 1988): 24 ਤੋਂ ਲਈ ਗਈ ਹੈ। https://christianhistoryinstitute.org/uploaded/50cf76d05900d6.14390582.pdf July 22, 2020

ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਅਰਾਧਨਾ ਵਿੱਚ ਦਾਨ ਦੇਣ ਦੇ ਕਾਰਜ ਤੋਂ ਜਾਣੂ ਕਰਾਉਣ।

ਜਿਵੇਂ ਅਸੀਂ ਆਪਣੇ ਬੱਚਿਆਂ ਨੂੰ ਗਾਉਣਾ, ਪ੍ਰਾਰਥਨਾ ਕਰਨਾ ਅਤੇ ਬਚਨ ਦੇ ਪੜ੍ਹੇ ਜਾਣ ਨੂੰ ਅਤੇ ਬਚਨ ਦੇ ਪਰਚਾਰ ਨੂੰ ਸੁਣਨਾ ਸਿਖਾਉਂਦੇ ਹਾਂ, ਉਸੇ ਤਰ੍ਹਾਂ ਸਾਨੂੰ ਆਪਣੇ ਬੱਚਿਆਂ ਨੂੰ ਖੁਸ਼ੀ ਨਾਲ ਦੇਣਾ ਵੀ ਸਿਖਾਉਣਾ ਚਾਹੀਦਾ ਹੈ। ਜਦੋਂ ਸਾਡੇ ਬੱਚੇ ਸਿੱਖਦੇ ਹਨ ਕਿ ਦੇਣਾ ਇੱਕ ਅਨੰਦਮਈ ਕਾਰਜ ਹੈ, ਉਹ ਵੀ ਅਰਾਧਨਾ ਕਰਨ ਵਾਲੇ ਬਣ ਜਾਂਦੇ ਹਨ।

ਭੇਟ ਲੈਣ ਦੌਰਾਨ ਸੰਗੀਤ ਅਰਾਧਨਾ ਵਾਲਾ ਹੋਣਾ ਚਾਹੀਦਾ ਹੈ।

ਜੇਕਰ ਭੇਟ ਅਰਾਧਨਾ ਹੈ ਤਾਂ ਭੇਟ ਦੌਰਾਨ ਸੰਗੀਤ ਅਰਾਧਨਾ ਵਾਲਾ ਹੋਣਾ ਚਾਹੀਦਾ ਹੈ। ਇਹ ਸੰਗੀਤ ਕੋਈ ਸਾਜ਼ ਦਾ ਵੱਜਣਾ ਜਾਂ ਜ਼ਬਾਨੀ ਹੋ ਸਕਦਾ ਹੈ; ਇਹ ਕਿਸੇ ਇਕੱਲੇ ਵਿਅਕਤੀ ਵੱਲੋਂ ਜਾਂ ਸਮੂਹਿਕ ਹੋ ਸਕਦਾ ਹੈ; ਇਹ ਸ਼ਾਂਤ ਅਤੇ ਚਿੰਤਨ ਵਾਲਾ ਜਾਂ ਅਨੰਦਮਈ ਅਤੇ ਜੋਸ਼ੀਲਾ ਹੋ ਸਕਦਾ ਹੈ; ਸ਼ੈਲੀ ਦੀ ਪਰਵਾਹ ਕੀਤੇ ਬਿਨਾਂ, ਇਹ ਅਰਾਧਨਾ ਦਾ ਹਿੱਸਾ ਹੋਣਾ ਚਾਹੀਦਾ ਹੈ। ਜੋ ਲੋਕ ਭੇਟ ਦੌਰਾਨ ਸੰਗੀਤ ਵਜਾਉਂਦੇ ਹਨ ਉਨ੍ਹਾਂ ਨੂੰ ਵੀ ਆਤਮਿਕ ਮਾਰਗਦਰਸ਼ਨ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਜਿਵੇਂ ਅਰਾਧਨਾ ਆਗੂ ਆਤਮਿਕ ਮਾਰਗਦਰਸ਼ਨ ਲਈ ਪ੍ਰਾਰਥਨਾ ਕਰਦਾ ਹੈ। ਅਰਾਧਨਾ ਦੇ ਕਿਸੇ ਵੀ ਹਿੱਸੇ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ।

ਭੇਟ ਦੇ ਬਾਅਦ ਸਮਰਪਣ ਦੀ ਪ੍ਰਾਰਥਨਾ ਹੋਣੀ ਚਾਹੀਦੀ ਹੈ।

ਕਿਉਂਕਿ ਭੇਟ ਪਰਮੇਸ਼ੁਰ ਲਈ ਇੱਕ ਨਜ਼ਰਾਨਾ ਹੈ, ਭੇਟ ਦੇ ਬਾਅਦ ਸਮਰਪਣ ਦੀ ਪ੍ਰਾਰਥਨਾ ਹੋਣੀ ਚਾਹੀਦੀ ਹੈ। ਇਹ ਅਰਾਧਕਾਂ ਨੂੰ ਦੇਣ ਦੇ ਉਦੇਸ਼ ਬਾਰੇ ਚੇਤੇ ਕਰਾਉਂਦਾ ਹੈ ਅਤੇ ਅਰਾਧਨਾ ਵਜੋਂ ਦੇਣ ਦਾ ਇੱਕ ਪ੍ਰਤੱਖ ਸਬੂਤ ਪ੍ਰਦਾਨ ਕਰਦਾ ਹੈ।

ਕਲੀਸੀਆ ਦੇ ਆਗੂ ਲੋਕਾਂ ਦੇ ਨਜ਼ਰਾਨਿਆਂ ਦੇ ਚੰਗੇ ਮੁਖ਼ਤਿਆਰ ਹੋਣੇ ਚਾਹੀਦੇ ਹਨ।

ਭੇਟ ਵਿੱਚ, ਅਰਾਧਕ ਆਪਣੇ ਨਜ਼ਰਾਨੇ ਕਲੀਸੀਆ ਦੇ ਆਗੂਆਂ ਦੇ ਮੁਖ਼ਤਿਆਰ ਨੂੰ ਸੌਂਪ ਰਹੇ ਹਨ। ਕਲੀਸੀਆ ਦੇ ਆਗੂ ਨਜ਼ਰਾਨਿਆਂ ਦੀ ਚੰਗੀ ਦੇਖਭਾਲ ਕਰਨ ਵਾਲੇ ਹੋਣੇ ਚਾਹੀਦੇ ਹਨ। ਪੈਸੇ ਦੀ ਵਰਤੋਂ ਲਈ ਕਲੀਸੀਆ ਨੂੰ ਲੇਖਾ ਦੇਣਾ ਦਰਸਾਉਂਦਾ ਹੈ ਕਿ ਭੇਟਾਂ ਪਰਮੇਸ਼ੁਰ ਦੇ ਕੰਮ ਲਈ ਵਰਤੀਆਂ ਜਾ ਰਹੀਆਂ ਹਨ। ਇਹ ਦੇਣ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਕਲੀਸੀਆ ਦੀ ਅਗਵਾਈ ਵਿੱਚ ਬੇਈਮਾਨੀ ਕਰਨ ਦੇ ਪਰਤਾਵੇ ਨੂੰ ਘੱਟ ਕਰਦਾ ਹੈ। ਅਜਿਹੇ ਸੰਸਾਰ ਵਿੱਚ ਜਿੱਥੇ ਮਸੀਹੀ ਆਗੂਆਂ ਨੂੰ ਬੇਇਤਬਾਰੀ ਨਾਲ ਵੇਖਿਆ ਜਾਂਦਾ ਹੈ, ਸਾਨੂੰ ਆਪਣੇ ਆਪ ਨੂੰ ਨਿਹਕਲੰਕ ਵਿਖਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

ਭੇਟ ਖਰਚੇ ਚੁਕਾਉਣ ਦੇ ਇੱਕ ਤਰੀਕੇ ਨਾਲੋਂ ਕਿਤੇ ਵਧ ਕੇ ਹੈ; ਇਹ ਅਰਾਧਨਾ ਦਾ ਕਾਰਜ ਹੈ। ਆਪਣੇ ਬਚਨ ਦੁਆਰਾ, ਪਰਮੇਸ਼ੁਰ ਆਪਣੇ ਆਪ ਨੂੰ ਅਰਾਧਕਾਂ ਉੱਤੇ ਪਰਗਟ ਕਰਦਾ ਹੈ। ਅਸੀਂ ਖੁਸ਼ੀ ਭਰੇ ਦਿਲਾਂ ਤੋਂ ਦਿੱਤੇ ਬਲੀਦਾਨਾਂ ਨਾਲ ਜਵਾਬ ਦਿੰਦੇ ਹਾਂ। ਇਹੀ ਸੱਚੀ ਅਰਾਧਨਾ ਹੈ।

ਜਾਂਚ

ਕੀ ਤੁਹਾਡੀ ਕਲੀਸੀਆ ਦੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਜਦੋਂ ਉਹ ਦਿੰਦੇ ਹਨ ਤਾਂ ਉਹ ਅਰਾਧਨਾ ਕਰ ਰਹੇ ਹਨ, ਜਾਂ ਕੀ ਉਹ ਸਿਰਫ਼ ਖਰਚੇ ਚੁਕਾ ਰਹੇ ਹਨ? ਭੇਟ ਨੂੰ ਅਰਾਧਨਾ ਦਾ ਕਾਰਜ ਬਣਾਉਣ ਲਈ ਤੁਸੀਂ ਕਿਹੜੇ ਵਿਹਾਰਕ ਕਦਮ ਚੁੱਕ ਸਕਦੇ ਹੋ?

ਪ੍ਰਭੂ-ਭੋਜ

» ਆਪਣੀ ਕਲੀਸੀਆ ਵਿੱਚ ਪ੍ਰਭੂ-ਭੋਜ ਮਨਾਉਣ ਬਾਰੇ ਚਰਚਾ ਕਰੋ। ਤੁਸੀਂ ਕਿੰਨੀ ਵਾਰ ਪ੍ਰਭੂ-ਭੋਜ ਮਨਾਉਂਦੇ ਹੋ? ਜਦੋਂ ਤੁਸੀਂ ਪ੍ਰਭੂ-ਭੋਜ ਮਨਾਉਂਦੇ ਹੋ, ਤਾਂ ਕੀ ਇਹ ਬੰਦਗੀ ਦਾ ਅਨਿੱਖੜਵਾਂ ਅੰਗ ਹੈ?

ਜਿਸ ਤਰ੍ਹਾਂ ਪਰਮੇਸ਼ੁਰ **ਲਿਖਤ** ਬਚਨ (ਬਚਨ ਦਾ ਪੜ੍ਹਿਆ ਜਾਣਾ) ਅਤੇ **ਬੋਲੇ ਜਾਣ** ਵਾਲੇ ਬਚਨ (ਉਸ ਦੇ ਬਚਨ ਦਾ ਪਰਚਾਰ) ਦੁਆਰਾ ਪਰਗਟ ਹੁੰਦਾ ਹੈ, ਉਹ ਪ੍ਰਭੂ-ਭੋਜ ਦੇ **ਪ੍ਰਦਰਸ਼ਿਤ** ਬਚਨ ਦੁਆਰਾ ਵੀ ਪਰਗਟ ਹੁੰਦਾ ਹੈ।[69] ਪ੍ਰਭੂ-ਭੋਜ ਯਿਸੂ ਦੀ ਪ੍ਰਾਸਚਿਤ ਦੇਣ ਵਾਲੀ ਮੌਤ ਬਾਰੇ ਚੇਤੇ ਕਰਾਉਂਦਾ ਹੈ ਅਤੇ ਉਸ ਦੇ ਜੀ ਉੱਠਣ ਦਾ ਜਸ਼ਨ ਹੈ। ਆਖ਼ਰੀ ਭੋਜ ਪਸਾਹ ਨਾਲ ਜੁੜਿਆ ਹੋਇਆ ਸੀ, ਪਰ ਇਸ ਨੇ ਨਵੇਂ ਨੇਮ ਦੀ ਵੀ ਸ਼ੁਰੂਆਤ ਕੀਤੀ।

» ਮੱਤੀ 26:17-30 ਅਤੇ 1 ਕੁਰਿੰਥੀਆਂ 11:17-34 ਪੜ੍ਹੋ।

ਪ੍ਰਭੂ-ਭੋਜ ਬਾਰੇ ਨਵੇਂ ਨੇਮ ਦੇ ਹਵਾਲਿਆਂ ਵਿੱਚ ਇੰਜੀਲ ਦੇ ਬਿਰਤਾਂਤ ਅਤੇ ਕੁਰਿੰਥੁਸ ਵਿੱਚ ਕਲੀਸੀਆ ਨੂੰ ਪੌਲੁਸ ਦੀਆਂ ਹਿਦਾਇਤਾਂ ਸ਼ਾਮਲ ਹਨ।

ਪ੍ਰਭੂ-ਭੋਜ ਮਨਾਉਣ ਨਾਲ ਜੁੜੇ ਅਕਸਰ ਤਿੰਨ ਸਵਾਲ ਪੁੱਛੇ ਜਾਂਦੇ ਹਨ।

- ਪ੍ਰਭੂ-ਭੋਜ ਦਾ ਕੀ ਅਰਥ ਹੈ?
- ਪ੍ਰਭੂ-ਭੋਜ ਕਿੰਨੀ ਵਾਰ ਮਨਾਇਆ ਜਾਣਾ ਚਾਹੀਦਾ ਹੈ?
- ਪ੍ਰਭੂ-ਭੋਜ ਕਿਵੇਂ ਮਨਾਇਆ ਜਾਣਾ ਚਾਹੀਦਾ ਹੈ?

"ਪ੍ਰਭੂ-ਭੋਜ ਪ੍ਰਭੂ ਦਾ ਆਪਣੇ ਲੋਕਾਂ ਨਾਲ ਮਿਲਣ ਦਾ ਨਿਯੁਕਤ ਸਮਾਂ ਹੈ। ਜਿਹੜੇ ਲੋਕ ਮਿਲਣ ਦੇ ਇਸ ਨਿਯੁਕਤ ਸਮੇਂ ਨੂੰ ਮਸੀਹ ਨਾਲ ਜੋੜਦੇ ਹਨ, ਉਹ ਭਰੋਸੇ ਨਾਲ ਉਮੀਦ ਕਰ ਸਕਦੇ ਹਨ ਕਿ ਪ੍ਰਭੂ ਨਿਸ਼ਚਤ ਤੌਰ ਤੇ ਉਨ੍ਹਾਂ ਨੂੰ ਮਿਲਣ ਲਈ ਆਵੇਗਾ।"

ਫ੍ਰੈਂਕਲਿਨ ਸੇਗਲਰ ਅਤੇ ਰੈਂਡਲ ਬ੍ਰੈਡਲੀ

ਪ੍ਰਭੂ-ਭੋਜ ਦਾ ਕੀ ਅਰਥ ਹੈ?

ਪ੍ਰਭੂ-ਭੋਜ ਮਨਾਉਣਾ ਅਰਾਧਨਾ ਦਾ ਇੱਕ ਸਾਰਥਕ ਹਿੱਸਾ ਹੈ।[70] ਕੁਰਿੰਥੁਸ ਦੀ ਕਲੀਸੀਆ ਨੂੰ ਲਿਖਦੇ ਹੋਏ, ਪੌਲੁਸ ਨੇ ਵਿਖਾਇਆ ਕਿ ਪ੍ਰਭੂ-ਭੋਜ ਵਿੱਚ:

1. ਅਸੀਂ ਪਿੱਛੇ ਮੁੜ ਕੇ ਮਸੀਹ ਦੀ ਮੌਤ ਵੱਲ ਵੇਖਦੇ ਹਾਂ ("ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਹੋ")।
2. ਅਸੀਂ ਮਸੀਹ ਦੇ ਦੁਬਾਰਾ ਆਉਣ ਦੀ ਉਡੀਕ ਕਰਦੇ ਹਾਂ ("ਜਦ ਤੀਕਰ ਉਹ ਨਾ ਆਵੇ")।

ਜਦੋਂ ਅਸੀਂ ਪ੍ਰਭੂ-ਭੋਜ ਮਨਾਉਂਦੇ ਹਾਂ, ਅਸੀਂ ਉਸ ਦੀ ਕੁਰਬਾਨੀ ਨੂੰ ਯਾਦ ਕਰਦੇ ਹਾਂ ਅਤੇ ਜਿਵੇਂ ਕਿ ਉਸ ਨੇ ਵਾਅਦਾ ਕੀਤਾ ਹੈ ਉਸ ਦੇ ਦੁਬਾਰਾ ਆਉਣ ਦੀ ਉਡੀਕ ਕਰਦੇ ਹਾਂ। ਰੋਟੀ ਅਤੇ ਦਾਖਰਸ ਮਸੀਹ ਦੇ ਸਰੀਰ ਅਤੇ ਲਹੂ ਨੂੰ ਦਰਸਾਉਂਦੇ ਹਨ ਅਤੇ ਉਹ ਸਾਨੂੰ ਪ੍ਰਭੂ ਦੀ ਮੌਤ ਵਿੱਚ ਸਾਡੀ ਭਾਗੀਦਾਰੀ ਬਾਰੇ ਚੇਤੇ ਕਰਾਉਂਦੇ ਹਨ। "ਬਰਕਤ ਦਾ ਪਿਆਲਾ ਜਿਸ ਉੱਤੇ ਅਸੀਂ ਬਰਕਤ ਮੰਗਦੇ ਹਾਂ, ਕੀ ਇਹ

69 Franklin M. Segler and Randall Bradley, Christian Worship: Its Theology and Practice (Nashville: B&H Publishing, 2006), 178

70 ਚਿੱਤਰ: "The Lord's Supper" taken by Allison Estabrook on Oct. 14, 2022, retrieved from https://www.flickr.com/photos/sgc-library/52476662295/, licensed under CC BY 4.0.

ਮਸੀਹ ਦੇ ਲਹੂ ਵਿੱਚ ਭਾਗੀਦਾਰੀ ਨਹੀਂ ਹੈ? ਰੋਟੀ ਜੋ ਅਸੀਂ ਤੋੜਦੇ ਹਾਂ, ਕੀ ਇਹ ਮਸੀਹ ਦੇ ਸਰੀਰ ਵਿੱਚ ਭਾਗੀਦਾਰੀ ਨਹੀਂ ਹੈ?" (1 ਕੁਰਿੰਥੀਆਂ 10:16) ਪ੍ਰਭੂ-ਭੋਜ ਸਲੀਬ ਦਿੱਤੇ ਗਏ ਅਤੇ ਜੀ ਉੱਠੇ ਪ੍ਰਭੂ ਦੀ ਨਿਰੰਤਰ ਹਜ਼ੂਰੀ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੈ।

ਪ੍ਰਭੂ-ਭੋਜ ਕਿੰਨੀ ਵਾਰ ਮਨਾਇਆ ਜਾਣਾ ਚਾਹੀਦਾ ਹੈ?

ਨਾ ਤਾਂ ਬਚਨ ਅਤੇ ਨਾ ਹੀ ਕਲੀਸੀਆ ਦਾ ਇਤਿਹਾਸ ਇਸ ਸਵਾਲ ਦਾ ਕੋਈ ਨਿਸ਼ਚਤ ਉੱਤਰ ਦਿੰਦਾ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਅਰੰਭਕ ਕਲੀਸੀਆ ਵਿੱਚ ਪ੍ਰਭੂ-ਭੋਜ ਹਰ ਐਤਵਾਰ ਦਿੱਤਾ ਜਾਂਦਾ ਸੀ। ਅੱਜ, ਕੁਝ ਕਲੀਸੀਆਵਾਂ ਹਰ ਹਫ਼ਤੇ ਪ੍ਰਭੂ-ਭੋਜ ਮਨਾਉਂਦੀਆਂ ਹਨ ਜਦ ਕਿ ਕੁਝ ਇਸ ਨੂੰ ਸਾਲ ਵਿੱਚ ਸਿਰਫ਼ ਇੱਕ ਜਾਂ ਦੋ ਵਾਰ ਮਨਾਉਂਦੀਆਂ ਹਨ।

ਜਦੋਂ ਤਕ ਪ੍ਰਭੂ-ਭੋਜ ਅਰਾਧਨਾ ਦਾ ਇੱਕ ਆਦਰਯੋਗ ਪਹਿਲੂ ਹੈ, ਤਦ ਤਕ ਪ੍ਰਭੂ-ਭੋਜ ਨੂੰ ਬਾਰ-ਬਾਰ ਮਨਾਉਣਾ ਇਸ ਦੇ ਅਰਥ ਨੂੰ ਘੱਟ ਨਹੀਂ ਕਰਦਾ, ਠੀਕ ਉਸੇ ਤਰ੍ਹਾਂ ਜਿਵੇਂ ਹਫ਼ਤਾਵਾਰੀ ਬਾਈਬਲ ਪੜ੍ਹਨ ਨਾਲ ਬਚਨ ਦਾ ਮਹੱਤਵ ਘੱਟ ਨਹੀਂ ਹੁੰਦਾ।

ਪ੍ਰਭੂ-ਭੋਜ ਕਿਵੇਂ ਮਨਾਇਆ ਜਾਣਾ ਚਾਹੀਦਾ ਹੈ?

ਪੌਲੁਸ ਨੇ ਕੁਰਿੰਥੀਆਂ ਨੂੰ ਪ੍ਰਭੂ-ਭੋਜ "ਅਜੋਗਤਾ ਨਾਲ" ਖਾਣ ਅਤੇ ਪੀਣ ਬਾਰੇ ਚੇਤਾਵਨੀ ਦਿੱਤੀ (1 ਕੁਰਿੰਥੀਆਂ 11:27)।[71] ਪ੍ਰਭੂ-ਭੋਜ ਨੂੰ ਮਸੀਹੀ ਲੋਕਾਂ ਲਈ ਇਸ ਦੀ ਮਹੱਤਤਾ ਅਨੁਸਾਰ ਯੋਗ ਤਰੀਕੇ ਨਾਲ ਮਨਾਉਣ ਵਿੱਚ ਕੁਝ ਵਿਹਾਰਕ ਕਦਮ ਸਾਡੀ ਮਦਦ ਕਰ ਸਕਦੇ ਹਨ।

ਪ੍ਰਭੂ-ਭੋਜ ਅਰਾਧਨਾ ਬੰਦਗੀ ਦਾ ਪ੍ਰਮੁੱਖ ਹਿੱਸਾ ਹੋਣਾ ਚਾਹੀਦਾ ਹੈ, ਨਾ ਕਿ ਕੋਈ ਵਾਧੂ ਹਿੱਸਾ।

ਪ੍ਰਭੂ-ਭੋਜ ਦੇ ਲਈ ਇੱਕ ਸੁਭਾਵਕ ਸਮਾਂ ਸੰਦੇਸ਼ ਤੋਂ ਬਾਅਦ ਹੁੰਦਾ ਹੈ। ਇਸ ਮਾਮਲੇ ਵਿੱਚ, ਸੰਦੇਸ਼ ਨੂੰ ਸਾਨੂੰ ਪ੍ਰਭੂ-ਭੋਜ ਦੀ ਡੂੰਘੀ ਸਮਝ ਵੱਲ ਲੈ ਜਾਣਾ ਚਾਹੀਦਾ ਹੈ। ਇਹ ਸਿੱਧੇ ਤੌਰ ਤੇ ਪ੍ਰਭੂ-ਭੋਜ ਨੂੰ ਸੰਬੋਧਿਤ ਸੰਦੇਸ਼ ਦੁਆਰਾ ਕੀਤਾ ਜਾ ਸਕਦਾ ਹੈ, ਜਾਂ ਕਿਸੇ ਸੰਬੰਧਤ ਵਿਸ਼ੇ (ਮੁਕਤੀ, ਪ੍ਰਾਸਚਿਤ, ਕਿਰਪਾ, ਚੇਲਾਪਣ) ਉੱਤੇ ਸੰਦੇਸ਼ ਦੇਣ ਦੁਆਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਲੀਸੀਆਵਾਂ ਦੇ ਲਈ ਜੋ ਪ੍ਰਭੂ-ਭੋਜ ਨੂੰ ਬਾਰ-ਬਾਰ ਮਨਾਉਂਦੀਆਂ ਹਨ, ਹਰ ਬੰਦਗੀ ਦੇ ਵਿਸ਼ੇ ਨੂੰ ਪ੍ਰਭੂ-ਭੋਜ ਤੇ ਕੇਂਦਰਿਤ ਕਰਨਾ ਉਚਿਤ ਨਹੀਂ ਹੈ। ਪਰ, ਪ੍ਰਭੂ-ਭੋਜ ਮਨਾਉਣ ਅਤੇ ਪਿਛਲੀ ਬੰਦਗੀ ਦੇ ਵਿਚਕਾਰ ਇੱਕ ਸਪੱਸ਼ਟ ਸੰਬੰਧ ਹੋਣਾ ਚਾਹੀਦਾ ਹੈ।

ਪ੍ਰਭੂ-ਭੋਜ ਇੱਕ ਗੰਭੀਰ ਅਤੇ ਖੁਸ਼ੀ ਦਾ ਮੌਕਾ ਹੈ।

ਪ੍ਰਭੂ-ਭੋਜ ਗੰਭੀਰਤਾ ਨਾਲ ਖੁਦ ਨੂੰ ਜਾਂਚਣ ਅਤੇ ਪਰਮੇਸ਼ੁਰ ਦੀ ਕਿਰਪਾ ਦੇ ਅਨੰਦਮਈ ਜਸ਼ਨ ਦਾ ਸਮਾਂ ਹੈ। ਪ੍ਰਭੂ-ਭੋਜ ਮਨਾਉਣ ਦੀ ਗੰਭੀਰਤਾ ਇਸ ਯਾਦਗਿਰੀ ਵਿੱਚ ਝਲਕਦੀ ਹੈ ਕਿ ਪ੍ਰਭੂ-ਭੋਜ ਪ੍ਰਭੂ ਦੀ ਮੌਤ ਦੀ ਯਾਦ ਵਿੱਚ ਖਾਧਾ ਜਾਂਦਾ ਹੈ। ਪ੍ਰਭੂ-ਭੋਜ ਮਨਾਉਣ ਦਾ ਅਨੰਦ ਪ੍ਰਭੂ ਦੇ ਦੁਬਾਰਾ ਆਉਣ ਦੇ ਵਾਅਦੇ ਵਿੱਚ ਝਲਕਦਾ ਹੈ।

ਇਸ ਮੌਕੇ ਤੇ, ਜੀ ਉੱਠਣ ਦਾ ਜਸ਼ਨ ਅਤੇ ਮਸੀਹ ਦੇ ਦੁਬਾਰਾ ਆਉਣ ਦੀ ਉਡੀਕ ਪ੍ਰਭੂ-ਭੋਜ ਦਾ ਮੁੱਖ ਜ਼ੋਰ ਹੋ ਸਕਦਾ ਹੈ। ਕਈ ਵਾਰ, ਯਿਸੂ ਦੀ ਮੌਤ ਦੀ ਗੰਭੀਰਤਾ ਅਤੇ ਖੁਦ ਨੂੰ ਜਾਂਚਣ ਦੀ ਮਹੱਤਤਾ ਮੁੱਖ ਜ਼ੋਰ ਹੋ ਸਕਦੀ ਹੈ। ਦੋਵੇਂ ਪਹਿਲੂ ਇਸ ਨੂੰ ਮਨਾਉਣ ਦਾ ਹਿੱਸਾ ਹਨ।

ਅਸੀਂ ਪ੍ਰਭੂ-ਭੋਜ ਵਿੱਚ ਅਨੰਦ ਕਰਦੇ ਹਾਂ ਕਿਉਂਕਿ ਪ੍ਰਭੂ-ਭੋਜ ਪਰਮੇਸ਼ੁਰ ਦੀ ਕਿਰਪਾ ਨਾਲ ਸੰਭਵ ਹੋਇਆ ਹੈ। ਪ੍ਰਭੂ-ਭੋਜ ਤੇ, ਸਾਨੂੰ ਚੇਤੇ ਕਰਾਇਆ ਜਾਂਦਾ ਹੈ ਕਿ ਸਿਰਫ਼ ਕਿਰਪਾ ਹੀ ਸਾਨੂੰ ਮੁਕਤੀ ਪ੍ਰਦਾਨ ਕਰਦੀ ਹੈ। ਅਸੀਂ ਪ੍ਰਭੂ-ਭੋਜ ਦੀ ਗੰਭੀਰਤਾ ਨੂੰ ਸਮਝਦੇ ਹਾਂ ਕਿਉਂਕਿ

---

71 KJV ਬਾਈਬਲ ਵਿੱਚ "ਅਯੋਗਤਾ ਨਾਲ ਪੀਂਦਾ ਹੈ" ਦੀ ਵਿਆਖਿਆ ਕਈ ਵਾਰ ਉਸ ਵਿਅਕਤੀ ਦਾ ਹਵਾਲਾ ਦੇਣ ਲਈ ਕੀਤੀ ਜਾਂਦੀ ਹੈ ਜਿਹੜਾ ਪ੍ਰਭੂ-ਭੋਜ ਲੈਣ ਦੇ ਯੋਗ ਨਹੀਂ ਹੈ। ਪਰ, "ਅਯੋਗ ਢੰਗ ਨਾਲ" ਇੱਕ ਬਿਹਤਰ ਅਨੁਵਾਦ ਜਾਪਦਾ ਹੈ। ਕੋਈ ਵੀ ਯਿਸੂ ਦੇ ਬਲੀਦਾਨ ਦੇ ਯੋਗ ਨਹੀਂ ਹੈ। ਕੁਰਿੰਥੁਸ ਵਿੱਚ ਜਿਸ ਗਲਤੀ ਨੂੰ ਸੁਧਾਰਿਆ ਜਾਣਾ ਸੀ ਉਹ ਅਰਾਧਕਾਂ ਦੀ ਅਯੋਗਤਾ ਨਹੀਂ ਸੀ, ਪਰ ਉਹ ਨਿਰਾਦਰ ਵਾਲਾ, ਅਯੋਗ ਤਰੀਕਾ ਸੀ ਜਿਸ ਨਾਲ ਉਹ ਇਸ ਪਵਿੱਤਰ ਭੋਜਨ ਨੂੰ ਮਨਾ ਰਹੇ ਸਨ।

ਸਾਨੂੰ ਯਾਦ ਹੈ ਕਿ ਪ੍ਰਭੂ-ਭੋਜ ਵਿੱਚ ਸਾਡੀ ਭਾਗੀਦਾਰੀ ਪਾਪ ਤੋਂ ਭੱਜਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਪ੍ਰਭੂ ਦੀ ਮੇਜ਼ ਉੱਤੇ, ਹਰੇਕ ਅਰਾਧਕ ਦਾ ਆਪਣੇ ਆਪ ਆਪ ਨੂੰ ਜਾਂਚਣਾ ਜ਼ਰੂਰੀ ਹੈ।

ਪ੍ਰਭੂ-ਭੋਜ ਨੂੰ ਕਲੀਸੀਆ ਦੀ ਏਕਤਾ ਨੂੰ ਦਰਸਾਉਣਾ ਚਾਹੀਦਾ ਹੈ।

ਦੁੱਖ ਦੀ ਗੱਲ ਇਹ ਹੈ ਕਿ ਪ੍ਰਭੂ-ਭੋਜ, ਇੱਕ ਅਜਿਹੀ ਰਸਮ ਜਿਸ ਦਾ ਉਦੇਸ਼ ਕਲੀਸੀਆ ਦੀ ਏਕਤਾ ਨੂੰ ਦਰਸਾਉਣਾ ਸੀ, ਕਈ ਵਾਰ ਫੁੱਟ ਦਾ ਕਾਰਣ ਰਹੀ ਹੈ। ਪ੍ਰਭੂ-ਭੋਜ ਦੇ ਪਰੋਸੇ ਜਾਣ ਸੰਬੰਧੀ ਵਖਰੇਵੇਂ (ਇਕੱਲੇ-ਇਕੱਲੇ ਪਿਆਲਿਆਂ ਵਿੱਚ, ਸਾਂਝੇ ਪਿਆਲੇ ਵਿੱਚ, ਪਿਆਲੇ ਵਿੱਚ ਰੋਟੀ ਡੁਬੋ ਕੇ) ਅਤੇ ਕੌਣ ਇਸ ਵਿੱਚ ਹਿੱਸਾ ਲੈ ਸਕਦਾ ਹੈ ਇਸ ਸੰਬੰਧੀ ਵਖਰੇਵੇਂ (ਸਾਰੇ ਵਿਸ਼ਵਾਸੀ ਜਿਨ੍ਹਾਂ ਨੇ ਤੋਬਾ ਕੀਤੀ ਅਤੇ ਬਪਤਿਸਮਾ ਲਿਆ ਹੈ, ਸਿਰਫ਼ ਉਹ ਲੋਕ ਜਿਨ੍ਹਾਂ ਨੇ ਬਪਤਿਸਮਾ ਲਿਆ ਹੈ, ਸਿਰਫ਼ ਸਥਾਨਕ ਕਲੀਸੀਆ ਦੇ ਮੈਂਬਰ) ਕਲੀਸੀਆਵਾਂ ਵਿਚਾਲੇ ਫੁੱਟ ਦਾ ਕਾਰਣ ਰਹੇ ਹਨ।

ਪੌਲੁਸ ਨੇ ਕੁਰਿੰਥੁਸ ਦੀ ਕਲੀਸੀਆ ਨੂੰ ਚੇਤੇ ਕਰਾਇਆ ਕਿ ਜਿਵੇਂ ਉਹ ਇੱਕੋ ਰੋਟੀ ਵਿੱਚ ਸਾਂਝੀ ਹੁੰਦੇ ਹਨ, ਉਨ੍ਹਾਂ ਨੂੰ ਇੱਕ ਸਰੀਰ ਹੋਣਾ ਚਾਹੀਦਾ ਹੈ। "ਰੋਟੀ ਇੱਕੋ ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ ਇੱਕ ਰੋਟੀ ਵਿੱਚ ਸਾਂਝੀ ਹਾਂ" (1 ਕੁਰਿੰਥੀਆਂ 10:17)।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਭੂ-ਭੋਜ ਵਿੱਚ, ਅਰਾਧਨਾ ਪਹਿਲਾਂ ਹੈ ਜਦ ਕਿ ਵਿਧੀਆਂ ਬਾਅਦ ਵਿੱਚ ਹਨ। ਕਲੀਸੀਆ ਨੂੰ ਅਜਿਹੀਆਂ ਵਿਧੀਆਂ ਨੂੰ ਕਾਇਮ ਰੱਖਣਾ ਚਾਹੀਦਾ ਹੈ ਜੋ ਇੰਜੀਲ ਦੇ ਬਿਰਤਾਂਤਾਂ ਅਤੇ 1 ਕੁਰਿੰਥੀਆਂ ਨੂੰ ਪੂਰਾ ਕਰਦੀਆਂ ਹਨ। ਪਰ, ਪ੍ਰਭੂ-ਭੋਜ ਭਾਵੇਂ ਜਿਸ ਤਰ੍ਹਾਂ ਮਰਜ਼ੀ ਪਰੋਸਿਆ ਜਾਵੇ, ਇਸ ਨੂੰ ਫੁੱਟ ਪਾਉਣ ਵਾਲਾ ਨਹੀਂ ਹੋਣਾ ਚਾਹੀਦਾ। ਪ੍ਰਭੂ-ਭੋਜ ਵਿੱਚ, ਅਸੀਂ ਪਰਮੇਸ਼ੁਰ ਦੇ ਪਰਿਵਾਰ ਦੀ ਏਕਤਾ ਦਾ ਜਸ਼ਨ ਮਨਾਉਂਦੇ ਹਾਂ।

ਸਿੱਟਾ: ਅਰਾਧਨਾ ਦਾ ਸ਼ਕਤੀਸ਼ਾਲੀ ਪ੍ਰਭਾਵ

ਕੀ ਅਰਾਧਨਾ ਮਹੱਤਵਪੂਰਣ ਹੈ? ਇੱਥੇ 1945 ਦੀ ਇੱਕ ਗਵਾਹੀ ਹੈ ਜੋ ਦਰਸਾਉਂਦੀ ਹੈ ਕਿ ਜਦੋਂ ਇੱਕ ਆਮ ਵਿਅਕਤੀ ਪ੍ਰਾਰਥਨਾ ਰਾਹੀਂ ਅਰਾਧਨਾ ਕਰਦਾ ਹੈ ਤਾਂ ਕੀ ਹੋ ਸਕਦਾ ਹੈ।

ਦੂਜੇ ਵਿਸ਼ਵ ਯੁੱਧ ਦੌਰਾਨ, ਬੇਲਰ ਯੂਨੀਵਰਸਿਟੀ ਵਿੱਚ ਬੋਧੀ ਧਰਮ ਵਿੱਚੋਂ ਮਸੀਹ ਵਿੱਚ ਆਇਆ ਇੱਕ ਜਾਪਾਨੀ-ਅਮਰੀਕੀ ਵਿਦਿਆਰਥੀ ਬੇਦਾਰੀ ਦਾ ਇੱਕ ਵਸੀਲਾ ਬਣਿਆ। ਰੀਜੀ ਹੋਸ਼ਿਜ਼ਾਕੀ ਆਪਣੀ ਸਕੂਲ ਦੀ ਫੀਸ ਚੁਕਾਉਣ ਲਈ ਇੱਕ ਚੌਕੀਦਾਰ ਵਜੋਂ ਕੰਮ ਕਰਨ ਲੱਗ ਪਿਆ। ਜਦੋਂ ਉਹ ਜਮਾਤਾਂ ਦੀ ਸਫ਼ਾਈ ਕਰਦਾ, ਉਹ ਹਰੇਕ ਡੈਸਕ ਦੇ ਕੋਲ ਪ੍ਰਾਰਥਨਾ ਕਰਨਾ ਸ਼ੁਰੂ ਕਰ ਦਿੰਦਾ।

ਕਈ ਹਫ਼ਤਿਆਂ ਦੀ ਪ੍ਰਾਰਥਨਾ ਤੋਂ ਬਾਅਦ, ਇੱਕ ਦਿਨ ਰੀਜੀ ਨੇ ਜਮਾਤ ਵਿੱਚ ਬੈਠੇ-ਬੈਠੇ ਆਪਣੇ ਸਹਿਪਾਠੀਆਂ ਲਈ ਇੰਨਾ ਬੋਝ ਨਾਲ ਭਰ ਗਿਆ ਕਿ ਉਹ ਰੋਂਦਾ ਹੋਇਆ ਗੋਡਿਆਂ ਭਾਰ ਹੋ ਕੇ ਪ੍ਰਾਰਥਨਾ ਕਰਨ ਲੱਗ ਪਿਆ। ਵਿਦਿਆਰਥੀਆਂ ਨੇ ਪੁੱਛਿਆ, "ਰੀਜੀ ਨੂੰ ਕੀ ਹੋ ਗਿਆ ਹੈ?" ਰੀਜੀ ਨਾਲ ਕੁਝ ਵੀ ਗਲਤ ਨਹੀਂ ਸੀ; ਉਸ ਦੀ ਕੁਰਸੀ ਉਸ ਦੀ ਜਗਵੇਦੀ ਬਣ ਗਈ।

ਰੀਜੀ ਦੀ ਸਿਫ਼ਾਰਸ਼ੀ ਪ੍ਰਾਰਥਨਾ ਦੁਆਰਾ, ਬੇਲਰ ਯੂਨੀਵਰਸਿਟੀ ਅਤੇ ਫਿਰ ਟੈਕਸਾਸ ਦੇ ਪੂਰੇ ਸੂਬੇ ਵਿੱਚ ਬੇਦਾਰੀ ਫੈਲ ਗਈ। ਉੱਥੇ ਪੜ੍ਹ ਰਹੇ ਦਰਜਨਾਂ ਖੁਸ਼ਖਬਰੀ ਪਰਚਾਰਕ ਪੂਰੇ ਦੱਖਣ-ਪੱਛਮੀ ਸੰਯੁਕਤ ਰਾਜ ਵਿੱਚ ਬੇਦਾਰੀ ਫੈਲਾਉਣ ਲਈ ਬੇਲਰ ਦੇ ਕੈਂਪਸ ਵਿੱਚੋਂ ਨਿੱਕਲ ਗਏ। ਪ੍ਰਾਰਥਨਾ ਅਰਾਧਨਾ ਦਾ ਇੱਕ ਜ਼ਰੂਰੀ ਅੰਗ ਹੈ। ਜਦੋਂ ਅਸੀਂ ਅਰਾਧਨਾ ਕਰਦੇ ਹਾਂ, ਸਾਡਾ ਸੰਸਾਰ ਪਰਮੇਸ਼ੁਰ ਦੀ ਸ਼ਕਤੀ ਦੁਆਰਾ ਬਦਲ ਜਾਂਦਾ ਹੈ।

ਪਾਠ 7 ਦੀ ਸਮੀਖਿਆ

1. ਅਸੀਂ ਆਪਣੀ ਅਰਾਧਨਾ ਦੇ ਸਾਰੇ ਹਿੱਸਿਆਂ ਵਿੱਚ ਬਚਨ ਨੂੰ ਸ਼ਾਮਲ ਕਰਕੇ ਅਰਾਧਨਾ ਵਿੱਚ ਬਚਨ ਨੂੰ ਪ੍ਰਮੁੱਖ ਬਣਾ ਸਕਦੇ ਹਾਂ।

2. ਕਿਉਂਕਿ ਅਰਾਧਨਾ ਵਿੱਚ ਬਚਨ ਪ੍ਰਮੁੱਖ ਹੈ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਨੂੰ ਸਾਫ਼-ਸਾਫ਼, ਸਪੱਸ਼ਟ ਤੌਰ ਤੇ ਅਤੇ ਵੱਖੋ-ਵੱਖਰੇ ਢੰਗ ਨਾਲ ਪੜ੍ਹਿਆ ਜਾਵੇ ਜੋ ਪੜ੍ਹਨ ਨੂੰ ਤਰੋਤਾਜ਼ਾ ਰੱਖੇ।

3. ਕਿਉਂਕਿ ਪਰਚਾਰ ਕਰਨਾ ਅਰਾਧਨਾ ਦਾ ਹਿੱਸਾ ਹੈ:

   - ਪਰਚਾਰ ਸਾਵਧਾਨੀ ਨਾਲ ਤਿਆਰੀ ਕਰਨ ਦੀ ਮੰਗ ਕਰਦਾ ਹੈ।
   - ਪਰਚਾਰ ਕਲੀਸੀਆ ਤੋਂ ਜਵਾਬ ਦੀ ਮੰਗ ਕਰਦਾ ਹੈ।
   - ਪਰਚਾਰ ਪਰਚਾਰਕ ਤੋਂ ਜਵਾਬ ਦੀ ਮੰਗ ਕਰਦਾ ਹੈ।
   - ਪਰਚਾਰਕ ਨੂੰ ਪਵਿੱਤਰ ਆਤਮਾ ਵੱਲੋਂ ਸ਼ਕਤੀ ਪ੍ਰਾਪਤ ਹੋਣੀ ਚਾਹੀਦੀ ਹੈ।

4. ਪ੍ਰਾਰਥਨਾ ਨੂੰ ਜਨਤਕ ਅਰਾਧਨਾ ਦਾ ਸਾਰਥਕ ਹਿੱਸਾ ਬਣਾਉਣ ਲਈ ਤਿੰਨ ਵਿਹਾਰਕ ਤਰੀਕੇ:

   - ਆਪਣੇ ਨਿੱਜੀ ਪ੍ਰਾਰਥਨਾ ਜੀਵਨ ਨੂੰ ਵਿਕਸਿਤ ਕਰੋ।
   - ਪ੍ਰਾਰਥਨਾ ਕਰਨੀ ਸਿੱਖੋ।
   - ਬਚਨ ਦੇ ਸ਼ਬਦਾਂ ਨਾਲ ਪ੍ਰਾਰਥਨਾ ਕਰੋ।
   - ਪਰਮੇਸ਼ੁਰ ਨਾਲ ਸੰਗਤੀ ਕਰਨ ਤੇ ਧਿਆਨ ਕੇਂਦਰਿਤ ਕਰੋ।
   - ਆਪਣੀਆਂ ਤਰਜੀਹਾਂ ਨੂੰ ਪਰਮੇਸ਼ੁਰ ਦੀਆਂ ਤਰਜੀਹਾਂ ਦੇ ਨਾਲ ਇਕਸਾਰ ਕਰੋ।
   - ਕਲੀਸੀਆ ਨਾਲ ਨਹੀਂ, ਪਰਮੇਸ਼ੁਰ ਨਾਲ ਗੱਲ ਕਰੋ।

5. ਕਿਉਂਕਿ ਭੇਟ ਅਰਾਧਨਾ ਦਾ ਹਿੱਸਾ ਹੈ:

   - ਦੇਣਾ ਕਿਰਪਾ ਤੋਂ ਪ੍ਰੇਰਿਤ ਹੁੰਦਾ ਹੈ, ਡਰ ਤੋਂ ਨਹੀਂ।
   - ਦੇਣਾ ਪਿਆਰ ਤੋਂ ਪ੍ਰੇਰਿਤ ਹੁੰਦਾ ਹੈ, ਫਲ ਤੋਂ ਨਹੀਂ।
   - ਦੇਣਾ ਖੁੱਲ੍ਹਦਿਲੀ ਨਾਲ ਦੇਣਾ ਹੈ, ਕੰਜੂਸੀ ਨਾਲ ਨਹੀਂ।
   - ਦੇਣਾ ਅਧੀਨਗੀ ਤੋਂ ਪ੍ਰੇਰਿਤ ਹੁੰਦਾ ਹੈ, ਹੰਕਾਰ ਤੋਂ ਨਹੀਂ।
   - ਜਿਸ ਤਰੀਕੇ ਨਾਲ ਅਸੀਂ ਭੇਟ ਇਕੱਠੀ ਕਰਦੇ ਹਾਂ ਉਸ ਨਾਲ ਅਰਾਧਨਾ ਦੀ ਭਾਵਨਾ ਪੈਦਾ ਹੋਣੀ ਚਾਹੀਦੀ ਹੈ।

6. ਪ੍ਰਭੂ-ਭੋਜ

   - ਪਿੱਛੇ ਮੁੜ ਕੇ ਮਸੀਹ ਦੀ ਮੌਤ ਨੂੰ ਵੇਖਦਾ ਹੈ।
   - ਮਸੀਹ ਦੇ ਦੁਬਾਰਾ ਆਉਣ ਦੀ ਉਡੀਕ ਕਰਦਾ ਹੈ।
   - ਯੋਗ ਤਰੀਕੇ ਨਾਲ ਮਨਾਇਆ ਜਾਣਾ ਚਾਹੀਦਾ ਹੈ।
   - ਗੰਭੀਰ ਅਤੇ ਅਨੰਦਮਈ ਢੰਗ ਨਾਲ ਮਨਾਇਆ ਜਾਣਾ ਚਾਹੀਦਾ ਹੈ।
   - ਇਸ ਤਰੀਕੇ ਨਾਲ ਮਨਾਇਆ ਜਾਣਾ ਚਾਹੀਦਾ ਹੈ ਜੋ ਕਲੀਸੀਆ ਦੀ ਏਕਤਾ ਨੂੰ ਦਰਸਾਵੇ।

ਪਾਠ 7 ਦੇ ਖੁਦ ਕਰਨ ਵਾਲੇ ਕੰਮ

1. ਪਾਠ 6 ਵਿੱਚ, ਤੁਸੀਂ ਵੱਖ-ਵੱਖ ਵਿਸ਼ਿਆਂ ਨਾਲ ਜੁੜੇ ਪੰਜ ਗੀਤ ਚੁਣੇ ਸੀ। ਇਨ੍ਹਾਂ ਪੰਜਾਂ ਵਿੱਚੋਂ ਹਰੇਕ ਲਈ, 3-4 ਹਵਾਲੇ ਲੱਭੋ ਜੋ ਉਸ ਵਿਸ਼ੇ ਬਾਰੇ ਗੱਲ ਕਰਦੇ ਹੋਣ। ਤੁਹਾਡੀਆਂ ਸੂਚੀਆਂ ਦੀ ਵਰਤੋਂ ਅਗਲੇ ਪਾਠ ਵਿੱਚ ਕੀਤੀ ਜਾਵੇਗੀ ਜਦੋਂ ਤੁਸੀਂ ਅਰਾਧਨਾ ਬੰਦਗੀ ਦੀ ਯੋਜਨਾ ਬਣਾਓਗੇ।

   - 3-4 ਆਇਤਾਂ ਪਰਮੇਸ਼ੁਰ ਦੇ ਸੁਭਾਅ ਬਾਰੇ
   - 3-4 ਆਇਤਾਂ ਯਿਸੂ ਅਤੇ ਉਸ ਦੀ ਮੌਤ ਅਤੇ ਜੀ ਉੱਠਣ ਬਾਰੇ
   - 3-4 ਆਇਤਾਂ ਪਵਿੱਤਰ ਆਤਮਾ ਅਤੇ ਕਲੀਸੀਆ ਬਾਰੇ
   - 3-4 ਆਇਤਾਂ ਉਹ ਜੋ ਪਰਮੇਸ਼ੁਰ ਦੇ ਲੋਕਾਂ ਨੂੰ ਇੱਕ ਸਮਰਪਿਤ, ਪਵਿੱਤਰ ਜੀਵਨ ਲਈ ਬੁਲਾਉਂਦੀਆਂ ਹਨ
   - 3-4 ਆਇਤਾਂ ਖੁਸ਼ਖ਼ਬਰੀ ਪਰਚਾਰ ਅਤੇ ਮਿਸ਼ਨ ਬਾਰੇ

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਦੇ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 7 ਦਾ ਇਮਤਿਹਾਨ

1. ਅਰਾਧਨਾ ਵਿੱਚ ਬਚਨ ਦੀ ਮਹੱਤਤਾ ਨੂੰ ਦਰਸਾਉਣ ਵਾਲੀਆਂ ਤਿੰਨ ਉਦਾਹਰਣਾਂ ਦੱਸੋ।

2. ਅਰਾਧਨਾ ਬੰਦਗੀ ਦੇ ਤਿੰਨ ਹਿੱਸਿਆਂ ਦੇ ਨਾਮ ਦੱਸੋ ਜਿਨ੍ਹਾਂ ਵਿੱਚ ਬਚਨ ਦੀ ਵਰਤੋਂ ਕੀਤੀ ਜਾ ਸਕਦੀ ਹੈ।

3. *ਪਰਚਾਰ ਅਰਾਧਨਾ ਹੈ, ਇਸ ਸਿਧਾਂਤ ਦੇ* ਚਾਰ ਵਿਹਾਰਕ ਪ੍ਰਭਾਵ ਦੱਸੋ।

4. ਪ੍ਰਾਰਥਨਾ ਨੂੰ ਜਨਤਕ ਅਰਾਧਨਾ ਦਾ ਸਾਰਥਕ ਹਿੱਸਾ ਬਣਾਉਣ ਲਈ ਤਿੰਨ ਵਿਹਾਰਕ ਸੁਝਾਵ ਦੱਸੋ।

5. ਅਰਾਧਨਾਪੂਰਨ ਦਾਨ ਦੇਣ ਦੇ ਚਾਰ ਧਰਮ-ਗਿਆਨ ਸੰਬੰਧੀ ਸਿਧਾਂਤ ਦੱਸੋ।

6. ਦਾਨ ਦੇਣ ਨੂੰ ਅਰਾਧਨਾ ਦਾ ਕਾਰਜ ਬਣਾਉਣ ਦੇ ਲਈ ਚਾਰ ਵਿਹਾਰਕ ਵਿਚਾਰ ਦੱਸੋ।

7. 1 ਕੁਰਿੰਥੀਆਂ ਵਿੱਚ ਪ੍ਰਭੂ-ਭੋਜ ਦੇ ਦੋ ਮਾਨਤਾ ਦਿੱਤੇ ਗਏ ਪਹਿਲੂ ਦੱਸੋ।

8. ਮੱਤੀ 6:5-8 ਮੂੰਹ ਜ਼ਬਾਨੀ ਲਿਖੋ।

ਪਾਠ 8

ਯੋਜਨਾ ਬਣਾਉਣਾ ਅਤੇ ਅਰਾਧਨਾ ਵਿੱਚ ਅਗਵਾਈ

ਪਾਠ ਦੇ ਉਦੇਸ਼

1. ਅਰਾਧਨਾ ਦੀ ਅਗਵਾਈ ਕਰਨ ਲਈ ਆਤਮਿਕ ਤੌਰ ਤੇ ਤਿਆਰ ਹੋਣ ਦੇ ਮਹੱਤਵ ਨੂੰ ਪਛਾਣਨਾ।
2. ਅਰਾਧਨਾ ਬੰਦਗੀਆਂ ਵਿੱਚ ਢਾਂਚੇ ਅਤੇ ਵਿਸ਼ੇ ਦੀ ਭੂਮਿਕਾ ਨੂੰ ਸਮਝਣਾ।
3. ਸੰਤੁਲਿਤ ਅਰਾਧਨਾ ਬੰਦਗੀਆਂ ਦੀ ਯੋਜਨਾ ਬਣਾਉਣਾ ਜੋ ਮਸੀਹ ਦੀ ਸਮੁੱਚੀ ਦੇਹ ਨਾਲ ਗੱਲ ਕਰਦੀਆਂ ਹਨ।
4. ਅਰਾਧਨਾ ਆਗੂ ਵਿੱਚ ਲੋੜੀਂਦੇ ਗੁਣਾਂ ਨੂੰ ਸਲਾਹੁਣਾ।
5. ਅਗਵਾਈ ਅਤੇ ਅਰਾਧਨਾ ਵਿੱਚ ਚਾਲਬਾਜ਼ੀ ਵਿਚਾਲੇ ਫ਼ਰਕ ਦੱਸਣਾ।
6. ਪ੍ਰਭਾਵਸ਼ਾਲੀ ਅਰਾਧਨਾ ਅਗਵਾਈ ਲਈ ਵਿਹਾਰਕ ਕਦਮਾਂ ਨੂੰ ਲਾਗੂ ਕਰਨਾ।

ਇਸ ਪਾਠ ਦੇ ਲਈ ਤਿਆਰੀ

2 ਇਤਹਾਸ 5:13-14 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

» ਤੁਸੀਂ ਹਰ ਹਫ਼ਤੇ ਦੀ ਅਰਾਧਨਾ ਬੰਦਗੀ ਲਈ ਯੋਜਨਾ ਬਣਾਉਣ ਵਾਸਤੇ ਕਿੰਨਾ ਸਮਾਂ ਦਿੰਦੇ ਹੋ? ਕੀ ਤੁਸੀਂ ਗੀਤਾਂ ਦਾ ਸੰਦੇਸ਼ ਨਾਲ ਮੇਲ ਕਰਦੇ ਹੋ? ਕੀ ਇਸ ਤਰ੍ਹਾਂ ਦੀ ਯੋਜਨਾ ਜ਼ਰੂਰੀ ਹੈ ਜਾਂ ਕੀ ਅਗਾਂਹ ਵਧੂ ਯੋਜਨਾ ਅਰਾਧਨਾ ਵਿੱਚ ਪਵਿੱਤਰ ਆਤਮਾ ਦੀ ਅਜ਼ਾਦੀ ਵਿੱਚ ਰੁਕਾਵਟ ਪਾਉਂਦੀ ਹੈ?

ਕਲਪਨਾ ਕਰੋ ਕਿ ਇੱਕ ਔਰਤ ਹੈ ਜੋ ਖ਼ਾਸ ਮਹਿਮਾਨਾਂ ਦੇ ਲਈ ਖਾਣਾ ਬਣਾ ਰਹੀ ਹੈ। ਜਿਵੇਂ ਹੀ ਮਹਿਮਾਨ ਰਾਤ ਦੇ ਖਾਣੇ ਲਈ ਆਉਂਦੇ ਹਨ, ਮੇਜ਼ਬਾਨ ਕਹਿੰਦੀ ਹੈ, "ਮੈਂ ਖਾਣਾ ਬਣਾਉਣ ਵਿੱਚ ਜ਼ਿਆਦਾ ਸਮਾਂ ਬਿਤਾਉਣ ਵਿੱਚ ਵਿਸ਼ਵਾਸ ਨਹੀਂ ਕਰਦੀ। ਇੱਥੇ ਕੁਝ ਬਚੀ ਹੋਈ

ਰੋਟੀ, ਮੀਟ ਅਤੇ ਸਬਜ਼ੀਆਂ ਹਨ। ਬਸ ਉਨ੍ਹਾਂ ਨੂੰ ਜਿਵੇਂ ਤੁਸੀਂ ਚਾਹੁੰਦੇ ਹੋ ਬਣਾ ਲਓ।" ਕੀ ਤੁਸੀਂ ਖ਼ਾਸ ਮਹਿਮਾਨਾਂ ਨਾਲ ਇਸ ਤਰ੍ਹਾਂ ਕਰੋਗੇ? ਬਿਲਕੁਲ ਨਹੀਂ! ਤੁਸੀਂ ਆਪਣੇ ਮਹਿਮਾਨਾਂ ਲਈ ਆਪਣਾ ਸਭ ਤੋਂ ਉੱਤਮ ਦੇਣਾ ਚਾਹੁੰਦੇ ਹੋ।

ਕਲਪਨਾ ਕਰੋ ਕਿ ਇੱਕ ਪਾਸਟਰ ਹੈ ਜਿਹੜਾ ਪਰਮੇਸ਼ੁਰ ਦੇ ਲਈ ਭੇਟ ਦੇ ਰੂਪ ਵਿੱਚ ਅਰਾਧਨਾ ਲੈ ਕੇ ਆਉਂਦਾ ਹੈ। ਉਹ ਕਹਿੰਦਾ ਹੈ, "ਮੈਂ ਅਰਾਧਨਾ ਦੀ ਯੋਜਨਾ ਬਣਾਉਣ ਵਿੱਚ ਜ਼ਿਆਦਾ ਸਮਾਂ ਬਿਤਾਉਣ ਵਿੱਚ ਵਿਸ਼ਵਾਸ ਨਹੀਂ ਕਰਦਾ। ਮੈਂ ਪਵਿੱਤਰ ਆਤਮਾ ਨੂੰ ਮੇਰੇ ਰਾਹੀਂ ਗੱਲ ਕਰਨ ਦੀ ਅਜ਼ਾਦੀ ਦੇਣਾ ਚਾਹੁੰਦਾ ਹਾਂ, ਇਸ ਲਈ ਮੈਂ ਕੁਝ ਵੀ ਯੋਜਨਾ ਨਹੀਂ ਬਣਾਵਾਂਗਾ। ਮੈਂ ਆਤਮਾ ਨੂੰ ਮੇਰੀ ਅਗਵਾਈ ਕਰਨ ਦਿੰਦਾ ਹਾਂ।"

ਕੁਝ ਆਗੂਆਂ ਦਾ ਮੰਨਣਾ ਹੈ ਕਿ ਪਵਿੱਤਰ ਆਤਮਾ ਚੰਗੀ ਤਰ੍ਹਾਂ ਤਿਆਰ ਕੀਤੇ ਸੰਦੇਸ਼ ਜਾਂ ਚੰਗੀ ਤਰ੍ਹਾਂ ਯੋਜਨਾਬੱਧ ਬੰਦਗੀ ਦੁਆਰਾ ਕੰਮ ਨਹੀਂ ਕਰ ਸਕਦਾ। ਪਰ, ਬਾਈਬਲ ਅਰਾਧਨਾ ਲਈ ਯੋਜਨਾ ਬਣਾਉਣ ਦੇ ਮਹੱਤਵ ਨੂੰ ਦਰਸਾਉਂਦੀ ਹੈ। ਹੈਕਲ ਵਿੱਚ ਅਰਾਧਨਾ ਲਈ ਵਜੰਤਰੀਆਂ ਦੀ ਸਾਵਧਾਨੀ ਨਾਲ ਕੀਤੀ ਤਿਆਰੀ ਤੋਂ ਲੈ ਕੇ ਕੁਰਿੰਥੁਸ ਵਿੱਚ ਕਲੀਸੀਆ ਦੇ ਲਈ ਅਰਾਧਨਾ ਦੇ ਵਿਸ਼ੇ ਵਿੱਚ ਪੌਲੁਸ ਦੀਆਂ ਹਦਾਇਤਾਂ ਤੱਕ, ਬਚਨ ਦਰਸਾਉਂਦਾ ਹੈ ਕਿ ਸੇਵਕਾਈ ਵਿੱਚ ਅਗਵਾਈ ਕਰਨ ਲਈ ਯੋਜਨਾ ਬਣਾਉਣਾ ਜ਼ਰੂਰੀ ਹੈ। ਸਾਨੂੰ ਕੋਈ ਅਜਿਹੀ ਭੇਟ ਨਹੀਂ ਲਿਆਉਣੀ ਚਾਹੀਦੀ ਜਿਸ ਦਾ ਸਾਨੂੰ ਕੋਈ ਮੁੱਲ ਨਾ ਦੇਣਾ ਪਿਆ ਹੋਵੇ। ਕਿਉਂਕਿ ਅਰਾਧਨਾ ਪਰਮੇਸ਼ੁਰ ਲਈ ਸਾਡਾ ਬਲੀਦਾਨ ਹੈ, ਪਰਮੇਸ਼ੁਰ ਸਾਡੀ ਸਭ ਤੋਂ ਉੱਤਮ ਭੇਟ ਦਾ ਹੱਕਦਾਰ ਹੈ।

ਇਸ ਪਾਠ ਵਿੱਚ ਅਸੀਂ ਅਰਾਧਨਾ ਦੀ ਅਗਵਾਈ ਦੇ ਦੋ ਪਹਿਲੂਆਂ ਨੂੰ ਵੇਖਾਂਗੇ। ਪਹਿਲਾਂ, ਅਸੀਂ ਅਰਾਧਨਾ ਲਈ ਯੋਜਨਾ ਬਣਾਉਣ ਦੇ ਮਹੱਤਵ ਦਾ ਅਧਿਐਨ ਕਰਾਂਗੇ। ਫਿਰ, ਅਸੀਂ ਅਰਾਧਨਾ ਬੰਦਗੀ ਵਿੱਚ ਪ੍ਰਭਾਵਸ਼ਾਲੀ ਅਗਵਾਈ ਵੇਖਾਂਗੇ।

ਅਰਾਧਨਾ ਬੰਦਗੀ ਦੇ ਲਈ ਤਿਆਰੀ ਕਰਨਾ

» ਕੂਚ 28-29 ਅਧਿਆਵਾਂ ਨੂੰ ਪੜ੍ਹੋ। ਇਸਰਾਏਲੀਆਂ ਦੀ ਅਰਾਧਨਾ ਵਿੱਚ ਅਗਵਾਈ ਕਰਨ ਵਾਲਿਆਂ ਦੀ ਸਾਵਧਾਨੀ ਨਾਲ ਕੀਤੀ ਜਾਣ ਵਾਲੀ ਤਿਆਰੀ ਵੱਲ ਧਿਆਨ ਦਿਓ। ਤੁਸੀਂ ਅਰਾਧਨਾ ਦੀ ਅਗਵਾਈ ਕਰਨ ਲਈ ਆਤਮਿਕ, ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਕਿਵੇਂ ਤਿਆਰੀ ਕਰਦੇ ਹੋ?

ਅਰਾਧਨਾ ਆਗੂ ਨੂੰ ਤਿਆਰ ਕਰਨਾ

ਅਰਾਧਨਾ ਬੰਦਗੀ ਦੀ ਯੋਜਨਾ ਬਣਾਉਣਾ ਅਤੇ ਤਿਆਰੀ ਕਰਨਾ ਮਹੱਤਵਪੂਰਣ ਹੈ; **ਅਰਾਧਨਾ ਆਗੂ** ਨੂੰ ਤਿਆਰ ਕਰਨਾ ਹੋਰ ਵੀ ਮਹੱਤਵਪੂਰਣ ਹੈ। ਅਸੀਂ ਲੋਕਾਂ ਨੂੰ ਉੱਥੇ ਨਹੀਂ ਲੈ ਕੇ ਜਾ ਸਕਦੇ ਜਿੱਥੇ ਅਸੀਂ ਆਪ ਨਹੀਂ ਗਏ ਹਾਂ। ਇਸ ਕਰਕੇ, ਅਰਾਧਨਾ ਵਿੱਚ ਦੂਜਿਆਂ ਦੀ ਅਗਵਾਈ ਕਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਦਿਲ ਨੂੰ ਤਿਆਰ ਕਰਨਾ ਜ਼ਰੂਰੀ ਹੈ।

ਪਾਠ 2 ਵਿੱਚ, ਅਸੀਂ ਅਰਾਧਕਾਂ ਲਈ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਵੇਖਿਆ ਸੀ। ਪਰਮੇਸ਼ੁਰ ਆਪਣੇ ਅਰਾਧਕਾਂ ਨੂੰ ਸਾਫ਼ ਹੱਥ ਅਤੇ ਸ਼ੁੱਧ ਮਨ ਰੱਖਣ ਲਈ ਕਹਿੰਦਾ ਹੈ। ਅਰਾਧਨਾ ਬੰਦਗੀ ਦੀ ਤਿਆਰੀ ਸ਼ੁਰੂ ਕਰਨ ਤੋਂ ਪਹਿਲਾਂ, ਸਾਨੂੰ ਆਪਣੇ ਆਪ ਨੂੰ ਅਰਾਧਨਾ ਦੇ ਆਗੂਆਂ ਵਜੋਂ ਤਿਆਰ ਕਰਨਾ ਚਾਹੀਦਾ ਹੈ। ਸਾਨੂੰ ਅਰਾਧਨਾ ਦੀ ਅਗਵਾਈ ਕਰਨ ਲਈ ਆਤਮਿਕ ਤੌਰ ਤੇ ਤਿਆਰ ਹੋਣਾ ਚਾਹੀਦਾ ਹੈ।

ਪ੍ਰਾਰਥਨਾ ਅਤੇ ਬਚਨ ਪੜ੍ਹਨ ਨਾਲ ਅਰਾਧਨਾ ਦੀ ਯੋਜਨਾ ਬਣਾਉਣਾ ਸ਼ੁਰੂ ਕਰੋ। ਆਪਣੇ ਖੁਦ ਦੇ ਆਤਮਿਕ ਵਿਕਾਸ ਲਈ ਪਰਮੇਸ਼ੁਰ ਦਾ ਬਚਨ ਪੜ੍ਹਨ ਵਿੱਚ ਸਮਾਂ ਬਿਤਾਓ। ਅਰਾਧਨਾ ਦੇ ਆਗੂਆਂ ਲਈ ਇੱਕ

"ਇੱਕ ਵਿਅਕਤੀ ਜੋ ਦੂਸਰਿਆਂ ਨੂੰ ਰਾਜੇ ਦੀ ਹਜ਼ੂਰੀ ਵਿੱਚ ਲੈ ਕੇ ਜਾਣ ਵਿੱਚ ਅਗਵਾਈ ਕਰਦਾ ਹੈ, ਉਸ ਨੇ ਰਾਜੇ ਦੇ ਦੇਸ਼ ਦੀ ਬਹੁਤ ਯਾਤਰਾ ਕੀਤੀ ਹੋਵੇਗੀ ਅਤੇ ਅਕਸਰ ਉਸ ਦੇ ਚਿਹਰੇ ਨੂੰ ਵੇਖਿਆ ਹੋਵੇਗਾ।"

ਚਾਰਲਸ ਸਪੱਰਜਨ

ਨਿਰੰਤਰ ਖ਼ਤਰਾ ਸੇਵਕਾਈ ਦੀ ਤਿਆਰੀ ਨੂੰ ਨਿੱਜੀ ਆਤਮਿਕ ਵਿਕਾਸ ਦੀ ਥਾਂ ਲੈਣ ਦੇਣਾ ਹੈ। ਅਸੀਂ ਦੂਸਰਿਆਂ ਨੂੰ ਸੁਣਾਉਣ ਵਾਸਤੇ ਸੰਦੇਸ਼ ਤਿਆਰ ਕਰਨ ਲਈ ਬਾਈਬਲ ਦਾ ਅਧਿਐਨ ਕਰ ਸਕਦੇ ਹਾਂ ਜਦ ਕਿ ਪਰਮੇਸ਼ੁਰ ਦੇ ਬਚਨ ਨੂੰ ਸਾਡੀਆਂ ਆਪਣੀਆਂ ਆਤਮਿਕ ਲੋੜਾਂ ਨਾਲ ਗੱਲ ਕਰਨ ਦੀ ਅਨੁਮਤੀ ਦੇਣ ਵਿੱਚ ਅਸਫ਼ਲ ਹੋ ਸਕਦੇ ਹਾਂ।

ਪਰਮੇਸ਼ੁਰ ਦੇ ਉਨ੍ਹਾਂ ਬਚਨਾਂ ਅਤੇ ਗੀਤਾਂ ਦੀ ਚੋਣ ਕਰਨ ਤੋਂ ਪਹਿਲਾਂ ਜੋ ਕਲੀਸੀਆ ਨਾਲ ਗੱਲ ਕਰਦੇ ਹਨ, ਪਰਮੇਸ਼ੁਰ ਦੇ ਬਚਨ ਅਤੇ ਪਰਮੇਸ਼ੁਰ ਦੇ ਆਤਮਾ ਨੂੰ ਤੁਹਾਡੇ ਨਾਲ ਵਿਅਕਤੀਗਤ ਤੌਰ ਤੇ ਗੱਲ ਕਰਨ ਦੇਣ ਲਈ ਸਮਾਂ ਕੱਢੋ। ਫਿਰ ਜਦੋਂ ਤੁਸੀਂ ਐਤਵਾਰ ਦੀ ਬੰਦਗੀ ਲਈ ਯੋਜਨਾ ਬਣਾਉਣਾ ਸ਼ੁਰੂ ਕਰਦੇ ਹੋ, ਤਾਂ ਪਰਮੇਸ਼ੁਰ ਨੂੰ ਕਹੋ ਕਿ ਉਹ ਤੁਹਾਡਾ ਅਜਿਹੇ ਬਚਨਾਂ, ਸੰਦੇਸ਼ ਦੇ ਵਿਸ਼ੇ ਅਤੇ ਸੰਗੀਤ ਵੱਲ ਮਾਰਗਦਰਸ਼ਨ ਕਰੇ ਜੋ ਲੋਕਾਂ ਦੀਆਂ ਜ਼ਰੂਰਤਾਂ ਨਾਲ ਗੱਲ ਕਰਨਗੇ।

ਜਾਂਚ

ਤੁਸੀਂ ਆਪਣੇ ਜੀਵਨ ਵਿੱਚ ਨਿੱਜੀ ਅਰਾਧਨਾ ਦਾ ਇੱਕ ਸਿਹਤਮੰਦ ਨਮੂਨਾ ਕਿਵੇਂ ਵਿਕਸਿਤ ਕਰਦੇ ਹੋ? ਤੁਹਾਨੂੰ ਕਿਹੜੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਤੁਸੀਂ ਉਨ੍ਹਾਂ ਰੁਕਾਵਟਾਂ ਦਾ ਪ੍ਰਤੀਉੱਤਰ ਕਿਵੇਂ ਦਿੰਦੇ ਹੋ?

ਅਰਾਧਨਾ ਬੰਦਗੀ ਦੀ ਯੋਜਨਾ ਬਣਾਉਣਾ[72]

ਫਰੈਡ ਬੌਕ ਨੇ ਉਸ ਪਾਸਟਰ ਦੀ ਤਿਆਰੀ ਦਾ ਵਰਣਨ ਕੀਤਾ ਜਿਸ ਦੇ ਅਧੀਨ ਉਹ ਸੇਵਾ ਕਰਦਾ ਸੀ, ਜਿਸ ਦਾ ਨਾਮ ਸੀ ਲੋਇਡ ਜੌਨ ਓਗਿਲਵੀ। ਡਾ. ਓਗਿਲਵੀ ਪੂਰੇ ਸਾਲ ਦੇ ਲਈ ਆਪਣੇ ਸੰਦੇਸ਼ਾਂ ਦੀ ਯੋਜਨਾ ਬਣਾ ਲੈਂਦੇ ਸੀ। ਬਹੁਤ ਵਾਰ, ਜਨਵਰੀ ਦੇ ਲਈ ਚੁਣੇ ਗਏ ਸੰਦੇਸ਼ ਦਾ ਵਿਸ਼ਾ ਜਦੋਂ ਜੁਲਾਈ ਵਿੱਚ ਪਰਚਾਰ ਕੀਤਾ ਜਾਂਦਾ ਸੀ ਤਾਂ ਇਹ ਉਸ ਸਮੇਂ ਕਲੀਸੀਆ ਦੀਆਂ ਲੋੜਾਂ ਲਈ ਪੂਰੀ ਤਰ੍ਹਾਂ ਢੁਕਵਾਂ ਹੁੰਦਾ ਸੀ। ਕਿਉਂ? "ਸਾਡਾ ਪਰਮੇਸ਼ੁਰ ਕੱਲ੍ਹ, ਅੱਜ ਅਤੇ ਕੱਲ੍ਹ ਦਾ ਪਰਮੇਸ਼ੁਰ ਹੈ। ਉਹ ਸਾਡੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਸਾਡੇ ਜਾਣਨ ਤੋਂ ਬਹੁਤ ਸਮਾਂ ਪਹਿਲਾਂ। ...ਅਤੇ ਜਦੋਂ ਅਸੀਂ ਤਿਆਰ ਅਤੇ ਸੰਗਠਿਤ ਹੁੰਦੇ ਹਾਂ, ਇਹ ਸਾਨੂੰ ਪਵਿੱਤਰ ਆਤਮਾ ਲਈ ਵਧੇਰੇ ਉਪਯੋਗੀ ਅਤੇ ਲਚਕਦਾਰ ਔਜ਼ਾਰ ਬਣਾਉਂਦਾ ਹੈ।"[73] ਪਵਿੱਤਰ ਆਤਮਾ ਜਾਣਦਾ ਹੈ ਕਿ ਤੁਹਾਡੀ ਬੰਦਗੀ ਵਿੱਚ ਕੌਣ ਹੋਵੇਗਾ; ਉਹ ਤੁਹਾਡਾ ਮਾਰਗਦਰਸ਼ਨ ਉਨ੍ਹਾਂ ਗੀਤਾਂ ਅਤੇ ਹਵਾਲਿਆਂ ਵੱਲ ਕਰ ਸਕਦਾ ਹੈ ਜੋ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨਗੇ।

ਸ਼ਾਇਦ ਤੁਹਾਨੂੰ ਇਕੱਠੇ ਇੱਕ ਸਾਲ ਦੀ ਯੋਜਨਾ ਨਹੀਂ ਬਣਾਉਣੀ ਚਾਹੀਦੀ, ਪਰ ਅਰਾਧਨਾ ਦੀ ਯੋਜਨਾ ਬਣਾਉਣਾ ਜ਼ਰੂਰੀ ਹੈ। ਸਾਵਧਾਨੀ ਨਾਲ ਬਣਾਈ ਗਈ

"ਤਰਤੀਬ ਤੋਂ ਬਿਨਾਂ ਸਹਿਜ-ਸੁਭਾਕਵਤਾ ਅਵਿਵਸਥਿਤ ਹੋ ਸਕਦੀ ਹੈ ਅਤੇ ਸਹਿਜ-ਸੁਭਾਕਵਤਾ ਤੋਂ ਬਿਨਾਂ ਤਰਤੀਬ ਬੇਜਾਨ ਹੋ ਸਕਦੀ ਹੈ।"

ਫਰੈਂਕਲਿਨ ਸੇਗਲਰ ਅਤੇ ਰੈਂਡਲ ਬ੍ਰੈਡਲੀ

72 ਅਰਾਧਨਾ ਦੀ ਯੋਜਨਾ ਬਣਾਉਣ ਦੇ ਵਿਸ਼ੇ ਉੱਤੇ ਜ਼ਿਆਦਾਤਰ ਸਮੱਗਰੀ http://worship.calvin.edu/resources/resource-library/the-nuts-and-bolts-of-worship-planning ਤੇ ਉਪਲਬਧ "ਦ ਨਟਸ ਐਂਡ ਬੋਲਟਸ ਆਫ ਵਰਸ਼ਿਪ ਪਲੈਨਿੰਗ" ਤੋਂ 22 ਜੁਲਾਈ, 2020 ਨੂੰ ਲਈ ਗਈ ਸੀ।.

73 Lois and Fred Bock, Creating Four-Part Harmony, (Carol Stream: Hope Publishing, 1989), 43

ਯੋਜਨਾ ਸਾਨੂੰ ਬੰਦਗੀ ਦੌਰਾਨ ਇਸ ਗੱਲ ਦੀ ਚਿੰਤਾ ਕਰਨ ਦੀ ਬਜਾਇ ਕਿ "ਅੱਗੇ ਕੀ ਹੋਵੇਗਾ?" ਅਰਾਧਨਾ ਤੇ ਧਿਆਨ ਕੇਂਦਰਿਤ ਕਰਨ ਦੀ ਅਜ਼ਾਦੀ ਦਿੰਦੀ ਹੈ। ਜਦੋਂ ਅਸੀਂ ਯੋਜਨਾ ਨਹੀਂ ਬਣਾਉਂਦੇ, ਤਾਂ ਅਸੀਂ ਪਿਛਲੇ ਹਫ਼ਤੇ ਜੋ ਕੁਝ ਕੀਤਾ ਸੀ ਉਸ ਵੱਲ ਵਾਪਸ ਚਲੇ ਜਾਂਦੇ ਹਾਂ। ਯੋਜਨਾ ਬਣਾਉਣਾ ਸਾਨੂੰ ਰਚਨਾਤਮਕ ਬਣਨ ਦੀ ਅਜ਼ਾਦੀ ਦਿੰਦਾ ਹੈ।

ਇੱਕ ਢਾਂਚੇ ਨਾਲ ਸ਼ੁਰੂ ਕਰੋ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਜੀਵਨ ਵਿੱਚ ਤਰਤੀਬ ਪਸੰਦ ਕਰਦੇ ਹਨ। ਅਸੀਂ ਸਵੇਰ ਨੂੰ ਨਾਸ਼ਤਾ ਅਤੇ ਸ਼ਾਮ ਨੂੰ ਰਾਤ ਦਾ ਖਾਣਾ ਪਸੰਦ ਕਰਦੇ ਹਾਂ। ਅਸੀਂ ਆਮ ਤੌਰ ਤੇ ਬੇਤਰਤੀਬੇ ਢੰਗ ਨਾਲ ਪੰਨਿਆਂ ਨੂੰ ਪੜ੍ਹਨ ਦੀ ਬਜਾਇ ਅਧਿਆਇ 1 ਤੋਂ ਅੰਤ ਤੱਕ ਕਿਤਾਬਾਂ ਪੜ੍ਹਦੇ ਹਾਂ। ਕੋਈ ਵੀ ਯਾਤਰੀ ਅੰਤਰਰਾਸ਼ਟਰੀ ਉਡਾਣ ਦੌਰਾਨ ਪਾਇਲਟ ਨੂੰ ਇਹ ਕਹਿੰਦੇ ਨਹੀਂ ਸੁਣਨਾ ਚਾਹੁੰਦਾ ਹੈ, "ਅਸੀਂ ਇਹ ਤੈਅ ਨਹੀਂ ਕੀਤਾ ਹੈ ਕਿ ਅੱਜ ਕਿਹੜਾ ਰੂਟ (ਮਾਰਗ) ਲੈਣਾ ਹੈ। ਅਸੀਂ ਬੱਸ ਉਡਾਣ ਭਰਾਂਗੇ ਅਤੇ ਵੇਖਾਂਗੇ ਕਿ ਕੀ ਹੁੰਦਾ ਹੈ। " ਸਾਨੂੰ ਢਾਂਚਾ ਚੰਗਾ ਲੱਗਦਾ ਹੈ।

ਅਰਾਧਨਾ ਵਿੱਚ ਢਾਂਚਾ ਪਵਿੱਤਰ ਆਤਮਾ ਦੀ ਪਾਲਣਾ ਕਰਨ ਦੀ ਸਾਡੀ ਅਜ਼ਾਦੀ ਨੂੰ ਸੀਮਤ ਨਹੀਂ ਕਰਦਾ ਜਦੋਂ ਉਹ ਸਾਡੀਆਂ ਯੋਜਨਾਵਾਂ ਨੂੰ ਬਦਲਦਾ ਹੈ! ਢਾਂਚਾ ਅਰਾਧਨਾ ਨੂੰ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ, ਅਤੇ ਨਾਲ ਹੀ ਪਵਿੱਤਰ ਆਤਮਾ ਦੀ ਅਗਵਾਈ ਲਈ ਵੀ ਖੁੱਲ੍ਹਾ ਰਹਿੰਦਾ ਹੈ ਜੇਕਰ ਉਹ ਸਾਡੇ ਢਾਂਚੇ ਨੂੰ ਰੱਦ ਕਰਦਾ ਹੈ। ਹੈਕਲ ਦੇ ਅਰਾਧਨਾ ਦੇ ਲਈ ਸਮਰਪਿਤ ਕੀਤੇ ਜਾਣ ਸਮੇਂ, ਇੱਕ ਯੋਜਨਾਬੱਧ ਢਾਂਚਾ ਸੀ, ਪਰ ਪਰਮੇਸ਼ੁਰ ਦੀ ਹਜ਼ੂਰੀ ਨੇ ਬੰਦਗੀ ਦੀ ਤਰਤੀਬ ਨੂੰ ਬਦਲ ਦਿੱਤਾ (2 ਇਤਹਾਸ 5:13-14)।

ਵਾਧੂ ਭਾਗ A ਵਿੱਚ ਰੂਪਰੇਖਾਂ ਹਨ ਜਿਨ੍ਹਾਂ ਨੂੰ ਕੁਝ ਆਗੂ ਅਰਾਧਨਾ ਦੀ ਯੋਜਨਾ ਬਣਾਉਣ ਲਈ ਵਰਤਦੇ ਹਨ। ਤੁਹਾਡੇ ਲਈ ਆਪਣੀਆਂ ਬੰਦਗੀਆਂ ਵਾਸਤੇ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਅਪਣਾਉਣਾ ਮਦਦਗਾਰ ਹੋ ਸਕਦਾ ਹੈ। ਇਹ ਇੱਕ ਸਖ਼ਤ ਫਾਰਮੈਟ (ਰੂਪ) ਨਹੀਂ ਹਨ ਪਰ ਇੱਕ ਢਾਂਚਾ ਪ੍ਰਦਾਨ ਕਰ ਸਕਦੇ ਹਨ ਜਿਸ ਨੂੰ ਤੁਸੀਂ ਆਪਣੀਆਂ ਲੋੜਾਂ ਮੁਤਾਬਕ ਢਾਲ ਸਕਦੇ ਹੋ।

ਅਰਾਧਨਾ ਦੀ ਯੋਜਨਾ ਬਣਾਉਣ ਲਈ ਕੁਝ ਆਮ ਢਾਂਚਿਆਂ ਵਿੱਚ ਇਹ ਚੀਜ਼ਾਂ ਸ਼ਾਮਲ ਹਨ:[74]

1. ਸੰਦੇਸ਼ ਤੇ ਕੇਂਦਰਿਤ ਢਾਂਚਾ

- ਸਚਿਆਈ ਦਾ ਪਰਚਾਰ: ਭਜਨ, ਬਚਨ, ਸੰਦੇਸ਼
- ਸਚਿਆਈ ਪ੍ਰਤੀ ਜਵਾਬ: ਸੱਦਾ, ਭੇਟ, ਸਮਾਪਤੀ ਗੀਤ

2. ਅਰਾਧਨਾ ਵਿੱਚ ਪਰਮੇਸ਼ੁਰ ਦੇ ਲੋਕਾਂ ਦੀ ਗਤੀਵਿਧੀ ਤੇ ਅਧਾਰਿਤ ਢਾਂਚਾ

- ਪਰਮੇਸ਼ੁਰ ਦੇ ਲੋਕ ਇਕੱਠੇ ਹੁੰਦੇ ਹਨ: ਅਰਾਧਨਾ ਕਰਨ, ਉਸਤਤ ਦੇ ਭਜਨਾਂ, ਪ੍ਰਾਰਥਨਾ ਲਈ ਸੱਦਾ
- ਪਰਮੇਸ਼ੁਰ ਦੇ ਲੋਕ ਬਚਨ ਸੁਣਦੇ ਹਨ: ਬਚਨ ਪੜ੍ਹਨਾ ਅਤੇ ਸੰਦੇਸ਼
- ਪਰਮੇਸ਼ੁਰ ਦੇ ਲੋਕ ਬਚਨ ਦਾ ਪ੍ਰਤੀਉੱਤਰ ਦਿੰਦੇ ਹਨ: ਸੱਦੇ ਦਾ ਗੀਤ, ਭੇਟ
- ਪਰਮੇਸ਼ੁਰ ਦੇ ਲੋਕਾਂ ਨੂੰ ਘੱਲਿਆ ਜਾਂਦਾ ਹੈ: ਸਮਾਪਤੀ ਗੀਤ, ਬਰਕਤ ਦਾ ਕਲਮਾ

3. ਪਰਮੇਸ਼ੁਰ ਅਤੇ ਉਸ ਦੇ ਲੋਕਾਂ ਵਿਚਾਲੇ ਵਾਰਤਾਲਾਪ ਦਰਸਾਉਣ ਵਾਲਾ ਢਾਂਚਾ (ਯਸਾਯਾਹ 6 ਅਧਿਆਇ ਤੇ ਅਧਾਰਿਤ)

- ਪਰਮੇਸ਼ੁਰ ਆਪਣੇ ਆਪ ਨੂੰ ਪਰਗਟ ਕਰਦਾ ਹੈ (ਆਇਤ 1): ਅਰਾਧਨਾ ਕਰਨ ਲਈ ਸੱਦਾ
- ਪਰਮੇਸ਼ੁਰ ਦੇ ਲੋਕ ਉਸਤਤ ਅਤੇ ਇਕਰਾਰ ਨਾਲ ਜਵਾਬ ਦਿੰਦੇ ਹਨ (ਆਇਤਾਂ 3-5): ਭਜਨ ਅਤੇ ਪ੍ਰਾਰਥਨਾ

---

74 ਮੇਰੇ ਵੱਲੋਂ ਇੱਥੇ ਸ਼ਾਮਲ ਕੀਤੇ ਗਏ ਢਾਂਚੇ ਪੂਰੀ ਬੰਦਗੀ ਲਈ ਹਨ। ਕੁਝ ਅਰਾਧਨਾ ਆਗੂ ਸਿਰਫ਼ ਬੰਦਗੀ ਦੇ ਸੰਗੀਤ ਵਾਲੇ ਹਿੱਸੇ ਲਈ ਢਾਂਚਿਆਂ ਦੀ ਵਰਤੋਂ ਕਰਦੇ ਹਨ। ਮੈਂ ਇਨ੍ਹਾਂ ਨੂੰ ਸ਼ਾਮਲ ਨਹੀਂ ਕੀਤਾ ਹੈ ਕਿਉਂਕਿ ਉਹ ਅਰਾਧਨਾ ਨੂੰ ਬਾਕੀ ਬੰਦਗੀ ਤੋਂ ਵੱਖ ਕਰਦੇ ਹਨ। ਬਾਈਬਲ ਵਿੱਚ, ਅਰਾਧਨਾ ਵਿੱਚ ਸਾਰੀ ਬੰਦਗੀ ਸ਼ਾਮਲ ਹੁੰਦੀ ਹੈ, ਨਾ ਕਿ ਕੋਈ ਵਿਸ਼ੇਸ਼ ਸੰਗੀਤ ਅਰਾਧਨਾ ਜੋ ਸੰਦੇਸ਼ ਤੋਂ ਅਲੱਗ ਹੈ।

- ਪਰਮੇਸ਼ੁਰ ਆਪਣੇ ਲੋਕਾਂ ਨਾਲ ਗੱਲ ਕਰਦਾ ਹੈ (ਆਇਤਾਂ 6-8): ਬਚਨ ਅਤੇ ਸੰਦੇਸ਼
- ਪਰਮੇਸ਼ੁਰ ਦੇ ਲੋਕ ਸਮਰਪਣ ਕਰਕੇ ਪ੍ਰਤੀਉੱਤਰ ਦਿੰਦੇ ਹਨ (ਆਇਤ 8): ਭਜਨ ਅਤੇ ਭੇਟ
- ਪਰਮੇਸ਼ੁਰ ਆਪਣੇ ਲੋਕਾਂ ਨੂੰ ਸੇਵਾ ਲਈ ਭੇਜਦਾ ਹੈ (ਆਇਤ 9): ਬਰਕਤ ਦਾ ਕਲਮਾ

4. ਜ਼ਬੂਰ 95 ਤੇ ਆਧਾਰਿਤ ਢਾਂਚਾ

- ਖੁਸ਼ੀ ਨਾਲ ਧੰਨਵਾਦ ਕਰਦਿਆਂ ਪ੍ਰਵੇਸ਼ ਕਰੋ (ਆਇਤਾਂ 1-5): ਅਰਾਧਨਾ ਕਰਨ, ਉਸਤਤ ਦੇ ਭਜਨਾਂ ਲਈ ਸੱਦਾ
- ਆਦਰ ਪੂਰਵਕ ਅਰਾਧਨਾ ਕਰਦੇ ਰਹੋ (ਆਇਤਾਂ 6-7): ਪਵਿੱਤਰਤਾਈ, ਪ੍ਰਾਰਥਨਾ ਦੇ ਭਜਨ
- ਪਰਮੇਸ਼ੁਰ ਦੀ ਅਵਾਜ਼ ਸੁਣੋ (ਆਇਤਾਂ 7-11): ਬਚਨ ਅਤੇ ਸੰਦੇਸ਼

ਇਕਮੁੱਠ ਕਰਨ ਵਾਲਾ ਸੰਦੇਸ਼ ਦਿਓ।

ਅਰਾਧਨਾ ਪਰਮੇਸ਼ੁਰ ਨਾਲ ਗੱਲ ਕਰਦੀ ਹੈ, ਪਰ ਇਹ ਕਲੀਸੀਆ ਨਾਲ ਵੀ ਗੱਲ ਕਰਦੀ ਹੈ। ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਦੇ ਬਚਨ ਨੂੰ ਅਰਾਧਕਾਂ ਤੱਕ ਪਹੁੰਚਾਉਂਦੇ ਹਾਂ। ਕਿਸੇ ਬੰਦਗੀ ਦੀ ਯੋਜਨਾ ਬਣਾਉਂਦੇ ਸਮੇਂ, ਇਹ ਪੁੱਛਣਾ ਮਦਦਗਾਰ ਹੋਵੇਗਾ, "ਪਰਮੇਸ਼ੁਰ ਇਸ ਬੰਦਗੀ ਵਿੱਚ ਆਪਣੇ ਲੋਕਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ?"

ਕੀ ਤੁਸੀਂ ਕਦੇ ਇਸ ਤਰ੍ਹਾਂ ਦੀ ਬੰਦਗੀ ਵਿੱਚ ਗਏ ਹੋ?

ਭਜਨ	• ਯਿਸੂ ਦੇ ਰੂਪ ਵਿੱਚ ਸਾਡਾ ਕਿੰਨਾ ਸ਼ਾਨਦਾਰ ਦੋਸਤ ਹੈ (ਪ੍ਰਾਰਥਨਾ ਦੇ ਲਾਭ) • ਪ੍ਰਭੂ ਦੇ ਲਈ ਜੈਕਾਰਾ ਗਜਾਓ (ਅਰਾਧਨਾ ਕਰਨ ਲਈ ਸੱਦਾ) • ਜਦੋਂ ਅਸੀਂ ਸਾਰੇ ਸਵਰਗ ਵਿੱਚ ਪਹੁੰਚਾਂਗੇ (ਸਵਰਗ ਦੀ ਸਾਡੀ ਆਸ)
ਵਿਸ਼ੇਸ਼ ਗੀਤ	ਆਓ, ਪਵਿੱਤਰ ਆਤਮਾ (ਆਪਣੇ ਜੀਵਨਾਂ ਵਿੱਚ ਪਵਿੱਤਰ ਆਤਮਾ ਨੂੰ ਸੱਦਾ ਦੇਣਾ)
ਸੰਦੇਸ਼	ਨੀਨਵਾਹ ਨੂੰ ਯੂਨਾਹ ਦਾ ਸੱਦਾ – ਖੁਸ਼ਖ਼ਬਰੀ ਪਰਚਾਰ ਦੇ ਲਈ ਇੱਕ ਚੁਣੌਤੀ
ਸਮਾਪਤੀ ਭਜਨ	ਆਓ, ਹੁਣ ਅਰਾਧਨਾ ਕਰਨ ਦਾ ਸਮਾਂ ਹੈ (ਅਰਾਧਨਾ ਕਰਨ ਲਈ ਸੱਦਾ)

ਕਿਹੜਾ ਸੰਦੇਸ਼ ਅਰਾਧਕਾਂ ਦੇ ਦਿਲ ਵਿੱਚ ਰਹੇਗਾ? ਮੈਂ ਪੱਕਾ ਨਹੀਂ ਕਹਿ ਸਕਦਾ। 90 ਮਿੰਟਾਂ ਵਿੱਚ, ਅਸੀਂ ਮੁਸੀਬਤ ਵਿੱਚ ਆਰਾਮ, ਸਵਰਗ, ਪਵਿੱਤਰ ਆਤਮਾ ਅਤੇ ਅਰਾਧਨਾ ਕਰਨ ਲਈ ਇੱਕ ਸੱਦੇ ਬਾਰੇ ਗਾਉਂਦੇ ਹਾਂ - ਇਹ ਸਭ ਕੁਝ ਖੁਸ਼ਖ਼ਬਰੀ ਪਰਚਾਰ ਬਾਰੇ ਇੱਕ ਸੰਦੇਸ਼ ਦੇ ਆਲੇ-ਦੁਆਲੇ ਹੁੰਦਾ ਹੈ। ਅਗਲੇ ਹਫ਼ਤੇ ਦੌਰਾਨ, ਕੀ ਲੋਕ ਖੁਸ਼ਖ਼ਬਰੀ ਪਰਚਾਰ ਦੇ ਲਈ ਚੁਣੌਤੀ ਨੂੰ ਯਾਦ ਕਰਨਗੇ? ਸ਼ਾਇਦ; ਪਰ ਬੰਦਗੀ ਦੇ ਇਸ ਢਾਂਚੇ ਨੇ ਇਸ ਵਿਸ਼ੇ ਨੂੰ ਮਜ਼ਬੂਤ ਨਹੀਂ ਕੀਤਾ।

ਹੁਣ "ਨੀਨਵਾਹ ਨੂੰ ਯੂਨਾਹ ਦੇ ਸੱਦੇ" ਦੇ ਵਿਸ਼ੇ ਦੇ ਆਲੇ-ਦੁਆਲੇ ਯੋਜਨਾਬੱਧ ਬੰਦਗੀ ਤੇ ਵਿਚਾਰ ਕਰੋ:

ਭਜਨ	• ਆਓ, ਹੁਣ ਅਰਾਧਨਾ ਕਰਨ ਦਾ ਸਮਾਂ ਹੈ (ਅਰਾਧਨਾ ਕਰਨ ਲਈ ਸੱਦਾ) • ਓ ਹਜ਼ਾਰਾਂ ਜ਼ੁਬਾਨਾਂ ਦੇ ਗਾਉਣ ਵਾਸਤੇ (ਸਾਡੀ ਉਸਤਤ ਨੂੰ ਖੁਸ਼ਖ਼ਬਰੀ ਪਰਚਾਰ ਨਾਲ ਜੋੜਦਾ ਹੈ) • ਯਿਸੂ ਬਚਾਉਂਦਾ ਹੈ (ਸਾਡੇ ਖੁਸ਼ਖ਼ਬਰੀ ਸੰਦੇਸ਼ ਦੀ ਸਮੱਗਰੀ ਦਾ ਸਾਰ ਦਿੰਦਾ ਹੈ) • ਲੋਕਾਂ ਨੂੰ ਪ੍ਰਭੂ ਦੀ ਲੋੜ ਹੈ (ਖੁਸ਼ਖ਼ਬਰੀ ਪਰਚਾਰ ਦੀ ਜ਼ਰੂਰਤ ਨੂੰ ਵਿਖਾਉਂਦਾ ਹੈ)
ਸੰਦੇਸ਼	ਨੀਨਵਾਹ ਨੂੰ ਯੂਨਾਹ ਦਾ ਸੱਦਾ – ਖੁਸ਼ਖ਼ਬਰੀ ਪਰਚਾਰ ਦੇ ਲਈ ਇੱਕ ਚੁਣੌਤੀ
ਵਿਸ਼ੇਸ਼ ਗੀਤ	ਇਸ ਲਈ ਮੈਂ ਤੈਨੂੰ ਭੇਜਦਾ ਹਾਂ (ਖੁਸ਼ਖ਼ਬਰੀ ਪਰਚਾਰ ਦੇ ਲਈ ਭੇਜਣਾ)
ਸਮਾਪਤੀ ਭਜਨ	ਮੈਂ ਉੱਥੇ ਜਾਵਾਂਗਾ ਜਿੱਥੇ ਤੁਸੀਂ ਮੈਨੂੰ ਭੇਜਣਾ ਚਾਹੁੰਦੇ ਹੋ (ਸੇਵਾ ਲਈ ਭੇਜਣ ਪ੍ਰਤੀ ਜਵਾਬ)

ਕਿਉਂਕਿ ਆਗੂਆਂ ਨੇ ਇੱਕ ਵਿਸ਼ੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਬੰਦਗੀ ਦੀ ਯੋਜਨਾ ਬਣਾਈ ਹੈ, ਲੋਕਾਂ ਦੇ ਪੂਰੇ ਹਫ਼ਤੇ ਦੌਰਾਨ ਪਰਮੇਸ਼ੁਰ ਦੀ ਅਵਾਜ਼ ਸੁਣਨ ਦੀ ਸੰਭਾਵਨਾ ਹੈ, ਜੋ ਉਨ੍ਹਾਂ ਨੂੰ ਖੁਸ਼ਖ਼ਬਰੀ ਪਰਚਾਰ ਦੇ ਸੱਦੇ ਦੀ ਯਾਦ ਦਿਵਾਉਂਦੀ ਰਹੇਗੀ। ਜਦੋਂ ਉਹ ਉਨ੍ਹਾਂ ਲੋਕਾਂ ਦੇ ਕੋਲੋਂ ਦੀ ਲੰਘਣਗੇ ਜਿਨ੍ਹਾਂ ਦੇ ਜੀਵਨ ਖਾਲੀ ਹਨ, ਸ਼ਾਇਦ ਉਹ ਯਾਦ ਕਰਨਗੇ ਕਿ "ਲੋਕਾਂ ਨੂੰ ਪ੍ਰਭੂ ਦੀ ਲੋੜ ਹੈ।" ਜਦੋਂ ਉਹ ਮੰਗਲਵਾਰ ਨੂੰ ਕੰਮ ਕਰ ਰਹੇ ਹੋਣਗੇ, ਸ਼ਾਇਦ ਉਹ ਅਨੰਦ ਹੋਣਗੇ ਕਿ "ਯਿਸੂ ਬਚਾਉਂਦਾ ਹੈ" ਅਤੇ ਯਾਦ ਰੱਖਣਗੇ ਕਿ ਕਿਉਂਕਿ ਯਿਸੂ ਨੇ ਸਾਨੂੰ ਬਚਾਇਆ ਹੈ, ਸਾਨੂੰ ਇਸ ਅਨੰਦ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਚਾਹੀਦਾ ਹੈ।

ਕੀ ਪਰਮੇਸ਼ੁਰ ਕਿਸੇ ਪ੍ਰਮੁੱਖ ਵਿਸ਼ੇ ਰਹਿਤ ਬੰਦਗੀ ਦੁਆਰਾ ਕੰਮ ਕਰ ਸਕਦਾ ਹੈ? ਬਿਲਕੁਲ ਕਰ ਸਕਦਾ ਹੈ! ਪਰ, ਜੇ ਅਸੀਂ ਸਾਵਧਾਨੀ ਨਾਲ ਯੋਜਨਾ ਬਣਾਉਣ ਲਈ ਸਮਾਂ ਕੱਢਦੇ ਹਾਂ, ਤਾਂ ਅਸੀਂ ਆਪਣੀ ਕਲੀਸੀਆ ਨੂੰ ਸੰਦੇਸ਼ ਵੱਲ ਧਿਆਨ ਦੇਣ ਵਿੱਚ ਮਦਦ ਕਰਦੇ ਹਾਂ। ਕੀ ਇਹ ਹਮੇਸ਼ਾ ਜ਼ਰੂਰੀ ਹੈ? ਨਹੀਂ। ਇੱਕ ਬੰਦਗੀ ਵਿੱਚ ਕਈ ਵਾਰ ਕਈ ਵਿਸ਼ੇ ਹੁੰਦੇ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਕਲੀਸੀਆ ਦੀਆਂ ਵੱਖ-ਵੱਖ ਲੋੜਾਂ ਨੂੰ ਪੂਰਾ ਕਰਨ ਲਈ ਵਰਤਦਾ ਹੈ। ਸਾਨੂੰ ਕਦੇ ਵੀ ਇਸ ਸੋਚ ਦੇ ਜਾਲ ਵਿੱਚ ਨਹੀਂ ਫਸਣਾ ਚਾਹੀਦਾ ਕਿ ਪਰਮੇਸ਼ੁਰ ਸਿਰਫ਼ ਇੱਕ ਪ੍ਰਣਾਲੀ ਦੁਆਰਾ ਕੰਮ ਕਰਦਾ ਹੈ। ਪਰ, ਇਕਮੁੱਠ ਕਰਨ ਵਾਲਾ ਵਿਸ਼ਾ ਅਕਸਰ ਅਰਾਧਕਾਂ ਨੂੰ ਬੰਦਗੀ ਦੇ ਸੰਦੇਸ਼ ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ।

ਅਰਾਧਨਾ ਵਿੱਚ ਸੰਤੁਲਨ ਬਣਾ ਕੇ ਰੱਖੋ।

ਸਾਡੇ ਸਾਰਿਆਂ ਦੀਆਂ ਕੋਈ ਨਾ ਕੋਈ ਮਨਪਸੰਦ ਚੀਜ਼ਾਂ ਹੁੰਦੀਆਂ ਹਨ: ਮਨਪਸੰਦ ਭੋਜਨ, ਮਨਪਸੰਦ ਸੰਗੀਤ, ਮਨਪਸੰਦ ਪੁਸਤਕਾਂ, ਮਨਪਸੰਦ ਖੇਡਾਂ ਅਤੇ ਮਨਪਸੰਦ ਬਾਈਬਲ ਪੁਸਤਕਾਂ। ਅਰਾਧਨਾ ਦੀ ਯੋਜਨਾ ਬਣਾਉਣ ਵਿੱਚ, ਇਹ ਮਹੱਤਵਪੂਰਣ ਹੈ ਕਿ ਇੱਕ ਆਗੂ ਆਪਣੇ ਮਨਪਸੰਦ ਗੀਤਾਂ, ਬਚਨਾਂ ਅਤੇ ਸੰਦੇਸ਼ ਦੇ ਵਿਸ਼ਿਆਂ ਤੋਂ ਵੱਧ ਕੁਝ ਸ਼ਾਮਲ ਕਰੇ। ਸੰਤੁਲਿਤ ਅਰਾਧਨਾ ਸਮੁੱਚੀ ਕਲੀਸੀਆ ਨੂੰ ਸੰਪੂਰਨ ਖੁਸ਼ਖ਼ਬਰੀ ਸੁਣਾਵੇਗੀ।

1. ਸੰਤੁਲਿਤ ਅਰਾਧਨਾ ਪਰਮੇਸ਼ੁਰ ਦੀ ਵਡਿਆਈ ਅਤੇ ਸਾਡੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਦੋਵਾਂ ਨੂੰ ਦਰਸਾਉਂਦੀ ਹੈ।

ਪਰਮੇਸ਼ੁਰ ਅੱਤ ਉੱਚਾ ਪਰਮੇਸ਼ੁਰ ਹੈ ਜੋ ਸਾਰੀ ਧਰਤੀ ਉੱਤੇ ਰਾਜ ਕਰਦਾ ਹੈ; ਪਰਮੇਸ਼ੁਰ ਹਰ ਥਾਂ ਮੌਜੂਦ ਰਹਿਣ ਵਾਲਾ ਪਰਮੇਸ਼ੁਰ ਵੀ ਹੈ ਜੋ ਆਪਣੇ ਲੋਕਾਂ ਵਿੱਚ ਵੱਸਦਾ ਹੈ। ਅਸੀਂ ਇਸ ਸੰਤੁਲਨ ਨੂੰ ਪੂਰੇ ਬਚਨ ਵਿੱਚ ਵੇਖਦੇ ਹਾਂ।

ਲਾਲ ਸਮੁੰਦਰ ਪਾਰ ਕਰਨ ਤੋਂ ਬਾਅਦ, ਇਸਰਾਏਲੀਆਂ ਨੇ ਪਰਮੇਸ਼ੁਰ ਦੀ ਸਮਰੱਥਾ ਦਾ ਗੀਤ ਗਾਇਆ; "ਕੌਣ ਹੈ ਤੇਰੇ ਵਰਗਾ ਹੇ ਯਹੋਵਾਹ ਦੇਵਤਿਆਂ ਵਿੱਚ? ਕੌਣ ਹੈ ਤੇਰੇ ਵਰਗਾ ਪਵਿੱਤ੍ਰਤਾਈ ਵਿੱਚ ਪਰਤਾਪ ਵਾਲਾ, ਉਸਤਤ ਵਿੱਚ ਭੈ ਦਾਇਕ ਅਤੇ ਅਚਰਜ ਕੰਮਾਂ ਵਾਲਾ?" ਉਨ੍ਹਾਂ ਨੇ ਪਰਮੇਸ਼ੁਰ ਦੇ ਉਨ੍ਹਾਂ ਦੀ ਦੇਖਭਾਲ ਕਰਨ ਦੇ ਲਈ ਗੀਤ ਗਾਇਆ; "ਤੈਂ ਆਪਣੀ ਕਿਰਪਾ ਨਾਲ ਉਸ ਪਰਜਾ ਦੀ ਅਗਵਾਈ ਕੀਤੀ ਜਿਹ ਨੂੰ ਤੈਂ ਛੁਟਕਾਰਾ ਦਿੱਤਾ ਸੀ, ਤੈਂ ਆਪਣੇ ਬਲ ਨਾਲ ਉਸ ਨੂੰ ਆਪਣੇ ਪਵਿੱਤ੍ਰ ਨਿਵਾਸ ਦੇ ਰਾਹ ਪਾ ਦਿੱਤਾ" (ਕੂਚ 15:11-13)।

ਯਸਾਯਾਹ ਨੇ ਯਹੋਵਾਹ ਨੂੰ ਉੱਚੇ ਤੇ ਚੁੱਕੇ ਹੋਏ ਸਿੰਘਾਸਣ ਉੱਤੇ ਬਿਰਾਜਮਾਨ ਵੇਖਿਆ। ਉਹ ਪਰਤਾਪੀ ਅਤੇ ਧਰਤੀ ਤੋਂ ਬਹੁਤ ਉੱਪਰ ਸੀ। ਪ੍ਰਭੂ ਨੂੰ ਉੱਚਾ ਕੀਤਾ ਗਿਆ ਸੀ, ਪਰ ਉਸ ਨੇ ਨਿੱਜੀ ਤੌਰ ਤੇ ਯਸਾਯਾਹ ਨੂੰ ਹੁਕਮ ਦਿੱਤਾ ਕਿ "ਜਾਹ ਅਤੇ ਇਸ ਪਰਜਾ ਨੂੰ ਆਖ..." (ਯਸਾਯਾਹ 6:1-13)

ਜ਼ਬੂਰ ਲਿਖਣ ਵਾਲੇ ਨੇ ਅੱਤ ਉੱਚੇ ਪਰਮੇਸ਼ੁਰ ਦੀ ਉਸਤਤ ਕੀਤੀ; "ਹੇ ਯਹੋਵਾਹ, ਸਾਡੇ ਪ੍ਰਭੂ, ਸਾਰੀ ਧਰਤੀ ਉੱਤੇ ਤੇਰਾ ਨਾਮ ਕੇਡਾ ਹੀ ਸ਼ਾਨਦਾਰ ਹੈ, ਜਿਹ ਨੇ ਆਪਣੇ ਤੇਜ ਨੂੰ ਅਕਾਸ਼ ਉੱਤੇ ਰੱਖਿਆ ਹੈ!" ਇਹ ਅੱਤ ਉੱਚਾ ਪਰਮੇਸ਼ੁਰ ਮਨੁੱਖਜਾਤੀ ਦੇ ਨਾਲ ਨੇੜਿਓਂ ਸ਼ਾਮਲ ਹੋਣ ਲਈ ਝੁਕ ਗਿਆ ਹੈ; "ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇਂ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ?" (ਜ਼ਬੂਰ 8)

ਅਰਾਧਨਾ ਵਿੱਚ, ਅਸੀਂ ਪਰਮੇਸ਼ੁਰ ਦੀ ਵਡਿਆਈ ਅਤੇ ਸਾਡੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਦੋਵਾਂ ਵੱਲ ਧਿਆਨ ਦਿੰਦੇ ਹਾਂ। ਜਦੋਂ ਸਾਡੀ ਅਰਾਧਨਾ ਪਰਮੇਸ਼ੁਰ ਦੇ ਪਰਤਾਪ ਨੂੰ ਭੁੱਲ ਜਾਂਦੀ ਹੈ, ਤਾਂ ਉਹ ਇੱਕ ਆਮ ਮਿੱਤਰ ਬਣ ਜਾਂਦਾ ਹੈ ਜਿਸ ਨੂੰ ਹੁਣ ਆਗਿਆਕਾਰੀ ਅਤੇ ਸੇਵਾ ਦੀ ਲੋੜ ਨਹੀਂ ਹੁੰਦੀ। ਜਦੋਂ ਸਾਡੀ ਅਰਾਧਨਾ ਸਾਡੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਨੂੰ ਭੁੱਲ ਜਾਂਦੀ ਹੈ, ਤਾਂ ਅਸੀਂ ਉਸ ਦੀ ਇੱਕ ਅਜਿਹੇ ਪਰਮੇਸ਼ੁਰ ਵਜੋਂ ਅਰਾਧਨਾ ਕਰਦੇ ਹਾਂ ਜੋ ਦੂਰ ਹੈ ਅਤੇ ਜਿਹੜਾ ਸਾਡੀਆਂ ਦੀ ਕੋਈ ਪਰਵਾਹ ਨਹੀਂ ਕਰਦਾ। ਅਰਾਧਨਾ ਦੀ ਯੋਜਨਾ ਬਣਾਉਣ

ਵਿੱਚ, ਸਾਨੂੰ ਮਨੁੱਖ ਨਾਲ ਪਰਮੇਸ਼ੁਰ ਦੇ ਰਿਸ਼ਤੇ ਦੇ ਦੋਵਾਂ ਪਹਿਲੂਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਅਰਾਧਕਾਂ ਨੂੰ ਚੇਤੇ ਕਰਾਉਣਾ ਚਾਹੀਦਾ ਹੈ ਕਿ ਅਸੀਂ ਪਰਮੇਸ਼ੁਰ ਦਾ ਭੈ ਮੰਨਦੇ ਹਾਂ; ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਪਰਮੇਸ਼ੁਰ ਵਿੱਚ ਪ੍ਰਸੰਨ ਹਾਂ।

ਇਸ ਨੂੰ ਅਮਲ ਵਿੱਚ ਲਿਆਉਣਾ

ਉਸ ਪਰਮੇਸ਼ੁਰ ਦੀ ਅਰਾਧਨਾ ਜੋ ਸਾਡੇ ਨਾਲੋਂ ਉੱਚਾ ਅਤੇ ਸਾਡੇ ਨਾਲ ਮੌਜੂਦ ਹੈ, ਦਾ ਅਰਥ ਹੈ ਕਿ ਅਸੀਂ ਉਹ ਗੀਤ ਗਾਵਾਂਗੇ ਜੋ ਉਸ ਦੀ ਮਹਿਮਾ ਨੂੰ ਮਾਨਤਾ ਦਿੰਦੇ ਹਨ ("ਹੇ ਰਾਜਾ ਦੀ ਅਰਾਧਨਾ ਕਰੋ") ਅਤੇ ਗੀਤ ਜੋ ਮਨੁੱਖ ਨਾਲ ਉਸ ਦੇ ਰਿਸ਼ਤੇ ਨੂੰ ਪਛਾਣਦੇ ਹਨ ("ਇੰਮਾਨੂਏਲ, ਪਰਮੇਸ਼ੁਰ ਸਾਡੇ ਸੰਗ")। ਪ੍ਰਾਰਥਨਾ ਵਿੱਚ, ਅਸੀਂ ਉਸ ਦੇ ਸ਼ਕਤੀਸ਼ਾਲੀ ਕੰਮਾਂ ਲਈ ਉਸ ਦੀ ਉਸਤਤ ਕਰਾਂਗੇ ਅਤੇ ਅਸੀਂ ਉਸ ਕੋਲ ਆਪਣੀਆਂ ਨਿੱਜੀ ਜ਼ਰੂਰਤਾਂ ਲੈ ਕੇ ਜਾਵਾਂਗੇ।

2. ਸੰਤੁਲਿਤ ਅਰਾਧਨਾ ਸਮੂਹਿਕ ਅਤੇ ਵਿਅਕਤੀਗਤ ਦੋਵੇਂ ਤਰ੍ਹਾਂ ਦੀ ਹੁੰਦੀ ਹੈ।

ਜ਼ਬੂਰਾਂ ਦੀ ਪੋਥੀ ਵਿੱਚ ਸਮੂਹਿਕ ਉਸਤਤ ਅਤੇ ਵਿਅਕਤੀਗਤ ਉਸਤਤ ਦੋਵੇਂ ਸ਼ਾਮਲ ਹਨ। ਕੁਝ ਜ਼ਬੂਰ "ਸਾਡੀ" ਉਸਤਤ ਬਾਰੇ ਗੱਲ ਕਰਦੇ ਹਨ; ਕੁਝ ਜ਼ਬੂਰ "ਮੇਰੀ" ਉਸਤਤ ਬਾਰੇ ਗੱਲ ਕਰਦੇ ਹਨ। ਹੈਕਲ ਵਿੱਚ, ਇਬਰਾਨੀ ਅਰਾਧਕ ਇਕੱਠੇ ਅਰਾਧਨਾ ਕਰਦੇ ਸਨ; ਘਰ ਵਿੱਚ, ਉਹ ਵਿਅਕਤੀਗਤ ਤੌਰ ਤੇ ਜਾਂ ਇਕੱਲੇ ਪ੍ਰਾਰਥਨਾ ਕਰਦੇ ਸਨ। ਯਿਸੂ ਅਕਸਰ ਸਮੂਹਿਕ ਅਰਾਧਨਾ ਲਈ ਸਭਾ-ਘਰ ਵਿੱਚ ਜਾਂਦਾ ਸੀ; ਉਹ ਆਪਣੇ ਪਿਤਾ ਨਾਲ ਇਕੱਲੇ ਸਮਾਂ ਬਿਤਾਉਣ ਲਈ ਉਜਾੜ ਥਾਂ ਵਿੱਚ ਵੀ ਗਿਆ (ਲੂਕਾ 4:16 ਅਤੇ ਮਰਕੁਸ 1:35)। ਬਾਈਬਲ ਅਨੁਸਾਰ ਅਰਾਧਨਾ ਸਮੂਹਿਕ ਅਤੇ ਵਿਅਕਤੀਗਤ ਸੀ। ਅਰਾਧਨਾ ਵਿੱਚ, ਸਾਨੂੰ ਕਲੀਸੀਆ ਨੂੰ ਇੱਕ ਦੇਹ ਦੇ ਰੂਪ ਵਿੱਚ ਅਰਾਧਨਾ ਕਰਨ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ ਅਤੇ ਵਿਅਕਤੀਗਤ ਅਰਾਧਕਾਂ ਨੂੰ ਪਰਮੇਸ਼ੁਰ ਪ੍ਰਤੀ ਆਪਣੀ ਨਿੱਜੀ ਅਰਾਧਨਾ ਪਰਗਟ ਕਰਨ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ।

ਇਸ ਨੂੰ ਅਮਲ ਵਿੱਚ ਲਿਆਉਣਾ

ਅਰਾਧਨਾ ਜਿਹੜੀ ਸਮੂਹਿਕ ਅਤੇ ਵਿਅਕਤੀਗਤ ਦੋਵੇਂ ਤਰ੍ਹਾਂ ਦੀ ਹੈ, ਬੰਦਗੀ ਦੇ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰੇਗੀ। ਅਸੀਂ ਸਮੁੱਚੀ ਦੇਹ ਦੇ ਲਈ ਗੀਤ ਗਾਵਾਂਗੇ ("ਸਾਡਾ ਪਰਮੇਸ਼ੁਰ ਕਿੰਨਾ ਮਹਾਨ ਹੈ"); ਅਸੀਂ ਵਿਅਕਤੀਗਤ ਅਰਾਧਨਾ ਦੇ ਗੀਤ ਗਾਵਾਂਗੇ ("ਤੂੰ ਮੇਰਾ ਰਾਜਾ ਹੈਂ")। ਅਸੀਂ "ਪਿਤਾ ਨੂੰ ਜਿਹੜਾ ਸੁਰਗ ਵਿੱਚ ਹੈ" ਪ੍ਰਾਰਥਨਾ ਕਰਾਂਗੇ; ਸਾਡੇ ਕੋਲ ਸਮੂਹਿਕ ਪ੍ਰਾਰਥਨਾ ਦੇ ਸਮੇਂ ਹੋਣਗੇ ਜਿਸ ਨਾਲ ਹਰੇਕ ਮੈਂਬਰ ਦੇਹ ਦੇ ਅੰਦਰ ਵਿਅਕਤੀਗਤ ਤੌਰ ਤੇ ਪ੍ਰਾਰਥਨਾ ਕਰ ਸਕਦਾ ਹੈ।

ਇਤਿਹਾਸ ਵਿੱਚ ਕਿਸੇ ਵੀ ਸਮੇਂ ਨਾਲੋਂ ਵੱਧ, ਅੱਜ ਸਮੂਹਿਕ ਅਰਾਧਨਾ ਇੱਕ ਚੁਣੌਤੀ ਹੈ। ਸੈਲਫੋਨ, ਟੈਬਲੇਟ, ਟੈਕਸਟਿੰਗ ਅਤੇ ਲਗਾਤਾਰ ਇੰਟਰਨੈਟ ਦੀ ਪਹੁੰਚ ਦੇ ਯੁੱਗ ਵਿੱਚ, ਅਸੀਂ ਭਾਵਨਾਤਮਕ ਤੌਰ ਤੇ ਅਤੇ ਆਤਮਿਕ ਤੌਰ ਤੇ ਨਿਰਲੇਪ ਰਹਿੰਦੇ ਹੋਏ ਅਰਾਧਨਾ ਬੰਦਗੀ ਵਿੱਚ ਬੈਠ ਸਕਦੇ ਹਾਂ। ਸਮੂਹਿਕ ਅਰਾਧਨਾ ਪ੍ਰਤੀ ਸਮਰਪਣ ਸਾਡੇ ਤੋਂ ਮੰਗ ਕਰਦਾ ਹੈ ਕਿ ਅਸੀਂ ਆਪਣੇ ਆਪ ਨੂੰ ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਤੋਂ ਅਲੱਗ ਕਰਕੇ ਦੇਹ (ਕਲੀਸੀਆ) ਨਾਲ ਮਿਲ ਕੇ ਅਰਾਧਨਾ ਕਰੀਏ।

3. ਸੰਤੁਲਿਤ ਅਰਾਧਨਾ ਵਿੱਚ ਪਰੀਚਿਤ ਅਤੇ ਨਵੀਆਂ, ਦੋਵੇਂ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ।

ਇਹ ਸੰਤੁਲਨ ਧਰਮ-ਗਿਆਨ ਵਾਲਾ ਨਾ ਹੋ ਕੇ ਵਿਹਾਰਕ ਹੈ, ਪਰ ਜੇਕਰ ਅਸੀਂ ਕਲੀਸੀਆ ਨੂੰ ਅਰਾਧਨਾ ਵਿੱਚ ਸਰਗਰਮੀ ਨਾਲ ਸ਼ਾਮਲ ਕਰਨਾ ਚਾਹੁੰਦੇ ਹਾਂ ਤਾਂ ਇਹ ਜ਼ਰੂਰੀ ਹੈ। ਅਰਾਧਨਾ ਦੀ ਯੋਜਨਾ ਬਣਾਉਣ ਵਿੱਚ, ਸਾਨੂੰ ਪਰੀਚਿਤ ਅਤੇ ਨਵੀਆਂ ਵਿੱਚ ਸੰਤੁਲਨ ਬਣਾਉਣਾ ਜ਼ਰੂਰੀ ਹੈ।

ਬਹੁਤ ਜ਼ਿਆਦਾ ਨਵੇਂ ਲੋਕਾਂ ਦੇ ਹੋਣ ਕਾਰਣ ਕਲੀਸੀਆ ਅਰਾਧਕਾਂ ਦੀ ਬਜਾਇ ਵੇਖਣ ਵਾਲਿਆਂ ਦੀ ਕਲੀਸੀਆ ਬਣ ਜਾਂਦੀ ਹੈ; ਉਹ ਹਿੱਸਾ ਨਹੀਂ ਲੈ ਸਕਦੇ ਕਿਉਂਕਿ ਉਨ੍ਹਾਂ ਨੂੰ ਗੀਤ ਨਹੀਂ ਆਉਂਦੇ। ਸੀ. ਐਸ. ਲੂਇਸ ਨੇ ਇੱਕ ਵਾਰ ਸ਼ਿਕਾਇਤ ਕੀਤੀ ਕਿ ਬਹੁਤ ਸਾਰੇ ਪਾਸਟਰ ਭੁੱਲ ਜਾਂਦੇ ਹਨ ਕਿ "ਯਿਸੂ ਨੇ ਪਤਰਸ ਨੂੰ ਕਿਹਾ ਸੀ ਕਿ 'ਮੇਰੀਆਂ ਭੇਡਾਂ ਨੂੰ ਚਾਰ' ਨਾ ਕਿ ਇਹ ਕਿ 'ਮੇਰੇ ਪ੍ਰਦਰਸ਼ਨ ਕਰਨ ਵਾਲੇ ਕੁੱਤਿਆਂ ਨੂੰ ਨਵੀਆਂ ਚਾਲਾਂ ਸਿਖਾ।'" ਬਹੁਤ ਜ਼ਿਆਦਾ ਨਵੀਨਤਾ ਅਰਾਧਨਾ ਤੇ ਧਿਆਨ ਕੇਂਦਰਿਤ ਕਰਨਾ ਮੁਸ਼ਕਲ ਬਣਾ ਦਿੰਦੀ ਹੈ।

ਬਹੁਤ ਜ਼ਿਆਦਾ ਪਰੀਚਿਤ ਚੀਜ਼ਾਂ ਦਾ ਹੋਣਾ ਵੀ ਖੋਖਲੇ ਨਿੱਤਨੇਮ ਵੱਲ ਲੈ ਜਾਂਦਾ ਹੈ। ਇੱਕ ਬੰਦਗੀ ਜੋ ਪੂਰੀ ਤਰ੍ਹਾਂ ਰਟੀ-ਰਟਾਈ ਬਣ ਚੁੱਕੀ ਹੈ, ਕਲੀਸੀਆ ਦੇ ਧਿਆਨ ਭਟਕਣ ਅਤੇ ਅਰਾਧਨਾ ਤੋਂ ਦੂਰ ਹੋਣ ਦਾ ਕਾਰਣ ਬਣਦੀ ਹੈ।

ਅਰਾਧਨਾ ਦੀ ਯੋਜਨਾ ਵਿੱਚ ਪਰੀਚਿਤ ਅਤੇ ਨਵੀਆਂ, ਦੋਵੇਂ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਉਦਾਹਰਣ ਲਈ, "ਸਾਡੇ ਲਈ ਪਿਤਾ ਦਾ ਪਿਆਰ ਕਿੰਨਾ ਡੂੰਘਾ ਹੈ" ਪ੍ਰਾਸਚਿਤ ਬਾਰੇ ਇੱਕ ਨਵਾਂ ਭਜਨ ਹੈ। ਭਜਨ ਇਸ ਤਰ੍ਹਾਂ ਖਤਮ ਹੁੰਦਾ ਹੈ, "ਉਸ ਦੇ ਜ਼ਖਮਾਂ ਨੇ ਮੇਰੇ ਪ੍ਰਾਸਚਿਤ ਦਾ ਮੁੱਲ ਚੁਕਾ ਦਿੱਤਾ ਹੈ।" ਪ੍ਰਾਸਚਿਤ ਦੇ ਮੁੱਲ ਨੂੰ ਦਰਸਾਉਂਦੇ ਇਸ ਨਵੇਂ ਭਜਨ ਨੂੰ ਪਰੀਚਿਤ ਭਜਨ "ਯਿਸੂ ਨੇ ਸਾਰਾ ਮੁੱਲ ਚੁਕਾ ਦਿੱਤਾ ਹੈ" ਦੇ ਨਾਲ ਗਾਇਆ ਜਾ ਸਕਦਾ ਹੈ, ਜੋ ਸਾਨੂੰ ਯਿਸੂ ਦੇ ਬਲੀਦਾਨ ਦਾ ਪ੍ਰਤੀਉੱਤਰ ਦੇਣ ਲਈ ਬੁਲਾਉਂਦਾ ਹੈ। ਪਰੀਚਿਤ ਅਤੇ ਨਵੇਂ ਦਾ ਸੰਤੁਲਨ ਕਲੀਸੀਆ ਨੂੰ ਸਰਗਰਮ ਅਰਾਧਨਾ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਇਸ ਨੂੰ ਅਮਲ ਵਿੱਚ ਲਿਆਉਣਾ

ਉਹ ਅਰਾਧਨਾ ਜੋ ਪਰੀਚਿਤ ਅਤੇ ਨਵੇਂ ਨੂੰ ਸੰਤੁਲਿਤ ਕਰਦੀ ਹੈ, ਉਸ ਵਿੱਚ ਪੁਰਾਣੇ ਅਤੇ ਨਵੇਂ ਭਜਨ ਦੋਵੇਂ ਸ਼ਾਮਲ ਹੋਣਗੇ। ਇਸ ਵਿੱਚ ਪੜ੍ਹਨ ਲਈ ਜਾਣੇ-ਪਛਾਣੇ ਅਤੇ ਘੱਟ ਜਾਣੇ-ਪਛਾਣੇ ਦੋਵੇਂ ਬਚਨ ਸ਼ਾਮਲ ਹੋਣਗੇ। ਇੱਕ ਜਾਣੇ-ਪਛਾਣੇ ਹਵਾਲੇ ਨੂੰ ਪੜ੍ਹਨ ਤੋਂ ਪਹਿਲਾਂ ਜਿਵੇਂ ਕਿ ਯੂਹੰਨਾ 3:1-21 ਜਿਸ ਵਿੱਚ ਯਿਸੂ ਨਵੇਂ ਜਨਮ ਬਾਰੇ ਸਿੱਖਿਆ ਦਿੰਦਾ ਹੈ, ਅਸੀਂ ਇੱਕ ਘੱਟ ਜਾਣੇ-ਪਛਾਣੇ ਹਵਾਲੇ ਨੂੰ ਪੜ੍ਹ ਸਕਦੇ ਹਾਂ ਜਿਵੇਂ ਕਿ ਹਿਜ਼ਕੀਏਲ 36:16-38 ਜਿਸ ਵਿੱਚ ਪਰਮੇਸ਼ੁਰ ਇਸਰਾਏਲੀਆਂ ਨੂੰ ਨਿਰਮਲ ਜਲ ਨਾਲ ਸ਼ੁੱਧ ਕਰਨ ਅਤੇ ਆਪਣੇ ਲੋਕਾਂ ਨੂੰ ਇੱਕ ਨਵਾਂ ਦਿਲ ਦੇਣ ਦਾ ਵਾਅਦਾ ਕਰਦਾ ਹੈ। ਇਹ ਦੋਵੇਂ ਬਚਨ ਵਿਸ਼ੇ ਨਾਲ ਨੇੜਿਓਂ ਜੁੜੇ ਹੋਏ ਹਨ। ਉਨ੍ਹਾਂ ਨੂੰ ਇਕੱਠੇ ਪੜ੍ਹਨਾ ਯੂਹੰਨਾ 3 ਵਿੱਚ ਯਿਸੂ ਦੀ ਸਿੱਖਿਆ ਬਾਰੇ ਕਲੀਸੀਆ ਦੀ ਸਮਝ ਨੂੰ ਵਧਾਵੇਗਾ।

ਜੇਕਰ ਤੁਸੀਂ ਕੋਈ ਨਵਾਂ ਗੀਤ ਪੇਸ਼ ਕਰ ਰਹੇ ਹੋ, ਤਾਂ ਨਵੇਂ ਗੀਤ ਨੂੰ ਜਾਣੇ-ਪਛਾਣੇ ਗੀਤਾਂ ਵਿੱਚ ਸ਼ਾਮਲ ਕਰੋ। ਜਦੋਂ ਅਸੀਂ ਅਰਾਧਨਾ ਨੂੰ ਕਿਸੇ ਨਵੇਂ ਗੀਤ ਨਾਲ ਸ਼ੁਰੂ ਕਰਦੇ ਹਾਂ, ਤਾਂ ਬੰਦਗੀ ਇੱਕ ਅਣਜਾਣ ਸੁਰ ਨਾਲ ਸ਼ੁਰੂ ਹੁੰਦੀ ਹੈ ਜੋ ਲੋਕਾਂ ਨੂੰ ਨਹੀਂ ਆਉਂਦਾ। ਕਿਸੇ ਜਾਣੇ-ਪਛਾਣੇ ਗੀਤ ਨਾਲ ਸ਼ੁਰੂ ਕਰਨਾ ਅਤੇ ਫਿਰ ਨਵਾਂ ਗੀਤ ਪੇਸ਼ ਕਰਨਾ ਅਕਲਮੰਦੀ ਦੀ ਗੱਲ ਹੈ।

ਤਾਈਵਾਨ ਵਿੱਚ ਇੱਕ ਚਰਚ ਵਿੱਚ ਗੀਤਾਂ ਨੂੰ ਪੇਸ਼ ਕਰਨ ਲਈ ਇੱਕ ਰਚਨਾਤਮਕ ਤਰੀਕਾ ਹੁੰਦਾ ਸੀ। ਉਨ੍ਹਾਂ ਦੀ ਕਲੀਸੀਆ ਦੇ ਜ਼ਿਆਦਾਤਰ ਲੋਕ ਨਵੇਂ ਵਿਸ਼ਵਾਸੀ ਸਨ ਅਤੇ ਉਨ੍ਹਾਂ ਨੂੰ ਗਾਏ ਜਾਣ ਵਾਲੇ ਬਹੁਤ ਸਾਰੇ ਗੀਤ ਨਹੀਂ ਸੀ ਆਉਂਦੇ। ਇਸ ਚਰਚ ਵਿੱਚ ਹਰ ਬੰਦਗੀ ਤੋਂ ਪਹਿਲਾਂ ਅਭਿਆਸ ਹੁੰਦਾ ਸੀ। ਅਰਾਧਨਾ ਤੋਂ 20 ਮਿੰਟ ਪਹਿਲਾਂ, ਲੋਕ ਉਹ ਗੀਤ ਗਾਉਂਦੇ ਸਨ ਜੋ ਅਰਾਧਨਾ ਬੰਦਗੀ ਵਿੱਚ ਗਾਏ ਜਾਣੇ ਹੁੰਦੇ ਸਨ। ਪਿਆਨੋ ਵਜਾਉਣ ਵਾਲਾ ਧੁਨ ਵਜਾਉਂਦਾ ਸੀ ਤਾਂ ਜੋ ਹਰ ਕੋਈ ਧੁਨ ਨੂੰ ਸਿੱਖ ਸਕਦਾ। ਕਿਉਂਕਿ ਇਹ ਇੱਕ ਅਭਿਆਸ ਸੀ, ਆਗੂ ਰੁਕ ਸਕਦਾ ਸੀ ਅਤੇ ਇੱਕ ਵਾਕ ਨੂੰ ਉਦੋਂ ਤੱਕ ਦੁਹਰਾ ਸਕਦਾ ਸੀ ਜਦੋਂ ਤੱਕ ਕਲੀਸੀਆ ਇਸ ਨੂੰ ਚੰਗੀ ਤਰ੍ਹਾਂ ਨਹੀਂ ਸੀ ਸਿੱਖ ਲੈਂਦੀ। 10 ਵਜੇ ਤੱਕ, ਲੋਕ ਨਵੇਂ ਗੀਤ ਵੀ ਆਤਮ-ਵਿਸ਼ਵਾਸ ਨਾਲ ਗਾ ਚੁੱਕੇ ਹੁੰਦੇ ਸਨ।

ਇੱਕ ਟੀਮ ਵਜੋਂ ਯੋਜਨਾ ਬਣਾਓ।

ਉਪਦੇਸ਼ਕ ਦੀ ਪੋਥੀ ਇਹ ਵਿਹਾਰਕ ਸਲਾਹ ਦਿੰਦੀ ਹੈ; "ਇੱਕ ਨਾਲੋਂ ਦੋ ਚੰਗੇ ਹਨ ਕਿਉਂ ਜੋ ਉਨ੍ਹਾਂ ਦੀ ਮਿਹਨਤ ਦੀ ਚੰਗੀ ਖੱਟੀ ਹੁੰਦੀ ਹੈ" (**ਉਪਦੇਸ਼ਕ ਦੀ ਪੋਥੀ** 4:9)। ਅਰਾਧਨਾ ਦੀ ਯੋਜਨਾ ਬਣਾਉਣਾ ਇੱਕ ਟੀਮ ਦਾ ਕੰਮ ਹੋਣਾ ਚਾਹੀਦਾ ਹੈ। ਅਰਾਧਨਾ ਬੰਦਗੀ ਦੀ ਅਗਵਾਈ ਵਿੱਚ ਸ਼ਾਮਲ ਹਰੇਕ ਵਿਅਕਤੀ ਦੀ ਯੋਜਨਾ ਬਣਾਉਣ ਵਿੱਚ ਭੂਮਿਕਾ ਹੋਣੀ ਚਾਹੀਦੀ ਹੈ।

ਜਦੋਂ ਪਾਸਟਰ, ਗੀਤਾਂ ਦਾ ਆਗੂ ਅਤੇ ਕਲੀਸੀਆ ਦੇ ਹੋਰ ਆਗੂ ਬੰਦਗੀ ਲਈ ਪਰਮੇਸ਼ੁਰ ਦੀ ਇੱਛਾ ਦੀ ਭਾਲ ਕਰਨ ਲਈ ਇਕੱਠੇ ਹੁੰਦੇ ਹਨ, ਹਰੇਕ ਵਿਅਕਤੀ ਦੀਆਂ ਦਾਤਾਂ ਆਪਸ ਵਿੱਚ ਜੁੜ ਜਾਂਦੀਆਂ ਹਨ। ਇੱਕ ਟੀਮ ਦੇ ਰੂਪ ਵਿੱਚ ਕੰਮ ਕਰਨ ਦੁਆਰਾ, ਕਲੀਸੀਆ ਦੀ ਅਗਵਾਈ ਕਰਨ ਵਾਲੇ ਹਰੇਕ ਮੈਂਬਰ ਦੀਆਂ ਦਾਤਾਂ ਅਰਾਧਨਾ ਵਿੱਚ ਯੋਗਦਾਨ ਪਾਉਂਦੀਆਂ ਹਨ।

ਲੰਬੇ ਸਮੇਂ ਲਈ ਯੋਜਨਾ ਬਣਾਓ।

ਕਿਸੇ ਇੱਕ ਬੰਦਗੀ ਵਿੱਚ ਬਾਈਬਲ ਦਾ ਸਮੁੱਚਾ ਸੰਦੇਸ਼ ਸ਼ਾਮਲ ਨਹੀਂ ਹੁੰਦਾ, ਪਰ ਸਮੇਂ ਦੇ ਨਾਲ ਸਾਨੂੰ ਆਪਣੇ ਅਰਾਧਕਾਂ ਨੂੰ ਖੁਸ਼ਖ਼ਬਰੀ ਦੇ ਸਾਰੇ ਪਹਿਲੂਆਂ ਬਾਰੇ ਦੱਸਣਾ ਜ਼ਰੂਰੀ ਹੈ। ਸਾਡੇ ਵਿੱਚੋਂ ਹਰ ਇੱਕ ਦੇ ਆਪੋ-ਆਪਣੇ ਮਨਪਸੰਦ ਵਿਸ਼ੇ ਹਨ; ਪਰ ਸਾਨੂੰ ਖੁਦ ਨੂੰ ਉਨ੍ਹਾਂ ਵਿਸ਼ਿਆਂ ਦਾ ਪਰਚਾਰ ਕਰਨ ਅਤੇ ਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਜੋ ਸਾਡੇ ਮਨਪਸੰਦ ਨਹੀਂ ਹਨ।

ਕੁਝ ਪਾਸਟਰ ਅਤੇ ਅਰਾਧਨਾ ਦੇ ਆਗੂ ਅਜਿਹੇ ਕਲੰਡਰ ਦੀ ਵਰਤੋਂ ਕਰਦੇ ਹਨ ਜਿਸ ਵਿੱਚ ਤਿੰਨ ਸਾਲਾਂ ਵਿੱਚ ਸਾਰੀ ਬਾਈਬਲ ਸਿਖਾਉਣ ਲਈ ਵਿਸ਼ੇ ਦਿੱਤੇ ਗਏ ਹੁੰਦੇ ਹਨ।[75] ਕੁਝ ਹਫਤਾਵਾਰੀ ਯੋਜਨਾ ਬਣਾਉਂਦੇ ਹਨ ਪਰ ਸਮੇਂ ਦੇ ਨਾਲ ਬਚਨ ਦੇ ਸਮੁੱਚੇ ਸੰਦੇਸ਼ ਨੂੰ ਸ਼ਾਮਲ ਕਰਨ ਪ੍ਰਤੀ ਸਚੇਤ ਹੁੰਦੇ ਹਨ।

ਜੇ ਤੁਸੀਂ ਸਿੱਖਿਆ ਦੇ ਇੱਕ ਨਿਸ਼ਚਿਤ ਕਲੰਡਰ ਦੀ ਪਾਲਣਾ ਨਹੀਂ ਵੀ ਕਰਦੇ ਹੋ, ਮਸੀਹੀ ਸਾਲ ਦੀਆਂ ਮੁਢਲੀਆਂ ਰੁੱਤਾਂ ਦੀ ਜਾਣਕਾਰੀ ਖੁਸ਼ਖ਼ਬਰੀ ਦੇ ਮਹੱਤਵਪੂਰਣ ਪਹਿਲੂਆਂ ਵੱਲ ਤੁਹਾਡੀ ਅਗਵਾਈ ਕਰੇਗੀ। ਮਸੀਹੀ ਸਾਲ ਵਿੱਚ ਮਹੱਤਵਪੂਰਣ ਰੁੱਤਾਂ ਹਨ:

- **ਆਮਦ** (ਕ੍ਰਿਸਮਸ ਵੱਲ ਲੈ ਜਾਣ ਵਾਲੇ ਚਾਰ ਐਤਵਾਰ): ਮਸੀਹ ਦੀ ਪਹਿਲੀ ਅਤੇ ਦੂਜੀ ਆਮਦ ਦੋਵਾਂ ਤੇ ਧਿਆਨ ਕੇਂਦਰਿਤ ਕਰਨਾ।
- **ਕ੍ਰਿਸਮਸ**: ਮਸੀਹ ਦੇ ਦੇਹਧਾਰਣ ਅਤੇ ਜਨਮ ਤੇ ਧਿਆਨ ਕੇਂਦਰਿਤ ਕਰਨਾ।

---

75 ਆਨਲਾਈਨ http://lectionary.library.vanderbilt.edu/calendar.php July 22, 2020 ਤੇ ਉਪਲਬਧ ਹੈ।

- **ਲੈਂਟ** (ਸੋਗ) (ਈਸਟਰ ਤੋਂ ਪਹਿਲਾਂ ਦੇ ਛੇ ਐਤਵਾਰ): ਯਿਸੂ ਦੇ ਦੁੱਖ ਅਤੇ ਮੌਤ ਦੇ ਨਾਲ-ਨਾਲ ਹਰੇਕ ਵਿਸ਼ਵਾਸੀ ਲਈ ਚੇਲੇਪਣ ਦੀਆਂ ਸ਼ਰਤਾਂ ਤੇ ਧਿਆਨ ਕੇਂਦਰਿਤ ਕਰਨਾ।
- **ਈਸਟਰ**: ਮਸੀਹ ਦੇ ਜੀ ਉੱਠਣ ਅਤੇ ਸੁਰਗ ਨੂੰ ਚੜ੍ਹਨ ਤੇ ਧਿਆਨ ਕੇਂਦਰਿਤ ਕਰਨਾ।
- **ਪੰਤੇਕੁਸਤ**: ਪਵਿੱਤਰ ਆਤਮਾ ਅਤੇ ਕਲੀਸੀਆ ਤੇ ਧਿਆਨ ਕੇਂਦਰਿਤ ਕਰਨਾ।

ਭਾਵੇਂ ਤੁਸੀਂ ਰਸਮੀ ਕ੍ਰਮ ਦੀ ਪਾਲਣਾ ਕਰਦੇ ਹੋ ਜਾਂ ਹਫਤੇ ਦੇ ਆਧਾਰ ਤੇ ਯੋਜਨਾ ਬਣਾਉਂਦੇ ਹੋ, ਨਿਸ਼ਚਤ ਕਰੋ ਕਿ ਤੁਹਾਡੀ ਕਲੀਸੀਆ ਸਮੁੱਚੀ ਖੁਸ਼ਖ਼ਬਰੀ ਨੂੰ ਅਰਾਧਨਾ ਦੇ ਇੱਕ ਹਿੱਸੇ ਵਜੋਂ ਸੁਣੇ।

ਸ਼ਾਂਤਮਈ ਢੰਗ ਨਾਲ ਯੋਜਨਾ ਬਣਾਓ।

ਅਰਾਧਨਾ ਸਾਡੇ ਬਾਰੇ ਨਹੀਂ ਹੈ; ਅਰਾਧਨਾ ਪਰਮੇਸ਼ੁਰ ਦੇ ਲਈ ਸਾਡਾ ਬਲੀਦਾਨ ਹੈ। ਸਾਡੀ ਅਰਾਧਨਾ-ਯੋਜਨਾ ਉਸ ਭੇਟ ਦਾ ਹਿੱਸਾ ਹੈ। ਅਸੀਂ ਇਸ ਵਿਚਾਰ ਦੇ ਦੋਸ਼-ਪ੍ਰੇਰਿਤ ਦਬਾਅ ਤੋਂ ਬਿਨਾਂ ਅਰਾਧਨਾ ਦੀ ਯੋਜਨਾ ਬਣਾਉਂਦੇ ਹਾਂ, "ਕੀ ਇਹ ਓਨਾ ਚੰਗਾ ਹੈ?" ਅਸੀਂ ਕਿਰਪਾ ਦੇ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ। ਸਾਡੀ ਭੇਟ ਇਸ ਲਈ ਸਵੀਕਾਰ ਨਹੀਂ ਕੀਤੀ ਜਾਂਦੀ ਹੈ ਕਿਉਂਕਿ ਇਹ ਬਹੁਤ ਚੰਗੀ ਹੈ, ਪਰ ਇਸ ਲਈ ਕਿ ਪਰਮੇਸ਼ੁਰ ਸਵੈ-ਇੱਛਾ ਨਾਲ ਦਿੱਤੀ ਗਈ ਆਪਣੇ ਬੱਚਿਆਂ ਦੀ ਭੇਟ ਨੂੰ ਸਵੀਕਾਰ ਕਰਦਾ ਹੈ।

ਦਬਾਅ ਤੋਂ ਬਚਣ ਲਈ ਇਹ ਮਹੱਤਵਪੂਰਣ ਹੈ ਕਿ "ਸਾਨੂੰ XYZ ਚਰਚ ਨਾਲ ਜੁੜੇ ਰਹਿਣਾ ਚਾਹੀਦਾ ਹੈ।" ਤਕਨੀਕ ਅਤੇ ਮਲਟੀ-ਮੀਡੀਆ ਦੀ ਅੱਜ ਦੀ ਦੁਨੀਆਂ ਵਿੱਚ, ਬਹੁਤ ਸਾਰੀਆਂ ਕਲੀਸੀਆਵਾਂ ਦੇ ਆਗੂ ਲਗਾਤਾਰ ਦੂਸਰੀਆਂ ਕਲੀਸੀਆਵਾਂ ਵਾਂਗ ਆਧੁਨਿਕ ਬਣਨ ਦਾ ਦਬਾਅ ਮਹਿਸੂਸ ਕਰਦੇ ਹਨ। ਪਾਸਟਰ ਨਵੀਂ ਤੋਂ ਨਵੀਂ ਤਕਨੀਕ ਰੱਖਣ ਦੇ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ। ਸੰਗੀਤ ਨਿਰਦੇਸ਼ਕ ਨਵੇਂ-ਨਵੇਂ ਗੀਤ ਗਾਉਣ ਦੇ ਲਈ ਆਪਸ ਵਿੱਚ ਮੁਕਾਬਲਾ ਕਰਦੇ ਹਨ। ਅਰਾਧਕ ਅਜਿਹੇ ਚਰਚ ਦੀ ਭਾਲ ਵਿੱਚ ਖਰੀਦਦਾਰ ਬਣ ਜਾਂਦੇ ਹਨ ਜੋ ਨਵੇਂ ਤੋਂ ਨਵੇਂ ਆਕਰਸ਼ਣ ਪੇਸ਼ ਕਰਦਾ ਹੈ।

ਆਪਣੀ ਭੇਟ ਨਾਲ ਪਰਮੇਸ਼ੁਰ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਦੇ ਪਰਤਾਵੇ ਅੱਗੇ ਨਾ ਝੁਕੋ। ਅਰਾਧਨਾ ਦੇ ਸਾਧਨਾਂ, ਜਿਵੇਂ ਕਿ ਸੰਗੀਤ ਅਤੇ ਤਕਨੀਕ ਨੂੰ ਅਸਲੀ ਅਰਾਧਨਾ ਦਾ ਸਥਾਨ ਨਾ ਲੈਣ ਦਿਓ। ਇਹ ਜਾਣਦੇ ਹੋਏ ਉਸ ਦੇ ਲਈ ਉੱਤਮ ਲੈ ਕੇ ਆਓ ਕਿ ਕਿਰਪਾ ਦਾ ਪਰਮੇਸ਼ੁਰ ਤੁਹਾਡੇ ਬਲੀਦਾਨ ਦੀ ਮਿੱਠੀ ਸੁਗੰਧ ਵਿੱਚ ਅਨੰਦ ਹੁੰਦਾ ਹੈ। ਉਸ ਨੂੰ ਆਪਣਾ ਸਭ ਤੋਂ ਉੱਤਮ ਦਿਓ ਅਤੇ ਫਿਰ ਉਸ ਦੇ ਦੁਆਰਾ ਤੁਹਾਡੀ ਭੇਟ ਦੇ ਸਵੀਕਾਰ ਕੀਤੇ ਜਾਣ ਦੇ ਲਈ ਉਸ ਉੱਤੇ ਭਰੋਸਾ ਕਰੋ। ਅਰਾਧਨਾ ਦੂਜੀਆਂ ਕਲੀਸੀਆਵਾਂ ਨਾਲ ਮੁਕਾਬਲਾ ਨਹੀਂ ਹੈ; ਇਹ ਪਰਮੇਸ਼ੁਰ ਨੂੰ ਇੱਕ ਨਜ਼ਰਾਨਾ ਹੈ।

ਅਰਾਧਨਾ ਬੰਦਗੀ ਦੀ ਅਗਵਾਈ ਕਰਨਾ

ਸਭ ਤੋਂ ਮਹੱਤਵਪੂਰਣ ਸਵਾਲ: *ਦਰਸ਼ਕ ਕੌਣ ਹੈ?*

» ਅਰਾਧਨਾ ਵਿੱਚ ਕਲੀਸੀਆ ਦੀ ਕੀ ਭੂਮਿਕਾ ਹੈ? ਅਰਾਧਨਾ ਆਗੂਆਂ ਦੀ ਕੀ ਭੂਮਿਕਾ ਹੈ? ਪਰਮੇਸ਼ੁਰ ਦੀ ਭੂਮਿਕਾ ਕੀ ਹੈ?

ਬਹੁਤ ਸਾਰੇ ਲੋਕ ਅਰਾਧਨਾ ਨੂੰ ਸੰਗੀਤ ਸਮਾਰੋਹ ਦੀ ਤਰ੍ਹਾਂ ਵੇਖਦੇ ਹਨ। ਕਲੀਸੀਆ ਸੁਣਦੀ ਹੈ ਜਦੋਂ ਪਾਸਟਰ ਅਤੇ ਸੰਗੀਤ ਵਜਾਉਣ ਵਾਲੇ ਆਪਣੇ ਪ੍ਰਦਰਸ਼ਨ ਕਰਦੇ ਹਨ। ਗਿਰਜਾਘਰ ਇੱਕ ਸਮਾਰੋਹ ਹਾਲ ਹੈ।

ਬੈਰੀ ਲੀਸ਼ ਨੇ ਅਰਾਧਨਾ ਦੇ ਇਸ ਦ੍ਰਿਸ਼ਟੀਕੋਣ ਦਾ ਫੁੱਟਬਾਲ ਦੀ ਖੇਡ ਦੀ ਤਰ੍ਹਾਂ ਵਰਣਨ ਕੀਤਾ:[76]

- ਅਰਾਧਨਾ ਆਗੂ ਖਿਡਾਰੀ ਹਨ ਜਿਹੜੇ ਅਰਾਧਨਾ ਕਰ ਰਹੇ ਹਨ।
- ਕਲੀਸੀਆ ਸਟੇਡੀਅਮ ਵਿੱਚ ਖੇਡ ਨੂੰ ਵੇਖਣ ਵਾਲੀ ਦਰਸ਼ਕ ਹੈ।
- ਪਰਮੇਸ਼ੁਰ ਕੋਚ ਹੈ ਜਿਹੜਾ ਅਰਾਧਨਾ ਦੇ ਆਗੂਆਂ ਨੂੰ ਦੱਸਦਾ ਹੈ ਕਿ ਕੀ ਕਰਨਾ ਹੈ।



ਬਾਈਬਲ ਅਨੁਸਾਰ ਅਰਾਧਨਾ ਦੀ ਤਸਵੀਰ ਬਹੁਤ ਵੱਖਰੀ ਹੈ। ਬਾਈਬਲ ਅਨੁਸਾਰ ਅਰਾਧਨਾ ਵਿੱਚ, ਕਲੀਸੀਆ ਅਰਾਧਨਾ ਕਰਦੀ ਹੈ ਜਦ ਕਿ ਅਰਾਧਨਾ ਆਗੂ ਅਰਾਧਨਾ ਦੀ ਅਗਵਾਈ ਕਰਨ ਵਾਲੇ ਕੋਚ ਵਜੋਂ ਕੰਮ ਕਰਦੇ ਹਨ:

- ਅਰਾਧਨਾ ਆਗੂ ਕਲੀਸੀਆ ਦੀ ਅਗਵਾਈ ਕਰਨ ਵਾਲਾ ਕੋਚ ਹੈ।
- ਅਰਾਧਕ ਖਿਡਾਰੀ ਹਨ ਜਿਹੜੇ ਅਰਾਧਨਾ ਕਰ ਰਹੇ ਹਨ।
- ਪਰਮੇਸ਼ੁਰ ਦਰਸ਼ਕ ਹੈ ਜਿਹੜਾ ਸਾਡੀ ਅਰਾਧਨਾ ਨੂੰ ਸਵੀਕਾਰ ਕਰਦਾ ਹੈ।



ਨਾਟਕ ਦੇ ਪ੍ਰਦਰਸ਼ਨ ਵਿੱਚ, ਤੁਸੀਂ ਕਦੇ ਨਿਰਦੇਸ਼ਕ ਵੱਲ ਧਿਆਨ ਨਹੀਂ ਦਿੰਦੇ। ਨਿਰਦੇਸ਼ਕ ਨਾਟਕ ਦਾ ਹਰ ਡਾਇਲਾਗ ਜਾਣਦਾ ਹੈ ਅਤੇ ਡਾਇਲਾਗ ਬੋਲੇ ਜਾਣ ਦਾ ਸਮਾਂ ਆਉਣ ਤੇ ਹਰ ਅਦਾਕਾਰ ਨੂੰ ਇਸ਼ਾਰਾ ਕਰਦਾ ਹੈ। *ਜੇ ਉਹ ਆਪਣਾ ਕੰਮ ਚੰਗੀ ਤਰ੍ਹਾਂ ਕਰਦੀ ਹੈ, ਤਾਂ ਦਰਸ਼ਕ ਕਦੇ ਵੀ ਉਸ ਵੱਲ ਧਿਆਨ ਨਹੀਂ ਦਿੰਦੇ।* ਇਹੋ ਅਰਾਧਨਾ ਆਗੂ ਦੀ ਭੂਮਿਕਾ ਹੈ। ਸਾਡਾ ਕੰਮ ਲੋਕਾਂ ਲਈ ਅਰਾਧਨਾ ਕਰਨਾ ਨਹੀਂ ਹੈ; ਸਾਡਾ ਕੰਮ ਕਲੀਸੀਆ ਦੀ ਅਰਾਧਨਾ ਵਿੱਚ ਅਗਵਾਈ ਕਰਨਾ ਹੈ। ਕਲੀਸੀਆ, ਪਾਸਟਰ ਅਤੇ ਸੰਗੀਤ ਆਗੂ ਦੇ ਨਾਲ, ਪਰਮੇਸ਼ੁਰ ਦੀ ਹਜ਼ੂਰੀ ਵਿੱਚ ਅਰਾਧਨਾ ਕਰਦੀ ਹੈ। ਅਰਾਧਨਾ ਵਿੱਚ ਸਾਡਾ ਟੀਚਾ ਪਰਮੇਸ਼ੁਰ ਨੂੰ ਪ੍ਰਸੰਨ ਕਰਨਾ ਹੈ। ਅਰਾਧਨਾ ਬਾਰੇ ਬਾਈਬਲ ਦੇ ਨਮੂਨੇ ਵਿੱਚ, ਪਰਮੇਸ਼ੁਰ ਸਾਡੀ ਅਰਾਧਨਾ ਦਾ ਦਰਸ਼ਕ ਹੈ।

ਪਰ, ਪਰਮੇਸ਼ੁਰ ਇੱਕ ਦਰਸ਼ਕ ਨਾਲੋਂ ਵੱਧ ਕੇ ਹੈ; ਅਸੀਂ ਅਰਾਧਨਾ ਵਿੱਚ ਜੋ ਕੁਝ ਵੀ ਕਰਦੇ ਹਾਂ ਪਰਮੇਸ਼ੁਰ ਉਸ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਅਤੇ, ਅਰਾਧਨਾ ਆਗੂ ਕੋਚ ਜਾਂ ਨਿਰਦੇਸ਼ਕ ਤੋਂ ਵੱਧ ਕੇ ਹੈ। ਅਰਾਧਨਾ ਆਗੂ ਇੱਕ ਨਿਰਦੇਸ਼ਕ ਅਤੇ ਇੱਕ ਅਰਾਧਕ ਦੋਵੇਂ ਹੁੰਦਾ ਹੈ। ਅਰਾਧਨਾ ਵਿੱਚ ਕਈ ਰਿਸ਼ਤੇ ਸ਼ਾਮਲ ਹੁੰਦੇ ਹਨ:

76 Barry Liesch, The New Worship, 2nd edition (Grand Rapids: Baker Books, 2001), 123

- ਪਰਮੇਸ਼ੁਰ ਅਰਾਧਕਾਂ ਨੂੰ ਸੱਦਾ ਦਿੰਦਾ ਹੈ, ਅਰਾਧਨਾ ਨੂੰ ਸਵੀਕਾਰ ਕਰਦਾ ਹੈ ਅਤੇ ਅਰਾਧਨਾ ਆਗੂਆਂ ਦੀ ਅਗਵਾਈ ਕਰਦਾ ਹੈ ਜਦੋਂ ਉਹ ਕਲੀਸੀਆ ਦੀ ਸੇਵਾ ਕਰਦੇ ਹਨ।
- ਅਰਾਧਨਾ ਆਗੂ ਅਰਾਧਨਾ ਵਿੱਚ ਕਲੀਸੀਆ ਦੀ ਅਗਵਾਈ ਕਰਦੇ ਹਨ, ਪਰਮੇਸ਼ੁਰ ਦੀ ਅਵਾਜ਼ ਸੁਣਦੇ ਹਨ ਅਤੇ ਅਰਾਧਕਾਂ ਵਜੋਂ ਅਰਾਧਨਾ ਵਿੱਚ ਹਿੱਸਾ ਲੈਂਦੇ ਹਨ।
- ਕਲੀਸੀਆ ਪਰਮੇਸ਼ੁਰ ਦੀ ਅਰਾਧਨਾ ਕਰਦੀ ਹੈ, ਪਰਮੇਸ਼ੁਰ ਦੇ ਬਚਨ ਨੂੰ ਸੁਣਦੀ ਹੈ ਅਤੇ ਅਰਾਧਨਾ ਵਿੱਚ ਇੱਕ ਦੂਜੇ ਨਾਲ ਗੱਲ ਕਰਦੀ ਹੈ।



ਅਰਾਧਨਾ ਨੂੰ ਵਿਖਾਵੇ ਦੇ ਰੂਪ ਵਿੱਚ ਕਰਨ ਤੋਂ ਕਿਵੇਂ ਬਚਣਾ ਹੈ[77]

1. ਉਹ ਗੀਤ ਗਾਓ ਜੋ ਲੋਕਾਂ ਨੂੰ ਆਉਂਦੇ ਹਨ ਜਾਂ ਲੋਕ ਅਸਾਨੀ ਨਾਲ ਸਿੱਖ ਸਕਦੇ ਹਨ। ਉਨ੍ਹਾਂ ਨੂੰ ਕਲੀਸੀਆ ਦੀਆਂ ਸੁਰਾਂ ਵਿੱਚ ਗਾਓ। ਧੀਰਜ ਨਾਲ ਨਵੇਂ ਗੀਤਾਂ ਦੀ ਵਰਤੋਂ ਕਰੋ।

2. ਗਾਓ ਅਤੇ ਪਰਮੇਸ਼ੁਰ ਦੀ ਸ਼ਕਤੀ, ਮਹਿਮਾ ਅਤੇ ਮੁਕਤੀ ਦਾ ਜਸ਼ਨ ਮਨਾਓ। ਆਪਣੀ ਕਲੀਸੀਆ ਦੀ ਸੇਵਾ ਕਰੋ। ਉਨ੍ਹਾਂ ਨੂੰ ਪਰਮੇਸ਼ੁਰ ਦੇ ਬਚਨ ਨਾਲ ਭਰ ਦਿਓ। ਮਾੜੇ ਬੋਲਾਂ ਜਾਂ ਕਮਜ਼ੋਰ ਧਰਮ-ਗਿਆਨ ਵਾਲੇ ਗੀਤ ਨਾ ਗਾਓ।

3. ਲਾਈਟਾਂ ਜਗਦੀਆਂ ਰੱਖੋ। ਜ਼ਿਆਦਾ ਗੱਲਬਾਤ ਕਰਨਾ ਬੰਦ ਕਰੋ। ਖੁਸ਼ਖ਼ਬਰੀ ਪ੍ਰਮੁੱਖ ਹੈ, ਇਸ ਦੀ ਕੀਮਤ ਤੇ ਘੁੰਡੀਆਂ/ਲਾਈਟਾਂ/ਦ੍ਰਿਸ਼ਾਂ ਨੂੰ ਰਚਨਾਤਮਕਤਾ ਵਿਖਾਉਣ ਦਾ ਵਸੀਲਾ ਨਾ ਬਣਨ ਦਿਓ।

4. ਆਪਣੀ ਅਰਾਧਨਾ ਅਗਵਾਈ ਅਤੇ ਤੁਹਾਡੇ ਦੁਆਰਾ ਚੁਣੇ ਗਏ ਗੀਤਾਂ ਨੂੰ ਆਪਣੀ ਕਲੀਸੀਆ ਦੇ ਜ਼ਿਆਦਾਤਰ ਲੋਕਾਂ ਲਈ ਢੁਕਵੇਂ ਬਣਾਓ। ਪਾਸਟਰ ਦੀ ਤਰ੍ਹਾਂ ਅਗਵਾਈ ਕਰੋ।

5. ਯਿਸੂ ਦੀ ਵੱਲ ਇਸ਼ਾਰਾ ਕਰੋ। ਆਪਣੇ ਵੱਲ ਧਿਆਨ ਨਾ ਖਿੱਚੋ।

ਅਰਾਧਨਾ ਆਗੂ ਦੇ ਗੁਣ

ਤੁਹਾਡਾ ਅਹੁਦਾ ਭਾਵੇਂ ਜੋ ਵੀ ਹੋਵੇ, ਇੱਕ ਅਰਾਧਨਾ ਆਗੂ ਵਜੋਂ ਤੁਸੀਂ ਇੱਕ ਪਾਸਟਰ ਦੀ ਭੂਮਿਕਾ ਨਿਭਾਉਂਦੇ ਹੋ। ਜੇਕਰ ਤੁਸੀਂ ਪਾਸਟਰ ਹੋ, ਤਾਂ ਤੁਸੀਂ ਇਸ ਨੂੰ ਪਹਿਲਾਂ ਹੀ ਸਮਝ ਚੁੱਕੇ ਹੋ। ਜੇਕਰ ਤੁਸੀਂ ਇੱਕ ਆਮ ਆਗੂ ਹੋ, ਤਾਂ ਤੁਹਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਤੁਹਾਡੀ ਭੂਮਿਕਾ ਤੁਹਾਨੂੰ ਆਤਮਿਕ ਆਗੂਪੁਣੇ ਦੇ ਅਹੁਦੇ ਤੇ ਰੱਖਦੀ ਹੈ।

ਅਰਾਧਨਾ ਆਗੂ ਦੀ ਚੋਣ ਕਰਨ ਸਮੇਂ, ਸਾਨੂੰ ਆਤਮਿਕ ਯੋਗਤਾਵਾਂ ਤੇ ਵਿਚਾਰ ਕਰਨਾ ਚਾਹੀਦਾ ਹੈ, ਨਾ ਕਿ ਸਿਰਫ਼ ਸੰਗੀਤ ਨਾਲ ਜੁੜੀਆਂ ਯੋਗਤਾਵਾਂ ਜਾਂ ਨਿੱਜੀ ਯੋਗਤਾਵਾਂ ਤੇ। ਜਦੋਂ ਰਸੂਲਾਂ ਨੇ ਯੂਨਾਨੀ-ਯਹੂਦੀ ਵਿਧਵਾਂ ਦੀ ਸੁਧ ਲੈਣ ਲਈ ਡੀਕਨਾਂ ਨੂੰ ਚੁਣਿਆ, ਤਾਂ ਉਨ੍ਹਾਂ ਨੇ ਨੇਕ ਨਾਮ, ਆਤਮਾ ਅਤੇ ਬੁੱਧ ਨਾਲ ਭਰਪੂਰ ਆਦਮੀਆਂ ਦੀ ਭਾਲ ਕੀਤੀ (ਰਸੂਲਾਂ ਦੇ ਕਰਤੱਬ 6:3)। ਇਖਲਾਕੀ, ਆਤਮਿਕ ਅਤੇ ਨੈਤਿਕ ਯੋਗਤਾਵਾਂ ਸਭ ਤੋਂ ਮਹੱਤਵਪੂਰਣ ਸਨ।

---

77 Jamie Brown, “Are We Headed For A Crash? Reflections on the Current State of Evangelical Worship.” ਤੋਂ ਲਿਆ ਗਿਆ। Available at https://worthilymagnify.com/2014/05/19/crash/ July 22, 2020

ਕੁਝ ਕਲੀਸੀਆਵਾਂ ਵਿੱਚ, ਗੀਤ ਗਾਉਣ ਵਾਲੇ ਆਗੂਆਂ, ਸਾਜ਼ ਵਜਾਉਣ ਵਾਲਿਆਂ ਅਤੇ ਹੋਰ ਆਗੂਪੁਣੇ ਦੀਆਂ ਭੂਮਿਕਾਵਾਂ ਦੀ ਚੋਣ ਪ੍ਰਸਿੱਧੀ ਤੇ ਅਧਾਰਤ ਹੁੰਦੀ ਹੈ। ਜੇ ਖਿਲਾਉਣ ਪਿਲਾਉਣ ਦੀ ਸੇਵਾ ਕਰਨ ਵਾਲੇ ਡੀਕਨਾਂ ਨੂੰ ਉਨ੍ਹਾਂ ਦੀਆਂ ਆਤਮਿਕ ਯੋਗਤਾਵਾਂ ਦੇ ਆਧਾਰ ਤੇ ਚੁਣਿਆ ਗਿਆ ਸੀ, ਤਾਂ ਅਰਾਧਨਾ ਆਗੂਆਂ ਨੂੰ ਨਿਸ਼ਚਤ ਤੌਰ ਤੇ ਆਤਮਿਕ ਗੁਣਾਂ ਦੇ ਆਧਾਰ ਤੇ ਚੁਣਿਆ ਜਾਣਾ ਚਾਹੀਦਾ ਹੈ।

ਜੇ ਤੁਸੀਂ ਆਪਣੀ ਕਲੀਸੀਆ ਵਿੱਚ ਅਰਾਧਨਾ ਵਿੱਚ ਅਗਵਾਈ ਕਰਦੇ ਹੋ (ਅਰਾਧਨਾ ਵਿੱਚ ਪਾਸਟਰ, ਸਾਜ਼ ਵਜਾਉਣ ਵਾਲੇ, ਜਾਂ ਹੋਰ ਆਗੂ ਵਜੋਂ), ਤਾਂ ਤੁਹਾਨੂੰ ਅਜਿਹੇ ਗੁਣ ਵਿਕਸਿਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਇੱਕ ਅਰਾਧਨਾ ਆਗੂ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ।

- **ਆਤਮਿਕ ਸਮਝ।** "ਕੀ ਮੈਂ ਪਵਿੱਤਰ ਆਤਮਾ ਦੀ ਅਗਵਾਈ ਪ੍ਰਤੀ ਸੰਵੇਦਨਸ਼ੀਲ ਹਾਂ?"
- **ਸੰਵੇਦਨਸ਼ੀਲਤਾ।** "ਕੀ ਮੈਂ ਕਲੀਸੀਆ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਹਾਂ? ਕੀ ਮੈਂ ਉਨ੍ਹਾਂ ਗੀਤਾਂ ਅਤੇ ਹਵਾਲਿਆਂ ਦੀ ਚੋਣ ਕਰਦਾ ਹਾਂ ਜੋ ਉਨ੍ਹਾਂ ਲੋੜਾਂ ਨੂੰ ਪੂਰਾ ਕਰਦੇ ਹਨ?"
- **ਸਹਿਯੋਗ।** "ਕੀ ਮੈਂ ਪ੍ਰਭਾਵਸ਼ਾਲੀ ਢੰਗ ਨਾਲ ਟੀਮ ਦੇ ਕੰਮ ਆਉਂਦਾ ਹਾਂ? ਕੀ ਮੈਂ ਸਹਿਯੋਗ ਕਰਦਾ ਹਾਂ ਜਦੋਂ ਪਾਸਟਰ ਮੈਨੂੰ ਸਮਾਪਤੀ ਗੀਤ ਬਦਲਣ ਲਈ ਕਹਿੰਦਾ ਹੈ? ਕੀ ਮੈਂ ਪੂਰੀ ਟੀਮ ਦੀਆਂ ਲੋੜਾਂ ਨੂੰ ਪੂਰਾ ਕਰਦਾ ਹਾਂ?"
- **ਗਿਆਨ।** "ਕੀ ਮੈਂ ਪਰਮੇਸ਼ੁਰ ਦੇ ਬਚਨ ਬਾਰੇ ਆਪਣੇ ਗਿਆਨ ਵਿੱਚ ਵਾਧਾ ਕਰ ਰਿਹਾ ਹਾਂ? ਕੀ ਮੈਂ ਪਰਮੇਸ਼ੁਰ ਦੇ ਬਚਨ ਨੂੰ ਅਰਾਧਨਾ ਦੇ ਕੇਂਦਰ ਵਿੱਚ ਰੱਖਦਾ ਹਾਂ?"
- **ਬੁੱਧ।** "ਕੀ ਮੈਂ ਅਰਾਧਨਾ ਬਾਰੇ ਹੋਣ ਵਾਲੇ ਵਿਵਾਦਾਂ ਨੂੰ ਸਮਝਣ ਅਤੇ ਪ੍ਰਤੀਉੱਤਰ ਦੇਣ ਲਈ ਬੁੱਧ ਵਿੱਚ ਵੱਧ ਰਿਹਾ ਹਾਂ? ਕੀ ਮੈਂ ਆਪਣੇ ਆਪ ਨੂੰ ਸੁਣਨ ਵਿੱਚ ਕਾਹਲਾ ਅਤੇ ਬੋਲਣ ਵਿੱਚ ਧੀਰਾ ਹੋਣ ਲਈ ਅਨੁਸ਼ਾਸਿਤ ਕਰਦਾ ਹਾਂ?" (ਯਾਕੂਬ 1:19)
- **ਧੀਰਜ।** "ਕੀ ਮੈਂ ਧੀਰਜ ਰੱਖਦਾ ਹਾਂ ਜਦੋਂ ਕਲੀਸੀਆ ਬੰਦਗੀ ਲਈ ਮੇਰੀ ਯੋਜਨਾ ਦਾ ਪ੍ਰਤੀਉੱਤਰ ਦੇਣ ਵਿੱਚ ਧੀਮੀ ਹੁੰਦੀ ਹੈ?"
- **ਨਿਮਰਤਾ।** "ਕੀ ਮੈਂ ਅਜਿਹਾ ਗੀਤ ਗਾਉਣ ਲਈ ਤਿਆਰ ਹਾਂ ਜੋ ਮੇਰੀ ਕਲੀਸੀਆ ਦੇ ਘੱਟ ਸਿਖਲਾਈ ਪ੍ਰਾਪਤ ਮੈਂਬਰਾਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ? ਕੀ ਮੈਂ ਸਰਲ ਸ਼ੈਲੀ ਵਿੱਚ ਪਰਚਾਰ ਕਰਨ ਲਈ ਤਿਆਰ ਹਾਂ ਜੋ ਮੇਰੀ ਕਲੀਸੀਆ ਦੇ ਅਨਪੜ੍ਹ ਮੈਂਬਰਾਂ ਦੀਆਂ ਲੋੜਾਂ ਨੂੰ ਪੂਰਾ ਕਰੇ? ਕੀ ਮੈਂ ਨਿਮਰਤਾ ਨਾਲ ਅਗਵਾਈ ਕਰਦਾ ਹਾਂ, ਜਾਂ ਕੀ ਮੈਂ ਆਪਣੇ ਆਪ ਨੂੰ ਉਸ ਕਲੀਸੀਆ ਵਿੱਚ ਜਿੱਥੇ ਪਰਮੇਸ਼ੁਰ ਨੇ ਮੈਨੂੰ ਰੱਖਿਆ ਹੈ ਉੱਤਮ ਸਮਝਦਾ ਹਾਂ?" ਅਰਾਧਨਾ ਆਗੂ ਵਜੋਂ, ਤੁਹਾਡੀ ਰਚਨਾਤਮਕਤਾ ਨੂੰ ਤੁਹਾਡੀ ਪਾਸਟਰ ਵਾਲੀ ਜਿੰਮੇਵਾਰੀ ਅੱਗੇ ਝੁਕਣਾ ਚਾਹੀਦਾ ਹੈ। ਤੁਹਾਡੀ ਪਹਿਲੀ ਜ਼ਿੰਮੇਵਾਰੀ ਲੋਕਾਂ ਦੀ ਸੇਵਾ ਕਰਨਾ ਹੈ।
- **ਰਚਨਾਤਮਕਤਾ।** "ਕੀ ਮੈਂ ਅਰਾਧਨਾ ਨੂੰ ਸਾਰਥਕ ਬਣਾਉਣ ਦੇ ਤਰੀਕੇ ਲੱਭਦਾ ਹਾਂ? ਕੀ ਮੈਂ ਰਟੇ-ਰਟਾਏ ਤਰੀਕੇ ਵਿੱਚ ਫਸਣ ਤੋਂ ਬਚਦਾ ਹਾਂ ਜਿਸ ਵਿੱਚ ਹਰ ਬੰਦਗੀ ਇੱਕੋ ਜਿਹੀ ਹੁੰਦੀ ਹੈ?"
- **ਅਨੁਸ਼ਾਸਨ।** "ਕੀ ਮੈਂ ਆਪਣੀ ਰਚਨਾਤਮਕਤਾ ਨੂੰ ਅਰਾਧਨਾ ਤੋਂ ਧਿਆਨ ਭਟਕਾਉਣ ਤੋਂ ਬਚਣ ਲਈ ਅਨੁਸ਼ਾਸਿਤ ਕਰਦਾ ਹਾਂ? ਕੀ ਮੈਂ ਲੋਕਾਂ ਦੇ ਧਿਆਨ ਨੂੰ ਪਰਮੇਸ਼ੁਰ ਉੱਤੇ ਕੇਂਦਰਿਤ ਰੱਖਣ ਦੇ ਲਈ ਹਰ ਬੰਦਗੀ ਨੂੰ ਬਹੁਤ ਜ਼ਿਆਦਾ ਨਵਾਂ ਬਣਾਉਣ ਤੋਂ ਬਚਦਾ ਹਾਂ?"
- **ਉੱਤਮਤਾ।** "ਕੀ ਮੈਂ ਹਰ ਹਫ਼ਤੇ ਆਪਣੀ ਸਭ ਤੋਂ ਉੱਤਮ ਭੇਟ ਲਿਆਉਂਦਾ ਹਾਂ? ਕੀ ਮੈਂ ਇੱਕ ਅਰਾਧਨਾ ਆਗੂ ਵਜੋਂ ਲਗਾਤਾਰ ਵਧ ਰਿਹਾ ਹਾਂ?"[78]

---

78 ਉੱਤਮਤਾ ਦੇ ਗੁਣ ਦਾ ਅਰਥ ਇਹ ਨਹੀਂ ਹੈ ਕਿ ਸਿਰਫ਼ ਪੇਸ਼ੇਵਰ ਤੌਰ ਤੇ ਸਿੱਖਿਆ ਪਾਏ ਆਗੂ ਹੀ ਅਰਾਧਨਾ ਵਿੱਚ ਅਗਵਾਈ ਕਰ ਸਕਦੇ ਹਨ। ਹੈਰੋਲਡ ਬੈਸਟ ਉੱਤਮਤਾ ਨੂੰ "ਜੋ ਮੈਂ ਪਹਿਲਾਂ ਸੀ ਉਸ ਨਾਲੋਂ ਬਿਹਤਰ ਬਣਨ ਦੀ ਪ੍ਰਕਿਰਿਆ" ਵਜੋਂ ਪਰਿਭਾਸ਼ਿਤ ਕਰਦਾ ਹੈ। ਕਿਉਂਕਿ ਅਰਾਧਨਾ ਪਰਮੇਸ਼ੁਰ ਨੂੰ ਸਾਡੀ ਭੇਟ ਹੈ, ਅਸੀਂ ਪਹਿਲਾਂ ਨਾਲੋਂ ਬਿਹਤਰ ਬਣਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਹੈਰੋਲਡ ਬੈਸਟ, *ਮਿਊਜ਼ਿਕ ਥਰੂ ਦਿ ਆਈਜ਼ ਆਫ਼ ਫੇਥ* (ਸੈਨ ਫਰਾਂਸਿਸਕੋ: ਹਾਰਪਰ ਬੁਕਸ, 1993) ਸਫ਼ਾ 108

ਅਰਾਧਨਾ ਵਿੱਚ ਅਗਵਾਈ ਕਰਨ ਦੇ ਲਈ ਵਿਹਾਰਕ ਕਦਮ

ਆਗੂ ਲੋਕਾਂ ਨੂੰ ਅਰਾਧਨਾ ਕਰਨ ਦੇ ਲਈ ਮਜਬੂਰ ਨਹੀਂ ਕਰ ਸਕਦਾ; ਪਰ, ਆਗੂ ਕਲੀਸੀਆ ਦੇ ਲਈ ਅਰਾਧਨਾ ਵੱਲ ਧਿਆਨ ਲਗਾਉਣਾ ਸੌਖਾ ਬਣਾ ਸਕਦਾ ਹੈ।

ਉਦਾਹਰਣ ਬਣ ਕੇ ਅਗਵਾਈ ਕਰਨਾ

ਅਰਾਧਨਾ ਵਿੱਚ ਅਗਵਾਈ ਕਰਨ ਦਾ ਇੱਕ ਵਿਸ਼ੇਸ਼ ਅਧਿਕਾਰ ਕਲੀਸੀਆ ਨਾਲ ਅਰਾਧਨਾ ਕਰਨ ਦਾ ਮੌਕਾ ਹੈ। ਅਰਾਧਨਾ ਵਿੱਚ ਕਲੀਸੀਆ ਦੀ ਅਗਵਾਈ ਕਰਦੇ ਹੋਏ ਆਗੂ ਨੂੰ ਅਰਾਧਨਾ ਕਰਨੀ ਚਾਹੀਦੀ ਹੈ।

ਅਫ਼ਸੋਸ, ਅਰਾਧਨਾ ਆਗੂ ਦੇ ਲਈ ਅਰਾਧਨਾ ਇੱਕ ਚੁਣੌਤੀ ਹੋ ਸਕਦੀ ਹੈ। ਅਸੀਂ ਅਰਾਧਨਾ ਕਰਨ ਵਿੱਚ ਇੰਨੇ ਜ਼ਿਆਦਾ ਰੁੱਝ ਸਕਦੇ ਹਾਂ ਕਿ ਅਸੀਂ ਅਰਾਧਨਾ ਕਰਨ ਵਿੱਚ ਅਸਫਲ ਹੋ ਜਾਂਦੇ ਹਾਂ! ਜੇ ਤੁਸੀਂ ਸੰਗੀਤ ਨਿਰਦੇਸ਼ਕ ਹੋ, ਤਾਂ ਤੁਸੀਂ ਅਰਾਧਨਾ ਕਰਨ ਦੀ ਕੋਸ਼ਿਸ਼ ਕਰਦਿਆਂ ਖੁਦ ਨੂੰ ਇਹ ਸੋਚਦੇ ਪਾ ਸਕਦੇ ਹੋ:

- "ਏਕਲ ਗਾਇਕਾ ਨੂੰ ਆਉਣ ਵਿੱਚ ਦੇਰ ਹੋ ਗਈ ਹੈ। ਮੈਨੂੰ ਉਮੀਦ ਹੈ ਕਿ ਵਿਸ਼ੇਸ਼ ਗੀਤ ਲਈ ਉਹ ਸਮੇਂ ਸਿਰ ਇੱਥੇ ਪਹੁੰਚ ਜਾਵੇਗੀ!"
- "ਲੋਕਾਂ ਨੇ ਪਹਿਲਾ ਭਜਨ ਚੰਗੀ ਤਰ੍ਹਾਂ ਨਹੀਂ ਗਾਇਆ। ਕੀ ਸਾਡੀ ਕਲੀਸੀਆ ਲਈ ਇਹ ਗੀਤ ਗਾਉਣਾ ਐਨਾ ਔਖਾ ਹੈ?"
- "ਲੱਗਦਾ ਹੈ ਕਿ ਅਸੀਂ ਬਹੁਤ ਹੌਲੀ ਗਾ ਰਹੇ ਹਾਂ। ਕੀ ਮੈਨੂੰ ਅਗਲੇ ਟੱਪੇ ਨੂੰ ਤੇਜ਼ ਗਾਉਣਾ ਚਾਹੀਦਾ ਹੈ?"

ਜੇ ਤੁਸੀਂ ਖੁਦ ਪਾਸਟਰ ਹੋ, ਤਾਂ ਤੁਸੀਂ ਅਰਾਧਨਾ ਕਰਨ ਦੀ ਕੋਸ਼ਿਸ਼ ਕਰਦਿਆਂ ਖੁਦ ਨੂੰ ਇਹ ਸੋਚਦੇ ਪਾ ਸਕਦੇ ਹੋ:

- "ਅੱਜ ਪਿਛਲੇ ਹਫ਼ਤੇ ਨਾਲੋਂ 10 ਲੋਕ ਘੱਟ ਆਏ ਹਨ। ਉਹ ਕਿੱਥੇ ਹਨ?"
- "ਕੀ ਮੈਨੂੰ ਆਪਣਾ ਸੰਦੇਸ਼ ਸੱਦੇ ਨਾਲ ਖਤਮ ਕਰਨਾ ਚਾਹੀਦਾ ਹੈ?"
- "ਉਹ ਗੀਤ ਮੇਰੇ ਸੰਦੇਸ਼ ਦੇ ਲਈ ਢੁਕਵਾਂ ਨਹੀਂ ਹੈ! ਮੈਂ ਸਵਰਗ ਦੇ ਵਿਸ਼ੇ ਵਾਲੇ ਗੀਤ ਤੋਂ ਨਿਆਂ ਦੇ ਵਿਸ਼ੇ ਵਾਲੇ ਆਪਣੇ ਸੰਦੇਸ਼ ਵੱਲ ਕਿਵੇਂ ਜਾ ਸਕਦਾ ਹਾਂ?"

ਸਾਨੂੰ ਆਪਣੇ ਜੀਵਨ ਵਿੱਚ ਬੰਦਗੀ ਦੀ ਅਗਵਾਈ ਕਰਨ ਵਾਲੇ ਯੰਤਰਾਂ ਨੂੰ ਅਰਾਧਨਾ ਦੀ ਥਾਂ ਨਹੀਂ ਲੈਣ ਦੇਣੀ ਚਾਹੀਦੀ। ਜਦੋਂ ਅਸੀਂ ਅਰਾਧਨਾ ਦੀ ਅਗਵਾਈ ਕਰਦੇ ਹਾਂ, ਸਾਨੂੰ ਖੁਦ ਵੀ ਅਰਾਧਨਾ ਕਰਨੀ ਚਾਹੀਦੀ ਹੈ। ਇਹ ਕਲੀਸੀਆ ਦੁਆਰਾ ਅਰਾਧਨਾ ਨੂੰ ਪ੍ਰੇਰਿਤ ਕਰਦਾ ਹੈ। ਇੱਕ ਬੁਲਾਰੇ ਨੇ ਕਿਹਾ, "ਅਰਾਧਨਾ ਕਰਨ ਵਾਲੇ ਆਗੂਆਂ ਵਜੋਂ ਅਸੀਂ **ਭੇਡਾਂ ਦੇ ਨਾਲ-ਨਾਲ ਰਹਿਣ ਵਾਲੇ ਕੁੱਤੇ** ਨਹੀਂ ਹਾਂ ਜੋ ਕਲੀਸੀਆ ਨੂੰ ਆਪਣੀ ਮਨਪਸੰਦ ਦਿਸ਼ਾ ਵਿੱਚ ਲੈ ਕੇ ਜਾਣ ਦੇ ਲਈ ਮਜ਼ਬੂਰ ਕਰਨ ਵਾਸਤੇ ਭੇਡਾਂ ਦੀਆਂ ਅੱਡੀਆਂ ਤੇ ਦੰਦ ਮਾਰਦੇ ਹਨ। ਅਸੀਂ ਉਹ **ਅਰਾਧਕ** ਹਾਂ ਜੋ ਕਲੀਸੀਆ ਨੂੰ ਆਪਣੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜਾਣ ਲਈ ਸੱਦਾ ਦਿੰਦੇ ਹਾਂ।" ਇੱਕ ਕਲੀਸੀਆ ਉਦੋਂ ਅਰਾਧਨਾ ਨਹੀਂ ਕਰਦੀ ਜਦੋਂ ਆਗੂ ਉਨ੍ਹਾਂ ਨੂੰ ਅਰਾਧਨਾ ਕਰਨ ਲਈ ਕਹਿੰਦਾ ਹੈ; ਉਹ ਉਦੋਂ ਅਰਾਧਨਾ ਕਰਦੇ ਹਨ ਜਦੋਂ ਆਗੂ ਅਰਾਧਨਾ ਕਰਦਾ ਹੈ। ਅਰਾਧਨਾ ਆਗੂ ਉਦਾਹਰਣ ਬਣ ਕੇ ਅਗਵਾਈ ਕਰਦਾ ਹੈ।

ਉਤਸ਼ਾਹ ਨਾਲ ਅਗਵਾਈ ਕਰਨਾ

ਸੁਸਨਾ ਸਵੇਰੇ 3 ਵਜੇ ਤੱਕ ਬਿਮਾਰ ਬੱਚੇ ਦੀ ਦੇਖਭਾਲ ਕਰਦੀ ਰਹੀ। ਤਿੰਨ ਘੰਟੇ ਸੌਣ ਤੋਂ ਬਾਅਦ, ਉਹ ਨਾਸ਼ਤਾ ਤਿਆਰ ਕਰਨ ਅਤੇ ਚਰਚ ਜਾਣ ਲਈ ਤਿਆਰ ਹੋਣ ਵਾਸਤੇ ਉੱਠੀ। ਉਹ ਨੀਂਦ ਪੂਰੀ ਨਾ ਹੋਣ ਕਰਕੇ, ਨਿਰਾਸ਼ ਹੋ ਕੇ ਚਰਚ ਪਹੁੰਚੀ ਕਿਉਂਕਿ ਉਸ ਨੇ ਆਪਣੇ ਬੇਟੇ ਨੂੰ ਬੁਰੀ ਤਰ੍ਹਾਂ ਝਿੜਕਿਆ ਜਦੋਂ ਉਹ ਇੱਕ ਖਿਡੌਣੇ ਨੂੰ ਸਹੀ ਜਗ੍ਹਾ ਰੱਖਣਾ ਭੁੱਲ ਗਿਆ ਅਤੇ ਆਤਮਿਕ ਤੌਰ ਤੇ ਇਸ ਲਈ ਥੱਕੀ ਹੋਈ ਕਿਉਂਕਿ ਉਸ ਨੇ ਇਸ ਹਫ਼ਤੇ ਪਰਮੇਸ਼ੁਰ ਨਾਲ ਬਹੁਤ ਥੋੜ੍ਹਾ ਸਮਾਂ ਬਿਤਾਇਆ ਸੀ।

ਪਾਸਟਰ ਜੋਏਲ ਅਰਾਧਨਾ ਵਿੱਚ ਵਧੇਰੇ ਸ਼ਮੂਲੀਅਤ ਵੇਖਣਾ ਚਾਹੁੰਦਾ ਹੈ। ਪਹਿਲੇ ਗੀਤ ਤੋਂ ਬਾਅਦ, ਉਹ ਮੰਚ ਤੇ ਜਾਂਦਾ ਹੈ, "ਤੁਹਾਨੂੰ ਕੀ ਹੋ ਗਿਆ ਹੈ? ਅਸੀਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਹਾਂ। ਅਸੀਂ ਰਾਜੇ ਦੀ ਅਰਾਧਨਾ ਕਰ ਰਹੇ ਹਾਂ ਅਤੇ ਤੁਹਾਡੇ ਵਿੱਚੋਂ ਕੁਝ ਲੋਕ ਇਸ ਤਰ੍ਹਾਂ ਲੱਗ ਰਹੇ ਹਨ ਜਿਵੇਂ ਕਿ ਤੁਸੀਂ ਘਰ ਵਿੱਚ ਸੁੱਤੇ ਹੋਵੋ! ਤੁਹਾਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ। ਅਰਾਧਨਾ ਵਿੱਚ ਸ਼ਾਮਲ ਹੋਵੋ!"

ਪਾਸਟਰ ਜੋਏਲ ਦੇ ਇਰਾਦੇ ਨੇਕ ਹਨ। ਉਹ ਚਾਹੁੰਦਾ ਹੈ ਕਿ ਉਸ ਦੀ ਕਲੀਸੀਆ ਵਿੱਚ ਸਰਗਰਮ ਅਰਾਧਕ ਹੋਣ, ਪਰ ਸੁਸਨਾ ਕੀ ਸੁਣਦੀ ਹੈ? "ਮੈਂ ਇੱਕ ਮਾਂ ਹੋਣ ਦੇ ਨਾਤੇ ਅਸਫ਼ਲ ਰਹੀ; ਮੈਂ ਆਪਣੇ ਬੇਟੇ ਨਾਲ ਬਹੁਤ ਸਖਤੀ ਕੀਤੀ। ਮੈਂ ਇੱਕ ਵਿਸ਼ਵਾਸੀ ਹੋਣ ਦੇ ਨਾਤੇ ਅਸਫ਼ਲ ਰਹੀ; ਮੈਂ ਕੱਲ੍ਹ ਅਰਾਧਨਾ ਕਰਨੀ ਭੁੱਲ ਗਈ। ਇੱਥੋਂ ਤੱਕ ਕਿ ਮੈਂ ਚਰਚ ਜਾਣ ਵਿੱਚ ਵੀ ਅਸਫ਼ਲ ਰਹੀ; ਪਰਮੇਸ਼ੁਰ ਇਸ ਲਈ ਗੁੱਸੇ ਹੈ ਕਿਉਂਕਿ ਮੈਂ ਗੀਤ ਨਹੀਂ ਗਾਇਆ।" ਇੱਕ ਪ੍ਰੇਰਕ ਵਜੋਂ ਅਪਰਾਧਬੋਧ ਦੀ ਵਰਤੋਂ ਕਰਕੇ, ਪਾਸਟਰ ਜੋਏਲ ਨੇ ਸੁਸਨਾ ਲਈ ਅਰਾਧਨਾ ਨੂੰ ਹੋਰ ਵੀ ਮੁਸ਼ਕਲ ਬਣਾ ਦਿੱਤਾ।

ਅਰਾਧਨਾ ਆਗੂਆਂ ਵਜੋਂ, ਸਾਨੂੰ ਅਰਾਧਕਾਂ ਨੂੰ ਅਰਾਧਨਾ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ; ਸਾਨੂੰ ਆਪਣੇ ਜੀਵਨ ਵਿੱਚ ਅਰਾਧਨਾ ਦਾ ਨਮੂਨਾ ਬਣਨਾ ਚਾਹੀਦਾ ਹੈ; ਫਿਰ ਅਸੀਂ ਨਤੀਜਿਆਂ ਨੂੰ ਪਰਮੇਸ਼ੁਰ ਉੱਤੇ ਛੱਡ ਸਕਦੇ ਹਾਂ। ਇਹ ਪਰਮੇਸ਼ੁਰ ਦੀ ਕਿਰਪਾ ਹੈ ਜੋ ਅਰਾਧਨਾ ਨੂੰ ਸੰਭਵ ਬਣਾਉਂਦੀ ਹੈ; ਇਹ ਪਰਮੇਸ਼ੁਰ ਦੀ ਕਿਰਪਾ ਹੈ ਜੋ ਸੱਚੀ ਅਰਾਧਨਾ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ; ਇਹ ਅਰਾਧਨਾ ਦੀ ਕਿਰਪਾ ਹੈ ਜੋ ਇੱਕ ਅਰਾਧਕ ਦੇ ਦਿਲ ਨੂੰ ਆਪਣੇ ਵੱਲ ਖਿੱਚਦੀ ਹੈ।

ਸਾਨੂੰ ਸਕਾਰਾਤਮਕ ਸ਼ਬਦਾਂ ਨਾਲ ਅਰਾਧਕਾਂ ਨੂੰ ਅਰਾਧਨਾ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਪਰ ਸਾਨੂੰ ਅਰਾਧਕਾਂ ਨੂੰ ਦੋਸ਼ ਦੇ ਕੇ ਜਾਂ ਗੈਰ ਕੁਦਰਤੀ ਢੰਗ ਨਾਲ ਭਾਵਨਾਵਾਂ ਨੂੰ ਭੜਕਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਾਡਾ ਉਦੇਸ਼ ਅਰਾਧਕਾਂ ਨੂੰ ਪਰਮੇਸ਼ੁਰ ਦੀ ਵੱਲ ਲੈ ਕੇ ਜਾਣਾ ਹੈ। ਉਹ ਅਰਾਧਨਾ ਲਈ ਪ੍ਰੇਰਿਤ ਕਰਦਾ ਹੈ; ਅਰਾਧਨਾ ਸਾਡੀਆਂ ਪ੍ਰੇਰਣਾਤਮਕ ਤਕਨੀਕਾਂ ਜਾਂ ਭਾਵਨਾਤਮਕ ਜੋੜ-ਤੋੜ ਤੇ ਨਿਰਭਰ ਨਹੀਂ ਹੈ। ਅਰਾਧਨਾ ਆਗੂਆਂ ਵਜੋਂ ਸਾਨੂੰ ਪਰਮੇਸ਼ੁਰ ਦੇ ਕੰਮ ਨੂੰ ਕਰਨ ਦੀ ਕੋਈ ਲੋੜ ਨਹੀਂ ਹੈ!

ਇਸ ਭਾਗ ਦੀ ਸ਼ੁਰੂਆਤ ਸੁਸਨਾ ਦੀ ਕਹਾਣੀ ਨਾਲ ਹੋਈ ਸੀ। ਆਓ ਇੱਕ ਨਿਮਰ, ਉਤਸ਼ਾਹ ਦੇਣ ਵਾਲੇ ਅਰਾਧਨਾ ਆਗੂ ਦੀ ਸੱਚੀ ਕਹਾਣੀ ਨਾਲ ਸਮਾਪਤ ਕਰੀਏ। ਡੇਵਿਡ ਨੇ ਨੌਜਵਾਨਾਂ ਨੂੰ ਅਰਾਧਨਾ ਵਿੱਚ ਸਰਗਰਮ ਕਰਨ ਲਈ ਜੱਦੋ-ਜਹਿਦ ਕੀਤੀ। ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਦਾ ਧਿਆਨ ਅਰਾਧਨਾ ਨਾਲੋਂ ਫ਼ੋਨ ਤੇ ਮੈਸੇਜ ਭੇਜਣ ਤੇ ਜ਼ਿਆਦਾ ਸੀ। ਕੁਝ ਆਗੂਆਂ ਨੇ ਕੁਝ ਇਸ ਤਰ੍ਹਾਂ ਬੰਦਗੀ ਸ਼ੁਰੂ ਕੀਤੀ ਹੋਵੇਗੀ: "ਬੱਚਿਓ, ਅਸੀਂ ਇੱਥੇ ਅਰਾਧਨਾ ਕਰਨ ਲਈ ਆਏ ਹਾਂ। ਉਨ੍ਹਾਂ ਫ਼ੋਨਾਂ ਨੂੰ ਦੂਰ ਰੱਖ ਦਿਓ ਅਤੇ ਅਰਾਧਨਾ ਕਰਨ ਵੱਲ ਧਿਆਨ ਦਿਓ। ਤੁਸੀਂ ਪਰਮੇਸ਼ੁਰ ਦਾ ਨਿਰਾਦਰ ਕਰ ਰਹੇ ਹੋ!"

ਡੇਵਿਡ ਨੇ ਕੁਝ ਵੱਖਰਾ ਕੀਤਾ। ਜਦੋਂ ਗਿਟਾਰ ਵਜਾਉਣ ਵਾਲੇ ਨੇ ਅਰਾਧਨਾ ਦਾ ਇੱਕ ਸ਼ਾਂਤ ਗੀਤ ਵਜਾਇਆ, ਡੇਵਿਡ ਨੇ ਹੌਲੀ ਜਿਹੀ ਕਿਹਾ, "ਜਦੋਂ ਅਸੀਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆਉਂਦੇ ਹਾਂ, ਮੈਂ ਜਾਣਦਾ ਹਾਂ ਕਿ ਤੁਸੀਂ ਆਪਣੇ ਨਾਲ ਬੈਠੇ ਵਿਅਕਤੀ ਦਾ ਧਿਆਨ ਅਰਾਧਨਾ ਤੋਂ ਨਹੀਂ ਭਟਕਾਉਣਾ ਚਾਹੁੰਦੇ। ਆਓ ਅਸੀਂ ਸਾਰੇ ਆਪਣੇ ਫ਼ੋਨ ਇੱਕ ਪਾਸੇ ਰੱਖ ਦੇਈਏ ਅਤੇ ਅੱਜ ਸਵੇਰੇ ਦੇ ਸਮੇਂ ਪਰਮੇਸ਼ੁਰ ਦੀ ਅਵਾਜ਼ ਸੁਣੀਏ।" ਕਮਰੇ ਵਿੱਚ ਮੌਜੂਦ ਹਰ ਵਿਅਕਤੀ ਨੇ ਆਪਣਾ ਫ਼ੋਨ ਦੂਰ ਰੱਖ ਦਿੱਤਾ। ਡੇਵਿਡ ਨੇ ਨਿਮਰਤਾ ਨਾਲ ਆਪਣੇ ਨੌਜਵਾਨਾਂ ਨੂੰ ਅਰਾਧਨਾ ਕਰਨੀ ਸਿਖਾਈ।

ਅਗਵਾਈ ਜਾਂ ਚਾਲਬਾਜ਼ੀ?

ਇੱਕ ਸਮਕਾਲੀ ਅਰਾਧਨਾ ਆਗੂ ਦੀ ਗਵਾਹੀ ਸੁਣੋ:

"ਇੱਕ ਨਵੇਂ ਵਿਅਕਤੀ ਵਜੋਂ, ਮੈਂ ਆਪਣੀ ਯੂਨੀਵਰਸਿਟੀ ਦੇ ਨੇੜੇ ਇੱਕ ਚਰਚ ਵਿੱਚ ਗਿਆ; ਜਿੱਥੋਂ ਦੀਆਂ... ਚਮਕਦਾਰ ਲਾਈਟਾਂ ਅਤੇ ਉੱਚੀ ਅਵਾਜ਼ ਵਿੱਚ ਸੰਗੀਤ ਬਹੁਤ ਰੋਮਾਂਚਕ ਸੀ। ਅਰਾਧਨਾ ਆਗੂ ਦੇ ਵਾਲ ਬਹੁਤ ਸਟਾਈਲ ਦੇ ਸਨ, ਉਸ ਨੇ ਜੀਨਸ ਪਹਿਨੀ ਹੋਈ ਸੀ ਅਤੇ ਉਸ ਦੇ ਕੋਲ ਇੱਕ ਮਹਿੰਗੀ ਗਿਟਾਰ ਸੀ। ਬੰਦਗੀ ਦੀ ਸ਼ੁਰੂਆਤ ਵਿੱਚ, ਮੈਂ ਉਸ ਦੀ ਕਮਰ ਦੇ ਲਾਗੇ ਇੱਕ ਮਾਈਕ੍ਰੋਫੋਨ ਲੱਗਾ ਵੇਖਿਆ ਜੋ ਮੈਨੂੰ ਲੱਗਿਆ ਕਿ ਉੱਥੇ ਫਾਲਤੂ ਲਗਾਇਆ ਗਿਆ ਸੀ। 'ਉਹ ਕਿਸ ਉਦੇਸ਼ ਨੂੰ ਪੂਰਾ ਕਰ ਸਕਦਾ ਸੀ?' ਮੈਂ ਇਹ ਸੋਚਿਆ ਅਤੇ ਫਿਰ ਮੈਂ ਆਪਣੇ ਹੱਥ ਉੱਪਰ ਉਠਾਏ ਅਤੇ ਖੁਦ ਧੁਨਾਂ ਵਿੱਚ ਮਸਤ ਹੋ ਗਿਆ।"

"ਅਵਾਜ਼ ਸ਼ਾਨਦਾਰ ਸੀ, ਉਸਤਤ ਕਰਨ ਵਾਲੀ ਟੀਮ ਸ਼ਾਨਦਾਰ ਸੀ ਅਤੇ ਸੰਗੀਤ ਨੂੰ ਆਖ਼ਰੀ ਗੀਤ ਤੱਕ ਲਿਜਾਣ ਦੇ ਲਈ ਸਾਵਧਾਨੀ ਨਾਲ ਯੋਜਨਾ ਬਣਾਈ ਗਈ ਸੀ। ਜਿਵੇਂ ਹੀ ਆਗੂ ਨੇ ਅੰਤਮ ਸ਼ਬਦ ਗਾਏ ('ਮੈਂ ਆਪਣੇ ਗੋਡਿਆਂ ਭਾਰ ਹੋ ਰਿਹਾ ਹਾਂ, ਆਪਣੇ ਆਪ ਨੂੰ ਪੂਰੀ ਤਰ੍ਹਾਂ ਅਰਪਣ ਕਰ ਰਿਹਾ ਹਾਂ'), ਉਹ ਆਪਣੇ ਗੋਡਿਆਂ ਭਾਰ ਹੋ ਗਿਆ। ਇਸ ਪੜਾਅ ਤੇ ਆ ਕੇ ਮੈਨੂੰ ਉਸ ਮਾਈਕ੍ਰੋਫੋਨ ਦੇ ਉਦੇਸ਼ ਦਾ ਪਤਾ ਲੱਗਾ ਜੋ ਮੈਨੂੰ ਲੱਗਾ ਸੀ ਕਿ ਫਾਲਤੂ ਲਗਾਇਆ ਗਿਆ ਸੀ। ਇਸ ਨੂੰ ਇਕਦਮ ਸਹੀ ਉਚਾਈ ਤੇ ਲਗਾਇਆ ਗਿਆ ਸੀ ਤਾਂ ਜੋ ਆਗੂ ਆਪਣੇ ਗੋਡਿਆਂ ਦੇ ਬਲ ਬੈਠ ਕੇ ਗਿਟਾਰ ਵਜਾ ਅਤੇ ਗੀਤ ਗਾ ਸਕਦਾ। ਮੈਂ ਇਸ ਚਰਚ ਦੇ ਉਦੇਸ਼ਾਂ ਤੇ ਉਂਗਲ ਨਹੀਂ ਕਰਨਾ ਚਾਹੁੰਦਾ, ਪਰ ਮੈਨੂੰ ਲੱਗਾ ਕਿ ਇਸ ਭਾਵਨਾਤਮਕ ਪਲ ਤੇ ਪ੍ਰਤੀਕਿਰਿਆ ਦੇਣ ਲਈ ਮੇਰੇ ਨਾਲ ਚਾਲਬਾਜ਼ੀ ਕੀਤੀ ਜਾ ਰਹੀ ਸੀ, ਜਿਸ ਦੀ ਸਪੱਸ਼ਟ ਤੌਰ ਤੇ ਪਹਿਲਾਂ ਹੀ ਯੋਜਨਾ ਬਣਾਈ ਗਈ ਸੀ।"[79]

ਇਹ ਉਦਾਹਰਣ ਸਮਕਾਲੀ ਅਰਾਧਨਾ ਤੋਂ ਆਉਂਦਾ ਹੈ, ਪਰ ਅਸੀਂ ਰਵਾਇਤੀ ਅਰਾਧਨਾ ਦੀਆਂ ਉਦਾਹਰਣਾਂ ਦੀ ਵਰਤੋਂ ਵੀ ਕਰ ਸਕਦੇ ਹਾਂ। ਚਾਲਬਾਜ਼ੀ ਦੀ ਸਮੱਸਿਆ ਇੱਕ ਅਰਾਧਨਾ ਸ਼ੈਲੀ ਤੱਕ ਸੀਮਤ ਨਹੀਂ ਹੈ। ਸਾਡੀ ਸੰਗੀਤ ਸ਼ੈਲੀ ਜਾਂ ਸੁਹਿਰਦ ਉਦੇਸ਼ ਭਾਵੇਂ ਜੋ ਮਰਜ਼ੀ ਹੋਣ, ਅਸੀਂ ਕਲੀਸੀਆ ਨੂੰ ਕਠਪੁਤਲੀ ਵਾਂਗ ਵਰਤ ਕੇ ਉਸ ਕੋਲੋਂ ਕੋਈ ਖ਼ਾਸ ਭਾਵਨਾਤਮਕ ਪ੍ਰਤੀਕਿਰਿਆ ਕਰਵਾ ਸਕਦੇ ਹਾਂ।

ਕੀ ਅਰਾਧਨਾ ਵਿੱਚ ਭਾਵਨਾ ਗਲਤ ਹੈ? ਨਹੀਂ; ਅਸੀਂ ਬਾਈਬਲ ਵਿੱਚ ਅਰਾਧਨਾ ਦੇ ਭਾਵਨਾਤਮਕ ਪ੍ਰਭਾਵ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਵੇਖਦੇ ਹਾਂ। ਕੀ ਭਾਵਨਾਤਮਕ ਪ੍ਰਤੀਉੱਤਰ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਨਾ ਗਲਤ ਹੈ? ਨਹੀਂ; ਚੰਗੀ ਗੱਲਬਾਤ ਮਨ ਅਤੇ ਭਾਵਨਾਵਾਂ ਦੋਵਾਂ ਨੂੰ ਛੂੰਹਦੀ ਹੈ। ਪਰ, ਜੇਕਰ ਅਸੀਂ ਸਾਵਧਾਨ ਨਹੀਂ ਹਾਂ, ਤਾਂ ਅਸੀਂ ਪਵਿੱਤਰ ਆਤਮਾ ਦੇ ਕੰਮ ਤੋਂ ਇਲਾਵਾ, ਇੱਕ ਵਿਸ਼ੇਸ਼ ਭਾਵਨਾਤਮਕ ਪ੍ਰਭਾਵ ਪੈਦਾ ਕਰਨ ਲਈ ਕੰਮ ਕਰ ਸਕਦੇ ਹਾਂ।

ਅਸੀਂ ਅਰਾਧਨਾ ਦੀ ਅਗਵਾਈ ਅਤੇ ਚਾਲਬਾਜ਼ੀ ਵਿੱਚ ਅੰਤਰ ਕਿਵੇਂ ਦੱਸ ਸਕਦੇ ਹਾਂ? ਚਲਾਈ ਉਦੋਂ ਹੁੰਦੀ ਹੈ ਜਦੋਂ ਕਲੀਸੀਆ ਦਾ ਪ੍ਰਤੀਉੱਤਰ ਪਵਿੱਤਰ ਆਤਮਾ ਦੀ ਸ਼ਕਤੀ ਦੀ ਬਜਾਇ ਆਗੂਆਂ ਦੇ ਕੰਮਾਂ ਦੇ ਪ੍ਰਭਾਵ ਤੇ ਨਿਰਭਰ ਕਰਦਾ ਹੈ। ਸ਼ਾਇਦ ਅਸੀਂ ਕਦੇ ਵੀ ਅਗਵਾਈ ਅਤੇ ਚਾਲਬਾਜ਼ੀ ਵਿੱਚ ਪੂਰੀ ਤਰ੍ਹਾਂ ਫਰਕ ਨਹੀਂ ਦੱਸ ਸਕਦੇ, ਪਰ ਕੁਝ ਸੰਕੇਤ ਹਨ ਜੋ ਸੁਝਾਅ ਦਿੰਦੇ ਹਨ ਕਿ ਅਸੀਂ ਹੱਦ ਟੱਪ ਕੇ ਚਾਲਬਾਜ਼ੀ ਵਿੱਚ ਦਾਖ਼ਲ ਹੋ ਰਹੇ ਹੋ ਸਕਦੇ ਹਾਂ।

1. **ਜਦੋਂ ਅਸੀਂ ਭਾਵਨਾ ਨੂੰ ਅਰਾਧਨਾ ਨਾਲ ਉਲਝਾ ਦਿੰਦੇ ਹਾਂ ਤਾਂ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰਨ ਦੇ ਖ਼ਤਰੇ ਵਿੱਚ ਹੁੰਦੇ ਹਾਂ।** ਅਸੀਂ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹਾਂ ਕਿ ਭਾਵਨਾਤਮਕ ਪ੍ਰਤੀਕਿਰਿਆ ਪੈਦਾ ਕਰਨਾ ਸਾਡੀ ਜ਼ਿੰਮੇਵਾਰੀ ਹੈ। ਕੁਝ ਅਰਾਧਨਾ ਆਗੂਆਂ ਨੇ ਇੱਥੋਂ ਤੱਕ ਕਿਹਾ ਹੈ, "ਇਸ ਦਾ ਉਦੋਂ ਤੱਕ ਨਕਲੀ ਵਿਖਾਵਾ ਕਰਦੇ ਰਹੋ ਜਦੋਂ ਤੱਕ ਇਹ ਅਸਲੀ ਨਾ ਲੱਗਣ ਲੱਗ ਜਾਵੇ। ਭਾਵਨਾਵਾਂ ਦਾ ਉਦੋਂ ਤੱਕ ਨਕਲੀ ਵਿਖਾਵਾ ਕਰਦੇ ਰਹੋ ਜਦੋਂ ਤੱਕ ਲੋਕ ਇਸ ਨੂੰ ਅਸਲ ਮਹਿਸੂਸ ਨਾ ਕਰਨ।" ਇਸ ਤੋਂ ਇਹ ਸਮਝਣਾ ਚਾਹੀਦਾ ਹੈ ਕਿ ਸਾਡਾ ਕੰਮ ਅਰਾਧਨਾ ਦੀ ਰਚਨਾ ਕਰਨ ਲਈ ਭਾਵਨਾਵਾਂ ਦੀ ਵਰਤੋਂ ਕਰਨਾ ਹੈ। ਅਰਾਧਨਾ ਆਗੂ ਅਰਾਧਨਾ ਦੀ ਅਗਵਾਈ ਕਰਦੇ ਹਨ; ਅਸੀਂ ਅਰਾਧਨਾ ਦੀ ਰਚਨਾ ਨਹੀਂ ਕਰਦੇ।

2. **ਜਦੋਂ ਅਸੀਂ ਇਹ ਸਮਝਦੇ ਹਾਂ ਕਿ ਦਿਲ ਦੇ ਬਦਲਣ ਲਈ ਭਾਵਨਾ ਦੇ ਉਬਾਲ ਦੀ ਸਥਿਤੀ ਦੀ ਲੋੜ ਹੁੰਦੀ ਹੈ ਤਾਂ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰਨ ਦੇ ਖ਼ਤਰੇ ਵਿੱਚ ਹੁੰਦੇ ਹਾਂ।** ਪਰਮੇਸ਼ੁਰ ਭਾਵਨਾ ਨਾਲ ਭਰੀ ਕਲੀਸੀਆ ਦੀ ਬੰਦਗੀ ਵਿੱਚ ਕੰਮ ਕਰ ਸਕਦਾ ਹੈ, ਪਰ ਉਹ ਘਰ ਦੇ ਸ਼ਾਂਤ ਪਲਾਂ ਵਿੱਚ ਵੀ ਕੰਮ ਕਰ ਸਕਦਾ ਹੈ। ਸਾਨੂੰ ਕਲੀਸੀਆ ਵਿੱਚ ਚਾਲਬਾਜ਼ੀ ਕਰਨ ਦੀ ਕੋਸ਼ਿਸ਼ ਕਰਨ ਦਾ ਖ਼ਤਰਾ ਹੁੰਦਾ ਹੈ ਜੇਕਰ ਅਸੀਂ ਇਹ ਮੰਨਦੇ ਹਾਂ ਕਿ ਸਿਰਫ਼ ਸਾਡੀਆਂ ਕੋਸ਼ਿਸ਼ਾਂ ਦੁਆਰਾ ਹੀ ਪਰਮੇਸ਼ੁਰ ਉਨ੍ਹਾਂ ਦੇ ਦਿਲਾਂ ਵਿੱਚ ਬਦਲਾਵ ਲਿਆ ਸਕਦਾ ਹੈ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।

3. **ਜਦੋਂ ਅਸੀਂ ਕਿਸੇ ਵਿਸ਼ੇਸ਼ ਸਰੀਰਕ ਕਿਰਿਆ ਦੀ ਤੁਲਨਾ ਅਰਾਧਨਾ ਨਾਲ ਕਰਦੇ ਹਾਂ ਤਾਂ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰਨ ਦੇ ਖ਼ਤਰੇ ਵਿੱਚ ਹੁੰਦੇ ਹਾਂ।** ਕਈ ਵਾਰ ਇੱਕ ਆਗੂ ਚਾਹੁੰਦਾ ਹੈ ਕਿ ਲੋਕ ਪ੍ਰਤੀਉੱਤਰ ਦੇਣ, ਇਸ ਲਈ ਉਹ ਕਹਿੰਦਾ ਹੈ, "ਜੇ ਤੁਸੀਂ ਯਿਸੂ ਨੂੰ ਪਿਆਰ ਕਰਦੇ ਹੋ, ਤਾਂ ਤੁਸੀਂ ਆਪਣੇ ਹੱਥ ਉੱਪਰ ਉਠਾਓਗੇ।" ਸਪੱਸ਼ਟ ਤੌਰ ਤੇ, ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਕਲੀਸੀਆ ਵਿੱਚ ਕੋਈ ਵਿਅਕਤੀ ਜੋ ਯਿਸੂ ਨੂੰ ਸੱਚਮੁੱਚ ਪਿਆਰ ਨਹੀਂ ਕਰਦਾ ਹੈ, ਉਹ ਵੀ ਆਪਣੇ ਹੱਥ

79 Joel Wentz, "Confessions of a Former Worship Leader." Available at https://relevantmagazine.com/life5/1301-confessions-of-a-former-worship-leader/ July 22, 2020.

ਉੱਪਰ ਉਠਾਵੇਂਗਾ! ਜਾਂ, ਕਲੀਸੀਆ ਵਿੱਚ ਕੋਈ ਵਿਅਕਤੀ ਜੋ ਯਿਸੂ ਨੂੰ ਪਿਆਰ ਕਰਦਾ ਹੈ, ਹੋ ਸਕਦਾ ਹੈ ਕਿ ਉਹ ਆਪਣੇ ਹੱਥ ਉੱਪਰ ਨਾ ਉਠਾਵੇ। ਅਰਾਧਨਾ ਨੂੰ ਕਿਸੇ ਵਿਸ਼ੇਸ਼ ਸਰੀਰਕ ਕਿਰਿਆ ਦੇ ਨਾਲ ਨਹੀਂ ਜੋੜਿਆ ਜਾ ਸਕਦਾ। ਗਾਉਣ ਵੇਲੇ ਤਾੜੀਆਂ ਵਜਾਉਣਾ ਇਹ ਸਾਬਤ ਨਹੀਂ ਕਰਦਾ ਕਿ ਅਸੀਂ ਅਰਾਧਨਾ ਕਰ ਰਹੇ ਹਾਂ, ਉਸੇ ਤਰ੍ਹਾਂ ਜਿਵੇਂ ਪ੍ਰਾਰਥਨਾ ਵਿੱਚ ਚੁੱਪਚਾਪ ਬੈਠਣ ਨਾਲ ਇਹ ਸਾਬਤ ਨਹੀਂ ਹੁੰਦਾ ਹੈ ਕਿ ਅਸੀਂ ਪ੍ਰਾਰਥਨਾ ਕਰ ਰਹੇ ਹਾਂ। ਸਿਰਫ਼ ਪਰਮੇਸ਼ੁਰ ਹੀ ਅਰਾਧਕ ਦੇ ਦਿਲ ਨੂੰ ਵੇਖਦਾ ਹੈ। **"ਜਦੋਂ ਅਰਾਧਨਾ ਆਗੂ ਬਾਹਰੀ ਕਿਰਿਆਵਾਂ ਨੂੰ ਅੰਦਰੂਨੀ ਰਵੱਈਏ ਦੀ ਮੁੱਖ ਪ੍ਰੀਖਿਆ ਬਣਾਉਂਦੇ ਹਨ, ਤਾਂ ਉਹ ਖ਼ਤਰਨਾਕ ਜ਼ਮੀਨ ਉੱਤੇ ਚੱਲ ਰਹੇ ਹੁੰਦੇ ਹਨ।"**[80]

4. **ਜਦੋਂ ਅਸੀਂ ਕਿਸੇ ਹੋਰ ਸਮੇਂ ਜਾਂ ਸਥਾਨ ਤੇ ਪਰਮੇਸ਼ੁਰ ਦੁਆਰਾ ਕੀਤੇ ਗਏ ਕੰਮਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰਨ ਦੇ ਖ਼ਤਰੇ ਵਿੱਚ ਹੁੰਦੇ ਹਾਂ।** ਸਾਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਕਿਉਂਕਿ ਪਰਮੇਸ਼ੁਰ ਨੇ ਪਿਛਲੇ ਹਫ਼ਤੇ ਇੱਕ ਵਿਸ਼ੇਸ਼ ਗੀਤ ਨੂੰ ਗਾਉਣ ਕਰਕੇ ਸਾਨੂੰ ਬਰਕਤ ਦਿੱਤੀ ਸੀ, ਉਸ ਨੂੰ ਇਸ ਹਫ਼ਤੇ ਵੀ ਉਸੇ ਗੀਤ ਨੂੰ ਗਾਉਣ ਕਰਕੇ ਸਾਨੂੰ ਬਰਕਤ ਦੇਣੀ ਚਾਹੀਦੀ ਹੈ। ਜਦੋਂ ਪਰਮੇਸ਼ੁਰ ਕੰਮ ਕਰਦਾ ਹੈ, ਉਹ ਆਪਣੇ ਤਰੀਕੇ ਨਾਲ ਕੰਮ ਕਰਦਾ ਹੈ। ਅਰਾਧਨਾ ਆਗੂਆਂ ਨੂੰ ਪਰਮੇਸ਼ੁਰ ਦੇ ਆਉਣ ਨੂੰ ਉਸ ਦੀ ਆਪਣੀ ਮਰਜ਼ੀ ਤੇ ਛੱਡ ਦੇਣਾ ਚਾਹੀਦਾ ਹੈ। ਅਜਿਹਾ ਕੋਈ ਜਾਦੂਈ ਨੁਸਖਾ ਨਹੀਂ ਹੈ ਜੋ ਹਰ ਸਥਿਤੀ ਵਿੱਚ ਇੱਕੋ ਜਿਹੀ ਆਤਮਿਕ ਪ੍ਰਤੀਕਿਰਿਆ ਉਤਪੰਨ ਕਰੇ।

5. **ਜਦੋਂ ਅਸੀਂ ਆਪਣੀ ਸੇਵਕਾਈ ਨੂੰ ਲੋਕਾਂ ਵੱਲੋਂ ਪ੍ਰਤੀਕਿਰਿਆ ਪ੍ਰਾਪਤ ਕਰਨ ਦੀ ਸਾਡੀ ਯੋਗਤਾ ਨਾਲ ਮਾਪਦੇ ਹਾਂ ਤਾਂ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰਨ ਦੇ ਖ਼ਤਰੇ ਵਿੱਚ ਹੁੰਦੇ ਹਾਂ।** ਕੋਈ ਵੀ ਜਨਤਕ ਬੁਲਾਰਾ ਜਾਂ ਸੰਗੀਤ ਵਜਾਉਣ ਵਾਲਾ ਸਰੋਤਿਆਂ ਤੋਂ ਪ੍ਰਤੀਕਿਰਿਆ ਪ੍ਰਾਪਤ ਕਰਨਾ ਪਸੰਦ ਕਰਦਾ ਹੈ; ਇਹ ਆਮ ਗੱਲ ਹੈ। ਪਰ ਜਦੋਂ ਅਸੀਂ ਇਨ੍ਹਾਂ ਪ੍ਰਤੀਕਿਰਿਆਵਾਂ ਦੇ ਮਾਪਦੰਡ ਤੇ ਆਪਣੀ ਸੇਵਕਾਈ ਦੇ ਪ੍ਰਭਾਵ ਨੂੰ ਮਾਪਦੇ ਹਾਂ, ਤਾਂ ਅਸੀਂ ਪਵਿੱਤਰ ਆਤਮਾ ਦੀ ਬਜਾਇ ਆਪਣੇ ਹੁਨਰ ਉੱਤੇ ਭਰੋਸਾ ਕਰਨ ਦੇ ਖ਼ਤਰੇ ਵਿੱਚ ਹੁੰਦੇ ਹਾਂ।

ਇਹ ਵਿਸ਼ਾ ਔਖਾ ਹੈ। ਕਈ ਵਾਰ ਦੋ ਵੱਖ-ਵੱਖ ਸਥਿਤੀਆਂ ਵਿੱਚ ਬੋਲੇ ਗਏ ਇੱਕੋ ਜਿਹੇ ਸ਼ਬਦ ਵੱਖੋ-ਵੱਖਰੀਆਂ ਪ੍ਰੇਰਣਾਵਾਂ ਨੂੰ ਦਰਸਾਉਂਦੇ ਹਨ। ਇਕ ਪਾਸੇ, ਜੇ ਅਸੀਂ ਲਾਪਰਵਾਹ ਹਾਂ ਤਾਂ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰਨਾ ਸ਼ੁਰੂ ਕਰ ਸਕਦੇ ਹਾਂ। ਦੂਜੇ ਪਾਸੇ, ਜੇ ਅਸੀਂ ਭਾਵਨਾਵਾਂ ਤੋਂ ਬਹੁਤ ਡਰਦੇ ਹਾਂ ਤਾਂ ਅਸੀਂ ਬਿਲਕੁਲ ਵੀ ਅਗਵਾਈ ਪ੍ਰਦਾਨ ਨਹੀਂ ਕਰ ਸਕਦੇ!

ਇਸ ਕਾਰਣ, ਸਾਨੂੰ ਕਿਸੇ ਦੂਸਰੇ ਦੇ ਅਰਾਧਨਾ ਆਗੂਪੁਣੇ ਦਾ ਨਿਆਂ ਕਰਨ ਵਿੱਚ ਧੀਮੇ ਹੋਣਾ ਚਾਹੀਦਾ ਹੈ ਪਰ ਆਪਣੇ ਆਗੂਪੁਣੇ ਦਾ ਮੁਲਾਂਕਣ ਕਰਨ ਵਿੱਚ ਕਾਹਲੇ ਹੋਣਾ ਚਾਹੀਦਾ ਹੈ। ਸਾਨੂੰ ਪਰਮੇਸ਼ੁਰ ਨੂੰ ਕਹਿਣਾ ਚਾਹੀਦਾ ਹੈ ਕਿ ਅਗਵਾਈ ਕਰਨ ਦੇ ਲਈ ਉਹ ਸਾਨੂੰ ਸਾਡੇ ਉਦੇਸ਼ ਵਿਖਾਵੇ। ਸਾਨੂੰ ਅਰਾਧਨਾ ਵਿੱਚ ਅਗਵਾਈ ਕਰਦਿਆਂ ਅਰਾਧਕਾਂ ਅੰਦਰ ਚਾਲਬਾਜ਼ੀ ਨਾਲ ਆਪਣੀ ਪਸੰਦ ਦੀ ਪ੍ਰਤੀਕਿਰਿਆ ਉਕਸਾਉਣ ਬਾਰੇ ਸਾਵਧਾਨ ਹੋਣਾ ਚਾਹੀਦਾ ਹੈ।

ਵਿਹਾਰਕ ਸਵਾਲ

ਅਸੀਂ ਬੰਦਗੀ ਕਿਵੇਂ ਸ਼ੁਰੂ ਕਰਦੇ ਹਾਂ?

ਇੱਕ ਬੁਰਾ ਉਦਾਹਰਣ:

10 ਵਜੇ, ਇਹ ਬੰਦਗੀ ਸ਼ੁਰੂ ਕਰਨ ਦਾ ਸਮਾਂ ਹੈ। ਪਾਸਟਰ ਗੀਤ ਗਾਉਣ ਵਾਲੇ ਆਗੂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਤਿੰਨ ਔਰਤਾਂ ਇੱਕ ਵਿਅੰਜਨ ਬਾਰੇ ਆਪਸ ਵਿੱਚ ਗੱਲ ਕਰ ਰਹੀਆਂ ਹਨ। ਚਾਰ ਮਰਦ ਫ਼ਸਲਾਂ ਲਈ ਮੀਂਹ ਨਾ ਪੈਣ ਦੀ ਗੱਲ ਕਰ ਰਹੇ ਹਨ। ਅਸੀਂ ਇਸ ਸਾਰੀ ਗਤੀਵਿਧੀ ਤੋਂ ਅਰਾਧਨਾ ਦੀ ਵੱਲ ਕਿਵੇਂ ਵਧਦੇ ਹਾਂ?

---

80 Warren Wiersbe, Real Worship (Grand Rapids: Baker Books, 2000), 215

ਅਰਾਧਨਾ ਆਗੂ ਦੀਆਂ ਮਹੱਤਵਪੂਰਣ ਜ਼ਿੰਮੇਵਾਰੀਆਂ ਵਿੱਚੋਂ ਇੱਕ ਬੰਦਗੀ ਦੀ ਸ਼ੁਰੂਆਤ ਹੈ। ਅਸੀਂ ਪਰਮੇਸ਼ੁਰ ਦੇ ਲੋਕਾਂ ਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਕਿਵੇਂ ਸੱਦਾ ਦਿੰਦੇ ਹਾਂ?

- **ਕੁਝ ਕਲੀਸੀਆਵਾਂ ਇੱਕ ਪਲ ਦੀ ਖਾਮੋਸ਼ੀ ਨਾਲ ਸ਼ੁਰੂਆਤ ਕਰਦੀਆਂ ਹਨ।** ਆਗੂ ਇਸ ਤਰ੍ਹਾਂ ਸ਼ੁਰੂਆਤ ਕਰਦਾ ਹੈ, "ਜਦੋਂ ਅਸੀਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੁੰਦੇ ਹਾਂ ਤਾਂ ਇੱਕ ਪਲ ਦੀ ਖਾਮੋਸ਼ ਪ੍ਰਾਰਥਨਾ ਵਿੱਚ ਸਾਡੇ ਨਾਲ ਸ਼ਾਮਲ ਹੋਵੋ।"
- **ਕੁਝ ਕਲੀਸੀਆਵਾਂ ਸੰਗੀਤ ਵਜਾ ਕੇ "ਅਰਾਧਨਾ ਕਰਨ ਲਈ ਸੱਦੇ" ਨਾਲ ਸ਼ੁਰੂਆਤ ਕਰਦੀਆਂ ਹਨ।** ਇਹ ਇੱਕ ਗੀਤ ਮੰਡਲੀ ਜਾਂ ਕਿਸੇ ਵਿਅਕਤੀ ਦੁਆਰਾ ਗਾਇਆ ਜਾ ਸਕਦਾ ਹੈ, ਜਾਂ ਇਹ ਕਲੀਸੀਆ ਦੇ ਲਈ ਇੱਕ ਕੋਰਸ ਹੋ ਸਕਦਾ ਹੈ। ਕੁਝ ਕਲੀਸੀਆਵਾਂ ਵਿੱਚ, ਪਾਸਟਰ ਸਾਹਮਣੇ ਆ ਕੇ ਇੱਕ ਕੋਰਸ ਗਾਉਣਾ ਸ਼ੁਰੂ ਕਰ ਕਰਦਾ ਹੈ, ਜਿਵੇਂ ਕਿ, "ਮੈਂ ਆਪਣੇ ਦਿਲ ਵਿੱਚ ਧੰਨਵਾਦ ਦੇ ਨਾਲ ਉਸ ਦੇ ਫਾਟਕਾਂ ਵਿੱਚ ਦਾਖਲ ਹੋਵਾਂਗਾ ..."
- **ਕੁਝ ਕਲੀਸੀਆਵਾਂ ਬਚਨ ਦੀ ਕਿਸੇ ਆਇਤ ਨਾਲ ਸ਼ੁਰੂਆਤ ਕਰਦੀਆਂ ਹਨ,** ਜੋ ਅਕਸਰ ਜ਼ਬੂਰਾਂ ਵਿੱਚੋਂ ਲਈ ਜਾਂਦੀ ਹੈ।

  > ਆਓ, ਅਸੀਂ ਯਹੋਵਾਹ ਲਈ ਜੈਕਾਰਾ ਗਜਾਈਏ, ਅਤੇ ਆਪਣੀ ਮੁਕਤ ਦੀ ਚਟਾਨ ਲਈ ਨਾਰਾ ਮਾਰੀਏ! ਧੰਨਵਾਦ ਕਰਦਿਆਂ ਉਹ ਦੇ ਹਜ਼ੂਰ ਵਿੱਚ, ਉਹ ਦੇ ਲਈ ਭਜਨਾਂ ਦੇ ਨਾਰੇ ਮਾਰਦਿਆਂ ਚੱਲੀਏ! (ਜ਼ਬੂਰ 95:1-2)

  ਜ਼ਬੂਰ ਜੋ ਅਰਾਧਕਾਂ ਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆਉਣ ਦਾ ਸੱਦਾ ਦਿੰਦੇ ਹਨ ਉਨ੍ਹਾਂ ਵਿੱਚ ਸ਼ਾਮਲ ਹਨ ਜ਼ਬੂਰ 15, ਜ਼ਬੂਰ 66:1-4, ਜ਼ਬੂਰ 96:1-4, ਜ਼ਬੂਰ 100, ਜ਼ਬੂਰ 105:1-3, ਜ਼ਬੂਰ 107:1-3, ਜ਼ਬੂਰ 149:1-2, ਅਤੇ ਜ਼ਬੂਰ 150.

ਕੀ ਘੋਸ਼ਣਾਵਾਂ ਅਰਾਧਨਾ ਹਨ?

ਸਪੇਨ ਦੇ ਇੱਕ ਪਾਸਟਰ ਨੇ ਪੁੱਛਿਆ, "ਅਰਾਧਨਾ ਵਿੱਚ ਘੋਸ਼ਣਾਵਾਂ ਕਿੱਥੇ ਢੁਕਵੀਆਂ ਹੁੰਦੀਆਂ ਹਨ? ਅਸੀਂ ਆਪਣੀ ਕਲੀਸੀਆ ਵਿੱਚ ਅਰਾਧਨਾ ਅਤੇ ਪਰਮੇਸ਼ੁਰ ਦੀ ਹਜ਼ੂਰੀ ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਾਡੀ ਬੰਦਗੀ ਬਹੁਤ ਸ਼ਾਨਦਾਰ ਹੁੰਦੀ ਹੈ ਅਤੇ ਫਿਰ ਅਕਾਉਣ ਵਾਲੀਆਂ ਘੋਸ਼ਣਾਵਾਂ ਦੀ ਇੱਕ ਲੰਬੀ ਸੂਚੀ ਦੇ ਨਾਲ ਸਮਾਪਤ ਹੁੰਦੀ ਹੈ। ਇਹ ਬੰਦਗੀ ਦੇ ਉਤਸ਼ਾਹ ਤੇ ਅਸਰ ਪਾਉਂਦਾ ਹੈ। ਅਸੀਂ ਘੋਸ਼ਣਾਵਾਂ ਨੂੰ ਅਰਾਧਨਾ ਦਾ ਹਿੱਸਾ ਕਿਵੇਂ ਬਣਾਉਂਦੇ ਹਾਂ?"

ਭਾਵੇਂ ਅਸੀ ਘੋਸ਼ਣਾਵਾਂ ਬੰਦਗੀ ਦੇ ਜਿਸ ਹਿੱਸੇ ਵਿੱਚ ਮਰਜ਼ੀ ਰੱਖੀਏ, ਉਹ ਬੰਦਗੀ ਵਿੱਚ ਵਿਘਨ ਪਾ ਸਕਦੀਆਂ ਹਨ। ਘੋਸ਼ਣਾਵਾਂ ਸ਼ਾਇਦ ਹੀ ਕਦੀ ਅਰਾਧਨਾ ਹੁੰਦੀਆਂ ਹਨ; ਇਸ ਦੀ ਬਜਾਇ, ਉਹ ਅਰਾਧਨਾ ਵਿੱਚ ਵਿਘਨ ਪਾਉਂਦੀਆਂ ਹਨ। ਤੁਸੀਂ ਕੀ ਕਰ ਸਕਦੇ ਹੋ? ਕੋਈ ਸਟੀਕ ਉੱਤਰ ਨਹੀਂ ਹੈ, ਪਰ ਕੁਝ ਸੁਝਾਅ ਮਦਦ ਕਰ ਸਕਦੇ ਹਨ:

- ਜਦੋਂ ਸੰਭਵ ਹੋਵੇ, ਘੋਸ਼ਣਾਵਾਂ ਨੂੰ ਉੱਚੀ ਅਵਾਜ਼ ਵਿੱਚ ਪੜ੍ਹ ਕੇ ਦੱਸਣ ਦੀ ਬਜਾਇ ਛਪਵਾ ਲਵੋ। ਜਦੋਂ ਤੁਹਾਨੂੰ ਜਨਤਕ ਘੋਸ਼ਣਾਵਾਂ ਕਰਨੀਆਂ ਪੈਣ, ਤਾਂ ਉਨ੍ਹਾਂ ਨੂੰ ਛੋਟਾ ਰੱਖੋ।
- ਬੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਘੋਸ਼ਣਾਵਾਂ ਨੂੰ ਵਿਖਾਉਣ ਲਈ ਓਵਰਹੈੱਡ ਪ੍ਰੋਜੈਕਟਰ ਦੀ ਵਰਤੋਂ ਕਰੋ।
- ਕੁਝ ਕਲੀਸੀਆਵਾਂ ਵਿੱਚ ਘੋਸ਼ਣਾਵਾਂ ਹੁੰਦੀਆਂ ਹਨ, ਪ੍ਰਾਰਥਨਾ ਦਾ ਸਮਾਂ ਹੁੰਦਾ ਹੈ ਅਤੇ ਫਿਰ ਬੰਦਗੀ ਸ਼ੁਰੂ ਹੁੰਦੀ ਹੈ। ਇੱਕ ਚਰਚ ਹੈ ਜਿੱਥੇ 10 ਵਜੇ ਬੰਦਗੀ ਸ਼ੁਰੂ ਹੁੰਦੀ ਹੈ। ਇਹ ਚਰਚ 9:50 ਤੇ ਘੋਸ਼ਣਾਵਾਂ ਕਰਦਾ ਹੈ। ਪਾਸਟਰ ਨੇ ਕਿਹਾ, "ਇਸ ਨਾਲ ਦੋ ਕੰਮ ਪੂਰੇ ਹੁੰਦੇ ਹਨ। ਪਹਿਲਾ, ਇਹ ਲੋਕਾਂ ਨੂੰ ਜਲਦੀ ਆਉਣ ਲਈ ਉਤਸ਼ਾਹਿਤ ਕਰਦਾ ਹੈ ਕਿਉਂਕਿ ਜੇਕਰ ਉਹ 9:50 ਤੱਕ ਇੱਥੇ ਨਹੀਂ ਆਉਂਦੇ ਤਾਂ ਉਹ ਘੋਸ਼ਣਾਵਾਂ ਨਹੀਂ ਸੁਣ ਪਾਉਂਦੇ। ਦੂਜਾ, ਇਹ ਸਾਨੂੰ ਬੰਦਗੀ ਦੇ ਸ਼ੁਰੂਆਤੀ ਸ਼ਬਦਾਂ ਤੋਂ ਹੀ ਅਰਾਧਨਾ ਤੇ ਪੂਰਾ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ।
- ਘੋਸ਼ਣਾਵਾਂ ਨੂੰ ਬੰਦਗੀ ਦੇ ਮਹੌਲ ਵਿੱਚ ਰੁਕਾਵਟ ਨਾ ਬਣਨ ਦਿਓ। ਬਲਕਿ, ਘੋਸ਼ਣਾਵਾਂ ਨੂੰ ਕਲੀਸੀਆ ਦੀ ਸੇਵਕਾਈ ਨੂੰ ਪੂਰਾ ਕਰਨ ਦੇ ਹਿੱਸੇ ਵਜੋਂ ਵੇਖੋ, ਘੋਸ਼ਣਾਵਾਂ ਕਰੋ ਅਤੇ ਅੱਗੇ ਵਧੋ। ਜਦੋਂ ਅਸੀਂ ਇਹ ਮੰਨ ਲੈਂਦੇ ਹਾਂ ਕਿ ਕਲੀਸੀਆ ਦੀਆਂ ਗਤੀਵਿਧੀਆਂ

(ਪ੍ਰਾਰਥਨਾ ਸੰਗਤ, ਭਾਈਚਾਰੇ ਦੀ ਸੇਵਾ, ਆਊਟਰੀਚ ਕਾਰਜਕ੍ਰਮ ਅਤੇ ਚਰਚ ਦੇ ਪ੍ਰੋਜੈਕਟ) ਅਰਾਧਨਾ ਦਾ ਹਿੱਸਾ ਹਨ, ਤਾਂ ਇਨ੍ਹਾਂ ਗਤੀਵਿਧੀਆਂ ਦੀਆਂ ਘੋਸ਼ਣਾਵਾਂ ਚਰਚ ਦੀ ਅਰਾਧਨਾ ਦਾ ਹਿੱਸਾ ਹਨ। ਜਿਵੇਂ ਇੱਕ ਪਿਤਾ ਪਰਿਵਾਰ ਨੂੰ ਹਫ਼ਤੇ ਦੀਆਂ ਯੋਜਨਾਵਾਂ ਬਾਰੇ ਚੇਤੇ ਕਰਾ ਕੇ ਪਰਿਵਾਰਕ ਅਰਾਧਨਾ ਨੂੰ ਸਮਾਪਤ ਕਰ ਸਕਦਾ ਹੈ, ਉਸੇ ਤਰ੍ਹਾਂ ਪਾਸਟਰ ਹਫ਼ਤੇ ਦੀਆਂ ਗਤੀਵਿਧੀਆਂ ਬਾਰੇ ਕਲੀਸੀਆਈ ਪਰਿਵਾਰ ਨੂੰ ਚੇਤੇ ਕਰਾ ਕੇ ਅਰਾਧਨਾ ਬੰਦਗੀ ਨੂੰ ਖਤਮ ਕਰ ਸਕਦਾ ਹੈ। ਚਰਚ ਦੀਆਂ ਗਤੀਵਿਧੀਆਂ ਦੀਆਂ ਘੋਸ਼ਣਾਵਾਂ ਸਾਨੂੰ ਚੇਤੇ ਕਰਾਉਂਦੀਆਂ ਹਨ ਕਿ ਅਸੀਂ ਇੱਕ ਪਰਿਵਾਰ ਹਾਂ; ਪਰਿਵਾਰ ਦੀ ਸੰਗਤ ਅਰਾਧਨਾ ਦਾ ਇੱਕ ਮਹੱਤਵਪੂਰਣ ਪਹਿਲੂ ਹੈ।

ਅਰਾਧਨਾ ਨਾਲ ਜੁੜੇ ਖ਼ਤਰੇ: "ਅਸੀਂ ਇਹ ਇਸ ਲਈ ਕਰਦੇ ਹਾਂ ਕਿਉਂਕਿ ..."

ਇੱਕ ਨਵੀਂ ਨਵੇਲੀ ਦੁਲਹਨ ਐਤਵਾਰ ਦੇ ਰਾਤ ਦੇ ਖਾਣੇ ਲਈ ਹੈਮ (ਸੂਰ ਦਾ ਸੁੱਕਾ ਮਾਸ) ਬਣਾ ਰਹੀ ਸੀ। ਹੈਮ ਨੂੰ ਓਵਨ ਵਿੱਚ ਰੱਖਣ ਤੋਂ ਪਹਿਲਾਂ, ਉਸ ਨੇ ਸਾਵਧਾਨੀ ਨਾਲ ਹੈਮ ਦੇ ਇੱਕ ਸਿਰੇ ਨੂੰ ਕੱਟ ਦਿੱਤਾ ਅਤੇ ਇਸ ਨੂੰ ਇੱਕ ਛੋਟੀ ਜਿਹੀ ਕੜਾਹੀ ਵਿੱਚ ਰੱਖ ਦਿੱਤਾ। ਉਸ ਦੇ ਪਤੀ ਨੇ ਪੁੱਛਿਆ, "ਤੂੰ ਇਸ ਤਰ੍ਹਾਂ ਕਿਉਂ ਕੀਤਾ ਹੈ?"

"ਇਸੇ ਤਰ੍ਹਾਂ ਹੀ ਹੈਮ ਪਕਾਉਣਾ ਚਾਹੀਦਾ ਹੈ। ਮੇਰੀ ਮਾਂ ਹਮੇਸ਼ਾ ਪਕਾਉਣ ਤੋਂ ਪਹਿਲਾਂ ਹੈਮ ਦੇ ਇੱਕ ਸਿਰੇ ਨੂੰ ਕੱਟ ਦਿੰਦੀ ਹੈ। ਮੈਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਇਹ ਸੁਆਦ ਬਣਦਾ ਹੈ। ਇਹ ਜਵਾਨ ਦੁਲਹਨ ਹੈਰਾਨ ਹੋਣ ਲੱਗੀ, "ਹੈਮ ਦੇ ਸਿਰੇ ਨੂੰ ਕੱਟਣ ਨਾਲ ਸੁਆਦ ਦਾ ਕੀ ਲੈਣਾ ਦੇਣਾ ਹੈ?" ਉਸ ਨੇ ਆਪਣੀ ਮਾਂ ਨੂੰ ਇਹ ਪੁੱਛਣ ਲਈ ਫੋਨ ਕੀਤਾ, "ਤੁਸੀਂ ਹੈਮ ਦਾ ਇੱਕ ਸਿਰਾ ਕਿਉਂ ਕੱਟਦੇ ਹੋ?"

ਉਸ ਦੀ ਮਾਂ ਨੇ ਕਿਹਾ, "ਕਿਉਂਕਿ ਤੁਹਾਡੀ ਦਾਦੀ, ਮੇਰੀ ਮਾਂ, ਖਾਣਾ ਬਣਾਉਣ ਤੋਂ ਪਹਿਲਾਂ ਹਮੇਸ਼ਾ ਹੈਮ ਦੇ ਇੱਕ ਸਿਰੇ ਨੂੰ ਕੱਟ ਦਿੰਦੀ ਹੈ। ਇਸ ਨਾਲ ਇਹ ਸੁਆਦ ਬਣਦਾ ਹੈ। ਚੱਲ ਉਸ ਨੂੰ ਪੁੱਛਦੇ ਹਾਂ।"

ਜਵਾਨ ਦੁਲਹਨ ਨੇ ਬਜ਼ੁਰਗ ਦਾਦੀ ਨੂੰ ਫ਼ੋਨ ਕੀਤਾ। ਦਾਦੀ ਹੁਣ ਖਾਣਾ ਨਹੀਂ ਬਣਾਉਂਦੀ ਸੀ, ਪਰ ਉਸ ਨੇ ਉਨ੍ਹਾਂ ਦੇ ਸਵਾਲ ਦਾ ਜਵਾਬ ਦਿੱਤਾ। "ਹਾਂ, ਮੈਨੂੰ ਯਾਦ ਹੈ ਕਿ ਮੈਂ ਹੈਮ ਦਾ ਸਿਰਾ ਕਿਉਂ ਕੱਟਦੀ ਹੁੰਦੀ ਸੀ। ਜਦੋਂ ਤੁਹਾਡੇ ਦਾਦੇ ਅਤੇ ਮੇਰਾ ਵਿਆਹ ਹੋਇਆ, ਸਾਡੇ ਕੋਲ ਖਾਣਾ ਪਕਾਉਣ ਵਾਲੀਆਂ ਕੜਾਹੀਆਂ ਖਰੀਦਣ ਲਈ ਪੈਸੇ ਨਹੀਂ ਸਨ। ਮੇਰੇ ਕੋਲ ਸਿਰਫ਼ ਭੁੰਨਣ ਵਾਲੀ ਇੱਕ ਛੋਟੀ ਜਿਹੀ ਕੜਾਹੀ ਸੀ। ਪੂਰਾ ਹੈਮ ਮੇਰੀ ਕੜਾਹੀ ਵਿੱਚ ਚੰਗੀ ਤਰ੍ਹਾਂ ਨਹੀਂ ਸੀ ਪੱਕਦਾ ਜਦੋਂ ਤੱਕ ਮੈਂ ਇਸ ਦਾ ਇੱਕ ਸਿਰਾ ਨਹੀਂ ਸੀ ਕੱਟਦੀ!"

50 ਸਾਲਾਂ ਤੱਕ ਔਰਤ ਦੀ ਧੀ ਅਤੇ ਫਿਰ ਪੋਤੀ ਨੇ ਇੱਕ ਅਜਿਹੀ "ਪਰੰਪਰਾ" ਨੂੰ ਜਾਰੀ ਰੱਖਿਆ ਜਿਸ ਦਾ ਕੋਈ ਅਰਥ ਨਹੀਂ ਸੀ। ਉਨ੍ਹਾਂ ਨੇ ਕਦੇ ਨਹੀਂ ਪੁੱਛਿਆ ਸੀ, "ਕਿਉਂ?"

ਅਰਾਧਨਾ ਆਗੂਆਂ ਵਜੋਂ, ਅਸੀਂ ਵੀ ਕਈ ਵਾਰ "ਕਿਉਂ?" ਤੇ ਵਿਚਾਰ ਕੀਤੇ ਬਿਨਾਂ ਕੁਝ ਕਰਦੇ ਰਹਿੰਦੇ ਹਾਂ?

ਕਲੀਸੀਆਵਾਂ ਦੇ ਕੁਝ ਗੱਲਾਂ ਵਿਸ਼ੇਸ਼ ਤਰੀਕਿਆਂ ਨਾਲ ਕਰਨ ਦੇ ਕੁਝ ਕਾਰਣ:

1. **ਅਤੀਤ ਵਿੱਚ ਕਲੀਸੀਆਵਾਂ ਨੇ ਇਸ ਤਰ੍ਹਾਂ ਕੀਤਾ ਸੀ।** ਪਰੰਪਰਾ ਦਾ ਆਪਣਾ ਮਹੱਤਵ ਹੈ। ਜੇਕਰ ਅਤੀਤ ਵਿੱਚ ਕਲੀਸੀਆਵਾਂ ਨੇ ਕੁਝ ਕੀਤਾ ਸੀ, ਤਾਂ ਸਾਨੂੰ ਇਹ ਪੁੱਛੇ ਬਿਨਾਂ ਇਸ ਨੂੰ ਰੱਦ ਨਹੀਂ ਕਰਨਾ ਚਾਹੀਦਾ ਕਿ "ਉਨ੍ਹਾਂ ਨੇ ਇਸ ਤਰ੍ਹਾਂ ਕਿਉਂ ਕੀਤਾ?" ਸਾਨੂੰ ਪਰੰਪਰਾ ਨੂੰ ਕਾਇਮ ਰੱਖਣ ਦਾ ਚੰਗਾ ਕਾਰਣ ਮਿਲ ਸਕਦਾ ਹੈ; ਪਰ ਜੇ "ਅਤੀਤ ਵਿੱਚ ਕਲੀਸੀਆਵਾਂ ਨੇ ਇਸ ਤਰ੍ਹਾਂ ਕੀਤਾ" ਹੀ ਇੱਕੋ-ਇੱਕ ਕਾਰਣ ਹੈ, ਤਾਂ ਇਹ ਕਾਫ਼ੀ ਨਹੀਂ ਹੈ।

2. **ਵੱਡੀਆਂ ਕਲੀਸੀਆਵਾਂ ਇਸ ਤਰ੍ਹਾਂ ਕਰਦੀਆਂ ਹਨ।** ਦੂਜਿਆਂ ਤੋਂ ਸਿੱਖਣ ਦਾ ਮਹੱਤਵ ਹੈ। ਜੇ ਕੋਈ ਤੌਰ-ਤਰੀਕਾ ਦੂਜੀਆਂ ਕਲੀਸੀਆਵਾਂ ਵਿੱਚ ਕੰਮ ਕਰਦਾ ਹੈ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ, "ਕੀ ਇਹ ਤੌਰ-ਤਰੀਕਾ ਸਾਡੇ ਲਈ ਲਾਭਦਾਇਕ ਹੈ? ਉਹ ਅਜਿਹਾ ਕਿਉਂ ਕਰਦੇ ਹਨ?" ਸਾਨੂੰ ਲੱਗ ਸਕਦਾ ਹੈ ਕਿ ਅਰਾਧਨਾ ਦੇ ਤੌਰ-ਤਰੀਕੇ ਦੀ ਨਕਲ ਕਰਨ ਦਾ ਚੰਗਾ ਕਾਰਣ

ਹੈ; ਪਰ ਜੇ "ਵੱਡੀਆਂ ਕਲੀਸੀਆਵਾਂ ਇਸ ਤਰ੍ਹਾਂ ਕਰਦੀਆਂ ਹਨ" ਹੀ ਇੱਕੋ-ਇੱਕ ਕਾਰਣ ਹੈ, ਤਾਂ ਇਹ ਸਾਡੀ ਸਥਿਤੀ ਲਈ ਮਦਦਗਾਰ ਸਾਬਤ ਨਹੀਂ ਹੋ ਸਕਦਾ।

3. **ਲੋਕ ਇਸ ਨੂੰ ਪਸੰਦ ਕਰਦੇ ਹਨ।** ਅਜਿਹੀ ਅਰਾਧਨਾ ਦਾ ਮਹੱਤਵ ਹੈ ਜੋ ਲੋਕਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੀ ਹੈ। ਬਚਨ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜੋ ਕਹਿੰਦਾ ਹੈ, "ਤੁਹਾਡੀ ਅਰਾਧਨਾ ਅਕਾਉਣ ਵਾਲੀ ਹੋਵੇਗੀ!" ਸਾਨੂੰ ਲੱਗ ਸਕਦਾ ਹੈ ਕਿ ਸਾਡੇ ਲੋਕਾਂ ਦਾ ਪਸੰਦੀਦਾ ਗੀਤ ਸੱਚਾ ਅਤੇ ਅਰਾਧਨਾ ਵਾਲਾ ਹੈ। ਜੇ ਅਜਿਹਾ ਹੈ, ਤਾਂ ਇਹ ਵਧੀਆ ਗੱਲ ਹੈ; ਪਰ ਜੇਕਰ ਲੋਕ ਝੂਠੀ ਸਿੱਖਿਆ ਦੇਣ ਵਾਲਾ ਗੀਤ ਪਸੰਦ ਕਰਦੇ ਹਨ, ਤਾਂ ਸਾਨੂੰ ਇਸ ਨੂੰ ਨਹੀਂ ਗਾਉਣਾ ਚਾਹੀਦਾ।

4. **ਇਹ ਸਾਨੂੰ ਆਤਮਾ ਅਤੇ ਸਚਿਆਈ ਨਾਲ ਪਰਮੇਸ਼ੁਰ ਦੀ ਅਰਾਧਨਾ ਕਰਨ ਦਿੰਦਾ ਹੈ।** ਅਸੀਂ ਜੋ ਕਰਦੇ ਹਾਂ ਉਸ ਦਾ ਇਹੀ ਆਖ਼ਰੀ ਕਾਰਣ ਹੈ। ਅਰਾਧਨਾ ਦੀ ਯੋਜਨਾ ਬਣਾਉਣ ਅਤੇ ਅਰਾਧਨਾ ਦੀ ਅਗਵਾਈ ਵਿੱਚ, ਸਾਨੂੰ ਪੁੱਛਣਾ ਚਾਹੀਦਾ ਹੈ, "ਕੀ ਇਹ ਗੀਤ ਸਾਨੂੰ ਪਰਮੇਸ਼ੁਰ ਦੀ ਵਧੀਆ ਢੰਗ ਨਾਲ ਅਰਾਧਨਾ ਕਰਨ ਵਿੱਚ ਮਦਦ ਕਰਦਾ ਹੈ? ਕੀ ਅਰਾਧਨਾ ਦੀ ਇਹ ਤਰਤੀਬ ਸਾਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਲੈ ਕੇ ਜਾਂਦੀ ਹੈ? ਕੀ ਸੱਦਾ ਇਸ ਸੰਦੇਸ਼ ਦਾ ਪ੍ਰਤੀਉੱਤਰ ਦੇਣ ਦਾ ਸਭ ਤੋਂ ਵਧੀਆ ਤਰੀਕਾ ਹੋਵੇਗਾ, ਜਾਂ ਕੀ ਸਾਨੂੰ ਉਸਤਤ ਦੇ ਗੀਤ ਨਾਲ ਸਮਾਪਤੀ ਕਰਨੀ ਚਾਹੀਦੀ ਹੈ? ਅਸੀਂ ਇਸ ਹਫ਼ਤੇ ਪਰਮੇਸ਼ੁਰ ਦੀ ਆਤਮਾ ਅਤੇ ਸਚਿਆਈ ਨਾਲ ਅਰਾਧਨਾ ਕਿਵੇਂ ਕਰਨੀ ਹੈ?"

ਸਿੱਟਾ: ਜਦੋਂ ਅਸੀਂ ਅਰਾਧਨਾ ਕਰਨ ਵਿੱਚ ਅਸਫ਼ਲ ਹੋ ਜਾਂਦੇ ਹਾਂ

ਕਲੀਸੀਆ ਨੇ ਸ਼ੁਰੂਆਤੀ ਭਜਨ ਪੂਰੇ ਦਿਲ ਨਾਲ ਨਹੀਂ ਗਾਇਆ। ਗੀਤ ਗਾਉਣ ਵਾਲੀ ਮੰਡਲੀ ਨੇ ਅਭਿਆਸ ਕੀਤਾ ਸੀ, ਪਰ ਉਨ੍ਹਾਂ ਨੇ ਉਸ ਸਵੇਰ ਨੂੰ ਬਹੁਤ ਬੁਰਾ ਗਾਇਆ। ਇਕੱਲਾ ਗਾਉਣ ਵਾਲਾ ਆਪਣੇ ਗੀਤ ਦੇ ਬੋਲ ਭੁੱਲ ਗਿਆ। ਪਿਆਨੋ ਵਜਾਉਣ ਵਾਲੇ ਨੇ ਗਲਤ ਧੁਨ ਵਜਾਈ। ਪਾਸਟਰ ਦਾ ਸੰਦੇਸ਼ ਲੋਕਾਂ ਨਾਲ ਜੁੜਿਆ ਨਹੀਂ ਜਾਪ ਰਿਹਾ ਸੀ। ਬੰਦਗੀ ਪੂਰੀ ਤਰ੍ਹਾਂ ਅਸਫ਼ਲ ਰਹੀ। ਕੀ ਤੁਹਾਡੇ ਨਾਲ ਕਦੇ ਇਹ ਹੋਇਆ ਹੈ? ਤੁਸੀਂ ਉਸ ਸਮੇਂ ਕੀ ਕਰਦੇ ਹੋ ਜਦੋਂ ਤੁਸੀਂ ਅਰਾਧਨਾ ਦੀ ਅਗਵਾਈ ਕਰਨ ਵਿੱਚ ਅਸਫ਼ਲ ਹੋ ਜਾਂਦੇ ਹੋ?

1. ਯਾਦ ਰੱਖੋ, ਸਾਰੀ ਅਰਾਧਨਾ ਅਭਿਆਸ ਹੈ।

ਸਾਡੀ ਅਰਾਧਨਾ ਸਵਰਗੀ ਅਰਾਧਨਾ ਲਈ ਅਭਿਆਸ ਹੈ। ਅਸੀਂ ਸੰਪੂਰਣ ਨਹੀਂ ਹਾਂ ਅਤੇ ਸਾਡੀ ਅਰਾਧਨਾ ਵੀ ਹਮੇਸ਼ਾ ਸੰਪੂਰਣ ਨਹੀਂ ਹੋਵੇਗੀ। "ਸਾਨੂੰ ਅਰਾਧਨਾ ਵਿੱਚ ਸਾਡਾ ਸਭ ਤੋਂ ਉੱਤਮ ਦੇਣ ਲਈ ਬੁਲਾਇਆ ਗਿਆ ਹੈ, ਸੰਪੂਰਣਤਾ ਪ੍ਰਦਾਨ ਕਰਨ ਲਈ ਨਹੀਂ।"[81]

2. ਅਗਲਾ ਹਫ਼ਤਾ ਆ ਰਿਹਾ ਹੈ।

ਸੋਮਵਾਰ ਨੂੰ ਹੀ ਹਾਰ ਨਾ ਮੰਨ ਲਵੋ। ਬੰਦਗੀ ਦਾ ਵਿਸ਼ਲੇਸ਼ਣ ਕਰਨ ਲਈ ਮੰਗਲਵਾਰ ਤੱਕ ਉਡੀਕ ਕਰੋ। ਅਸਫ਼ਲਤਾ ਤੋਂ ਸਬਕ ਸਿੱਖੋ ਅਤੇ ਅੱਗੇ ਵਧੋ। ਹੁਣੇ ਜਿਸ ਬੰਦਗੀ ਬਾਰੇ ਦੱਸਿਆ ਗਿਆ ਹੈ ਉਸ ਵਿੱਚ, ਕਲੀਸੀਆ ਨੂੰ ਸ਼ੁਰੂਆਤੀ ਭਜਨ ਨਹੀਂ ਸੀ ਆਉਂਦਾ। ਨਿਰਦੇਸ਼ਕ ਨੇ ਸੋਚਿਆ ਕਿ ਉਨ੍ਹਾਂ ਨੂੰ ਉਹ ਭਜਨ ਆਉਂਦਾ ਸੀ; ਜਦ ਕਿ ਉਹ ਭਜਨ ਉਨ੍ਹਾਂ ਨੂੰ ਨਹੀਂ ਸੀ ਆਉਂਦਾ। ਉਸ ਨੇ ਆਪਣੀ ਭਜਨ ਪੁਸਤਕ ਵਿੱਚ ਟਿੱਪਣੀ ਕੀਤੀ, "ਕਲੀਸੀਆ ਦੇ ਦੁਬਾਰਾ ਇਸ ਭਜਨ ਨੂੰ ਗਾਉਣ ਤੋਂ ਪਹਿਲਾਂ ਗੀਤ ਗਾਉਣ ਵਾਲੀ ਮੰਡਲੀ ਨੂੰ ਇਹ ਭਜਨ ਸਿਖਾਓ।" ਆਪਣੀਆਂ ਗਲਤੀਆਂ ਤੋਂ ਸਿੱਖੋ, ਪਰਮੇਸ਼ੁਰ ਦੀ ਮਦਦ ਲਓ ਅਤੇ ਅਗਲੇ ਐਤਵਾਰ ਪਰਮੇਸ਼ੁਰ ਨੂੰ ਤੁਹਾਡੇ ਦੁਆਰਾ ਕੰਮ ਕਰਨ ਦਿਓ।

3. ਯਾਦ ਰੱਖੋ, ਅਰਾਧਨਾ ਕਿਰਪਾ ਬਾਰੇ ਹੈ।

ਬਹੁਤ ਸਾਰੇ ਅਰਾਧਨਾ ਆਗੂ ਸੰਪੂਰਨਤਾਵਾਦੀ ਹਨ; ਅਸੀਂ ਕਦੇ ਵੀ ਸੰਤੁਸ਼ਟ ਨਹੀਂ ਹੁੰਦੇ। ਅਰਾਧਨਾ ਸੰਪੂਰਨਤਾ ਬਾਰੇ ਨਹੀਂ ਹੈ; ਅਰਾਧਨਾ ਕਿਰਪਾ ਬਾਰੇ ਹੈ। ਪਰਮੇਸ਼ੁਰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਾਡੀਆਂ ਅਸਫ਼ਲਤਾਵਾਂ ਦੁਆਰਾ ਵੀ ਕੰਮ ਕਰਦਾ

81 ਇਹ ਹਵਾਲਾ ਅਤੇ ਇਸ ਭਾਗ ਵਿੱਚ ਦਿੱਤੇ ਸੁਝਾਵ Franklin Segler and Randall Bradley, Christian Worship (Nashville: B&H Publishing, 2006), 274-275 ਤੋਂ ਆਏ ਹਨ।

ਹੈ। ਇਹ ਇਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ! ਜਦੋਂ ਅਸੀਂ ਇਹ ਸਮਝ ਲੈਂਦੇ ਹਾਂ ਕਿ ਇਹ ਪਰਮੇਸ਼ੁਰ ਹੈ ਜੋ ਅਰਾਧਨਾ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ, ਤਾਂ ਅਸੀਂ ਨਿਮਰਤਾ ਅਤੇ ਅਧੀਨਗੀ ਦੇ ਸਥਾਨ ਤੇ ਪਹੁੰਚਾਏ ਜਾਂਦੇ ਹੈ।

4. ਜੇਕਰ ਅਸੀਂ ਆਪਣਾ ਸਭ ਤੋਂ ਉੱਤਮ ਦਿੱਤਾ ਹੈ ਤਾਂ ਅਸੀਂ ਅਸਫ਼ਲ ਨਹੀਂ ਹੋਏ।

ਉਸ ਐਤਵਾਰ, ਅਰਾਧਨਾ ਆਗੂ ਨਿਰਾਸ਼ ਹੋ ਕੇ ਚਰਚ ਤੋਂ ਬਾਹਰ ਚਲਾ ਗਿਆ। ਜਦੋਂ ਉਹ ਗਿਰਜਾਘਰ ਤੋਂ ਬਾਹਰ ਨਿਕਲਿਆ, ਟਿਮੋਥੀ ਉਸ ਦੀ ਉਡੀਕ ਕਰ ਰਿਹਾ ਸੀ। ਟਿਮੋਥੀ ਬਹੁਤ ਸ਼ਰਮੀਲਾ ਸੀ ਅਤੇ ਬਹੁਤ ਘੱਟ ਬੋਲਦਾ ਸੀ, ਪਰ ਉਸ ਸਵੇਰੇ ਉਸ ਨੇ ਕਿਹਾ, "ਤੁਸੀਂ ਭੇਟ ਲੈਣ ਲਈ 'ਜੀਸਸ ਲਵਜ਼ ਮੀ' ਗੀਤ ਦੀ ਧੁਨ ਵਜਾਈ ਸੀ।" (ਹਾਂ, ਅਰਾਧਨਾ ਆਗੂ ਨੂੰ ਪਤਾ ਸੀ ਕਿ ਉਸ ਨੇ ਕੀ ਵਜਾਇਆ ਸੀ - ਉਸ ਨੇ ਗੜਬੜ ਕੀਤੀ ਸੀ!) ਪਰ ਟਿਮੋਥੀ ਨੇ ਅੱਗੇ ਕਿਹਾ, "ਮੈਨੂੰ ਉਹ ਗੀਤ ਸੁਣਨ ਦੀ ਬਹੁਤ ਲੋੜ ਸੀ। ਇਸੇ ਹਫ਼ਤੇ ਡਾਕਟਰ ਨੇ ਮੈਨੂੰ ਦੱਸਿਆ ਕਿ ਮੈਨੂੰ ਕੈਂਸਰ ਹੈ; ਮੈਨੂੰ ਕਿਸੇ ਦੁਆਰਾ ਇਸ ਗੀਤ ਰਾਹੀਂ ਚੇਤਾ ਕਰਾਉਣ ਦੀ ਲੋੜ ਸੀ ਕਿ ਯਿਸੂ ਮੈਨੂੰ ਪਿਆਰ ਕਰਦਾ ਹੈ।"

ਜੇਕਰ ਅਸੀਂ ਆਪਣਾ ਸਭ ਤੋਂ ਉੱਤਮ ਦਿੱਤਾ ਹੈ ਤਾਂ ਅਸੀਂ ਅਸਫ਼ਲ ਨਹੀਂ ਹੋਏ। ਪਰਮੇਸ਼ੁਰ ਉਨ੍ਹਾਂ ਲੋਕਾਂ ਨਾਲ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ ਆਪਣੇ ਬਚਨ ਦੁਆਰਾ ਗੱਲ ਕਰਨ ਲਈ ਸਾਡੀਆਂ ਕਮਜ਼ੋਰ ਕੋਸ਼ਿਸ਼ਾਂ ਰਾਹੀਂ ਕੰਮ ਕਰਦਾ ਹੈ।

» ਸਮੂਹ ਵਿੱਚ ਚਰਚਾ। "ਪਾਠ 8 ਦੀ ਸਮੀਖਿਆ ਵਿੱਚ" ਵੇਖੋ। ਕੀ ਕੁਝ ਗੱਲਾਂ ਹਨ ਜਿਨ੍ਹਾਂ ਨਾਲ ਤੁਸੀਂ ਅਸਹਿਮਤ ਹੋ? ਤੁਹਾਨੂੰ ਕਿਹੜੀਆਂ ਗੱਲਾਂ ਤੁਹਾਡੇ ਤੁਰੰਤ ਵਰਤੋਂ ਕਰਨ ਲਈ ਸਭ ਤੋਂ ਮਹੱਤਵਪੂਰਣ ਲੱਗਦੀਆਂ ਹਨ?

ਪਾਠ 8 ਦੀ ਸਮੀਖਿਆ

1. ਅਸੀਂ ਅਰਾਧਨਾ ਬੰਦਗੀ ਲਈ ਕਿਵੇਂ ਤਿਆਰੀ ਕਰਦੇ ਹਾਂ?

- ਅਰਾਧਨਾ ਬੰਦਗੀ ਦੀ ਤਿਆਰੀ ਅਰਾਧਨਾ ਆਗੂ ਦੁਆਰਾ ਪਰਮੇਸ਼ੁਰ ਦੇ ਨਾਲ ਸਮਾਂ ਬਿਤਾਉਣ ਤੋਂ ਸ਼ੁਰੂ ਹੁੰਦੀ ਹੈ।
- ਯੋਜਨਾ ਬਣਾਉਣ ਦਾ ਇੱਕ ਨਮੂਨਾ ਅਰਾਧਨਾ ਬੰਦਗੀ ਨੂੰ ਢਾਂਚਾ ਪ੍ਰਦਾਨ ਕਰਨ ਵਿੱਚ ਮਦਦ ਕਰਦਾ ਹੈ।
- ਅਰਾਧਨਾ ਬੰਦਗੀ ਦੇ ਲਈ ਇੱਕ ਵਿਸ਼ਾ ਇੱਕ ਪ੍ਰਮੁੱਖ ਸੰਦੇਸ਼ ਦਾ ਸੰਚਾਰ ਕਰਨ ਵਿੱਚ ਮਦਦ ਕਰਦਾ ਹੈ।
- ਸੰਤੁਲਨ ਇਹ ਯਕੀਨੀ ਬਣਾਉਂਦਾ ਹੈ ਕਿ ਸਾਡੀ ਅਰਾਧਨਾ ਸਮੁੱਚੀ ਕਲੀਸੀਆ ਨੂੰ ਸਮੁੱਚੀ ਖੁਸ਼ਖ਼ਬਰੀ ਦੱਸਦੀ ਹੈ।
    - ਸੰਤੁਲਿਤ ਅਰਾਧਨਾ ਪਰਮੇਸ਼ੁਰ ਦੀ ਮਹਿਮਾ ਅਤੇ ਸਾਡੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਦੋਵਾਂ ਨੂੰ ਦਰਸਾਉਂਦੀ ਹੈ।
    - ਸੰਤੁਲਿਤ ਅਰਾਧਨਾ ਸਮੂਹਿਕ ਅਤੇ ਵਿਅਕਤੀਗਤ ਦੋਵੇਂ ਤਰ੍ਹਾਂ ਦੀ ਹੁੰਦੀ ਹੈ।
    - ਸੰਤੁਲਿਤ ਅਰਾਧਨਾ ਵਿੱਚ ਪਰੀਚਿਤ ਅਤੇ ਨਵੀਆਂ, ਦੋਵੇਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ।
- ਅਰਾਧਨਾ ਲਈ ਯੋਜਨਾ ਬਣਾਉਣ ਵਿੱਚ ਸਮੁੱਚੀ ਕਲੀਸੀਆ ਦੇ ਆਗੂਆਂ ਦੀ ਟੀਮ ਸ਼ਾਮਲ ਹੋਣੀ ਚਾਹੀਦੀ ਹੈ।
- ਅਰਾਧਨਾ ਦੇ ਲਈ ਯੋਜਨਾ ਬਣਾਉਣ ਵਿੱਚ ਲੰਬੇ ਸਮੇਂ ਦੀ ਯੋਜਨਾ ਵੇਖਣੀ ਚਾਹੀਦੀ ਹੈ।
- ਅਸੀਂ ਬਿਨਾਂ ਦਬਾਅ ਦੇ ਯੋਜਨਾ ਬਣਾ ਸਕਦੇ ਹਾਂ ਕਿਉਂਕਿ ਅਰਾਧਨਾ ਸਾਡੇ ਬਾਰੇ ਨਹੀਂ ਹੈ; ਇਹ ਪਰਮੇਸ਼ੁਰ ਬਾਰੇ ਹੈ।

2. ਅਰਾਧਨਾ ਬੰਦਗੀ ਦੀ ਅਗਵਾਈ ਕਰਨ ਲਈ ਕੀ ਮਹੱਤਵਪੂਰਣ ਹੈ?

- ਅਰਾਧਨਾ ਵਿੱਚ ਸਭ ਤੋਂ ਮਹੱਤਵਪੂਰਣ ਦਰਸ਼ਕ ਪਰਮੇਸ਼ੁਰ ਹੈ।
- ਕਲੀਸੀਆ, ਅਰਾਧਨਾ ਆਗੂ ਅਤੇ ਪਰਮੇਸ਼ੁਰ ਸਾਰੇ ਅਰਾਧਨਾ ਬੰਦਗੀ ਵਿੱਚ ਹਿੱਸਾ ਲੈਂਦੇ ਹਨ। ਆਗੂ ਦਰਸ਼ਕਾਂ ਲਈ ਅਰਾਧਨਾ ਨਹੀਂ ਕਰਦੇ।
- ਅਰਾਧਨਾ ਆਗੂ ਨੂੰ ਅਰਾਧਨਾ ਕਰਨੀ ਚਾਹੀਦੀ ਹੈ। ਉਹ ਉਦਾਹਰਣ ਬਣ ਕੇ ਅਗਵਾਈ ਕਰਦਾ ਹੈ।
- ਅਰਾਧਨਾ ਆਗੂ ਨੂੰ ਅਰਾਧਕਾਂ ਨੂੰ ਉਤਸ਼ਾਹਿਤ ਕਰਨ ਵਾਲਾ ਹੋਣਾ ਚਾਹੀਦਾ ਹੈ, ਉਨ੍ਹਾਂ ਦੀ ਨਿੰਦਾ ਕਰਨ ਵਾਲਾ ਨਹੀਂ।
- ਅਰਾਧਨਾ ਆਗੂ ਨੂੰ ਅਗਵਾਈ ਕਰਨੀ ਚਾਹੀਦੀ ਹੈ, ਚਾਲਬਾਜ਼ੀ ਨਹੀਂ।
- ਘੋਸ਼ਣਾਵਾਂ ਨੂੰ ਜਿੰਨਾ ਸੰਭਵ ਹੋ ਸਕੇ ਇਸ ਤਰੀਕੇ ਨਾਲ ਕਰਨਾ ਚਾਹੀਦਾ ਹੈ ਜਿਸ ਨਾਲ ਬੰਦਗੀ ਵਿੱਚ ਘੱਟ ਵਿਘਨ ਪਵੇ।
- ਅਰਾਧਨਾ ਦੀ ਯੋਜਨਾ ਬਣਾਉਣ ਤੋਂ ਬਾਅਦ, ਸਾਨੂੰ ਇਹ ਪਰਮੇਸ਼ੁਰ ਉੱਤੇ ਛੱਡ ਦੇਣਾ ਚਾਹੀਦਾ ਹੈ ਕਿ ਉਹ ਜਿਵੇਂ ਚਾਹੇ ਸਾਡੀਆਂ ਬੰਦਗੀਆਂ ਵਿੱਚ ਪ੍ਰਵੇਸ਼ ਕਰੇ।

ਪਾਠ 8 ਦੇ ਖੁਦ ਕਰਨ ਵਾਲੇ ਕੰਮ

1. ਪਾਠ 6 ਅਤੇ 7 ਵਿੱਚ, ਤੁਸੀਂ ਪੰਜ ਵੱਖ-ਵੱਖ ਵਿਸ਼ਿਆਂ ਤੇ ਗੀਤ ਅਤੇ ਬਚਨ ਚੁਣੇ ਸਨ। ਪੰਜ ਵਿਸ਼ਿਆਂ ਵਿੱਚੋਂ ਹਰੇਕ ਦੇ ਅਧਾਰ ਤੇ ਇੱਕ ਬੰਦਗੀ ਦੀ ਯੋਜਨਾ ਬਣਾਓ। ਇੱਕ ਸੰਯੁਕਤ ਬੰਦਗੀ ਦੀ ਯੋਜਨਾ ਬਣਾਉਣ ਵਿੱਚ ਜਿੰਨਾ ਸੰਭਵ ਹੋ ਸਕੇ ਵਿਸਤ੍ਰਿਤ ਰਹੋ, ਜਿਸ ਵਿੱਚ ਕਲੀਸੀਆ ਦੇ ਗੀਤ, ਬਚਨ, ਸੰਦੇਸ਼ ਦਾ ਵਿਸ਼ਾ ਅਤੇ ਬਚਨ ਅਤੇ ਨਾਲ ਹੀ ਤੁਹਾਡੀ ਬੰਦਗੀ ਲਈ ਕੋਈ ਹੋਰ ਢੁਕਵੀਆਂ ਚੀਜ਼ਾਂ ਸ਼ਾਮਲ ਹਨ। ਇਸ ਪ੍ਰੋਜੈਕਟ ਲਈ ਵਾਧੂ ਭਾਗ A ਵਿੱਚ ਦਿੱਤੀਆਂ ਇੱਕ ਜਾਂ ਵੱਧ ਰੂਪਰੇਖਾਵਾਂ ਦੀ ਵਰਤੋਂ ਕਰੋ।

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਦੇ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 8 ਦਾ ਇਮਤਿਹਾਨ

1. ਸੰਦੇਸ਼ ਤੇ ਕੇਂਦਰਿਤ ਇੱਕ ਅਰਾਧਨਾ ਢਾਂਚੇ ਵਿੱਚ ਦੋ ਮੁੱਖ ਭਾਗਾਂ ਦੀ ਸੂਚੀ ਬਣਾਓ।

2. ਅਰਾਧਨਾ ਵਿੱਚ ਪਰਮੇਸ਼ੁਰ ਦੇ ਲੋਕਾਂ ਦੀ ਗਤੀਵਿਧੀ ਦੇ ਆਧਾਰ ਤੇ ਇੱਕ ਅਰਾਧਨਾ ਢਾਂਚੇ ਵਿੱਚ ਸ਼ਾਮਲ ਚਾਰ ਮੁੱਖ ਭਾਗਾਂ ਦੀ ਸੂਚੀ ਬਣਾਓ।

3. ਜ਼ਬੂਰ 95 ਦੇ ਆਧਾਰ ਤੇ ਅਰਾਧਨਾ ਢਾਂਚੇ ਦੇ ਤਿੰਨ ਮੁੱਖ ਭਾਗਾਂ ਦੀ ਸੂਚੀ ਬਣਾਓ।

4. ਸੰਤੁਲਿਤ ਅਰਾਧਨਾ ਬਾਰੇ ਸਾਨੂੰ ਕਿਹੜੀਆਂ ਤਿੰਨ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ?

5. ਅਰਾਧਨਾ ਦੇ ਬਾਈਬਲ ਦੇ ਨਮੂਨੇ ਵਿੱਚ, ਸਾਡੀ ਅਰਾਧਨਾ ਦੇ ਲਈ ਦਰਸ਼ਕ ਕੌਣ ਹੈ?

6. ਇੱਕ ਪ੍ਰਭਾਵਸ਼ਾਲੀ ਅਰਾਧਨਾ ਆਗੂ ਦੇ ਤਿੰਨ ਗੁਣਾਂ ਦੀ ਸੂਚੀ ਬਣਾਓ।

7. ਕਿਹੜੇ ਤਿੰਨ ਚਿੰਨ੍ਹ ਹਨ ਜੋ ਦੱਸਦੇ ਹਨ ਕਿ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰ ਰਹੇ ਹੋ ਸਕਦੇ ਹਾਂ?

8. 2 ਇਤਹਾਸ 5:13-14 ਮੂੰਹ ਜ਼ਬਾਨੀ ਲਿਖੋ।

ਪਾਠ 9

ਹੋਰ ਕਈ ਸਵਾਲ

ਪਾਠ ਦੇ ਉਦੇਸ਼

1. ਅਰਾਧਨਾ ਵਿੱਚ ਸੱਭਿਆਚਾਰਕ ਅੰਤਰਾਂ ਦਾ ਆਦਰ ਕਰਦੇ ਹੋਏ ਬਚਨ ਪ੍ਰਤੀ ਵਫ਼ਾਦਾਰ ਰਹਿਣ ਦੇ ਮਹੱਤਵ ਨੂੰ ਪਛਾਣਨਾ।
2. ਬਚਨ ਅਤੇ ਸੱਭਿਆਚਾਰ ਦੋਵਾਂ ਦੇ ਸੰਬੰਧ ਵਿੱਚ ਅਰਾਧਨਾ ਦਾ ਮੁਲਾਂਕਣ ਕਰਨਾ।
3. ਸੰਗੀਤ ਦੀ ਸ਼ੈਲੀ ਦਾ ਮੁਲਾਂਕਣ ਕਰਨ ਲਈ ਵਿਸ਼ੇਸ਼ ਚੁਣੌਤੀਆਂ ਨੂੰ ਸਮਝਣਾ।
4. ਅਰਾਧਨਾ ਉੱਤੇ ਰੋਮੀਆਂ 14 ਅਧਿਆਇ ਵਿੱਚ ਦਿੱਤੇ ਸਿਧਾਂਤਾਂ ਨੂੰ ਲਾਗੂ ਕਰਨਾ।
5. ਬੱਚਿਆਂ ਅਤੇ ਨੌਜਵਾਨਾਂ ਨੂੰ ਅਰਾਧਨਾ ਵਿੱਚ ਸ਼ਾਮਲ ਕਰਨ ਦੇ ਮਹੱਤਵ ਨੂੰ ਸਲਾਹੁਣਾ।
6. ਅਰਾਧਨਾ ਵਿੱਚ ਜਾਂ ਤਾਂ ਜਜ਼ਬਾਤ ਤੇ ਜ਼ਿਆਦਾ ਜ਼ੋਰ ਦੇਣ ਜਾਂ ਜਜ਼ਬਾਤ ਨੂੰ ਨਜ਼ਰਅੰਦਾਜ਼ ਕਰਨ ਤੋਂ ਸਾਵਧਾਨ ਰਹਿਣਾ।

ਇਸ ਪਾਠ ਦੇ ਲਈ ਤਿਆਰੀ

1 ਕੁਰਿੰਥੀਆਂ 14:15-17 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

ਵਾਰੇਨ ਵਿਅਰਸਬੀ ਨੇ ਇੱਕ ਅਜਿਹੀ ਕਲੀਸੀਆ ਵਿੱਚ ਆਪਣੇ ਅਨੁਭਵ ਬਾਰੇ ਲਿਖਿਆ ਜਿਹੜੀ ਅਰਾਧਨਾ ਨੂੰ ਸਮਝਣ ਵਿੱਚ ਅਸਫ਼ਲ ਰਹੀ:

> "ਸ਼ਾਮ ਦੀ ਬੰਦਗੀ ਦੇ ਲਈ ਵਾਪਸ ਆਉਣਾ ਨਾ ਭੁੱਲਣਾ," ਅਰਾਧਨਾ ਆਗੂ ਨੇ ਇੱਕ ਟੈਲੀਵਿਜ਼ਨ ਗੇਮ ਸ਼ੋਅ ਏਮਸੀ ਦੀ ਅਵਾਜ਼ ਵਿੱਚ ਅਤੇ ਮੁਸਕਰਾਉਂਦੇ ਹੋਏ ਕਿਹਾ। "ਅਸੀਂ ਇੱਕ ਮਜ਼ੇਦਾਰ ਸਮਾਂ ਬਿਤਾਉਣ ਜਾ ਰਹੇ ਹਾਂ।"
>
> ਐਤਵਾਰ ਦੁਪਹਿਰ ਦੇ ਦੌਰਾਨ ਮੈਂ ਸੋਚ ਰਿਹਾ ਸੀ ਕਿ ਉਸ ਗੱਲ ਦਾ ਕੀ ਅਰਥ ਸੀ। ਜਨਮਦਿਨ ਦੀ ਪਾਰਟੀ ਦੇ ਸੱਦੇ ਦੇ ਲਈ "ਅਸੀਂ ਇੱਕ ਮਜ਼ੇਦਾਰ ਸਮਾਂ ਬਿਤਾਉਣ ਜਾ ਰਹੇ ਹਾਂ" ਅਰਥ ਰੱਖਦਾ ਹੈ, ਪਰ ਇਹ ਮਹਿਮਾ ਦੇ ਪ੍ਰਭੂ ਦੀ ਅਰਾਧਨਾ ਕਰਨ

> ਲਈ ਇਕੱਠੇ ਹੋਏ ਮਸੀਹੀ ਵਿਸ਼ਵਾਸੀਆਂ ਦੇ ਸਮੂਹ ਨਾਲ ਕਿਵੇਂ ਸੰਬੰਧ ਰੱਖਦਾ ਹੈ? ਮੂਸਾ ਅਤੇ ਇਸਰਾਏਲ ਦੇ ਲੋਕਾਂ ਕੋਲ ਕੋਈ ਮਜ਼ੇਦਾਰ ਸਮਾਂ ਨਹੀਂ ਸੀ ਜਦੋਂ ਉਹ ਸੀਨਈ ਪਹਾੜ ਤੇ ਇਕੱਠੇ ਹੋਏ ...
>
> ਯੂਹੰਨਾ ਨੂੰ ਪਾਤਮੁਸ ਟਾਪੂ ਉੱਤੇ ਕੁਝ ਦਿਲਚਸਪ ਅਨੁਭਵ ਹੋਏ, ਪਰ ਇਸ ਗੱਲ ਤੇ ਸੰਦੇਹ ਹੈ ਕਿ ਉਹ ਉੱਥੇ ਮਜ਼ੇਦਾਰ ਸਮਾਂ ਬਿਤਾ ਰਿਹਾ ਸੀ।[82]

ਇਨ੍ਹਾਂ ਪਾਠਾਂ ਵਿੱਚ, ਅਸੀਂ ਵੇਖਿਆ ਹੈ ਕਿ ਅਰਾਧਨਾ ਕਿਸੇ ਮਜ਼ੇਦਾਰ ਸਮੇਂ ਤੋਂ ਵੱਧ, ਕਿਸੇ ਖ਼ਾਸ ਰੀਤ ਤੋਂ ਵੱਧ ਅਤੇ ਐਤਵਾਰ ਸਵੇਰ ਦੀ ਕਿਸੇ ਗਤੀਵਿਧੀ ਤੋਂ ਵੱਧ ਕੇ ਹੈ। ਅਰਾਧਨਾ ਪਰਮੇਸ਼ੁਰ ਨੂੰ ਉਹ ਮਹਿਮਾ ਦੇਣਾ ਹੈ ਜਿਸ ਦੇ ਉਹ ਯੋਗ ਹੈ। ਕਾਗਜ਼ ਤੇ, ਇਹ ਅਸਾਨ ਜਾਪਦਾ ਹੈ; ਅਸਲ ਜੀਵਨ ਵਿੱਚ, ਇਹ ਇੱਕ ਚੁਣੌਤੀ ਹੋ ਸਕਦੀ ਹੈ। ਇਸ ਪਾਠ ਵਿੱਚ, ਅਸੀਂ ਅਰਾਧਨਾ ਨਾਲ ਸੰਬੰਧਤ ਕੁਝ ਸਵਾਲਾਂ ਨੂੰ ਵੇਖਾਂਗੇ। ਜਦੋਂ ਤੁਸੀਂ ਇਨ੍ਹਾਂ ਸਵਾਲਾਂ ਦਾ ਅਧਿਐਨ ਕਰਦੇ ਹੋ, ਯਾਦ ਰੱਖੋ ਕਿ ਮੂਲ ਸਵਾਲ ਇਹ ਨਹੀਂ ਹੈ ਕਿ "ਮੈਨੂੰ ਕੀ ਪਸੰਦ ਹੈ?" ਅਰਾਧਨਾ ਲਈ ਮੂਲ ਸਵਾਲ ਇਹ ਹੈ ਕਿ "ਪਰਮੇਸ਼ੁਰ ਨੂੰ ਕੀ ਪਸੰਦ ਹੈ? ਕਿਹੜੀ ਗੱਲ ਉਸ ਦੇ ਲਈ ਆਦਰ ਅਤੇ ਮਹਿਮਾ ਲਿਆਉਂਦੀ ਹੈ?"

ਅਰਾਧਨਾ ਅਤੇ ਸੱਭਿਆਚਾਰ

» ਆਪਣੀ ਕਲੀਸੀਆ ਦੀ ਅਰਾਧਨਾ ਸ਼ੈਲੀ ਬਾਰੇ ਚਰਚਾ ਕਰੋ। ਤੁਹਾਡੀ ਅਰਾਧਨਾ ਦੇ ਕਿਹੜੇ ਪਹਿਲੂਆਂ ਦਾ ਬਚਨ ਵਿੱਚ ਹੁਕਮ ਦਿੱਤਾ ਗਿਆ ਹੈ ਅਤੇ ਸੱਭਿਆਚਾਰ ਦੁਆਰਾ ਕਿਹੜੇ ਪਹਿਲੂ ਨਿਰਧਾਰਤ ਕੀਤੇ ਜਾਂਦੇ ਹਨ?

"ਮੇਰੇ ਦੇਸ਼ ਵਿੱਚ ਅਰਾਧਨਾ ਲਈ ਸਭ ਤੋਂ ਮੁਸ਼ਕਲ ਮੁੱਦਾ ਸੱਭਿਆਚਾਰਕ ਪ੍ਰਾਸੰਗਿਕਤਾ ਹੈ। ਜ਼ਿਆਦਾਤਰ ਕਲੀਸੀਆਵਾਂ ਅਰਾਧਨਾ ਦੀ ਸ਼ੈਲੀ ਵਿਦੇਸ਼ ਤੋਂ ਲੈ ਕੇ ਆ ਰਹੀਆਂ ਹਨ - ਭਾਵੇਂ ਇਹ ਸਮਕਾਲੀ ਹੋਵੇ ਜਾਂ ਰਵਾਇਤੀ। ਸਾਡੇ ਲੋਕ ਪੱਛਮੀ ਸ਼ੈਲੀ ਨੂੰ ਸਿਰਫ਼ ਇਸ ਲਈ ਅਪਨਾ ਰਹੇ ਹਨ ਹਨ ਕਿਉਂਕਿ ਉਹ ਸਮੇਂ ਦੇ ਨਾਲ ਚੱਲਣਾ ਚਾਹੁੰਦੇ ਹਨ, ਪਰ ਨਾ ਤਾਂ 'ਰਵਾਇਤੀ' ਅਤੇ ਨਾ ਹੀ 'ਸਮਕਾਲੀ' ਅਰਾਧਨਾ ਲੋਕਾਂ ਦੇ ਦਿਲ ਨੂੰ ਛੂੰਹਦੀ ਹੈ ਕਿਉਂਕਿ ਦੋਵੇਂ ਵਿਦੇਸ਼ੀ ਹਨ। ਅਸੀਂ ਉਸ ਤਰੀਕੇ ਨਾਲ ਕਿਵੇਂ ਅਰਾਧਨਾ ਕਰਦੇ ਹਾਂ ਜਿਸ ਨਾਲ ਪਰਮੇਸ਼ੁਰ ਦਾ ਆਦਰ ਹੁੰਦਾ ਹੈ ਅਤੇ ਉਹ ਇਸ ਸੰਸਾਰ ਨਾਲ ਗੱਲ ਕਰਦਾ ਹੈ ਜਿਸ ਵਿੱਚ ਅਸੀਂ ਸੇਵਾ ਕਰਦੇ ਹਾਂ?"

ਸੱਭਿਆਚਾਰ ਜਾਂ ਬਾਈਬਲ?

ਇੱਕ ਲਾੜੀ ਅਤੇ ਲਾੜਾ ਦੋ ਵੱਖੋ-ਵੱਖਰੇ ਸੱਭਿਆਚਾਰਾਂ ਤੋਂ ਸਨ। ਵਿਆਹ ਦੀ ਦਾਅਵਤ ਤੇ, ਲਾੜੀ ਦੇ ਸੱਭਿਆਚਾਰ ਵਾਲੇ ਭੋਜਨ ਪਰੋਸੇ ਗਏ। ਜਦੋਂ ਇੱਕ ਪਕਵਾਨ ਲਾੜੇ ਦੇ ਕੋਲ ਲਿਆਂਦਾ ਗਿਆ, ਲਾੜੇ ਨੇ ਪੁੱਛਿਆ, "ਇਹ ਕੀ ਹੈ?" ਲਾੜੀ ਨੇ ਉਸ ਨੂੰ ਦੱਸਿਆ ਅਤੇ ਫਿਰ ਕਿਹਾ, "ਮੇਰੇ ਦੇਸ਼ ਵਿੱਚ, ਇਹ ਸਭ ਤੋਂ ਵੱਧ ਸੁਆਦਲਾ ਜਾਂ ਪਸੰਦ ਕੀਤਾ ਜਾਣ ਵਾਲਾ ਪਕਵਾਨ ਹੈ।" ਉਸ ਨੇ ਮੱਥੇ ਤਿਉੜੀ ਪਾ ਕੇ ਜਵਾਬ ਦਿੱਤਾ, "ਮੇਰੇ ਦੇਸ਼ ਵਿੱਚ, ਇਹ ਸਭ ਤੋਂ ਨਾਪਸੰਦ ਕੀਤਾ ਜਾਣ ਵਾਲਾ ਪਕਵਾਨ ਹੈ!" ਸੱਭਿਆਚਾਰਕ ਅੰਤਰ ਚੁਣੌਤੀਪੂਰਣ ਹੋ ਸਕਦੇ ਹਨ।

ਅਸੀਂ ਸਾਰੇ ਆਪੋ-ਆਪਣੇ ਸੱਭਿਆਚਾਰ ਤੋਂ ਪ੍ਰਭਾਵਿਤ ਹਾਂ। ਕੁਝ ਮਸੀਹੀ ਲੋਕ ਚੋਪਸਟਿਕਸ (ਕਿਮਚੀ) ਦੀ ਬਜਾਇ ਕਾਂਟੇ ਨਾਲ ਇਸ ਲਈ ਨਹੀਂ ਖਾਂਦੇ ਹਨ ਕਿਉਂਕਿ ਕਾਂਟੇ ਬਾਈਬਲ ਦੇ ਅਨੁਸਾਰ ਸਹੀ ਹਨ ਜਾਂ ਵਧੇਰੇ ਪ੍ਰਭਾਵਸ਼ਾਲੀ ਹਨ। ਉਹ ਕਾਂਟੇ ਨਾਲ ਇਸ ਲਈ ਖਾਂਦੇ ਹਨ ਕਿਉਂਕਿ ਉਹ ਕਾਂਟੇ ਦੀ ਵਰਤੋਂ ਕਰਨ ਵਾਲੇ ਸੱਭਿਆਚਾਰ ਵਿੱਚ ਵੱਡੇ ਹੋਏ ਹਨ। ਦੁਨੀਆਂ ਦੇ ਦੂਜੇ ਹਿੱਸਿਆਂ ਵਿੱਚ ਰਹਿੰਦੇ ਉਨ੍ਹਾਂ ਦੇ ਮਸੀਹੀ ਦੋਸਤਾਂ ਨੂੰ ਚੋਪਸਟਿਕਸ ਕਾਟਿਆਂ ਨਾਲੋਂ ਵਧੇਰੇ ਉਪਯੋਗੀ ਲੱਗਦੀਆਂ ਹਨ।

ਸਾਡੀ ਅਰਾਧਨਾ ਸਾਡੇ ਸੱਭਿਆਚਾਰ ਤੋਂ ਪ੍ਰਭਾਵਿਤ ਹੁੰਦੀ ਹੈ। ਸਾਡੀ ਅਰਾਧਨਾ ਦੇ ਕਈ ਪਹਿਲੂ ਸੱਭਿਆਚਾਰ ਦਾ ਵਿਸ਼ਾ ਹਨ। ਕੋਈ ਵਿਅਕਤੀ ਜਿਹੜਾ ਅਮਰੀਕਾ ਦੀ ਇੱਕ ਰਵਾਇਤੀ ਕਲੀਸੀਆ ਵਿੱਚ ਵੱਡਾ ਹੋਇਆ ਹੈ, ਉਸ ਨੂੰ ਚਰਚ ਦੇ ਹਾਰਮੋਨੀਅਮ ਦੀ ਅਵਾਜ਼ ਚੰਗੀ ਲੱਗ ਸਕਦੀ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਬਾਈਬਲ ਵਿੱਚ ਚਰਚ ਦੇ ਹਾਰਮੋਨੀਅਮ ਨੂੰ ਗਿਟਾਰ ਨਾਲੋਂ ਵਧੇਰੇ ਮਹੱਤਵ ਦਿੱਤਾ ਗਿਆ ਹੈ; ਇਹ ਸੱਭਿਆਚਾਰ ਦਾ ਇੱਕ ਪਹਿਲੂ ਹੈ।

---

82 Warren Wiersbe, Real Worship (Grand Rapids: Baker Books, 2000), 169-170

ਲੇਸੋਥੋ ਵਿੱਚ, ਕਲੀਸੀਆ ਇੱਕ ਆਗੂ ਅਤੇ ਕਲੀਸੀਆ ਵਿਚਾਲੇ ਇੱਕ ਸੱਦੇ ਅਤੇ ਪ੍ਰਤੀਉੱਤਰ ਵਾਲਾ ਗੀਤ ਗਾਉਂਦੀ ਹੈ। ਇਸ ਸ਼ੈਲੀ ਵਿੱਚ, ਆਗੂ ਇੱਕ ਵਾਕ ਗਾਉਂਦਾ ਹੈ ਅਤੇ ਫਿਰ ਕਲੀਸੀਆ ਅਗਲਾ ਵਾਕ ਗਾਉਂਦੀ ਹੈ। ਗਾਉਣ ਦੀ ਇਹ ਸੁੰਦਰ ਸ਼ੈਲੀ ਅਮਰੀਕਾ ਦੀ ਕਿਸੇ ਕਲੀਸੀਆ ਵਿੱਚ ਸ਼ਾਇਦ ਕਦੇ ਨਾ ਸੁਣੀ ਗਈ ਹੋਵੇ। ਜੇ ਅਮਰੀਕਾ ਦੀ ਕਿਸੇ ਕਲੀਸੀਆ ਦੇ ਸੰਗੀਤ ਨਿਰਦੇਸ਼ਕ ਨੇ ਇਸ ਨੂੰ ਅਜਮਾਇਆ, ਤਾਂ ਕਲੀਸੀਆ ਉਲਝਣ ਵਿੱਚ ਪੈ ਜਾਵੇਗੀ। *ਇਕਸੁਰ ਵਿੱਚ ਗਾਇਨ* ਬਨਾਮ *ਸੱਦਾ/ਪ੍ਰਤੀਉੱਤਰ ਗਾਇਨ* ਸੱਭਿਆਚਾਰ ਦਾ ਮਾਮਲਾ ਹੈ, ਬਾਈਬਲ ਦੇ ਸਿਧਾਂਤ ਦਾ ਨਹੀਂ।

ਅਰਾਧਨਾ ਸ਼ੈਲੀ ਦੀ ਜਾਂਚ ਕਰਦਿਆਂ ਸਾਨੂੰ ਤਿੰਨ ਸਵਾਲ ਪੁੱਛਣੇ ਚਾਹੀਦੇ ਹਨ:

1. ਕੀ ਅਸੀਂ ਸੱਭਿਆਚਾਰ ਅਤੇ ਬਚਨ ਨੂੰ ਉਲਝਾ ਰਹੇ ਹਾਂ?
2. ਕੀ ਸਾਡਾ ਸੱਭਿਆਚਾਰ ਬਚਨ ਦਾ ਖੰਡਨ ਕਰਦਾ ਹੈ?
3. ਜਿਸ ਸੱਭਿਆਚਾਰ ਵਿੱਚ ਪਰਮੇਸ਼ੁਰ ਨੇ ਸਾਨੂੰ ਰੱਖਿਆ ਹੈ ਉਸ ਸੱਭਿਆਚਾਰ ਦੇ ਲੋਕਾਂ ਨਾਲ ਸਾਡੀ ਅਰਾਧਨਾ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਗੱਲ ਕਰ ਸਕਦੀ ਹੈ?

ਕੀ ਅਸੀਂ ਸੱਭਿਆਚਾਰ ਅਤੇ ਬਚਨ ਨੂੰ ਉਲਝਾ ਰਹੇ ਹਾਂ?

ਇਹ ਸਵਾਲ ਉਦੋਂ ਮਹੱਤਵਪੂਰਣ ਹੁੰਦਾ ਹੈ ਜਦੋਂ ਅਰਾਧਨਾ ਦੇ ਕਿਸੇ ਅਜਿਹੇ ਤੌਰ-ਤਰੀਕੇ ਦਾ ਮੁਲਾਂਕਣ ਕੀਤਾ ਜਾਂਦਾ ਹੈ ਜੋ ਸਾਡੇ ਆਪਣੇ ਤੌਰ-ਤਰੀਕੇ ਨਾਲੋਂ ਵੱਖਰਾ ਹੁੰਦਾ ਹੈ। ਉਸ ਸਥਿਤੀ ਵਿੱਚ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਸੱਭਿਆਚਾਰ ਅਤੇ ਬਚਨ ਨੂੰ ਨਾ ਉਲਝਾਈਏ। ਸਾਡੇ ਲਈ ਆਪਣੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਬਚਨ ਵਿੱਚ ਮਿਲਾ ਕੇ ਪੜ੍ਹਨਾ ਅਤੇ ਫਿਰ ਇਸ ਗੱਲ ਤੇ ਜ਼ੋਰ ਦੇਣਾ ਅਸਾਨ ਹੈ ਕਿ ਹਰ ਕੋਈ ਉਸੇ ਤਰ੍ਹਾਂ ਬਾਈਬਲ ਨੂੰ ਪੜ੍ਹੇ। ਸਾਡੇ ਇਹ ਮੰਨ ਲੈਣ ਦੀ ਆਸ਼ੰਕਾ ਹੁੰਦੀ ਹੈ ਕਿ ਸਾਡਾ ਤਰੀਕਾ ਬਾਈਬਲ ਦਾ ਤਰੀਕਾ ਹੈ।

ਕੋਈ ਕਹਿ ਸਕਦਾ ਹੈ, "ਚਰਚ ਦੇ ਸੰਗੀਤ ਲਈ ਹਾਰਮੋਨੀਅਮ ਸਹੀ ਸਾਜ਼ ਹੈ। ਗਿਟਾਰਾਂ ਦੀ ਅਰਾਧਨਾ ਵਿੱਚ ਕੋਈ ਜਗ੍ਹਾ ਨਹੀਂ ਹੈ।" ਪਰ, ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ, ਹਾਰਮੋਨੀਅਮ ਅਣ-ਉਪਯੋਗੀ ਸਾਜ਼ ਹੈ, ਜਦ ਕਿ ਕਿਤੇ ਵੀ ਲਿਜਾਈ ਜਾ ਸਕਣ ਵਾਲੀ ਗਿਟਾਰ ਗਾਉਣ ਲਈ ਬਹੁਤ ਉਪਯੋਗੀ ਹੈ। ਕੋਈ ਵੀ ਇਹ ਦਲੀਲ ਨਹੀਂ ਦੇ ਸਕਦਾ ਕਿ ਦੂਜੀ ਸਦੀ ਦੀਆਂ ਘਰੇਲੂ ਕਲੀਸੀਆਵਾਂ ਨੇ ਬੀਨ ਵਾਜੇ ਦੀ ਵਰਤੋਂ ਕੀਤੀ ਸੀ! ਹੋ ਸਕਦਾ ਹੈ ਕਿ ਕਿਸੇ ਨੂੰ ਬੀਨ ਵਾਜਾ ਪਸੰਦ ਹੋਵੇ, ਪਰ ਉਨ੍ਹਾਂ ਨੂੰ ਆਪਣੀਆਂ ਸੱਭਿਆਚਾਰਕ ਪਸੰਦਾਂ ਨੂੰ ਬਾਈਬਲ ਦੇ ਸਿਧਾਂਤਾਂ ਨਾਲ ਨਹੀਂ ਉਲਝਾਉਣਾ ਚਾਹੀਦਾ।

ਪੌਲ ਬ੍ਰੈਡਸ਼ੌ, ਅਰਾਧਨਾ ਦੇ ਇੱਕ ਇਤਿਹਾਸਕਾਰ, ਨੇ ਵਿਖਾਇਆ ਕਿ ਕਲੀਸੀਆ ਦੀਆਂ ਪਹਿਲੀਆਂ ਦੋ ਸਦੀਆਂ ਵਿੱਚ ਵੀ, ਅਰਾਧਨਾ ਦੇ ਕਈ ਰੂਪ ਸਨ। ਜਿਵੇਂ-ਜਿਵੇਂ ਕਲੀਸੀਆ ਫੈਲਦੀ ਗਈ, ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਅਰਾਧਨਾ ਹਰ ਮਾਹੌਲ ਵਿੱਚ ਇੱਕੋ ਜਿਹੀ ਰਹੀ ਸੀ।[83]

ਇਸ ਸਵਾਲ ਦਾ ਵਿਹਾਰਕ ਅਸਰ ਕੀ ਹੈ? ਦੂਜਿਆਂ ਦੀਆਂ ਅਰਾਧਨਾ ਸ਼ੈਲੀਆਂ ਦਾ ਮੁਲਾਂਕਣ ਕਰਦੇ ਸਮੇਂ ਜਾਂ ਸਾਡੀਆਂ ਆਪਣੀਆਂ ਕਲੀਸੀਆਵਾਂ ਦੇ ਅੰਦਰੋਂ ਨਵੇਂ ਵਿਚਾਰਾਂ ਦਾ ਪ੍ਰਤੀਉੱਤਰ ਦਿੰਦੇ ਹੋਏ, ਸਾਨੂੰ ਸੱਭਿਆਚਾਰ ਨੂੰ ਬਚਨ ਨਾਲ ਨਹੀਂ ਉਲਝਾਉਣਾ ਚਾਹੀਦਾ। ਸਾਨੂੰ ਕਿਸੇ ਵਿਚਾਰ ਨੂੰ ਸਿਰਫ਼ ਇਸ ਲਈ ਰੱਦ ਨਹੀਂ ਕਰ ਦੇਣਾ ਚਾਹੀਦਾ ਕਿਉਂਕਿ ਇਹ ਸਾਡੀਆਂ ਸੱਭਿਆਚਾਰਕ ਪਸੰਦਾਂ ਨੂੰ ਠੇਸ ਪਹੁੰਚਾਉਂਦਾ ਹੈ। ਜੇ ਅਰਾਧਨਾ ਦਾ ਕੋਈ ਤੌਰ-ਤਰੀਕਾ ਬਾਈਬਲ ਦੇ ਸਿਧਾਂਤਾਂ ਦਾ ਖੰਡਨ ਨਹੀਂ ਕਰਦਾ, ਤਾਂ **ਸਾਨੂੰ ਦੂਜਿਆਂ ਨੂੰ ਉਸੇ ਤਰੀਕੇ ਨਾਲ ਅਰਾਧਨਾ ਕਰਨ ਦੇਣੀ ਚਾਹੀਦੀ ਹੈ ਜਿਸ ਤਰ੍ਹਾਂ ਉਹ ਅਰਾਧਨਾ ਕਰਨਾ ਪਸੰਦ ਕਰਦੇ ਹਨ।**

ਇਸ ਦਾ ਮਤਲਬ ਇਹ ਨਹੀਂ ਹੈ ਕਿ ਹਰੇਕ ਅਰਾਧਨਾ ਸ਼ੈਲੀ ਹਰੇਕ ਕਲੀਸੀਆ ਲਈ ਢੁਕਵੀਂ ਹੈ। ਇੱਕ ਬੁੱਧੀਮਾਨ ਅਰਾਧਨਾ ਆਗੂ ਇੱਕ ਅਜਿਹੀ ਸ਼ੈਲੀ ਵਿੱਚ ਅਗਵਾਈ ਕਰੇਗਾ ਜੋ ਉਨ੍ਹਾਂ ਲੋਕਾਂ ਦੇ ਲਈ ਢੁਕਵੀਂ ਹੈ ਜਿਨ੍ਹਾਂ ਵਿੱਚ ਉਹ ਅਰਾਧਨਾ ਦੀ ਸੇਵਾ ਕਰਦਾ ਹੈ।

---

83 Paul Bradshaw, “The Search for the Origins of Christian Worship” in Robert Webber, Twenty Centuries of Christian Worship (Nashville: Star Song Publishing, 1994), 4

ਜਾਂਚ

ਕੀ ਅਰਾਧਨਾ ਦੇ ਅਜਿਹੇ ਤੌਰ-ਤਰੀਕੇ ਹਨ ਜੋ ਤੁਸੀਂ ਆਪਣੀਆਂ ਸੱਭਿਆਚਾਰਕ ਪਸੰਦਾਂ ਦੇ ਕਾਰਣ ਰੱਦ ਕੀਤੇ ਹਨ, ਨਾ ਕਿ ਬਾਈਬਲ ਦੇ ਸਿਧਾਂਤਾਂ ਦੇ ਕਾਰਣ? ਜੇ ਅਜਿਹਾ ਹੈ, ਤਾਂ ਕੀ ਤੁਸੀਂ ਦੂਜੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਤਰੀਕੇ ਨਾਲ ਅਰਾਧਨਾ ਕਰਨ ਦੀ ਅਜ਼ਾਦੀ ਦੇਣ ਲਈ ਤਿਆਰ ਹੋ, ਬਸ਼ਰਤੇ ਕਿ ਇਹ ਬਚਨ ਦੀ ਉਲੰਘਣਾ ਨਾ ਕਰਦਾ ਹੋਵੇ?

ਕੀ ਸਾਡਾ ਸੱਭਿਆਚਾਰ ਬਚਨ ਦਾ ਖੰਡਨ ਕਰਦਾ ਹੈ?

ਇਹ ਸਵਾਲ ਉਦੋਂ ਮਹੱਤਵਪੂਰਣ ਹੁੰਦਾ ਹੈ ਜਦੋਂ ਅਸੀਂ ਅਰਾਧਨਾ ਦੇ ਕਿਸੇ ਤੌਰ-ਤਰੀਕੇ ਦਾ ਬਚਾਅ ਕਰਨ ਲਈ ਇਸ ਲਈ ਪਰਤਾਏ ਜਾਂਦੇ ਹਾਂ ਕਿਉਂਕਿ ਇਹ ਸਾਡੇ ਸੱਭਿਆਚਾਰ ਵਿੱਚ ਆਮ ਹੈ। ਜੇ ਅਸੀਂ ਵੇਖਦੇ ਹਾਂ ਕਿ ਸਾਡੇ ਸੱਭਿਆਚਾਰ ਵਿੱਚ ਜੋ ਆਮ ਹੈ ਉਹ ਬਚਨ ਦਾ ਖੰਡਨ ਕਰਦਾ ਹੈ, **ਤਾਂ ਸਾਨੂੰ ਆਪਣੇ ਸੱਭਿਆਚਾਰ ਦੀਆਂ ਉਮੀਦਾਂ ਦੀ ਬਜਾਇ ਬਚਨ ਨੂੰ ਪੂਰਾ ਕਰਨਾ ਚਾਹੀਦਾ ਹੈ।**

ਧਰਮ ਸੁਧਾਰਕਾਂ ਨੂੰ ਇਸ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਜਦੋਂ ਉਨ੍ਹਾਂ ਨੇ ਅਰਾਧਨਾ ਵਿੱਚ ਨਾਟਕੀ ਬਦਲਾਅ ਕੀਤੇ। ਮੱਧਕਾਲੀ ਸੱਭਿਆਚਾਰ ਕਹਿੰਦਾ ਸੀ, "ਆਮ ਆਦਮੀਆਂ ਨੂੰ ਬਾਈਬਲ ਨਹੀਂ ਪੜ੍ਹਨੀ ਚਾਹੀਦੀ; ਉਹ ਇਸ ਨੂੰ ਸਮਝ ਨਹੀਂ ਸਕਦੇ।" ਵਿਕਲਿਫ, ਹੱਸ, ਲੂਥਰ, ਅਤੇ ਹੋਰ ਸੁਧਾਰਕਾਂ ਨੂੰ ਇਹ ਅਹਿਸਾਸ ਹੋਇਆ ਕਿ ਬਚਨ ਸਾਰੇ ਲੋਕਾਂ ਦੇ ਲਈ ਹੈ। ਉਨ੍ਹਾਂ ਦਾ ਮੱਧਕਾਲੀ ਸੱਭਿਆਚਾਰ ਬਚਨ ਦੀ ਸਿੱਖਿਆ ਦਾ ਖੰਡਨ ਕਰਦਾ ਸੀ। ਸੁਧਾਰਕਾਂ ਨੇ ਬਚਨ ਦੀ ਸਚਿਆਈ ਨਾਲ ਆਪਣੇ ਸੱਭਿਆਚਾਰ ਦਾ ਸਾਹਮਣਾ ਕਰਨ ਲਈ ਆਪਣੀਆਂ ਜਾਨਾਂ ਜੋਖਮ ਵਿੱਚ ਪਾ ਦਿੱਤੀਆਂ।

ਜੇਕਰ ਸੱਭਿਆਚਾਰ ਬਚਨ ਦਾ ਖੰਡਨ ਕਰਦਾ ਹੈ, ਤਾਂ ਸਾਨੂੰ ਆਪਣੇ ਸੱਭਿਆਚਾਰ ਨੂੰ ਰੱਦ ਕਰ ਦੇਣਾ ਚਾਹੀਦਾ ਹੈ! ਪਰਮੇਸ਼ੁਰ ਦਾ ਬਚਨ ਸਾਡਾ ਅੰਤਮ ਅਧਿਕਾਰ ਹੈ; ਅਸੀਂ ਆਪਣੇ ਆਲੇ-ਦੁਆਲੇ ਦੇ ਜਗਤ ਦੇ ਸਰੂਪ ਜਿਹੇ ਬਣਨ ਲਈ ਬਚਨ ਦੀ ਸਚਿਆਈ ਨਾਲ ਸਮਝੌਤਾ ਨਹੀਂ ਕਰ ਸਕਦੇ। ਰੋਮੀਆਂ 12:2 ਦੀ ਇੱਕ ਵਿਆਖਿਆ ਕੁਝ ਇਸ ਤਰ੍ਹਾਂ ਹੈ, "ਆਪਣੇ ਸੱਭਿਆਚਾਰ ਵਿੱਚ ਇੰਨੇ ਨਾ ਢਲ ਜਾਓ ਕਿ ਤੁਸੀਂ ਬਿਨਾਂ ਸੋਚੇ-ਸਮਝੇ ਇਸ ਦਾ ਹਿੱਸਾ ਬਣ ਜਾਓ।"[84] ਅਸੀਂ ਜਗਤ ਨੂੰ ਸਾਨੂੰ ਇਸ ਦੇ ਆਪਣੇ ਸਾਂਚੇ ਵਿੱਚ ਢਾਲਣ ਨਹੀਂ ਦੇ ਸਕਦੇ।

ਜਾਂਚ

ਕੀ ਅਜਿਹੇ ਖੇਤਰ ਹਨ ਜਿੱਥੇ ਤੁਹਾਡੀ ਅਰਾਧਨਾ ਬਚਨ ਦੇ ਸਿਧਾਂਤਾਂ ਦਾ ਖੰਡਨ ਕਰਦੀ ਹੈ?

84 E. H. Peterson, The Message (Colorado Springs: NavPress, 2002)

ਜਿਸ ਸੱਭਿਆਚਾਰ ਵਿੱਚ ਪਰਮੇਸ਼ੁਰ ਨੇ ਸਾਨੂੰ ਰੱਖਿਆ ਹੈ ਉਸ ਸੱਭਿਆਚਾਰ ਦੇ ਲੋਕਾਂ ਨਾਲ ਸਾਡੀ ਅਰਾਧਨਾ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਗੱਲ ਕਰ ਸਕਦੀ ਹੈ?

ਖੁਸ਼ਖ਼ਬਰੀ ਦੇ ਨਾਲ ਸਾਡੇ ਸੰਸਾਰ ਤੱਕ ਪਹੁੰਚ ਕਰਨ ਲਈ ਇਹ ਸਵਾਲ ਮਹੱਤਵਪੂਰਣ ਹੈ। ਜੇਕਰ ਅਸੀਂ ਖੁਸ਼ਖ਼ਬਰੀ ਨਾਲ ਆਪਣੇ ਆਲੇ-ਦੁਆਲੇ ਦੇ ਸੰਸਾਰ ਨੂੰ ਛੂਹਣਾ ਚਾਹੁੰਦੇ ਹਾਂ, ਤਾਂ ਸਾਡੀ ਅਰਾਧਨਾ ਉਸ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ ਜਿਹੜੀ ਲੋਕ ਸਮਝਦੇ ਹਨ।

ਜੌਨ ਵੈਸਲੀ ਨੂੰ ਵੀ ਇਸ ਸਵਾਲ ਦਾ ਸਾਹਮਣਾ ਕਰਨਾ ਪਿਆ ਜਦੋਂ ਉਸ ਨੇ ਖੇਤਾਂ ਵਿੱਚ ਪਰਚਾਰ ਕਰਨਾ ਸ਼ੁਰੂ ਕੀਤਾ। ਆਪਣੇ ਐਂਗਲੀਕਨ ਸਾਥੀਆਂ ਦੀ ਤਰ੍ਹਾਂ, ਵੈਸਲੀ ਸ਼ੁਰੂ-ਸ਼ੁਰੂ ਵਿੱਚ ਵਿਸ਼ਵਾਸ ਕਰਦਾ ਸੀ ਕਿ ਚਰਚ ਹੀ ਪਰਚਾਰ ਲਈ ਸਹੀ ਜਗ੍ਹਾ ਹੈ। ਜੌਰਜ ਵਾਈਟਫੀਲਡ ਤੋਂ ਪ੍ਰਭਾਵਿਤ ਹੋ ਕੇ, ਵੈਸਲੀ ਨੇ ਇਹ ਸਮਝਣਾ ਸ਼ੁਰੂ ਕਰ ਦਿੱਤਾ ਕਿ ਮਹਾਨ ਆਗਿਆ ਨੂੰ ਪੂਰਾ ਕਰਨ ਦੇ ਲਈ ਉਸ ਨੂੰ ਚਰਚ ਦੇ ਬਾਹਰ ਜਾ ਕੇ ਪਰਚਾਰ ਕਰਨ ਦੀ ਲੋੜ ਸੀ।[85] ਵੈਸਲੀ ਇਹ ਵਿਚਾਰ ਕਰਨ ਦੇ ਲਈ ਮਜ਼ਬੂਰ ਹੋ ਗਿਆ ਕਿ "ਮੈਂ ਕੋਲੇ ਦੀ ਖਾਣ ਵਿੱਚ ਕੰਮ ਕਰਨ ਵਾਲਿਆਂ ਨੂੰ ਖੁਸ਼ਖ਼ਬਰੀ ਦਾ ਪਰਚਾਰ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਕਰ ਸਕਦਾ ਹਾਂ ਜੋ ਸਿਰਫ਼ ਵਿਆਹ-ਸ਼ਾਦੀਆਂ ਅਤੇ ਜਨਾਜ਼ਿਆਂ ਤੋਂ ਇਲਾਵਾ ਕਦੇ ਵੀ ਚਰਚ ਨਹੀਂ ਸੀ ਆਉਂਦੇ?" ਜਵਾਬ ਸੀ ਖੇਤਾਂ ਵਿੱਚ ਪਰਚਾਰ ਕਰਨਾ।

2 ਅਪ੍ਰੈਲ, 1739 ਨੂੰ, ਵੈਸਲੀ ਸ਼ਹਿਰ ਤੋਂ ਬਾਹਰ ਗਿਆ ਅਤੇ ਲਗਭਗ 3,000 ਲੋਕਾਂ ਵਿੱਚ ਪਰਚਾਰ ਕੀਤਾ ਜੋ ਇੱਕ ਖੇਤ ਵਿੱਚ ਇਕੱਠੇ ਹੋਏ ਸਨ। ਇਸ ਨੇ ਇੱਕ ਅਜਿਹੀ ਸੇਵਕਾਈ ਦੀ ਸ਼ੁਰੂਆਤ ਕੀਤੀ ਜਿਸ ਨੇ 18ਵੀਂ ਸਦੀ ਦੇ ਅੰਗਰੇਜ਼ੀ ਬੋਲਣ ਵਾਲੇ ਸੰਸਾਰ ਨੂੰ ਬਦਲ ਦੇਣਾ ਸੀ।

ਵੈਸਲੀ ਖੇਤਾਂ ਵਿੱਚ ਪਰਚਾਰ ਕਰਨ ਦਾ ਇੰਨਾ ਜ਼ੋਰਦਾਰ ਵਿਰੋਧ ਕਰਦਾ ਸੀ ਕਿ ਉਸ ਨੇ ਇੱਕ ਵਾਰ ਕਿਹਾ, "ਮੈਂ ਰੂਹਾਂ ਨੂੰ ਬਚਾਉਣ ਦੇ ਕੰਮ ਨੂੰ ਲਗਭਗ ਇੱਕ ਪਾਪ ਸਮਝਦਾ ਹਾਂ/ਸਮਝਦਾ ਜੇ ਇਹ ਚਰਚ ਵਿੱਚ ਨਾ ਕੀਤਾ ਗਿਆ ਹੁੰਦਾ।" ਜਦੋਂ ਉਸ ਨੂੰ ਅਹਿਸਾਸ ਹੋ ਗਿਆ ਕਿ ਉਸ ਦੇ ਸੱਭਿਆਚਾਰਕ ਭੇਦ-ਭਾਵ ਖੁਸ਼ਖ਼ਬਰੀ ਵਿੱਚ ਰੁਕਾਵਟ ਸਨ, ਤਾਂ ਵੈਸਲੀ ਆਪਣੇ ਤੌਰ-ਤਰੀਕਿਆਂ ਨੂੰ ਬਦਲਣ ਦੇ ਲਈ ਤਿਆਰ ਸੀ। ਉਸ ਦੇ ਕਈ ਐਂਗਲੀਕਨ ਸਾਥੀਆਂ ਨੇ ਇਸ ਬਦਲਾਅ ਨੂੰ ਠੁਕਰਾ ਦਿੱਤਾ। ਚਰਚ ਤੋਂ ਬਾਹਰ ਖੁੱਲ੍ਹੇ ਵਿੱਚ ਪਰਚਾਰ ਸ਼ੁਰੂ ਕਰਨ ਦੇ ਇੱਕ ਮਹੀਨੇ ਦੇ ਅੰਦਰ-ਅੰਦਰ, ਇੱਕ ਬਿਸ਼ਪ ਨੇ ਵੈਸਲੀ ਨੂੰ ਦੱਸਿਆ ਕਿ ਹੁਣ ਐਂਗਲੀਕਨ ਚਰਚਾਂ ਵਿੱਚ ਪਰਚਾਰ ਕਰਨ ਦੇ ਲਈ ਉਸ ਦਾ ਸੁਆਗਤ ਨਹੀਂ ਹੈ। ਤੁਹਾਡੇ ਸੱਭਿਆਚਾਰ ਦੇ ਨਾਲ ਗੱਲ ਕਰਨ ਦੇ ਲਈ ਤਿਆਰ ਰਹਿਣਾ ਮਹਿੰਗਾ ਪੈ ਸਕਦਾ ਹੈ; ਇਸ ਨਾਲ ਵੈਸਲੀ ਨੂੰ ਉਸ ਦੇ ਬਹੁਤ ਸਾਰੇ ਸਾਥੀ ਐਂਗਲੀਕਨ ਪਾਸਟਰਾਂ ਦੇ ਸਤਿਕਾਰ ਤੋਂ ਹੱਥ ਧੋਣਾ ਪਿਆ। ਯਿਸੂ ਦਾ ਚਾਨਣ ਅਤੇ ਲੂਣ ਬਣਨ ਦਾ ਸੱਦਾ ਨਿੱਜੀ ਸਹੂਲਤ ਦੀ ਤੁਲਨਾ ਵਿੱਚ ਉੱਚ ਪ੍ਰਾਥਮਿਕਤਾ ਹੈ।

ਮਾਈਕਲ ਕਾਸਪਰ ਨੇ ਸਾਡੀ ਅਰਾਧਨਾ ਅਤੇ ਆਲੇ-ਦੁਆਲੇ ਦੇ ਸੱਭਿਆਚਾਰ ਵਿਚਾਲੇ ਸੰਬੰਧ ਨੂੰ ਸਮਝਣ ਲਈ ਤਿੰਨ ਸਵਾਲਾਂ ਦਾ ਸੁਝਾਅ ਦਿੱਤਾ ਹੈ।[86]

1. ਇੱਥੇ ਕੌਣ ਹੈ?

ਇਹ ਸਵਾਲ ਸਾਡੀ ਕਲੀਸੀਆ ਦੀ ਗੱਲ ਕਰਦਾ ਹੈ; "ਸਾਡੀਆਂ ਅਰਾਧਨਾ ਬੰਦਗੀਆਂ ਵਿੱਚ ਕੌਣ ਸ਼ਾਮਲ ਹੁੰਦਾ ਹੈ?" ਕਈ ਵਾਰ ਅਸੀਂ ਖੁਸ਼ਖ਼ਬਰੀ ਨਾਲ ਸੰਸਾਰ ਤੱਕ ਪਹੁੰਚ ਕਰਨ ਬਾਰੇ ਇੰਨੇ ਚਿੰਤਾ ਵਿੱਚ ਪੈ ਜਾਂਦੇ ਹਾਂ ਕਿ ਅਸੀਂ ਕਲੀਸੀਆ ਦੀ ਸੇਵਾ ਕਰਨ ਵਿੱਚ ਅਸਫ਼ਲ ਹੋ ਜਾਂਦੇ ਹਾਂ। ਸਾਡੀ ਅਰਾਧਨਾ ਉਦੋਂ ਝੂਠੀ ਬਣ ਜਾਂਦੀ ਹੈ ਜਦੋਂ ਅਸੀਂ ਉਹ ਬਣਨ ਦੀ ਕੋਸ਼ਿਸ਼ ਕਰਦੇ ਹਾਂ ਜੋ ਅਸੀਂ ਨਹੀਂ ਹੁੰਦੇ। ਕਿਉਂਕਿ ਅਰਾਧਨਾ ਨੂੰ ਕਲੀਸੀਆ ਨਾਲ ਗੱਲ ਕਰਨੀ ਚਾਹੀਦੀ ਹੈ, ਸਾਨੂੰ ਇਹ ਪੁੱਛਣਾ ਚਾਹੀਦਾ ਹੈ, "ਇੱਥੇ ਕੌਣ ਹੈ? ਪਰਮੇਸ਼ੁਰ ਨੇ ਸਾਡੀ ਕਲੀਸੀਆ ਵਿੱਚ ਕਿਸ ਨੂੰ ਰੱਖਿਆ ਹੈ?"

---

85 ਇਹ ਸਵਾਲ 2 ਦੀ ਵੱਲ ਇਸ਼ਾਰਾ ਕਰਦਾ ਹੈ - "ਕੀ ਸਾਡਾ ਸੱਭਿਆਚਾਰ ਬਚਨ ਦਾ ਖੰਡਨ ਕਰਦਾ ਹੈ?"

86 Michael Cosper, Rhythms of Grace: How the Church's Worship Tells the Story of the Gospel (Wheaton: Crossway Books, 2013), 176-179

2. ਇੱਥੇ ਕੌਣ ਸੀ?

ਇਹ ਸਵਾਲ ਸਾਡੇ ਵਿਰਸੇ ਦੀ ਗੱਲ ਕਰਦਾ ਹੈ। ਵਿਸ਼ਵਾਸੀ ਹੋਣ ਦੇ ਨਾਤੇ, ਸਾਡੇ ਕੋਲ ਇੱਕ ਵਿਰਸਾ ਹੈ ਜੋ ਅਰੰਭਕ ਕਲੀਸੀਆ ਤੋਂ ਚੱਲ ਰਿਹਾ ਹੈ ਅਤੇ ਦੁਨੀਆਂ ਭਰ ਵਿੱਚ ਫੈਲਿਆ ਹੋਇਆ ਹੈ।

ਇਸ ਦਾ ਅਰਥ ਹੈ ਕਿ ਅਸੀਂ ਆਪਣੀ ਪੀੜ੍ਹੀ ਦੀ ਜਾਣ-ਪਛਾਣ ਅਤੀਤ ਦੇ ਮਹਾਨ ਭਜਨਾਂ ਨਾਲ ਕਰਵਾਉਣ ਦਾ ਜਤਨ ਕਰਾਂਗੇ। ਇਸ ਦਾ ਅਰਥ ਹੈ ਕਿ ਅਸੀਂ ਅੱਜ ਲੋਕਾਂ ਨੂੰ ਕਲੀਸੀਆ ਦੇ ਇਤਿਹਾਸ ਨਾਲ ਜੋੜਾਂਗੇ। ਨੌਜਵਾਨ ਮਸੀਹੀ ਲੋਕਾਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਉਹ ਉਸ ਵਿਰਸੇ ਦਾ ਹਿੱਸਾ ਹਨ ਜੋ ਸਾਡੇ ਜਨਮ ਤੋਂ ਬਹੁਤ ਪਹਿਲਾਂ ਸ਼ੁਰੂ ਹੋਇਆ ਸੀ ਅਤੇ ਸਾਡੇ ਚਲੇ ਜਾਣ ਤੋਂ ਬਾਅਦ ਵੀ ਜਾਰੀ ਰਹੇਗਾ। ਅਸੀਂ ਉਸ ਵਿਸ਼ਵਵਿਆਪੀ ਕਲੀਸੀਆ ਦਾ ਹਿੱਸਾ ਹਾਂ ਜਿਹੜੀ ਸਾਰੀਆਂ ਪੀੜ੍ਹੀਆਂ ਦੇ ਵਿਸ਼ਵਾਸੀਆਂ ਨੂੰ ਮਿਲਾ ਕੇ ਬਣੀ ਹੈ।

ਸਾਡੀ ਅਰਾਧਨਾ ਦਾ ਵਿਰਸਾ ਪਿੱਛੇ ਪੰਤੇਕੁਸਤ ਤੱਕ, ਪਿੱਛੇ ਸੀਨਈ ਪਹਾੜ ਉੱਤੇ ਮੂਸਾ ਨੂੰ ਪਰਮੇਸ਼ੁਰ ਦੇ ਪਰਕਾਸ਼ ਤੱਕ ਅਤੇ ਅੰਤ ਵਿੱਚ ਪਿੱਛੇ ਅਦਨ ਦੇ ਬਾਗ ਵਿੱਚ ਆਦਮ ਅਤੇ ਹੱਵਾਹ ਲਈ ਪਰਮੇਸ਼ੁਰ ਦੇ ਪਰਕਾਸ਼ ਤੱਕ ਜਾਂਦਾ ਹੈ। ਸਾਡੀ ਅਰਾਧਨਾ ਨੂੰ ਉਸ ਇਤਿਹਾਸ ਦਾ ਜਸ਼ਨ ਮਨਾਉਣਾ ਚਾਹੀਦਾ ਹੈ। ਜਦੋਂ ਅਸੀਂ "ਪਰਮੇਸ਼ੁਰ ਸਾਡੀ ਪਨਾਹ ਅਤੇ ਸਾਡਾ ਬਲ ਹੈ" ਗਾਉਂਦੇ ਹਾਂ, ਤਾਂ ਅਸੀਂ ਧਰਮ ਸੁਧਾਰ ਦੀ ਅਰਾਧਨਾ ਵਿੱਚ ਸ਼ਾਮਲ ਹੁੰਦੇ ਹਾਂ। ਜਦੋਂ ਅਸੀਂ ਰਸੂਲ ਦੇ ਅਕੀਦੇ ਨੂੰ ਮੂੰਹ ਜ਼ਬਾਨੀ ਦੁਹਰਾਉਂਦੇ ਹਾਂ, ਅਸੀਂ ਦੂਜੀ ਸਦੀ ਦੀ ਅਰਾਧਨਾ ਵਿੱਚ ਸ਼ਾਮਲ ਹੁੰਦੇ ਹਾਂ। ਅਰਾਧਨਾ ਵਿੱਚ ਅਸੀਂ ਪੁੱਛਦੇ ਹਾਂ, "ਸਾਡੇ ਤੋਂ ਪਹਿਲਾਂ ਇੱਥੇ ਕੌਣ ਸੀ?"

3. ਇੱਥੇ ਕੌਣ ਹੋਣਾ ਚਾਹੀਦਾ ਹੈ?

ਇਹ ਸਵਾਲ ਸਾਡੇ ਸਮਾਜ ਦੀ ਗੱਲ ਕਰਦਾ ਹੈ। ਜਦੋਂ ਅਸੀਂ ਪੁੱਛਦੇ ਹਾਂ, "ਉਹ ਲੋਕ ਕੌਣ ਹਨ ਜਿਨ੍ਹਾਂ ਨੂੰ ਸਾਡੀ ਕਲੀਸੀਆ ਦਾ ਹਿੱਸਾ ਹੋਣਾ ਚਾਹੀਦਾ ਹੈ," ਤਾਂ ਅਸੀਂ ਇਸ ਤਰ੍ਹਾਂ ਦੇ ਸਵਾਲ ਪੁੱਛਦੇ ਹਾਂ ਜਿਵੇਂ ਕਿ:

- ਅਸੀਂ ਖੁਸ਼ਖ਼ਬਰੀ ਨਾਲ ਕਿਨ੍ਹਾਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ?
- ਜੇਕਰ ਸਾਡਾ ਸਮਾਜ ਕਲੀਸੀਆ ਵਿੱਚ ਆਉਂਦਾ ਹੈ, ਤਾਂ ਸਾਡੀ ਅਰਾਧਨਾ ਬੰਦਗੀ ਕਿਸ ਤਰ੍ਹਾਂ ਦੀ ਦਿਖਾਈ ਦੇਵੇਗੀ?[87]
- ਅਸੀਂ ਅਜਿਹੇ ਤਰੀਕੇ ਨਾਲ ਅਰਾਧਨਾ ਕਰਦੇ ਹੋਏ ਆਪਣੇ ਸੰਦੇਸ਼ ਪ੍ਰਤੀ ਕਿਵੇਂ ਸੱਚੇ ਹੋ ਸਕਦੇ ਹਾਂ ਜੋ ਉਨ੍ਹਾਂ ਲੋਕਾਂ ਨਾਲ ਗੱਲ ਕਰਦਾ ਹੈ ਜਿਨ੍ਹਾਂ ਤੱਕ ਅਸੀਂ ਪਹੁੰਚ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ?

ਇਹ ਸਵਾਲ ਜਿੰਨੇ ਸੌਖੇ ਕਾਗਜ਼ ਤੇ ਲੱਗਦੇ ਹਨ ਓਨੇ ਹੀ ਅਸਲ ਜੀਵਨ ਵਿੱਚ ਔਖੇ ਹਨ! ਚਾਰ ਦ੍ਰਿਸ਼ਾਂ ਤੇ ਨਜ਼ਰ ਮਾਰੋ। ਹਰੇਕ ਕਲੀਸੀਆ ਨੇ ਸਮਾਜ ਨਾਲ ਗੱਲ ਕਰਨ ਦੀ ਚੁਣੌਤੀ ਦਾ ਸਾਹਮਣਾ ਕੀਤਾ ਹੈ।

ਕਲੀਸੀਆ A: ਕਲੀਸੀਆ ਜਿਹੜੀ ਇਹ ਪੁੱਛਣ ਵਿੱਚ ਅਸਫ਼ਲ ਰਹੀ ਕਿ "ਇੱਥੇ ਕੌਣ ਹੈ?"

ਕਲੀਸੀਆ A ਇੱਕ ਅਜਿਹੇ ਇਲਾਕੇ ਵਿੱਚ ਹੈ ਜਿੱਥੇ ਸੇਵਾ-ਮੁਕਤ ਸਮਾਜ ਰਹਿੰਦਾ ਹੈ। ਇਸ ਸਮਾਜ ਵਿੱਚ ਔਸਤ ਉਮਰ 70 ਸਾਲ ਹੈ ਅਤੇ ਕਲੀਸੀਆ ਵਿੱਚ ਆਉਣ ਵਾਲਿਆਂ ਦੀ ਔਸਤ ਉਮਰ ਵੀ 70 ਸਾਲ ਹੀ ਹੈ। ਦੋ ਸਾਲ ਪਹਿਲਾਂ, ਉਨ੍ਹਾਂ ਦੇ ਪਾਸਟਰ ਨੇ ਨੌਜਵਾਨ ਪਰਿਵਾਰਾਂ ਤੱਕ ਪਹੁੰਚ ਕਰਨ ਦਾ ਦ੍ਰਿੜ੍ਹ ਸੰਕਲਪ ਲਿਆ। ਦੋ ਮਹੀਨਿਆਂ ਦੇ ਅੰਦਰ-ਅੰਦਰ, ਹਾਰਮੋਨੀਅਮ, ਗੀਤ ਗਾਉਣ ਵਾਲੀ ਮੰਡਲੀ ਅਤੇ ਭਜਨਾਂ ਵਾਲੀ ਕਿਤਾਬ ਦੀ ਥਾਂ ਗਿਟਾਰਾਂ, ਉਸਤਤ ਕਰਨ ਵਾਲੀ ਟੀਮ ਅਤੇ ਇੱਕ ਓਵਰਹੈੱਡ ਸਕ੍ਰੀਨ ਨੇ ਲੈ ਲਈ।

---

87 ਜੌਨ ਵੈਸਲੀ ਨੇ ਇਸ ਮੁਸ਼ਕਲ ਦਾ ਸਾਹਮਣਾ ਕੀਤਾ। ਐਂਗਲੀਕਨ ਵਿਸ਼ਵਾਸੀਆਂ ਨੂੰ ਲੱਗਾ ਕਿ ਕੋਲੇ ਦੀ ਖਾਣ ਵਿੱਚ ਕੰਮ ਕਰਨ ਵਾਲਿਆਂ, ਮਸੀਹੀ ਬਣ ਚੁੱਕੀਆਂ ਵੇਸਵਾਵਾਂ ਅਤੇ ਅਨਪੜ੍ਹ ਦੁਕਾਨਦਾਰਾਂ ਦੁਆਰਾ ਕੀਤੀ ਜਾਣ ਵਾਲੀ ਅਰਾਧਨਾ ਬੰਦਗੀ ਉੱਚ-ਵਰਗ ਦੇ ਐਂਗਲੀਕਨ ਵਿਸ਼ਵਾਸੀਆਂ ਦੀ ਰਸਮੀ ਅਰਾਧਨਾ ਤੋਂ ਬਹੁਤ ਵੱਖਰੀ ਹੋਵੇਗੀ। ਬਹੁਤ ਸਾਰੇ ਪਾਦਰੀਆਂ ਨੇ ਫ਼ੈਸਲਾ ਕੀਤਾ ਕਿ ਉਹ ਹੇਠਲੇ ਵਰਗਾ ਦੇ ਲੋਕਾਂ ਨੂੰ ਆਪਣੀ ਅਰਾਧਨਾ ਵਿੱਚ ਵਿਘਨ ਨਹੀਂ ਪਾਉਣ ਦੇਣਗੇ। ਇਸ ਨਾਲ ਮੈਥੋਡਿਸਟ ਸੁਸਾਇਟੀਆਂ ਦਾ ਗਠਨ ਹੋਇਆ।

ਅਫ਼ਸੋਸ ਦੀ ਗੱਲ ਇਹ ਹੈ ਕਿ ਪਾਸਟਰ ਇਹ ਪੁੱਛਣਾ ਭੁੱਲ ਗਿਆ ਕਿ "ਇੱਥੇ ਕੌਣ ਹੈ?" ਨਤੀਜੇ ਵਜੋਂ, 100 ਬਜ਼ੁਰਗ ਨਾਗਰਿਕਾਂ ਦੀ ਇੱਕ ਕਲੀਸੀਆ ਘਟ ਕੇ 35 ਬਜ਼ੁਰਗ ਨਾਗਰਿਕਾਂ ਦੀ ਕਲੀਸੀਆ ਰਹਿ ਗਈ ਹੈ ਜੋ ਉਹ ਸੰਗੀਤ ਗਾਉਂਦੇ ਹਨ ਜੋ ਉਨ੍ਹਾਂ ਨੂੰ ਪਸੰਦ ਨਹੀਂ ਹੈ, ਇੱਕ ਸਕ੍ਰੀਨ ਵੇਖਦੇ ਹਨ ਜੋ ਉਨ੍ਹਾਂ ਨੂੰ ਚੰਗੀ ਨਹੀਂ ਲੱਗਦੀ ਅਤੇ ਉਹ ਉੱਚੀ ਅਵਾਜ਼ ਵਿੱਚ ਵੱਜਦੀਆਂ ਗਿਟਾਰਾਂ ਬਾਰੇ ਬੁੜਬੁੜਾਉਂਦੇ ਹਨ।

ਕੀ ਕਲੀਸੀਆ A ਨੂੰ ਉਨ੍ਹਾਂ ਤੱਕ ਪਹੁੰਚ ਕਰਨੀ ਚਾਹੀਦੀ ਹੈ? ਬਿਲਕੁਲ! ਪਰ ਜਿਨ੍ਹਾਂ ਲੋਕਾਂ ਤੱਕ ਇਹ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚ ਕਰ ਸਕਦੀ ਹੈ, ਉਹ ਉਸ ਦੇ ਸੇਵਾ-ਮੁਕਤ ਸਮਾਜ ਵਿੱਚ ਉਹ ਬਜ਼ੁਰਗ ਹਨ ਜਿਹੜੇ ਕਲੀਸੀਆ ਦਾ ਹਿੱਸਾ ਹੁੰਦੇ ਹੋਏ ਵੀ ਕਲੀਸੀਆ ਤੋਂ ਬਾਹਰ ਹਨ। ਉਨ੍ਹਾਂ ਲੋਕਾਂ ਨੂੰ ਨਜ਼ਰਅੰਦਾਜ਼ ਕਰਕੇ ਜੋ ਪਹਿਲਾਂ ਹੀ ਕਲੀਸੀਆ ਵਿੱਚ ਹਨ, ਉਹ ਅਜਿਹੇ ਤਰੀਕੇ ਨਾਲ ਅਰਾਧਨਾ ਕਰਨ ਵਿੱਚ ਅਸਫ਼ਲ ਹੋ ਰਹੇ ਹਨ ਜਿਹੜੀ ਜਾਂ ਤਾਂ ਕਲੀਸੀਆ ਜਾਂ ਆਲੇ-ਦੁਆਲੇ ਦੇ ਸਮਾਜ ਨਾਲ ਗੱਲ ਕਰਦੀ ਹੈ। ਕਲੀਸੀਆ A ਇਹ ਪੁੱਛਣ ਵਿੱਚ ਅਸਫ਼ਲ ਰਹੀ ਕਿ "ਇੱਥੇ ਕੌਣ ਹੈ?"

ਕਲੀਸੀਆ B: ਕਲੀਸੀਆ ਜਿਹੜੀ ਇਹ ਪੁੱਛਣ ਵਿੱਚ ਅਸਫ਼ਲ ਰਹੀ ਕਿ "ਇੱਥੇ ਕੌਣ ਸੀ?"

ਕਲੀਸੀਆ B ਇੱਕ ਅਜਿਹੇ ਸ਼ਹਿਰ ਵਿੱਚ ਹੈ ਜਿਸ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ ਅਤੇ ਜਿੱਥੇ ਬਹੁਤ ਸਾਰੇ ਨੌਜਵਾਨ ਪਰਿਵਾਰ ਰਹਿੰਦੇ ਹਨ। ਇਹ ਕਲੀਸੀਆ ਆਪਣੇ ਸਮਾਜ ਦੀ ਭਾਸ਼ਾ ਬੋਲਦੀ ਹੈ; ਉਨ੍ਹਾਂ ਦੀ ਅਰਾਧਨਾ ਰੋਮਾਂਚਕ ਅਤੇ ਉਤਸ਼ਾਹ ਭਰੀ ਹੈ।

ਕਲੀਸੀਆ B ਅੰਦਰ ਖੁਸ਼ਖ਼ਬਰੀ ਪਰਚਾਰ ਕਰਨ ਦਾ ਬਹੁਤ ਜੋਸ਼ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਕਲੀਸੀਆ ਨੇ ਇਹ ਨਹੀਂ ਪੁੱਛਿਆ ਕਿ "ਇੱਥੇ ਕੌਣ ਸੀ?" ਕਲੀਸੀਆ B ਇੱਕ ਕਲੀਸੀਆ ਵਜੋਂ ਆਪਣੇ ਵਿਰਸੇ ਨੂੰ ਭੁੱਲ ਗਈ ਹੈ ਜਿਸ ਨੇ ਇੱਕ ਸ਼ੁੱਧ ਮਨ ਅਤੇ ਜੇਤੂ ਮਸੀਹੀ ਜੀਵਨ ਦਾ ਸੰਦੇਸ਼ ਦਿੱਤਾ ਸੀ। ਪਾਸਟਰ ਸਿੱਖਿਆ ਦਾ ਪਰਚਾਰ ਕਰਨ ਤੋਂ ਕਤਰਾਉਂਦਾ ਹੈ ਕਿਉਂਕਿ ਉਹ ਸੋਚਦਾ ਹੈ, "ਲੋਕ ਸਿੱਖਿਆ ਨਹੀਂ ਸੁਣਨਾ ਚਾਹੁੰਦੇ; ਉਹ ਵਿਹਾਰਕ ਸੰਦੇਸ਼ ਸੁਣਨਾ ਚਾਹੁੰਦੇ ਹਨ।" ਸੰਗੀਤ ਨਿਰਦੇਸ਼ਕ ਬਾਈਬਲ ਦੀ ਡੂੰਘਾਈ ਵਾਲੇ ਗੀਤ ਗਾਉਣ ਤੋਂ ਕਤਰਾਉਂਦਾ ਹੈ ਕਿਉਂਕਿ ਉਹ ਸੋਚਦਾ ਹੈ ਕਿ "ਲੋਕ ਔਖੇ ਸ਼ਬਦਾਂ ਵਾਲੇ ਗੀਤ ਪਸੰਦ ਨਹੀਂ ਕਰਦੇ; ਉਹ ਸਰਲ ਗੀਤ ਪਸੰਦ ਕਰਦੇ ਹਨ।" ਨਤੀਜੇ ਵਜੋਂ, ਕਲੀਸੀਆ ਨੇ "ਬਪਤਿਸਮਾ ਪਾਏ ਗੈਰ-ਮਸੀਹੀ ਲੋਕਾਂ" ਦੀ ਇੱਕ ਪੀੜ੍ਹੀ ਵਿਕਸਤ ਕੀਤੀ ਹੈ।"[88]

ਕਲੀਸੀਆ B ਗਿਣਤੀ ਵਿੱਚ ਵਧ ਰਹੀ ਹੈ, ਪਰ ਉਸ ਦੇ ਕੁਝ ਹੀ ਮੈਂਬਰ ਅਰਾਧਨਾ ਵਿੱਚ ਵੱਧ ਰਹੇ ਹਨ। ਬਹੁਤ ਸਾਰੇ ਲੋਕ ਇਸ ਕਲੀਸੀਆ ਵਿੱਚ ਇਸ ਲਈ ਆਉਂਦੇ ਹਨ ਕਿਉਂਕਿ ਇਹ ਇੱਕ ਮਨੋਰੰਜਕ ਕਲੀਸੀਆ ਹੈ ਜੋ ਸਮਰਪਣ ਦੀ ਬਹੁਤ ਘੱਟ ਮੰਗ ਕਰਦੀ ਹੈ। ਕਿਉਂਕਿ ਕਲੀਸੀਆ B ਨੂੰ ਆਪਣੇ ਵਿਰਸੇ ਦੀ ਕੋਈ ਸਮਝ ਨਹੀਂ ਹੈ, ਨਵੇਂ-ਨਵੇਂ ਮਸੀਹ ਵਿੱਚ ਆਏ ਬਹੁਤ ਸਾਰੇ ਲੋਕ ਛੇਤੀ ਹੀ ਹੋਰ ਕਲੀਸੀਆਵਾਂ ਵਿੱਚ ਚਲੇ ਜਾਂਦੇ ਹਨ ਜੋ ਵਧੇਰੇ ਮਨੋਰੰਜਨ ਪ੍ਰਦਾਨ ਕਰਦੀਆਂ ਹਨ। ਕਲੀਸੀਆ B ਇਹ ਪੁੱਛਣ ਵਿੱਚ ਅਸਫ਼ਲ ਰਹੀ ਕਿ "ਇੱਥੇ ਕੌਣ ਸੀ?"

ਕਲੀਸੀਆ C: ਕਲੀਸੀਆ ਜਿਹੜੀ ਇਹ ਪੁੱਛਣ ਵਿੱਚ ਅਸਫ਼ਲ ਰਹੀ ਕਿ "ਇੱਥੇ ਕੌਣ ਹੋਣਾ ਚਾਹੀਦਾ ਹੈ?"

ਕਲੀਸੀਆ C ਦੀ ਸ਼ੁਰੂਆਤ ਲਗਭਗ 100 ਸਾਲ ਪਹਿਲਾਂ ਇੱਕ ਛੋਟੇ ਜਿਹੇ ਪੇਂਡੂ ਸਮਾਜ ਵਿੱਚ ਹੋਈ ਸੀ। ਅਰਾਧਨਾ, ਪਰਚਾਰ ਅਤੇ ਸੰਗੀਤ ਉਸ ਕਸਬੇ ਵਿੱਚ ਰਹਿਣ ਵਾਲੇ ਲੋਕਾਂ ਨਾਲ ਗੱਲ ਕਰਦਾ ਸੀ। ਵਿਚਕਾਰਲੇ ਸਾਲਾਂ ਵਿੱਚ, ਸਮਾਜ ਪੂਰੀ ਤਰ੍ਹਾਂ ਬਦਲ ਗਿਆ। ਕਲੀਸੀਆ C ਹੁਣ ਸ਼ਹਿਰ ਦੀ ਅੰਦਰੂਨੀ ਵੱਸੋਂ ਵਿੱਚ ਘਿਰੀ ਹੋਈ ਹੈ, ਪਰ ਇਸ ਦੀ ਅਰਾਧਨਾ ਅਜੇ ਵੀ ਪੇਂਡੂ ਮੱਧ ਵਰਗ ਨੂੰ ਆਕਰਸ਼ਿਤ ਕਰਨ ਲਈ ਤਿਆਰ ਕੀਤੀ ਜਾਂਦੀ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਕਲੀਸੀਆ C ਦੇ ਨੇੜੇ ਰਹਿੰਦੇ ਬਹੁਤ ਸਾਰੇ ਲੋਕ ਹਰ ਹਫ਼ਤੇ ਇਹ ਜਾਣੇ ਬਿਨਾਂ ਕਿ ਕਲੀਸੀਆ ਕੋਲ ਉਨ੍ਹਾਂ ਦੀ ਗਹਿਰੀ ਭੁੱਖ ਦਾ ਜਵਾਬ ਹੈ, ਉਸ ਦੇ ਲਾਗੋਂ ਲੰਘ ਜਾਂਦੇ ਹਨ। ਕਲੀਸੀਆ C ਕੋਲ ਉਹ ਸੰਦੇਸ਼ ਹੈ ਜਿਸ ਦੀ ਉਸ ਦੇ ਸਮਾਜ ਨੂੰ ਲੋੜ ਹੈ, ਪਰ ਉਹ ਸਮਾਜ ਨਾਲ ਸਪਸ਼ਟ ਤੌਰ ਤੇ ਗੱਲ ਨਹੀਂ ਕਰਦੀ। ਜੇ ਕਲੀਸੀਆ C ਉਸ ਤਰੀਕੇ ਨਾਲ ਅਰਾਧਨਾ ਕਰ ਸਕਦੀ ਜੋ ਪਰਮੇਸ਼ੁਰ ਅਤੇ ਇੱਕ ਲੋੜਵੰਦ ਸੰਸਾਰ ਦੋਵਾਂ ਨਾਲ ਗੱਲ ਕਰਦਾ ਹੋਵੇ, ਤਾਂ ਉਹ ਆਪਣੇ ਸਮਾਜ ਨੂੰ ਬਦਲ ਸਕਦੀ ਹੈ। ਇਸ ਦੀ ਬਜਾਇ, ਕਲੀਸੀਆ C ਖ਼ਤਮ ਹੁੰਦੀ ਜਾ ਰਹੀ ਹੈ ਕਿਉਂਕਿ ਉਹ ਇਹ ਪੁੱਛਣ ਵਿੱਚ ਅਸਫ਼ਲ ਰਹੀ ਹੈ ਕਿ "ਇੱਥੇ ਕੌਣ ਹੋਣਾ ਚਾਹੀਦਾ ਹੈ?"

---

88 ਮਾਰਕ ਡੇਵਰ ਦਾ ਮਸੀਹੀ ਹੋਣ ਦਾ ਦਾਅਵਾ ਕਰਨ ਵਾਲੇ ਅਜਿਹੇ ਮਸੀਹੀਆਂ ਲਈ ਸ਼ਬਦ ਜਿਨ੍ਹਾਂ ਦੀ ਕੋਈ ਬਾਈਬਲ ਅਧਾਰਿਤ ਬੁਨਿਆਦ ਨਹੀਂ ਹੈ।

ਕਲੀਸੀਆ D: ਕਲੀਸੀਆ ਜਿਹੜੀ ਸਮਾਜ ਨਾਲ ਗੱਲ ਕਰਦੀ ਹੈ

ਕਲੀਸੀਆ D ਵਿੱਚ ਵੀ ਉਹੀ ਖੂਬੀਆਂ ਹਨ ਜਿਹੜੀਆਂ ਪਿਛਲੀਆਂ ਤਿੰਨ ਕਲੀਸੀਆਵਾਂ ਵਿੱਚ ਸਨ। 40 ਸਾਲ ਪਹਿਲਾਂ ਕਲੀਸੀਆ ਦੇ ਸਥਾਪਤ ਹੋਣ ਤੋਂ ਬਾਅਦ ਸਮਾਜ ਨਾਟਕੀ ਢੰਗ ਨਾਲ ਬਦਲ ਗਿਆ। ਇਸ ਸਰਵੇਖਣ ਵਿੱਚ ਦੂਸਰੀਆਂ ਕਲੀਸੀਆਵਾਂ ਦੇ ਉਲਟ, ਕਲੀਸੀਆ D ਨੇ ਆਪਣੇ ਸਮਾਜ ਨਾਲ ਚੰਗੀ ਤਰ੍ਹਾਂ ਗੱਲ ਕਰਨੀ ਸਿੱਖ ਲਈ ਹੈ।

ਜਦੋਂ ਪਾਸਬਾਨੀ ਕਰਨ ਵਾਲੇ ਸਟਾਫ ਨੂੰ ਮਹਿਸੂਸ ਹੋਇਆ ਕਿ ਨਵੇਂ-ਨਵੇਂ ਮਸੀਹ ਵਿੱਚ ਆਏ ਬਹੁਤ ਸਾਰੇ ਨੌਜਵਾਨ ਐਤਵਾਰ ਨੂੰ ਜਿਸ ਸਿੱਖਿਆ ਦਾ ਪਰਚਾਰ ਕੀਤਾ ਜਾਂਦਾ ਹੈ ਉਸ ਨੂੰ ਨਹੀਂ ਸਮਝਦੇ, ਤਾਂ ਉਨ੍ਹਾਂ ਨੇ ਨਵੇਂ ਵਿਸ਼ਵਾਸੀਆਂ ਨੂੰ ਪਰਿਪੱਕਤਾ ਵੱਲ ਲਿਆਉਣ ਲਈ ਚੇਲੇਪਣ ਦੇ ਸਮੂਹ ਵਿਕਸਤ ਕੀਤੇ। ਜਦੋਂ ਸੰਗੀਤ ਆਗੂ ਨੂੰ ਇਹ ਮਹਿਸੂਸ ਹੋਇਆ ਕਿ ਸੰਗੀਤ ਉਨ੍ਹਾਂ ਦੇ ਸਮਾਜ ਵਿੱਚ ਬਹੁਤ ਸਾਰੇ ਲੋਕਾਂ ਨਾਲ ਗੱਲ ਨਹੀਂ ਕਰਦਾ, ਤਾਂ ਉਸ ਨੇ ਉਨ੍ਹਾਂ ਗੀਤਾਂ ਨੂੰ ਸ਼ਾਮਲ ਕਰਨਾ ਸ਼ੁਰੂ ਕੀਤਾ ਜੋ ਸਿੱਖਿਆ ਪੱਖੋਂ ਸੱਚੇ ਅਤੇ ਸੰਗੀਤ ਪੱਖੋਂ ਆਕਰਸ਼ਕ ਹਨ।

ਜਿਵੇਂ-ਜਿਵੇਂ ਕਲੀਸੀਆ ਵਧਦੀ ਗਈ, ਉਨ੍ਹਾਂ ਨੇ ਆਲੇ-ਦੁਆਲੇ ਦੇ ਕਸਬਿਆਂ ਵਿੱਚ ਛੋਟੀਆਂ-ਛੋਟੀਆਂ ਕਲੀਸੀਆਵਾਂ ਸਥਾਪਤ ਕੀਤੀਆਂ ਅਤੇ ਇਨ੍ਹਾਂ ਕਲੀਸੀਆਵਾਂ ਨੂੰ ਉਨ੍ਹਾਂ ਦੇ ਸਮਾਜਾਂ ਦੀਆਂ ਲੋੜਾਂ ਅਨੁਸਾਰ ਢਲਣ ਦਿੱਤਾ। ਇਨ੍ਹਾਂ ਕਲੀਸੀਆਵਾਂ ਦੀ ਪਾਸਬਾਨੀ ਉਨ੍ਹਾਂ ਨੌਜਵਾਨਾਂ ਦੁਆਰਾ ਕੀਤੀ ਜਾਂਦੀ ਹੈ ਜੋ ਕਲੀਸੀਆ D ਦਾ ਹਿੱਸਾ ਸਨ। ਹਰੇਕ ਛੋਟੀ ਕਲੀਸੀਆ ਵੱਖੋ-ਵੱਖਰੀ ਹੁੰਦੀ ਹੈ, ਪਰ ਹਰੇਕ ਕਲੀਸੀਆ ਖੁਸ਼ਖ਼ਬਰੀ ਪ੍ਰਤੀ ਵਫ਼ਾਦਾਰ ਹੈ। ਕਲੀਸੀਆ D ਵੱਧ ਰਹੀ ਹੈ ਕਿਉਂਕਿ ਉਸ ਨੇ "ਇੱਥੇ ਕੌਣ ਹੈ, ਇੱਥੇ ਕੌਣ ਸੀ ਅਤੇ ਇੱਥੇ ਕੌਣ ਹੋਣਾ ਚਾਹੀਦਾ ਹੈ?" ਪੁੱਛਣਾ ਸਿੱਖ ਲਿਆ ਹੈ। ਉਸ ਨੇ ਉਸ ਸਮਾਜ ਨਾਲ ਬਾਈਬਲ ਦੀ ਸਚਿਆਈ ਬੋਲਣੀ ਸਿੱਖ ਲਈ ਹੈ ਜਿਸ ਵਿੱਚ ਪਰਮੇਸ਼ੁਰ ਨੇ ਉਸ ਨੂੰ ਰੱਖਿਆ ਸੀ।

ਜਾਂਚ

ਕੀ ਤੁਹਾਡੀ ਅਰਾਧਨਾ ਉਨ੍ਹਾਂ ਲੋਕਾਂ ਨਾਲ ਗੱਲ ਕਰਦੀ ਹੈ ਜਿਹੜੇ ਤੁਹਾਡੀ ਕਲੀਸੀਆ ਵਿੱਚ ਆਉਂਦੇ ਹਨ? ਕੀ ਤੁਹਾਡੀ ਅਰਾਧਨਾ ਮਸੀਹੀ ਕਲੀਸੀਆ ਦੇ ਵਿਰਸੇ ਨੂੰ ਦਰਸਾਉਂਦੀ ਹੈ? ਕੀ ਤੁਹਾਡੀ ਅਰਾਧਨਾ ਉਨ੍ਹਾਂ ਲੋਕਾਂ ਨਾਲ ਗੱਲ ਕਰਦੀ ਹੈ ਜਿਨ੍ਹਾਂ ਤੱਕ ਪਰਮੇਸ਼ੁਰ ਤੁਹਾਡੀ ਕਲੀਸੀਆ ਦੇ ਰਾਹੀਂ ਪਹੁੰਚ ਕਰਨਾ ਚਾਹੁੰਦਾ ਹੈ?

ਸੰਗੀਤ ਬਾਰੇ ਕੀ ਹੈ?

ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਕਲੀਸੀਆ ਦੇ ਸੰਗੀਤਕਾਰਾਂ ਨੂੰ ਅਜਿਹੇ ਗੀਤਾਂ ਨੂੰ ਲੱਭਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਬਾਈਬਲ ਅਨੁਸਾਰ ਸਹੀ ਅਤੇ ਸੱਭਿਆਚਾਰਕ ਤੌਰ ਤੇ ਸੰਵੇਦਨਸ਼ੀਲ ਹੋਣ। ਅਸੀਂ ਉਸ ਸੰਗੀਤ ਦੀ ਖੋਜ ਕਰਦੇ ਹਾਂ ਜੋ ਉਸ ਸਮਾਜ ਦੇ ਦਿਲ ਦੀ ਭਾਸ਼ਾ ਬੋਲਦਾ ਹੈ ਜਿਸ ਤੱਕ ਅਸੀਂ ਪਹੁੰਚ ਕਰਨਾ ਚਾਹੁੰਦੇ ਹਾਂ। ਵਿਦੇਸ਼ੀ ਸੰਗੀਤ ਸੱਭਿਆਚਾਰਕ ਤੌਰ ਤੇ ਢੁਕਵਾਂ ਨਹੀਂ ਹੋ ਸਕਦਾ ਅਤੇ ਹੋ ਸਕਦਾ ਹੈ ਕਿ ਕੁਝ ਸਥਾਨਕ ਸੱਭਿਆਚਾਰਕ ਗੀਤ ਬਾਈਬਲ ਦੇ ਅਨੁਸਾਰ ਨਾ ਹੋਣ। ਅਸੀਂ ਉਸ ਸੰਗੀਤ ਦੀ ਚੋਣ ਕਿਵੇਂ ਕਰੀਏ ਜੋ ਧਰਮ-ਗਿਆਨ ਪ੍ਰਤੀ ਸੱਚਾ ਅਤੇ ਉਸ ਸੱਭਿਆਚਾਰ ਪ੍ਰਤੀ ਸੰਵੇਦਨਸ਼ੀਲ ਹੋਵੇ ਜਿਸ ਵਿੱਚ ਅਸੀਂ ਪਾਸਬਾਨੀ ਕਰਦੇ ਹਾਂ? ਇਸ ਮੁਸ਼ਕਲ ਦਾ ਸਾਹਮਣਾ ਕਰਨ ਵਾਲੇ ਪਾਸਟਰਾਂ ਦੇ ਜਵਾਬ ਇਹ ਹਨ:

ਜਦੋਂ ਕਲੀਸੀਆ ਲਈ ਗੀਤਾਂ ਦੀ ਚੋਣ ਕਰਨ ਦੀ ਗੱਲ ਆਉਂਦੀ ਹੈ, ਤਾਂ ਕਿਸੇ ਨੂੰ ਬਾਈਬਲ ਅਨੁਸਾਰ ਵਫ਼ਾਦਾਰ ਹੋਣ ਅਤੇ ਸੱਭਿਆਚਾਰਕ ਤੌਰ ਤੇ ਸੰਵੇਦਨਸ਼ੀਲ ਹੋਣ ਵਿਚਾਲੇ ਚੋਣ ਕਰਨ ਦੀ ਲੋੜ ਨਹੀਂ ਹੁੰਦੀ। "ਬਾਈਬਲ ਅਨੁਸਾਰ ਵਫ਼ਾਦਾਰ" ਹੋਣ ਦੇ ਨਾਲ ਮੈਂ ਅਜਿਹੇ ਗੀਤਾਂ

ਦੀ ਭਾਲ ਕਰ ਰਿਹਾ ਹਾਂ ਜੋ ਸੱਚੇ ਅਤੇ ਸਪਸ਼ਟ ਹਨ। "ਸੱਭਿਆਚਾਰਕ ਤੌਰ ਤੇ ਸੰਵੇਦਨਸ਼ੀਲ" ਹੋਣ ਦੇ ਨਾਲ ਮੈਂ ਉਨ੍ਹਾਂ ਗੀਤਾਂ ਦੀ ਭਾਲ ਕਰ ਰਿਹਾ ਹਾਂ ਜੋ ਗਾਉਣਯੋਗ ਅਤੇ ਕਲੀਸੀਆ ਲਈ ਆਕਰਸ਼ਕ ਹੋਣ।

ਬਾਈਬਲ ਅਨੁਸਾਰ ਵਫ਼ਾਦਾਰੀ ਨੂੰ ਪਹਿਲ ਦਿੱਤੀ ਜਾਂਦੀ ਹੈ, ਪਰ ਸਾਨੂੰ ਉਨ੍ਹਾਂ ਵਿਚਾਲੇ ਕਿਸੇ ਨੂੰ ਚੁਣਨ ਦੀ ਲੋੜ ਨਹੀਂ ਹੈ। ਜੇਕਰ ਗਾਉਣ ਦਾ ਉਦੇਸ਼ ਗੱਲਬਾਤ ਹੈ, ਤਾਂ ਕੀ ਸਾਨੂੰ ਸੰਗੀਤ ਦੀ ਅਜਿਹੀ ਭਾਸ਼ਾ ਦੀ ਚੋਣ ਕਰਨ ਦਾ ਟੀਚਾ ਨਹੀਂ ਰੱਖਣਾ ਚਾਹੀਦਾ ਜੋ ਸਾਡੀ ਕਲੀਸੀਆ ਦੇ ਸੱਭਿਆਚਾਰਕ \[ਵਾਤਾਵਰਣ] ਦੇ ਲਈ ਢੁਕਵੀਂ ਹੋਵੇ? ਅਸੀਂ \[ਮੂਰਖ] ਹਾਂ ਜੇਕਰ ਅਸੀਂ ਸੋਚਦੇ ਹਾਂ ਕਿ ਸੱਭਿਆਚਾਰਕ ਸੰਵੇਦਨਸ਼ੀਲਤਾ ਅਢੁਕਵੀਂ ਹੈ ਅਤੇ ਅਸੀਂ ਅਢੁਕਵੇਂ ਹੋਵਾਂਗੇ ਜੇਕਰ ਸਾਡੇ ਗੀਤ ਝੂਠੇ ਜਾਂ ਅਸਪਸ਼ਟ ਹਨ।

(ਮੁਰੇ ਕੈਂਪਬੈਲ, ਮੈਲਬੋਰਨ, ਆਸਟ੍ਰੇਲੀਆ ਦਾ ਇੱਕ ਪਾਸਟਰ)

ਅਫ਼ਰੀਕੀ ਪਾਸਟਰਾਂ ਨੂੰ ਸਿਖਲਾਈ ਦੇਣ ਦੌਰਾਨ, ਅਸੀਂ ਉਨ੍ਹਾਂ ਨੂੰ ਸਭ ਤੋਂ ਵੱਧ ਬਚਨ-ਭਰੇ, ਪਰਮੇਸ਼ੁਰ-ਕੇਂਦ੍ਰਿਤ, ਖੁਸ਼ਖ਼ਬਰੀ-ਪ੍ਰੇਰਿਤ, ਉਤਸ਼ਾਹ ਵਧਾਉਣ ਵਾਲੇ ਅਤੇ ਗਾਉਣ ਯੋਗ ਗੀਤਾਂ ਨੂੰ ਲੱਭਣ ਲਈ ਬੇਨਤੀ ਕਰਦੇ ਹਾਂ, ਜੋ ਉਹ ਲੱਭ ਸਕਦੇ ਹਨ, ਪੁਰਾਣੇ ਅਤੇ ਨਵੇਂ ਦੋਵੇਂ ਅਤੇ ਉਨ੍ਹਾਂ ਨੂੰ ਅਜ਼ਾਦੀ ਨਾਲ ਗਾਉਣ ਦਿੰਦੇ ਹਾਂ! ਕਿਸੇ ਵੀ ਸੱਭਿਆਚਾਰ ਵਿੱਚ, ਪਰਮੇਸ਼ੁਰ ਦੇ ਲੋਕਾਂ ਨੂੰ ਅਜਿਹੇ ਗੀਤਾਂ ਦੀ ਲੋੜ ਹੁੰਦੀ ਹੈ ਜੋ ਉਨ੍ਹਾਂ ਨੂੰ ਮਸੀਹ ਲਈ ਜੀਉਣਾ ਅਤੇ ਮਰਨਾ ਸਿਖਾਉਣ।

(ਟਿਮ ਕੈਂਟਰੇਲ, ਜੋਹਾਨਸਬਰਗ, ਦੱਖਣੀ ਅਫਰੀਕਾ ਵਿੱਚ ਇੱਕ ਸਿੱਖਿਆ ਦੇਣ ਵਾਲਾ)

ਹਿੰਦੀ ਭਾਸ਼ਾ ਵਿੱਚ ਧਰਮ-ਗਿਆਨ ਨਾਲ ਸੰਬੰਧਤ ਖਾਲਸ, ਪ੍ਰਾਸੰਗਿਕ ਤੌਰ ਤੇ ਢੁਕਵੇਂ ਗੀਤਾਂ ਦਾ ਭੰਡਾਰ ਬਹੁਤ ਛੋਟਾ ਹੈ। ਚੰਗੇ ਧਰਮ-ਗਿਆਨ ਵਾਲੇ ਜ਼ਿਆਦਾਤਰ ਗੀਤਾਂ ਦਾ ਅਨੁਵਾਦ ਪੁਰਾਣੇ ਪੱਛਮੀ ਭਜਨਾਂ ਜਾਂ ਸਮਕਾਲੀ ਅਰਾਧਨਾ ਗੀਤਾਂ ਤੋਂ ਕੀਤਾ ਗਿਆ ਹੈ। ਹਾਲਾਂਕਿ ਸ਼ਬਦ ਖਰੇ ਹੋ ਸਕਦੇ ਹਨ, ਸੰਗੀਤ ਦੇਸੀ ਨਹੀਂ ਹੈ ਅਤੇ ਸਥਾਨਕ ਲੋਕਾਂ ਨੂੰ ਉਨ੍ਹਾਂ ਨੂੰ ਗਾਉਣਾ ਮੁਸ਼ਕਲ ਲੱਗਦਾ ਹੈ। ਨਾਲ ਹੀ, ਅਜਿਹੇ ਗੀਤ ਲੋਕਾਂ ਦੇ ਇਸ ਸ਼ੱਕ ਦੀ ਪੁਸ਼ਟੀ ਕਰਦੇ ਹਨ ਕਿ ਮਸੀਹੀਅਤ ਇੱਕ ਪੱਛਮੀ ਧਰਮ ਹੈ।

ਦੂਜੇ ਪਾਸੇ, ਹਿੰਦੀ ਗੀਤ ਜੋ ਸੰਗੀਤ ਦੇ ਸੰਦਰਭ ਵਿੱਚ ਹਨ, ਅਕਸਰ ਧਰਮ-ਗਿਆਨ ਤੇ ਚਾਨਣ ਪਾਉਂਦੇ ਹਨ, ਦੁਹਰਾਏ ਗਏ ਅਤੇ ਬਚਨ ਤੋਂ ਰਹਿਤ ਹੁੰਦੇ ਹਨ। ਕਈ ਵਾਰੀ ਗੀਤ ਵਿੱਚ ਅਜਿਹੀਆਂ ਧੁਨਾਂ ਆ ਜਾਂਦੀਆਂ ਹਨ ਜੋ ਮੰਦਰਾਂ ਵਿੱਚ ਵਰਤੀਆਂ ਜਾਂਦੀਆਂ ਹਨ। ਅਸੀਂ ਇਨ੍ਹਾਂ ਦੋਵੇਂ ਤਰ੍ਹਾਂ ਦੇ ਗੀਤਾਂ ਨੂੰ ਗਾਉਣ ਤੋਂ ਗੁਰੇਜ਼ ਕਰਦੇ ਹਾਂ।

ਗੀਤਾਂ ਦੀ ਚੋਣ ਕਰਨ ਸਮੇਂ ਸਭ ਤੋਂ ਪਹਿਲਾਂ ਜੋ ਚੀਜ਼ ਮੈਂ ਵੇਖਦਾ ਹਾਂ, ਉਹ ਹੈ ਇਸ ਦੀ ਸਿਧਾਂਤਕ ਖਰਿਆਈ। ਜੇਕਰ ਕੋਈ ਗੀਤ ਧਰਮ-ਗਿਆਨ ਸੰਬੰਧੀ ਖਰਾ ਨਹੀਂ ਹੈ, ਤਾਂ ਅਸੀਂ ਇਸ ਨੂੰ ਨਹੀਂ ਗਾਵਾਂਗੇ, ਭਾਵੇਂ ਇਹ ਪ੍ਰਾਸੰਗਿਕ ਤੌਰ ਤੇ ਕਿੰਨਾ ਵੀ ਢੁਕਵਾਂ ਹੋਵੇ। ਜੇਕਰ ਬੋਲ ਚੰਗੇ ਹਨ ਪਰ ਧੁਨ ਭਾਰਤੀ ਨਹੀਂ ਹੈ ਤਾਂ ਵੀ ਅਸੀਂ ਇਸ ਨੂੰ ਨਹੀਂ ਗਾਵਾਂਗੇ। ਅਸੀਂ ਭਾਰਤੀ ਧੁਨਾਂ ਅਤੇ ਖਰੇ ਸ਼ਬਦਾਂ ਵਾਲੇ ਗੀਤ ਚੁਣਦੇ ਹਾਂ। ਇਹ ਸੱਚ ਹੈ ਕਿ ਇਸ ਸ਼੍ਰੇਣੀ ਵਿੱਚ ਆਉਣ ਵਾਲੇ ਗੀਤ ਬਹੁਤੇ ਨਹੀਂ ਹਨ, ਪਰ ਅਸੀਂ ਹੌਲੀ-ਹੌਲੀ ਇਹੋ ਜਿਹੇ ਗੀਤਾਂ ਦੀ ਸੂਚੀ ਬਣਾ ਰਹੇ ਹਾਂ।

(ਹਰਸ਼ਿਤ ਸਿੰਘ, ਲਖਨਊ, ਭਾਰਤ ਵਿੱਚ ਇੱਕ ਪਾਸਟਰ)

ਜਿਵੇਂ ਦਿਲ ਦੀ ਇੱਕ ਮੌਖਿਕ ਭਾਸ਼ਾ ਹੁੰਦੀ ਹੈ ਜਿਸ ਵਿੱਚ ਇੱਕ ਵਿਅਕਤੀ ਸਭ ਤੋਂ ਵੱਧ ਸੁਭਾਵਕ ਤੌਰ ਤੇ ਗੱਲ ਕਰਦਾ ਹੈ ਅਤੇ ਸਭ ਤੋਂ ਡੂੰਘਾਈ ਨਾਲ ਮਹਿਸੂਸ ਕਰਦਾ ਹੈ, ਸੰਗੀਤ ਦੀ ਵੀ ਦਿਲ ਦੀ ਇੱਕ ਭਾਸ਼ਾ ਹੁੰਦੀ ਹੈ ਜੋ ਇੱਕ ਵਿਅਕਤੀ ਨਾਲ ਸਭ ਤੋਂ ਵੱਧ ਡੂੰਘਾਈ ਨਾਲ ਗੱਲ ਕਰਦੀ ਹੈ।

ਕਲਪਨਾ ਕਰੋ ਕਿ ਇੱਕ ਮਿਸ਼ਨਰੀ ਹੈ ਜੋ ਉਨ੍ਹਾਂ ਲੋਕਾਂ ਦੀ ਭਾਸ਼ਾ ਸਿੱਖਣ ਵਿੱਚ ਅਸਫ਼ਲ ਰਹਿੰਦਾ ਹੈ ਜਿਨ੍ਹਾਂ ਵਿੱਚ ਉਹ ਸੇਵਾ ਕਰਦਾ ਹੈ। ਉਹ (ਆਪਣੀ ਭਾਸ਼ਾ ਵਿੱਚ) ਕਹਿ ਸਕਦਾ ਹੈ, "ਮੈਂ ਤੁਹਾਡੇ ਕੋਲ ਖੁਸ਼ਖ਼ਬਰੀ ਲੈ ਕੇ ਆਇਆ ਹਾਂ। ਤੁਸੀਂ ਸਮਝ ਨਹੀਂ ਸਕਦੇ ਕਿ ਮੈਂ ਕੀ ਕਹਿ ਰਿਹਾ ਹਾਂ, ਪਰ ਮੇਰੀ ਗੱਲ ਸੁਣਦੇ ਰਹੋ। ਆਖ਼ਰਕਾਰ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਮੈਂ ਕੀ ਕਹਿ ਰਿਹਾ ਹਾਂ ਅਤੇ ਫਿਰ ਤੁਸੀਂ

ਖੁਸ਼ਖ਼ਬਰੀ ਨੂੰ ਜਾਣ ਲਵੋਗੇ।" ਬਿਲਕੁਲ ਨਹੀਂ! ਇਸੇ ਤਰ੍ਹਾਂ, ਜਦੋਂ ਅਸੀਂ ਕਿਸੇ ਸੱਭਿਆਚਾਰ ਦੀ ਸੰਗੀਤ ਦੀ ਭਾਸ਼ਾ ਦੀ ਵਰਤੋਂ ਕਰਨ ਵਿੱਚ ਅਸਫ਼ਲ ਰਹਿੰਦੇ ਹਾਂ, ਤਾਂ ਅਸੀਂ ਖੁਸ਼ਖ਼ਬਰੀ ਨੂੰ ਸਮਝਣਾ ਹੋਰ ਵੀ ਮੁਸ਼ਕਲ ਬਣਾ ਰਹੇ ਹਾਂ।[89]

ਅਫ਼ਸੋਸ ਦੀ ਗੱਲ ਇਹ ਹੈ ਕਿ ਜਿਵੇਂ ਪਾਸਟਰ ਸਿੰਘ ਨੇ ਲਿਖਿਆ, ਕੁਝ ਸੱਭਿਆਚਾਰਾਂ ਵਿੱਚ ਬਾਈਬਲ ਅਧਾਰਿਤ ਕੁਝ ਖਾਲਸ ਗੀਤ ਹਨ ਜਿਨ੍ਹਾਂ ਵਿੱਚ ਗੈਰ-ਪੱਛਮੀ ਸੰਗੀਤ ਦੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਅਕਸਰ ਕਲੀਸੀਆਵਾਂ ਦੇ ਲਈ ਦੋ ਵਿਕਲਪ ਰਹਿਣ ਦਿੰਦਾ ਹੈ: ਅਜਿਹੀਆਂ ਧੁਨਾਂ ਵਾਲੇ ਬਾਈਬਲ ਦੇ ਮਜ਼ਬੂਤ ਗੀਤ ਜੋ ਵਿਦੇਸ਼ੀ ਲੱਗਦੇ ਹਨ ਜਾਂ ਅਜਿਹੀਆਂ ਧੁਨਾਂ ਵਾਲੇ ਬਾਈਬਲ ਦੇ ਕਮਜ਼ੋਰ ਗੀਤ ਜੋ ਸੰਗੀਤ ਪੱਖੋਂ ਢੁਕਵੇਂ ਹਨ। ਜੇ ਅਸੀਂ ਦੁਨੀਆਂ ਭਰ ਵਿੱਚ ਕਲੀਸੀਆ ਨੂੰ ਬਣਾਉਣ ਲਈ ਸੰਗੀਤ ਦੀ ਵਰਤੋਂ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਉਹ ਸੰਗੀਤ ਲੱਭਣਾ ਚਾਹੀਦਾ ਹੈ ਜੋ ਬਚਨ ਪ੍ਰਤੀ ਖਰਾ ਹੈ ਅਤੇ ਜੋ ਲੋਕਾਂ ਦੇ ਸੰਗੀਤ ਦੇ ਦਿਲ ਦੀ ਭਾਸ਼ਾ ਵਿੱਚ ਗੱਲ ਕਰਦਾ ਹੈ। ਮੇਰਾ ਮੰਨਣਾ ਹੈ ਕਿ ਪਰਮੇਸ਼ੁਰ ਹਰ ਸੱਭਿਆਚਾਰ ਵਿੱਚ ਰੱਬੀ ਗੀਤਕਾਰਾਂ ਨੂੰ ਬੁਲਾਉਣਾ ਚਾਹੁੰਦਾ ਹੈ।

ਜੇਕਰ ਤੁਸੀਂ ਕਿਸੇ ਅਜਿਹੇ ਸੱਭਿਆਚਾਰ ਵਿੱਚ ਸੇਵਾ ਕਰਦੇ ਹੋ ਜਿੱਥੇ ਅਜਿਹਾ ਅਰਾਧਨਾ ਸੰਗੀਤ ਉਪਲਬਧ ਹੈ ਜੋ ਬਹੁਤਾ ਵਧੀਆ ਨਹੀਂ ਹੈ, ਤਾਂ ਤੁਸੀਂ ਨਵੇਂ ਸੰਗੀਤ ਲਈ ਉਤਸ਼ਾਹਿਤ ਕਰ ਸਕਦੇ ਹੋ। ਇਸ ਦੇ ਲਈ ਦੋ ਵਿਅਕਤੀਆਂ ਵਿਚਾਲੇ ਸਹਿਯੋਗ ਦੀ ਲੋੜ ਹੋ ਸਕਦੀ ਹੈ; ਕੋਈ ਵਿਅਕਤੀ ਜਿਹੜਾ ਸ਼ਾਨਦਾਰ ਸਮੱਗਰੀ ਲਿਖ ਸਕੇ ਜਾਂ ਉਸ ਦਾ ਅਨੁਵਾਦ ਕਰ ਸਕੇ ਅਤੇ ਕੋਈ ਵਿਅਕਤੀ ਜਿਹੜਾ ਸੰਗੀਤ ਲਿਖ ਸਕੇ। ਕੁਝ ਮਹਾਨ ਭਜਨ ਲੇਖਕਾਂ ਨੇ ਆਪਣੀਆਂ ਧੁਨਾਂ ਖੁਦ ਲਿਖੀਆਂ ਹਨ। ਇੱਕ ਸਮਰਪਿਤ ਮਸੀਹੀ ਸੰਗੀਤਕਾਰ ਲੱਭੋ ਅਤੇ ਉਨ੍ਹਾਂ ਨੂੰ ਭਜਨਾਂ ਲਈ ਅਜਿਹੀਆਂ ਧੁਨਾਂ ਲਿਖਣ ਲਈ ਕਹੋ ਜੋ ਬਾਈਬਲ ਦੀ ਸੱਚਾਈ ਦੱਸਦੀਆਂ ਹਨ। ਅਜਿਹਾ ਕਰਨ ਨਾਲ, ਤੁਸੀਂ ਇੱਕ ਸੰਗੀਤ ਦੀ ਭਾਸ਼ਾ ਵਿੱਚ ਬਾਈਬਲ ਦਾ ਇੱਕ ਸੰਦੇਸ਼ ਗਾ ਸਕਦੇ ਹੋ ਜੋ ਤੁਹਾਡੇ ਸੰਸਾਰ ਨਾਲ ਗੱਲ ਕਰਦਾ ਹੈ।

ਸਾਨੂੰ ਹਮੇਸ਼ਾ ਉਪਰੋਕਤ ਸਵਾਲ 2 ਤੇ ਵਿਚਾਰ ਕਰਨਾ ਚਾਹੀਦਾ ਹੈ: "ਕੀ ਸਾਡਾ ਸੱਭਿਆਚਾਰ ਬਚਨ ਦਾ ਖੰਡਨ ਕਰਦਾ ਹੈ?" ਜੇਕਰ ਸੰਗੀਤ ਦਾ ਸੱਭਿਆਚਾਰ ਬਚਨ ਦਾ ਖੰਡਨ ਕਰਦਾ ਹੈ, ਤਾਂ ਸਾਨੂੰ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪਰ, ਜਦੋਂ ਇਸ ਵਿੱਚ ਬਾਈਬਲ ਦੀ ਕੋਈ ਸਿੱਖਿਆ ਸ਼ਾਮਲ ਨਹੀਂ ਹੁੰਦੀ, ਤਾਂ ਸਾਨੂੰ ਅਰਾਧਕਾਂ ਦੀ ਸੰਗੀਤ ਦੀ ਭਾਸ਼ਾ ਵਿੱਚ ਅਰਾਧਨਾ ਦੀ ਅਗਵਾਈ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਆਪਣੇ ਪਿਤਾ ਦੇ ਚਰਚ ਵਿੱਚ ਅਰਾਧਨਾ ਕਰਦੇ ਸਮੇਂ, ਸੇਵਕਾਈ ਦੇ ਲਈ ਤਿਆਰੀ ਕਰ ਰਹੇ ਇੱਕ ਨੌਜਵਾਨ ਨੂੰ ਮਹਿਸੂਸ ਹੋਇਆ ਕਿ ਬਹੁਤ ਘੱਟ ਲੋਕ ਉਨ੍ਹਾਂ ਗੀਤਾਂ ਨੂੰ ਸਮਝਦੇ ਸਨ ਜਿਹੜੇ ਉਹ ਗਾ ਰਹੇ ਸਨ। ਅਰਾਧਨਾ ਕਰਨ ਦੀ ਬਜਾਇ, ਉਨ੍ਹਾਂ ਨੇ ਉਨ੍ਹਾਂ ਸੱਚਾਈਆਂ ਦੀ ਬਹੁਤ ਘੱਟ ਸਮਝ ਦਿਖਾਈ ਜੋ ਉਹ ਗਾਉਂਦੇ ਸਨ। ਜਦੋਂ ਇਸ ਨੌਜਵਾਨ ਨੇ ਇਸ ਬਾਰੇ ਸ਼ਿਕਾਇਤ ਕੀਤੀ, ਤਾਂ ਉਸ ਦੇ ਪਿਤਾ ਨੇ ਜਵਾਬ ਦਿੱਤਾ, "ਦੇਖ ਲੈ ਜੇਕਰ ਤੂੰ ਕੁਝ ਬਿਹਤਰ ਕਰ ਸਕਦਾ ਹੈਂ।" ਨੌਜਵਾਨ ਆਈਜ਼ਕ ਵਾਟਸ ਨੇ ਆਪਣੇ ਪਿਤਾ ਦੀ ਚੁਣੌਤੀ ਨੂੰ ਸਵੀਕਾਰ ਕਰ ਲਿਆ।

ਅੰਗਰੇਜ਼ੀ ਬੋਲਣ ਵਾਲੇ ਲੋਕ ਅੱਜ ਆਈਜ਼ਕ ਵਾਟਸ ਦੇ ਭਜਨ ਗਾਉਂਦੇ ਹਨ ਕਿਉਂਕਿ ਇੱਕ ਨੌਜਵਾਨ ਪਾਸਟਰ ਨੇ ਅਜਿਹੇ ਭਜਨ ਲਿਖਣ ਦਾ ਦ੍ਰਿੜ੍ਹ ਸੰਕਲਪ ਲਿਆ ਜੋ ਉਸ ਭਾਸ਼ਾ ਵਿੱਚ ਬਾਈਬਲ ਦੇ ਸੰਦੇਸ਼ ਦੀ ਗੱਲ ਕਰਦੇ ਹਨ ਜੋ ਲੋਕ ਸਮਝਦੇ ਹਨ।[90] ਸਾਡੀ ਪੀੜ੍ਹੀ ਵਿੱਚ ਵੀ, ਸਾਨੂੰ ਅਜਿਹੇ ਭਜਨ ਲੇਖਕਾਂ ਦੀ ਲੋੜ ਹੈ ਜੋ ਅੰਗਰੇਜ਼ੀ ਤੋਂ ਇਲਾਵਾ ਦੂਸਰੀਆਂ ਭਾਸ਼ਾਵਾਂ ਬੋਲਣ ਵਾਲੇ ਸੰਸਾਰ ਦੇ ਦਿਲਾਂ ਨੂੰ ਛੂਹਣ ਵਾਲੀਆਂ ਭਾਸ਼ਾਵਾਂ ਵਿੱਚ ਬਾਈਬਲ ਦੀ ਸੱਚਾਈ ਦੱਸਣ।

---

89 This example is adapted from Ronald Allen and Gordon Borror, Worship: Rediscovering the Missing Jewel (Colorado Springs: Multnomah Publishers, 1982), 168.

90 "ਜੌਏ ਟੂ ਦ ਵਰਲਡ," "ਵੈੱਨ ਆਈ ਸਰਵੇ ਦ ਵੰਡਅਰਸ ਕਰਾਸ," ਅਤੇ "ਓ ਗਾਡ, ਆਵਰ ਹੈਲਪ ਇਨ ਏਜਸ ਪਾਸਟ" ਆਈਜ਼ਕ ਵਾਟਸ ਵੱਲੋਂ ਲਿਖੇ ਗਏ 750 ਭਜਨਾਂ ਵਿੱਚੋਂ ਤਿੰਨ ਹਨ।

ਸੰਗੀਤ ਦੀ ਸ਼ੈਲੀ ਤੇ ਕੁਝ ਸਮਾਪਤੀ ਵਿਚਾਰ

ਕਿਉਂਕਿ ਸੰਗੀਤ ਜੀਵਨ ਦਾ ਇੱਕ ਮਹੱਤਵਪੂਰਣ ਹਿੱਸਾ ਹੈ, ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਦੇ ਸੰਗੀਤ ਬਾਰੇ ਦ੍ਰਿੜ੍ਹ ਵਿਸ਼ਵਾਸ ਹਨ। ਅਰਾਧਨਾ ਵਿੱਚ ਸੰਗੀਤ ਸ਼ੈਲੀਆਂ ਦੀ ਕੋਈ ਵੀ ਚਰਚਾ ਵਿਵਾਦ ਦਾ ਕਾਰਣ ਬਣ ਸਕਦੀ ਹੈ।

ਜੋ ਲੋਕ ਇਹ ਮੰਨਦੇ ਹਨ ਕਿ ਸੰਗੀਤ ਦੀਆਂ ਕੁਝ ਸ਼ੈਲੀਆਂ ਬੁਰੀਆਂ ਹਨ, ਉਹ ਕਹਿੰਦੇ ਹਨ, "ਸਿਰਫ਼ ਸੰਗੀਤ ਦੀਆਂ ਕੁਝ ਸ਼ੈਲੀਆਂ ਨੂੰ ਅਰਾਧਨਾ ਵਿੱਚ ਵਰਤਿਆ ਜਾ ਸਕਦਾ ਹੈ।" ਪਰ, ਬਚਨ ਸੰਗੀਤ ਸ਼ੈਲੀਆਂ ਲਈ ਖ਼ਾਸ ਹਦਾਇਤਾਂ ਨਹੀਂ ਦਿੰਦਾ ਹੈ।

ਜੋ ਲੋਕ ਮੰਨਦੇ ਹਨ ਕਿ ਸੰਗੀਤ ਦੀਆਂ ਸ਼ੈਲੀਆਂ ਨੈਤਿਕ ਤੌਰ ਤੇ ਨਿਰਪੱਖ ਹਨ, ਉਹ ਕਹਿੰਦੇ ਹਨ, "ਉਹ ਸੰਗੀਤ ਲੱਭੋ ਜੋ ਲੋਕ ਪਸੰਦ ਕਰਦੇ ਹਨ ਅਤੇ ਇਸ ਨੂੰ ਗਾਉਂਦੇ ਹਨ। ਸ਼ੈਲੀ ਕੋਈ ਮਾਇਨੇ ਨਹੀਂ ਰੱਖਦੀ; ਤੁਹਾਨੂੰ ਜੋ ਪਸੰਦ ਹੈ ਉਹ ਗਾਓ।" ਪਰ, ਬਚਨ ਸਪੱਸ਼ਟ ਕਰਦਾ ਹੈ ਕਿ ਸਾਨੂੰ ਕਿਸੇ ਵੀ ਅਜਿਹੀ ਚੀਜ਼ ਤੋਂ ਬਚਣਾ ਚਾਹੀਦਾ ਹੈ ਜੋ ਕਾਮੁਕ ਵਿਹਾਰ ਵੱਲ ਲੈ ਜਾਂਦੀ ਹੈ। ਸੱਭਿਆਚਾਰਕ ਅਤੇ ਭਾਵਨਾਤਮਕ ਮਹੱਤਤਾ ਦੇ ਕਾਰਣ, ਕੁਝ ਸੰਗੀਤ ਅਰਾਧਨਾ ਲਈ ਅਢੁਕਵਾਂ ਹੁੰਦਾ ਹੈ।

ਸੰਗੀਤ ਦੀਆਂ ਪਸੰਦਾਂ ਬਾਰੇ ਲਿਖਦੇ ਹੋਏ, ਸਕਾਟ ਅਨੀਓਲ ਨੇ ਆਪਣੀ ਚਰਚਾ ਨੂੰ ਦੋ ਹਿੱਸਿਆਂ ਵਿੱਚ ਵੰਡਿਆ:[91]

1. **ਵਿਸ਼ਾ-ਵਸਤੂ: ਸਹੀ ਅਤੇ ਗਲਤ ਮੁੱਦਾ।** ਸੰਗੀਤ ਦੀ ਸ਼ੈਲੀ ਭਾਵੇਂ ਜੋ ਮਰਜ਼ੀ ਹੋਵੇ, ਜੇ ਵਿਸ਼ਾ-ਵਸਤੂ ਸਪਸ਼ਟ ਤੌਰ ਤੇ ਸੱਚ ਬਿਆਨ ਨਹੀਂ ਕਰਦੀ ਤਾਂ ਇਹ ਅਰਾਧਨਾ ਲਈ ਅਢੁਕਵਾਂ ਹੈ। ਇਹ ਸਹੀ ਅਤੇ ਗਲਤ ਦਾ ਮਾਮਲਾ ਹੈ। ਰਵਾਇਤੀ ਸੰਗੀਤ ਸ਼ੈਲੀਆਂ ਦੀ ਵਰਤੋਂ ਕਰਨ ਵਾਲੇ ਬਹੁਤ ਸਾਰੇ ਗੀਤ ਹਨ ਜਿਨ੍ਹਾਂ ਵਿੱਚ ਉਹ ਵਿਸ਼ਾ-ਵਸਤੂਆਂ ਹਨ ਜੋ ਬਾਈਬਲ ਦੀ ਸੱਚਾਈ ਨਹੀਂ ਸਿਖਾਉਂਦੀਆਂ; ਇਹ ਅਰਾਧਨਾ ਲਈ ਅਢੁਕਵੇਂ ਹਨ। ਸਮਕਾਲੀ ਸੰਗੀਤ ਸ਼ੈਲੀਆਂ ਦੀ ਵਰਤੋਂ ਕਰਦੇ ਹੋਏ ਬਹੁਤ ਸਾਰੇ ਗੀਤ ਹਨ ਜਿਨ੍ਹਾਂ ਵਿੱਚ ਉਹ ਵਿਸ਼ਾ-ਵਸਤੂਆਂ ਹਨ ਜੋ ਬਾਈਬਲ ਦੀ ਸੱਚਾਈ ਨਹੀਂ ਸਿਖਾਉਂਦੀਆਂ; ਇਹ ਅਰਾਧਨਾ ਲਈ ਅਢੁਕਵੇਂ ਹਨ।

2. **ਸੰਗੀਤ ਦੀ ਸ਼ੈਲੀ**: ਅਸਪਸ਼ਟ ਮੁੱਦਾ। ਕਿਉਂਕਿ ਬਚਨ ਸੰਗੀਤ ਦੀ ਸ਼ੈਲੀ ਦੇ ਮੁੱਦੇ ਤੇ ਸਪਸ਼ਟ ਤੌਰ ਤੇ ਗੱਲ ਨਹੀਂ ਕਰਦਾ, ਸਾਨੂੰ ਰੋਮੀਆਂ 14 ਅਧਿਆਇ ਦੇ ਸਿਧਾਂਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸਾਨੂੰ ਉਸ ਸੰਗੀਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜੋ ਇਸ ਦੇ ਸੱਭਿਆਚਾਰਕ ਸੰਬੰਧਾਂ ਕਾਰਣ ਸ਼ੱਕੀ ਹੈ। ਪਰ, ਸਾਨੂੰ ਦੂਜਿਆਂ ਦਾ ਨਿਆਂ ਨਹੀਂ ਕਰਨਾ ਚਾਹੀਦਾ ਜਿਨ੍ਹਾਂ ਦਾ ਅੰਤਹਕਰਨ ਉਨ੍ਹਾਂ ਨੂੰ ਇੱਕ ਵੱਖਰੀ ਸੰਗੀਤ ਦੀ ਦਿਸ਼ਾ ਵਿੱਚ ਲੈ ਜਾਂਦਾ ਹੈ।

ਜਾਂਚ

ਕੀ ਤੁਹਾਡੀ ਅਰਾਧਨਾ ਵਿੱਚ ਅਜਿਹੇ ਸੱਭਿਆਚਾਰਕ ਪਹਿਲੂ ਹਨ ਜੋ ਖੁਸ਼ਖ਼ਬਰੀ ਦੇ ਨਾਲ ਤੁਹਾਡੇ ਸੰਸਾਰ ਤੱਕ ਪਹੁੰਚ ਕਰਨ ਦੀ ਤੁਹਾਡੀ ਸਮਰੱਥਾ ਨੂੰ ਸੀਮਿਤ ਕਰਦੇ ਹਨ? ਕੀ ਤੁਸੀਂ ਖੁਸ਼ਖ਼ਬਰੀ ਦੇ ਨਾਲ ਆਪਣੇ ਸੰਸਾਰ ਤੱਕ ਪਹੁੰਚ ਕਰਨ ਲਈ ਆਪਣੀਆਂ ਪਸੰਦਾਂ ਨੂੰ ਛੱਡਣ ਦੇ ਲਈ ਤਿਆਰ ਹੋ?

91 Scott Aniol, Worship in Song (Winona Lake, IN: BMH Books, 2009), 135-140

ਤਾਲੀ ਵਜਾਉਣ ਬਾਰੇ ਕੀ ਕਹਾਂਗੇ?

ਅਰਾਧਨਾ ਵਿੱਚ ਤਾਲੀਆਂ ਵਜਾਉਣ ਬਾਰੇ ਕੀ ਕਹਾਂਗੇ? ਕੀ ਇਹ ਸਹੀ ਹੈ ਜਾਂ ਗਲਤ? ਤਾਲੀ ਦੋ ਸੰਦਰਭਾਂ ਵਿੱਚ ਵੱਜਦੀ ਹੈ, ਦੋ ਬਿਲਕੁਲ ਵੱਖਰੇ ਅਰਥਾਂ ਦੇ ਨਾਲ।

ਅਰਾਧਨਾ ਦੇ ਹਿੱਸੇ ਵਜੋਂ ਤਾਲੀਆਂ ਵਜਾਉਣਾ

ਬਹੁਤ ਸਾਰੀਆਂ ਕਲੀਸੀਆਵਾਂ ਗਾਉਣ ਦੇ ਹਿੱਸੇ ਵਜੋਂ ਤਾਲੀਆਂ ਵਜਾਉਂਦੀਆਂ ਹਨ; ਤਾਲੀਆਂ ਵਜਾਉਣਾ ਉਨ੍ਹਾਂ ਦੀ ਕਲੀਸੀਆ ਦੀ ਅਰਾਧਨਾ ਦਾ ਹਿੱਸਾ ਹੈ। ਇਹ ਬਚਨ ਵਿੱਚ ਪਰਗਟ ਕੀਤੀ ਅਰਾਧਨਾ ਦੇ ਸਰੀਰਕ ਪਹਿਲੂ ਦਾ ਹਿੱਸਾ ਹੈ। "ਹੇ ਸਭ ਲੋਕੋ, ਤਾਲੀਆਂ ਵਜਾਓ, ਜੈ ਜੈ ਕਾਰ ਦੇ ਸ਼ਬਦ ਨਾਲ ਪਰਮੇਸ਼ੁਰ ਦੇ ਲਈ ਲਲਕਾਰੋ!" (ਜ਼ਬੂਰਾਂ ਦੀ ਪੋਥੀ 47:1) ਯਹੂਦੀ ਅਰਾਧਕਾਂ ਵਿੱਚ ਜੋਸ਼ ਸੀ। ਯਹੂਦੀ ਅਰਾਧਨਾ ਵਿੱਚ ਸੰਗੀਤ ਦੇ ਕਈ ਤਰ੍ਹਾਂ ਦੇ ਸਾਜ਼, ਹੱਥ ਉਠਾਉਣਾ ਅਤੇ ਤਾਲੀ ਵਜਾਉਣਾ ਸ਼ਾਮਲ ਸੀ।

ਜੇਕਰ ਤਾਲੀ ਵਜਾਉਣਾ ਤੁਹਾਡੀ ਅਰਾਧਨਾ ਦਾ ਹਿੱਸਾ ਹੈ, ਤਾਂ ਅਰਾਧਨਾ ਆਗੂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਗਾਏ ਜਾਣ ਵਾਲੇ ਗੀਤ ਲਈ ਉਚਿਤ ਹੋਵੇ। ਪ੍ਰਾਰਥਨਾ ਦੇ ਗੀਤ ਦੌਰਾਨ ਤਾਲੀਆਂ ਵਜਾਉਣਾ ਸੰਦੇਸ਼ ਲਈ ਉਚਿਤ ਨਹੀਂ ਹੈ। ਅਨੰਦ ਭਰੇ ਉਸਤਤ ਦੇ ਗੀਤ ਦੌਰਾਨ ਤਾਲੀਆਂ ਵਜਾਉਣਾ ਉਚਿਤ ਹੈ। ਆਗੂ ਲਈ ਸਵਾਲ ਹਮੇਸ਼ਾ ਇਹ ਨਹੀਂ ਹੁੰਦਾ, "ਕੀ ਤਾਲੀ ਵਜਾਉਣਾ ਸਹੀ ਹੈ ਜਾਂ ਗਲਤ?" ਇੱਕ ਬਿਹਤਰ ਸਵਾਲ ਇਹ ਹੋ ਸਕਦਾ ਹੈ, "ਕੀ ਇਸ ਗੀਤ ਲਈ ਅਤੇ ਇਸ ਸਮੇਂ ਸਾਡੀ ਅਰਾਧਨਾ ਵਿੱਚ ਤਾਲੀਆਂ ਵਜਾਉਣਾ ਉਚਿਤ ਹੈ?"

ਅਰਾਧਨਾ ਦੇ ਜਵਾਬ ਵਿੱਚ ਤਾਲੀਆਂ

ਇੱਕ ਹੋਰ ਮੁਸ਼ਕਲ ਮੁੱਦਾ ਕਿਸੇ ਵਿਸ਼ੇਸ਼ ਗੀਤ ਦੇ ਜਵਾਬ ਵਿੱਚ ਤਾਲੀਆਂ ਵਜਾਉਣ ਦਾ ਹੈ। ਬਚਨ ਵਿੱਚ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਯਹੂਦੀ ਜਾਂ ਮਸੀਹੀ ਅਰਾਧਕਾਂ ਨੇ ਅਰਾਧਨਾ ਦੇ ਪ੍ਰਤੀਉੱਤਰ ਵਿੱਚ ਤਾਲੀਆਂ ਵਜਾਈਆਂ ਸਨ।

ਅੱਜ ਸੱਭਿਆਚਾਰ ਧੰਨਵਾਦ ਦੇ ਪ੍ਰਗਟਾਵੇ ਵਜੋਂ ਤਾਲੀਆਂ ਵਜਾਉਣ ਲਈ ਕਾਹਲੇ ਹੁੰਦੇ ਹਨ। ਇਨ੍ਹਾਂ ਸੱਭਿਆਚਾਰਾਂ ਵਿੱਚ ਤਾਲੀਆਂ ਰਾਹੀਂ ਪਰਮੇਸ਼ੁਰ ਦੀ ਉਸਤਤ ਦਾ ਪ੍ਰਗਟਾਵਾ ਕਰਨਾ ਸੁਭਾਵਕ ਹੈ। ਕੁਝ ਸੱਭਿਆਚਾਰ ਤਾਲੀਆਂ ਨੂੰ ਮੁੱਖ ਤੌਰ ਤੇ ਚੰਗੀ ਕਾਰਗੁਜ਼ਾਰੀ ਦੀ ਮਾਨਤਾ ਨਾਲ ਜੋੜਦੇ ਹਨ। ਇਨ੍ਹਾਂ ਸੱਭਿਆਚਾਰਾਂ ਵਿੱਚ, ਇੱਕ ਗੀਤਕਾਰ ਜਾਂ ਸੰਗੀਤਕਾਰ ਦੇ ਜਵਾਬ ਵਿੱਚ ਤਾਲੀਆਂ ਵਜਾਉਣ ਨਾਲ ਅਰਾਧਨਾ ਦੀ ਬਜਾਇ ਇੱਕ ਸੰਗੀਤ ਸਮਾਰੋਹ ਦਾ ਮਾਹੌਲ ਬਣ ਸਕਦਾ ਹੈ।

ਕਿਉਂਕਿ ਬਚਨ ਸਿੱਧੇ ਤੌਰ ਤੇ ਇਸ ਮੁੱਦੇ ਨੂੰ ਸੰਬੋਧਿਤ ਨਹੀਂ ਕਰਦਾ, ਸਾਨੂੰ ਵਿਅਰਥ ਗੱਲਾਂ ਤੋਂ ਬਚਣਾ ਚਾਹੀਦਾ ਹੈ। ਜੇਕਰ ਤਾਲੀਆਂ ਵਜਾਉਣਾ ਇੱਕ ਸੁਭਾਵਕ ਅਨੰਦ ਭਰਿਆ ਪ੍ਰਤੀਉੱਤਰ ਹੈ ਜੋ ਪਰਮੇਸ਼ੁਰ ਦੀ ਉਸਤਤ ਨੂੰ ਪਰਗਟ ਕਰਦਾ ਹੈ, ਤਾਂ ਇਹ ਅਰਾਧਨਾ ਦਾ ਕਾਰਜ ਹੋ ਸਕਦਾ ਹੈ। ਜੇਕਰ ਤਾਲੀਆਂ ਇਹ ਦਰਸਾਉਂਦੀਆਂ ਹਨ, "ਇਸ ਵਿਅਕਤੀ ਨੇ ਸਾਡੇ ਅਨੰਦ ਲਈ ਵਧੀਆ ਪ੍ਰਦਰਸ਼ਨ ਕੀਤਾ ਹੈ," ਤਾਂ ਇਹ ਅਰਾਧਨਾ ਦੀ ਅਹਿਮੀਅਤ ਨੂੰ ਘਟਾ ਸਕਦਾ ਹੈ।

ਕਲੀਸੀਆ ਅਤੇ ਸੰਗੀਤਕਾਰ ਦੋਵਾਂ ਨੂੰ ਤਾਲੀ ਵਜਾਉਣ ਦੀ ਪ੍ਰੇਰਣਾ ਵੱਲ ਧਿਆਨ ਦੇਣਾ ਚਾਹੀਦਾ ਹੈ। ਕਲੀਸੀਆ ਦੇ ਲੋਕਾਂ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ, "ਮੈਂ ਤਾਲੀਆਂ ਕਿਉਂ ਵਜਾ ਰਿਹਾ ਹਾਂ? ਕੀ ਮੇਰਾ ਤਾਲੀ ਵਜਾਉਣਾ ਪਰਮੇਸ਼ੁਰ ਦੀ ਉਸਤਤ ਤੋਂ ਪ੍ਰੇਰਿਤ ਹੈ, ਜਾਂ ਕੀ ਮੇਰਾ ਤਾਲੀ ਵਜਾਉਣਾ ਕਿਸੇ ਕਲਾਕਾਰ ਦੀ ਪ੍ਰਸ਼ੰਸਾ ਤੋਂ ਪ੍ਰੇਰਿਤ ਹੈ?"

ਸੰਗੀਤਕਾਰ ਨੂੰ ਪੁੱਛਣਾ ਚਾਹੀਦਾ ਹੈ, "ਕਲੀਸੀਆ ਤਾਲੀ ਕਿਉਂ ਵਜਾ ਰਹੀ ਹੈ? ਕੀ ਮੇਰੇ ਗੀਤ ਨੇ ਪਰਮੇਸ਼ੁਰ ਦੀ ਉਸਤਤ ਦੇ ਅਨੰਦ ਭਰੇ ਕਾਰਜ ਨੂੰ ਪ੍ਰੇਰਿਤ ਕੀਤਾ, ਜਾਂ ਕੀ ਮੇਰੇ ਗੀਤ ਨੇ ਮੇਰੇ ਹੁਨਰਾਂ ਵੱਲ ਧਿਆਨ ਖਿੱਚਿਆ? ਕੀ ਮੈਂ ਅਰਾਧਨਾ ਵਿੱਚ ਅਗਵਾਈ ਕੀਤੀ?" ਅਰਾਧਨਾ ਆਗੂ ਹੋਣ ਦੇ ਨਾਤੇ ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੀ ਸੇਵਕਾਈ ਲੋਕਾਂ ਨੂੰ ਪਰਮੇਸ਼ੁਰ ਦੀ ਵੱਲ ਲੈ ਕੇ ਜਾਵੇ, ਨਾ ਕਿ ਸਾਡੀਆਂ ਯੋਗਤਾਵਾਂ ਵੱਲ।

ਜਾਂਚ

ਜੇ ਤੁਹਾਡੀ ਕਲੀਸੀਆ ਅਰਾਧਨਾ ਦੌਰਾਨ ਤਾਲੀਆਂ ਵਜਾਉਂਦੀ ਹੈ, ਤਾਂ ਕੀ ਇਹ ਸੱਚਮੁੱਚ ਪਰਮੇਸ਼ੁਰ ਦੀ ਉਸਤਤ ਦਾ ਪ੍ਰਗਟਾਵਾ ਹੈ ਜਾਂ ਕੀ ਇਹ ਕਿਸੇ ਕਲਾਕਾਰ ਦੀ ਪ੍ਰਸ਼ੰਸਾ ਦਾ ਪ੍ਰਗਟਾਵਾ ਹੈ?

ਰੋਮੀਆਂ 14 ਅਤੇ ਅਰਾਧਨਾ ਦੀਆਂ ਸ਼ੈਲੀਆਂ

» ਰੋਮੀਆਂ 14:1-23 ਪੜ੍ਹੋ।

ਰੋਮੀਆਂ 14 ਅਧਿਆਇ ਇਤਰਾਜ਼ਯੋਗ ਗੱਲਾਂ ਦੇ ਲਈ ਮਹੱਤਵਪੂਰਣ ਹਦਾਇਤਾਂ ਦਿੰਦਾ ਹੈ ਜਿਨ੍ਹਾਂ ਬਾਰੇ ਬਚਨ ਸਪਸ਼ਟ ਤੌਰ ਤੇ ਗੱਲ ਨਹੀਂ ਕਰਦਾ ਹੈ। ਪੌਲੁਸ ਉਨ੍ਹਾਂ ਲੋਕਾਂ ਨੂੰ ਸੰਬੋਧਿਤ ਕਰਦਾ ਹੈ ਜਿਹੜੇ ਮਾਸ ਖਾਣ ਜਾਂ ਖ਼ਾਸ ਦਿਨ ਮਨਾਉਣ ਬਾਰੇ ਅਸਹਿਮਤ ਹਨ। ਉਹ ਹੇਠਾਂ ਦਿੱਤੇ ਸਿਧਾਂਤ ਪੇਸ਼ ਕਰਦਾ ਹੈ।

1. ਇਤਰਾਜ਼ਯੋਗ ਗੱਲਾਂ ਬਾਰੇ ਦੂਜਿਆਂ ਦਾ ਨਿਆਂ ਨਾ ਕਰੋ (ਰੋਮੀਆਂ 14:1-13)।

ਉਨ੍ਹਾਂ ਖੇਤਰਾਂ ਵਿੱਚ ਜਿਨ੍ਹਾਂ ਬਾਰੇ ਬਚਨ ਸਪਸ਼ਟ ਤੌਰ ਤੇ ਗੱਲ ਨਹੀਂ ਕਰਦਾ, ਸਾਨੂੰ ਉਨ੍ਹਾਂ ਲੋਕਾਂ ਨੂੰ ਅੰਤਹਕਰਨ ਦੀ ਅਜ਼ਾਦੀ ਦੇਣੀ ਚਾਹੀਦੀ ਹੈ ਜੋ ਸਾਡੇ ਨਾਲ ਅਸਹਿਮਤ ਹਨ। ਸਾਨੂੰ ਖੁਦ ਬਚਨ ਤੋਂ ਵੱਧ ਨਿਸ਼ਚਤ ਨਹੀਂ ਹੋਣਾ ਚਾਹੀਦਾ!

2. ਕਮਜ਼ੋਰ ਨੂੰ ਠੇਕਰ ਨਾ ਖੁਆਓ (ਰੋਮੀਆਂ 14:13-15)।

ਪੌਲੁਸ ਨੇ ਜਾਣ ਲਿਆ ਕਿ ਇੱਕ ਪਰਿਪੱਕ ਵਿਸ਼ਵਾਸੀ ਦੁਆਰਾ ਵਰਤੀਆਂ ਜਾਣ ਵਾਲੀਆਂ ਅਜ਼ਾਦੀਆਂ ਤੋਂ ਇੱਕ ਅਪਰਿਪੱਕ ਵਿਸ਼ਵਾਸੀ ਨੂੰ ਠੇਕਰ ਲੱਗ ਸਕਦੀ ਹੈ। ਉਸ ਸਥਿਤੀ ਵਿੱਚ, ਪ੍ਰੇਮ ਦੀ ਬਿਵਸਥਾ ਸਾਡੇ ਤੋਂ ਕਮਜ਼ੋਰਾਂ ਦੀ ਖ਼ਾਤਰ ਆਪਣੀ ਅਜ਼ਾਦੀ ਨੂੰ ਸੀਮਤ ਕਰਨ ਦੀ ਮੰਗ ਕਰਦੀ ਹੈ। ਆਪਣੀਆਂ ਅਜ਼ਾਦੀਆਂ ਕਰਕੇ ਉਸ ਵਿਅਕਤੀ ਨੂੰ ਨਾਸ ਨਾ ਕਰੋ ਜਿਸ ਦੇ ਲਈ ਮਸੀਹ ਨੇ ਆਪਣੀ ਜਾਨ ਦਿੱਤੀ ਹੈ।

ਪੌਲੁਸ ਦਾ ਇਹ ਕਥਨ ਮਸੀਹੀ ਵਿਹਾਰ ਦੇ ਸਾਰੇ ਖੇਤਰਾਂ ਲਈ ਇੱਕ ਸ਼ਕਤੀਸ਼ਾਲੀ ਨਮੂਨਾ ਹੈ; "ਜੇ ਭੋਜਨ ਮੇਰੇ ਭਾਈ ਨੂੰ ਠੇਕਰ ਖੁਆਵੇ ਤਾਂ ਮੈਂ ਅੰਤ ਸਮੇਂ ਤੀਕ ਕਦੇ ਵੀ ਬਲੀ ਨਹੀਂ ਖਾਵਾਂਗਾ ਤਾਂ ਐਉਂ ਨਾ ਹੋਵੇ ਜੋ ਮੈਂ ਆਪਣੇ ਭਾਈ ਨੂੰ ਠੇਕਰ ਖੁਆਵਾਂ" (1 ਕੁਰਿੰਥੀਆਂ 8:13)।

3. ਭਰਮ ਨਾਲ ਨਹੀਂ, ਨਿਹਚਾ ਨਾਲ ਕਾਰਜ ਕਰੋ (ਰੋਮੀਆਂ 14:23)।

ਇਹ ਨੌਜਵਾਨ ਮਸੀਹੀ ਲੋਕਾਂ ਲਈ ਇੱਕ ਜ਼ਰੂਰੀ ਸਿਧਾਂਤ ਹੈ। "ਜੋ ਕੁਝ ਨਿਹਚਾ ਤੋਂ ਨਹੀਂ ਵਧਦਾ ਉਹ ਪਾਪ ਹੈ।" ਸਾਨੂੰ ਕਿਸੇ ਹੋਰ ਨੂੰ ਪ੍ਰਸੰਨ ਕਰਨ ਲਈ ਕਦੇ ਵੀ ਆਪਣੇ ਅੰਤਹਕਰਨ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। "ਜਿਹੜਾ ਭਰਮ ਕਰਦਾ ਹੈ ਜੇ ਉਹ ਖਾਵੇ ਤਾਂ ਦੋਸ਼ੀ ਹੋਇਆ ਇਸ ਲਈ ਜੋ ਨਿਹਚਾ ਕਰਕੇ ਨਹੀਂ ਖਾਂਦਾ ਹੈ।"

ਜਦੋਂ ਅਰਾਧਨਾ ਦੀਆਂ ਸ਼ੈਲੀਆਂ ਤੇ ਲਾਗੂ ਕੀਤੇ ਜਾਂਦੇ ਹਨ, ਤਾਂ ਇਹ ਸਿਧਾਂਤ ਸਾਨੂੰ ਸਾਵਧਾਨ ਕਰਦੇ ਹਨ:

1. **ਉਨ੍ਹਾਂ ਲੋਕਾਂ ਦਾ ਨਿਆਂ ਨਾ ਕਰੋ ਜੋ ਅਜਿਹੀ ਸ਼ੈਲੀ ਦੀ ਵਰਤੋਂ ਕਰਦੇ ਹਨ ਜਿਸ ਨਾਲ ਤੁਸੀਂ ਅਣਸੁਖਾਵਾਂ ਮਹਿਸੂਸ ਕਰਦੇ ਹੋ।** ਜੇ ਬਚਨ ਸਪਸ਼ਟ ਤੌਰ ਤੇ ਗੱਲ ਨਹੀਂ ਕਰਦਾ, ਤਾਂ ਤੁਹਾਨੂੰ ਨਿਆਂ ਕਰਨ ਵਿੱਚ ਧੀਮੇ ਹੋਣਾ ਚਾਹੀਦਾ ਹੈ।

2. **ਅਜਿਹੇ ਸੰਗੀਤ ਦੀ ਵਰਤੋਂ ਨਾ ਕਰੋ ਜੋ ਇੱਕ ਨਵੇਂ ਵਿਸ਼ਵਾਸੀ ਨੂੰ ਠੇਕਰ ਖੁਆ ਸਕਦਾ ਹੈ।** ਜੇਕਰ ਕੋਈ ਵਿਸ਼ਵਾਸੀ ਅਜਿਹੀ ਜੀਵਨ-ਸ਼ੈਲੀ ਤੋਂ ਆਉਂਦਾ ਹੈ ਜਿਸ ਵਿੱਚ ਸੰਗੀਤ ਦੀਆਂ ਕੁਝ ਸ਼ੈਲੀਆਂ ਅਨੈਤਿਕ ਵਿਹਾਰ ਨਾਲ ਜੁੜੀਆਂ ਹੁੰਦੀਆਂ ਹਨ, ਤਾਂ ਉਹ ਸ਼ੈਲੀ ਉਸ ਵਿਸ਼ਵਾਸੀ ਲਈ ਕਦੇ ਵੀ ਮਦਦਗਾਰ ਨਹੀਂ ਹੋ ਸਕਦੀ। ਇੱਕ ਮਸੀਹੀ ਭਰਾ ਲਈ ਤੁਹਾਡੇ ਪਿਆਰ ਨੂੰ ਤੁਹਾਨੂੰ ਹਰੇਕ ਅਜਿਹੀ ਗੱਲ ਤੋਂ ਬਚਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਜੋ ਉਸ ਦੇ ਆਤਮਿਕ ਵਿਕਾਸ ਵਿੱਚ ਰੁਕਾਵਟ ਬਣ ਸਕਦੀ ਹੈ।

3. **ਜਦੋਂ ਤੁਹਾਡੇ ਅੰਤਹਕਰਨ ਵਿੱਚ ਭਰਮ ਹੋਣ ਤਾਂ ਅਜ਼ਾਦੀ ਦੀ ਵਰਤੋਂ ਨਾ ਕਰੋ।** ਤੁਹਾਨੂੰ ਪੰਕਤੀਆਂ ਦੀ ਜਾਂਚ ਨਹੀਂ ਕਰਨੀ ਚਾਹੀਦੀ। ਪਰਮੇਸ਼ੁਰ ਦੇ ਲਈ ਪ੍ਰੇਮ ਨੂੰ ਤੁਹਾਨੂੰ ਅਜਿਹੀ ਕਿਸੇ ਵੀ ਚੀਜ਼ ਤੋਂ ਬਚਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਜੋ ਤੁਹਾਡੇ ਆਪਣੇ ਅੰਤਹਕਰਨ ਵਿੱਚ ਭਰਮ ਪੈਦਾ ਕਰਦੀ ਹੈ।

ਬੱਚਿਆਂ ਅਤੇ ਨੌਜਵਾਨਾਂ ਨੂੰ ਅਰਾਧਨਾ ਵਿੱਚ ਸ਼ਾਮਲ ਕਰਨਾ

"ਅਸੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਅਰਾਧਨਾ ਵਿੱਚ ਕਿਵੇਂ ਸ਼ਾਮਲ ਕਰ ਸਕਦੇ ਹਾਂ? ਕੀ ਸਾਨੂੰ ਉਨ੍ਹਾਂ ਨੂੰ ਤਦ ਤਕ ਇੱਕ ਵੱਖਰੀ ਬੰਦਗੀ ਵਿੱਚ ਰੱਖਣਾ ਚਾਹੀਦਾ ਹੈ ਜਦੋਂ ਤੱਕ ਉਨ੍ਹਾਂ ਦੀ ਉਮਰ ਵੱਡਿਆਂ ਦੀ ਬੰਦਗੀ ਨੂੰ ਸਮਝਣ ਲਾਇਕ ਨਹੀਂ ਹੋ ਜਾਂਦੀ? ਅਸੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਸੱਚੀ ਅਰਾਧਨਾ ਕਰਨ ਲਈ ਕਿਵੇਂ ਉਤਸ਼ਾਹਿਤ ਕਰਦੇ ਹਾਂ?"

ਬਹੁਤ ਸਾਰੀਆਂ ਕਲੀਸੀਆਵਾਂ ਬੱਚਿਆਂ, ਨੌਜਵਾਨਾਂ ਅਤੇ ਬਾਲਗਾਂ ਨੂੰ ਅਰਾਧਨਾ ਤੋਂ ਅਲੱਗ ਕਰ ਦਿੰਦੀਆਂ ਹਨ। ਇਸ ਦੇ ਦੋ ਕਾਰਣ ਹਨ: ਇਹ ਚਿੰਤਾ ਕਿ ਛੋਟੇ ਬੱਚੇ ਬਾਲਗਾਂ ਦਾ ਧਿਆਨ ਅਰਾਧਨਾ ਤੋਂ ਭਟਕਾ ਦੇਣਗੇ ਅਤੇ ਦੂਜੀ ਚਿੰਤਾ ਇਹ ਕਿ ਬੱਚੇ ਅਤੇ ਨੌਜਵਾਨ ਇਹ ਨਹੀਂ ਸਮਝ ਪਾਉਣਗੇ ਕਿ ਅਰਾਧਨਾ ਬੰਦਗੀ ਵਿੱਚ ਕੀ ਹੋ ਰਿਹਾ ਹੈ।

ਬਚਨ ਵਿੱਚ ਨੌਜਵਾਨਾਂ ਜਾਂ ਬੱਚਿਆਂ ਲਈ ਵੱਖ-ਵੱਖ ਬੰਦਗੀਆਂ ਰੱਖਣ ਦੀ ਮਨਾਹੀ ਵਾਲੀ ਕੋਈ ਗੱਲ ਨਹੀਂ ਹੈ। ਪਰ, ਘੱਟੋ-ਘੱਟ ਤਿੰਨ ਚੀਜ਼ਾਂ ਹਨ ਜਿਨ੍ਹਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ:

1. **ਬਚਨ ਵਿੱਚ, ਅਰਾਧਨਾ ਵਿੱਚ ਸਭ ਪੀੜ੍ਹੀਆਂ ਸ਼ਾਮਲ ਸਨ, ਅਰਥਾਤ ਇਹ ਅੰਤਰ-ਪੀੜ੍ਹੀ ਸੀ।** ਬਚਨ ਕਿਤੇ ਵੀ ਇਹ ਸੁਝਾਅ ਨਹੀਂ ਦਿੰਦਾ ਕਿ ਬੱਚਿਆਂ ਅਤੇ ਨੌਜਵਾਨਾਂ ਦੇ ਨਾਲ ਵੱਖੋ-ਵੱਖਰੇ ਤਰੀਕੇ ਨਾਲ ਵਿਹਾਰ ਕੀਤਾ ਜਾਂਦਾ ਸੀ। ਹੈਕਲ ਦੀ ਅਰਾਧਨਾ ਵਿੱਚ, ਪਰਿਵਾਰ ਬਲੀਦਾਨ ਦੀ ਰਸਮ ਲਈ ਇਕੱਠੇ ਰਹੇ। ਨਵੇਂ ਨੇਮ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜੋ ਇਹ ਸੁਝਾਅ ਦਿੰਦਾ ਹੋਵੇ ਕਿ ਅਰੰਭਕ ਕਲੀਸੀਆ ਅਰਾਧਨਾ ਦੌਰਾਨ ਬੱਚਿਆਂ ਜਾਂ ਨੌਜਵਾਨਾਂ ਨੂੰ ਅਲੱਗ ਕਰ ਦਿੰਦੀ ਸੀ।

2. **ਅੰਤਰ-ਪੀੜ੍ਹੀ ਅਰਾਧਨਾ ਮਸੀਹ ਦੀ ਦੇਹ ਨੂੰ ਇਕਜੁਟ ਕਰਦੀ ਹੈ।** ਜਿਵੇਂ ਕਿ ਸਮਕਾਲੀ ਅਰਾਧਨਾ ਅਤੇ ਰਵਾਇਤੀ ਅਰਾਧਨਾ ਦੇ ਲਈ ਅਲੱਗ-ਅਲੱਗ ਬੰਦਗੀਆਂ ਦੀ ਪੇਸ਼ਕਸ਼ ਕਰਨਾ ਦੇਹ ਦੀ ਏਕਤਾ ਨੂੰ ਕਮਜ਼ੋਰ ਕਰ ਸਕਦਾ ਹੈ, ਬੱਚਿਆਂ ਅਤੇ ਨੌਜਵਾਨਾਂ ਲਈ ਅਲੱਗ-ਅਲੱਗ ਬੰਦਗੀਆਂ ਦੀ ਪੇਸ਼ਕਸ਼ ਕਲੀਸੀਆ ਪਰਿਵਾਰ ਦਾ ਹਿੱਸਾ ਹੋਣ ਦੀ ਉਨ੍ਹਾਂ ਦੀ ਜਾਗਰੂਕਤਾ ਨੂੰ ਘਟਾ ਸਕਦੀ ਹੈ। ਦੂਜੇ ਪਾਸੇ, ਜਦੋਂ ਬੱਚੇ ਅਤੇ ਨੌਜਵਾਨ ਕਲੀਸੀਆ ਦੇ ਪਰਿਵਾਰ ਦੀ ਅਰਾਧਨਾ ਵਿੱਚ ਸ਼ਾਮਲ ਹੁੰਦੇ ਹਨ, ਹਰ ਕੋਈ ਸਮਝਦਾ ਹੈ ਕਿ ਉਹ ਮਸੀਹ ਦੀ ਦੇਹ ਦਾ ਇੱਕ ਅਹਿਮ ਹਿੱਸਾ ਹਨ (1 ਤਿਮੋਥਿਉਸ 4:12)।

3. **ਅੰਤਰ-ਪੀੜ੍ਹੀ ਅਰਾਧਨਾ ਦੁਆਰਾ, ਨਿਹਚਾ ਅਗਲੀ ਪੀੜ੍ਹੀ ਤੱਕ ਪਹੁੰਚਾਈ ਜਾਂਦੀ ਹੈ।** ਅਸੀਂ ਅਰਾਧਨਾ ਕਰਦੇ ਹੋਏ ਅਰਾਧਨਾ ਕਰਨਾ ਸਿੱਖਦੇ ਹਾਂ। ਜਦੋਂ ਤੱਕ ਸਾਵਧਾਨੀ ਨਾਲ ਯੋਜਨਾ ਨਹੀਂ ਬਣਾਈ ਜਾਂਦੀ, ਬੱਚਿਆਂ ਦੀ ਬੰਦਗੀ ਬੱਚਿਆਂ ਦੇ ਮਨੋਰੰਜਨ ਕਰਨ ਦਾ ਸਮਾਂ ਬਣ ਸਕਦੀ ਹੈ ਤਾਂ ਜੋ ਉਹ ਬਾਲਗਾਂ ਦੀ ਬੰਦਗੀ ਵਿੱਚ ਦਖ਼ਲ ਨਾ ਦੇਣ। ਜੇ ਅਸੀਂ ਅਜਿਹਾ ਕਰਦੇ ਹਾਂ, ਤਾਂ ਬੱਚੇ ਅਰਾਧਨਾ ਕਰਨਾ ਕਦੋਂ ਸਿੱਖਣਗੇ?

ਨੈਜਵਾਨ ਅਤੇ ਬੱਚੇ ਇੱਕ ਸਾਂਝੀ ਅਰਾਧਨਾ ਬੰਦਗੀ ਦੇ ਹਿੱਸੇ ਵਜੋਂ

ਨੈਜਵਾਨ ਅਤੇ ਬੱਚੇ ਅਕਸਰ ਇੱਕ ਸਾਂਝੀ ਅਰਾਧਨਾ ਬੰਦਗੀ ਵਿੱਚ ਹਿੱਸਾ ਲੈ ਸਕਦੇ ਹਨ ਜੋ ਹਰ ਉਮਰ ਦੇ ਲੋਕਾਂ ਨਾਲ ਗੱਲ ਕਰਦੀ ਹੈ। ਇਸ ਵਿੱਚ ਮੁੱਖ ਸੰਦੇਸ਼ ਦੇ ਸਾਂਝੇ ਵਿਸ਼ੇ ਦੇ ਨਾਲ-ਨਾਲ ਬੱਚਿਆਂ ਦੇ ਲਈ ਇੱਕ ਛੋਟਾ ਸੰਦੇਸ਼ ਸ਼ਾਮਲ ਹੋ ਸਕਦਾ ਹੈ।

ਜਦੋਂ ਅਸੀਂ ਇਹ ਕਲਪਨਾ ਕਰਦੇ ਹਾਂ ਕਿ ਬੱਚੇ ਡੂੰਘੀ ਸੱਚਾਈ ਨੂੰ ਨਹੀਂ ਸਮਝ ਸਕਦੇ, ਤਾਂ ਅਸੀਂ ਉਨ੍ਹਾਂ ਨੂੰ ਆਤਮਿਕ ਸਮਝ ਲਈ ਲੋੜੀਂਦੀ ਸੋਭਾ ਦੇਣ ਵਿੱਚ ਅਸਫ਼ਲ ਰਹਿੰਦੇ ਹਾਂ। ਇਹ ਪਵਿੱਤਰ ਆਤਮਾ ਹੈ ਜੋ ਹਰ ਸੁਣਨ ਵਾਲੇ ਦੀਆਂ ਅੰਦਰ ਦੀਆਂ ਅੱਖਾਂ ਖੋਲ੍ਹਦਾ ਹੈ, ਭਾਵੇਂ ਉਹ ਬਾਲਗ ਹੋਵੇ ਜਾਂ ਬੱਚਾ (1 ਕੁਰਿੰਥੀਆਂ 2:10)। ਬਾਲਗਾਂ ਦੀ ਬੰਦਗੀ ਵਿੱਚ ਵੀ, ਪਵਿੱਤਰ ਆਤਮਾ ਉਨ੍ਹਾਂ ਦੇ ਜਵਾਨ ਦਿਲਾਂ ਨਾਲ ਸਚਿਆਈ ਦੀ ਗੱਲ ਕਰ ਸਕਦਾ ਹੈ। ਬਾਲਗਾਂ ਦੀ ਅਰਾਧਨਾ ਵਿੱਚ ਬੱਚਿਆਂ ਨੂੰ ਸ਼ਾਮਲ ਕਰਨ ਲਈ ਸਾਨੂੰ ਉਨ੍ਹਾਂ ਨੂੰ ਅਰਾਧਨਾ ਬਾਰੇ ਸਿਖਾਉਣ ਦੀ ਲੋੜ ਹੈ। ਅਸੀਂ ਬੱਚਿਆਂ ਨੂੰ ਬੰਦਗੀ ਬਾਰੇ ਸਮਝਾ ਸਕਦੇ ਹਾਂ। ਅਸੀਂ ਬਚਨ ਦੇ ਪੜ੍ਹੇ ਜਾਣ ਵਿੱਚ ਜਾਂ ਗੀਤਾਂ ਦੇ ਗਾਉਣ ਵਿੱਚ ਆਉਣ ਵਾਲੇ ਔਖੇ ਸ਼ਬਦਾਂ ਨੂੰ ਪਰਿਭਾਸ਼ਿਤ ਕਰ ਸਕਦੇ ਹਾਂ। ਇੱਥੋਂ ਤੱਕ ਕਿ ਬਾਲਗਾਂ ਲਈ ਵੀ ਕਈ ਵਾਰ ਉਨ੍ਹਾਂ ਸ਼ਬਦਾਂ ਨੂੰ ਪਰਿਭਾਸ਼ਿਤ ਕਰਨ ਦੀ ਲੋੜ ਹੁੰਦੀ ਹੈ! ਅਰਾਧਨਾ ਵਿੱਚ ਬੱਚਿਆਂ ਲਈ ਜਗ੍ਹਾ ਬਣਾ ਕੇ, ਅਸੀਂ ਉਨ੍ਹਾਂ ਨੂੰ ਬਾਕੀ ਦੀ ਦੇਹ ਦੇ ਨਾਲ ਅਰਾਧਕਾਂ ਵਜੋਂ ਵਧਣ ਦਿੰਦੇ ਹਾਂ।

ਨੈਜਵਾਨਾਂ ਅਤੇ ਬੱਚਿਆਂ ਲਈ ਅਲੱਗ ਅਰਾਧਨਾ[92]

ਬਹੁਤ ਸਾਰੀਆਂ ਕਲੀਸੀਆਵਾਂ ਵਿੱਚ ਨੈਜਵਾਨਾਂ ਅਤੇ ਬੱਚਿਆਂ ਲਈ ਵੱਖ-ਵੱਖ ਬੰਦਗੀਆਂ ਹੁੰਦੀਆਂ ਹਨ। ਇਹ ਬੰਦਗੀਆਂ ਅਰਾਧਨਾ ਲਈ ਹੋਣੀਆਂ ਚਾਹੀਦੀਆਂ ਹਨ, ਮਨੋਰੰਜਨ ਲਈ ਨਹੀਂ। ਜੇ ਬੱਚੇ ਅਤੇ ਨੈਜਵਾਨ ਅਰਾਧਨਾ ਕਰਨਾ ਨਹੀਂ ਸਿੱਖਦੇ, ਤਾਂ ਉਹ ਆਤਮਿਕ ਪਰਿਪੱਕਤਾ ਵੱਲ ਨਹੀਂ ਵਧਣਗੇ। ਜਿਵੇਂ ਇਕੱਲੇ ਟੌਫੀਆਂ ਖਾਣ ਨਾਲ ਇੱਕ ਬੱਚੇ ਦੀ ਸਰੀਰਕ ਸਿਹਤ ਦਾ ਵਿਕਾਸ ਨਹੀਂ ਹੁੰਦਾ, ਉਸੇ ਤਰ੍ਹਾਂ ਆਤਮਿਕ ਜੰਕ ਫੂਡ ਖਾਣ ਨਾਲ ਇੱਕ ਬੱਚੇ ਦੀ ਆਤਮਿਕ ਸਿਹਤ ਦਾ ਵਿਕਾਸ ਨਹੀਂ ਹੁੰਦਾ।

ਜੇਕਰ ਕਿਸੇ ਕਲੀਸੀਆ ਵਿੱਚ ਬਾਲਗਾਂ ਅਤੇ ਨੈਜਵਾਨਾਂ ਲਈ ਵੱਖ-ਵੱਖ ਬੰਦਗੀਆਂ ਹੁੰਦੀਆਂ ਹਨ, ਤਾਂ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੰਦਗੀ ਸੱਚਮੁੱਚ ਇੱਕ ਅਰਾਧਨਾ ਬੰਦਗੀ ਹੋਵੇ। ਨੈਜਵਾਨਾਂ ਅਤੇ ਬੱਚਿਆਂ ਦੀ ਅਰਾਧਨਾ ਵਿੱਚ ਬਚਨ ਦਾ ਪੜ੍ਹਿਆ ਜਾਣਾ ਸ਼ਾਮਲ ਹੋਣਾ ਚਾਹੀਦਾ ਹੈ। ਬੱਚਿਆਂ ਲਈ, ਆਕਰਸ਼ਕ ਤਸਵੀਰਾਂ ਬਚਨ ਦੀ ਸੱਚਾਈ ਨੂੰ ਮਜ਼ਬੂਤ ਕਰਦੀਆਂ ਹਨ।

ਬੰਦਗੀ ਵਿੱਚ ਸੰਦੇਸ਼ ਜਾਂ ਬਾਈਬਲ ਦਾ ਸਬਕ ਸ਼ਾਮਲ ਹੋਣਾ ਚਾਹੀਦਾ ਹੈ ਜੋ ਨੈਜਵਾਨਾਂ ਅਤੇ ਬੱਚਿਆਂ ਦੀਆਂ ਲੋੜਾਂ ਲਈ ਪਰਮੇਸ਼ੁਰ ਦੇ ਬਚਨ ਨੂੰ ਲਾਗੂ ਕਰਦਾ ਹੈ। ਸਿੱਖਿਆ ਦੇਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਬਾਈਬਲ ਨੂੰ ਆਪਣੇ ਹੱਥਾਂ ਵਿੱਚ ਬੜੇ ਪ੍ਰੇਮ ਨਾਲ ਫੜੇ। ਬੱਚੇ ਅਤੇ ਨੈਜਵਾਨ ਪਰਮੇਸ਼ੁਰ ਦੇ ਬਚਨ ਦਾ ਆਦਰ ਕਰਨਾ ਸਿੱਖਦੇ ਹਨ ਅਤੇ ਬਚਨ ਨੂੰ ਬਾਲਗਾਂ ਦੁਆਰਾ ਵਰਤਿਆ ਜਾਂਦਾ ਵੇਖ ਕੇ ਇਸ ਦਾ ਆਦਰ ਕਰਦੇ ਹਨ।

ਬੰਦਗੀ ਵਿੱਚ ਉਹ ਗੀਤ ਸ਼ਾਮਲ ਹੋਣੇ ਚਾਹੀਦੇ ਹਨ ਜੋ ਬਾਈਬਲ ਦੀ ਸੱਚਾਈ ਬਿਆਨ ਕਰਦੇ ਹਨ। ਇਸ ਵਿੱਚ ਪ੍ਰਾਰਥਨਾ ਦਾ ਸਮਾਂ ਸ਼ਾਮਲ ਹੋਣਾ ਚਾਹੀਦਾ ਹੈ, ਧੰਨਵਾਦ ਅਤੇ ਬੇਨਤੀਆਂ ਦੋਵੇਂ। ਇਸ ਵਿੱਚ ਭੇਟ ਸ਼ਾਮਲ ਹੋਣੀ ਚਾਹੀਦੀ ਹੈ ਜੋ ਬੱਚਿਆਂ ਨੂੰ ਪਰਮੇਸ਼ੁਰ ਦੇ ਲਈ ਆਪਣਾ ਨਜ਼ਰਾਨਾ ਲਿਆਉਣ ਦਿੰਦੀ ਹੈ। ਅਰਾਧਨਾ ਦੇ ਸਾਰੇ ਤੱਤ ਬੱਚਿਆਂ ਜਾਂ ਨੈਜਵਾਨਾਂ ਲਈ ਅਰਾਧਨਾ ਬੰਦਗੀ ਵਿੱਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

---

92 ਇਸ ਭਾਗ ਵਿੱਚ ਹੋਬ ਸਾਊਂਡ ਬਾਈਬਲ ਕਾਲਜ ਵਿੱਚ ਸਿੱਖਿਆ ਦੀ ਪ੍ਰੋਫੈਸਰ ਸ੍ਰੀਮਤੀ ਕ੍ਰਿਸਟੀਨਾ ਬਲੈਕ ਦੀ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ।

ਬੱਚਿਆਂ ਨੂੰ ਪ੍ਰਾਰਥਨਾ ਕਰਨਾ ਸਿਖਾਉਣਾ: "ਪ੍ਰਾਰਥਨਾ ਵਾਲਾ ਹੱਥ"

ਅੰਗੂਠਾ ਸਾਨੂੰ ਉਨ੍ਹਾਂ ਲੋਕਾਂ ਲਈ ਪ੍ਰਾਰਥਨਾ ਕਰਨ ਦੀ ਯਾਦ ਦਿਵਾਉਂਦਾ ਹੈ ਜੋ ਸਾਡੇ (ਪਰਿਵਾਰ) ਦੇ ਨੇੜੇ ਹਨ।

ਸੰਕੇਤ ਕਰਨ ਵਾਲੀ ਉਂਗਲੀ ਸਾਨੂੰ ਉਨ੍ਹਾਂ ਲਈ ਪ੍ਰਾਰਥਨਾ ਕਰਨ ਦੀ ਯਾਦ ਦਿਵਾਉਂਦੀ ਹੈ ਜੋ ਲੋਕਾਂ ਨੂੰ ਯਿਸੂ ਵੱਲ ਸੰਕੇਤ ਕਰਦੇ ਹਨ (ਪਾਸਟਰ, ਸਿੱਖਿਆ ਦੇਣ ਵਾਲੇ ਅਤੇ ਮਿਸ਼ਨਰੀ)।

ਵਿਚਕਾਰਲੀ ਉਂਗਲੀ ਸਭ ਤੋਂ ਲੰਬੀ ਹੁੰਦੀ ਹੈ। ਇਹ ਸਾਨੂੰ ਸਾਡੇ ਦੇਸ਼, ਸਕੂਲ, ਕਲੀਸੀਆ ਅਤੇ ਘਰ ਦੇ ਆਗੂਆਂ ਲਈ ਪ੍ਰਾਰਥਨਾ ਕਰਨ ਦੀ ਯਾਦ ਦਿਵਾਉਂਦੀ ਹੈ।

ਚੌਥੀ ਉਂਗਲੀ ਸਭ ਤੋਂ ਕਮਜ਼ੋਰ ਹੈ। ਸਿਰਫ਼ ਚੌਥੀ ਉਂਗਲੀ ਨੂੰ ਬਾਕੀ ਉਂਗਲਾਂ ਤੋਂ ਉਤਾਂਹ ਚੁੱਕਣ ਦੀ ਕੋਸ਼ਿਸ਼ ਕਰਦੇ ਹੋਏ ਇਹ ਵਿਖਾਓ। ਇਹ ਸਾਨੂੰ ਉਨ੍ਹਾਂ ਲਈ ਪ੍ਰਾਰਥਨਾ ਕਰਨ ਦੀ ਯਾਦ ਦਿਵਾਉਂਦੀ ਹੈ ਜੋ ਕਮਜ਼ੋਰ ਹਨ ਅਤੇ ਜਿਨ੍ਹਾਂ ਨੂੰ ਯਿਸੂ ਦੀ ਲੋੜ ਹੈ।

ਪੰਜਵੀਂ ਉਂਗਲ ਸਭ ਤੋਂ ਛੋਟੀ ਹੈ। ਇਹ ਤੁਹਾਨੂੰ ਆਪਣੇ ਲਈ ਪ੍ਰਾਰਥਨਾ ਕਰਨ ਦੀ ਯਾਦ ਦਿਵਾਉਂਦੀ ਹੈ।

ਪੂਰਾ ਹੱਥ ਚੁੱਕਣਾ ਸਾਨੂੰ ਪਰਮੇਸ਼ੁਰ ਦੀ ਉਸਤਤ ਕਰਨ ਦੀ ਯਾਦ ਦਿਵਾਉਂਦਾ ਹੈ।

ਇਹ ਪ੍ਰਾਰਥਨਾ ਵਾਲਾ ਹੱਥ ਪ੍ਰਾਰਥਨਾ ਲਈ ਇੱਕ ਨਮੂਨਾ ਬਣ ਸਕਦਾ ਹੈ ਜੋ ਨੌਜਵਾਨ ਅਰਾਧਕਾਂ ਦੇ ਪ੍ਰਾਰਥਨਾ ਦੇ ਪੱਧਰ ਨੂੰ ਉੱਪਰ ਚੁੱਕਦਾ ਹੈ।

ਸਾਰ

ਜੇਕਰ ਅਸੀਂ ਆਪਣੇ ਬੱਚਿਆਂ ਨੂੰ ਪਰਿਪੱਕ ਵਿਸ਼ਵਾਸੀ ਬਣਦੇ ਵੇਖਣਾ ਚਾਹੁੰਦੇ ਹਾਂ, ਤਾਂ ਸਾਨੂੰ ਉਨ੍ਹਾਂ ਨੂੰ ਆਤਮਿਕ ਪੋਸ਼ਣ ਦੇਣਾ ਚਾਹੀਦਾ ਹੈ। ਭਾਵੇਂ ਇੱਕ ਸਾਂਝੀ ਬੰਦਗੀ ਵਿੱਚ ਜਾਂ ਵੱਖਰੀਆਂ ਬੰਦਗੀਆਂ ਵਿੱਚ, ਸਾਨੂੰ ਆਪਣੇ ਬੱਚਿਆਂ ਦੀ ਅਰਾਧਨਾ ਵਿੱਚ ਅਗਵਾਈ ਕਰਨੀ ਚਾਹੀਦੀ ਹੈ।

ਜਾਂਚ

ਭਾਵੇਂ ਤੁਹਾਡੇ ਕੋਲ ਬੱਚਿਆਂ ਅਤੇ ਨੌਜਵਾਨਾਂ ਲਈ ਅਲੱਗ-ਅਲੱਗ ਬੰਦਗੀਆਂ ਹਨ ਜਾਂ ਪੂਰੀ ਕਲੀਸੀਆ ਲਈ ਇੱਕ ਸਾਂਝੀ ਬੰਦਗੀ ਹੈ, ਕੀ ਤੁਸੀਂ ਆਪਣੇ ਬੱਚਿਆਂ ਅਤੇ ਨੌਜਵਾਨਾਂ ਨੂੰ ਅਰਾਧਨਾ ਕਰਨਾ ਸਿਖਾ ਰਹੇ ਹੋ?

ਅਰਾਧਨਾ ਵਿੱਚ ਜਜ਼ਬਾਤ

*"ਮੇਰੇ ਦੇਸ਼ ਦੇ ਲੋਕ ਬਹੁਤ ਜਜ਼ਬਾਤੀ ਹਨ ਅਤੇ ਸਾਡੀ ਅਰਾਧਨਾ ਅਕਸਰ ਸਾਡੇ ਜੀਵਨ ਦੀ ਜਜ਼ਬਾਤੀ ਸ਼ੈਲੀ ਨੂੰ ਦਰਸਾਉਂਦੀ ਹੈ। ਸਾਡਾ ਅਰਾਧਨਾ ਸੰਗੀਤ ਆਮ ਤੌਰ ਤੇ ਤੇਜ਼, ਉੱਚਾ ਅਤੇ ਤਾਲ ਵਾਲਾ ਹੁੰਦਾ ਹੈ। ਇਹ ਸਾਨੂੰ ਹਿੱਸਾ ਲੈਣ ਅਤੇ ਜਜ਼ਬਾਤ ਨੂੰ ਪਰਗਟ ਕਰਨ ਦਿੰਦਾ ਹੈ। ਪਰ, ਮੈਨੂੰ ਡਰ ਹੈ ਕਿ ਸੰਗੀਤ **ਸਿਰਫ਼** ਜਜ਼ਬਾਤ ਹੈ। ਮੈਨੂੰ ਨਹੀਂ ਪਤਾ ਕਿ ਸਾਡਾ ਸੰਗੀਤ ਸੱਚੀ ਅਰਾਧਨਾ ਦੇ ਲਈ ਢੁਕਵਾਂ ਹੈ ਜਾਂ ਨਹੀਂ।"*

ਸੱਚੀ ਵੱਧ ਕੇ ਅਰਾਧਨਾ ਆਤਮਾ ਅਤੇ ਸਚਿਆਈ ਨਾਲ ਕੀਤੀ ਜਾਣ ਵਾਲੀ ਅਰਾਧਨਾ ਹੁੰਦੀ ਹੈ। ਸੱਚੀ ਅਰਾਧਨਾ ਵਿੱਚ ਜਜ਼ਬਾਤ ਸ਼ਾਮਲ ਹੁੰਦੇ ਹਨ, ਪਰ ਇਹ ਜਜ਼ਬਾਤ ਨਾਲੋਂ ਕਿਤੇ *ਵੱਧ ਕੇ* ਹੈ। ਅਰਾਧਨਾ ਵਿੱਚ ਜਜ਼ਬਾਤ ਨਾਲ ਸੰਬੰਧਤ ਦੋ ਗਲਤੀਆਂ ਹਨ ਜੋ ਸਾਨੂੰ ਕੁਰਾਹੇ ਪਾ ਸਕਦੀਆਂ ਹਨ।

1. ਅਰਾਧਨਾ ਵਿੱਚ ਜਜ਼ਬਾਤ ਨੂੰ ਨਕਾਰਨ ਦੀ ਗਲਤੀ।

ਕੁਝ ਅਰਾਧਕ ਅਰਾਧਨਾ ਵਿੱਚ ਜਜ਼ਬਾਤ ਨੂੰ ਨਕਾਰ ਦਿੰਦੇ ਹਨ। ਉਹ ਅਰਾਧਨਾ ਨੂੰ ਪਰਮੇਸ਼ੁਰ ਨਾਲ ਇੱਕ ਬੌਧਿਕ ਮੁਲਾਕਾਤ ਵਜੋਂ ਵੇਖਦੇ ਹਨ; ਉਹ ਪਰਮੇਸ਼ੁਰ ਨੂੰ ਮਿਲਣ ਦੇ ਜਜ਼ਬਾਤੀ ਪਹਿਲੂ ਨੂੰ ਪਛਾਣਨ ਵਿੱਚ ਅਸਫ਼ਲ ਰਹਿੰਦੇ ਹਨ। ਸੱਚੀ ਅਰਾਧਨਾ ਜਜ਼ਬਾਤਾਂ ਨਾਲ ਗੱਲ ਕਰਦੀ ਹੈ। ਸਾਡੀ ਅਰਾਧਨਾ ਬੰਦਗੀ ਨੂੰ ਅਰਾਧਕਾਂ ਨੂੰ ਪਰਮੇਸ਼ੁਰ ਦੇ ਪਰਕਾਸ਼ ਪ੍ਰਤੀ ਆਪਣੀ ਜਜ਼ਬਾਤੀ ਪ੍ਰਤੀਕਿਰਿਆ ਪਰਗਟ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

2. ਅਰਾਧਨਾ ਵਿੱਚ ਜਜ਼ਬਾਤ ਉੱਤੇ ਜ਼ਿਆਦਾ ਜ਼ੋਰ ਦੇਣ ਦੀ ਗਲਤੀ।

ਅਰਾਧਨਾ ਵਿੱਚ ਇਸ ਦਾ ਵਿਪਰੀਤ ਖ਼ਤਰਾ ਸਿਰਫ਼ ਜਜ਼ਬਾਤਾਂ ਨਾਲ ਹੀ ਗੱਲ ਕਰਨ ਦੀ ਗਲਤੀ ਹੈ। ਮਨ ਦੀ ਅਣਦੇਖੀ ਕਰਦੇ ਹੋਏ ਜਜ਼ਬਾਤਾਂ ਨਾਲ ਗੱਲ ਕਰਨ ਵਾਲੀ ਅਰਾਧਨਾ 1 ਕੁਰਿੰਥੀਆਂ 14:15 ਦੀ ਉਲੰਘਣਾ ਕਰਦੀ ਹੈ; "ਮੈਂ ਆਤਮਾ ਨਾਲ ਗਾਵਾਂਗਾ ਅਤੇ ਸਮਝ ਨਾਲ ਵੀ ਗਾਵਾਂਗਾ।" ਅਰਾਧਨਾ ਦਾ ਕੋਈ ਵੀ ਪਹਿਲੂ ਇਸ ਪਰਤਾਵੇ ਵਿੱਚ ਆ ਸਕਦਾ ਹੈ: ਇੱਕ ਦਿਲਚਸਪ ਸੰਦੇਸ਼ ਜੋ ਬਚਨ ਦੀ ਵਿਸ਼ਾ-ਵਸਤੂ ਪ੍ਰਤੀ ਸੱਚਾ ਨਹੀਂ ਹੈ; ਜਜ਼ਬਾਤ ਵਾਲਾ ਸੰਗੀਤ ਜੋ ਬਾਈਬਲ ਦੀ ਸੱਚਾਈ ਬੋਲਣ ਵਿੱਚ ਅਸਫ਼ਲ ਰਹਿੰਦਾ ਹੈ; ਅਰਾਧਨਾ ਦੇ ਤੌਰ-ਤਰੀਕੇ ਜੋ ਅਰਾਧਕਾਂ ਦੇ ਜਜ਼ਬਾਤਾਂ ਨਾਲ ਛੇੜਛਾੜ ਕਰਦੇ ਹਨ। ਸਿਰਫ਼ ਜਜ਼ਬਾਤਾਂ ਨਾਲ ਗੱਲ ਕਰਨ ਵਾਲੀ ਅਰਾਧਨਾ ਸੱਚੀ ਅਰਾਧਨਾ ਨਹੀਂ ਹੈ।

"ਗਾਉਣਾ ਇੱਕ ਅਜਿਹਾ ਮਾਧਿਅਮ ਹੈ ਜਿਸ ਦੇ ਦੁਆਰਾ ਪਰਮੇਸ਼ੁਰ ਦੇ ਲੋਕ ਉਸ ਦੇ ਬਚਨ ਨੂੰ ਸਮਝਦੇ ਹਨ ਅਤੇ ਆਪਣੇ ਜਜ਼ਬਾਤਾਂ ਅਤੇ ਪਿਆਰ ਨੂੰ ਪਰਮੇਸ਼ੁਰ ਦੇ ਨਾਲ ਜੋੜਦੇ ਹਨ।"

ਜੋਨਾਥਨ ਲੀਮੈਨ ਤੋਂ ਲਿਆ ਗਿਆ

ਸੱਚੀ ਅਰਾਧਨਾ: ਆਤਮਾ ਅਤੇ ਸਚਿਆਈ ਨਾਲ ਅਰਾਧਨਾ

ਅਸੀਂ ਜੋ ਪਰਚਾਰ ਕਰਦੇ ਹਾਂ ਅਤੇ ਗਾਉਂਦੇ ਹਾਂ ਉਸ ਦੀ ਸੱਚਾਈ ਦਾ ਸਾਵਧਾਨੀ ਨਾਲ ਮੁਲਾਂਕਣ ਕਰਦੇ ਹੋਏ ਅਰਾਧਨਾ ਬਾਰੇ ਬਾਈਬਲ ਦਾ ਨਮੂਨਾ ਜਜ਼ਬਾਤ ਦੇ ਮਹੱਤਵ ਦਾ ਆਦਰ ਕਰਦਾ ਹੈ। ਕਿਉਂਕਿ ਸੰਗੀਤ ਇੱਕ ਜਜ਼ਬਾਤੀ ਮਾਧਿਅਮ ਹੈ, ਅਸੀਂ ਜੋ ਗਾਉਂਦੇ ਹਾਂ ਉਸ ਦੀ ਸੱਚਾਈ ਦਾ ਮੁਲਾਂਕਣ ਕਰਨ ਦੇ ਲਈ ਸਾਨੂੰ ਖ਼ਾਸ ਤੌਰ ਤੇ ਸਾਵਧਾਨ ਰਹਿਣਾ ਚਾਹੀਦਾ ਹੈ। ਪਰ, ਜੇਕਰ ਸਹੀ ਢੰਗ ਨਾਲ ਵਰਤਿਆ ਜਾਵੇ, ਤਾਂ ਸੰਗੀਤ ਸੱਚਾਈ ਦਾ ਸੰਚਾਰ ਕਰਨ ਵਿੱਚ ਖ਼ਾਸ ਤੌਰ ਤੇ ਪ੍ਰਭਾਵਸ਼ਾਲੀ ਹੋ ਸਕਦਾ ਹੈ ਜੋ ਮਨ ਅਤੇ ਜਜ਼ਬਾਤ, ਦੋਵਾਂ ਨਾਲ ਗੱਲ ਕਰਦਾ ਹੈ।

ਜੌਨ ਵੈਸਲੀ ਨੇ ਅਰਾਧਨਾ ਵਿੱਚ ਜਜ਼ਬਾਤਾਂ ਨੂੰ ਮਹੱਤਵ ਦਿੱਤਾ। ਉਸ ਨੇ ਇੱਕ ਕਲੀਸੀਆ ਨੂੰ "ਪੱਥਰਾਂ ਦੇ ਵਾਂਗ ਮਰੀ ਹੋਈ - ਬਿਲਕੁਲ ਸ਼ਾਂਤ ਅਤੇ ਬਿਲਕੁਲ ਬੇਪਰਵਾਹ" ਦੱਸਿਆ। ਉਸ ਦਾ ਮੰਨਣਾ ਸੀ ਕਿ ਸੱਚਾਈ ਦੇ ਨਾਲ ਮੁਲਾਕਾਤ ਨੂੰ ਜਜ਼ਬਾਤੀ ਪ੍ਰਤੀਕਿਰਿਆ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਦੇ ਨਾਲ-ਨਾਲ, ਉਹ ਸੱਚੀ ਅਰਾਧਨਾ ਤੋਂ ਭਟਕਣ ਵਾਲੇ ਜਜ਼ਬਾਤੀ ਪ੍ਰਗਟਾਵੇ ਦੀ ਆਲੋਚਨਾ ਕਰਨ ਵਿੱਚ ਕਾਹਲਾ ਸੀ।

ਵੈਸਲੀ ਨੇ ਕਿਸੇ ਵੀ ਵਧੀਕੀ ਵਿਰੁੱਧ ਚੇਤਾਵਨੀ ਦਿੱਤੀ; ਜਜ਼ਬਾਤ ਨੂੰ ਨਕਾਰਨਾ ਜਾਂ ਇਸ ਨੂੰ ਸਾਡੇ ਉੱਤੇ ਕਾਬੂ ਪਾਉਣ ਦੇਣਾ। "ਕੀ ਸਾਡੇ ਲਈ ਇੱਕ ਵਧੀਕੀ ਜਾਂ ਦੂਜੀ ਵਧੀਕੀ ਵੱਲ ਭੱਜਣ ਦੀ ਕੋਈ ਲੋੜ ਹੈ? ਕੀ ਅਸੀਂ ਵਿਚਲਾ ਰਸਤਾ ਨਹੀਂ ਅਪਨਾ ਸਕਦੇ ਅਤੇ ਪਰਮੇਸ਼ੁਰ ਦੇ ਤੋਹਫ਼ੇ ਨੂੰ ਨਕਾਰੇ ਬਿਨਾਂ ਅਤੇ ਉਸ ਦੇ ਬੱਚਿਆਂ ਦੇ ਮਹਾਨ ਵਿਸ਼ੇਸ਼ ਅਧਿਕਾਰ ਨੂੰ ਛੱਡੇ ਬਿਨਾਂ ਗਲਤੀ ਅਤੇ ਉਤਸ਼ਾਹ ਦੀ ਜਜ਼ਬਾਤ ਤੋਂ ਕਾਫ਼ੀ ਦੂਰੀ ਨਹੀਂ ਬਣਾ ਕੇ ਰੱਖ ਸਕਦੇ?"[93] ਇਹ ਅੱਜ ਸਾਡੇ ਲਈ ਇੱਕ ਚੰਗਾ ਨਮੂਨਾ ਹੈ: ਅਰਾਧਨਾ ਵਿੱਚ ਜਜ਼ਬਾਤ ਦੀ ਮਹੱਤਤਾ ਦਾ ਆਦਰ ਕਰਦੇ ਹੋਏ, ਉਨ੍ਹਾਂ ਵਧੀਕੀਆਂ ਤੋਂ ਬਚਣਾ ਜੋ ਸਾਡਾ ਧਿਆਨ ਪਰਮੇਸ਼ੁਰ ਅਤੇ ਉਸ ਦੀ ਸੱਚਾਈ ਤੋਂ ਭਟਕਾਉਂਦੀਆਂ ਹਨ।

ਜਜ਼ਬਾਤ ਅਤੇ ਸਚਿਆਈ: ਇੱਕ ਮਸੀਹੀ ਵਿਅਕਤੀ ਦਾ ਅਨੁਭਵ[94]

"ਸੁਭਾਅ ਤੋਂ, ਮੈਂ ਇੱਕ ਜਜ਼ਬਾਤੀ ਤੌਰ ਤੇ ਸੰਵੇਦਨਸ਼ੀਲ ਵਿਅਕਤੀ ਹਾਂ। ਸੰਗੀਤ ਦਾ ਮੇਰੇ ਜਜ਼ਬਾਤਾਂ ਤੇ ਡੂੰਘਾ ਅਸਰ ਪੈ ਸਕਦਾ ਹੈ। ਮੈਂ ਆਪਣੇ ਜਜ਼ਬਾਤੀ ਪ੍ਰਤੀਉੱਤਰਾਂ ਵਿੱਚ ਬਹੁਤ ਜ਼ਿਆਦਾ ਵਿਸ਼ਵਾਸ ਰੱਖਣ ਬਾਰੇ ਕੁਝ ਸਾਲ ਪਹਿਲਾਂ ਇੱਕ ਸਬਕ ਸਿੱਖਿਆ ਸੀ।"

"ਜਦੋਂ ਮੈਂ ਇੱਕ ਸੁੰਦਰ ਧੁਨ ਵਾਲਾ ਗੀਤ ਸੁਣਿਆ, ਤਾਂ ਮੈਂ ਬਹੁਤ ਪ੍ਰਭਾਵਿਤ ਹੋਇਆ। ਜਿਵੇਂ-ਜਿਵੇਂ ਗੀਤ ਇੱਕ ਮਹੱਤਵਪੂਰਣ ਬਦਲਾਅ ਨਾਲ ਅੱਗੇ ਵਧਿਆ, ਮੈਂ ਖੁਦ ਨੂੰ ਰੋਂਦੇ ਹੋਏ ਪਾਇਆ। ਗੀਤ ਦੇ ਅੰਤ ਤੱਕ, ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਕਿ ਮੈਨੂੰ ਇੱਕ ਡੂੰਘਾ ਆਤਮਿਕ ਅਨੁਭਵ ਹੋ ਗਿਆ ਹੋਵੇ।"

"ਪਰ, ਜਦੋਂ ਮੈਂ ਉਹ ਗੀਤ ਦੂਜੀ ਵਾਰ ਸੁਣਿਆ, ਮੈਨੂੰ ਹੈਰਾਨ ਕਰਨ ਵਾਲੀ ਗੱਲ ਪਤਾ ਲੱਗੀ: ਇਹ ਗੀਤ ਬਾਈਬਲ ਦੇ ਪਰਮੇਸ਼ੁਰ ਦੀ ਅਰਾਧਨਾ ਨਹੀਂ ਸੀ। ਗੀਤ ਇੱਕ ਝੂਠੇ ਪੰਥ ਦੇ ਦੇਵਤੇ ਦੀ ਉਸਤਤ ਗਾ ਰਿਹਾ ਸੀ। ਉਸ ਨਾਟਕੀ ਮਹੱਤਵਪੂਰਣ ਬਦਲਾਅ ਦੇ ਸ਼ਬਦ ਨਾਸਤਿਕਤਾ ਵਾਲੇ ਸ਼ਬਦ ਸਨ।"

"ਉਸ ਦਿਨ ਮੈਂ ਸਿੱਖਿਆ ਕਿ ਮੇਰੇ ਜਜ਼ਬਾਤਾਂ ਨੂੰ ਅਸਾਨੀ ਨਾਲ ਭਰਮਾਇਆ ਜਾ ਸਕਦਾ ਹੈ, ਖ਼ਾਸ ਕਰਕੇ ਸੰਗੀਤ ਦੁਆਰਾ। ਇਸ ਦਾ ਮਤਲਬ ਇਹ ਨਹੀਂ ਹੈ ਕਿ ਸੰਗੀਤ ਦੇ ਸਾਰੇ ਜਜ਼ਬਾਤੀ ਪ੍ਰਤੀਉੱਤਰ ਗਲਤ ਹਨ, ਪਰ ਇਸ ਦਾ ਮਤਲਬ ਇਹ ਹੈ ਕਿ ਮੈਨੂੰ ਗੀਤਾਂ ਦੀ ਵਿਸ਼ਾ-ਵਸਤੂ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਮੈਨੂੰ ਇਹ ਯਕੀਨੀ ਬਣਾਉਣ ਲਈ 'ਆਤਮਾਵਾਂ ਦੀ ਪਰਖ' ਕਰਨੀ ਚਾਹੀਦੀ ਹੈ ਕਿ ਉਹ ਪਰਮੇਸ਼ੁਰ ਵੱਲੋਂ ਹਨ।

ਜਾਂਚ

ਕੀ ਤੁਹਾਡੀ ਅਰਾਧਨਾ ਦਿਮਾਗ ਅਤੇ ਜਜ਼ਬਾਤ, ਦੋਵਾਂ ਨਾਲ ਗੱਲ ਕਰਦੀ ਹੈ? ਕੀ ਤੁਸੀਂ ਇਹ ਨਿਸ਼ਚਤ ਕਰਨ ਦੇ ਲਈ ਕਿ ਜੋ ਤੁਸੀਂ ਗਾਉਂਦੇ ਹੋ ਅਤੇ ਸਿਖਾਉਂਦੇ ਹੋ ਉਹ ਬਚਨ ਦੇ ਅਨੁਸਾਰ ਹੈ ਇਸ ਦਾ ਮੁਲਾਂਕਣ ਕਰਨ ਲਈ ਸਾਵਧਾਨ ਹੋ?

93 John Wesley, John Wesley's Sermons, "The Witness of the Spirit"

94 Letter from Dr. Andrew Graham. May 29, 2014.

ਅਰਾਧਨਾ ਨਾਲ ਜੁੜੇ ਖ਼ਤਰੇ: ਅਰਾਧਨਾ ਨੂੰ ਮਾਮੂਲੀ ਸਮਝਣਾ

ਇਸ ਪਾਠ ਦੀ ਸ਼ੁਰੂਆਤ ਅਰਾਧਨਾ ਨੂੰ ਮਜ਼ੇ ਦਾ ਸਮਾਂ ਸਮਝਣ ਦੇ ਵਿਰੁੱਧ ਵਾਰੇਨ ਵਿਅਰਸਬੀ ਦੀ ਚੇਤਾਵਨੀ ਨਾਲ ਹੋਈ ਸੀ।[95] ਉਸ ਨੇ ਚੇਤਾਵਨੀ ਦਿੱਤੀ ਕਿ ਜਦੋਂ ਅਸੀਂ ਆਪਣੀਆਂ ਬੰਦਗੀਆਂ ਵਿੱਚ ਪਰਮੇਸ਼ੁਰ ਦੀ ਬਜਾਇ ਮਨੋਰੰਜਨ ਦੀ ਤਲਾਸ਼ ਕਰਦੇ ਹਾਂ, ਤਾਂ ਅਸੀਂ *ਅਰਾਧਨਾ* ਨੂੰ ਮਾਮੂਲੀ ਸਮਝਦੇ ਹਾਂ। "ਕਲੀਸੀਆਵਾਂ ਅਜੇ ਵੀ *ਅਰਾਧਨਾ* ਸ਼ਬਦ ਦੀ ਵਰਤੋਂ ਕਰਦੀਆਂ ਹਨ ਪਰ ਇਸ ਦਾ ਅਰਥ ਬਦਲ ਗਿਆ ਹੈ। ਬਹੁਤ ਵਾਰ ਅਰਾਧਨਾ ਸਿਰਫ਼ ਇੱਕ ਸ਼ਬਦ ਬਣ ਕੇ ਰਹਿ ਜਾਂਦਾ ਹੈ ਜਿਸ ਦੀ ਵਰਤੋਂ ਲੋਕ ਉਸ ਕੰਮ ਨੂੰ ਧਾਰਮਿਕ ਸਨਮਾਨ ਦੇਣ ਲਈ ਕਰਦੇ ਹਨ ਜੋ ਉਨ੍ਹਾਂ ਨੇ ਕਲੀਸੀਆ ਦੇ ਕਰਨ ਲਈ ਸੋਚਿਆ ਹੁੰਦਾ ਹੈ, ਭਾਵੇਂ ਬੰਦਗੀ ਦਾ ਕੇਂਦਰ-ਬਿੰਦੂ ਪਰਮੇਸ਼ੁਰ ਹੋਵੇ ਜਾਂ ਨਾ ਹੋਵੇ।" ਇਹ ਕਿਵੇਂ ਹੁੰਦਾ ਹੈ?

ਅਸੀਂ ਪਵਿੱਤਰ ਅਸਥਾਨ ਤੋਂ ਰੰਗਮੰਚ ਦੀ ਵੱਲ ਵਧਦੇ ਹਾਂ

ਅਰਾਧਨਾ ਕਿਤੇ ਵੀ ਹੋ ਸਕਦੀ ਹੈ। ਮਸੀਹੀ ਲੋਕਾਂ ਨੇ ਸਤਾਉਣ ਵਾਲਿਆਂ ਤੋਂ ਲੁਕਦਿਆਂ ਗੁਫ਼ਾਵਾਂ ਵਿੱਚ ਜਾਂ ਕਲੀਸੀਆ ਦੇ ਇਕਾਂਤ ਪ੍ਰੋਗਰਾਮਾਂ ਦੌਰਾਨ ਅੱਗ ਦੇ ਦੁਆਲੇ ਬੈਠ ਕੇ ਅਰਾਧਨਾ ਕੀਤੀ ਹੈ। ਮਸੀਹੀ ਲੋਕਾਂ ਨੇ ਨਿੱਜੀ ਘਰਾਂ ਜਾਂ ਸੱਜੇ ਹੋਏ ਗਿਰਜਾਘਰਾਂ ਵਿੱਚ ਅਰਾਧਨਾ ਕੀਤੀ ਹੈ। ਮਸੀਹੀ ਲੋਕਾਂ ਨੇ ਹਸਪਤਾਲ ਵਿੱਚ ਲੇਟੇ ਹੋਏ, ਹਵਾਈ ਯਾਤਰਾ ਕਰਦਿਆਂ ਜਾਂ ਕੰਮ ਕਰਦੇ ਸਮੇਂ ਅਰਾਧਨਾ ਕੀਤੀ ਹੈ। ਅਰਾਧਨਾ ਕਿਤੇ ਵੀ ਹੋ ਸਕਦੀ ਹੈ, ਪਰ ਜ਼ਿਆਦਾਤਰ ਸਮੂਹਿਕ ਅਰਾਧਨਾ ਕਿਸੇ ਤਰ੍ਹਾਂ ਦੀ ਇਮਾਰਤ ਵਿੱਚ ਹੁੰਦੀ ਹੈ। "ਕਲੀਸੀਆ ਮੰਡਲੀਆਂ ਨੂੰ ਕਿਤੇ ਨਾ ਕਿਤੇ ਇਕੱਠੇ ਹੋਣਾ ਪੈਂਦਾ ਹੈ, ਅਤੇ ਉਹ 'ਕਿਤੇ ਨਾ ਕਿਤੇ' ਜਾਂ ਤਾਂ ਇੱਕ ਪਵਿੱਤਰ ਅਸਥਾਨ ਜਾਂ ਰੰਗਮੰਚ ਬਣ ਜਾਵੇਗਾ।"

ਫ਼ਰਕ ਕੀ ਹੈ? ਪਵਿੱਤਰ ਅਸਥਾਨ "ਇੱਕ ਅਜਿਹੀ ਥਾਂ ਹੈ ਜਿੱਥੇ ਲੋਕ ਆਪਣੇ ਪ੍ਰਭੂ ਦੀ ਅਰਾਧਨਾ ਅਤੇ ਉਸਤਤ ਕਰਨ ਲਈ ਇਕੱਠੇ ਹੁੰਦੇ ਹਨ।" ਰੰਗਮੰਚ ਇੱਕ ਅਜਿਹੀ ਥਾਂ ਹੈ ਜਿੱਥੇ ਲੋਕ ਕਿਸੇ ਨੂੰ ਪ੍ਰਦਰਸ਼ਨ ਕਰਦਿਆਂ ਵੇਖਣ ਲਈ ਇਕੱਠੇ ਹੁੰਦੇ ਹਨ। ਕੀ ਤੁਹਾਡੇ ਚਰਚ ਦੀ ਇਮਾਰਤ ਇੱਕ ਰੰਗਮੰਚ ਹੈ ਜਾਂ ਪਵਿੱਤਰ ਅਸਥਾਨ?

ਅਸੀਂ ਕਲੀਸੀਆ ਤੋਂ ਸਰੋਤਿਆਂ ਦੀ ਵੱਲ ਵਧਦੇ ਹਾਂ

"ਇਕ ਮਸੀਹੀ ਕਲੀਸੀਆ ਯਿਸੂ ਮਸੀਹ ਦੀ ਅਰਾਧਨਾ ਕਰਨ ਅਤੇ ਉਸ ਦੀ ਵਡਿਆਈ ਕਰਨ ਲਈ ਇਕੱਠੀ ਹੁੰਦੀ ਹੈ। ਸਰੋਤੇ ਪ੍ਰਦਰਸ਼ਨ ਵੇਖਣ ਅਤੇ ਸੁਣਨ ਲਈ ਇਕੱਠੇ ਹੁੰਦੇ ਹਨ।" ਕਲੀਸੀਆ ਦਾ ਧਿਆਨ ਪਰਮੇਸ਼ੁਰ ਉੱਤੇ ਕੇਂਦਰਿਤ ਹੁੰਦਾ ਹੈ; ਸਰੋਤੇ ਦਾ ਧਿਆਨ ਕਲਾਕਾਰ ਤੇ ਕੇਂਦਰਿਤ ਹੁੰਦਾ ਹੈ। ਕਲੀਸੀਆ ਵਿੱਚ ਭਾਗ ਲੈਣ ਵਾਲੇ ਲੋਕ ਹੁੰਦੇ ਹਨ; ਸਰੋਤਿਆਂ ਵਿੱਚ ਦਰਸ਼ਕ ਸ਼ਾਮਲ ਹੁੰਦੇ ਹਨ। ਕੀ ਤੁਸੀਂ ਇੱਕ ਕਲੀਸੀਆ ਦੀ ਜਾਂ ਸਰੋਤਿਆਂ ਦੀ ਅਗਵਾਈ ਕਰ ਰਹੇ ਹੋ?

ਅਸੀਂ ਸੇਵਕਾਈ ਤੋਂ ਪ੍ਰਦਰਸ਼ਨ ਦੀ ਵੱਲ ਵਧਦੇ ਹਾਂ

"ਅਸੀਂ ਸੇਵਾ ਮੁੱਖ ਤੌਰ ਤੇ ਪਰਮੇਸ਼ੁਰ ਦੀ ਸਚਿਆਈ ਨੂੰ **ਪਰਗਟ ਕਰਨ** ਲਈ ਕਰਦੇ ਹਾਂ; ਅਸੀਂ ਪ੍ਰਦਰਸ਼ਨ ਆਪਣੀਆਂ ਯੋਗਤਾਵਾਂ ਨਾਲ **ਪ੍ਰਭਾਵਿਤ ਕਰਨ** ਲਈ ਕਰਦੇ ਹਾਂ। ਸੇਵਕ ਜਾਣਦਾ ਹੈ ਕਿ ਪਰਮੇਸ਼ੁਰ ਵੇਖ ਰਿਹਾ ਹੈ ਅਤੇ ਉਸ ਦੀ ਪ੍ਰਵਾਨਗੀ ਹੀ ਮਾਇਨੇ ਰੱਖਦੀ ਹੈ; ਪ੍ਰਦਰਸ਼ਨ ਕਰਨ ਵਾਲਾ ਦਰਸ਼ਕਾਂ ਵੱਲੋਂ ਵਾਹਾਵਾਹੀ ਚਾਹੁੰਦਾ ਹੈ।" ਸੇਵਾ ਕਈ ਵੱਖ-ਵੱਖ ਤਰੀਕਿਆਂ ਨਾਲ ਪ੍ਰਦਰਸ਼ਨ ਬਣ ਸਕਦੀ ਹੈ: ਇੱਕ ਸੰਗੀਤਕਾਰ ਜੋ ਸਰੋਤਿਆਂ ਦੇ ਮਨੋਰੰਜਨ ਲਈ ਪ੍ਰਦਰਸ਼ਨ ਕਰਦਾ ਹੈ, ਉਸਤਤ ਕਰਨ ਵਾਲੀ ਇੱਕ ਟੀਮ ਜੋ ਇੱਕ ਖ਼ਾਸ ਭਾਵਨਾਤਮਕ ਪ੍ਰਤੀਕਿਰਿਆ ਦੀ ਮੰਗ ਕਰਦੀ ਹੈ, ਜਾਂ ਇੱਕ ਪਰਚਾਰਕ ਜੋ ਲੋਕਾਂ ਦੀ ਪ੍ਰਤੀਕਿਰਿਆ ਦੁਆਰਾ ਆਪਣੇ ਪਰਚਾਰ ਨੂੰ ਮਾਪਦਾ ਹੈ। ਕੀ ਤੁਸੀਂ ਸੇਵਾ ਕਰ ਰਹੇ ਹੋ ਜਾਂ ਪ੍ਰਦਰਸ਼ਨ ਕਰ ਰਹੇ ਹੋ?

---

95 ਇਸ ਭਾਗ ਵਿੱਚ ਦਿੱਤੇ ਗਏ ਹਵਾਲੇ Warren Wiersbe, Real Worship (Grand Rapids: Baker Books, 2000), 169-174 ਤੋਂ ਲਏ ਗਏ ਹਨ।.

ਸਿੱਟਾ: ਇੱਕ ਮਿਸ਼ਨਰੀ ਦੀ ਗਵਾਹੀ - ਰੋਮੀਆਂ 14 ਨੂੰ ਅਮਲ ਵਿੱਚ ਲਿਆਉਣਾ

"ਜਦੋਂ ਮੈਂ ਇੱਕ ਮਿਸ਼ਨਰੀ ਦੋਸਤ ਅਤੇ ਅੱਠ ਫਿਲੀਪੀਨੋ ਪਾਸਟਰਾਂ ਨਾਲ ਆਗੂਪੁਣੇ ਦੇ ਇੱਕ ਸੈਮੀਨਾਰ ਵਿੱਚ ਸ਼ਾਮਲ ਹੋਇਆ ਤਾਂ ਮੈਂ ਦੂਜਿਆਂ ਦੀ ਅਰਾਧਨਾ ਸ਼ੈਲੀ ਦੇ ਕਾਰਨ ਉਨ੍ਹਾਂ ਦਾ ਨਿਆਂ ਕਰਨ ਬਾਰੇ ਇੱਕ ਮਹੱਤਵਪੂਰਣ ਸਬਕ ਸਿੱਖਿਆ।[96]

"ਅਸੀਂ ਇੱਕ ਵੱਡੇ ਕਨਵੈਨਸ਼ਨ ਸੈਂਟਰ ਵਿੱਚ ਦਾਖਲ ਹੋਏ ਅਤੇ ਸਟੇਡੀਅਮ ਵਿੱਚ ਸਾਨੂੰ ਉੱਚੀਆਂ ਸੀਟਾਂ ਮਿਲੀਆਂ। ਛੱਤ ਤੋਂ ਵੱਡੀਆਂ ਸਕਰੀਨਾਂ ਅਤੇ ਲਾਊਡਸਪੀਕਰ ਲਟਕ ਰਹੇ ਸਨ। ਅਰਾਧਨਾ ਆਗੂ ਇੱਕ ਫਿਲੀਪੀਨੋ ਔਰਤ ਸੀ ਜਿਸ ਦਾ ਸਾਥ ਉਸਤਤ ਟੀਮ ਦੇ ਰਹੀ ਸੀ। ਉਹ ਤਾਲੀਆਂ ਵਜਾ ਰਹੇ ਸਨ ਅਤੇ 'ਹਾਂ, ਪ੍ਰਭੂ, ਹਾਂ!' ਕਹਿ ਕੇ ਇੱਕ ਉਤਸ਼ਾਹ ਭਰੀ ਭੀੜ ਦੀ ਅਗਵਾਈ ਕਰ ਰਹੇ ਸਨ, ਇਹ ਮੇਰੀ ਪਸੰਦ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਜੋਸ਼ੀਲਾ ਸੀ।

"ਦੁਹਰਾਇਆ ਜਾਣ ਵਾਲਾ ਸੰਗੀਤ, ਉੱਚੀ ਅਵਾਜ਼ ਵਿੱਚ ਗਾਇਨ ਅਤੇ ਸਰੀਰਕ ਨਾਚ ਨੇ ਮੈਨੂੰ ਬਹੁਤ ਚਿੰਤਾ ਵਿੱਚ ਪਾ ਦਿੱਤਾ। ਅਸੀਂ ਆਪਣੇ ਫਿਲੀਪੀਨੋ ਪਾਸਟਰਾਂ ਨੂੰ ਪਵਿੱਤਰ ਆਗੂ ਬਣਨ ਲਈ ਚੁਣੌਤੀ ਦਿੱਤੀ ਸੀ ਅਤੇ ਹੁਣ ਅਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਅਰਾਧਨਾ ਵਿੱਚ ਲਿਆ ਰਹੇ ਸੀ! ਫਿਲੀਪੀਨੋ ਪਾਸਟਰਾਂ ਵਿੱਚੋਂ ਇੱਕ, ਜੋ ਬਹੁਤ ਹੀ ਆਤਮਿਕ ਆਗੂ, ਸੀ, ਸਿਰ ਝੁਕਾ ਕੇ ਉੱਥੇ ਖੜ੍ਹਾ ਸੀ। ਉਹ ਚੁੱਪਚਾਪ ਪ੍ਰਾਰਥਨਾ ਕਰ ਰਿਹਾ ਸੀ ਅਤੇ ਬੰਦਗੀ ਵਿੱਚ ਹਿੱਸਾ ਨਹੀਂ ਲੈ ਰਿਹਾ ਸੀ।

"ਮੈਂ ਜੱਦੋ-ਜਹਿਦ ਕੀਤੀ, 'ਅਸੀਂ ਕੀ ਕਰੀਏ?' ਬਾਅਦ ਵਿੱਚ, ਮੈਂ ਉਸੇ ਪਾਸਟਰ ਨੂੰ ਤਾਲੀਆਂ ਵਜਾਉਂਦੇ ਅਤੇ ਪੂਰੇ ਦਿਲ ਨਾਲ ਗਾਉਂਦੇ ਵੇਖਿਆ। ਉਸ ਦਾ ਚਿਹਰਾ ਚਮਕ ਰਿਹਾ ਸੀ ਅਤੇ ਉਹ ਅਰਾਧਨਾ ਵਿੱਚ ਮਗਨ ਜਾਪਦਾ ਸੀ।

"ਉਸ ਸ਼ਾਮ, ਅਸੀਂ ਕਾਨਫਰੰਸ ਵਿੱਚ ਆਗੂਪੁਣੇ ਬਾਰੇ ਜੋ ਕੁਝ ਸਿੱਖਿਆ, ਅਸੀਂ ਉਸ ਬਾਰੇ ਗੱਲਬਾਤ ਕੀਤੀ। ਗੱਲਬਾਤ ਦੌਰਾਨ, ਮੈਂ ਇਸ ਫਿਲੀਪੀਨੋ ਆਗੂ ਨੂੰ ਪੁੱਛਿਆ ਕਿ ਅਜਿਹਾ ਕੀ ਹੋਇਆ ਸੀ ਜੋ ਉਸ ਦਾ ਵਿਹਾਰ ਇਕਦਮ ਬਦਲ ਗਿਆ? 'ਤੁਸੀਂ ਅਰਾਧਨਾ ਵਿੱਚ ਹਿੱਸਾ ਨਾ ਲੈਣ ਤੋਂ ਅਚਾਣਕ ਅਰਾਧਨਾ ਕਰਨ ਅਤੇ ਗਾਉਣ ਦਾ ਅਨੰਦ ਲੈਣ ਵੱਲ ਕਿਉਂ ਚਲੇ ਗਏ?'

"ਉਸ ਦਾ ਜਵਾਬ ਸ਼ਕਤੀਸ਼ਾਲੀ ਸੀ। 'ਮੈਂ ਸੰਗੀਤ ਤੋਂ ਪਰੇਸ਼ਾਨ ਸੀ। ਪਰ ਜਿਵੇਂ ਹੀ ਮੈਂ ਪ੍ਰਾਰਥਨਾ ਕੀਤੀ, ਪਰਮੇਸ਼ੁਰ ਨੇ ਮੈਨੂੰ ਵਿਖਾਇਆ ਕਿ ਅਰਾਧਨਾ ਆਗੂ ਅਤੇ ਇਸ ਸਭਾ ਵਿੱਚ ਮੌਜੂਦ ਲੋਕ ਆਪਣੇ ਪੂਰੇ ਦਿਲ ਨਾਲ ਪਰਮੇਸ਼ੁਰ ਦੀ ਅਰਾਧਨਾ ਕਰ ਰਹੇ ਸਨ। ਉਹ ਜੋ ਜਾਣਦੇ ਸਨ ਉਸ ਅਨੁਸਾਰ ਉਹ ਪਰਮੇਸ਼ੁਰ ਨੂੰ ਆਪਣਾ ਸਭ ਤੋਂ ਉੱਤਮ ਦੇ ਰਹੇ ਸਨ। ਪ੍ਰਭੂ ਨੇ ਆਖਿਆ, "ਕੀ ਤੂੰ ਉਨ੍ਹਾਂ ਨੂੰ ਮੇਰੇ ਉੱਤੇ ਛੱਡ ਸਕਦਾ ਹੈਂ? ਕੀ ਤੂੰ ਦੂਜਿਆਂ ਦਾ ਨਿਆਂ ਕੀਤੇ ਬਿਨਾਂ ਮੇਰੀ ਅਰਾਧਨਾ ਕਰ ਸਕਦਾ ਹੈਂ?''

"ਇਸ ਪਾਸਟਰ ਨੇ ਆਪਣੇ ਆਲੇ-ਦੁਆਲੇ ਦੇ ਲੋਕਾਂ ਦਾ ਨਿਆਂ ਕਰਨ ਦੀ ਬਜਾਇ ਆਪਣੇ ਪੂਰੇ ਦਿਲ ਨਾਲ ਪਰਮੇਸ਼ੁਰ ਦੀ ਅਰਾਧਨਾ ਕਰਨੀ ਸ਼ੁਰੂ ਕਰ ਦਿੱਤੀ। ਕੀ ਇਸ ਨਾਲ ਇਸ ਪਾਸਟਰ ਦਾ ਅਰਾਧਨਾ ਕਰਨ ਦਾ ਵਿਹਾਰ ਬਦਲ ਗਿਆ? ਨਹੀਂ; ਜਦੋਂ ਉਹ ਆਪਣੀ ਕਲੀਸੀਆ ਵਿੱਚ ਵਾਪਸ ਗਿਆ, ਤਾਂ ਉਸ ਨੇ ਉਸ ਅਰਾਧਨਾ ਸ਼ੈਲੀ ਦੀ ਨਕਲ ਨਹੀਂ ਕੀਤੀ ਜੋ ਉਸ ਨੇ ਉਸ ਹਫਤੇ ਦੇ ਅੰਤ ਵਿੱਚ ਵੇਖੀ ਸੀ।

"ਸਾਡੀਆਂ ਕਲੀਸੀਆਵਾਂ ਵਿੱਚ ਇੱਕ ਆਗੂ ਹੋਣ ਦੇ ਨਾਤੇ, ਇਸ ਵਿਅਕਤੀ ਨੇ ਅਕਸਰ ਆਪਣੇ ਸਾਥੀ ਪਾਸਟਰਾਂ ਨੂੰ ਕਲੀਸੀਆ ਨਾਲ ਚਾਲਬਾਜ਼ੀ ਕੀਤੇ ਬਿਨਾਂ ਅਰਾਧਨਾ ਵਿੱਚ ਅਜ਼ਾਦੀ ਦੇਣ ਲਈ ਉਤਸ਼ਾਹਿਤ ਕੀਤਾ। ਉਸ ਨੇ ਆਪਣੇ ਸਾਥੀ ਪਾਸਟਰਾਂ ਨੂੰ ਦੋ ਸਿਧਾਂਤਾਂ ਨੂੰ ਸੰਤੁਲਿਤ ਕਰਨ ਲਈ ਉਤਸ਼ਾਹਿਤ ਕੀਤਾ:

1. ਆਪਣੀ ਕਲੀਸੀਆ ਵਿੱਚ ਅਰਾਧਨਾ ਨਾਲ ਸੰਬੰਧਤ ਬਾਈਬਲ ਦੇ ਸਿਧਾਂਤਾਂ ਦੀ ਸਾਵਧਾਨੀ ਨਾਲ ਪਾਲਣਾ ਕਰੋ।
2. ਦੂਜੀਆਂ ਕਲੀਸੀਆਵਾਂ ਦੀਆਂ ਅਰਾਧਨਾ ਸ਼ੈਲੀਆਂ ਦੀ ਆਲੋਚਨਾ ਕਰਨ ਤੋਂ ਗੁਰੇਜ਼ ਕਰੋ।

---

96 ਰੈਵ. ਡੇਵਿਡ ਬਲੈਕ, ਫਿਲੀਪੀਨਜ਼ ਦੇ ਸਾਬਕਾ ਮਿਸ਼ਨਰੀ ਦੀ ਗਵਾਹੀ।

ਪਾਠ 9 ਦੀ ਸਮੀਖਿਆ

1. ਅਰਾਧਨਾ ਅਤੇ ਸੱਭਿਆਚਾਰ

   - ਅਰਾਧਨਾ ਦੀਆਂ ਸ਼ੈਲੀਆਂ ਦਾ ਮੁਲਾਂਕਣ ਕਰਦੇ ਸਮੇਂ, ਸਾਨੂੰ ਸੱਭਿਆਚਾਰ ਨੂੰ ਬਚਨ ਨਾਲ ਉਲਝਾਉਣਾ ਨਹੀਂ ਚਾਹੀਦਾ।
   - ਜਦੋਂ ਸਾਡਾ ਸੱਭਿਆਚਾਰ ਬਚਨ ਦਾ ਖੰਡਨ ਕਰਦਾ ਹੈ, ਤਾਂ ਸਾਨੂੰ ਸੱਭਿਆਚਾਰ ਦੀਆਂ ਉਮੀਦਾਂ ਦੀ ਬਜਾਇ ਬਚਨ ਦੇ ਹੁਕਮਾਂ ਨੂੰ ਮੰਨਣਾ ਚਾਹੀਦਾ ਹੈ।
   - ਖੁਸ਼ਖ਼ਬਰੀ ਨਾਲ ਸੰਸਾਰ ਤੱਕ ਪਹੁੰਚ ਕਰਨ ਲਈ, ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਸਾਡੀ ਅਰਾਧਨਾ ਸਾਡੇ ਸੱਭਿਆਚਾਰ ਨਾਲ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਗੱਲ ਕਰ ਸਕਦੀ ਹੈ।

2. ਤਿੰਨ ਸਵਾਲ ਸਥਾਨਕ ਕਲੀਸੀਆ ਦੀ ਅਰਾਧਨਾ ਅਤੇ ਆਲੇ-ਦੁਆਲੇ ਦੇ ਸੱਭਿਆਚਾਰ ਵਿਚਾਲੇ ਸੰਬੰਧ ਨੂੰ ਸਮਝਣ ਵਿੱਚ ਸਾਡੀ ਮਦਦ ਕਰਦੇ ਹਨ:

   - ***ਇੱਥੇ ਕੌਣ ਹੈ?*** ਮੰਡਲੀ ਨੂੰ ਵੇਖਦਾ ਹੈ ਜੋ ਕਲੀਸੀਆ ਦਾ ਹਿੱਸਾ ਹੈ।
   - ***ਇੱਥੇ ਕੌਣ ਸੀ?*** ਕਲੀਸੀਆ ਦੇ ਵਿਰਸੇ ਨੂੰ ਵੇਖਦਾ ਹੈ।
   - ***ਇੱਥੇ ਕੌਣ ਹੋਣਾ ਚਾਹੀਦਾ ਹੈ?*** ਉਸ ਸਮਾਜ ਨੂੰ ਵੇਖਦਾ ਹੈ ਜਿਸ ਤੱਕ ਪਹੁੰਚ ਕਰਨ ਲਈ ਸਾਨੂੰ ਬੁਲਾਇਆ ਗਿਆ ਹੈ।

3. ਕਿਉਂਕਿ ਸੰਗੀਤ ਸਾਡੀ ਸੱਭਿਆਚਾਰਕ ਪਛਾਣ ਲਈ ਪ੍ਰਮੁੱਖ ਹੈ, ਕਲੀਸੀਆਵਾਂ ਨੂੰ ਅਜਿਹਾ ਸੰਗੀਤ ਚੁਣਨਾ ਚਾਹੀਦਾ ਹੈ ਜੋ ਬਾਈਬਲ ਅਨੁਸਾਰ ਸੱਚਾ ਅਤੇ ਸੱਭਿਆਚਾਰਕ ਤੌਰ ਤੇ ਸੰਵੇਦਨਸ਼ੀਲ ਹੋਵੇ।

4. ਜੇਕਰ ਤਾਲੀ ਵਜਾਉਣਾ ਅਰਾਧਨਾ ਦਾ ਹਿੱਸਾ ਹੈ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ, "ਕੀ ਇਸ ਗੀਤ ਲਈ ਅਤੇ ਸਾਡੀ ਅਰਾਧਨਾ ਵਿੱਚ ਤਾਲੀ ਵਜਾਉਣਾ ਉਚਿਤ ਹੈ?"

5. ਜੇਕਰ ਤਾਲੀ ਵਜਾਉਣਾ ਕਿਸੇ ਵਿਸ਼ੇਸ਼ ਗੀਤ ਦੇ ਪ੍ਰਤੀਉੱਤਰ ਵਿੱਚ ਹੈ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ, "ਕੀ ਮੇਰੀ ਤਾਲੀ ਪਰਮੇਸ਼ੁਰ ਦੀ ਉਸਤਤ ਤੋਂ ਜਾਂ ਕਿਸੇ ਕਲਾਕਾਰ ਦੀ ਪ੍ਰਸ਼ੰਸਾ ਤੋਂ ਪ੍ਰੇਰਿਤ ਹੈ?"

6. ਜੇਕਰ ਅਸੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਵੱਡਿਆਂ ਦੀ ਬੰਦਗੀ ਵਿੱਚ ਰੱਖਦੇ ਹਾਂ, ਤਾਂ ਸਾਨੂੰ ਉਸ ਤਰ੍ਹਾਂ ਦੀ ਅਰਾਧਨਾ ਦੀ ਯੋਜਨਾ ਬਣਾਉਣੀ ਚਾਹੀਦੀ ਹੈ ਜੋ ਹਰ ਉਮਰ ਦੇ ਲੋਕਾਂ ਨਾਲ ਗੱਲ ਕਰੇਗੀ।

7. ਜੇਕਰ ਸਾਡੀ ਕਲੀਸੀਆ ਵਿੱਚ ਬੱਚਿਆਂ ਅਤੇ ਨੌਜਵਾਨਾਂ ਲਈ ਵੱਖੋ-ਵੱਖਰੀਆਂ ਬੰਦਗੀਆਂ ਹਨ, ਤਾਂ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੰਦਗੀਆਂ ਅਰਾਧਨਾ ਹੋਣ, ਮਨੋਰੰਜਨ ਨਹੀਂ।

8. ਸਾਨੂੰ ਅਰਾਧਨਾ ਵਿੱਚ ਜਜ਼ਬਾਤ ਉੱਤੇ ਨਾ ਤਾਂ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ ਅਤੇ ਨਾ ਹੀ ਨਕਾਰਨਾ ਚਾਹੀਦਾ ਹੈ।

ਪਾਠ 9 ਦੇ ਖੁਦ ਕਰਨ ਵਾਲੇ ਕੰਮ

1. ਇਸ ਪਾਠ ਵਿੱਚ ਕਈ "ਜਾਂਚ" ਸਵਾਲ ਸ਼ਾਮਲ ਸਨ। ਇਨ੍ਹਾਂ ਵਿੱਚੋਂ ਕਿਸੇ ਇੱਕ ਸਵਾਲ ਦਾ ਇੱਕ ਪੰਨੇ ਦਾ ਉੱਤਰ ਲਿਖੋ। ਤੁਹਾਡੇ ਉੱਤਰ ਵਿੱਚ ਦੋ ਭਾਗ ਸ਼ਾਮਲ ਹੋਣੇ ਚਾਹੀਦੇ ਹਨ:

    - ਤੁਸੀਂ ਮੌਜੂਦਾ ਸਮੇਂ ਵਿੱਚ ਅਰਾਧਨਾ ਵਿੱਚ ਕੀ ਕਰਦੇ ਹੋ ਇਸ ਦਾ ਮੁਲਾਂਕਣ।
    - ਬਦਲਾਵਾਂ ਲਈ ਇੱਕ ਸੁਝਾਅ ਜੋ ਤੁਹਾਡੀ ਅਰਾਧਨਾ ਨੂੰ ਬਾਈਬਲ ਦੇ ਸਿਧਾਂਤਾਂ ਤੋਂ ਦੂਰ ਹੋਏ ਬਿਨਾਂ ਸੱਭਿਆਚਾਰਕ ਤੌਰ ਤੇ ਵਧੇਰੇ ਢੁਕਵਾਂ ਬਣਾ ਦੇਵੇਗੀ।

2. ਅਗਲੇ ਪਾਠ ਦੀ ਸ਼ੁਰੂਆਤ ਵਿੱਚ, ਤੁਸੀਂ ਇਸ ਪਾਠ ਦੇ ਅਧਾਰ ਤੇ ਇੱਕ ਇਮਤਿਹਾਨ ਦਿਓਗੇ। ਤਿਆਰੀ ਦੇ ਲਈ ਇਮਤਿਹਾਨ ਦੇ ਸਵਾਲਾਂ ਦਾ ਧਿਆਨ ਨਾਲ ਅਧਿਐਨ ਕਰੋ।

ਪਾਠ 9 ਦਾ ਇਮਤਿਹਾਨ

1. ਸਾਨੂੰ ਅਰਾਧਨਾ ਦੇ ਉਨ੍ਹਾਂ ਤੌਰ-ਤਰੀਕਿਆਂ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ ਜੋ ਸਾਡੀਆਂ ਸੱਭਿਆਚਾਰਕ ਪਸੰਦਾਂ ਨੂੰ ਠੇਸ ਪਹੁੰਚਾਉਂਦੇ ਹਨ ਪਰ ਬਾਈਬਲ ਦੇ ਸਿਧਾਂਤਾਂ ਦਾ ਖੰਡਨ ਨਹੀਂ ਕਰਦੇ?

2. ਸਾਨੂੰ ਅਰਾਧਨਾ ਦੇ ਉਨ੍ਹਾਂ ਤੌਰ-ਤਰੀਕਿਆਂ ਦਾ ਕੀ ਪ੍ਰਤੀਉੱਤਰ ਦੇਣਾ ਚਾਹੀਦਾ ਹੈ ਜੋ ਸਾਡੇ ਸੱਭਿਆਚਾਰ ਵਿੱਚ ਸਵੀਕਾਰ ਕੀਤੇ ਜਾਂਦੇ ਹਨ, ਪਰ ਬਚਨ ਦਾ ਖੰਡਨ ਕਰਦੇ ਹਨ?

3. ਸਾਡੀ ਕਲੀਸੀਆ ਦੀ ਅਰਾਧਨਾ ਅਤੇ ਆਲੇ-ਦੁਆਲੇ ਦੇ ਸੱਭਿਆਚਾਰ ਦੇ ਵਿਚਾਲੇ ਸੰਬੰਧ ਨੂੰ ਸਮਝਣ ਲਈ ਸਾਨੂੰ ਕਿਹੜੇ ਤਿੰਨ ਸਵਾਲ ਪੁੱਛਣੇ ਚਾਹੀਦੇ ਹਨ?

4. ਰੋਮੀਆਂ 14 ਅਧਿਆਇ ਵਿੱਚੋਂ, ਅਰਾਧਨਾ ਨਾਲ ਸੰਬੰਧਤ ਤਿੰਨ ਸਿਧਾਂਤਾਂ ਦੀ ਸੂਚੀ ਬਣਾਓ।

5. ਅੰਤਰ-ਪੀੜ੍ਹੀ ਅਰਾਧਨਾ ਲਈ ਤਿੰਨ ਵਿਚਾਰਾਂ ਦੀ ਸੂਚੀ ਬਣਾਓ।

6. ਅਰਾਧਨਾ ਵਿੱਚ ਜਜ਼ਬਾਤ ਨਾਲ ਸੰਬੰਧਤ ਦੋ ਗਲਤੀਆਂ ਦੱਸੋ।

7. 1 ਕੁਰਿੰਥੀਆਂ 14:15-17 ਮੂੰਹ ਜ਼ਬਾਨੀ ਲਿਖੋ।

ਪਾਠ 10

ਅਰਾਧਨਾ ਦੀ ਜੀਵਨ-ਸ਼ੈਲੀ

ਪਾਠ ਦੇ ਉਦੇਸ਼

1. ਸਮੂਹਿਕ ਅਰਾਧਨਾ ਅਤੇ ਅਰਾਧਨਾ ਦੀ ਜੀਵਨ-ਸ਼ੈਲੀ ਵਿਚਾਲੇ ਸੰਬੰਧ ਨੂੰ ਪਛਾਣਨਾ।
2. ਸਮਝਣਾ ਕਿ ਅਰਾਧਨਾ ਦੀ ਜੀਵਨ-ਸ਼ੈਲੀ ਇੱਕ ਵਿਅਕਤੀ ਦੀਆਂ ਕਦਰਾਂ-ਕੀਮਤਾਂ ਨੂੰ ਬਦਲ ਦਿੰਦੀ ਹੈ।
3. ਪਰਮੇਸ਼ੁਰ ਦੀ ਵਡਿਆਈ ਦੇ ਲਈ ਜੀਵਨ ਜੀਉਣਾ ਭਾਲਣਾ।
4. ਰੋਮੀਆਂ 12:2 ਵਿੱਚ ਸਿਖਾਈ ਗਈ ਅਰਾਧਨਾ ਦੀ ਜੀਵਨ-ਸ਼ੈਲੀ ਦੇ ਪ੍ਰਤੀ ਸਮਰਪਿਤ ਹੋਣਾ।
5. ਅਰਾਧਨਾ ਦੇ ਬਾਈਬਲ ਅਧਾਰਿਤ ਧਰਮ-ਗਿਆਨ ਬਾਰੇ ਦੱਸਣਾ।

ਇਸ ਪਾਠ ਦੇ ਲਈ ਤਿਆਰੀ

1 ਕੁਰਿੰਥੀਆਂ 10:31 ਮੂੰਹ ਜ਼ਬਾਨੀ ਯਾਦ ਕਰੋ।

ਜਾਣ-ਪਛਾਣ

ਇੱਕੋ ਸਾਲ ਦੇ ਵਿੱਚ, ਇੱਕ ਅਫ਼ਰੀਕੀ ਦੇਸ਼ ਦੋ ਸੂਚੀਆਂ ਵਿੱਚ ਆਉਂਦਾ ਹੈ: "ਅਫ਼ਰੀਕਾ ਵਿੱਚ ਸਭ ਤੋਂ ਵੱਡੀ ਮਸੀਹੀ ਆਬਾਦੀ" ਅਤੇ "ਅਫ਼ਰੀਕਾ ਵਿੱਚ ਸਭ ਤੋਂ ਭ੍ਰਿਸ਼ਟ ਦੇਸ਼।"

ਏਸ਼ੀਆ ਦੀਆਂ ਸਭ ਤੋਂ ਵੱਡੀਆਂ ਕਲੀਸੀਆਵਾਂ ਵਿੱਚੋਂ ਇੱਕ ਕਲੀਸੀਆ ਦੇ ਪਾਸਟਰ ਨੂੰ ਲੱਖਾਂ ਡਾਲਰਾਂ ਦਾ ਗਬਨ ਕਰਨ ਦਾ ਦੋਸ਼ੀ ਠਹਿਰਾਇਆ ਗਿਆ।

ਅਮਰੀਕਾ ਦੀ ਇੱਕ ਵੱਡੀ ਕਲੀਸੀਆ ਦੇ ਆਗੂ ਨੇ ਵਿਆਹੁਤਾ ਜੀਵਨ ਵਿੱਚ ਬੇਵਫ਼ਾਈ ਦਾ ਇਕਰਾਰ ਕਰਨ ਤੋਂ ਬਾਅਦ ਅਸਤੀਫਾ ਦੇ ਦਿੱਤਾ।

ਗਲਤ ਕੀ ਹੈ? ਇਨ੍ਹਾਂ ਸਥਿਤੀਆਂ ਵਿੱਚ ਬਹੁਤ ਸਾਰੇ ਕਾਰਕ ਹਨ, ਪਰ ਉਨ੍ਹਾਂ ਸਭਨਾਂ ਵਿੱਚ ਇੱਕ ਗੱਲ ਸਾਂਝੀ ਹੈ: ਐਤਵਾਰ ਦੀ ਅਰਾਧਨਾ ਸੋਮਵਾਰ ਦੇ ਜੀਵਨ ਨੂੰ ਪ੍ਰਭਾਵਤ ਨਹੀਂ ਕਰਦੀ। ਐਤਵਾਰ ਨੂੰ "ਅਰਾਧਨਾ" — ਜਜ਼ਬਾਤ ਅਤੇ ਉਤਸ਼ਾਹ ਮੰਨਿਆ ਜਾਂਦਾ ਹੈ। ਸੋਮਵਾਰ ਨੂੰ "ਅਸਲ ਜੀਵਨ" ਮੰਨਿਆ ਜਾਂਦਾ ਹੈ - ਅਨੈਤਿਕ ਵਪਾਰਕ ਤੌਰ-ਤਰੀਕੇ ਅਤੇ ਆਤਮ-ਸੰਤੁਸ਼ਟੀ। ਬਹੁਤ ਸਾਰੇ ਲੋਕਾਂ ਲਈ, ਅਰਾਧਨਾ ਦੀਆਂ ਗਤੀਵਿਧੀਆਂ ਦਾ ਨਤੀਜਾ ਬਦਲੇ ਹੋਏ ਜੀਵਨ ਦੇ ਤੌਰ ਤੇ ਨਹੀਂ ਨਿੱਕਲਦਾ।

» ਚਰਚਾ ਕਰੋ ਕਿ ਅਰਾਧਨਾ ਤੁਹਾਡੇ ਰੋਜ਼ਾਨਾ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਤੁਹਾਡੀ ਅਰਾਧਨਾ ਦੇ ਕਾਰਣ ਤੁਹਾਡਾ ਕਾਰੋਬਾਰ ਵੱਖਰੇ ਤਰੀਕੇ ਨਾਲ ਕਿਵੇਂ ਚੱਲਦਾ ਹੈ? ਤੁਹਾਡੀ ਅਰਾਧਨਾ ਕਰਕੇ ਤੁਹਾਡੇ ਪਰਿਵਾਰਕ ਰਿਸ਼ਤੇ ਕਿਵੇਂ ਵੱਖਰੇ ਹਨ? ਤੁਹਾਡੇ ਨੈਤਿਕ ਸਿਧਾਂਤ ਕਿਵੇਂ ਵੱਖਰੇ ਹਨ? ਤੁਹਾਡੀ ਰਾਜਨੀਤੀ ਕਿਵੇਂ ਵੱਖਰੀ ਹੈ? ਤੁਹਾਡੇ ਆਰਥਿਕ ਅਭਿਆਸ ਕਿਵੇਂ ਵੱਖਰੇ ਹਨ? ਕੀ ਤੁਸੀਂ ਅਰਾਧਨਾ ਵਾਲੀ ਜੀਵਨ-ਸ਼ੈਲੀ ਜੀ ਰਹੇ ਹੋ?

ਅਰਾਧਨਾ: ਐਤਵਾਰ ਤੋਂ ਵੱਧ ਕੇ

ਇਸ ਪਾਠ ਦੀ ਜਾਣ-ਪਛਾਣ ਵਿੱਚ ਦੱਸੀ ਗਈ ਮੁਸ਼ਕਲ ਨਵੀਂ ਨਹੀਂ ਹੈ। ਆਮੋਸ ਨੇ ਉਨ੍ਹਾਂ ਲੋਕਾਂ ਨਾਲ ਗੱਲ ਕੀਤੀ ਜਿਹੜੇ ਬਲੀਆਂ ਲਿਆਉਂਦੇ ਅਤੇ ਹੈਕਲ ਦੀਆਂ ਰਸਮਾਂ ਦੀ ਪਾਲਣਾ ਕਰਦੇ ਸਨ, ਪਰ ਰੱਬੀ ਜੀਵਨ ਜੀਉਣ ਵਿੱਚ ਅਸਫ਼ਲ ਰਹੇ (ਆਮੋਸ 5:21-24)। ਯਿਰਮਿਯਾਹ ਨੇ ਉਨ੍ਹਾਂ ਲੋਕਾਂ ਨੂੰ ਪਰਚਾਰ ਕੀਤਾ ਜਿਹੜੇ "ਹੈਕਲ, ਹੈਕਲ" ਪੁਕਾਰਦੇ ਸਨ, ਪਰ ਜਿਹੜੇ ਪਰਮੇਸ਼ੁਰ ਦੀ ਹਜ਼ੂਰੀ ਦੀ ਅਸਲੀਅਤ ਨਹੀਂ ਜਾਣਦੇ ਸਨ (ਯਿਰਮਿਯਾਹ 7:4)। ਯਿਸੂ ਨੇ ਉਨ੍ਹਾਂ ਲੋਕਾਂ ਦਾ ਵਰਣਨ ਕੀਤਾ ਜਿਹੜੇ ਸ਼ਰਾ ਦੀ ਹਰੇਕ ਛੋਟੀ-ਛੋਟੀ ਗੱਲ ਦੀ ਪਾਲਣਾ ਕਰਦੇ ਸਨ, ਜਿਹੜੇ ਛੋਟੀਆਂ ਤੋਂ ਛੋਟੀਆਂ ਚੀਜ਼ਾਂ ਦਾ ਦਸਵੰਧ ਦਿੰਦੇ ਸਨ ਅਤੇ ਜਿਹੜੇ ਪ੍ਰਾਰਥਨਾ, ਸਬਤ ਦੇ ਦਿਨ ਅਤੇ ਅਰਾਧਨਾ ਦੀਆਂ ਹੋਰ ਰੀਤਾਂ ਪ੍ਰਤੀ ਵਫ਼ਾਦਾਰ ਸਨ, ਪਰ ਜਿਨ੍ਹਾਂ ਦੇ ਦਿਲ ਅਸ਼ੁੱਧ ਸਨ (ਮੱਤੀ 23:23)। ਇਹ ਲੋਕ ਅਰਾਧਕ ਹੋਣ ਦਾ ਦਾਅਵਾ ਕਰਦੇ ਸਨ, ਪਰ ਉਨ੍ਹਾਂ ਦੀ ਅਰਾਧਨਾ ਝੂਠੀ ਸੀ। ਸੱਚੀ ਅਰਾਧਨਾ ਸਮੁੱਚੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ।

ਪੌਲੁਸ ਨੇ ਉਨ੍ਹਾਂ ਵਿਸ਼ਵਾਸੀਆਂ ਨੂੰ ਲਿਖਿਆ ਜਿਨ੍ਹਾਂ ਨੇ ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਦੇ ਮੁੱਦੇ ਦਾ ਸਾਹਮਣਾ ਕੀਤਾ। ਇਸ ਸਮੱਸਿਆ ਨੂੰ ਹੱਲ ਕਰਨ ਤੋਂ ਬਾਅਦ, ਪੌਲੁਸ ਨੇ ਸਿੱਟਾ ਕੱਢਿਆ, "ਸੋ ਭਾਵੇਂ ਤੁਸੀਂ ਖਾਂਦੇ ਭਾਵੇਂ ਪੀਂਦੇ ਭਾਵੇਂ ਕੁਝ ਵੀ ਕਰਦੇ ਹੋ, ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ" (1 ਕੁਰਿੰਥੀਆਂ 10:31)। ਹਾਲਾਂਕਿ ਪੌਲੁਸ ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਦੇ ਮੁੱਦੇ ਨੂੰ ਸੰਬੋਧਿਤ ਕਰ ਰਿਹਾ ਸੀ, ਤਾਂ ਵੀ ਇਹ ਸਿਧਾਂਤ ਜੀਵਨ ਦੇ ਸਾਰੇ ਖੇਤਰਾਂ ਉੱਤੇ ਲਾਗੂ ਹੁੰਦਾ ਹੈ। ਜੇਕਰ ਅਸੀਂ ਸੱਚਮੁੱਚ ਅਰਾਧਨਾ ਕਰਦੇ ਹਾਂ, ਤਾਂ ਸਾਡਾ ਰੋਜ਼ਾਨਾ ਦਾ ਜੀਵਨ ਪਰਮੇਸ਼ੁਰ ਦੀ ਵਡਿਆਈ ਲਈ ਬਤੀਤ ਹੋਵੇਗਾ।

"ਅਰਾਧਨਾ ਆਗੂ ਇੱਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜਿਹੜਾ ਜੀਵਨ ਦੇ ਸਾਰੇ ਖੇਤਰਾਂ ਵਿੱਚ ਅਰਾਧਨਾ ਦਾ ਨਮੂਨਾ ਹੈ; ਜਿਹੜਾ ਹਰ ਚੀਜ਼ ਲਈ ਪਰਮੇਸ਼ੁਰ ਦਾ ਪਿੱਛਾ ਕਰਦਾ ਹੈ; ਜਿਹੜਾ ਕਲੀਸੀਆ ਦੀ ਅਰਾਧਨਾ ਦੀ ਇੱਕ ਵਿਸਤ੍ਰਿਤ ਜੀਵਨ-ਸ਼ੈਲੀ ਵਿੱਚ ਅਗਵਾਈ ਕਰਦਾ ਹੈ।"

ਸਟੀਫਨ ਮਿਲਰ ਤੋਂ ਲਿਆ ਗਿਆ

ਅਰਾਧਨਾ ਦੀ ਇੱਕ ਪਰਿਭਾਸ਼ਾ ਇਹ ਹੈ "...ਅਸੀਂ ਜੋ ਕੁਝ ਹਾਂ ਉਸ ਦੀ ਪ੍ਰਤੀਕਿਰਿਆ ਉਸ ਸਭ ਦੇ ਪ੍ਰਤੀ ਜੋ ਪਰਮੇਸ਼ੁਰ ਹੈ।"[97] ਇਹ ਪਰਿਭਾਸ਼ਾ ਦਰਸਾਉਂਦੀ ਹੈ ਕਿ ਅਰਾਧਨਾ ਵਿੱਚ ਜੀਵਨ ਦੇ ਸਾਰੇ ਪਹਿਲੂ ਸ਼ਾਮਲ ਹੋਣਗੇ। ਅਰਾਧਨਾ ਨੂੰ ਪਰਿਭਾਸ਼ਿਤ ਕਰਦੇ ਸਮੇਂ ਦੋ ਸਿਧਾਂਤਾਂ ਨੂੰ ਸੰਤੁਲਨ ਵਿੱਚ ਰੱਖਣਾ ਜ਼ਰੂਰੀ ਹੈ।

ਸਮੂਹਿਕ ਅਰਾਧਨਾ: ਐਤਵਾਰ ਦੀ ਅਰਾਧਨਾ

ਸਮੂਹਿਕ ਅਰਾਧਨਾ ਕਲੀਸੀਆ ਦੇ ਸਮੂਹ ਦੇ ਇਕੱਠ ਦਾ ਹਵਾਲਾ ਦਿੰਦੀ ਹੈ। ਇਹ ਸਭਾ ਕਿਸੇ ਚਰਚ ਦੀ ਇਮਾਰਤ ਵਿੱਚ, ਕਿਸੇ ਘਰ ਵਿੱਚ, ਜਾਂ ਕਿਸੇ ਹੋਰ ਮਹੌਲ ਵਿੱਚ ਹੋ ਸਕਦੀ ਹੈ। ਮਹੌਲ ਮਹੱਤਵਪੂਰਣ ਨਹੀਂ ਹੈ, ਪਰ ਸਮੂਹਿਕ ਅਰਾਧਨਾ ਲਈ ਨਿਰਧਾਰਤ ਕੀਤਾ ਗਿਆ ਸਮਾਂ ਮਹੱਤਵਪੂਰਣ ਹੈ। ਮਸੀਹੀ ਲੋਕਾਂ ਨੂੰ ਸਮੂਹਿਕ ਅਰਾਧਨਾ ਲਈ ਇਕੱਠੇ ਹੋਣ ਦਾ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਦਿੱਤੀ ਗਈ ਹੈ (ਇਬਰਾਨੀਆਂ 10:25)।

97 Warren Wiersbe, Real Worship. (Grand Rapids: Baker Books, 2000), 21

ਅਰਾਧਨਾ ਇੱਕ ਜੀਵਨ-ਸ਼ੈਲੀ ਵਜੋਂ: ਜੀਵਨ ਭਰ ਅਰਾਧਨਾ

ਅਦਨ ਦੇ ਬਾਗ ਵਿੱਚ, ਜੇ ਤੁਸੀਂ ਆਦਮ ਅਤੇ ਹੱਵਾਹ ਨੂੰ ਪੁੱਛਿਆ ਹੁੰਦਾ, "ਤੁਸੀਂ ਕਦੋਂ ਅਰਾਧਨਾ ਕਰਦੇ ਹੋ?" ਉਨ੍ਹਾਂ ਨੇ ਜਵਾਬ ਦੇਣਾ ਸੀ, "ਅਸੀਂ ਲਗਾਤਾਰ ਅਰਾਧਨਾ ਕਰਦੇ ਹਾਂ। ਸਾਡਾ ਸਾਰਾ ਜੀਵਨ ਹੀ ਅਰਾਧਨਾ ਹੈ।'' ਇਹ ਇੱਕ ਜੀਵਨ-ਸ਼ੈਲੀ ਵਜੋਂ ਅਰਾਧਨਾ ਹੈ।

ਅਰਾਧਨਾ ਵਿਸ਼ਵਾਸੀਆਂ ਦੀ ਇੱਕ ਸਮੂਹਿਕ ਸਭਾ ਅਤੇ ਪਰਮੇਸ਼ੁਰ ਦੀ ਵਡਿਆਈ ਲਈ ਜੀਵਿਆ ਜਾਣ ਵਾਲਾ ਜੀਵਨ ਦੋਵੇਂ ਹੈ। ਲਿਓਨਜ਼ ਦੇ ਦੂਜੀ ਸਦੀ ਦੇ ਬਿਸ਼ਪ ਈਰੇਨੀਅਸ ਨੇ ਕਿਹਾ, "ਪਰਮੇਸ਼ੁਰ ਦੀ ਮਹਿਮਾ ਇੱਕ ਪੂਰੀ ਤਰ੍ਹਾਂ ਸਜੀਵ ਮਨੁੱਖ ਹੈ।" ਇਹ ਮਨੁੱਖ-ਕੇਂਦਰਿਤ ਮਨੁੱਖਤਾ ਨਹੀਂ ਹੈ; ਇਹ ਇੱਕ ਪਰਮੇਸ਼ੁਰ-ਕੇਂਦਰਿਤ ਮਾਨਤਾ ਹੈ ਕਿ ਮਨੁੱਖ ਦਾ ਅੰਤਮ ਉਦੇਸ਼ ਪਰਮੇਸ਼ੁਰ ਦੀ ਮਹਿਮਾ ਲਈ ਜੀਉਣਾ ਹੈ। ਇਹੀ ਸੱਚੀ ਅਰਾਧਨਾ ਹੈ।

ਮਸੀਹੀ ਹੋਣ ਦੇ ਨਾਤੇ ਅਸੀਂ ਆਪਣੇ ਜੀਵਨ ਦੇ ਸਾਰੇ ਪਹਿਲੂਆਂ, ਇੱਥੋਂ ਤੱਕ ਕਿ ਆਮ ਵੇਰਵਿਆਂ ਨੂੰ ਵੀ, ਪਰਮੇਸ਼ੁਰ ਨੂੰ ਸੌਂਪਦੇ ਹਾਂ। ਅਰਾਧਨਾ ਸਿਰਫ਼ ਐਤਵਾਰ ਤੱਕ ਹੀ ਸੀਮਿਤ ਨਹੀਂ ਹੈ। ਸਾਡਾ ਕੰਮਕਾਜ, ਮਨੋਰੰਜਨ ਅਤੇ ਆਮ ਕੰਮ ਪਰਮੇਸ਼ੁਰ ਦੀ ਵਡਿਆਈ ਲਈ ਕੀਤੇ ਜਾਂਦੇ ਹਨ। ਰੋਮੀਆਂ 12:1 ਦਰਸਾਉਂਦੀ ਹੈ ਕਿ ਅਰਾਧਨਾ ਵਿੱਚ ਸਾਡੇ ਸਰੀਰ ਨੂੰ ਜੀਉਂਦੇ ਬਲੀਦਾਨ ਵਜੋਂ ਚੜ੍ਹਾਉਣਾ ਸ਼ਾਮਲ ਹੁੰਦਾ ਹੈ; ਇਹ ਸਾਡੀ ਰੂਹਾਨੀ ਬੰਦਗੀ ਹੈ। ਅਰਾਧਨਾ ਬਾਰੇ ਬਾਈਬਲ ਦਾ ਦ੍ਰਿਸ਼ਟੀਕੋਣ ਹਫ਼ਤੇ ਵਿੱਚ ਇੱਕ ਦਿਨ ਹੋਣ ਵਾਲੀ ਸਭਾ ਤੱਕ ਸੀਮਿਤ ਨਹੀਂ ਹੋ ਸਕਦਾ; ਇਹ ਸਾਡੇ ਸਮੁੱਚੇ ਜੀਵਨਾਂ ਨੂੰ ਪਰਮੇਸ਼ੁਰ ਨੂੰ ਦੇਣਾ ਹੈ।

> **"ਪਰਮੇਸ਼ੁਰ ਦੀ ਬੰਦਗੀ ਵਿੱਚ ਹਰ ਰੋਜ਼ ਆਪਣੇ ਜੀਵਨਾਂ ਨੂੰ ਭੇਟ ਚੜ੍ਹਾਉਣਾ ਸਾਡਾ ਜੀਵਨ ਭਰ ਦਾ ਸੱਦਾ ਹੈ। ਐਤਵਾਰ ਦੀ ਸਵੇਰ ਦੀ ਅਰਾਧਨਾ ਉਸ ਸੱਦੇ ਦੀ ਨਿਰੰਤਰਤਾ ਹੈ।"**
>
> **ਬੈਰੀ ਲੀਸ਼**

ਬਾਈਬਲ ਅਨੁਸਾਰ ਅਰਾਧਨਾ ਦੇ ਇੱਕ ਦ੍ਰਿਸ਼ਟੀਕੋਣ ਵਿੱਚ ਸਮੂਹਿਕ ਅਰਾਧਨਾ ਅਤੇ ਰੋਜ਼ਾਨਾ ਦਾ ਜੀਵਨ ਦੋਵੇਂ ਸ਼ਾਮਲ ਹੁੰਦੇ ਹਨ। ਦੋਵੇਂ ਪਹਿਲੂ ਮਹੱਤਵਪੂਰਣ ਹਨ। ਜੇਕਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਅਰਾਧਨਾ ਵਿੱਚ ਰੋਜ਼ਾਨਾ ਦਾ ਜੀਵਨ ਸ਼ਾਮਲ ਹੁੰਦਾ ਹੈ, ਤਾਂ ਅਸੀਂ ਆਪਣੇ ਬਾਕੀ ਦੇ ਜੀਵਨ ਉੱਤੇ ਬਿਨਾਂ ਕੋਈ ਪ੍ਰਭਾਵ ਪਾਏ ਅਰਾਧਨਾ ਬੰਦਗੀਆਂ ਵਿੱਚ ਸ਼ਾਮਲ ਹੋ ਸਕਦੇ ਹਾਂ। ਇਹ ਸਾਨੂੰ ਪਰਮੇਸ਼ੁਰ ਪ੍ਰਤੀ ਰੋਜ਼ਾਨਾ ਆਗਿਆਕਾਰੀ ਵਿੱਚ ਜੀਉਣ ਵਿੱਚ ਅਸਫ਼ਲ ਰਹਿੰਦੇ ਹੋਏ ਸਮੂਹਿਕ ਅਰਾਧਨਾ ਵਿੱਚ ਹਿੱਸਾ ਲੈਣ ਦੀ ਵੱਲ ਲੈ ਜਾਂਦਾ ਹੈ।

ਪਰ, ਜੇਕਰ ਅਸੀਂ ਸਿਰਫ਼ ਇਸ ਗੱਲ ਤੇ ਜ਼ੋਰ ਦਿੰਦੇ ਹਾਂ ਕਿ "ਅਰਾਧਨਾ ਸਾਰਾ ਜੀਵਨ ਹੈ," ਤਾਂ ਅਸੀਂ ਧਿਆਨ ਕੇਂਦਰਿਤ ਅਰਾਧਨਾ ਲਈ ਨਿਰਧਾਰਤ ਕੀਤੇ ਗਏ ਨਿਯਮਤ ਸਮੇਂ ਦੀ ਮਹੱਤਤਾ ਨੂੰ ਭੁੱਲ ਜਾਂਦੇ ਹਾਂ। ਸਮੂਹਿਕ ਅਰਾਧਨਾ ਵਿੱਚ ਭਾਗੀਦਾਰੀ ਸਾਨੂੰ ਜੀਵਨ ਦੇ ਮੁਖ਼ਤਿਆਰਪੁਣੇ ਉੱਤੇ ਪਰਮੇਸ਼ੁਰ ਦੇ ਬਾਰੇ ਚੇਤੇ ਕਰਾਉਂਦੀ ਹੈ।

ਮੁਖ਼ਤਿਆਰਪੁਣੇ ਦਾ ਇਹ ਸਿਧਾਂਤ ਦਸਵੰਧ ਅਤੇ ਸਬਤ ਵਿੱਚ ਵੇਖਿਆ ਜਾਂਦਾ ਹੈ। ਮਸੀਹੀ ਮੁਖ਼ਤਿਆਰਪੁਣੇ ਦਾ ਮਤਲਬ ਹੈ ਕਿ ਸਾਡਾ ਸਾਰਾ ਪੈਸਾ ਪਰਮੇਸ਼ੁਰ ਦਾ ਹੈ; ਉਸ ਸਿਧਾਂਤ ਵਿੱਚ ਸਾਡਾ ਵਿਸ਼ਵਾਸ ਸਾਡੇ ਦਸਵੰਧ ਦੁਆਰਾ ਵੇਖਿਆ ਜਾਂਦਾ ਹੈ। ਸਮੇਂ ਬਾਰੇ ਇੱਕ ਮਸੀਹੀ ਦ੍ਰਿਸ਼ਟੀਕੋਣ ਦਾ ਮਤਲਬ ਹੈ ਕਿ ਸਾਰਾ ਜੀਵਨ ਪਰਮੇਸ਼ੁਰ ਦਾ ਹੈ; ਅਸੀਂ ਹਫ਼ਤੇ ਵਿੱਚ ਇੱਕ ਦਿਨ ਅਰਾਧਨਾ ਅਤੇ ਅਰਾਮ ਕਰਨ ਲਈ ਕੱਢ ਕੇ ਇਹ ਦਰਸਾਉਂਦੇ ਹਾਂ। ਇਸੇ ਤਰ੍ਹਾਂ, ਸਾਡੇ ਜੀਵਨ ਦੇ ਸਾਰੇ ਪਹਿਲੂ ਅਰਾਧਨਾ ਦਾ ਹਿੱਸਾ ਹਨ; ਅਸੀਂ ਸਮੂਹਿਕ ਅਰਾਧਨਾ ਲਈ ਸਾਥੀ ਵਿਸ਼ਵਾਸੀਆਂ ਨਾਲ ਇਕੱਠੇ ਹੋ ਕੇ ਇਹ ਪ੍ਰਦਰਸ਼ਿਤ ਕਰਦੇ ਹਾਂ।

ਬੌਬ ਕੌਫਲਿਨ ਨੇ ਜੀਵਨ-ਸ਼ੈਲੀ ਵਜੋਂ ਸਮੂਹਿਕ ਅਰਾਧਨਾ ਅਤੇ ਅਰਾਧਨਾ ਵਿਚਾਲੇ ਸੰਬੰਧ ਨੂੰ ਦਰਸਾਇਆ:

ਐਤਵਾਰ ਸਾਡੇ ਹਫ਼ਤੇ ਦੀ ਸਭ ਤੋਂ ਮਹੱਤਵਪੂਰਣ ਗੱਲ ਹੋ ਸਕਦਾ ਹੈ, ਪਰ ਇਹ ਇੱਕੋ-ਇੱਕ ਗੱਲ ਨਹੀਂ ਹੈ। ਹਫ਼ਤੇ ਦੇ ਦੌਰਾਨ ਅਸੀਂ ਅਰਾਧਨਾ ਵਾਲੇ ਜੀਵਨ ਜੀਉਂਦੇ ਹਾਂ ਜਦੋਂ ਅਸੀਂ ਆਪਣੇ ਪਰਿਵਾਰਾਂ ਨੂੰ ਪਿਆਰ ਕਰਦੇ ਹਾਂ, ਪਰਤਾਵੇ ਦਾ ਸਾਹਮਣਾ ਕਰਦੇ ਹਾਂ, ਦੱਬੇ-ਕੁਚਲੇ ਲੋਕਾਂ ਦੇ ਲਈ ਦਲੇਰੀ ਨਾਲ ਗੱਲ ਕਰਦੇ ਹਾਂ, ਬੁਰਾਈ ਦੇ ਵਿਰੁੱਧ ਖੜ੍ਹੇ ਹੁੰਦੇ ਹਾਂ ਅਤੇ ਖੁਸ਼ਖ਼ਬਰੀ ਦਾ ਪਰਚਾਰ ਕਰਦੇ ਹਾਂ। ਇਨ੍ਹਾਂ ਸਾਰੀਆਂ ਗੱਲਾਂ ਵਿੱਚ ਅਸੀਂ **ਅਰਾਧਨਾ ਕਰਨ ਵਾਲੀ ਖਿੰਡੀ ਹੋਈ ਕਲੀਸੀਆ** ਹਾਂ।

ਪਰ ਅਸੀਂ ਸੰਸਾਰ, ਸਾਡੇ ਸਰੀਰ ਅਤੇ ਸ਼ਤਾਨ ਦੇ ਵਿਰੁੱਧ ਲੜਾਈ ਵਿੱਚ ਥੱਕ ਜਾਂਦੇ ਹਾਂ ਅਤੇ ਸਾਨੂੰ ਪਰਮੇਸ਼ੁਰ ਦੇ ਬਚਨ ਅਤੇ ਦੂਜੇ ਸੰਤਾਂ ਦੀ ਦੇਖਭਾਲ ਦੁਆਰਾ ਮਜ਼ਬੂਤ ਅਤੇ ਉਤਸ਼ਾਹਿਤ ਹੋਣ ਦੀ ਲੋੜ ਹੁੰਦੀ ਹੈ। ਅਸੀਂ ਉਨ੍ਹਾਂ ਨਾਲ ਸੰਗਤੀ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਆਪਣੇ ਪੁੱਤਰ ਦੇ ਲਹੂ ਰਾਹੀਂ ਸਾਡੇ ਨਾਲ ਜੋੜਿਆ ਹੈ। ਇਸ ਲਈ ਅਸੀਂ **ਅਰਾਧਨਾ ਕਰਨ ਵਾਲੀ ਇਕੱਠੀ ਹੋਈ ਕਲੀਸੀਆ** ਬਣਨ ਲਈ ਮਿਲਦੇ ਹਾਂ।[98]

ਅਰਾਧਨਾ: ਪਰਮੇਸ਼ੁਰ ਦੀ ਵਡਿਆਈ ਲਈ ਜੀਉਣਾ

ਅਰਾਧਨਾ ਸਾਡੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਹੈ

ਸਾਨੂੰ ਅਰਾਧਨਾ ਕਰਨ ਦੇ ਲਈ ਰਚਿਆ ਗਿਆ ਸੀ। ਅਸੀਂ ਸਭ ਕਿਸੇ ਨਾ ਕਿਸੇ ਚੀਜ਼ ਦੀ ਅਰਾਧਨਾ ਕਰਦੇ ਹਾਂ। ਅਸੀਂ ਉਸ ਦੀ ਅਰਾਧਨਾ ਕਰਦੇ ਹਾਂ ਜਿਸ ਨੂੰ ਅਸੀਂ ਸਭ ਤੋਂ ਵੱਧ ਮਹੱਤਵ ਦਿੰਦੇ ਹਾਂ। ਅਰਾਧਨਾ ਕਹਿੰਦੀ ਹੈ, "ਇਹੀ ਹੈ ਜਿਸ ਦਾ ਮੇਰੇ ਜੀਵਨ ਵਿੱਚ ਪਹਿਲਾ ਸਥਾਨ ਹੈ।"

ਬਹੁਤ ਸਾਰੇ ਲੋਕ ਪੈਸੇ, ਨੌਕਰੀਆਂ, ਰੁਤਬੇ, ਰਿਸ਼ਤਿਆਂ ਜਾਂ ਐਸ਼ੋ-ਅਰਾਮ ਦੀ ਅਰਾਧਨਾ ਕਰਦੇ ਹਨ। ਉਹ ਚੀਜ਼ਾਂ ਉਨ੍ਹਾਂ ਦੇ ਜੀਵਨ ਵਿੱਚ ਪਹਿਲਾ ਸਥਾਨ ਲੈ ਲੈਂਦੀਆਂ ਹਨ। ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਕਿਸ ਦੀ ਅਰਾਧਨਾ ਕਰਦੇ ਹੋ? ਜ਼ਰਾ ਆਪਣੇ ਜੀਵਨ ਵੱਲ ਝਾਤੀ ਮਾਰੋ। ਕਿਹੜੀ ਚੀਜ਼ ਤੁਹਾਡੀ ਸਭ ਤੋਂ ਵੱਧ ਊਰਜਾ, ਸਮਾਂ ਅਤੇ ਪੈਸਾ ਲੈਂਦੀ ਹੈ? ਤੁਸੀਂ ਜੋ ਫੈਸਲਾ ਲਿਆ ਹੈ ਉਹੀ ਤੁਹਾਡੇ ਲਈ ਸਭ ਤੋਂ ਵੱਧ ਕੀਮਤੀ ਹੈ; ਉਸੇ ਦੀ ਤੁਸੀਂ ਅਰਾਧਨਾ ਕਰਦੇ ਹੋ।[99]

ਸਿਰਫ਼ ਪਰਮੇਸ਼ੁਰ ਹੀ ਅਰਾਧਨਾ ਦੇ ਯੋਗ ਹੈ; ਬਾਕੀ ਸਭ ਕੁਝ ਬਾਅਦ ਵਿੱਚ ਹੈ। ਅਰਾਧਨਾ ਦੀ ਜੀਵਨ-ਸ਼ੈਲੀ ਹਰ ਗੱਲ ਵਿੱਚ ਪਰਮੇਸ਼ੁਰ ਨੂੰ ਪਹਿਲ ਦਿੰਦੀ ਹੈ। ਸੱਚੇ ਅਰਾਧਕਾਂ ਨੇ ਪਰਮੇਸ਼ੁਰ ਨੂੰ ਆਪਣੇ ਜੀਵਨ ਦੇ ਸਿੰਘਾਸਣ ਉੱਤੇ ਬਿਠਾਇਆ ਹੈ; ਉਸ ਦਾ ਸਭ ਤੋਂ ਵੱਡਾ ਮਹੱਤਵ ਹੈ। ਇਸ ਦਾ ਮਤਲਬ ਹੈ ਕਿ ਸੱਚੇ ਅਰਾਧਕਾਂ ਲਈ, ਜੀਵਨ ਦਾ ਹਰ ਹਿੱਸਾ ਪਰਮੇਸ਼ੁਰ ਦੀ ਵਡਿਆਈ ਲਈ ਜੀਵਿਆ ਜਾਂਦਾ ਹੈ।

"ਹਰ ਕਿਸੇ ਕੋਲ ਇੱਕ ਜਗਵੇਦੀ ਹੈ। ਅਤੇ ਹਰ ਜਗਵੇਦੀ ਦਾ ਇੱਕ ਸਿੰਘਾਸਣ ਹੈ। ਇਸ ਲਈ ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਕਿਸ ਦੀ ਅਰਾਧਨਾ ਕਰਦੇ ਹੋ? ਇਹ ਆਸਾਨ ਹੈ: ਆਪਣੇ ਸਮੇਂ, ਆਪਣੇ ਪਿਆਰ, ਆਪਣੀ ਊਰਜਾ, ਆਪਣੇ ਪੈਸੇ ਅਤੇ ਆਪਣੀ ਵਫ਼ਾਦਾਰੀ ਦੇ ਮਾਰਗ ਤੇ ਚੱਲੋ। ਉਸ ਮਾਰਗ ਦੇ ਅੰਤ ਵਿੱਚ ਤੁਹਾਨੂੰ ਇੱਕ ਸਿੰਘਾਸਣ ਮਿਲੇਗਾ, ਅਤੇ ਜੋ ਵੀ, ਜਾਂ ਜੋ ਕੋਈ ਵੀ, ਉਸ ਸਿੰਘਾਸਣ ਉੱਤੇ ਹੈ, ਉਹ ਤੁਹਾਡੇ ਲਈ ਸਭ ਤੋਂ ਵਧੀਕ ਮੁੱਲਵਾਨ ਹੈ। ਉਸ ਸਿੰਘਾਸਣ ਉੱਤੇ ਉਹ ਹੈ ਜਿਸ ਦੀ ਤੁਸੀਂ ਅਰਾਧਨਾ ਕਰਦੇ ਹੋ।"

ਲੂਈ ਗਿਗਲੀਓ

98 Bob Kauflin, Worship Matters (Wheaton: Crossway Books, 2008), 210

99 Louie Giglio, The Air I Breathe: Worship as a Way of Life. (Sisters, OR: Multnomah Publishers, 2003) ਤੋਂ ਲਿਆ ਗਿਆ।

ਸੱਚੀ ਅਰਾਧਨਾ ਸਾਡੀਆਂ ਕਦਰਾਂ-ਕੀਮਤਾਂ ਨੂੰ ਬਦਲ ਦਿੰਦੀ ਹੈ

ਯਸਾਯਾਹ 6 ਅਧਿਆਇ ਵਿੱਚ, ਅਸੀਂ ਵੇਖਦੇ ਹਾਂ ਕਿ ਸੱਚੀ ਅਰਾਧਨਾ ਦਾ ਰੂਪ ਬਦਲ ਰਿਹਾ ਹੈ। ਅਰਾਧਨਾ ਨਾ ਸਿਰਫ਼ ਸਾਡੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਹੈ, ਇਹ ਸਾਡੀਆਂ ਕਦਰਾਂ-ਕੀਮਤਾਂ ਨੂੰ ਬਦਲਦੀ ਵੀ ਹੈ।

ਅਰਾਧਨਾ, ਭਾਵੇਂ ਪਰਮੇਸ਼ੁਰ ਦੀ ਹੋਵੇ ਜਾਂ ਮੂਰਤੀਆਂ ਦੀ, ਸਾਡੀ ਸ਼ਖ਼ਸੀਅਤ ਨੂੰ ਬਦਲ ਦਿੰਦੀ ਹੈ। **ਜ਼ਬੂਰ** 115:8 ਵਿਖਾਉਂਦਾ ਹੈ ਕਿ ਮੂਰਤੀਆਂ ਦੀ ਪੂਜਾ ਕਰਨ ਨਾਲ ਅਸੀਂ ਬੁਰਾਈ ਕਰਨ ਵਾਲੇ ਬਣ ਜਾਂਦੇ ਹਾਂ। "ਉਨ੍ਹਾਂ ਦੇ ਬਣਾਉਣ ਵਾਲੇ ਉਨ੍ਹਾਂ ਹੀ ਵਰਗੇ ਹੋਣਗੇ, ਨਾਲੇ ਓਹ ਸਾਰੇ ਜਿਹੜੇ ਉਨ੍ਹਾਂ ਉੱਤੇ ਭਰੋਸਾ ਰੱਖਦੇ ਹਨ।" ਮੂਰਤੀ-ਪੂਜਕ ਆਪਣੀਆਂ ਮੂਰਤੀਆਂ ਵਰਗੇ ਬਣ ਜਾਂਦੇ ਹਨ। ਪੈਸੇ ਦੀ ਅਰਾਧਨਾ ਕਰਨ ਵਾਲੇ ਲੋਭੀ ਹੋ ਜਾਂਦੇ ਹਨ; ਜੋ ਐਸ਼ੋ-ਅਰਾਮ ਦੀ ਅਰਾਧਨਾ ਕਰਦੇ ਹਨ, ਉਹ ਐਸ਼ੋ-ਅਰਾਮ ਦੇ ਗੁਲਾਮ ਬਣ ਜਾਂਦੇ ਹਨ; ਜੋ ਲੋਕ ਪ੍ਰਸਿੱਧੀ ਦੀ ਅਰਾਧਨਾ ਕਰਦੇ ਹਨ ਉਹ ਵੱਧ ਤੋਂ ਵੱਧ ਆਤਮ-ਸੁਆਰਥੀ ਹੋ ਜਾਂਦੇ ਹਨ। ਅਸੀਂ ਉਸੇ ਵਰਗੇ ਬਣ ਜਾਂਦੇ ਹਾਂ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ।

ਇਸੇ ਤਰ੍ਹਾਂ ਪਰਮੇਸ਼ੁਰ ਦੀ ਅਰਾਧਨਾ ਕਰਨ ਵਾਲੇ ਉਸ ਵਰਗੇ ਹੋ ਜਾਂਦੇ ਹਨ। "ਪਰ ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸੇ ਵਿੱਚ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ" (2 **ਕੁਰਿੰਥੀਆਂ** 3:18)। ਅਰਾਧਨਾ ਵਿੱਚ ਅਸੀਂ ਉਸ ਦੇ ਰੂਪ ਵਿੱਚ ਬਦਲ ਜਾਂਦੇ ਹਾਂ।

ਜਦੋਂ ਅਸੀਂ ਅਰਾਧਨਾ ਕਰਦੇ ਹਾਂ, ਤਾਂ ਸਾਡੀਆਂ ਕਦਰਾਂ-ਕੀਮਤਾਂ ਬਦਲ ਜਾਂਦੀਆਂ ਹਨ। ਅਰਾਧਕ ਹੋਣ ਦੇ ਨਾਤੇ, ਸਾਨੂੰ ਇਹ ਪੁੱਛਣਾ ਚਾਹੀਦਾ ਹੈ, "ਕੀ ਅਰਾਧਨਾ ਮੇਰੇ ਜੀਵਨ ਨੂੰ ਬਦਲ ਰਹੀ ਹੈ?"

ਅਰਾਧਨਾ ਸਿਰਫ਼ ਉਹ ਚੀਜ਼ ਨਹੀਂ ਹੈ ਜੋ ਅਸੀਂ ਕਰਦੇ ਹਾਂ; ਅਰਾਧਨਾ ਸਾਡੇ ਲਈ ਕੁਝ ਕਰਦੀ ਹੈ।

ਪਰਮੇਸ਼ੁਰ ਦੀ ਵਡਿਆਈ ਲਈ ਜੀਉਣ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ

ਜੀਵਨ-ਸ਼ੈਲੀ ਦੇ ਰੂਪ ਵਿੱਚ ਅਰਾਧਨਾ ਦਾ ਅਰਥ ਹੈ ਕਿ ਸਾਰਾ ਜੀਵਨ ਪਰਮੇਸ਼ੁਰ ਦੀ ਵਡਿਆਈ ਲਈ ਜੀਵਿਆ ਜਾਂਦਾ ਹੈ। ਬਹੁਤ ਸਾਰੇ ਮਸੀਹੀ ਲੋਕ ਆਪਣੇ ਜੀਵਨ ਨੂੰ ਦੋ ਵੱਖ-ਵੱਖ ਖੇਤਰਾਂ ਵਿੱਚ ਵੰਡਦੇ ਹਨ: ਪਵਿੱਤਰ (ਐਤਵਾਰ) ਅਤੇ ਦੁਨਿਆਵੀ (ਸੋਮਵਾਰ-ਸ਼ਨੀਵਾਰ)। ਉਹ "ਐਤਵਾਰ ਮਸੀਹੀ ਲੋਕਾਂ" ਵਾਂਗ ਰਹਿੰਦੇ ਹਨ। ਉਹ ਚਰਚ ਜਾਂਦੇ ਹਨ ਅਤੇ ਮਸੀਹੀ ਨਿਹਚਾ ਦਾ ਦਾਅਵਾ ਕਰਦੇ ਹਨ, ਪਰ ਐਤਵਾਰ ਦੀ ਅਰਾਧਨਾ ਦਾ ਸੋਮਵਾਰ ਦੀ ਕਾਰੋਬਾਰੀ ਨੈਤਿਕ ਕਦਰਾਂ-ਕੀਮਤਾਂ, ਬੁੱਧਵਾਰ ਦੇ ਪਰਿਵਾਰਕ ਜੀਵਨ, ਜਾਂ ਸ਼ਨੀਵਾਰ ਦੇ ਮਨੋਰੰਜਨ ਉੱਤੇ ਕੋਈ ਪ੍ਰਭਾਵ ਨਹੀਂ ਹੁੰਦਾ।

ਦੁਨਿਆਵੀ ਸ਼ਬਦ ਇਸ ਸੰਸਾਰਕ ਜੀਵਨ ਦਾ ਹਵਾਲਾ ਦਿੰਦਾ ਹੈ। ਮਸੀਹੀ ਵਿਅਕਤੀ ਨੂੰ ਪਰਮੇਸ਼ੁਰ ਦੀ ਵਡਿਆਈ ਲਈ ਧਰਮ-ਨਿਰਪੱਖ ਜੀਵਨ ਜੀਉਣ ਵਾਸਤੇ ਸੱਦਿਆ ਗਿਆ ਹੈ। ਮਸੀਹੀ ਵਿਅਕਤੀ ਨੂੰ ਸੋਮਵਾਰ ਨੂੰ ਇਸ ਤਰੀਕੇ ਨਾਲ ਜੀਉਣ ਲਈ ਸੱਦਿਆ ਗਿਆ ਹੈ ਜੋ ਐਤਵਾਰ ਦੀ ਅਰਾਧਨਾ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ। ਅਰਾਧਨਾ ਬੰਦਗੀ ਦੇ ਅੰਤ ਵਿੱਚ, ਸਾਨੂੰ ਇਹ ਪੁੱਛਣਾ ਚਾਹੀਦਾ ਹੈ, "ਅੱਜ ਦੀ ਅਰਾਧਨਾ ਨੂੰ ਅਮਲ ਵਿੱਚ ਲਿਆਉਣ ਲਈ ਮੈਂ ਕੱਲ੍ਹ ਨੂੰ ਕੀ ਕਰਾਂਗਾ?" ਇਹ ਉਹ ਜੀਵਨ ਹੈ ਜੋ ਪਰਮੇਸ਼ੁਰ ਦੀ ਵਡਿਆਈ ਲਈ ਜੀਵਿਆ ਜਾਂਦਾ ਹੈ।

ਪਰਮੇਸ਼ੁਰ ਦੀ ਵਡਿਆਈ ਦੇ ਲਈ ਜੀਉਣ ਨਾਲ ਕਿੱਦਾਂ ਦਾ ਲੱਗਦਾ ਹੈ?

ਪਰਮੇਸ਼ੁਰ ਦੀ ਵਡਿਆਈ ਲਈ ਜੀਉਣ ਦਾ ਮਤਲਬ ਹੈ ਕਿ ਸਾਰਾ ਜੀਵਨ ਪਰਮੇਸ਼ੁਰ ਵਾਸਤੇ ਜੋਸ਼ ਤੋਂ ਨਿਯੰਤ੍ਰਿਤ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਪਰਮੇਸ਼ੁਰ ਨੂੰ ਇਸ ਹੱਦ ਤੱਕ ਪਿਆਰ ਕਰਨਾ ਕਿ ਸਾਡੀ ਜੋ ਖੁਸ਼ੀ ਹੈ ਉਹ ਉਸ ਨੂੰ ਪ੍ਰਸੰਨ ਕਰਦੀ ਹੋਵੇ। ਇੱਕ ਵਿਅਕਤੀ ਨੇ ਕਿਹਾ ਕਿ ਕਿਸੇ ਨੂੰ ਪਿਆਰ ਕਰਨ ਦਾ ਮਤਲਬ ਹੈ ਉਸ ਨਾਲ ਰੁੱਝੇ ਰਹਿਣਾ। "ਤੁਸੀਂ ਉਸ ਵਿਅਕਤੀ (ਜਾਂ ਚੀਜ਼) ਨਾਲ ਪਿਆਰ ਕਰਦੇ ਹੋ ਜਿਸ ਬਾਰੇ ਤੁਸੀਂ ਉਦੋਂ ਸੋਚ ਰਹੇ ਹੁੰਦੇ ਹੋ ਜਦੋਂ ਤੁਸੀਂ ਕਿਸੇ ਹੋਰ ਚੀਜ਼ ਬਾਰੇ ਨਹੀਂ ਸੋਚ ਰਹੇ ਹੁੰਦੇ।"

ਇਸੇ ਤਰ੍ਹਾਂ, ਲੂਈ ਗਿਗਲੀਓ ਸੁਝਾਅ ਦਿੰਦਾ ਹੈ ਕਿ "ਸਾਡੇ ਮੂੰਹੋਂ ਜੋ ਨਿਕਲਦਾ ਹੈ ਉਸ ਦੁਆਰਾ ਅਸੀਂ ਜਾਣਦੇ ਹਾਂ ਕਿ ਸਾਡੀਆਂ ਰੂਹਾਂ ਵਿੱਚ ਸਰਬੋਤਮ ਕੀ ਹੈ।"[100] ਅਸੀਂ ਉਸ ਬਾਰੇ ਗੱਲ ਕਰਦੇ ਹਾਂ ਜੋ ਸਾਡੇ ਲਈ ਸਭ ਤੋਂ ਬਹੁਮੁੱਲਾ ਹੈ।

ਇਹ ਬਹੁਤ ਜ਼ਿਆਦਾ ਸਰਲ ਲੱਗ ਸਕਦਾ ਹੈ, ਪਰ ਗੌਰ ਕਰੋ। ਪੈਸੇ ਨੂੰ ਪਿਆਰ ਕਰਨ ਵਾਲਾ ਵਿਅਕਤੀ ਕਿਸ ਬਾਰੇ ਗੱਲ ਕਰਦਾ ਹੈ? ਪੈਸੇ ਬਾਰੇ। ਉਹ ਪੈਸੇ ਦੀ ਵਡਿਆਈ ਕਰਦੇ ਹਨ। ਇੱਕ ਖੇਡ ਪ੍ਰੇਮੀ ਕਿਸ ਬਾਰੇ ਗੱਲ ਕਰਦਾ ਹੈ? ਖੇਡਾਂ ਬਾਰੇ। ਉਹ ਆਪਣੀ ਮਨਪਸੰਦ ਟੀਮ ਦੀ ਵਡਿਆਈ ਕਰਦੇ ਹਨ।

ਕੀ ਇਸ ਦਾ ਮਤਲਬ ਇਹ ਹੈ ਕਿ ਮਸੀਹੀ ਵਿਅਕਤੀ ਨੂੰ ਹਰ ਹਾਲਤ ਵਿਚ ਬਾਈਬਲ ਬਾਰੇ ਗੱਲ ਕਰਨੀ ਚਾਹੀਦੀ ਹੈ? ਨਹੀਂ; ਇਸ ਦਾ ਸਿੱਧਾ ਮਤਲਬ ਇਹ ਹੈ ਕਿ ਅਸੀਂ ਜੋ ਵੀ ਗੱਲ ਕਰਦੇ ਹਾਂ ਉਹ ਪਰਮੇਸ਼ੁਰ ਦੀ ਵਡਿਆਈ ਕਰੇਗੀ। ਜਦੋਂ ਅਸੀਂ ਕੋਈ ਕਾਰੋਬਾਰੀ ਫ਼ੈਸਲਾ ਕਰ ਰਹੇ ਹੁੰਦੇ ਹਾਂ, ਤਾਂ ਅਸੀਂ ਸ਼ਾਇਦ ਆਪਣੇ ਸਾਥੀਆਂ ਨੂੰ ਇਹ ਨਾ ਕਹੀਏ, "ਇਸ ਫ਼ੈਸਲੇ ਨਾਲ ਪਰਮੇਸ਼ੁਰ ਦੀ ਵਡਿਆਈ ਹੋਣੀ ਚਾਹੀਦੀ ਹੈ," ਪਰ ਪਰਮੇਸ਼ੁਰ ਦੀ ਵਡਿਆਈ ਸਾਡੇ ਫ਼ੈਸਲੇ ਨੂੰ ਪ੍ਰਭਾਵਤ ਕਰੇਗੀ। ਜਦੋਂ ਸਾਨੂੰ ਆਪਣੇ ਬੱਚੇ ਨੂੰ ਅਨੁਸ਼ਾਸਿਤ ਕਰਨਾ ਜ਼ਰੂਰੀ ਹੁੰਦਾ ਹੈ, ਤਾਂ ਅਸੀਂ ਇਸ ਨਾਲ ਗੱਲਬਾਤ ਸ਼ੁਰੂ ਨਹੀਂ ਕਰ ਸਕਦੇ, "ਪੁੱਤਰ, ਮੈਂ ਚਾਹੁੰਦਾ ਹਾਂ ਕਿ ਇਸ ਪਿਟਾਈ ਨਾਲ ਪਰਮੇਸ਼ੁਰ ਦੀ ਵਡਿਆਈ ਹੋਵੇ," ਪਰ ਅਸੀਂ ਆਪਣੇ ਆਪ ਤੋਂ ਪੁੱਛਾਂਗੇ, "ਕੀ ਇਹ ਅਨੁਸ਼ਾਸਨ ਪਰਮੇਸ਼ੁਰ ਨੂੰ ਖੁਸ਼ ਕਰੇਗਾ ਜਾਂ ਮੈਂ ਬੱਸ ਆਪਣਾ ਗੁੱਸਾ ਕੱਢ ਰਿਹਾ ਹਾਂ? ਕੀ ਮੇਰਾ ਸਵਰਗੀ ਪਿਤਾ ਮੈਨੂੰ ਇਸ ਤਰ੍ਹਾਂ ਅਨੁਸ਼ਾਸਿਤ ਕਰੇਗਾ?"



ਮਸੀਹੀ ਹੋਣ ਦੇ ਨਾਤੇ, ਅਸੀਂ ਹਰ ਫ਼ੈਸਲਾ ਪਰਮੇਸ਼ੁਰ ਦੀ ਵਡਿਆਈ ਦੀ ਰੋਸ਼ਨੀ ਵਿੱਚ ਕਰਦੇ ਹਾਂ। ਜੀਵਨ-ਸ਼ੈਲੀ ਵਜੋਂ ਅਰਾਧਨਾ ਦਾ ਮਤਲਬ ਹੈ ਕਿ ਪਰਮੇਸ਼ੁਰ ਅਤੇ ਉਸ ਦੀ ਵਡਿਆਈ ਸਾਡੇ ਹਰੇਕ ਕੰਮ ਦੇ ਕੇਂਦਰ ਵਿੱਚ ਹੈ।

ਪਹਿਲੇ ਪਾਠ ਵਿੱਚ, ਅਸੀਂ ਵੇਖਿਆ ਸੀ ਕਿ ਕਿਰਪਾ ਤੋਂ ਬਗੈਰ, ਸਮੂਹਿਕ ਅਰਾਧਨਾ ਸ਼ਰਾਵਾਦੀ ਬਣ ਜਾਂਦੀ ਹੈ, ਜਿੱਥੇ ਅਸੀਂ ਪੁੱਛਦੇ ਹਾਂ ਕਿ "ਅਸੀਂ ਅਜਿਹੇ ਤਰੀਕੇ ਨਾਲ ਕਿਵੇਂ ਅਰਾਧਨਾ ਕਰਦੇ ਹਾਂ ਜਿਸ ਨਾਲ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਹੁੰਦੀ ਹੈ?" ਇਸੇ ਤਰ੍ਹਾਂ, ਕਿਰਪਾ ਤੋਂ ਬਗੈਰ, ਅਰਾਧਨਾ ਦੀ ਜੀਵਨ-ਸ਼ੈਲੀ ਇੱਕ ਸ਼ਰਾਵਾਦੀ ਬੋਝ ਬਣ ਜਾਂਦੀ ਹੈ, ਜਿੱਥੇ ਅਸੀਂ ਪੁੱਛਦੇ ਹਾਂ ਕਿ "ਕੀ ਹੋਵੇਗਾ ਜੇਕਰ ਇਹ ਫ਼ੈਸਲਾ ਪਰਮੇਸ਼ੁਰ ਦੀ ਵਡਿਆਈ ਕਰਨ ਦਾ ਸਭ ਤੋਂ ਵਧੀਆ ਤਰੀਕਾ ਨਾ ਹੋਇਆ? ਜੇ ਮੈਂ ਗੜਬੜ ਕਰ ਦਿੱਤੀ, ਤਾਂ ਕੀ ਪਰਮੇਸ਼ੁਰ ਨਰਾਜ਼ ਹੋ ਜਾਵੇਗਾ?"

ਸ਼ਰਾਵਾਦੀ ਅਰਾਧਨਾ ਦੇ ਉਲਟ, ਪਰਮੇਸ਼ੁਰ ਦੀ ਕਿਰਪਾ ਦੀ ਰੋਸ਼ਨੀ ਵਿੱਚ ਅਰਾਧਨਾ ਕਰਨਾ ਇੱਕ ਸ਼ਾਨਦਾਰ ਵਿਸ਼ੇਸ਼ ਅਧਿਕਾਰ ਬਣ ਜਾਂਦਾ ਹੈ। ਪਰਮੇਸ਼ੁਰ ਦੀ ਕਿਰਪਾ ਦੀ ਰੋਸ਼ਨੀ ਵਿੱਚ ਸਮੂਹਿਕ ਅਰਾਧਨਾ ਪਰਮੇਸ਼ੁਰ ਦੀ ਜੋ ਸ਼ਖ਼ਸੀਅਤ ਹੈ ਅਤੇ ਉਸ ਜੋ ਕੀਤਾ ਹੈ ਉਸ ਦਾ ਜਸ਼ਨ ਮਨਾਉਣ ਦਾ ਇੱਕ ਮੌਕਾ ਹੈ। ਇਸੇ ਤਰ੍ਹਾਂ, ਅਰਾਧਨਾ ਦੀ ਜੀਵਨ-ਸ਼ੈਲੀ ਨੂੰ (ਜਦੋਂ ਪਰਮੇਸ਼ੁਰ ਦੀ ਕਿਰਪਾ ਦੀ ਰੌਸ਼ਨੀ ਵਿੱਚ ਜੀਵਿਆ ਜਾਂਦਾ ਹੈ) ਰੋਜ਼ਾਨਾ ਦੇ ਜੀਵਨ ਵਿੱਚ ਪਰਮੇਸ਼ੁਰ ਦੀ ਵਡਿਆਈ ਕਰਨ ਦਾ ਮੌਕਾ ਹੈ।

ਸੋਮਵਾਰ ਦਾ ਕਾਰੋਬਾਰੀ ਫ਼ੈਸਲਾ ਪਰਮੇਸ਼ੁਰ ਦੀ ਸ਼ਰਾ ਦੀ ਪਾਲਣਾ ਕਰਨ ਦਾ ਅਨੰਦ ਭਰਿਆ ਜਤਨ ਨਹੀਂ ਹੈ; ਇਹ ਨੈਤਿਕ ਕਦਰਾਂ-ਕੀਮਤਾਂ ਨਾਲ ਪਰਮੇਸ਼ੁਰ ਦੀ ਵਡਿਆਈ ਕਰਨ ਦਾ ਇੱਕ ਅਨੰਦ ਭਰਿਆ ਮੌਕਾ ਹੈ ਜੋ ਉਸ ਦੇ ਚਰਿੱਤਰ ਦੇ ਅਨੁਕੂਲ ਹਨ। ਇੱਕ ਬੱਚੇ ਦਾ ਅਨੁਸ਼ਾਸਨ ਪਰਮੇਸ਼ੁਰ ਨੂੰ ਅਪ੍ਰਸੰਨ ਕਰਨ ਤੋਂ ਬਚਣ ਦਾ ਇੱਕ ਅਨੰਦ ਭਰਿਆ ਜਤਨ ਨਹੀਂ ਹੈ; ਇਹ ਤੁਹਾਡੇ ਬੱਚੇ ਲਈ ਪਰਮੇਸ਼ੁਰ ਦੇ ਪਿਆਰ ਭਰੇ ਚਰਿੱਤਰ ਨੂੰ ਨਮੂਨਾ ਬਣਾਉਣ ਦਾ ਇੱਕ ਅਨੰਦ ਭਰਿਆ ਮੌਕਾ ਹੈ। ਕਿਰਪਾ ਅਰਾਧਨਾ ਦੀ ਜੀਵਨ-ਸ਼ੈਲੀ ਨੂੰ ਬਦਲ ਦਿੰਦੀ ਹੈ।

---

100 Louie Giglio, “Psalm 16” in Matt Redman and Friends, Inside, Out Worship (Ventura: Regal Books, 2005), 78

ਅਰਾਧਨਾ ਦੀ ਜੀਵਨ-ਸ਼ੈਲੀ: ਇੱਕ ਬਾਈਬਲ ਅਧਾਰਿਤ ਨਮੂਨਾ

ਰੋਮੀਆਂ 12:1 ਵਿੱਚ, ਮਸੀਹੀ ਵਿਅਕਤੀ ਨੂੰ ਆਪਣੇ ਆਪ ਨੂੰ ਇੱਕ ਜੀਉਂਦਾ ਬਲੀਦਾਨ ਕਰਕੇ ਚੜ੍ਹਾਉਣ ਲਈ ਕਿਹਾ ਗਿਆ ਹੈ, ਜਿਹੜਾ ਪਵਿੱਤਰ ਅਤੇ ਪਰਮੇਸ਼ੁਰ ਨੂੰ ਮਨ ਭਾਉਂਦਾ ਹੈ। ਇਹ ਸਾਡੀ ਰੂਹਾਨੀ ਬੰਦਗੀ ਹੈ। ਰੋਮੀਆਂ 12:2 ਵਿਖਾਉਂਦੀ ਹੈ ਕਿ ਇਹ ਬਲੀਦਾਨ ਕਿਵੇਂ ਚੜ੍ਹਾਇਆ ਜਾਵੇਗਾ। ਇਹ ਬਚਨ ਅਰਾਧਨਾ ਨੂੰ ਜੀਵਨ-ਸ਼ੈਲੀ ਦੇ ਰੂਪ ਵਿੱਚ ਸਮਝਣ ਲਈ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਹੈ।

11 ਅਧਿਆਵਾਂ ਤੋਂ ਬਾਅਦ ਜਿਸ ਵਿੱਚ ਪੌਲੁਸ ਨੇ ਮਸੀਹੀ ਜੀਵਨ ਲਈ ਧਰਮ-ਗਿਆਨ ਦੀ ਨੀਂਹ ਰੱਖੀ, ਉਹ ਲਾਗੂ ਕਰਨ ਦੀ ਵੱਲ ਅੱਗੇ ਵਧਦਾ ਹੈ। ਕਿਉਂਕਿ ਅਸੀਂ ਕਿਰਪਾ ਦੁਆਰਾ ਧਰਮੀ ਠਹਿਰਾਏ ਗਏ ਹਾਂ (ਰੋਮੀਆਂ 1-11), ਅਸੀ ਇੱਕ ਖ਼ਾਸ ਤਰੀਕੇ ਨਾਲ ਜੀਵਨ ਜੀਉਣਾ ਹੈ (ਰੋਮੀਆਂ 12-16)। ਇਹ ਅਧਿਆਇ ਅਰਾਧਨਾ ਦੀ ਜੀਵਨ-ਸ਼ੈਲੀ ਦਾ ਨਮੂਨਾ ਪ੍ਰਦਾਨ ਕਰਦੇ ਹਨ।

ਅਰਾਧਨਾ ਦੀ ਜੀਵਨ-ਸ਼ੈਲੀ ਦਾ ਨਕਾਰਾਤਮਕ ਪਹਿਲੂ

ਪੌਲੁਸ ਇੱਕ ਨਕਾਰਾਤਮਕ ਹੁਕਮ ਨਾਲ ਸ਼ੁਰੂ ਕਰਦਾ ਹੈ: "ਇਸ ਜੁੱਗ ਦੇ ਰੂਪ ਜੇਹੇ ਨਾ ਬਣੋ।" ਸਾਨੂੰ ਇਸ ਸੰਸਾਰ ਦੇ ਅਨੁਕੂਲ ਜੀਵਨ ਨਹੀਂ ਜੀਉਣਾ ਚਾਹੀਦਾ। ਅਸੀਂ ਇਸ ਸੰਸਾਰ ਅਤੇ ਸਵਰਗੀ ਰਾਜ ਦੋਵਾਂ ਪ੍ਰਤੀ ਸਮਰਪਣ ਨਹੀਂ ਕਰ ਸਕਦੇ; ਅਸੀਂ ਇਸ ਜੁੱਗ ਦੇ ਪਰਮੇਸ਼ੁਰ ਅਤੇ ਆਤਮਾ ਦੋਵਾਂ ਦੀ ਅਰਾਧਨਾ ਨਹੀਂ ਕਰ ਸਕਦੇ।

ਜੇ. ਬੀ. ਫਿਲਿਪਸ ਨੇ ਪੌਲੁਸ ਦੀ ਹਿਦਾਇਤ ਦਾ ਅਨੁਵਾਦ ਕੀਤਾ, "ਤੁਹਾਡੇ ਆਲੇ-ਦੁਆਲੇ ਦੇ ਸੰਸਾਰ ਨੂੰ ਤੁਹਾਨੂੰ ਇਸ ਦੇ ਸਾਂਚੇ ਵਿੱਚ ਨਾ ਢਾਲਣ ਦਿਓ।" ਜਦੋਂ ਮਿੱਟੀ ਨੂੰ ਸਾਂਚੇ ਵਿੱਚ ਪਾਇਆ ਜਾਂਦਾ ਹੈ, ਤਾਂ ਇਹ ਛੇਤੀ ਹੀ ਸਾਂਚੇ ਦੇ ਆਕਾਰ ਵਿੱਚ ਢਲ ਜਾਂਦੀ ਹੈ। ਸੰਸਾਰ ਮਸੀਹੀ ਲੋਕਾਂ ਨੂੰ ਆਪਣੇ ਸਾਂਚੇ ਵਿੱਚ ਢਾਲਣਾ ਚਾਹੁੰਦਾ ਹੈ। ਸੰਸਾਰ ਸਾਨੂੰ ਆਪਣੀਆਂ ਮੰਗਾਂ ਅਨੁਸਾਰ ਢਲਣ ਲਈ ਮਜਬੂਰ ਕਰਨਾ ਚਾਹੁੰਦਾ ਹੈ। ਇਸ ਦੀ ਬਜਾਏ, ਅਸੀਂ ਇਸ ਸੰਸਾਰ ਦੇ ਪ੍ਰਭਾਵ ਨੂੰ ਰੱਦ ਕਰਨ ਲਈ, ਅਰਾਧਨਾ ਦੀ ਜੀਵਨ-ਸ਼ੈਲੀ ਜੀਉਣੀ ਹੈ।

ਇਹ ਪਰਤਾਵਾ ਵਿਸ਼ੇਸ਼ ਤੌਰ ਤੇ ਖ਼ਤਰਨਾਕ ਹੈ ਕਿਉਂਕਿ ਅਸੀਂ ਸਾਂਚੇ ਤੋਂ ਜਾਣੂ ਹੋਏ ਬਿਨਾਂ ਵੀ ਢਲ ਸਕਦੇ ਹਾਂ। ਪਾਣੀ ਵਿੱਚ ਰਹਿਣ ਵਾਲੀ ਮੱਛੀ ਇਹ ਨਹੀਂ ਸੋਚਦੀ, "ਇਹ ਪਾਣੀ ਹੈ।" ਇਹ ਬੱਸ ਉਹ ਸੰਸਾਰ ਹੈ ਜਿਸ ਵਿੱਚ ਉਹ ਰਹਿੰਦੀ ਹੈ। ਗੰਦਗੀ ਵਿੱਚ ਘੁੰਮਣ ਵਾਲਾ ਕੀੜਾ ਇਹ ਨਹੀਂ ਸੋਚਦਾ, "ਇਹ ਗੰਦਗੀ ਹੈ." ਇਹ ਸਿਰਫ਼ ਉਹ ਸੰਸਾਰ ਹੈ ਜਿਸ ਵਿੱਚ ਉਹ ਰਹਿੰਦਾ ਹੈ। ਜੇਕਰ ਅਸੀਂ ਸਾਵਧਾਨ ਨਹੀਂ ਹਾਂ, ਤਾਂ ਇੱਕ ਪਤਿਤ ਸੰਸਾਰ ਵਿੱਚ ਰਹਿਣ ਵਾਲਾ ਮਸੀਹੀ ਵਿਅਕਤੀ ਇਹ ਨਹੀਂ ਸੋਚੇਗਾ, "ਇਹ ਇੱਕ ਪਤਿਤ ਸੰਸਾਰ ਹੈ।" ਇਹ ਸਿਰਫ਼ ਉਹ ਸੰਸਾਰ ਹੋਵੇਗਾ ਜਿਸ ਵਿੱਚ ਅਸੀਂ ਰਹਿੰਦੇ ਹਾਂ।

ਇਸ ਲਈ ਸਮੂਹਿਕ ਅਰਾਧਨਾ ਮਹੱਤਵਪੂਰਣ ਹੈ। ਇਬਰਾਨੀਆਂ ਦੇ ਲੇਖਕ ਨੇ ਚੇਤਾਵਨੀ ਦਿੱਤੀ ਕਿ ਸਾਨੂੰ ਆਪਸ ਵਿੱਚ ਇਕੱਠੇ ਹੋਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਕਿਉਂ? ਕਿਉਂਕਿ ਅਸੀਂ ਇਸ ਤਰ੍ਹਾਂ ਦੂਜੇ ਹੁਕਮਾਂ ਨੂੰ ਪੂਰਾ ਕਰਦੇ ਹਾਂ:

- "ਤਾਂ ਆਓ, ਅਸੀਂ ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ ਨੇੜੇ ਜਾਈਏ..." (ਇਬਰਾਨੀਆਂ 10:22)
- "ਅਸੀਂ ਆਸ ਦੇ ਸੱਚੇ ਇਕਰਾਰ ਨੂੰ ਤਕੜਾਈ ਨਾਲ ਫੜੀ ਰਖੀਏ..." (ਇਬਰਾਨੀਆਂ 10:23)
- "ਅਤੇ ਪ੍ਰੇਮ ਅਰ ਸ਼ੁਭ ਕਰਮਾਂ ਲਈ ਉਭਾਰਨ ਨੂੰ ਅਸੀਂ ਇੱਕ ਦੂਏ ਦਾ ਧਿਆਨ ਰੱਖੀਏ..." (ਇਬਰਾਨੀਆਂ 10:24)

ਅਰਾਧਨਾ ਵਿੱਚ, ਸਾਨੂੰ ਚੇਤੇ ਕਰਾਇਆ ਜਾਂਦਾ ਹੈ ਕਿ ਅਸੀਂ ਇਸ ਸੰਸਾਰ ਦੇ ਨਹੀਂ ਹਾਂ। ਬਾਬਲ ਵਿੱਚ, ਹੈਕਲ ਤੋਂ ਅੱਡ, ਆਪਣੇ ਲੋਕਾਂ ਦੀ ਸਮੂਹਿਕ ਅਰਾਧਨਾ ਵਿੱਚ ਹਿੱਸਾ ਲੈਣ ਵਿੱਚ ਅਸਮਰੱਥ, ਦਾਨੀਏਲ ਦਿਨ ਵਿੱਚ ਤਿੰਨ ਵਾਰ ਪ੍ਰਾਰਥਨਾ ਕਰਦਾ ਸੀ, ਉਸ ਦੀਆਂ ਬਾਰੀਆਂ ਯਰੂਸ਼ਲਮ ਵੱਲ ਖੁੱਲ੍ਹੀਆਂ ਸਨ (ਦਾਨੀਏਲ 6:10)। ਅਰਾਧਨਾ ਨੇ ਦਾਨੀਏਲ ਨੂੰ ਬਾਬਲ ਦੀ ਦੁਨੀਆਂ ਦੇ ਅਨੁਕੂਲ ਹੋਣ ਦੇ ਵਿਰੁੱਧ ਮਜ਼ਬੂਤ ਕੀਤਾ। ਜਦੋਂ ਉਹ ਯਰੂਸ਼ਲਮ ਵੱਲ ਵੇਖਦਾ ਸੀ, ਤਾਂ ਉਸ ਨੂੰ ਚੇਤੇ ਆਉਂਦਾ ਸੀ, "ਮੈਂ ਬਾਬਲ ਦਾ ਨਾਗਰਿਕ ਨਹੀਂ ਹਾਂ; ਮੈਂ ਯਰੂਸ਼ਲਮ ਦਾ ਨਾਗਰਿਕ ਹਾਂ। ਮੈਂ ਮਾਰਦੁੱਕ ਦੀ ਉਪਾਸਨਾ ਨਹੀਂ ਕਰਦਾ; ਮੈਂ ਯਹੋਵਾਹ ਦੀ ਸੇਵਾ ਕਰਦਾ ਹਾਂ।"[101]

---

101 Tim Keep, Bible Methodist Missions ਤੋਂ ਵਿਆਖਿਆ ਕੀਤੀ ਗਈ। Chapel sermon at Hobe Sound Bible College, November 2013.

ਅਰਾਧਨਾ ਦੀ ਜੀਵਨ-ਸ਼ੈਲੀ ਦਾ ਅਰਥ ਹੈ ਕਿ ਅਸੀਂ ਆਪਣੇ ਸੰਸਾਰ ਦੇ ਸਾਂਚੇ ਵਿੱਚ ਢਲਣ ਤੋਂ ਇਨਕਾਰ ਕਰਦੇ ਹਾਂ। ਇਹ ਬਹੁਤ ਸਾਰੇ ਪਰਤਾਵਿਆਂ ਦਾ ਸਾਹਮਣਾ ਕਰਨ ਨਾਲੋਂ ਵੱਧ ਕੇ ਹੈ। ਇਹ ਕਈ ਨਿਯਮਾਂ ਦੀ ਪਾਲਣਾ ਕਰਨ ਤੋਂ ਵੱਧ ਕੇ ਹੈ। ਇਹ ਪਹਿਰਾਵੇ ਦੀ ਇੱਕ ਖ਼ਾਸ ਸ਼ੈਲੀ, ਵਿਹਾਰ ਦੀ ਸੰਹਿਤਾ, ਜਾਂ ਧਾਰਮਿਕ ਸੱਭਿਆਚਾਰ ਤੋਂ ਵੱਧ ਕੇ ਹੈ। ਇਹ ਸੋਚਣ ਅਤੇ ਰਹਿਣ ਦਾ ਇੱਕ ਪੂਰਾ ਤਰੀਕਾ ਹੈ। ਇਸ ਦਾ ਅਰਥ ਹੈ ਹਰ ਚੀਜ਼ ਦਾ ਪਰਮੇਸ਼ੁਰ ਦੇ ਰਾਜ ਦੇ ਸੰਦਰਭ ਵਿੱਚ ਮੁਲਾਂਕਣ ਕਰਨਾ।

ਮਸੀਹੀ ਹੋਣ ਦੇ ਨਾਤੇ, ਅਸੀਂ ਕਦੇ ਵੀ ਆਲੇ-ਦੁਆਲੇ ਦੇ ਸੱਭਿਆਚਾਰ ਵਿੱਚ ਆਰਾਮ ਨਾਲ ਫਿੱਟ ਨਹੀਂ ਹੋਵਾਂਗੇ। ਚੀਨ ਵਿੱਚ ਪਹਾੜੀ ਉਪਦੇਸ਼ ਤੇ ਇੱਕ ਕਲਾਸ ਤੋਂ ਬਾਅਦ, ਇੱਕ ਵਿਦਿਆਰਥੀ ਨੇ ਕਿਹਾ, "ਚੀਨ ਵਿੱਚ, ਯਿਸੂ ਦੀ ਸਿੱਖਿਆ ਦੇ ਅਨੁਸਾਰ ਜੀਉਣਾ ਮੁਸ਼ਕਲ ਹੈ।" ਸਿਖਾਉਣ ਵਾਲੇ ਨੇ ਜਵਾਬ ਦਿੱਤਾ, "ਹੈਰਾਨ ਨਾ ਹੋਵੋ। ਅਮਰੀਕਾ ਵਿੱਚ ਵੀ, ਯਿਸੂ ਦੀ ਸਿੱਖਿਆ ਅਨੁਸਾਰ ਜੀਉਣਾ ਮੁਸ਼ਕਲ ਹੈ।" ਸੱਭਿਆਚਾਰ ਜਿਹੜਾ ਮਰਜ਼ੀ ਹੋਵੇ, ਅਰਾਧਨਾ ਦੀ ਜੀਵਨ-ਸ਼ੈਲੀ ਇਸ ਸੰਸਾਰ ਦੀ ਭਾਵਨਾ ਨਾਲ ਟਕਰਾਵੇਗੀ।

ਅਰਾਧਨਾ ਦੀ ਜੀਵਨ-ਸ਼ੈਲੀ ਦਾ ਸਕਾਰਾਤਮਕ ਪਹਿਲੂ

ਨਕਾਰਾਤਮਕ ਹੁਕਮ ਤੋਂ ਬਾਅਦ, ਰੋਮੀਆਂ 12 ਅਧਿਆਇ ਸਕਾਰਾਤਮਕ ਹਿਦਾਇਤ ਦੇ ਨਾਲ ਅੱਗੇ ਜਾਰੀ ਰਹਿੰਦਾ ਹੈ: "ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ।"

ਇਸ ਸੰਸਾਰ ਦੇ ਸਰੂਪ ਅਨੁਸਾਰ ਢਲਣ ਦਾ ਉਲਟਾ ਪਾਸਾ ਸਿਰਫ਼ ਵੱਖਰਾ ਹੋਣਾ ਜਾਂ ਤੁਹਾਡੀ ਆਪਣੀ ਸ਼ਖਸੀਅਤ ਤੇ ਜ਼ੋਰ ਦੇਣਾ ਨਹੀਂ ਹੈ। ਇਸ ਸੰਸਾਰ ਦੇ ਸਰੂਪ ਅਨੁਸਾਰ ਢਲਣ ਦੇ ਉਲਟਾ ਪਾਸਾ ਹੈ ਇਸ ਸੰਸਾਰ ਦੇ ਸਰੂਪ ਅਨੁਸਾਰ ਢਲਣ ਦੇ ਉਲਟ ਉਦੋਂ ਤੱਕ ਬਦਲਦੇ ਜਾਣਾ ਜਦੋਂ ਤੱਕ ਤੁਸੀਂ ਪਰਮੇਸ਼ੁਰ ਦੀ ਇੱਛਾ ਨੂੰ ਨਹੀਂ ਜਾਣਦੇ। ਕੁਝ ਮਸੀਹੀ ਲੋਕਾਂ ਨੇ ਆਪਣੇ ਸੱਭਿਆਚਾਰ ਨਾਲੋਂ ਵੱਖਰੀ ਜੀਵਨ-ਸ਼ੈਲੀ ਅਪਣਾ ਲਈ ਹੈ, ਪਰ ਉਹ ਪਰਮੇਸ਼ੁਰ ਦੀ ਇੱਛਾ ਅਨੁਸਾਰ ਨਹੀਂ ਬਦਲੇ ਹਨ। ਇਸ ਦੀ ਬਜਾਇ, ਉਨ੍ਹਾਂ ਨੇ ਇਸ ਸੰਸਾਰ ਦੇ ਸੱਭਿਆਚਾਰ ਲਈ ਇੱਕ ਖ਼ਾਸ ਰਾਜਨੀਤਿਕ ਦ੍ਰਿਸ਼ਟੀਕੋਣ, ਸਮਾਜਿਕ ਦ੍ਰਿਸ਼ਟੀਕੋਣ, ਜਾਂ ਪਹਿਰਾਵਾ ਪਹਿਨਣ ਦੇ ਤਰੀਕੇ ਨੂੰ ਬਦਲ ਦਿੱਤਾ ਹੈ। ਉਹ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਨਹੀਂ ਬਦਲੇ ਹਨ।

ਜੇ. ਬੀ. ਫਿਲਿਪਸ ਨੇ ਅਨੁਵਾਦ ਕੀਤਾ, "ਤੁਹਾਡੇ ਆਲੇ-ਦੁਆਲੇ ਦੀ ਦੁਨੀਆਂ ਨੂੰ ਤੁਹਾਨੂੰ ਇਸ ਦੇ ਸਾਂਚੇ ਵਿੱਚ ਨਾ ਢਾਲਣ ਦਿਓ" (ਨਕਾਰਾਤਮਕ), "ਪਰ ਪਰਮੇਸ਼ੁਰ ਨੂੰ ਤੁਹਾਨੂੰ ਨਵਾਂ ਬਣਾਉਣ ਦਿਓ ਤਾਂ ਜੋ ਤੁਹਾਡਾ ਮਨ ਦਾ ਸਾਰਾ ਰਵੱਈਆ ਬਦਲ ਜਾਵੇ" (ਸਕਾਰਾਤਮਕ)। ਰੋਮੀਆਂ ਦੀ ਬਾਕੀ ਦੀ ਪੁਸਤਕ ਵਿਖਾਉਂਦੀ ਹੈ ਕਿ ਇੱਕ ਬਦਲਿਆ ਹੋਇਆ ਮਨ ਕਿਵੇਂ ਵਿਖਾਈ ਦੇਵੇਗਾ।

- ਰੋਮੀਆਂ 12: ਇੱਕ ਬਦਲਿਆ ਹੋਇਆ ਵਿਸ਼ਵਾਸੀ ਆਪਣੀਆਂ ਆਤਮਿਕ ਦਾਤਾਂ ਦੀ ਵਰਤੋਂ ਦੂਜਿਆਂ ਦੀ ਸੇਵਾ ਕਰਨ ਲਈ ਕਰਦਾ ਹੈ।
- ਰੋਮੀਆਂ 13: ਇੱਕ ਬਦਲਿਆ ਹੋਇਆ ਵਿਸ਼ਵਾਸੀ ਸਮਾਜਿਕ ਅਧਿਕਾਰੀਆਂ ਦਾ ਆਦਰ ਕਰਦਾ ਹੈ।
- ਰੋਮੀਆਂ 14: ਇੱਕ ਬਦਲਿਆ ਹੋਇਆ ਵਿਸ਼ਵਾਸੀ ਆਪਣੇ ਸਾਥੀ ਵਿਸ਼ਵਾਸੀਆਂ ਦੇ ਵਿਸ਼ਵਾਸਾਂ ਦਾ ਆਦਰ ਕਰਦਾ ਹੈ।

ਅਰਾਧਨਾ ਦੀ ਜੀਵਨ-ਸ਼ੈਲੀ ਵਿਹਾਰ ਨਾਲੋਂ ਵੱਧ ਕੇ ਹੈ; ਅਰਾਧਨਾ ਸਾਡੀ ਪੂਰੀ ਸੋਚ ਨੂੰ ਬਦਲ ਦਿੰਦੀ ਹੈ। ਅਰਾਧਨਾ ਦੀ ਜੀਵਨ-ਸ਼ੈਲੀ ਦੇ ਪ੍ਰਭਾਵ ਤੇ ਵਿਚਾਰ ਕਰੋ:

- ਅਫ਼ਰੀਕਾ ਮਹਾਂਦੀਪ ਕਿਹੋ ਜਿਹਾ ਦਿਖਾਈ ਦੇਵੇਗਾ ਜੇਕਰ ਮਸੀਹੀ ਵਪਾਰੀ ਅਤੇ ਸਿਆਸਤਦਾਨ ਪੈਸੇ ਅਤੇ ਹਕੂਮਤ ਪ੍ਰਤੀ ਆਪਣੇ ਰਵੱਈਏ ਬਦਲ ਲੈਂਦੇ ਹਨ?
- ਏਸ਼ੀਆ ਦੀਆਂ ਕਲੀਸੀਆਵਾਂ ਕਿਸ ਤਰ੍ਹਾਂ ਦੀਆਂ ਦਿਖਾਈ ਦੇਣਗੀਆਂ ਜੇਕਰ ਆਗੂ ਆਪਣੇ ਆਪ ਨੂੰ ਪਰਮੇਸ਼ੁਰ ਦੇ ਪੈਸੇ ਦੇ ਮੁਖ਼ਤਿਆਰ ਵਜੋਂ ਵੇਖਦੇ ਹਨ?
- ਅਮਰੀਕਾ ਵਿੱਚ ਵਿਵਾਹਿਤ ਜੀਵਨ ਕਿਹੋ ਜਿਹਾ ਦਿਖਾਈ ਦੇਵੇਗਾ ਜੇਕਰ ਮਸੀਹੀ ਲੋਕ ਬੇਵਫ਼ਾਈ ਨੂੰ ਹਾਲੀਵੁੱਡ ਦੀਆਂ ਨਜ਼ਰਾਂ ਨਾਲ ਵੇਖਣ ਦੀ ਬਜਾਇ, ਪਰਮੇਸ਼ੁਰ ਦੀਆਂ ਨਜ਼ਰਾਂ ਨਾਲ ਵੇਖਦੇ ਹਨ?

ਅਰਾਧਨਾ ਦੀ ਜੀਵਨ-ਸ਼ੈਲੀ ਵਿਸ਼ਵਾਸੀ ਦੇ ਮਨ ਨੂੰ ਬਦਲ ਦਿੰਦੀ ਹੈ; ਇੱਕ ਬਦਲਿਆ ਹੋਇਆ ਮਨ ਇੱਕ ਬਦਲੇ ਹੋਏ ਜੀਵਨ ਵਿੱਚ ਵੇਖਿਆ ਜਾਵੇਗਾ; ਬਦਲੇ ਹੋਏ ਜੀਵਨ ਸਮਾਜ ਨੂੰ ਬਦਲ ਦੇਣਗੇ। ਅਰਾਧਨਾ ਦੀ ਜੀਵਨ-ਸ਼ੈਲੀ ਆਖ਼ਰਕਾਰ ਸਾਡੇ ਸੰਸਾਰ ਨੂੰ ਬਦਲ ਦੇਵੇਗੀ।

ਅਰਾਧਨਾ ਨਾਲ ਜੁੜੇ ਖ਼ਤਰੇ: ਆਗਿਆਕਾਰੀ ਤੋਂ ਬਿਨਾਂ ਅਰਾਧਨਾ

ਨਬੀਆਂ ਨੇ ਆਗਿਆਕਾਰੀ ਰਹਿਤ ਅਰਾਧਨਾ ਦੇ ਵਿਰੁੱਧ ਚੇਤਾਵਨੀ ਦਿੱਤੀ। ਯਿਰਮਿਯਾਹ ਦੇ ਜ਼ਮਾਨੇ ਦੇ ਲੋਕ ਵਿਸ਼ਵਾਸ ਕਰਦੇ ਸਨ ਕਿ ਹੈਕਲ ਉਨ੍ਹਾਂ ਨੂੰ ਬਾਬਲ ਤੋਂ ਬਚਾਵੇਗੀ। ਯਿਰਮਿਯਾਹ ਨੇ ਜਵਾਬ ਦਿੱਤਾ, "ਤੁਸੀਂ ਏਹਨਾਂ ਝੂਠੀਆਂ ਗੱਲਾਂ ਉੱਤੇ ਭਰੋਸਾ ਨਾ ਰੱਖੋ ਕਿ 'ਏਹ ਯਹੋਵਾਹ ਦੀ ਹੈਕਲ ਹੈ, ਏਹ ਯਹੋਵਾਹ ਦੀ ਹੈਕਲ ਹੈ, ਏਹ ਯਹੋਵਾਹ ਦੀ ਹੈਕਲ ਹੈ।'" (ਯਿਰਮਿਯਾਹ 7:4) ਬਲਕਿ

> **ਜੇ** ਤੁਸੀਂ ਆਪਣਿਆਂ ਰਾਹਾਂ ਅਤੇ ਆਪਣੇ ਕੰਮਾਂ ਨੂੰ ਸੱਚਮੁੱਚ ਠੀਕ ਕਰੋ;
>
> **ਜੇ** ਤੁਸੀਂ ਸੱਚਮੁੱਚ ਮਨੁੱਖ ਅਰ ਉਸ ਦੇ ਗੁਆਂਢੀ ਵਿੱਚ ਇਨਸਾਫ਼ ਕਰੋ;
>
> **ਜੇ** ਤੁਸੀਂ ਪਰਦੇਸੀ, ਯਤੀਮ ਅਤੇ ਵਿਧਵਾ ਨੂੰ ਦੁਖ ਨਾ ਦਿਓ ਅਤੇ ਏਸ ਅਸਥਾਨ ਵਿੱਚ ਬੇਦੋਸ਼ੇ ਦਾ ਲਹੂ ਨਾ ਵਹਾਓ, ਨਾ ਦੂਜੇ ਦਿਓਤਿਆਂ ਦੇ ਪਿੱਛੇ ਆਪਣੇ ਨੁਕਸਾਨ ਲਈ ਜਾਓ:
>
> **ਤਾਂ** ਮੈਂ ਤੁਹਾਨੂੰ ਏਸ ਅਸਥਾਨ ਵਿੱਚ ਅਤੇ ਏਸ ਦੇਸ ਵਿੱਚ ਜਿਹੜਾ ਮੈਂ ਤੁਹਾਡੇ ਪਿਉ ਦਾਦਿਆਂ ਨੂੰ ਸਦਾ ਲਈ ਦਿੱਤਾ ਹੈ ਵੱਸਣ ਦਿਆਂਗਾ (ਯਿਰਮਿਯਾਹ 7:5-7)।

ਇਸਰਾਏਲੀ ਵਿਸ਼ਵਾਸ ਕਰਦੇ ਸਨ ਕਿ ਉਹ ਆਗਿਆਕਾਰੀ ਨੂੰ ਰੀਤ ਨਾਲ ਬਦਲ ਸਕਦੇ ਸਨ। ਨਬੀਆਂ ਨੇ ਪਰਚਾਰ ਕੀਤਾ ਕਿ ਆਗਿਆਕਾਰੀ ਤੋਂ ਬਿਨਾਂ ਰੀਤ ਅਰਥਹੀਣ ਹੈ।

ਕੁਝ ਰਵਾਇਤਾਂ ਵਿੱਚ, ਆਗਿਆਕਾਰੀ ਨੂੰ ਧਾਰਮਿਕ ਰੀਤ ਨਾਲ ਬਦਲ ਦਿੱਤਾ ਜਾਂਦਾ ਹੈ। ਅਰਾਧਨਾ ਦੇ ਤੱਤ ਮੌਜੂਦ ਹਨ। ਗੀਤ ਸੱਚਾਈ ਬਿਆਨ ਕਰਦੇ ਹਨ। ਬਚਨ ਪੜ੍ਹਿਆ ਅਤੇ ਇਸ ਦਾ ਪਰਚਾਰ ਕੀਤਾ ਜਾਂਦਾ ਹੈ। ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਪਰ, ਪਰਮੇਸ਼ੁਰ ਦੇ ਬਚਨ ਦੀ ਕੋਈ ਆਗਿਆਕਾਰੀ ਨਹੀਂ ਹੈ। ਜੀਵਨ ਨਹੀਂ ਬਦਲਦੇ। ਇਹ ਰੀਤ ਹੈ, ਅਰਾਧਨਾ ਨਹੀਂ।

ਕੁਝ ਰਵਾਇਤਾਂ ਵਿੱਚ, ਆਗਿਆਕਾਰੀ ਨੂੰ ਜਜ਼ਬਾਤੀ ਪ੍ਰਤੀਕਿਰਿਆ ਨਾਲ ਬਦਲ ਦਿੱਤਾ ਜਾਂਦਾ ਹੈ। ਬੰਦਗੀ ਦਾ ਟੀਚਾ ਕੁਝ ਜਜ਼ਬਾਤ ਪੈਦਾ ਕਰਨਾ ਹੈ। ਸੰਗੀਤ ਜਜ਼ਬਾਤਾਂ ਨੂੰ ਭੜਕਾਉਂਦਾ ਹੈ। ਸੰਦੇਸ਼ ਇੱਕ ਸੱਦੇ ਜਾਂ ਸਮਰਪਣ ਦੇ ਸਮੇਂ ਵੱਲ ਲੈ ਜਾਂਦਾ ਹੈ। ਪਰ, ਬੰਦਗੀ ਦੇ ਬਾਅਦ ਪਰਮੇਸ਼ੁਰ ਦੇ ਪ੍ਰਤੀ ਆਗਿਆਕਾਰੀ ਅਤੇ ਸਮਰਪਣ ਦਾ ਜੀਵਨ ਨਹੀਂ ਹੁੰਦਾ। ਇਹ ਜਜ਼ਬਾਤ ਹੈ, ਅਰਾਧਨਾ ਨਹੀਂ।

ਹੈਕਲ ਵਿੱਚ ਅਰਾਧਨਾ ਨੇ ਪਰਮੇਸ਼ੁਰ ਨਾਲ ਇਸਰਾਏਲੀਆਂ ਦੇ ਨੇਮ ਦਾ ਜਸ਼ਨ ਮਨਾਇਆ ਅਤੇ ਇਸਰਾਏਲੀਆਂ ਨੂੰ ਉਨ੍ਹਾਂ ਦੀਆਂ ਨੇਮ ਦੀਆਂ ਜ਼ਿੰਮੇਵਾਰੀਆਂ ਬਾਰੇ ਚੇਤੇ ਕਰਾਇਆ। ਅਰੰਭਕ ਕਲੀਸੀਆ ਵਿੱਚ, ਅਰਾਧਨਾ ਨੇ ਯਿਸੂ ਦੀ ਮੌਤ ਦੁਆਰਾ ਪ੍ਰਦਾਨ ਕੀਤੇ ਗਏ ਨਵੇਂ ਨੇਮ ਦਾ ਜਸ਼ਨ ਮਨਾਇਆ ਅਤੇ ਮਸੀਹੀ ਲੋਕਾਂ ਨੂੰ ਪਵਿੱਤਰ ਜੀਵਨ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਚੇਤੇ ਕਰਾਇਆ। ਜਿਸ ਅਰਾਧਨਾ ਦਾ ਨਤੀਜਾ ਆਗਿਆਕਾਰੀ ਨਹੀਂ ਹੁੰਦਾ ਉਹ ਝੂਠੀ ਅਰਾਧਨਾ ਹੈ।

ਸੱਚੀ ਅਰਾਧਨਾ ਅਰਾਧਕ ਨੂੰ ਬਦਲ ਦਿੰਦੀ ਹੈ। ਇਸ ਪੂਰੇ ਕੋਰਸ ਦੌਰਾਨ, ਅਸੀਂ ਵੇਖਿਆ ਹੈ ਕਿ ਸੱਚਮੁੱਚ ਅਰਾਧਨਾ ਕਰਨ ਵਾਲੇ ਲੋਕ ਬਦਲ ਜਾਂਦੇ ਹਨ। ਇਸ ਕੋਰਸ ਦਾ ਟੀਚਾ ਸਿਰਫ਼ ਇਹ ਨਹੀਂ ਹੈ ਕਿ ਤੁਸੀਂ ਅਰਾਧਨਾ ਬੰਦਗੀਆਂ ਦੀ ਯੋਜਨਾ ਬਣਾਉਣ ਅਤੇ ਅਗਵਾਈ ਕਰਨ ਵਿੱਚ ਬਿਹਤਰ ਹੋਵੋਗੇ, ਪਰ ਇਹ ਕਿ ਤੁਸੀਂ ਇੱਕ ਅਜਿਹੇ ਅਰਾਧਕ ਬਣੋਗੇ ਜਿਹੜਾ ਅਰਾਧਨਾ ਦੁਆਰਾ ਬਦਲ ਜਾਂਦਾ ਹੈ। ਫਿਰ ਤੁਸੀਂ ਆਪਣੀ ਕਲੀਸੀਆ ਦੀ ਅਰਾਧਨਾ ਵਿੱਚ ਅਗਵਾਈ ਕਰੋਗੇ ਜੋ ਕਲੀਸੀਆ ਦੇ ਹਰੇਕ ਮੈਂਬਰ ਨੂੰ ਬਦਲ ਦਿੰਦੀ ਹੈ।

ਸਿੱਟਾ: ਇੱਕ ਪਾਸਟਰ ਦੀ ਗਵਾਹੀ

ਸੱਚੀ ਅਰਾਧਨਾ ਦਾ ਕੀ ਅਸਰ ਹੁੰਦਾ ਹੈ? ਸਪੇਨ ਦੀ ਇੱਕ ਕਲੀਸੀਆ ਦੇ ਪਾਸਟਰ ਦੀ ਗਵਾਹੀ ਸੁਣੋ।

"1991 ਵਿੱਚ, ਸਾਡੀ ਕਲੀਸੀਆ ਦਾ ਆਤਮਿਕ ਮਹੌਲ ਆਪਣੇ ਸਭ ਤੋਂ ਹੇਠਲੇ ਦਰਜੇ ਤੇ ਸੀ। ਅਨੈਤਿਕਤਾ ਨੇ ਸਾਡੇ ਕੁਝ ਮੈਂਬਰਾਂ ਨੂੰ ਆਪਣੇ ਜਾਲ ਵਿੱਚ ਫਸਾ ਲਿਆ। ਜਦੋਂ ਅਸੀਂ ਪਤਿਤ ਮੈਂਬਰਾਂ ਨੂੰ ਅਨੁਸ਼ਾਸਿਤ ਕੀਤਾ, ਤਾਂ ਕਲੀਸੀਆ ਵਿੱਚ ਫੁੱਟ ਪੈ ਗਈ। ਅੰਤ ਵਿੱਚ, ਇਸ ਆਤਮਿਕ ਅਤੇ ਜਜ਼ਬਾਤੀ ਮਹੱਤਵਪੂਰਣ ਮੋੜ ਤੇ, ਮਸੀਹ ਵਿੱਚ ਆਏ ਇੱਕ ਨਵੇਂ ਵਿਅਕਤੀ ਨੇ ਸੁਝਾਅ ਦਿੱਤਾ ਕਿ ਅਸੀਂ ਐਤਵਾਰ ਨੂੰ ਸਾਰਾ ਦਿਨ ਰੋਜ਼ਾ ਰੱਖ ਕੇ ਪ੍ਰਾਰਥਨਾ ਕਰੀਏ। ਅਸੀਂ ਜਦੋਂ ਰੋਜ਼ਾ ਰੱਖ ਕੇ ਪ੍ਰਾਰਥਨਾ ਕੀਤੀ ਤਾਂ ਪਰਮੇਸ਼ੁਰ ਨੇ ਸਾਡੇ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

"ਕੁਝ ਹਫ਼ਤਿਆਂ ਬਾਅਦ, ਅਸੀਂ ਆਪਣਾ ਸਾਲਾਨਾ ਕੈਂਪ ਸ਼ੁਰੂ ਕੀਤਾ। ਕਲੀਸੀਆ ਵਿੱਚ ਕੁਝ ਹੱਦ ਤੱਕ ਫੁੱਟ ਪਈ ਰਹੀ। ਜਿਵੇਂ ਹੀ ਪਰਚਾਰਕ ਨੇ ਬੁੱਧਵਾਰ ਦੀ ਰਾਤ ਨੂੰ ਆਪਣਾ ਸੰਦੇਸ਼ ਸ਼ੁਰੂ ਕੀਤਾ, ਉਸ ਨੂੰ ਮਹਿਸੂਸ ਹੋਇਆ ਕਿ ਪਰਮੇਸ਼ੁਰ ਨੇ ਉਸ ਨੂੰ 'ਤੂੰ ਕਿੰਨਾ ਮਹਾਨ ਹੈਂ' ਗੀਤ ਗਾਉਣ ਲਈ ਕਿਹਾ ਹੈ।

"ਜਦੋਂ ਉਸ ਨੇ ਇਹ ਮਹਾਨ ਭਜਨ ਗਾਇਆ, ਤਾਂ ਪਰਮੇਸ਼ੁਰ ਦੀ ਮਹਿਮਾ ਭੁੱਖੀ ਭੀੜ ਉੱਤੇ ਉਤਰੀ। ਕਈਆਂ ਨੇ ਧੰਨਵਾਦ ਨਾਲ ਜਵਾਬ ਦਿੱਤਾ; ਕੁਝ ਲੋਕ ਜਗਵੇਦੀ ਉੱਤੇ ਪਰਮੇਸ਼ੁਰ ਨੂੰ ਭਾਲਣ ਲੱਗੇ। ਇੱਕ ਔਰਤ ਜਿਹੜੀ ਕਲੀਸੀਆ ਵਿੱਚ ਝਗੜੇ ਦੀ ਜੜ੍ਹ ਸੀ, ਹੰਝੂਆਂ ਨਾਲ ਫੁੱਟ-ਫੁੱਟ ਕੇ ਰੋਣ ਲੱਗੀ। 400 ਲੋਕਾਂ ਦੇ ਸਾਹਮਣੇ ਖੜ੍ਹੇ ਹੋ ਕੇ, ਉਸ ਨੇ ਕਬੂਲ ਕੀਤਾ, 'ਮੈਂ ਸਭ ਤੋਂ ਦੁਖੀ ਔਰਤ ਹਾਂ ਕਿਉਂਕਿ ਮੈਂ ਆਪਣੇ ਦਿਲ ਵਿੱਚ ਨਾ ਮਾਫ਼ ਕਰਨ ਵਾਲੀ ਭਾਵਨਾ ਪਾਲ ਕੇ ਪਰਮੇਸ਼ੁਰ ਅਤੇ ਉਸ ਦੀ ਕਲੀਸੀਆ ਦੇ ਵਿਰੁੱਧ ਪਾਪ ਕੀਤਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਪ੍ਰਭੂ ਮੈਨੂੰ ਮਾਫ਼ ਕਰੇ ਅਤੇ ਮੈਂ ਤੁਹਾਡੇ ਅੱਗੇ ਵੀ ਬੇਨਤੀ ਕਰਦਾ ਹਾਂ ਕਿ ਤੁਸੀਂ ਵੀ ਇੱਕ ਕਲੀਸੀਆ ਹੋਣ ਦੇ ਨਾਤੇ ਮੈਨੂੰ ਮਾਫ਼ ਕਰੋ।'

"ਜਿਵੇਂ ਹੀ ਇਹ ਸ਼ਬਦ ਉਸ ਦੇ ਮੂੰਹ ਵਿੱਚੋਂ ਨਿੱਕਲੇ, ਦੂਜਿਆਂ ਨਾਲ ਮੇਲ-ਮਿਲਾਪ ਹੋ ਗਿਆ। ਉਸ ਸ਼ਾਮ, ਪਰਮੇਸ਼ੁਰ ਨੇ ਸਾਡੀ ਕਲੀਸੀਆ ਵਿੱਚ ਏਕਤਾ ਨੂੰ ਬਹਾਲ ਕੀਤਾ। ਜਦੋਂ ਪਰਮੇਸ਼ੁਰ ਦੇ ਲੋਕਾਂ ਨੇ ਪ੍ਰਾਰਥਨਾ ਅਤੇ ਰੋਜ਼ਾ ਰੱਖ ਕੇ ਆਪਣੇ ਆਪ ਨੂੰ ਅਧੀਨ ਕੀਤਾ ਅਤੇ ਜਦੋਂ ਪਰਮੇਸ਼ੁਰ ਦਾ ਸੇਵਕ ਪਵਿੱਤਰ ਆਤਮਾ ਦੀ ਅਗਵਾਈ ਪ੍ਰਤੀ ਆਗਿਆਕਾਰੀ ਸੀ, ਅਸੀਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਪਹੁੰਚਾਏ ਗਏ। ਪਾਪ ਦਾ ਇਕਰਾਰ ਕੀਤਾ ਗਿਆ; ਏਕਤਾ ਨੂੰ ਬਹਾਲ ਕੀਤਾ ਗਿਆ। ਇਹ ਸੱਚੀ ਅਰਾਧਨਾ ਦਾ ਨਤੀਜਾ ਹੈ।"[102]

---

102 ਸਤਿਕਾਰਯੋਗ ਸਿਡਨੀ ਗ੍ਰਾਂਟ ਦੀ ਗਵਾਹੀ, ਹੋਪ ਇੰਟਰਨੈਸ਼ਨਲ ਮਿਸ਼ਨਜ਼

ਪਾਠ 10 ਦੀ ਸਮੀਖਿਆ

1. ਸਮੂਹਿਕ ਅਰਾਧਨਾ ਐਤਵਾਰ ਨੂੰ ਹੁੰਦੀ ਹੈ; ਅਰਾਧਨਾ ਦੀ ਜੀਵਨ-ਸ਼ੈਲੀ ਰੋਜ਼ਾਨਾ ਜੀਵਨ ਵਿੱਚ ਹੁੰਦੀ ਹੈ। ਅਰਾਧਨਾ ਦੇ ਬਾਈਬਲ ਅਧਾਰਿਤ ਦ੍ਰਿਸ਼ਟੀਕੋਣ ਲਈ ਦੋਵੇਂ ਮਹੱਤਵਪੂਰਣ ਹਨ।

2. ਸੱਚੀ ਅਰਾਧਨਾ ਵਿਖਾਉਂਦੀ ਹੈ ਕਿ ਅਸੀਂ ਅਸਲ ਵਿੱਚ ਕਿਸ ਨੂੰ ਮਹੱਤਵ ਦਿੰਦੇ ਹਾਂ।

3. ਸੱਚੀ ਅਰਾਧਨਾ ਉਸ ਚੀਜ਼ ਨੂੰ ਬਦਲ ਦਿੰਦੀ ਹੈ ਜਿਸ ਨੂੰ ਅਸੀਂ ਮਹੱਤਵ ਦਿੰਦੇ ਹਾਂ।

4. ਅਰਾਧਨਾ ਦੀ ਜੀਵਨ-ਸ਼ੈਲੀ ਦਾ ਅਰਥ ਹੈ ਪਰਮੇਸ਼ੁਰ ਦੀ ਵਡਿਆਈ ਦੇ ਲਈ ਜੀਉਣਾ। ਇਸ ਦਾ ਅਰਥ ਹੈ ਕਿ ਪਰਮੇਸ਼ੁਰ ਸਮੁੱਚੇ ਜੀਵਨ ਦੇ ਕੇਂਦਰ ਵਿੱਚ ਹੋਵੇਗਾ।

5. ਰੋਮੀਆਂ 12:2 ਵਿੱਚ ਅਰਾਧਨਾ ਦੀ ਜੀਵਨ-ਸ਼ੈਲੀ ਦੇ ਲਈ ਇੱਕ ਬਾਈਬਲ ਅਧਾਰਿਤ ਨਮੂਨਾ ਵੇਖਿਆ ਗਿਆ ਹੈ। ਇਸ ਵਿੱਚ ਸ਼ਾਮਲ ਹੈ

   - ਇੱਕ ਨਕਾਰਾਤਮਕ ਪਹਿਲੂ: "ਇਸ ਜੁੱਗ ਦੇ ਰੂਪ ਜੇਹੇ ਨਾ ਬਣੋ।"
   - ਇੱਕ ਸਕਾਰਾਤਮਕ ਪਹਿਲੂ: "ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ।"

ਪਾਠ 10 ਦੇ ਖੁਦ ਕਰਨ ਵਾਲੇ ਕੰਮ

1. "ਅਰਾਧਨਾ ਬਾਰੇ ਮੇਰਾ ਧਰਮ-ਗਿਆਨ" ਸਿਰਲੇਖ ਵਾਲਾ 3-4 ਪੰਨਿਆਂ ਦਾ ਪੱਤਰ ਲਿਖੋ। ਇਸ ਪੱਤਰ ਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਅਰਾਧਨਾ ਬਚਨ ਦੇ ਸਿਧਾਂਤਾਂ ਤੇ ਕਿਵੇਂ ਆਧਾਰਿਤ ਹੈ। ਪੱਤਰ ਬਾਈਬਲ ਅਧਾਰਿਤ ਅਤੇ ਵਿਹਾਰਕ ਦੋਵੇਂ ਤਰ੍ਹਾਂ ਦਾ ਹੋਣਾ ਚਾਹੀਦਾ ਹੈ।

2. ਯੂਹੰਨਾ 4:23-24 ਦੇ ਆਧਾਰ ਤੇ ਸੱਚੀ ਅਰਾਧਨਾ ਬਾਰੇ ਸੰਦੇਸ਼ ਤੇ ਪਰਚਾਰ ਕਰੋ।

3. ਆਪਣੇ ਕੋਰਸ ਪ੍ਰੋਜੈਕਟ ਨੂੰ ਪੂਰਾ ਕਰਨਾ: ਕਲਾਸ ਲੀਡਰ ਲਈ ਇੱਕ ਪੰਨੇ ਦੀ ਰਿਪੋਰਟ ਲਿਖੋ ਜੋ ਤੁਹਾਡੇ "30-ਦਿਨਾਂ ਅਰਾਧਨਾ ਦੀ ਯਾਤਰਾ" ਤੋਂ ਸਿੱਖੀਆਂ ਗੱਲਾਂ ਦਾ ਸਾਰ ਦਿੰਦੀ ਹੋਵੇ। ਤੁਹਾਨੂੰ ਆਪਣੇ ਰੋਜ਼ਨਾਮਚੇ ਨੂੰ ਚਾਲੂ ਕਰਨ ਦੀ ਲੋੜ ਨਹੀਂ ਹੈ।

4. ਆਪਣੇ ਆਖ਼ਰੀ ਇਮਤਿਹਾਨ ਦੇ ਲਈ, 1 ਕੁਰਿੰਥੀਆਂ 10:31 ਮੂੰਹ ਜ਼ਬਾਨੀ ਲਿਖੋ।

ਵਾਧੂ ਭਾਗ A:

ਅਰਾਧਨਾ ਬੰਦਗੀਆਂ ਦੀ ਯੋਜਨਾ ਬਣਾਉਣ ਲਈ ਰੂਪਰੇਖਾਵਾਂ

ਸੰਦੇਸ਼ ਦੇ ਆਲੇ-ਦੁਆਲੇ ਤਿਆਰ ਕੀਤੀ ਗਈ ਅਰਾਧਨਾ ਵਾਸਤੇ ਇੱਕ ਰੂਪਰੇਖਾ		
ਉਦੇਸ਼	ਅਰਾਧਨਾ ਗਤੀਵਿਧੀ	ਹਫ਼ਤਾਵਾਰੀ ਯੋਜਨਾ
ਸਚਿਆਈ ਦੀ ਘੋਸ਼ਣਾ	• ਭਜਨ • ਬਚਨ • ਸੰਦੇਸ਼	
ਸਚਿਆਈ ਨੂੰ ਪ੍ਰਤੀਉੱਤਰ	• ਸੱਦਾ • ਭੇਟ • ਸਮਾਪਤੀ ਭਜਨ • ਬਰਕਤ ਦਾ ਕਲਮਾ (ਬਚਨ))	

ਜ਼ਬੂਰ 95 ਦੇ ਆਧਾਰ ਤੇ ਅਰਾਧਨਾ ਲਈ ਇੱਕ ਰੂਪਰੇਖਾ		
ਬਾਈਬਲ ਦਾ ਨਮੂਨਾ	**ਅਰਾਧਨਾ ਗਤੀਵਿਧੀ**	**ਹਫ਼ਤਾਵਾਰੀ ਯੋਜਨਾ**
ਖੁਸ਼ੀ ਨਾਲ ਧੰਨਵਾਦ ਕਰਦੇ ਹੋਏ ਪ੍ਰਵੇਸ਼ ਕਰੋ	• ਅਰਾਧਨਾ ਲਈ ਸੱਦਾ • ਉਸਤਤ ਦੇ ਭਜਨ	
ਆਦਰਪੂਰਨ ਅਰਾਧਨਾ ਦੇ ਨਾਲ ਜਾਰੀ ਰੱਖੋ	• ਸਮਰਪਣ ਦੇ ਭਜਨ • ਪ੍ਰਾਰਥਨਾ	
ਪਰਮੇਸ਼ੁਰ ਦੀ ਅਵਾਜ਼ ਸੁਣੋ	• ਬਚਨ ਪੜ੍ਹਨਾ • ਸੰਦੇਸ਼	

ਅਰਾਧਨਾ ਵਿੱਚ ਪਰਮੇਸ਼ੁਰ ਦੇ ਲੋਕਾਂ ਦੀਆਂ ਗਤੀਵਿਧੀਆਂ ਦੇ ਆਧਾਰ ਤੇ ਅਰਾਧਨਾ ਲਈ ਇੱਕ ਰੂਪ-ਰੇਖਾ		
ਹਿੱਲਜੁਲ	ਅਰਾਧਨਾ ਗਤੀਵਿਧੀ	ਹਫ਼ਤਾਵਾਰੀ ਯੋਜਨਾ
ਪਰਮੇਸ਼ੁਰ ਦੇ ਲੋਕ ਇਕੱਠੇ ਹੁੰਦੇ ਹਨ	ਉਸਤਤ • ਅਰਾਧਨਾ ਲਈ ਸੱਦਾ • ਉਸਤਤ ਦੇ ਭਜਨ ਇਕਰਾਰ • ਪ੍ਰਾਰਥਨਾ	
ਪਰਮੇਸ਼ੁਰ ਦੇ ਲੋਕ ਬਚਨ ਸੁਣਦੇ ਹਨ	• ਬਚਨ ਪੜ੍ਹਨਾ • ਸੰਦੇਸ਼	
ਪਰਮੇਸ਼ੁਰ ਦੇ ਲੋਕ ਬਚਨ ਪ੍ਰਤੀ ਜਵਾਬ ਦਿੰਦੇ ਹਨ	• ਪ੍ਰਤੀਉੱਤਰ ਦਾ ਗੀਤ • ਪ੍ਰਾਰਥਨਾ • ਭੇਟ	
ਪਰਮੇਸ਼ੁਰ ਦੇ ਲੋਕਾਂ ਨੂੰ ਘੱਲਿਆ ਗਿਆ ਹੈ	• ਸਮਾਪਤੀ ਭਜਨ • ਬਰਕਤ ਦਾ ਕਲਮਾ (ਬਚਨ)	

ਪਰਮੇਸ਼ੁਰ ਅਤੇ ਉਸ ਦੇ ਲੋਕਾਂ ਵਿਚਾਲੇ ਗੱਲਬਾਤ ਨੂੰ ਦਰਸਾਉਂਦੀ ਅਰਾਧਨਾ ਲਈ ਇੱਕ ਰੂਪਰੇਖਾ (ਯਸਾਯਾਹ 6)		
ਅਮਲ	**ਅਰਾਧਨਾ ਗਤੀਵਿਧੀ**	**ਹਫ਼ਤਾਵਾਰੀ ਯੋਜਨਾ**
ਪਰਮੇਸ਼ੁਰ ਆਪਣੇ ਆਪ ਨੂੰ ਪਰਗਟ ਕਰਦਾ ਹੈ	• ਅਰਾਧਨਾ ਲਈ ਸੱਦਾ (ਬਚਨ ਤੋਂ)	
ਲੋਕ ਉਸਤਤ ਅਤੇ ਇਕਰਾਰ ਨਾਲ ਪ੍ਰਤੀਉੱਤਰ ਦਿੰਦੇ ਹਨ	• ਉਸਤਤ: ਭਜਨ • ਪ੍ਰਾਰਥਨਾ	
ਪਰਮੇਸ਼ੁਰ ਆਪਣੇ ਲੋਕਾਂ ਨਾਲ ਗੱਲ ਕਰਦਾ ਹੈ	• ਬਚਨ ਪੜ੍ਹਨਾ • ਸੰਦੇਸ਼	
ਲੋਕ ਸਮਰਪਣ ਵਿੱਚ ਪ੍ਰਤੀਉੱਤਰ ਦਿੰਦੇ ਹਨ	• ਸੱਦੇ ਦਾ ਭਜਨ • ਭੇਟ	
ਪਰਮੇਸ਼ੁਰ ਆਪਣੇ ਲੋਕਾਂ ਨੂੰ ਇਖ਼ਤਿਆਰ ਦਿੰਦਾ ਹੈ	• ਬਰਕਤ ਦਾ ਕਲਮਾ	

ਵਾਧੂ ਭਾਗ B:

ਗੀਤ ਮੁਲਾਂਕਣ ਫਾਰਮ

ਗੀਤ ਦਾ ਸਿਰਲੇਖ:			
	ਕਮਜ਼ੋਰ	**ਦਰਮਿਆਨਾ**	**ਵਧੀਆ**
ਕੀ ਵਿਸ਼ਾ-ਵਸਤੂ ਸਿਧਾਂਤਕ ਤੌਰ ਤੇ ਸੱਚੀ ਹੈ?			
ਕੀ ਵਿਸ਼ਾ-ਵਸਤੂ ਮਸੀਹੀ ਅਨੁਭਵ ਪ੍ਰਤੀ ਸੱਚੀ ਹੈ?			
ਕੀ ਕਲੀਸੀਆ ਵਿਸ਼ਾ-ਵਸਤੂ ਨੂੰ ਸਮਝ ਸਕੇਗੀ?			
ਕੀ ਕਲੀਸੀਆ ਦੀ ਸ਼ੈਲੀ ਸ਼ਬਦਾਂ ਦੇ ਲਈ ਢੁਕਵੀਂ ਹੈ?			
ਕੀ ਕਲੀਸੀਆ ਲਈ ਧੁਨ ਗਾਉਣੀ ਅਸਾਨ ਹੈ?			

ਸੁਝਾਏ ਗਏ ਸ੍ਰੋਤ

ਪਾਠ 1

ਅਰਾਧਨਾ ਦੇ ਅਰਥ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸਰੋਤ ਵੇਖੋ:

ਪੁਸਤਕਾਂ:

ਜੇਰੇਮੀਯਾਹ, ਡੇਵਿਡ ਦੀ ਪੁਸਤਕ *ਵਰਸ਼ਿਪ।* ਕੈਲੀਫੋਰਨੀਆ: ਟਰਨਿੰਗ ਪੁਆਇੰਟ ਆਊਟਰੀਚ, 1995. (ਪਾਠ 1-2 ਵੇਖੋ।)

ਰੀਮਰਸ, ਗੈਰੀ ਦੀ ਪੁਸਤਕ *ਦ ਗਲੋਰੀ ਡਿਉ ਹਿਜ਼ ਨੇਮ।* ਗ੍ਰੀਨਵਿਲੇ: ਬੌਬ ਜੋਨਸ ਯੂਨੀਵਰਸਿਟੀ ਪ੍ਰੈਸ, 2009।

ਸੇਗਲਰ, ਫਰੈਂਕਲਿਨ ਐੱਮ. ਅਤੇ ਰੈਂਡਲ ਬ੍ਰੈਡਲੀ ਦੀ ਪੁਸਤਕ *ਕ੍ਰਿਸ਼ਚਨ ਵਰਸ਼ਿਪ: ਇਟਜ਼ ਥੀਓਲੋਜੀ ਐਂਡ ਪ੍ਰੈਕਟਿਸ।* ਨੈਸ਼ਵਿਲੇ: ਬੀ ਐਂਡ ਐੱਚ ਪਬਲਿਸ਼ਿੰਗ, 2006. (ਅਧਿਆਇ 1 ਵੇਖੋ।)

ਆਨਲਾਈਨ ਸ੍ਰੋਤ:

"ਦ ਲੈਂਗਵੇਜ ਆਫ਼ ਵਰਸ਼ਿਪ: ਸੈਵਨ ਮਿਨਿਟ ਸੈਮੀਨਰੀ," https://www.youtube.com/watch?v=RqDCG_-cbrg ਤੇ

"ਸਿਨ ਐਂਡ ਵਰਸ਼ਿਪ ਇਨ ਰੋਮਨਜ਼: ਸੈਵਨ ਮਿਨਿਟ ਸੈਮੀਨਰੀ," https://www.youtube.com/watch?v=6RyrW3aO0UI ਤੇ

ਪਾਠ 3

ਬਾਈਬਲ ਵਿੱਚ ਅਰਾਧਨਾ ਬਾਰੇ ਹੋਰ ਅਧਿਐਨ ਕਰਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸ੍ਰੋਤ ਵੇਖੋ।

ਪੀਟਰਸਨ, ਡੇਵਿਡ ਦੀ ਪੁਸਤਕ *ਇੰਗੇਜਿੰਗ ਵਿਦ ਗਾਡ: ਏ ਬਿਬਲੀਕਲ ਥੀਓਲੋਜੀ ਆਫ਼ ਵਰਸ਼ਿਪ।* ਡਾਊਨਰਜ਼ ਗਰੋਵ: ਇੰਟਰਵਰਸਿਟੀ ਪ੍ਰੈਸ, 1992.

ਰੌਸ, ਐਲਨ ਪੀ. ਦੀ ਪੁਸਤਕ *ਰੀਕਾਲਿੰਗ ਦ ਹੋਪ ਆਫ਼ ਗਲੋਰੀ: ਬਿਬਲੀਕਲ ਵਰਸ਼ਿਪ ਫਰਾਮ ਦ ਗਾਰਡਨ ਟੂ ਦ ਨਿਊ ਕ੍ਰੀਏਸ਼ਨ।* ਗ੍ਰੈਂਡ ਰੈਪਿਡਸ: ਕ੍ਰੀਜੇਲ ਪਬਲੀਕੇਸ਼ਨਜ਼, 2006।

ਵੈਬਰ, ਰਾਬਰਟ ਦੀ ਪੁਸਤਕ *ਦ ਬਿਬਲੀਕਲ ਫਾਉਂਡੇਸ਼ਨਜ਼ ਆਫ਼ ਵਰਸ਼ਿਪ।* ਨੈਸ਼ਵਿਲੇ: ਸਟਾਰ ਸੌਂਗ ਪਬਲਿਸ਼ਿੰਗ ਗਰੁੱਪ, 1993।

ਪਾਠ 5

ਅਰਾਧਨਾ ਦੇ ਇਤਿਹਾਸ ਬਾਰੇ ਹੋਰ ਅਧਿਐਨ ਕਰਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸ੍ਰੋਤ ਵੇਖੋ।

ਸੇਗਲਰ, ਫਰੈਂਕਲਿਨ ਐੱਮ. ਅਤੇ ਰੈਂਡਲ ਬ੍ਰੈਡਲੀ ਦੀ ਪੁਸਤਕ *ਕ੍ਰਿਸ਼ਚਨ ਵਰਸ਼ਿਪ: ਇਟਜ਼ ਥੀਓਲੋਜੀ ਐਂਡ ਪ੍ਰੈਕਟਿਸ।* ਨੈਸ਼ਵਿਲੇ: ਬੀ ਐਂਡ ਐੱਚ ਪਬਲਿਸ਼ਿੰਗ, 2006. (ਅਧਿਆਇ 3 ਵੇਖੋ।)

ਵੈਬਰ, ਰੌਬਰਟ ਦੀ ਪੁਸਤਕ *ਰੀਡਿਸਕਵਰਿੰਗ ਦ ਮਿਸਿੰਗ ਜਿਉਲ: ਏ ਸਟੱਡੀ ਇਨ ਵਰਸ਼ਿਪ ਥਰੂ ਦ ਸੈਂਚੂਰੀਜ਼।* ਪੀਬੌਡੀ: ਹੈਂਡਰਿਕਸਨ ਪਬਲਿਸ਼ਰਜ਼, 1997।

ਵੈਬਰ, ਰੌਬਰਟ ਦੀ ਪੁਸਤਕ *ਟਵੰਟੀ ਸੈਂਚੂਰੀਜ਼ ਆਫ਼ ਕ੍ਰਿਸ਼ਚਨ ਵਰਸ਼ਿਪ।* ਨੈਸ਼ਵਿਲੇ: ਸਟਾਰ ਸੌਂਗ ਪਬਲਿਸ਼ਿੰਗ ਗਰੁੱਪ, 1994।

ਪਾਠ 6

ਅਰਾਧਨਾ ਵਿੱਚ ਸੰਗੀਤ ਬਾਰੇ ਹੋਰ ਅਧਿਐਨ ਕਰਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸ੍ਰੋਤ ਵੇਖੋ।

ਹਸਟੈਡ, ਡੋਨਾਲਡ *ਦੀ ਪੁਸਤਕ ਜੁਬੀਲੇਟ II: ਚਰਚ ਮਿਊਜ਼ਿਕ ਇਨ ਵਰਸ਼ਿਪ ਐਂਡ ਰਿਨਿਉਲ।* ਕੈਰਲ ਸਟ੍ਰੀਮ: ਹੋਪ ਪਬਲਿਸ਼ਿੰਗ, 1993।

ਜੈਨਵੀਅਰ, ਜੌਰਜ ਦੀ ਪੁਸਤਕ *ਲੀਡਿੰਗ ਦ ਚਰਚ ਇਨ ਮਿਊਜ਼ਿਕ ਐਂਡ ਵਰਸ਼ਿਪ।* ਨਾਈਜੀਰੀਆ: ਐਫਰੀਕਾ ਕ੍ਰਿਸ਼ਚਨ ਟੈਕਸਟਬੁੱਕਸ, 2003।

ਲੈਇਡ-ਜੋਨਸ, ਡੀ. ਮਾਰਟਿਨ ਦੀ ਪੁਸਤਕ *ਸਿੰਗਿੰਗ ਟੂ ਦ ਲਾਰਡ।* ਵੇਲਜ਼: ਬ੍ਰਾਇਨਟੀਰੀਅਨ ਪ੍ਰੈਸ, 2003।

ਵੋਲਫ, ਗਾਰੇਨ ਦੀ ਪੁਸਤਕ *ਚਰਚ ਮਿਊਜ਼ਿਕ ਮੈਟਰਜ਼।* ਸਲੇਮ: ਸ਼ਮੂਲ ਪਬਲਿਸ਼ਿੰਗ, 2005।

ਪਾਠ 7

ਅਰਾਧਨਾ ਵਿੱਚ ਬਚਨ ਅਤੇ ਪ੍ਰਾਰਥਨਾ ਬਾਰੇ ਹੋਰ ਅਧਿਐਨ ਕਰਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸ੍ਰੋਤ ਵੇਖੋ।

ਬਾਊਂਡਸ, ਈ. ਐਮ. ਦੀ ਪੁਸਤਕ *ਪਾਵਰ ਥਰੂ ਪ੍ਰੇਅਰ।* (ਬਹੁਤ ਸਾਰੇ ਸੰਸਕਰਣ ਉਪਲਬਧ ਹਨ।)

ਡਰੂਰੀ, ਕੀਥ ਦੀ ਪੁਸਤਕ *ਦ ਵੰਡਰ ਆਫ਼ ਵਰਸ਼ਿਪ: ਵਾਏ ਵੂਈ ਵਰਸ਼ਿਪ ਦ ਵੇਅ ਵੂਈ ਡੂ।* ਫਿਸ਼ਰਜ਼: ਵੈਸਲੀਅਨ ਪਬਲਿਸ਼ਿੰਗ ਹਾਊਸ, 2002।

ਡੂਵੇਲ, ਵੈਸਲੀ ਦੀ ਪੁਸਤਕ *ਮਾਈਟੀ ਪ੍ਰੀਵੇਲਿੰਗ ਪ੍ਰੇਅਰ।* ਗ੍ਰੈਂਡ ਰੈਪਿਡਸ: ਜ਼ੋਂਡੇਰਵਨ, 2013।

ਮੁਰੇ, ਐਂਡਰਿਯੂ ਦੀ ਪੁਸਤਕ *ਵਿਦ ਕ੍ਰਾਇਸਟ ਇਨ ਦ ਸਕੂਲ ਆਫ਼ ਪ੍ਰੇਅਰ।* (ਬਹੁਤ ਸਾਰੇ ਸੰਸਕਰਣ ਉਪਲਬਧ ਹਨ।)

ਪਾਠ 9

ਸਟਾਉਫਰ, ਐਸ. ਅਨੀਤਾ, ਐਡ. "ਦ ਨੈਰੋਬੀ ਸਟੇਟਮੈਂਟ ਆਨ ਵਰਸ਼ਿਪ ਐਂਡ ਕਲਚਰ," ਇਨ *ਕ੍ਰਿਸ਼ਚਨ ਵਰਸ਼ਿਪ: ਯੂਨਿਟੀ ਇਨ ਕਲਚਰਲ ਡਾਈਵਰਸਿਟੀ।* ਜਿਨੇਵਾ: ਲੂਥਰਨ ਵਰਲਡ ਫੈਡਰੇਸ਼ਨ, 1996।

ਵਿਟਵਲੀਟ, ਜੌਨ ਡੀ. ਦੀ ਪੁਸਤਕ "ਐਨ ਓਪਨ ਐਂਡ ਡਿਸਰਨਿੰਗ ਅਪਰੋਚ ਟੂ ਕਲਚਰ।" ਵੀਡੀਓ ਲੈਕਚਰ https://worship.calvin.edu/resources/resource-library/an-open-and-discerning-approach-to-culture ਤੇ

ਖ਼ੁਦ ਕਰਨ ਵਾਲੇ ਕੰਮਾਂ ਦਾ ਰਿਕਾਰਡ

ਵਿਦਿਆਰਥੀ ਦਾ ਨਾਮ_____

ਹੇਠਾਂ ਦਿੱਤੀ ਸੂਚੀ ਵਿੱਚ, ਖ਼ੁਦ ਕਰਨ ਵਾਲੇ ਹਰੇਕ ਕੰਮ ਦੇ ਪੂਰਾ ਹੋਣ ਤੇ ਹਸਤਾਖਰ। ਜਦੋਂ ਕੋਈ ਵਿਦਿਆਰਥੀ 70% ਜਾਂ ਵੱਧ ਅੰਕ ਪ੍ਰਾਪਤ ਕਰਦਾ ਹੈ ਤਾਂ ਇਮਤਿਹਾਨਾਂ ਨੂੰ ਪੂਰਾ ਮੰਨਿਆ ਜਾਂਦਾ ਹੈ। ਸ਼ੈਫਰਡਸ ਗਲੋਬਲ ਕਲਾਸਰੂਮ ਤੋਂ ਪ੍ਰਮਾਣ-ਪੱਤਰ ਪ੍ਰਾਪਤ ਕਰਨ ਲਈ ਖ਼ੁਦ ਕਰਨ ਵਾਲੇ ਸਾਰੇ ਕੰਮਾਂ ਨੂੰ ਸਫ਼ਲਤਾਪੂਰਵਕ ਪੂਰਾ ਕਰਨਾ ਜ਼ਰੂਰੀ ਹੈ।

ਪਾਠ	ਇਮਤਿਹਾਨ	ਖ਼ੁਦ ਕਰਨ ਵਾਲੇ ਕੰਮ		
1				
2				
3				
4				
5				
6				
7				
8				
9				
10				

ਸ਼ੈਫਰਡਸ ਗਲੋਬਲ ਕਲਾਸਰੂਮ ਤੋਂ ਕੋਰਸ ਪੂਰਾ ਹੋਣ ਦੇ ਪ੍ਰਮਾਣ-ਪੱਤਰ ਵਾਸਤੇ ਅਰਜ਼ੀ ਸਾਡੇ ਵੈੱਬਪੇਜ www.shepherdsglobal.org ਤੇ ਦਿੱਤੀ ਜਾ ਸਕਦੀ ਹੈ। ਪ੍ਰਮਾਣ-ਪੱਤਰ SGC ਦੇ ਪ੍ਰਧਾਨ ਵੱਲੋਂ ਸਿਖਾਉਣ ਵਾਲਿਆਂ ਅਤੇ ਸਹਾਇਕਾਂ ਨੂੰ ਡਿਜ਼ੀਟਲ ਤੌਰ ਤੇ ਸੌਂਪ ਦਿੱਤੇ ਜਾਣਗੇ ਜੋ ਆਪਣੇ ਵਿਦਿਆਰਥੀ (ਵਿਦਿਆਰਥੀਆਂ) ਦੀ ਤਰਫ਼ੋਂ ਅਰਜ਼ੀ ਨੂੰ ਪੂਰਾ ਕਰਦੇ ਹਨ।

ਬਚਨਾਂ ਦੇ ਹਵਾਲੇ

ਉਤਪਤ 3, 46
ਉਤਪਤ 4, 45, 49
ਉਤਪਤ 5, 46
ਉਤਪਤ 6, 46
ਉਤਪਤ 17, 46
ਉਤਪਤ 18, 47, 49, 133
ਉਤਪਤ 22, 49
ਉਤਪਤ 28, 47

ਕੂਚ 15, 98, 111, 133, 152
ਕੂਚ 19, 34
ਕੂਚ 20, 12, 30
ਕੂਚ 24, 45, 122
ਕੂਚ 25, 138
ਕੂਚ 28-29, 148
ਕੂਚ 32, 45, 104, 133
ਕੂਚ 39-40, 17

ਲੇਵੀਆਂ 1, 51
ਲੇਵੀਆਂ 1-7, 50
ਲੇਵੀਆਂ 10, 11, 45
ਲੇਵੀਆਂ 19, 30

ਨਿਆਈਆਂ 5, 98

1 ਸਮੂਏਲ 2, 133
1 ਸਮੂਏਲ 13, 11
1 ਸਮੂਏਲ 15, 49

2 ਸਮੂਏਲ 24, 55, 128

1 ਰਾਜਿਆਂ 8, 112
1 ਰਾਜਿਆਂ 18, 29, 48

1 ਇਤਹਾਸ 29, 133

2 ਇਤਹਾਸ 1-7, 51
2 ਇਤਹਾਸ 5, 51, 52, 59, 98, 147, 150, 170
2 ਇਤਹਾਸ 6, 131
2 ਇਤਹਾਸ 26, 45

ਅਜ਼ਰਾ 3, 98
ਅਜ਼ਰਾ 9, 133

ਨਹਮਯਾਹ 8, 70, 123, 126, 130

ਅੱਯੂਬ 42, 82

ਜ਼ਬੂਰ 1, 36, 69
ਜ਼ਬੂਰ 8, 152
ਜ਼ਬੂਰ 10, 53
ਜ਼ਬੂਰ 15, 33, 34, 35, 36, 37, 38, 39, 41, 44, 47, 164
ਜ਼ਬੂਰ 16, 200
ਜ਼ਬੂਰ 18, 131
ਜ਼ਬੂਰ 19, 31, 53, 76
ਜ਼ਬੂਰ 22, 13, 30
ਜ਼ਬੂਰ 24, 34
ਜ਼ਬੂਰ 32, 131
ਜ਼ਬੂਰ 38, 131
ਜ਼ਬੂਰ 41, 131
ਜ਼ਬੂਰ 42, 117
ਜ਼ਬੂਰ 51, 131, 133
ਜ਼ਬੂਰ 66, 164
ਜ਼ਬੂਰ 88, 52, 131
ਜ਼ਬੂਰ 91, 111
ਜ਼ਬੂਰ 95, 151, 164, 170, 207
ਜ਼ਬੂਰ 96, 18, 24, 32, 112, 136, 164
ਜ਼ਬੂਰ 100, 81, 95, 164
ਜ਼ਬੂਰ 103, 35
ਜ਼ਬੂਰ 105, 164
ਜ਼ਬੂਰ 107, 164
ਜ਼ਬੂਰ 111, 24
ਜ਼ਬੂਰ 115, 199
ਜ਼ਬੂਰ 116, 131
ਜ਼ਬੂਰ 120-134, 40, 51, 53
ਜ਼ਬੂਰ 124, 126
ਜ਼ਬੂਰ 133, 40
ਜ਼ਬੂਰ 134, 32, 40
ਜ਼ਬੂਰ 135-136, 32
ਜ਼ਬੂਰ 136, 126
ਜ਼ਬੂਰ 147, 24
ਜ਼ਬੂਰ 148, 107
ਜ਼ਬੂਰ 148-150, 53
ਜ਼ਬੂਰ 149, 103, 164
ਜ਼ਬੂਰ 150, 24, 114, 164

ਉਪਦੇਸ਼ਕ ਦੀ ਪੋਥੀ 4, 155

ਯਸਾਯਾਹ 1, 55
ਯਸਾਯਾਹ 6, 11, 12, 13, 14, 18, 23, 24, 30, 36, 66, 128, 134, 150, 152, 199, 209
ਯਸਾਯਾਹ 29, 9
ਯਸਾਯਾਹ 56, 131

ਯਿਰਮਿਯਾਹ 7, 196, 203

ਹਿਜ਼ਕੀਏਲ 36, 154

ਦਾਨੀਏਲ 6, 130, 201
ਦਾਨੀਏਲ 9, 133

ਆਮੋਸ 5, 51, 55, 196

ਮੀਕਾਹ 6, 34, 43, 44, 60

ਹੱਜਈ 1, 55

ਮਲਾਕੀ 1, 11, 17, 45, 55

ਮੱਤੀ 2, 12
ਮੱਤੀ 4, 63
ਮੱਤੀ 5, 126
ਮੱਤੀ 6, 64, 121, 133, 135, 137, 145
ਮੱਤੀ 8, 12
ਮੱਤੀ 9, 12
ਮੱਤੀ 12, 56, 64
ਮੱਤੀ 14, 12
ਮੱਤੀ 15, 12, 37
ਮੱਤੀ 17, 34, 76
ਮੱਤੀ 18, 64
ਮੱਤੀ 21, 35, 62
ਮੱਤੀ 23, 64, 128, 196
ਮੱਤੀ 26, 63, 98, 136, 140
ਮੱਤੀ 28, 12, 70, 76

ਮਰਕੁਸ 1, 64, 153
ਮਰਕੁਸ 11, 62

ਲੂਕਾ 1, 70, 133
ਲੂਕਾ 2, 62, 70
ਲੂਕਾ 4, 62, 123, 153
ਲੂਕਾ 6, 63
ਲੂਕਾ 10, 22
ਲੂਕਾ 11, 63, 132, 134
ਲੂਕਾ 13, 64
ਲੂਕਾ 17, 134
ਲੂਕਾ 18, 63
ਲੂਕਾ 19, 62
ਲੂਕਾ 22, 65
ਲੂਕਾ 24, 123

ਯੂਹੰਨਾ 2, 62
ਯੂਹੰਨਾ 3, 138, 154
ਯੂਹੰਨਾ 4, 7, 8, 9, 16, 19, 20, 24, 26, 33, 62, 205
ਯੂਹੰਨਾ 5, 64
ਯੂਹੰਨਾ 17, 40, 63

ਰਸੂਲਾਂ ਦੇ ਕਰਤੱਬ 1, 66, 76
ਰਸੂਲਾਂ ਦੇ ਕਰਤੱਬ 2, 10, 12, 23, 67, 70, 123
ਰਸੂਲਾਂ ਦੇ ਕਰਤੱਬ 3, 12, 67
ਰਸੂਲਾਂ ਦੇ ਕਰਤੱਬ 4, 12, 67
ਰਸੂਲਾਂ ਦੇ ਕਰਤੱਬ 5, 11, 12, 67
ਰਸੂਲਾਂ ਦੇ ਕਰਤੱਬ 6, 158
ਰਸੂਲਾਂ ਦੇ ਕਰਤੱਬ 13, 66, 67, 70
ਰਸੂਲਾਂ ਦੇ ਕਰਤੱਬ 14, 67
ਰਸੂਲਾਂ ਦੇ ਕਰਤੱਬ 16, 13, 98
ਰਸੂਲਾਂ ਦੇ ਕਰਤੱਬ 17, 16, 67, 68, 79
ਰਸੂਲਾਂ ਦੇ ਕਰਤੱਬ 18, 67
ਰਸੂਲਾਂ ਦੇ ਕਰਤੱਬ 19, 66, 67
ਰਸੂਲਾਂ ਦੇ ਕਰਤੱਬ 20, 138
ਰਸੂਲਾਂ ਦੇ ਕਰਤੱਬ 26, 11
ਰਸੂਲਾਂ ਦੇ ਕਰਤੱਬ 28, 66

ਰੋਮੀਆਂ 1, 14, 15, 23, 63, 74
ਰੋਮੀਆਂ 1-11, 201
ਰੋਮੀਆਂ 12, 9, 23, 59, 61, 79, 174, 195, 197, 201, 202, 205
ਰੋਮੀਆਂ 12-16, 201
ਰੋਮੀਆਂ 13, 202
ਰੋਮੀਆਂ 14, 171, 181, 183, 190, 193, 202
ਰੋਮੀਆਂ 16, 67

1 ਕੁਰਿੰਥੀਆਂ 1, 10
1 ਕੁਰਿੰਥੀਆਂ 2, 185
1 ਕੁਰਿੰਥੀਆਂ 8, 183
1 ਕੁਰਿੰਥੀਆਂ 10, 110, 141, 142, 195, 196, 205
1 ਕੁਰਿੰਥੀਆਂ 11, 12, 70, 140, 141
1 ਕੁਰਿੰਥੀਆਂ 12, 110
1 ਕੁਰਿੰਥੀਆਂ 14, 70, 101, 107, 171, 187, 193
1 ਕੁਰਿੰਥੀਆਂ 16, 67, 70

2 ਕੁਰਿੰਥੀਆਂ 3, 129, 199
2 ਕੁਰਿੰਥੀਆਂ 8, 136, 138
2 ਕੁਰਿੰਥੀਆਂ 9, 70, 136, 137, 138
2 ਕੁਰਿੰਥੀਆਂ 13, 10

ਅਫ਼ਸੀਆਂ 1, 133
ਅਫ਼ਸੀਆਂ 4, 16, 40
ਅਫ਼ਸੀਆਂ 5, 70, 100, 108, 111

ਫ਼ਿਲਿੱਪੀਆਂ 1, 133
ਫ਼ਿਲਿੱਪੀਆਂ 2, 64, 68, 70, 72
ਫ਼ਿਲਿੱਪੀਆਂ 3, 33
ਫ਼ਿਲਿੱਪੀਆਂ 4, 136

ਕੁਲੁੱਸੀਆਂ 2, 11
ਕੁਲੁੱਸੀਆਂ 3, 69, 70, 97, 99, 104, 108, 111, 120
ਕੁਲੁੱਸੀਆਂ 4, 67, 69, 123

1 ਥੱਸਲੁਨੀਕੀਆਂ 5, 69, 110, 123

2 ਥੱਸਲੁਨੀਕੀਆਂ 1, 134, 135

1 ਤਿਮੋਥਿਉਸ 1, 57, 115
1 ਤਿਮੋਥਿਉਸ 2, 12, 70
1 ਤਿਮੋਥਿਉਸ 4, 69, 123, 184
1 ਤਿਮੋਥਿਉਸ 6, 133

2 ਤਿਮੋਥਿਉਸ 4, 69

ਤੀਤੁਸ 2, 69

ਫਿਲੇਮੋਨ , 67

ਇਬਰਾਨੀਆਂ 10, 10, 196, 201
ਇਬਰਾਨੀਆਂ 12, 31
ਇਬਰਾਨੀਆਂ 13, 136

ਯਾਕੂਬ 1, 11, 23, 134, 159

2 ਪਤਰਸ 3, 123

1 ਯੂਹੰਨਾ 3, 137

ਪਰਕਾਸ਼ ਦੀ ਪੋਥੀ 1, 13, 71, 76
ਪਰਕਾਸ਼ ਦੀ ਪੋਥੀ 4, 8, 18, 23, 24, 30, 31, 41, 73, 76, 99, 133
ਪਰਕਾਸ਼ ਦੀ ਪੋਥੀ 4-5, 12, 73
ਪਰਕਾਸ਼ ਦੀ ਪੋਥੀ 5, 27, 31, 32, 41, 64
ਪਰਕਾਸ਼ ਦੀ ਪੋਥੀ 11, 32
ਪਰਕਾਸ਼ ਦੀ ਪੋਥੀ 15, 72, 73
ਪਰਕਾਸ਼ ਦੀ ਪੋਥੀ 19, 32, 33
ਪਰਕਾਸ਼ ਦੀ ਪੋਥੀ 21, 73, 76

ਸੂਚੀ-ਪੱਤਰ

ਅਰਥਹੀਣ ਅਰਾਧਨਾ, 85
ਅਰਾਧਨਾ ਆਗੂ, 148, 158
ਅਰਾਧਨਾ ਦਾ ਨਮੂਨਾ (ਮਸੀਹ), 62
ਅਰਾਧਨਾ ਦੇ ਖ਼ਤਰੇ
ਅਰਾਧਨਾ ਦੇ ਤੱਤ, 69, 87
ਅਰਾਧਨਾ ਨਾਲ ਜੁੜੇ ਖ਼ਤਰੇ
ਅਰਾਧਨਾ ਨੂੰ ਮਾਮੂਲੀ ਸਮਝਣਾ, 189
ਅਰਾਧਨਾ ਲਈ ਕਿਰਪਾ, 46
ਅਰਾਧਨਾ ਵਿੱਚ ਅਸੰਤੁਲਨ, 56
ਅਰਾਧਨਾ ਵਿੱਚ ਬਚਨ, 69, 124
ਅਰਾਧਨਾ ਵਿੱਚ ਰਸਮਾਂ, 50, 54
ਅਰਾਧਨਾ ਵਿੱਚ ਸੰਤੁਲਨ, 56, 152
ਅਰਾਧਨਾ ਸ਼ੁਰੂ ਕਰਨ ਵਿੱਚ, 163
ਅਸੀਂ ਇਹ ਇਸ ਲਈ ਕਰਦੇ ਹਾਂ ਕਿਉਂਕਿ ..., 165
ਆਗਿਆਕਾਰੀ, 11, 35, 49, 51, 203
ਆਗਿਆਕਾਰੀ ਤੋਂ ਬਿਨਾਂ ਅਰਾਧਨਾ, 203
ਉਸਤਤ, ਘੋਸ਼ਣਾਤਮਕ/ਵਰਨਣਾਤਮਕ, 54
ਕਦਰਾਂ-ਕੀਮਤਾਂ, 198
ਕਪਟ, 37
ਕਲੀਸੀਆਈ ਗਾਇਨ, 99, 113
ਕਲੀਸੀਆਈ ਗੀਤ ਦਾ ਲੋਪ ਹੋਣਾ, 99
ਕਲੀਸੀਆ ਦਾ ਗਾਉਣਾ, 92
ਕਲੰਡਰ, ਕਲੀਸੀਆ, 155
ਖੁਸ਼ਖ਼ਬਰੀ ਪਰਚਾਰ, 66
ਖੁਸ਼ਖ਼ਬਰੀ ਪਰਚਾਰ ਦੇ ਬਨਿਾਂ ਅਰਾਧਨਾ, 68
ਘੋਸ਼ਣਾਵਾਂ, 164
ਚਾਲਬਾਜ਼ੀ, 161
ਜਜ਼ਬਾਤ, 187
ਝੂਠੀ ਅਰਾਧਨਾ, 63, 67
ਪਰਚਾਰ, 127
ਪਰਮੇਸ਼ੁਰ ਦੀ ਵਡਿਆਈ, 199
ਪ੍ਰਦਰਸ਼ਨ, 158, 189
ਪ੍ਰਭੂ-ਭੋਜ, 70
ਪ੍ਰਾਰਥਨਾ, 130
ਬਚਨ ਦਾ ਖੁੱਸਣਾ, 129
ਬਦਲਦੇ ਤੌਰ-ਤਰੀਕਿਆਂ ਨੂੰ ਨਾ ਬਦਲਣ ਵਾਲੇ ਸਿਧਾਂਤਾਂ ਨਾਲ ਉਲਝਾਉਣਾ, 90
ਬੱਚੇ ਅਤੇ ਨੈਜਵਾਨ, 184
ਭਾਵਨਾ, 103
ਭੇਟ, 135
ਸੰਗਤ, 140
ਸੱਚੀ ਅਰਾਧਨਾ ਦੇ ਬਦਲ, 20

ਸ਼ੈਫਰਡਸ ਗਲੋਬਲ ਕਲਾਸਰੂਮ ਕੋਰਸ ਦਾ ਵੇਰਵਾ

ਸਿਧਾਂਤਕ ਬੁਨਿਆਦੀ ਕੋਰਸ

ਮਸੀਹੀ ਮਾਨਤਾਵਾਂ

ਇਹ ਧਰਮ-ਗਿਆਨ ਨਾਲ ਸੰਬੰਧਤ ਇੱਕ ਵਿਵਸਥਿਤ ਕੋਰਸ ਹੈ, ਜੋ ਬਾਈਬਲ, ਪਰਮੇਸ਼ੁਰ, ਮਨੁੱਖ, ਪਾਪ, ਮਸੀਹ, ਮੁਕਤੀ, ਪਵਿੱਤਰ ਆਤਮਾ, ਕਲੀਸੀਆ ਅਤੇ ਆਖ਼ਰੀ ਗੱਲਾਂ ਬਾਰੇ ਮਸੀਹੀ ਸਿੱਖਿਆਵਾਂ ਦਾ ਵਰਣਨ ਕਰਦਾ ਹੈ।

ਰੋਮੀਆਂ

ਇਹ ਕੋਰਸ ਮੁਕਤੀ ਅਤੇ ਮਿਸ਼ਨਾਂ ਦੇ ਧਰਮ-ਗਿਆਨ ਬਾਰੇ ਸਿਖਾਉਂਦਾ ਹੈ ਜਿਵੇਂ ਕਿ ਰੋਮੀਆਂ ਦੀ ਪੁਸਤਕ ਵਿੱਚ ਕਲੀਸੀਆ ਵਿੱਚ ਕਈ ਵਿਵਾਦਪੂਰਨ ਮੁੱਦਿਆਂ ਤੇ ਚਰਚਾ ਕਰਦੇ ਹੋਏ ਸਮਝਾਇਆ ਗਿਆ ਹੈ।

ਆਖ਼ਰੀ ਗੱਲਾਂ ਬਾਰੇ ਗਿਆਨ

ਇਹ ਕੋਰਸ ਦਾਨੀਏਲ ਅਤੇ ਪਰਕਾਸ਼ ਦੀ ਪੋਥੀ ਦੀਆਂ ਬਾਈਬਲ ਦੀਆਂ ਪੁਸਤਕਾਂ ਦੇ ਨਾਲ-ਨਾਲ ਭਵਿੱਖਬਾਣੀ ਬਚਨ ਦੇ ਹੋਰ ਭਾਗਾਂ ਬਾਰੇ ਸਿਖਾਉਂਦਾ ਹੈ ਅਤੇ ਜ਼ਰੂਰੀ ਸਿੱਖਿਆਵਾਂ ਜਿਵੇਂ ਕਿ ਮਸੀਹ ਦਾ ਦੁਬਾਰਾ ਆਉਣਾ, ਆਖ਼ਰੀ ਨਿਆਂ ਅਤੇ ਪਰਮੇਸ਼ੁਰ ਦੇ ਸਦੀਪਕ ਰਾਜ ਤੇ ਜ਼ੋਰ ਦਿੰਦਾ ਹੈ।

ਪਵਿੱਤਰ ਜੀਵਨ ਦੀ ਸਿੱਖਿਆ ਅਤੇ ਅਭਿਆਸ

ਇਹ ਕੋਰਸ ਪਵਿੱਤਰ ਜੀਵਨ ਦਾ ਇੱਕ ਬਾਈਬਲ ਅਧਾਰਿਤ ਵਰਣਨ ਦਿੰਦਾ ਹੈ ਜਿਸ ਦੀ ਪਰਮੇਸ਼ੁਰ ਇੱਕ ਮਸੀਹੀ ਵਿਅਕਤੀ ਤੋਂ ਉਮੀਦ ਕਰਦਾ ਹੈ ਅਤੇ ਉਸ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ।

ਕਲੀਸੀਆ ਦੀ ਸਿੱਖਿਆ ਅਤੇ ਅਭਿਆਸ

ਇਹ ਕੋਰਸ ਕਲੀਸੀਆ ਅਤੇ ਬਾਈਬਲ ਦੇ ਵਿਸ਼ਿਆਂ ਜਿਵੇਂ ਕਿ ਕਲੀਸੀਆ ਦੀ ਮੈਂਬਰਸ਼ਿਪ, ਬਪਤਿਸਮਾ, ਪ੍ਰਭੂ-ਭੋਜ, ਦਸਵੰਧ ਅਤੇ ਆਤਮਿਕ ਅਗਵਾਈ ਲਈ ਪਰਮੇਸ਼ੁਰ ਦੇ ਨਮੂਨੇ ਅਤੇ ਯੋਜਨਾ ਦੀ ਵਿਆਖਿਆ ਕਰਦਾ ਹੈ।

ਬਾਈਬਲ ਸਰਵੇਖਣ ਕੋਰਸ

ਪੁਰਾਣੇ ਨੇਮ ਦੀ ਪੜਚੋਲ ਕਰਨਾ

ਇਹ ਕੋਰਸ ਪੁਰਾਣੇ ਨੇਮ ਦੀਆਂ 39 ਪੁਸਤਕਾਂ ਦੀ ਜ਼ਰੂਰੀ ਸਮੱਗਰੀ ਅਤੇ ਸਿੱਖਿਆਵਾਂ ਬਾਰੇ ਸਿੱਖਿਆ ਦਿੰਦਾ ਹੈ।

ਨਵੇਂ ਨੇਮ ਦੀ ਪੜਚੋਲ ਕਰਨਾ

ਇਹ ਕੋਰਸ ਨਵੇਂ ਨੇਮ ਦੀਆਂ 27 ਪੁਸਤਕਾਂ ਦੀ ਜ਼ਰੂਰੀ ਸਮੱਗਰੀ ਅਤੇ ਸਿੱਖਿਆਵਾਂ ਬਾਰੇ ਸਿੱਖਿਆ ਦਿੰਦਾ ਹੈ।

ਬਾਈਬਲ ਦੀ ਵਿਆਖਿਆ ਦੇ ਸਿਧਾਂਤ

ਇਹ ਕੋਰਸ ਸਾਡੇ ਜੀਵਨ ਅਤੇ ਪਰਮੇਸ਼ੁਰ ਨਾਲ ਰਿਸ਼ਤੇ ਨੂੰ ਸੇਧ ਦੇਣ ਲਈ ਬਾਈਬਲ ਦੀ ਸਹੀ ਵਿਆਖਿਆ ਕਰਨ ਦੇ ਸਿਧਾਂਤ ਅਤੇ ਤਰੀਕੇ ਸਿਖਾਉਂਦਾ ਹੈ।

ਖੁਸ਼ਖ਼ਬਰੀ ਪਰਚਾਰ ਅਤੇ ਚੇਲੇਪਣ ਬਾਰੇ ਕੋਰਸ

ਨਿਹਚਾ ਦੀ ਰੱਖਿਆ ਨਾਲ ਜਾਣ-ਪਛਾਣ

ਇਹ ਕੋਰਸ ਇੱਕ ਮਸੀਹੀ ਵਿਸ਼ਵ ਦ੍ਰਿਸ਼ਟੀਕੋਣ ਲਈ ਵਿਗਿਆਨਕ, ਇਤਿਹਾਸਕ ਅਤੇ ਦਾਰਸ਼ਨਿਕ ਅਧਾਰ ਸਿਖਾਉਂਦਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਕਿਵੇਂ ਮਸੀਹੀ ਨਿਹਚਾ ਤਰਕ ਅਤੇ ਅਸਲੀਅਤ ਨਾਲ ਇਕਸਾਰ ਹੈ।

ਦੁਨੀਆਂ ਦੇ ਧਰਮ ਅਤੇ ਪੰਥ

ਇਹ ਕੋਰਸ ਕੱਟੜ ਵਿਸ਼ਵਾਸੀ ਨੂੰ ਅਠਾਰਾਂ ਧਾਰਮਿਕ ਸਮੂਹਾਂ ਦੀਆਂ ਸਿੱਖਿਆਵਾਂ ਅਤੇ ਸਹੀ ਉੱਤਰਾਂ ਦੀ ਸਮਝ ਪ੍ਰਦਾਨ ਕਰਦਾ ਹੈ।

ਬਾਈਬਲ ਅਧਾਰਿਤ ਖੁਸ਼ਖ਼ਬਰੀ ਪਰਚਾਰ ਅਤੇ ਚੇਲਾਪਣ

ਇਹ ਕੋਰਸ ਬਾਈਬਲ ਦੇ ਸਿਧਾਂਤ ਪੇਸ਼ ਕਰਦਾ ਹੈ ਜੋ ਖੁਸ਼ਖ਼ਬਰੀ ਪਰਚਾਰ ਦੇ ਤਰੀਕਿਆਂ ਦਾ ਮਾਰਗਦਰਸ਼ਨ ਕਰਦੇ ਹਨ। ਇਹ ਖੁਸ਼ਖ਼ਬਰੀ ਪਰਚਾਰ ਦੇ ਰੂਪਾਂ ਦਾ ਵਰਣਨ ਕਰਦਾ ਹੈ ਅਤੇ ਨਵੇਂ-ਨਵੇਂ ਮਸੀਹ ਵਿੱਚ ਆਏ ਲੋਕਾਂ ਨੂੰ ਚੇਲੇ ਬਣਾਉਣ ਵਿੱਚ ਵਰਤਣ ਲਈ ਸਬਕ ਪ੍ਰਦਾਨ ਕਰਦਾ ਹੈ।

ਆਤਮਿਕ ਗਠਨ

ਇਸ ਕੋਰਸ ਵਿੱਚ ਵਿਦਿਆਰਥੀ ਯਿਸੂ ਵਰਗਾ ਸੁਭਾਉ ਰੱਖਣਾ, ਪਰਮੇਸ਼ੁਰ ਨਾਲ ਉਸ ਤਰ੍ਹਾਂ ਦਾ ਸਬੰਧ ਬਣਾਉਣਾ ਜਿਸ ਤਰ੍ਹਾਂ ਦਾ ਯਿਸੂ ਨੇ ਆਪਣੇ ਪਿਤਾ ਨਾਲ ਬਣਾਇਆ, ਆਪਣੇ ਆਪ ਨੂੰ ਯਿਸੂ ਵਾਂਗ ਅਧੀਨ ਕਰਨਾ, ਯਿਸੂ ਦੇ ਆਤਮਿਕ ਅਤੇ ਨਿੱਜੀ ਅਨੁਸ਼ਾਸਨਾਂ ਦਾ ਅਭਿਆਸ ਕਰਨਾ, ਯਿਸੂ ਵਾਂਗ ਦੁੱਖਾਂ ਨੂੰ ਸਹਿਣਾ ਅਤੇ ਯਿਸੂ ਦੁਆਰਾ ਬਣਾਏ ਗਏ ਮਸੀਹੀ ਸਮਾਜ (ਕਲੀਸੀਆ) ਵਿੱਚ ਸ਼ਾਮਲ ਹੋਣਾ ਸਿੱਖਦੇ ਹਨ।

ਵਿਹਾਰਕ ਮਸੀਹੀ ਜੀਵਨ

ਇਹ ਕੋਰਸ ਪੈਸੇ ਦੀ ਵਰਤੋਂ, ਰਿਸ਼ਤਿਆਂ, ਵਾਤਾਵਰਣ, ਸਰਕਾਰ ਨਾਲ ਸੰਬੰਧਾਂ, ਮਨੁੱਖੀ ਅਧਿਕਾਰਾਂ ਅਤੇ ਵਿਹਾਰਕ ਜੀਵਨ ਦੇ ਹੋਰ ਖੇਤਰਾਂ ਵਿੱਚ ਬਚਨ ਦੇ ਸਿਧਾਂਤਾਂ ਨੂੰ ਲਾਗੂ ਕਰਦਾ ਹੈ।

ਮਸੀਹੀ ਵਿਆਹ ਅਤੇ ਪਰਿਵਾਰ

ਇਹ ਕੋਰਸ ਜੀਵਨ ਦੇ ਪੜਾਵਾਂ ਰਾਹੀਂ ਮਨੁੱਖੀ ਵਿਕਾਸ ਤੇ ਇੱਕ ਮਸੀਹੀ ਦ੍ਰਿਸ਼ਟੀਕੋਣ ਦਿੰਦਾ ਹੈ ਅਤੇ ਪਰਿਵਾਰਕ ਭੂਮਿਕਾਵਾਂ ਅਤੇ ਰਿਸ਼ਤਿਆਂ ਤੇ ਬਚਨ ਦੇ ਸਿਧਾਂਤਾਂ ਨੂੰ ਲਾਗੂ ਕਰਦਾ ਹੈ।

ਮਸੀਹੀ ਆਗੂਪੁਣਾ ਕੋਰਸ

ਸੇਵਕਾਈ ਆਗੂਪੁਣਾ

ਇਹ ਕੋਰਸ ਮਸੀਹੀ ਚਰਿੱਤਰ ਉੱਤੇ ਜ਼ੋਰ ਦਿੰਦਾ ਹੈ ਜਦ ਕਿ ਆਗੂਆਂ ਨੂੰ ਕਦਰਾਂ-ਕੀਮਤਾਂ ਦੀ ਖੋਜ ਕਰਨ, ਉਦੇਸ਼ ਨੂੰ ਪੂਰਾ ਕਰਨ, ਦਰਸ਼ਣ ਨੂੰ ਸਾਂਝਾ ਕਰਨ, ਟੀਚੇ ਨਿਰਧਾਰਤ ਕਰਨ, ਰਣਨੀਤੀ ਦੀ ਯੋਜਨਾ ਬਣਾਉਣ, ਅਮਲ ਕਰਨ ਅਤੇ ਪ੍ਰਾਪਤੀ ਦਾ ਅਨੁਭਵ ਕਰਨ ਦੀ ਪ੍ਰਕਿਰਿਆ ਦੁਆਰਾ ਮਸੀਹੀ ਸੰਗਠਨਾਂ ਦੀ ਅਗਵਾਈ ਕਰਨ ਦੀ ਸਿੱਖਿਆ ਦਿੰਦਾ ਹੈ।

ਯਿਸੂ ਦਾ ਜੀਵਨ ਅਤੇ ਸੇਵਕਾਈ

ਇਹ ਕੋਰਸ 21ਵੀਂ ਸਦੀ ਵਿੱਚ ਸੇਵਕਾਈ ਅਤੇ ਅਗਵਾਈ ਦੇ ਲਈ ਇੱਕ ਨਮੂਨੇ ਵਜੋਂ ਯਿਸੂ ਦੇ ਜੀਵਨ ਦਾ ਅਧਿਐਨ ਕਰਦਾ ਹੈ।

ਗੱਲਬਾਤ ਦੇ ਸਿਧਾਂਤ

ਇਹ ਕੋਰਸ ਗੱਲਬਾਤ ਦੇ ਧਰਮ-ਗਿਆਨ, ਗੱਲਬਾਤ ਦੇ ਪ੍ਰਭਾਵਸ਼ਾਲੀ ਢੰਗ ਅਤੇ ਬਾਈਬਲ ਦੇ ਸੰਦੇਸ਼ਾਂ ਨੂੰ ਤਿਆਰ ਕਰਨ ਅਤੇ ਪੇਸ਼ ਕਰਨ ਦੇ ਤਰੀਕੇ ਸਿਖਾਉਂਦਾ ਹੈ।

ਮਸੀਹੀ ਅਰਾਧਨਾ ਨਾਲ ਜਾਣ-ਪਛਾਣ

ਇਹ ਕੋਰਸ ਦੱਸਦਾ ਹੈ ਕਿ ਅਰਾਧਨਾ ਵਿਸ਼ਵਾਸੀ ਦੇ ਜੀਵਨ ਦੇ ਸਾਰੇ ਪਹਿਲੂਆਂ ਨੂੰ ਕਿਵੇਂ ਪ੍ਰਭਾਵਤ ਕਰਦੀ ਹੈ ਅਤੇ ਅਜਿਹੇ ਸਿਧਾਂਤ ਦਿੰਦਾ ਹੈ ਜਿਨ੍ਹਾਂ ਤੋਂ ਅਰਾਧਨਾ ਦੇ ਵਿਅਕਤੀਗਤ ਅਤੇ ਕਲੀਸੀਆਈ ਤੌਰ-ਤਰੀਕਿਆਂ ਨੂੰ ਸੇਧ ਮਿਲਣੀ ਚਾਹੀਦੀ ਹੈ।

ਕਲੀਸੀਆ ਦੇ ਇਤਿਹਾਸ ਬਾਰੇ ਕੋਰਸ

ਕਲੀਸੀਆ ਦੇ ਇਤਿਹਾਸ ਦਾ ਸਰਵੇਖਣ I

ਇਹ ਕੋਰਸ ਦੱਸਦਾ ਹੈ ਕਿ ਕਲੀਸੀਆ ਨੇ ਆਪਣੇ ਮਿਸ਼ਨ ਨੂੰ ਕਿਵੇਂ ਪੂਰਾ ਕੀਤਾ ਅਤੇ ਕਿਵੇਂ ਅਰੰਭਕ ਕਲੀਸੀਆ ਤੋਂ ਲੈ ਕੇ ਸੁਧਾਰ ਤੱਕ ਦੇ ਸਮੇਂ ਦੌਰਾਨ ਜ਼ਰੂਰੀ ਸਿਧਾਂਤਾਂ ਦੀ ਰੱਖਿਆ ਕੀਤੀ।

ਕਲੀਸੀਆ ਦੇ ਇਤਿਹਾਸ ਦਾ ਸਰਵੇਖਣ II

ਇਹ ਕੋਰਸ ਦੱਸਦਾ ਹੈ ਕਿ ਕਲੀਸੀਆ ਨੇ ਸੁਧਾਰ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਦੇ ਸਮੇਂ ਦੌਰਾਨ ਕਿਵੇਂ ਵਿਸਤਾਰ ਕੀਤਾ ਅਤੇ ਚੁਣੌਤੀਆਂ ਦਾ ਸਾਹਮਣਾ ਕੀਤਾ।